ਸਾਡੇ ਸ਼ਹੀਦ



ਗਿਆਨੀ ਭਜਨ ਸਿੰਘ

ਤਤਕਰਾ

ਸਿੱਖ ਕੌਮ ਦਾ ਇਤਿਹਾਸਕ ਵਿਰਸਾ ਸ਼ਹਾਦਤਾਂ ਦੀ ਇਕ ਲੰਮੀ ਦਾਸਤਾਨ ਹੈ। ਇਨ੍ਹਾਂ ਸ਼ਹਾਦਤਾਂ ਨੇ ਜ਼ੁਲਮ ਦੇ ਥੰਮ੍ਹ ਹਿਲਾ ਦਿੱਤੇ, ਸਦੀਆਂ ਤੋਂ ਦੱਬੇ ਲੋਕਾਂ ਨੂੰ ਅਣਖ ਤੇ ਸ੍ਵੈ-ਮਾਣ ਵਾਲਾ ਜੀਵਨ ਜੀਊਣ ਦੀ ਜਾਚ ਸਿਖਾਈ ਅਤੇ ਇਕ ਅਜਿਹੀ ਕੌਮ ਦਾ ਨਿਰਮਾਣ ਕੀਤਾ ਜੋ ਆਪਣੀ ਅਣਖ ਤੇ ਕੁਰਬਾਨੀ ਸਦਕਾ ਦੁਨੀਆਂ ਭਰ ਵਿਚ ਸਤਿਕਾਰੀ ਜਾਂਦੀ ਹੈ। ਸਿੱਖ ਅਰਦਾਸ ਵਿਚ ਇਨ੍ਹਾਂ ਮਹਾਨ ਸ਼ਹੀਦਾਂ ਦੀ ਅਦੁੱਤੀ ਕੁਰਬਾਨੀ ਨੂੰ ਹਰ ਰੋਜ਼ ਚਿਤਾਰਿਆ ਜਾਂਦਾ ਹੈ।

ਇਹ ਪੁਸਤਕ ਗਾਥਾ ਹੈ, ਉਨ੍ਹਾਂ ਮਹਾਨ ਸ਼ਹੀਦਾਂ ਦੀ, ਜਿਨ੍ਹਾਂ ਨੇ ਧਰਮ ਹੇਤ ਸੀਸ ਦੇ ਦਿੱਤੇ ਪਰ ਸਿਦਕੋਂ ਨ ਡੋਲੇ। ਇਸ ਵਿਚ ਦਿਲ-ਚੀਰਵੇਂ ਚਿੱਤਰ ਹਨ ਉਨ੍ਹਾਂ ਸ਼ਹੀਦਾਂ ਦੀ ਬੇਮਿਸਾਲ ਕੁਰਬਾਨੀ ਦੇ, ਜਿਨ੍ਹਾਂ ਨੇ ਬੰਦ-ਬੰਦ ਕਟਵਾ ਲਏ, ਖੋਪਰੀਆਂ ਉਤਰਵਾ ਲਈਆਂ ਅਤੇ ਸਿੱਖੀ-ਸਿਦਕ ਕੇਸਾਂ-ਸੁਆਸਾਂ ਸੰਗ ਨਿਭਾ ਗਏ। ਇਸ ਵਿਚ ਕਰੁਣਾਮਈ ਬਿਆਨ ਹੈ ਉਨ੍ਹਾਂ ਅਦੁੱਤੀ ਸ਼ਹੀਦਾਂ ਦੀ ਚਮਤਕਾਰੀ ਕੁਰਬਾਨੀ ਦਾ, ਜਿਨ੍ਹਾਂ ਨੇ ਤਨ ਆਰਿਆਂ ਨਾਲ ਚਿਰਵਾ ਲਏ ਪਰ ਧਰਮ ਨਹੀਂ ਹਾਰਿਆ। ਇਸ ਵਿਚ ਹਿਰਦੇ-ਵੇਧਕ ਬ੍ਰਿਤਾਂਤ ਹੈ ਉਨ੍ਹਾਂ ਸਿਦਕੀ ਸੂਰਬੀਰਾਂ ਦੀ ਕੁਰਬਾਨੀ ਦਾ, ਜਿਹੜੇ ਉਬਲਦੇ ਪਾਣੀ ਦੀ ਦੇਗ ਵਿਚ ਉਬਾਲੇ ਗਏ ਤੇ ਚਰਖੜੀਆਂ ਤੇ ਚਾੜ੍ਹ ਕੇ ਸ਼ਹੀਦ ਕੀਤੇ ਗਏ ਪਰ ਆਪਣੇ ਆਦਰਸ਼ ਤੇ ਕਾਇਮ ਰਹੇ।

ਸਮੁੱਚੇ ਰੂਪ ਵਿਚ, ਇਹ ਪੁਸਤਕ ਲਹੂ-ਭਿੱਜੇ ਇਤਿਹਾਸ ਦੇ ਮਹਾਨ ਨਾਇਕਾਂ ਦੇ ਅਦੁੱਤੀ ਜੀਵਨ ਕਾਰਨਾਮਿਆਂ ਨੂੰ ਅੰਕਿਤ ਕਰਨ ਦਾ ਇਕ ਜਤਨ ਹੈ ਤੇ ਉਨ੍ਹਾਂ ਦੀ ਬੇ-ਮਿਸਾਲ ਕੁਰਬਾਨੀ ਪ੍ਰਤਿ ਇਕ ਸ਼ਰਧਾਂਜਲੀ ਹੈ, ਜਿਨ੍ਹਾਂ ਦੇ ਉੱਚ ਜੀਵਨ-ਆਦਰਸ਼ ਅਣਖ ਤੇ ਸ੍ਵੈ-ਮਾਣ ਵਾਲੇ ਜੀਵਨ ਲਈ ਹਮੇਸ਼ਾ ਵਾਸਤੇ ਪ੍ਰੇਰਨਾ-ਸਰੋਤ ਹਨ।

ਡਾ: ਭਜਨ ਸਿੰਘ ਗਿਆਨੀ

ਪਿਤਾ	: ਸ: ਰਵੇਲ ਸਿੰਘ ਘਈ
ਜਨਮ	: 14 ਫ਼ਰਵਰੀ, 1934
ਜਨਮ-ਸਥਾਨ	: ਪਿੰਨਣਵਾਲ, ਜ਼ਿਲ੍ਹਾ ਜਿਹਲਮ (ਪਾਕਿਸਤਾਨ)
ਵਿਦਿਆ	: ਐਮ.ਏ., ਪੀ-ਐਚ.ਡੀ.
ਕਾਰ-ਖੇਤਰ	: ਪੱਤਰਕਾਰੀ, ਸਾਹਿਤ-ਰਚਨਾ, ਅਧਿਆਪਨ
ਹੁਣ ਤਕ ਛਪੀਆਂ ਪੁਸਤਕਾਂ	: 34
ਇਤਿਹਾਸਕ ਨਾਵਲ	: ਕਰਕ ਕਲੇਜੇ ਮਾਹਿ, ਅਸੀਂ ਦੂਣ ਸਵਾਏ ਹੋਇ, ਯਾਰੜੇ ਦਾ ਸੱਥਰ, ਗਗਨ ਦਮਾਮਾ ਬਾਜਿਓ, ਸੂਹੀਆ, ਮਰਜੀਵੜਾ, ਚੜ੍ਹਦੀ ਕਲਾ, ਸੂਰਮਾ, ਬਲੀਦਾਨ, ਸੂਰਾ ਸੋ ਪਹਿਚਾਨੀਐ, ਆਦਿ।
ਸਮਾਜਿਕ ਨਾਵਲ	: ਕੰਧ ਓਹਲੇ, ਪੀਡੀ ਗੰਢ।
ਇਤਿਹਾਸ	: ਸਾਡੇ ਸ਼ਹੀਦ, ਸਾਡੇ ਜਰਨੈਲ, ਅਨੋਖਾ ਇਤਿਹਾਸ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਜਗਤ ਗੁਰ ਬਾਬਾ, ਸ੍ਰੀ ਹਰਿਮੰਦਰ ਸਾਹਿਬ, ਭਾਰਤ ਪਾਕਿਸਤਾਨ ਜੰਗ।
ਸਫ਼ਰਨਾਮਾ	: ਮੇਰੀ ਵਿਦੇਸ਼ ਯਾਤਰਾ
ਸਾਹਿਤਕ ਅਧਿਐਨ	: ਬਾਵਨ ਅੱਖਰੀ
ਫ਼ਿਲਮਾਂ ਦੀਆਂ ਕਹਾਣੀਆਂ	: ਸਵਾ ਲਾਖ ਸੇ ਏਕ ਲੜਾਊਂ, ਸਭ ਤੋਂ ਵਡਾ ਸਤਿਗੁਰ ਨਾਨਕ, ਹਿੰਦ ਦੀ ਚਾਦਰ—ਗੁਰੂ ਤੇਗ ਬਹਾਦਰ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ।
ਸਨਮਾਨ	: • ਸ਼੍ਰੋਮਣੀ ਪੱਤਰਕਾਰ ਪੰਜਾਬ (1981) • ਸ਼੍ਰੋਮਣੀ ਪੱਤਰਕਾਰ ਦਿੱਲੀ (1988) • ਆਨਰੇਰੀ ਸਿਟੀਜ਼ਨਸ਼ਿਪ ਸੂਸਿੱਟੀ, ਆਇਓਵਾ, ਅਮਰੀਕਾ

ਸਾਡੇ ਸ਼ਹੀਦ

ਗਿਆਨੀ ਭਜਨ ਸਿੰਘ

ਸਿੰਘ ਬ੍ਰਦਰਜ਼
ਅੰਮ੍ਰਿਤਸਰ

SADE SHAHEED :
Biographical-Sketches of the Sikh Martyrs
by Giani Bhajan Singh

ISBN 81-7205-114-X

ਚੌਥੀ ਵਾਰ : ਮਾਰਚ 1991
ਪੰਜਵੀਂ ਵਾਰ : ਜਨਵਰੀ 1994
ਛੇਵੀਂ ਵਾਰ : ਨਵੰਬਰ 1997

ਮੁੱਲ : 100 ਰੁਪਏ

ਪ੍ਰਕਾਸ਼ਕ :
ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।
ਟਾਈਪ-ਸੈੱਟਰ :
ਕੇ.ਜੀ. ਗ੍ਰਾਫ਼ਿਕਸ, ਐਸ.ਸੀ.ਓ. 98, ਸਿਟੀ ਸੈਂਟਰ, ਅੰਮ੍ਰਿਤਸਰ ।
ਪ੍ਰਿੰਟਰ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ।

4

ਸਮਰਪਣ

ਉਨ੍ਹਾਂ ਗੁੰਮਨਾਮ ਸ਼ਹੀਦਾਂ ਦੀ ਯਾਦ ਨੂੰ
ਜਿਨ੍ਹਾਂ ਨੇ ਦੇਸ਼, ਕੌਮ, ਧਰਮ ਤੇ ਆਜ਼ਾਦੀ ਲਈ
ਆਪਾ ਵਾਰਿਆ,
ਅਸਹਿ ਤੇ ਅਕਹਿ ਕਸ਼ਟ ਸਹਾਰਦਿਆਂ ਸ਼ਹੀਦੀ ਪਾਈ,
ਪਰ ਜਿਨ੍ਹਾਂ ਦੀ ਕੁਰਬਾਨੀ ਨੂੰ
ਅਸੀਂ ਇਤਿਹਾਸ ਵਿਚ ਸਾਂਭ ਨਹੀਂ ਸਕੇ ।

ਮੁੱਖ-ਸ਼ਬਦ

1960 ਈ. ਦੇ ਪੰਜਾਬੀ ਸੂਬੇ ਦੇ ਮੋਰਚੇ ਵਿਚ ਜਦ ਮੈਂ ਗੁਰਦਾਸਪੁਰ ਜੇਲ੍ਹ ਤੋਂ ਰਿਹਾਅ ਹੋ ਕੇ ਆਇਆਂ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਦੋਵੇਂ ਅਖ਼ਬਾਰ ਰੋਜ਼ਾਨਾ 'ਪ੍ਰਭਾਤ' (ਉਰਦੂ) ਤੇ ਰੋਜ਼ਾਨਾ 'ਅਕਾਲੀ' ਸਰਕਾਰ ਦੀ ਨੀਤੀ ਅਨੁਸਾਰ ਬੰਦ ਹੋ ਚੁਕੇ ਸਨ। ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਦੇ ਆਦੇਸ਼ ਅਨੁਸਾਰ ਦਿੱਲੀ ਤੋਂ ਨਵਾਂ ਡੈਕਲੇਰੇਸ਼ਨ ਲੈ ਕੇ ਰੋਜ਼ਾਨਾ 'ਜਥੇਦਾਰ' ਦਿੱਲੀ ਤੋਂ 1961 ਵਿਚ ਪ੍ਰਕਾਸ਼ਤ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੇਂ ਹੀ ਮਾਸਟਰ ਤਾਰਾ ਸਿੰਘ ਜੀ ਨੇ ਪ੍ਰੇਰਨਾ ਕੀਤੀ ਕਿ ਸਿੱਖ ਸ਼ਹੀਦਾਂ ਬਾਰੇ ਸਾਮੱਗਰੀ ਇਕੱਤਰ ਕਰ ਕੇ ਪ੍ਰਕਾਸ਼ਤ ਕੀਤੀ ਜਾਏ। ਸੋ, ਮੈਂ ਪ੍ਰਿੰਸੀਪਲ ਗੰਗਾ ਸਿੰਘ ਜੀ ਦੇ ਸਹਿਯੋਗ ਨਾਲ ਲੜੀਵਾਰ ਸਿੱਖ ਸ਼ਹੀਦਾਂ ਤੇ ਲੇਖ ਲਿਖਣੇ ਤੇ ਪ੍ਰਕਾਸ਼ਤ ਕਰਨੇ ਸ਼ੁਰੂ ਕਰ ਦਿੱਤੇ। 1947 ਤਕ ਦੇ ਸ਼ਹੀਦਾਂ ਬਾਰੇ ਇਉਂ ਪੁਸਤਕ ਦਾ ਖਰੜਾ ਤਿਆਰ ਹੋ ਗਿਆ।

ਇਸ ਲੇਖ-ਲੜੀ ਨੂੰ ਇਤਨਾ ਪਸੰਦ ਕੀਤਾ ਗਿਆ, ਪ੍ਰਸ਼ੰਸਾ ਤੇ ਹੌਸਲਾ ਵਧਾਈ ਦੇ ਇਤਨੇ ਪੱਤਰ ਆਏ ਕਿ ਖਰੜੇ ਦੀ ਸੁਧਾਈ ਕਰ ਕੇ ਪੁਸਤਕ ਰੂਪ ਵਿਚ ਇਹਨੂੰ ਪ੍ਰਕਾਸ਼ਤ ਕਰ ਦਿੱਤਾ। ਕੁਝ ਸਾਲਾਂ ਪਿਛੋਂ ਦੂਜੀ ਤੇ ਫਿਰ ਤੀਜੀ ਐਡੀਸ਼ਨ ਵੀ ਪ੍ਰਕਾਸ਼ਤ ਹੋ ਗਈ। ਹੁਣ ਇਹ ਚੌਥੀ ਐਡੀਸ਼ਨ ਪਾਠਕਾਂ ਦੀ ਸੇਵਾ ਵਿਚ ਭੇਟ ਕਰ ਰਹੇ ਹਾਂ।

ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਵਾਲਿਆਂ ਨੇ ਆਪਣੇ ਗੋਲਡਨ ਜੁਬਲੀ ਸਾਲ ਵਿਚ ਜਿਹੜੀਆਂ ਪੁਸਤਕਾਂ ਪ੍ਰਕਾਸ਼ਤ ਕਰਨ ਲਈ ਚੁਣੀਆਂ, ਉਨ੍ਹਾਂ ਵਿਚ 'ਸਾਡੇ ਸ਼ਹੀਦ' ਨੂੰ ਵੀ ਪ੍ਰਕਾਸ਼ਤ ਕਰਨ ਦੀ ਇੱਛਾ ਪ੍ਰਗਟ ਕੀਤੀ ਕਿਉਂਕਿ ਬਜ਼ਾਰ ਵਿਚੋਂ ਹੁਣ ਇਹ ਪੁਸਤਕ ਦੁਰਲੱਭ ਸੀ। ਮੈਂ ਤੁਰਤ ਉਨ੍ਹਾਂ ਦੇ ਫ਼ੈਸਲੇ ਨੂੰ ਪ੍ਰਵਾਨ ਕਰ ਲਿਆ। ਇਉਂ ਇਸ ਐਡੀਸ਼ਨ ਦੀ ਪ੍ਰਕਾਸ਼ਨਾ ਦਾ ਸਿਹਰਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ ਦੇ ਪ੍ਰਬੰਧਕਾਂ ਦੇ ਸਿਰ ਹੈ। ਮੈਂ ਉਨ੍ਹਾਂ ਦਾ ਇਸ ਪੇਸ਼ਕਸ਼ ਲਈ ਧੰਨਵਾਦੀ ਹਾਂ। ਇਹ ਐਡੀਸ਼ਨ ਪ੍ਰਕਾਸ਼ਤ ਕਰਨ ਤੋਂ ਪਹਿਲਾਂ ਇਸ ਵਿਚ ਕੁਝ ਸੁਧਾਈ ਕਰ ਲਈ ਗਈ ਹੈ ਤੇ ਨਵੀਂ ਪ੍ਰਾਪਤ ਜਾਣਕਾਰੀ ਇਸ ਵਿਚ ਸ਼ਾਮਲ ਕਰ ਲਈ ਗਈ ਹੈ।

ਜੇ ਸ਼ਹੀਦਾਂ ਦੇ ਇਹ ਕਾਰਨਾਮੇ ਪੜ੍ਹ ਸੁਣ ਕੇ ਸਾਡੀ ਅੱਜ ਦੀ ਪੀੜ੍ਹੀ ਆਪਣੇ ਜੀਵਨ ਨੂੰ ਰੁਸ਼ਨਾ ਸਕੇ ਤੇ ਦੇਸ਼ ਕੌਮ ਦੀ ਸੇਵਾ ਲਈ ਅਰਪਿਤ ਕਰ ਸਕੇ ਤਾਂ ਮੈਂ ਆਪਣੀ ਘਾਲ ਥਾਏਂ ਪਈ ਸਮਝਾਂਗਾ।

ਭਜਨ ਸਿੰਘ

ਸ਼ਹੀਦ ਤੇ ਸ਼ਹਾਦਤ

ਸ਼ਹੀਦ ਤੇ ਸ਼ਹਾਦਤ ਅਰਬੀ ਭਾਸ਼ਾ ਦੇ ਸ਼ਬਦ ਹਨ। ਸ਼ਹਾਦਤ ਦੇ ਅੱਖਰੀ ਅਰਥ ਗਵਾਹੀ ਦੇ ਹਨ ਤੇ ਸ਼ਹੀਦ ਗਵਾਹੀ ਦੇਣ ਵਾਲੇ ਨੂੰ ਕਿਹਾ ਜਾਂਦਾ ਹੈ। ਦੀਨ-ਦੁਖੀ ਦੀ ਰਖਿਆ ਅਤੇ ਸਤਿ ਧਰਮ ਦੇ ਪ੍ਰਕਾਸ਼ ਲਈ ਸਿਰ ਤੇ ਆ ਬਣੀ ਭੀੜ ਦਾ ਡਟ ਕੇ ਮੁਕਾਬਲਾ ਕਰਨਾ ਤੇ ਪੈਰ ਪਿਛੇ ਵਲ ਨਾ ਪੁੱਟਣਾ, ਭਾਵੇਂ ਇਹ ਸੇਵਾ ਕਰਦਿਆਂ ਬੰਦ ਬੰਦ ਕਟਾ ਕੇ ਸਰੀਰ ਤਿਆਗਣ ਦੀ ਨੌਬਤ ਆ ਜਾਵੇ, ਇਹ ਹੈ ਸੂਰਮੇ ਸ਼ਹੀਦ ਪੁਰਖ ਦਾ ਕਰਤੱਵ ਤੇ ਉਸ ਦੀ ਪਛਾਣ। ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਹੈ—'ਮਰਣ ਮੁਣਸਾਂ ਸੂਰਿਆ ਹਕੁ ਹੈ।' ਅਜਿਹੇ ਸੂਰਮੇ ਮੌਤ ਦੇ ਬੂਹੇ ਤੋਂ ਲੰਘ ਕੇ ਹੱਕ ਤੇ ਸੱਚ ਦੀ ਗਵਾਹੀ (ਸ਼ਹਾਦੀ) ਭਰਦੇ ਹਨ, ਜਿਸ ਤੋਂ ਸਤਿ ਦਾ ਪ੍ਰਕਾਸ਼ ਸਾਰੇ ਛਾ ਜਾਂਦਾ ਹੈ। ਅਸਲ ਵਿਚ ਤਾਂ ਭਾਵੇਂ ਕੋਈ ਸੂਰਮਾ ਜ਼ਿੰਦਾ ਰਹਿ ਕੇ ਇਸ ਸੱਚ ਦੀ ਉਗਾਹੀ ਦੇਵੇ ਜਾਂ ਮੌਤ ਪ੍ਰਵਾਨ ਕਰ ਕੇ, ਉਹ ਹਰ ਹਾਲਤ ਵਿਚ ਹੀ ਸ਼ਹੀਦ ਹੈ ਪਰ ਆਮ ਮੁਹਾਵਰੇ ਵਿਚ ਤੇ ਆਮ ਪ੍ਰਚਲਤ ਅਰਥਾਂ ਵਿਚ ਮੌਤ ਦੇ ਘਾਟ ਉਤਰ ਚੁਕੇ ਸੂਰਮੇ ਲਈ ਹੀ ਸ਼ਹੀਦ ਪਦ ਵਰਤਿਆ ਜਾਂਦਾ ਹੈ। ਅਸਲ ਵਿਚ ਸੂਰਮਾ ਹੀ ਸ਼ਹੀਦੀ ਪਾ ਸਕਦਾ ਹੈ ਤੇ ਸੂਰਮੇ ਦੀ ਪਹਿਚਾਣ ਕਬੀਰ ਜੀ ਅਨੁਸਾਰ ਇਸ ਪ੍ਰਕਾਰ ਹੈ:

> ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
> ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ ॥

ਸ਼ਹੀਦ ਨਿਰਮਲ ਆਤਮਾ ਤੇ ਤੀਖਣ ਬੁਧੀ ਵਾਲੇ ਹੋਣ ਕਰਕੇ ਜਦੋਂ ਸੱਚ ਤੇ ਨਿਆਂ ਦੇ ਹੱਕ ਵਿਚ ਆਵਾਜ਼ ਉਠਾਂਦੇ ਤੇ ਗਵਾਹੀ ਦੇਂਦੇ ਹਨ ਤਾਂ ਝੂਠੇ ਤੇ ਅੰਧ-ਵਿਸ਼ਵਾਸੀ ਲੋਕ ਉਨ੍ਹਾਂ ਦੇ ਵਿਰੁਧ ਹੋ ਜਾਂਦੇ ਹਨ। ਸਚਾਈ ਤੇ ਹੱਕ ਲਈ ਡਟਣ ਵਾਲਿਆਂ ਨੂੰ ਉਹ ਦੁੱਖ ਤੇ ਕਸ਼ਟ ਦੇਂਦੇ ਹਨ ਤੇ ਕਈ ਵਾਰ ਜਾਨ ਤੋਂ ਵੀ ਮਾਰ ਦੇਂਦੇ ਹਨ, ਪਰ ਸ਼ਹੀਦ ਵਿਅਕਤੀ ਸਚਾਈ, ਇਨਸਾਫ਼, ਨੇਕੀ, ਹੱਕ ਤੇ ਅਸਲੀਅਤ ਤੇ ਡਟੇ ਰਹਿੰਦੇ ਹਨ। ਕੁੜਿਆਰਾਂ ਤੇ ਕੁਰਾਹੇ ਪਏ ਲੋਕਾਂ ਦੇ ਦਿੱਤੇ ਕਸ਼ਟਾਂ ਦੀ ਪ੍ਰਵਾਹ ਨਹੀਂ ਕਰਦੇ ਤੇ ਜਾਨ ਉਤੇ ਖੇਡ ਜਾਂਦੇ ਹਨ। ਅਜਿਹੇ ਵਿਅਕਤੀਆਂ ਨੂੰ ਸੰਸਾਰ ਸ਼ਹੀਦ ਦੀ ਪਦਵੀ ਦੇ ਕੇ ਸਤਿਕਾਰਦਾ ਹੈ।

ਸ਼ਹੀਦ ਸ਼ਬਦ ਮੁਸਲਮਾਨਾਂ ਦੇ ਰਾਹੀਂ ਹੀ ਸਾਡੇ ਦੇਸ਼ ਵਿਚ ਪ੍ਰਚਲਤ ਹੋਇਆ ਹੈ, ਪਰ ਹੁਣ ਮੁਸਲਮਾਨਾਂ ਦੀਆਂ ਬਹੁਤ ਸਾਰੀਆਂ ਕਿਤਾਬਾਂ ਵਿਚ ਇਹਦੇ ਅਰਥ ਬਦਲ ਗਏ ਹਨ। ਉਨ੍ਹਾਂ ਨੇ ਸ਼ਹਾਦਤ ਦੇ ਸ਼ਬਦ ਨੂੰ ਆਮ ਤੌਰ ਤੇ ਹਰ ਭਲੇ ਇਨਸਾਨ ਦੀ ਮੌਤ ਲਈ ਵਰਤ ਲਿਆ ਹੈ ਤੇ ਕਈ ਵਾਰ ਬੀਮਾਰੀਆਂ ਨਾਲ ਮਰ ਗਿਆਂ ਨੂੰ ਵੀ ਉਹ ਸ਼ਹੀਦ ਕਹਿੰਦੇ ਹਨ। ਹਿੰਦੂਆਂ ਦੇ ਪੁਰਾਣੇ ਇਤਿਹਾਸ ਵਿਚ ਸ਼ਹੀਦ ਤੇ ਸ਼ਹਾਦਤ ਦਾ ਜ਼ਿਕਰ ਹੀ ਨਹੀਂ। ਪ੍ਰਹਿਲਾਦ ਦੀ ਸਾਖੀ ਨਾਲ ਹੀ ਸ਼ਾਇਦ ਜ਼ਿਕਰ

ਆਇਆ ਹੋਵੇ। ਅੱਜ ਹਿੰਦੂਆਂ ਵਿਚ ਸ਼ਹੀਦ ਦੀ ਵਿਆਖਿਆ ਹੋਰ ਹੀ ਹੈ, ਪਰ ਸਿੱਖ, ਸ਼ਹੀਦ ਦੀ ਤਾਰੀਫ਼ ਹਿੰਦੂਆਂ ਤੇ ਮੁਸਲਮਾਨਾਂ ਵਾਂਗ ਨਹੀਂ ਮੰਨਦੇ। ਸਿੱਖ ਤਾਂ ਇਹ ਮੰਨਦੇ ਹਨ ਕਿ ਸ਼ਹੀਦ ਵਿਅਕਤੀ ਮਨੁੱਖ ਜਾਤੀ ਦੇ ਧਾਰਮਿਕ, ਭਾਈਚਾਰਕ ਤੇ ਰਾਜਨੀਤਕ, ਗੱਲ ਕੀ ਹਰ ਤਰ੍ਹਾਂ ਅਤਿਆਚਾਰ, ਵਧੀਕੀ, ਬੇ-ਇਨਸਾਫ਼ੀ, ਧੱਕੇ ਤੇ ਜਬਰ ਵਿਰੁੱਧ ਆਵਾਜ਼ ਉਠਾਂਦਾ ਤੇ ਕੁਰਬਾਨੀ ਕਰਦਾ ਹੈ। ਇਸ ਦੇ ਨਾਲ ਹੀ ਸ਼ਹੀਦ ਦੇ ਕੁਝ ਹੋਰ ਲੱਛਣ ਵੀ ਸਿੱਖੀ ਵਿਚ ਮੰਨੇ ਜਾਂਦੇ ਹਨ। ਦੋ ਮੁਖ ਗੁਣ—ਸਬਰ ਤੇ ਸਿਦਕ—ਸ਼ਹੀਦ ਵਿਚ ਹੁੰਦੇ ਹਨ। ਜਿਸ ਵਿਚ ਸਿਦਕ ਨਾ ਹੋਵੇ, ਉਹ ਕਿਸੇ ਆਸ਼ੇ, ਵਿਚਾਰ ਜਾਂ ਕਰਮ ਲਈ ਕੁਰਬਾਨੀ ਨਹੀਂ ਕਰ ਸਕਦਾ। ਸਿਦਕ ਤੇ ਕੁਰਬਾਨੀ ਤਾਂ ਸ਼ਹੀਦ ਦੀ ਬੁਨਿਆਦ ਹੈ। ਫਿਰ ਸਬਰ ਦੀ ਬੜੀ ਲੋੜ ਹੈ। ਆਮ ਸੰਸਾਰੀ ਜੀਵ ਤੁਰਤ ਘਬਰਾ ਜਾਂਦਾ ਹੈ, ਤੰਗ ਆ ਜਾਂਦਾ ਹੈ ਤੇ ਅੱਕ ਕੇ ਕਈ ਵਾਰ ਆਪਣਾ ਰਾਹ ਛੱਡ ਦੇਂਦਾ ਹੈ, ਪਰ ਸ਼ਹੀਦ ਬੜੇ ਸਬਰ ਵਾਲਾ ਹੁੰਦਾ ਹੈ। ਉਸ ਦਾ ਸਬਰ ਦਾ ਗੁਣ ਹੀ ਉਸ ਤੋਂ ਅਸਾਧਾਰਨ ਕੰਮ ਕਰਵਾ ਦੇਂਦਾ ਹੈ।

ਸ਼ਹੀਦ ਦੇ ਨੇੜੇ ਦੋ ਔਗੁਣ ਨਹੀਂ ਜਾ ਸਕਦੇ, ਇਕ ਭਰਮ ਤੇ ਦੂਜਾ ਡਰ। ਭਰਮ ਕਰਨ ਵਾਲਾ ਮਨੁੱਖ ਸ਼ਹਾਦਤ ਕਿਵੇਂ ਪਾ ਸਕਦਾ ਹੈ? ਡਰਨ ਵਾਲਾ ਕਿਸੇ ਚੰਗੀ ਗੱਲ ਲਈ ਡਟ ਨਹੀਂ ਸਕਦਾ। ਇਸ ਲਈ ਸ਼ਹੀਦ ਇਨ੍ਹਾਂ ਦੋਹਾਂ ਗੱਲਾਂ ਦਾ ਤਿਆਗੀ ਹੁੰਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ:

ਸਬਰ ਸਿਦਕ ਸ਼ਹੀਦ, ਭਰਮ ਭਉ ਖੋਵਣਾ ॥

ਚੰਗੇ ਖ਼ਿਆਲਾਂ ਤੇ ਚੰਗੇ ਅਮਲਾਂ ਵਾਲੇ ਨੂੰ ਦੁਨੀਆਂ ਵਿਚ ਕੁਰਬਾਨੀ ਦੇਣੀ ਹੀ ਪੈਂਦੀ ਹੈ। ਸੁਕਰਾਤ ਨੇ ਬੜਾ ਸੋਹਣਾ ਕਿਹਾ ਸੀ ਕਿ ਦਾਨਾ ਆਦਮੀ ਸਾਰੀ ਉਮਰ ਤਿਆਰੀ ਕਰਦਾ ਰਹਿੰਦਾ ਹੈ ਤੇ ਜੇ ਮੌਤ ਦੇ ਆਉਣ 'ਤੇ ਉਹ ਸ਼ੋਕ ਪ੍ਰਗਟ ਕਰੇ ਤਾਂ ਮੂਰਖ ਗਿਣਿਆ ਜਾਏਗਾ। ਸ਼ਹੀਦ-ਆਤਮਾ ਮੌਤ ਆਉਣ ਤੇ ਕਦੇ ਨਹੀਂ ਘਬਰਾਂਦੀ ਸਗੋਂ ਆਪਣੇ ਆਦਰਸ਼ ਲਈ ਆਈ ਮੌਤ ਦਾ ਸੁਆਗਤ ਕਰਦੀ ਹੈ। ਗੁਰੂ ਅਰਜਨ ਦੇਵ ਜੀ ਨੂੰ ਕਿਹਾ ਗਿਆ ਕਿ ਤੁਸੀਂ ਗ਼ਲਤੀ ਮੰਨੋ ਜਿਹੜੀ ਖੁਸਰੋ ਦੀ ਤੁਸੀਂ ਮਦਦ ਕੀਤੀ ਸੀ। ਗੁਰੂ ਗ੍ਰੰਥ ਸਾਹਿਬ ਦੀਆਂ ਕੁਝ ਤੁਕਾਂ ਬਦਲ ਦਿਉ ਪਰ ਉਹ ਨਾ ਮੰਨੇ। ਅਸੂਲ ਦੀ ਲੜਾਈ ਸੀ ਜਿਸ ਵਿਚ ਉਨ੍ਹਾਂ ਨੂੰ ਭਾਵੇਂ ਤੱਤੀਆਂ ਤੱਵੀਆਂ ਤੇ ਬੈਠਣਾ ਪਿਆ ਤੇ ਦੇਗ ਵਿਚ ਉਬਲਣਾ ਪਿਆ ਪਰ ਉਨ੍ਹਾਂ ਆਪਣੀ ਸੱਚੀ ਗੱਲ ਤੇ ਡਟ ਕੇ ਸਰਕਾਰ ਦੀ ਗੱਲ ਨਾ ਮੰਨੀ। ਇਸੇ ਤਰ੍ਹਾਂ ਛੋਟੇ ਸਾਹਿਬਜ਼ਾਦਿਆਂ ਨੂੰ ਕਿਹਾ ਗਿਆ ਕਿ ਤੁਸੀਂ ਦੀਨ ਕਬੂਲ ਕਰ ਲਉ ਪਰ ਉਨ੍ਹਾਂ ਇਨਕਾਰ ਕੀਤਾ। ਉਹ ਸਮਝਦੇ ਸਨ ਕਿ ਕਿਸੇ ਨੂੰ ਹੱਕ ਨਹੀਂ ਕਿ ਉਹ ਤਲਵਾਰ ਦੇ ਜ਼ੋਰ ਨਾਲ ਸਾਨੂੰ ਆਪਣੇ ਵਿਚਾਰ ਬਦਲਣ ਲਈ ਮਜਬੂਰ ਕਰੇ। ਉਨ੍ਹਾਂ ਨੂੰ ਮੌਤ ਦੇ ਡਰਾਵੇ ਦਿੱਤੇ ਗਏ ਪਰ ਇਨ੍ਹਾਂ ਡਰਾਵਿਆਂ ਦਾ ਸ਼ਹੀਦ ਆਤਮਾ ਤੇ ਕੀ ਅਸਰ ਹੋ ਸਕਦਾ ਸੀ। ਉਹ ਤਾਂ ਭਰਮ ਭਉ ਤੋਂ ਰਹਿਤ ਸਨ, ਇਸ ਲਈ ਉਨ੍ਹਾਂ ਨੂੰ ਡੋਲਾਣ ਦੀਆਂ ਕੋਸ਼ਿਸ਼ਾਂ ਕਈ ਵਾਰ ਫੇਲ੍ਹ ਹੋ ਗਈਆਂ ਤੇ ਅਖ਼ੀਰ ਉਨ੍ਹਾਂ ਨੂੰ ਕੰਧਾਂ ਵਿਚ ਖੜ੍ਹੇ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਅੰਦਰ ਇਹ ਜਜ਼ਬਾ ਹੁੰਦਾ ਹੈ ਜਿਸ ਦਾ ਪ੍ਰਗਟਾਅ ਭਾਈ ਤਾਰਾ ਸਿੰਘ ਨੇ ਇਉਂ ਕੀਤਾ ਹੈ, "ਲੜਨ ਮਰਨ ਤੋਂ ਡਰਨਾ ਸਿੰਘ ਦਾ ਕੰਮ ਨਹੀਂ। ਇਸ ਜਗਤ

ਦਾ ਜੀਉਣਾ ਸੁਪਨੇ ਸਮਾਨ ਹੈ ਇਸ ਲਈ ਮੌਤ ਦਾ ਭੈ ਕਿਉਂ ? ਕਾਲ ਤੋਂ ਕੋਈ ਵੀ ਭੱਜ ਤੇ ਛੁਪ ਕੇ ਬਚ ਨਹੀਂ ਸਕਦਾ।"

ਸ਼ਹੀਦ ਬੜੇ ਦ੍ਰਿੜ੍ਹ ਇਰਾਦੇ ਦਾ ਮਾਲਕ ਹੁੰਦਾ ਹੈ। ਉਹਦੇ ਜੋ ਵਿਚਾਰ ਹਨ ਉਨ੍ਹਾਂ ਨੂੰ ਬਦਲਿਆ ਨਹੀਂ ਜਾ ਸਕਦਾ। ਇਹ ਨਾ ਹੋਵੇ ਤਾਂ ਮਨੁੱਖ ਸ਼ਹਾਦਤ ਪ੍ਰਾਪਤ ਹੀ ਨਾ ਕਰ ਸਕੇ। ਹਕੀਕਤ ਰਾਏ ਨੇ ਜੋ ਕੁਰਬਾਨੀ ਦਿੱਤੀ, ਉਹ ਅਟੱਲ ਵਿਸ਼ਵਾਸ ਸਦਕਾ ਸੀ। ਹਕੀਕਤ ਰਾਏ ਦਾ ਕਹਿਣਾ ਸੀ ਕਿ ਧਨ, ਧਾਮ, ਪਿਤਾ, ਭਾਈ ਤੇ ਬੰਧਪ ਕੋਈ ਸਾਥ ਨਹੀਂ ਦੇਂਦਾ। ਕੇਵਲ ਧਰਮ ਹੀ ਓੜਕ ਸਾਥ ਤਕ ਨਾਲ ਨਿਭਦਾ ਹੈ। ਜਿਸ ਧਰਮ ਨੂੰ ਮਜ਼ਬੂਤੀ ਨਾਲ ਪਕੜ ਲਿਆ, ਉਸ ਦਾ ਨਾਮ ਜਗਤ ਵਿਚ ਅਮਰ ਹੋ ਗਿਆ। ਇਸ ਵਿਸ਼ਵਾਸ ਸਦਕਾ ਉਸ ਨੇ ਕੁਰਬਾਨੀ ਦਿੱਤੀ।

ਜਦ ਮਨਸੂਰ ਸੂਲੀ ਤੇ ਚੜ੍ਹਨ ਲਗਾ ਤਾਂ ਕਿਸੇ ਨੇ ਪੁਛਿਆ ਕਿ ਇਹ ਕੀ ? ਮਨਸੂਰ ਨੇ ਸਮਝਾਇਆ ਕਿ ਇਸ਼ਕ ਦੀ ਨਿਮਾਜ਼ ਪੜ੍ਹਨ ਲਈ ਵੁਜ਼ੂ (ਪੰਜ ਅਸ਼ਨਾਨਾ) ਸਦਾ ਖ਼ੂਨ ਨਾਲ ਹੀ ਕੀਤਾ ਜਾਂਦਾ ਹੈ। ਇਸ ਵਿਚ ਬੜੀ ਸਚਾਈ ਹੈ। ਜਿਤਨੀਆਂ ਵੀ ਕੁਰਬਾਨੀਆਂ ਹੋਈਆਂ ਉਹ ਸਭ ਇਸ ਦੀ ਪ੍ਰੋੜਤਾ ਕਰਦੀਆਂ ਹਨ। ਦੇਸ਼-ਪਿਆਰ ਲੋਕਾਂ ਵਿਚ ਜਾਗਿਆ ਤਾਂ ਕਰਤਾਰ ਸਿੰਘ ਸਰਾਭਾ ਤੇ ਭਗਤ ਸਿੰਘ ਵਰਗਿਆਂ ਅਨੇਕਾਂ ਨੇ ਦੇਸ਼-ਪਿਆਰ ਦੀ ਖ਼ਾਤਰ ਆਪਣੀਆਂ ਜਾਨਾਂ ਵਾਰੀਆਂ।

ਡਾਕਟਰੀ ਅਸੂਲ ਹੈ ਕਿ ਜਿਸ ਮਰੀਜ਼ ਦਾ ਖ਼ੂਨ ਮੁਕਦਾ ਜਾਏ ਜਾਂ ਬਹੁਤਾ ਖ਼ਰਾਬ ਹੋ ਜਾਏ, ਉਸ ਨੂੰ ਤਾਜ਼ਾ ਤੇ ਨਰੋਆ ਖ਼ੂਨ ਦਿੱਤਾ ਜਾਂਦਾ ਹੈ। ਇਹੋ ਹਾਲ ਕੌਮਾਂ ਦਾ ਵੀ ਹੈ। ਬੀਮਾਰ ਕੌਮ ਜਦ ਗ਼ੁਲਾਮ, ਬੇਅਣਖੀ, ਬੇਹਿੰਮਤੀ ਤੇ ਨਿਕੰਮੀ ਹੋ ਜਾਏ ਤਾਂ ਉਸ ਦੀਆਂ ਨਾੜੀਆਂ ਵਿਚ ਨਵੀਂ ਜ਼ਿੰਦਗੀ ਭਰਨ ਲਈ ਸਦਾ ਸ਼ਹੀਦਾਂ ਦਾ ਖ਼ੂਨ ਹੀ ਸਿੰਜਿਆ ਜਾਂਦਾ ਹੈ। ਮੋਈਆਂ ਹੋਈਆਂ ਕੌਮਾਂ ਸ਼ਹੀਦਾਂ ਕੋਲੋਂ ਹੀ ਜੀਵਨ ਪ੍ਰਾਪਤ ਕਰਦੀਆਂ ਹਨ। ਸ਼ਹੀਦਾਂ ਦੀਆਂ ਹੱਡੀਆਂ ਦੀ ਬੁਨਿਆਦ ਤੇ ਹੀ ਹਮੇਸ਼ਾ ਕੌਮੀ ਜੀਵਨ ਦੇ ਮਹੱਲ ਉਸਰਦੇ ਹਨ। ਇਕ ਕਵੀ ਲਿਖਦਾ ਹੈ:

ਡੁਲ੍ਹੇ ਜਾਂ ਖ਼ੂਨ ਸ਼ਹੀਦਾਂ ਦਾ, ਤਕਦੀਰ ਬਦਲਦੀ ਕੌਮਾਂ ਦੀ।
ਰੰਬੀਆਂ ਨਾਲ ਖੋਪਰ ਲਹਿੰਦੇ ਜਾਂ, ਤਸਵੀਰ ਬਦਲਦੀ ਕੌਮਾਂ ਦੀ।

ਕੌਮਾਂ ਦੇ ਮਹੱਲ ਇੱਟਾਂ, ਚੂਨੇ ਤੇ ਸੀਮੇਂਟ ਨਾਲ ਨਹੀਂ ਬਣਦੇ। ਉਨ੍ਹਾਂ ਲਈ ਤਾਂ ਸ਼ਹੀਦਾਂ ਦੀਆਂ ਹੱਡੀਆਂ, ਲਹੂ ਤੇ ਸਰੀਰ ਚਾਹੀਦਾ ਹੈ। ਇਕ ਕਵੀ ਕਹਿੰਦਾ ਹੈ:

ਕਮਜ਼ੋਰ ਨਿਰਬਲ ਖਾਵਸੀ ਖ਼ੁਰਾਕ ਤਾਂ ਬਲ ਆਏਗਾ।
ਪਤਲਾ ਤੇ ਜੁੱਸਾ ਮਾੜੂਆ, ਮੱਖਣ ਨੂੰ ਖਾ ਪਲ ਜਾਏਗਾ।
ਮਾੜੀਆਂ ਜੋ ਨਾੜੀਆਂ, ਮਾਲਸ਼ ਤੋਂ ਹਰੀਆਂ ਹੋਵਸਨ,
ਜੋ ਕਰੰਗ ਹੈ ਦਿਸ ਆਂਵਦਾ, ਦੁੱਧ ਦਹੀਂ ਖਾ ਪਲ ਜਾਏਗਾ।
ਕਮਜ਼ੋਰ ਮਾੜੀ ਕੌਮ ਪਰ, ਹੋਣਾ ਬਲੀ ਨਹੀਂ ਪਾਏਗੀ,
ਚਰਬੀ ਸ਼ਹੀਦਾਂ ਦੀ ਜਦੋਂ ਤੀਕਰ ਮਲੀ ਨਹੀਂ ਜਾਏਗੀ।

ਇਸੇ ਕਵੀ ਦਾ ਬੰਦ ਹੈ, ਜਿਸ ਵਿਚ ਉਹ ਦਸਦਾ ਹੈ ਕਿ:

ਸੱਚ ਹੈ ਕਿ ਚੂਨੇ ਇੱਟ ਦਾ, ਪੱਕਾ ਮਕਾਂ ਬਣ ਜਾਏਗਾ,
ਦਿਨ ਰਾਤ ਕਰ ਇਕ ਰਾਜ, ਲਾਸੀ ਤਾਣ ਤਾਂ ਬਣ ਜਾਏਗਾ।
ਮੀਨਾਕਾਰੀ ਜਾਲੀਆਂ, ਰੋਸ਼ਾ ਤੇ ਉਚੀਆਂ ਮਾੜੀਆਂ,
ਫ਼ਰਸ਼ ਮਰਮਰ ਕਲਸ ਸੋਹਣੇ, ਆਲੀਸ਼ਾਂ ਬਣ ਜਾਏਗਾ।
ਪਰ ਇੱਟ ਚੂਨੇ ਪੱਥਰੀਂ, ਕੌਮੀ ਮਹਿਲ ਬਣਨਾ ਨਹੀਂ।
ਹੱਡੀ ਸ਼ਹੀਦਾਂ ਪਿਸ ਕੇ ਜਾਂ, ਖ਼ੂਨ ਦੇ ਵਿਚ ਰਲਣਾ ਨਹੀਂ।

ਪ੍ਰਿੰਸੀਪਲ ਗੰਗਾ ਸਿੰਘ ਨੇ ਲਿਖਿਆ ਸੀ ਕਿ ਗੁਰੂ ਨਾਨਕ ਦੇਵ ਜੀ ਇਸ ਰੋਗੀ ਭਾਰਤ ਦੇ ਸੱਚੇ ਵੈਦ ਸਨ। ਉਨ੍ਹਾਂ ਨੇ ਮਰੀਜ਼ਾਂ ਨੂੰ ਟੀਕੇ ਕੀਤੇ ਤੇ ਟਿਊਬ ਵਿਚ ਸ਼ਹੀਦਾਂ ਦਾ ਖ਼ੂਨ ਭਰ ਕੇ ਇਸ ਮੁਰਦੇ ਦੀਆਂ ਨਾੜੀਆਂ ਵਿਚ ਸਿੰਜਿਆ। ਭਾਈ ਤਾਰਾ ਗੁਰੂ ਨਾਨਕ ਸਾਹਿਬ ਦੇ ਸਿੱਖ ਸਨ, ਜਿਨ੍ਹਾਂ ਨੇ ਆਪਣੀ ਸ਼ਹਾਦਤ ਨਾਲ ਬਾਬਰਵਾਣੀ ਦੇ ਵਿਰੁਧ ਲੋਕਾਂ ਵਿਚ ਜੀਵਨ ਸੰਚਾਰਿਆ ਤੇ ਸਦੀਆਂ ਪਿਛੋਂ ਭਾਰਤ ਵਰਸ਼ ਨੇ ਉਹ ਰੂਹ ਵੀ ਤੱਕੀ, ਜੋ ਜ਼ੁਲਮ ਤੇ ਅਨਿਆਇ ਦੇ ਹੜ੍ਹ ਵਿਰੁਧ ਪਹਾੜ ਦੀ ਨਿੱਕੀ ਜਹੀ ਚੱਟਾਨ ਵਾਂਗ ਡਟ ਗਈ ਸੀ। ਇਸ ਤੋਂ ਮਗਰੋਂ ਸ਼ਹਾਦਤ ਦਾ ਦਫ਼ਤਰ ਖੁਲ੍ਹ ਗਿਆ ਤੇ ਇਤਨੀ ਭਰਤੀ ਹੋਈ ਕਿ ਗਿਣਤੀ ਕਰਨੀ ਕਠਨ ਹੈ। ਸਿੱਖ ਸ਼ਹੀਦਾਂ ਦੀ ਇਸ ਕਾਰਵਾਈ ਦਾ ਅਸਰ ਦੇਸ਼ ਤੇ ਪੈਣਾ ਸ਼ੁਰੂ ਹੋਇਆ ਤੇ ਪੰਜਾਬ ਦੀ ਸਭ ਤੋਂ ਜ਼ਿਆਦਾ ਦਬੀ ਹੋਈ ਧਰਤੀ ਦੀਆਂ ਮੁਰਦਾ ਰੂਹਾਂ ਵਿਚ ਜਾਨ ਪੈਣੀ ਅਰੰਭ ਹੋਈ। ਸਿੱਖ ਖ਼ਾਨਦਾਨੀ ਪਿਛੋਕੜ ਵਲੋਂ ਤਾਂ ਭਾਰਤ ਦੀ ਪਿਸੀ ਹੋਈ ਬੇ-ਅਣਖੀ ਹੋਈ ਕੌਮ ਵਿਚੋਂ ਹੀ ਹਨ, ਪਰ ਜਿਸ ਚੀਜ਼ ਨੇ ਇਨ੍ਹਾਂ ਨੂੰ ਸੂਰਮਿਆਂ ਦਾ ਸਰਦਾਰ ਤੇ ਬਲੀਆਂ ਦਾ ਮੋਢੀ ਬਣਾਇਆ, ਉਹ ਸ਼ਹੀਦਾਂ ਦੀ ਸ਼ਹਾਦਤ ਦਾ ਹੀ ਅਸਰ ਸੀ। ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਵੀ ਕੋਈ ਕਮਜ਼ੋਰੀ ਪੈਦਾ ਹੁੰਦੀ ਰਹੀ, ਉਦੋਂ ਹੀ ਕੌਮ ਵਿਚ ਨਵੀਂ ਰੂਹ ਫੂਕਣ ਲਈ ਫੇਰ ਸ਼ਹੀਦੀ ਦੀ ਨਵੀਂ ਪਾਣ ਦਿੱਤੀ ਜਾਂਦੀ ਰਹੀ।

ਸ਼ਹੀਦੀ ਸ਼ਹੀਦ ਨੂੰ ਤੇ ਉਸ ਦੇ ਆਸ਼ੇ ਨੂੰ ਅਮਰ ਕਰ ਦੇਂਦੀ ਹੈ। ਕੌਮ ਦੀ ਵੱਡੀ ਮਲਕੀਅਤ ਉਸ ਦੇ ਸ਼ਹੀਦ ਹਨ। ਉਹ ਕੌਮ, ਜਿਸ ਦੀ ਬੁਨਿਆਦ ਸ਼ਹੀਦੀ ਖ਼ੂਨ ਨਾਲ ਰੱਖੀ ਗਈ ਹੋਵੇ, ਉਹ ਕਦਾਚਿਤ ਮਰ ਨਹੀਂ ਸਕਦੀ। ਸਿੱਖਾਂ ਨੂੰ ਫ਼ਖ਼ਰ ਹੈ ਕਿ ਦੁਨੀਆਂ ਦੀ ਕਿਸੇ ਅਜਿਹੀ ਘੱਟ ਗਿਣਤੀ ਵਾਲੀ ਕੌਮ ਨੇ ਐਨੇ ਉੱਚੇ ਆਸ਼ੇ ਵਾਲੇ ਤੇ ਐਨੇ ਸ਼ਹੀਦ ਪੈਦਾ ਨਹੀਂ ਕੀਤੇ, ਜਿੰਨੇ ਸਿੱਖ ਕੌਮ ਨੇ ਕੀਤੇ ਹਨ।

ਹਜ਼ਰਤ ਈਸਾ ਦੇ ਸੂਲੀ ਤੇ ਚਾੜ੍ਹੇ ਜਾਣ ਵਾਲੇ ਪ੍ਰਸੰਗ ਨੇ ਅੱਧੀ ਦੁਨੀਆਂ ਨੂੰ ਈਸਾਈ ਬਣਾ ਲਿਆ। ਕਰਬਲਾ ਦੇ ਜੰਗ ਦੇ ਸਾਕੇ ਨੇ ਮੁਸਲਮਾਨਾਂ ਅੰਦਰ ਇਕ ਖ਼ਾਸ ਸਪਿਰਟ ਭਰ ਦਿੱਤੀ ਤੇ ਸਿੱਖ ਸ਼ਹੀਦੀਆਂ ਨੇ ਹੀ ਖ਼ਾਲਸਾ ਪੰਥ ਨੂੰ ਅਟੱਲ ਕੀਤਾ ਹੈ। ਕਿਸੇ ਮਜ਼੍ਹਬ ਦੇ ਹਿੱਸੇ ਇਕ ਕੁਰਬਾਨੀ ਆਈ ਤੇ ਕਿਸੇ ਦੇ ਦੋ, ਪਰ ਸਿੱਖ ਕੌਮ ਨੂੰ ਤਾਂ ਗੁੜ੍ਹਤੀ ਹੀ ਕੁਰਬਾਨੀ ਦੀ ਮਿਲੀ ਹੈ। ਇਸ ਕੌਮ ਦੀ ਪਾਲਣਾ ਹੀ ਸ਼ਹੀਦੀ ਲੋਰੀਆਂ ਨਾਲ ਹੋਈ ਹੈ।

ਭਾਈ ਸ਼ੇਰ ਸਿੰਘ ਕਸ਼ਮੀਰ ਵਾਲਿਆਂ ਨੇ 'ਸ਼ਹੀਦੀ ਤੇ ਬ੍ਰਹਮ ਗਿਆਨ' ਵਿਸ਼ੇ ਬਾਰੇ ਲਿਖਿਆ ਸੀ ਕਿ ਹੋਰ ਕੌਮਾਂ ਦਾ ਇਤਿਹਾਸ ਤਾਂ ਕਾਨੀਆਂ ਤੇ ਸਿਆਹੀਆਂ

ਨਾਲ ਲਿਖਿਆ ਗਿਆ ਹੈ, ਸਾਡਾ ਇਤਿਹਾਸ ਖੰਡੇ ਦੀ ਧਾਰ ਨਾਲ ਤੇ ਲਹੂ ਦੀ ਲਾਲੀ ਨਾਲ ਉਕਰਿਆ ਹੋਇਆ ਹੈ। ਇਹ ਅਦਭੁੱਤ ਲੇਖਣੀ ਸਾਡਾ ਮਾਣ ਹੈ। ਸ਼ਹੀਦਾਂ ਦਾ ਲਹੂ ਹੀ ਸਿੱਖਾਂ ਦੀ ਅਬਚਲੀ ਨੀਂਹ ਹੈ।

ਸਿੱਖ ਇਤਿਹਾਸ ਦੀ ਜਿੰਦ ਜਾਨ ਹੀ ਸ਼ਹੀਦਾਂ ਦੇ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਦੇ ਸਾਕੇ ਹਨ। ਕੁਰਬਾਨੀ ਤਾਂ ਹੋਰ ਕਈ ਦੇਸ਼ਾਂ ਤੇ ਕੌਮਾਂ ਦੇ ਬਹਾਦਰ ਸਪੁੱਤਰਾਂ ਨੇ ਵੀ ਕੀਤੀ ਹੈ, ਪਰ ਸਿੱਖਾਂ ਵਰਗੀ ਕੁਰਬਾਨੀ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲ ਸਕਦੀ। ਭਾਈ ਮਨੀ ਸਿੰਘ ਜੀ ਵਰਗਾ ਕਿਹੜਾ ਇਨਸਾਨ ਹੋਰ ਕਿਧਰੇ ਅਜਿਹਾ ਇਤਿਹਾਸ ਪੈਦਾ ਕਰ ਸਕਿਆ ਹੈ, ਜਿਸ ਨੂੰ ਸ਼ਹੀਦ ਕਰਨ ਲਈ ਪਹਿਲਾਂ ਇਕ ਹੱਥ ਫੜਿਆ ਹੋਵੇ ਤੇ ਉਹਦੇ ਹਰ ਇਕ ਜੋੜ ਨੂੰ ਪਹਿਲਾਂ ਵੱਖ ਕੀਤਾ ਹੋਵੇ। ਫਿਰ ਦੂਜੇ ਹੱਥ ਨੂੰ ਵੱਢਿਆ ਹੋਵੇ। ਇਸੇ ਤਰ੍ਹਾਂ ਲੱਤਾਂ, ਬਾਂਹਵਾਂ ਤੇ ਸਰੀਰ ਦੇ ਟੋਟੇ ਕੀਤੇ ਹੋਣ। ਅਨੇਕਾਂ ਵਾਰ ਟੋਕਾ ਆਪਣਾ ਵਾਰ ਕਰ ਜਾਏ, ਪਰ ਬਹਾਦਰ ਸੂਰਬੀਰ ਸਭ ਦੁੱਖ ਬਰਦਾਸ਼ਤ ਕਰ ਕੇ ਸ਼ਹਾਦਤ ਪ੍ਰਾਪਤ ਕਰ ਲਵੇ। ਇਸ ਤਰ੍ਹਾਂ ਮਤੀ ਦਾਸ ਜੀ ਵਰਗਾ ਇਨਸਾਨ ਵੀ ਹੋਰ ਕਿਧਰੇ ਨਜ਼ਰ ਨਹੀਂ ਆਉਂਦਾ, ਜਿਸ ਦੇ ਸੀਸ ਤੇ ਆਰਾ ਰੱਖ ਕੇ ਸਿਰ ਲਕੜੀ ਦੇ ਮੋਛੇ ਦੀ ਤਰ੍ਹਾਂ ਚੀਰਿਆ ਜਾ ਰਿਹਾ ਹੋਵੇ, ਪਰ ਪਵਿੱਤਰ ਮੁੱਖ ਤੋਂ ਚੀਕ ਚਿਹਾੜਾ ਜਾਂ ਕੂਕ ਫਰਿਆਦ ਤੇ ਹਾਲ ਪਾਹਰਿਆ ਦੀ ਥਾਂ ਪਵਿੱਤਰ ਗੁਰਬਾਣੀ ਦਾ ਪਾਠ ਨਿਕਲ ਰਿਹਾ ਹੋਵੇ।

ਮੈਨੂੰ ਤਾਂ ਇਤਿਹਾਸ ਵਿਚ ਕਿਧਰੇ ਹੋਰ ਥਾਂ ਅਜਿਹੀਆਂ ਮਾਵਾਂ ਵੀ ਨਹੀਂ ਨਜ਼ਰ ਆਈਆਂ, ਜੋ ਆਪਣੇ ਬੱਚਿਆਂ ਦੇ ਆਪਣੀਆਂ ਅੱਖਾਂ ਦੇ ਸਾਹਮਣੇ ਟੁਕੜੇ ਹੁੰਦੇ ਵੇਖ ਸਕਣ। ਪੁੱਤਰ ਨੇਜ਼ਿਆਂ ਤੇ ਟੰਗੇ ਹੋਏ ਹੋਣ ਤੇ ਮਾਵਾਂ 'ਤੇਰਾ ਕੀਆ ਮੀਠਾ ਲਾਗੈ' ਗਾ ਰਹੀਆਂ ਹੋਣ। ਨਾ ਹੀ ਅਜਿਹੇ ਮਾਸੂਮ ਬੱਚੇ ਹੋਰ ਕਿਧਰੇ ਮਿਲਦੇ ਹਨ, ਜਿਨ੍ਹਾਂ ਨੂੰ ਕੰਧਾਂ ਵਿਚ ਖੜ੍ਹਾ ਕਰ ਕੇ ਚਿਣ ਦਿਤਾ ਹੋਵੇ ਤੇ ਉਹ ਸੀ ਤਕ ਨਾ ਕਰਨ। ਜ਼ੁਲਮ ਇਤਨਾ ਵਧਿਆ ਹੋਵੇ ਕਿ ਗੋਡੇ ਤੇ ਆ ਕੇ ਇੱਟ ਕੱਟ ਕੇ ਠੀਕ ਕਰਨ ਦੀ ਥਾਂ ਗੋਡੇ ਦੀ ਚੱਪਣੀ ਲਾਹ ਦਿਤੀ ਜਾਏ, ਪਰ ਨਿੱਕੀਆਂ ਨਿੱਕੀਆਂ ਕਲੀਆਂ ਉਸੇ ਤਰ੍ਹਾਂ ਖਿੜੀਆਂ ਰਹਿਣ। ਏਥੇ ਹੀ ਬਸ ਨਹੀਂ, ਚਰਖੜੀਆਂ ਤੇ ਚੜ੍ਹਨ, ਦੇਗਾਂ ਵਿਚ ਉਬਲਣ, ਖੋਪਰੀ ਉਤਰਵਾਣ ਦੀਆਂ ਘਟਨਾਵਾਂ ਵੀ ਹੋਰ ਕਿਧਰੇ ਨਹੀਂ ਮਿਲਦੀਆਂ।

ਅਸਲ ਵਿਚ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਹੀ ਅੰਦੋਲਨ ਸ਼ੁਰੂ ਕਰ ਕੇ ਰੱਖੀ ਤੇ ਸਮੇਂ ਦੀਆਂ ਸਾਰੀਆਂ ਜਾਬਰ ਤਾਕਤਾਂ ਨਾਲ ਟੱਕਰ ਲਈ। ਇਕ ਪਾਸੇ ਹਮਲਾ ਕਰ ਕੇ ਆਏ ਬਾਬਰ ਦੀ ਅਨਿਆਈ ਸ਼ਕਤੀ ਤੇ ਕਾਰਵਾਈ ਵਿਰੁਧ ਅਵਾਜ਼ ਉਠਾਈ ਤੇ ਲੋਕਾਂ ਦੇ ਦਰਦ ਨੂੰ ਮਹਿਸੂਸ ਕਰ ਕੇ ਨਾਹਰਾ ਮਾਰਿਆ। ਬਾਬਰ ਨੇ ਜੇਲ੍ਹ ਵਿਚ ਪਾ ਦਿੱਤਾ ਤੇ ਚੱਕੀਆਂ ਪੀਹਣ ਤੇ ਲਾ ਦਿਤਾ। ਉਹਨੂੰ ਛੇਤੀ ਹੀ ਸੱਚ-ਆਤਮਾ ਦਾ ਪਤਾ ਲਗ ਗਿਆ, ਨਹੀਂ ਤੇ ਹੋ ਸਕਦਾ ਸੀ ਕਿ ਉਹਦੇ ਅਤਿਆਚਾਰਾਂ ਨਾਲ ਗੁਰੂ ਨਾਨਕ ਦੇਵ ਜੀ ਨੂੰ ਵੀ ਮਹਾਨ ਕੁਰਬਾਨੀ ਦੇਣੀ ਪੈਂਦੀ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸਮੇਂ ਦੇ ਪਿਛਾਂਹ-ਖਿਚੂ ਤੇ ਮਾਨਵ-ਵਿਰੋਧੀ ਰਿਵਾਜਾਂ ਤੇ ਰਵਾਇਤਾਂ ਦੀ ਵਿਰੋਧਤਾ ਕੀਤੀ ਤੇ ਮਾੜੀਆਂ ਤਾਕਤਾਂ ਨਾਲ ਟੱਕਰ ਲਈ। ਇਹ ਟੱਕਰ ਦਸ ਗੁਰੂ ਸਾਹਿਬਾਨ ਤੇ ਉਨ੍ਹਾਂ ਤੋਂ ਪਿਛੋਂ ਖ਼ਾਲਸਾ ਪੰਥ ਨੇ ਲਗਾਤਾਰ

ਜਾਰੀ ਰੱਖੀ । ਮੁਗ਼ਲਾਂ ਤੇ ਅੰਗਰੇਜ਼ੀ ਰਾਜ ਵਿਚ ਸਿੱਖ ਕੌਮ ਨੇ ਕਈ ਅੰਦੋਲਨ ਕੀਤੇ, ਜਿਨ੍ਹਾਂ ਵਿਚ ਸੈਂਕੜੇ ਨਹੀਂ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਕੁਰਬਾਨੀ ਦਿੱਤੀ ਤੇ ਸ਼ਹੀਦ ਹੋਏ ।

ਇਹ ਸਿਲਸਿਲਾ ਦੇਸ਼ ਦੇ ਅਜ਼ਾਦ ਹੋਣ ਪਿਛੋਂ ਵੀ ਜਾਰੀ ਹੈ ਤੇ ਜਦ ਤਕ ਧੱਕੇ, ਵਧੀਕੀ ਤੇ ਅਤਿਆਚਾਰ ਦਾ ਦੌਰ ਜਾਰੀ ਰਹੇਗਾ, ਸ਼ਹੀਦ ਆਤਮਾਵਾਂ ਬਲੀਦਾਨ ਲਈ ਨਿਤਰਦੀਆਂ ਰਹਿਣਗੀਆਂ ।

ਭਜਨ ਸਿੰਘ

ਪਹਿਲੇ ਸਿੱਖ ਸ਼ਹੀਦ

ਨਿਰਭਉ ਤੇ ਨਿਰਵੈਰ ਸੇਵਾ ਦੇ ਯੱਗ ਵਿਚ ਜਿਨ੍ਹਾਂ ਵਿਅਕਤੀਆਂ ਨੂੰ ਆਪਣੇ ਸਰੀਰ ਦੀ ਅਹੂਤੀ ਦੇਣੀ ਪਈ, ਉਨ੍ਹਾਂ ਨੂੰ ਸ਼ਹੀਦ ਕਿਹਾ ਗਿਆ ਹੈ। ਸ਼ਹੀਦ-ਆਤਮਾ ਆਪਣੇ ਲਾਭਾਂ ਲਈ ਆਪਣਾ ਜੀਵਨ ਖ਼ਰਚ ਨਹੀਂ ਕਰਦੀ, ਸਗੋਂ ਦੇਸ਼ ਕੌਮ ਤੇ ਦੁਖੀਆਂ ਦੀ ਹਮਦਰਦੀ ਕਰਦਿਆਂ ਉਨ੍ਹਾਂ ਲਈ ਆਪਣਾ ਆਪ ਕੁਰਬਾਨ ਕਰ ਦੇਂਦੀ ਹੈ। ਅਸੀਂ ਆਮ ਸਵਾਲ ਕਰਦੇ ਹਾਂ ਕਿ ਇਸ ਕੰਮ ਨੂੰ ਕਰਨ ਲਗੇ ਹੋ, ਇਹਦੇ ਵਿਚ ਕੀ ਫ਼ਾਇਦਾ? ਸਾਡਾ ਭਾਵ ਆਪਣੇ ਨਿਜੀ ਲਾਭਾਂ ਤੇ ਸੁਖ ਅਰਾਮ ਤੋਂ ਹੁੰਦਾ ਹੈ। ਸ਼ਹੀਦਾਂ ਦੇ ਸਾਹਮਣੇ ਸਚਾਈ ਤੇ ਇਨਸਾਫ਼ ਹੁੰਦਾ ਹੈ। ਜਿਥੇ ਉਹ ਧੱਕਾ, ਵਧੀਕੀ ਤੇ ਜਬਰ ਹੁੰਦਾ ਵੇਖਦੇ ਹਨ, ਉਥੇ ਹੀ ਉਸ ਵਿਰੁੱਧ ਡਟ ਜਾਂਦੇ ਹਨ। ਉਨ੍ਹਾਂ ਸਾਹਮਣੇ ਇਹ ਖ਼ਿਆਲ ਵੀ ਨਹੀਂ ਹੁੰਦਾ ਕਿ ਅਸੀਂ ਜਿਤ ਸਕਦੇ ਹਾਂ ਕਿ ਨਹੀਂ। ਉਨ੍ਹਾਂ ਦਾ ਆਦਰਸ਼ ਚੰਗਿਆਈ ਲਈ ਕਦਮ ਵਧਾਣਾ ਹੁੰਦਾ ਹੈ।

ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਉਨ੍ਹਾਂ ਦੇ ਜੀਵਨ ਤੇ ਉਦੇਸ਼ਾਂ ਨੇ ਸਾਡੇ ਦੇਸ਼ ਦੀ ਸੋਚਣੀ, ਕਥਨੀ ਤੇ ਕਰਨੀ ਵਿਚ ਬਹੁਤ ਵੱਡਾ ਇਨਕਲਾਬ ਲਿਆਂਦਾ। ਜੀਵਨ ਦੀਆਂ ਸਾਰੀਆਂ ਪੁਰਾਣੀਆਂ ਤੇ ਥੋਦੀਆਂ ਕੀਮਤਾਂ ਦਾ ਉਨ੍ਹਾਂ ਨੇ ਦਲੇਰੀ ਨਾਲ ਖੰਡਨ ਕੀਤਾ ਤੇ ਹਰ ਮਾੜੀ ਤਾਕਤ ਤੇ ਮਾੜੇ ਵਿਚਾਰ ਨੂੰ ਰੱਦ ਕੀਤਾ। ਗੁਰੂ ਨਾਨਕ ਦੇਵ ਜੀ ਨੇ ਅਜਿਹਾ ਸੱਚ ਤੇ ਸਤਿ ਦਾ ਢੰਡੋਰਾ ਦਿੱਤਾ ਕਿ ਇਥੇ ਅਨੇਕਾਂ ਲੋਕਾਂ ਵਿਚ ਮਨੁੱਖਤਾ ਜਾਗ ਪਈ। ਉਨ੍ਹਾਂ ਨੂੰ ਜੀਵਨ ਦੀ ਅਸਲ ਕੀਮਤ ਤੇ ਨਿਸ਼ਾਨੇ ਦੀ ਸਮਝ ਆ ਗਈ ਤੇ ਉਨ੍ਹਾਂ ਅੰਦਰ ਵੀ ਸੱਚ ਲਈ ਡਟਣ ਦੀ ਸ਼ਕਤੀ ਪੈਦਾ ਹੋ ਗਈ। ਇਸੇ ਲਈ ਸਿੱਖ ਧਰਮ ਵਿਚ ਸ਼ਹੀਦੀ ਦਾ ਮੁੱਢ ਵੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਬੱਝ ਗਿਆ। ਅਸੀਂ ਆਮ ਕਰਕੇ ਸਿੱਖ ਸ਼ਹੀਦਾਂ ਦੀ ਲੜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਕਰਦੇ ਹਾਂ। ਕਿਉਂਕਿ ਅਸਾਂ ਆਪਣੇ ਇਤਿਹਾਸ ਦੀ ਸੰਭਾਲ ਵਲੋਂ ਅਣਗਹਿਲੀ ਵਰਤੀ ਹੈ, ਇਸ ਲਈ ਬਹੁਤ ਸਾਰੇ ਸ਼ਹੀਦਾਂ ਦਾ ਹਾਲ ਹੁਣ ਲਭਣਾ ਔਖਾ ਹੋ ਗਿਆ ਹੈ। ਅਨੇਕਾਂ ਅਜਿਹੇ ਸ਼ਹੀਦ ਵੀ ਹਨ ਜਿਨ੍ਹਾਂ ਦਾ ਨਾਮ ਅਜੇ ਤਕ ਕਿਸੇ ਨੇ ਆਪਣੀ ਕਲਮ ਨਾਲ ਨਹੀਂ ਲਿਖਿਆ। ਕੁਝ ਸ਼ਹੀਦਾਂ ਨੂੰ ਤਾਂ ਕੌਮ ਭੁੱਲ ਗਈ ਹੈ ਤੇ ਕਈਆਂ ਦੀਆਂ ਜੀਵਨ ਕਹਾਣੀਆਂ ਲੋਕਾਂ ਦੀ ਦੰਦ ਕਥਾ ਤਕ ਹਨ। ਪਿਛੇ ਜਹੇ ਮੈਂ ਇੱਕ ਬਜ਼ੁਰਗ ਨਾਲ ਸਿੱਖ ਸ਼ਹੀਦਾਂ ਦੀ ਗੱਲ ਟੋਰੀ ਤਾਂ ਉਸ ਕਿਹਾ ਕਿ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਦਰਜਨ ਤੋਂ ਉਪਰ ਸ਼ਹੀਦ ਹੋ ਚੁਕੇ ਸਨ। ਜਦ ਮੈਂ ਨਾਮ ਪੁਛੇ ਤਾਂ ਇਕ ਦੋ ਤੋਂ ਵੱਧ ਨਾ ਦੱਸ ਸਕਿਆ। ਉਸ ਕਿਹਾ ਕਿ ਮੈਂ ਆਪਣੇ ਪਿੰਡ ਦੇ ਇਕ ਬਜ਼ੁਰਗ ਵਿਦਵਾਨ ਤੋਂ ਨਾਮ ਸੁਣੇ ਸਨ, ਪਰ ਯਾਦ ਨਹੀਂ। ਮੈਂ ਫਿਰ ਕਿਹਾ, 'ਤੁਸੀ ਨਾਂ ਲਿਖ ਲੈਣੇ ਸਨ।' ਉਸਨੇ ਮੁਸਕਰਾ ਕੇ ਕਿਹਾ, 'ਮੈਨੂੰ ਕੀ ਪਤਾ ਸੀ ਕੀ ਤੂੰ ਪੁੱਛਣ ਆ ਜਾਏਂਗਾ। ਮੈਂ ਸਮਝਿਆ ਕਿ ਸਾਰਿਆਂ

ਨੂੰ ਪਤਾ ਹੀ ਹੋਵੇਗਾ।' ਇਸ ਤਰ੍ਹਾਂ ਇਕ ਵਾਰ ਪ੍ਰਿੰਸੀਪਲ ਸਤਿਬੀਰ ਸਿੰਘ ਨਾਲ ਗੱਲ-ਬਾਤ ਹੋਈ ਤਾਂ ਉਨ੍ਹਾਂ ਕਿਹਾ ਕਿ 25 ਤੋਂ ਉਪਰ ਸਿੱਖ ਸ਼ਹੀਦ ਪਹਿਲਾਂ ਦੇ ਹਨ। ਜਦ ਅਸੀਂ ਸਿੱਖ ਇਤਿਹਾਸ ਦੀਆਂ ਮਾਰਕੀਟ ਵਿਚ ਵਿਕਦੀਆਂ ਕਿਤਾਬਾਂ ਵੇਖਦੇ ਹਾਂ ਤਾਂ ਇਹ ਸੂਚੀ ਲੱਭਣੀ ਜਾਂ ਤਿਆਰ ਕਰਨੀ ਮੁਸ਼ਕਲ ਹੋ ਜਾਂਦੀ ਹੈ।

ਸਵਰਗੀ ਪ੍ਰਿੰਸੀਪਲ ਗੰਗਾ ਸਿੰਘ ਜੀ, ਸਾਬਕਾ ਪ੍ਰਿੰਸੀਪਲ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ 'ਅੰਮ੍ਰਿਤ' ਰਸਾਲਾ ਕਢਦੇ ਰਹੇ ਹਨ। ਉਸ ਰਸਾਲੇ ਦੇ ਜੂਨ 1932 ਦੇ ਪਰਚੇ ਵਿਚ ਆਪ ਸਫ਼ਾ 23 ਤੇ ਲਿਖਦੇ ਹਨ—"ਭਾਈ ਤਾਰਾ ਜੀ ਗੁਰੂ ਨਾਨਕ ਸਾਹਿਬ ਦੇ ਸਿੱਖ ਸਨ ਜਿਨ੍ਹਾਂ ਨੇ ਆਪਣੀ ਸ਼ਹਾਦਤ ਨਾਲ ਬਾਬਰਵਾਣੀ ਦੇ ਵਿਰੁਧ ਲੋਕਾਂ ਵਿਚ ਜੀਵਨ ਸੰਚਾਰਿਆ ਤੇ ਸਦੀਆਂ ਬਾਦ ਭਾਰਤ ਵਰਸ਼ ਨੇ ਉਹ ਰੂਹ ਵੀ ਤੱਕੀ ਜੋ ਜ਼ੁਲਮ ਤੇ ਅਨਿਆਏ ਦੇ ਹੜ੍ਹ ਦੇ ਬਰਖ਼ਿਲਾਫ਼ ਪਹਾੜ ਦੀ ਨਿੱਕੀ ਜਿਹੀ ਚੱਟਾਨ ਵਾਂਗ ਡਟ ਗਈ ਸੀ। ਇਸ ਮਗਰੋਂ ਸੱਚੀ ਸ਼ਹਾਦਤ ਦਾ ਦਫ਼ਤਰ ਖੁਲ੍ਹ ਗਿਆ ਤੇ ਇਤਨੀ ਭਰਤੀ ਹੋਈ ਜੁ ਗਿਣਤੀ ਕਰਨੀ ਕਠਿਨ ਹੈ।" ਇਉਂ ਪ੍ਰਿੰਸੀਪਲ ਗੰਗਾ ਸਿੰਘ ਜੀ ਦੇ ਵਿਚਾਰ ਤੇ ਖੋਜ ਅਨੁਸਾਰ ਭਾਈ ਤਾਰਾ ਜੀ ਪਹਿਲੇ ਸਿੱਖ ਸ਼ਹੀਦ ਹਨ ਜੋ ਗੁਰੂ ਨਾਨਕ ਦੇਵ ਜੀ ਦੇ ਸਮੇਂ ਅਥਵਾ ਬਾਬਰ ਦੇ ਹਮਲੇ ਸਮੇਂ ਸ਼ਹੀਦ ਕੀਤੇ ਗਏ। ਭਾਈ ਤਾਰਾ ਜੀ ਦੀ ਸਾਖੀ ਕਈ ਥਾਂਵਾਂ ਤੇ ਲਿਖੀ ਮਿਲੀ ਹੈ। ਆਪ ਉਸ ਸਮੇਂ ਦੀ ਪ੍ਰਸਿਧ ਸ਼ਖ਼ਸੀਅਤ ਸਨ ਅਤੇ ਆਪਣੇ ਕੰਮਾਂ ਕਰਕੇ ਚੰਗਾ ਨਾਮਣਾ ਪ੍ਰਾਪਤ ਕਰ ਚੁਕੇ ਸਨ। ਭਾਈ ਗੁਰਦਾਸ ਜੀ ਵੀ ਆਪਣੀ ਇਕ ਵਾਰ ਵਿਚ ਉਨ੍ਹਾਂ ਦਾ ਜ਼ਿਕਰ ਕਰਦੇ ਹਨ। ਭਾਈ ਵੀਰ ਸਿੰਘ ਜੀ ਨੇ 'ਗੁਰੂ ਨਾਨਕ ਚਮਤਕਾਰ' ਵਿਚ ਭਾਈ ਤਾਰਾ ਜੀ ਦੀ ਸਾਖੀ ਨੂੰ ਕਵਿਤਾ ਦੇ ਰੂਪ ਵਿਚ ਬਿਆਨ ਕੀਤਾ ਹੈ। 'ਸੂਰਜ ਪ੍ਰਕਾਸ਼' ਵਿਚ ਵੀ ਭਾਈ ਤਾਰਾ ਜੀ ਦਾ ਜ਼ਿਕਰ ਹੈ। ਹੋਰ ਕਈ ਪੁਸਤਕਾਂ ਵਿਚ ਉਨ੍ਹਾਂ ਦੇ ਪਰਉਪਕਾਰਾਂ ਦੀ ਘਟਨਾ ਲਿਖੀ ਹੋਈ ਹੈ, ਪਰ ਆਪ ਦੀ ਸ਼ਹਾਦਤ ਦਾ ਜ਼ਿਕਰ ਬਹੁਤ ਘੱਟ ਹੈ। ਬਹੁਤਿਆਂ ਨੇ ਉਨ੍ਹਾਂ ਦੇ ਅੱਗ ਬੁਝਾਣ ਤੇ ਬਾਬਰ ਦੇ ਪੇਸ਼ ਹੋਣ ਤੋਂ ਪਿਛੋਂ ਸਾਖੀ ਖ਼ਤਮ ਕਰ ਦਿੱਤੀ ਹੈ। ਪਰ ਅਸਲ ਵਿਚ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ, ਉਨ੍ਹਾਂ ਦੀ ਸ਼ਹਾਦਤ ਕਿਸ ਤਰ੍ਹਾਂ ਹੋਈ ਇਸ ਬਾਰੇ ਵੀ ਦੋ ਰਾਵਾਂ ਹਨ।

ਭਾਈ ਤਾਰਾ ਜੀ ਨੇ ਲਾਹੌਰ ਦੇ ਨੇੜੇ ਇਕ ਪਿੰਡ ਦੇ ਇਕ ਵਪਾਰੀ ਦੇ ਘਰ ਜਨਮ ਲਿਆ। ਪਿਤਾ ਦਾ ਸਾਧਾਰਨ ਕੰਮ ਸੀ ਤੇ ਮੁਸ਼ਕਲ ਨਾਲ ਘਰ ਦਾ ਗੁਜ਼ਾਰਾ ਚਲ ਰਿਹਾ ਸੀ। ਦਸ ਸਾਲਾਂ ਦੀ ਉਮਰ ਵਿਚ ਭਾਈ ਤਾਰਾ ਜੀ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ। ਗੁਰੂ ਸਾਹਿਬ ਇਸ ਬਾਲਕ ਦੀ ਰੁਚੀ ਧਾਰਮਕ ਤੇ ਚੰਗੇ ਪਾਸੇ ਦੇਖ ਕੇ ਬੜੇ ਖ਼ੁਸ਼ ਹੋਏ ਤੇ ਸਿਖਿਆ ਦਿੱਤੀ, 'ਸੱਚ ਦਾ ਵਪਾਰ ਕੀਤਾ ਕਰਨਾ'।

'ਬਹੁਤ ਅੱਛਾ', ਹੱਥ ਜੋੜ ਕੇ ਬਾਲਕ ਨੇ ਉੱਤਰ ਦਿੱਤਾ।

'ਪ੍ਰਮੇਸ਼ਰ ਦੇ ਜੀਵਾਂ ਤੇ ਉਪਕਾਰ ਕਰਨਾ', ਗੁਰੂ ਸਾਹਿਬ ਨੇ ਹੋਰ ਸਿਖਿਆ ਦਿੱਤੀ। ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰ ਕੇ ਤੇ ਸਿਖਿਆ ਪ੍ਰਾਪਤ ਕਰ ਕੇ ਭਾਈ ਤਾਰਾ ਜੀ ਦੇ ਜੀਵਨ ਵਿਚ ਬੜਾ ਪਲਟਾ ਆ ਗਿਆ। ਪਿੰਡ ਵਿਚ ਆਪ

ਹਰ ਦੁਖੀ ਤੇ ਦਰਦਮੰਦ ਦੀ ਸਹਾਇਤਾ ਲਈ ਪਹੁੰਚਣ ਲਗ ਪਏ। ਜ਼ਰਾ ਕੁ ਹੋਰ ਵੱਡੇ ਹੋਏ ਤਾਂ ਆਪ ਦਾ ਪਿਤਾ ਚਲਾਣਾ ਕਰ ਗਿਆ ਤੇ ਪਿਛੇ ਇਕ ਬੁੱਢੀ ਮਾਂ ਤੇ ਵਿਧਵਾ ਭੈਣ ਰਹਿ ਗਈ ਜਿਨ੍ਹਾਂ ਦੇ ਜੀਵਨ ਦਾ ਸਹਾਰਾ ਭਾਈ ਤਾਰਾ ਹੀ ਸੀ। ਹੋਰ ਕੋਈ ਭਰਾ ਨਹੀਂ ਸੀ, ਇਸ ਲਈ ਘਰ ਦੇ ਨਿਰਬਾਹ ਲਈ ਭਾਈ ਤਾਰਾ ਜੀ ਨੂੰ ਸਖ਼ਤ ਘਾਲਣਾ ਘਾਲਣੀ ਪਈ। ਆਪ ਨੇ ਸੇਵਾ ਤੇ ਪਰ-ਉਪਕਾਰ ਦੀ ਪ੍ਰਾਪਤ ਕੀਤੀ ਸਿਖਿਆ ਨੂੰ ਕੇਵਲ ਯਾਦ ਹੀ ਨਹੀਂ ਰਖਿਆ ਸਗੋਂ ਅਮਲੀ ਰੂਪ ਵਿਚ ਉਸ ਨੂੰ ਜਾਰੀ ਰੱਖਿਆ। ਜਦ ਵੀ ਵੇਹਲਾ ਵਕਤ ਮਿਲਦਾ ਆਪ ਰਾਹ ਜਾਂਦਿਆਂ ਲੋਕਾਂ ਨੂੰ ਪਾਣੀ ਪਿਆਂਦੇ, ਖੂਹ ਤੇ ਬੈਠ ਜਾਂਦੇ ਤੇ ਪਾਣੀ ਦੀਆਂ ਬਾਲਟੀਆਂ ਖਿਚ ਖਿਚ ਕੇ ਸੇਵਾ ਕਰ ਕੇ ਅਨੰਦ ਮਾਣਦੇ।

1524 ਈਸਵੀ ਦੀ ਗੱਲ ਹੈ ਕਿ ਭਾਰਤ ਵਿਚ ਮੁਗ਼ਲ ਰਾਜ ਦਾ ਮੋਢੀ, ਬਾਬਰ ਚੌਥੀ ਵਾਰ ਚੜ੍ਹਾਈ ਕਰ ਕੇ ਆ ਗਿਆ। ਪਹਿਲਾਂ ਉਹਨੇ ਬਾਰਕਜ਼ਈਆਂ ਨੂੰ ਸਖ਼ਤ ਹਾਰ ਦਿੱਤੀ ਤੇ ਪਿਸ਼ਾਵਰ ਤੇ ਕਬਜ਼ਾ ਕਰ ਲਿਆ। ਫਿਰ ਉਹ ਮਾਰੋ-ਮਾਰ ਕਰਦਾ ਲਾਹੌਰ ਆ ਗਿਆ। ਅਗੇ ਲੋਧੀ ਖ਼ਾਨਦਾਨ ਕੇ ਕੁਝ ਸਰਦਾਰਾਂ ਤੇ ਆਮ ਲੋਕਾਂ ਨੇ ਉਹਦਾ ਰਾਹ ਰੋਕਿਆ। ਉਸ ਨੂੰ ਬਹੁਤ ਗੁੱਸਾ ਚੜ੍ਹ ਗਿਆ ਕਿ ਇਨ੍ਹਾਂ ਮੇਰੀ ਤਾਕਤ ਨੂੰ ਚੈਲਿੰਜ ਕਿਉਂ ਕੀਤਾ। ਜਦ ਥੋੜ੍ਹੀਆਂ ਜਿਹੀਆਂ ਝੜਪਾਂ ਤੋਂ ਪਿਛੋਂ ਉਹ ਹਾਰ ਗਏ ਤਾਂ ਬਾਬਰ ਦੀਆਂ ਫ਼ੌਜਾਂ ਜੇਤੂਆਂ ਦੇ ਰੂਪ ਵਿਚ ਸ਼ਹਿਰ ਵਿਚ ਦਾਖ਼ਲ ਹੋਈਆਂ ਤੇ ਬਦਲਾ ਲੈਣ ਦੇ ਜਜ਼ਬੇ ਨਾਲ ਬਾਬਰ ਨੇ ਹੁਕਮ ਦਿੱਤਾ ਕਿ ਸ਼ਹਿਰ ਨੂੰ ਅੱਗ ਲਾ ਦਿੱਤੀ ਜਾਏ। ਜਿਨ੍ਹਾਂ ਲੋਕਾਂ ਨੇ ਮੁਕਾਬਲਾ ਕੀਤਾ ਹੈ ਉਨ੍ਹਾਂ ਦੇ ਘਰ-ਘਾਟ ਸਾੜ ਦਿਤੇ ਜਾਣ। ਨਾਲ ਹੀ ਇਹ ਹੁਕਮ ਦਿਤਾ ਕਿ ਕੋਈ ਆਦਮੀ ਇਸ ਅੱਗ ਨੂੰ ਬੁਝਾਣ ਦਾ ਯਤਨ ਨਾ ਕਰੇ।

ਭਾਈ ਤਾਰੇ ਦਾ ਪਿੰਡ ਸ਼ਹਿਰ ਦੇ ਬਹੁਤ ਹੀ ਨੇੜੇ ਸੀ। ਉਨ੍ਹਾਂ ਨੂੰ ਸ਼ਹਿਰ ਦੇ ਸੜਨ ਦੀ ਜਦ ਖ਼ਬਰ ਪਹੁੰਚੀ ਤਾਂ ਇਕ ਮਸ਼ਕ ਲੈ ਕੇ ਪਿੰਡ ਤੋਂ ਤੁਰ ਪਏ। ਬੁੱਢੀ ਮਾਂ ਤੇ ਵਿਧਵਾ ਭੈਣ ਨੇ ਬੜੇ ਤਰਲੇ ਕੀਤੇ ਕਿ ਉਹ ਬਾਬਰ ਦੇ ਹੁਕਮ ਦੀ ਵਿਰੋਧਤਾ ਕਰਨ ਲਈ ਨਾ ਜਾਣ, ਪਰ ਉਹਨੇ ਕਿਸੇ ਦੀ ਗੱਲ ਨਾ ਸੁਣੀ। ਇਕ ਕਵੀ, ਭੈਣ ਨਾਲ ਉਹਦੇ ਸੁਆਲ ਜਵਾਬ ਨੂੰ ਇਉਂ ਕਾਨੀ-ਬੰਦ ਕਰਦਾ ਹੈ:

ਜਦੋਂ ਜਾਣ ਲਗਾ ਉਹਦੀ ਭੈਣ ਵਰਜੇ, ਆਖੇ ਜਾਹ ਨਾ ਅੰਬੜੀ ਜਾਇਆ ਵੇ।
ਵੀਰਾ ਛਾਲ ਨਾ ਮਾਰ ਵੇ ਭੱਠ ਬਲਦੇ, ਅਸਾਂ ਵਾਸਤਾ ਰੱਬ ਦਾ ਪਾਇਆ ਵੇ।
ਬਾਬਰਵਾਣੀ ਆ ਫਿਰੀ ਲਾਹੌਰ ਉੱਤੇ, ਉਸ ਦਾ ਕਹਿਰ ਨਾ ਜਾਏ ਹਟਾਇਆ ਵੇ।
ਜਵਾਲਾਮੁਖੀ ਦਾ ਛਟਿਆ ਮਾਰਿਆ ਵੇ, ਸੋਮਾ ਅੱਗ ਦਾ ਕਿਨ੍ਹੇ ਬੁਝਾਇਆ ਵੇ?

ਭਾਈ ਤਾਰੇ ਨੇ ਇਸ ਗੱਲ ਦਾ ਉੱਤਰ ਦਿੱਤਾ:

ਤਾਰਾ ਆਖਦਾ ਭੈਣ ਜੀ ਜਾਣ ਦੇਵੋ, ਵੇਲਾ ਸੇਵਾ ਤੇ ਟਹਿਲ ਦਾ ਜਾਂਵਦਾ ਏ।
ਮਰਣਾ ਦੇਹ ਨੇ ਅੰਤ ਨੂੰ ਭੈਣ ਮੇਰੀ, ਸਫਲ ਹੋਣ ਦਾ ਸਮਾਂ ਵਿਹਾਂਵਦਾ ਏ।
ਇਕ ਦੋਂਹ ਜਾਂ ਚੌਂਹ ਦੀ ਰਖਿਆ ਜੇ, ਕਰ ਸਕਾਂ ਤਾਂ ਅਨੰਦ ਆਂਵਦਾ ਏ।
ਨਾਨਕ ਗੁਰੂ ਦਾ ਸਿਖ ਅਖਵਾ ਭੈਣੇ, ਦੁਖੀ ਦੇਖ ਕੇ ਰਿਹਾ ਨਾ ਜਾਂਵਦਾ ਏ।

ਭੈਣ ਦੀ ਇਸ ਗੱਲ ਨਾਲ ਵੀ ਤਸੱਲੀ ਨਾ ਹੋਈ ਤੇ ਉਸ ਫਿਰ ਤਰਲੇ ਨਾਲ ਕਿਹਾ :

ਭੈਣ ਆਖਦੀ ਮਾਂ ਪਿਓ ਜਾਇਆ ਵੇ, ਤੇਰੇ ਬਿਨਾਂ ਸੰਸਾਰ ਅੰਧੇਰ ਵੀਰਾ ।
ਮਾਂ ਰੋਂਦੜੀ ਭੈਣ ਕੁਰਲਾਂਦੜੀ ਨੂੰ, ਛੱਡ ਜਾਹ ਨਾ ਸਾਧ ਦਲੇਰ ਵੀਰਾ ।
ਸਭ ਕੁਝ ਹੈ ਲੱਭਦਾ ਜੱਗ ਉੱਤੇ, ਮਾਂ ਜਾਇਆ ਨਾ ਮਿਲੇ ਇਕ ਵੇਰ ਵੀਰਾ ।
ਆਸ ਤੋੜ ਨਾ ਭੈਣ ਤੇ ਮਾਂ ਸੰਦੀ, ਪਾਸਾ ਦਿਨਾਂ ਦਾ ਉਲਟ ਨਾ ਫੇਰ ਵੀਰਾ ।

ਭਾਈ ਤਾਰਾ ਨੂੰ ਜੀਵਾਂ ਨੂੰ ਸੜਦੀ ਅੱਗ ਤੋਂ ਬਚਾਉਣ ਲਈ ਲਗਨ ਲਗੀ ਹੋਈ ਸੀ, ਇਸ ਲਈ ਕਿਸੇ ਵੀ ਖ਼ਤਰੇ ਦੀ ਪਰਵਾਹ ਨਾ ਕਰਦਿਆਂ ਉਹ ਲਾਹੌਰ ਆ ਗਿਆ। ਏਥੇ ਆ ਕੇ ਦੇਖਿਆ ਕਿ ਮਕਾਨ ਸੜ ਰਹੇ ਹਨ। ਅੱਗ ਦੀਆਂ ਲਾਟਾਂ ਅਸਮਾਨ ਨਾਲ ਗੱਲਾਂ ਕਰ ਰਹੀਆਂ ਹਨ। ਤਾੜ ਤਾੜ ਕਰ ਕੇ ਛੱਤ ਡਿੱਗ ਰਹੇ ਹਨ। ਲੋਕ ਘਬਰਾਹਟ ਵਿਚ ਇਧਰ ਉਧਰ ਨੱਸ ਰਹੇ ਹਨ ਤੇ ਕੋਈ ਵੀ ਅੱਗ ਬੁਝਾਣ ਦਾ ਯਤਨ ਨਹੀਂ ਕਰਦਾ ਪਿਆ। ਇਕ ਥਾਂ ਜੁੜੇ ਆਦਮੀਆਂ ਨੂੰ ਦੇਖ ਕੇ ਭਾਈ ਤਾਰੇ ਨੇ ਕਿਹਾ, "ਯਾਰੋ ਕੀ ਦੇਖਦੇ ਹੋ, ਖ਼ਲਕਤ ਦਾ ਨੁਕਸਾਨ ਹੋ ਰਿਹਾ ਏ, ਆਓ ਅੱਗ ਬੁਝਾਈਏ।"

"ਨਾ ਬਈ, ਅਸੀਂ ਤੇ ਅੱਗ ਨਹੀਂ ਬੁਝਾਂਦੇ। ਬਾਬਰ ਸ਼ਾਹ ਦਾ ਹੁਕਮ ਏ ਕਿ ਕੋਈ ਨਾ ਬੁਝਾਏ। ਉਹ ਮਾਰ ਦਏਗਾ।" ਇਕ ਆਦਮੀ ਨੇ ਆਪਣੇ ਕੰਨਾਂ ਨੂੰ ਹੱਥ ਲਾ ਕੇ ਤੋਬਾ ਕਰਦਿਆਂ ਕਿਹਾ—"ਅੱਗੋਂ ਉਹਦਾ ਰਾਹ ਰੋਕ ਕੇ ਇਹ ਮੁਸੀਬਤ ਗਲ ਪਾ ਲਈ ਏ।"

"ਬੁਝਾਓ, ਛੇਤੀ ਬੁਝਾਓ।" ਕਹਿੰਦਿਆਂ ਭਾਈ ਤਾਰੇ ਨੇ ਪਾਣੀ ਦੀ ਭਰੀ ਹੋਈ ਮਸ਼ਕ ਦਾ ਮੂੰਹ ਅੱਗ ਵਲ ਕਰ ਕੇ ਪਾਣੀ ਛਡ ਦਿੱਤਾ। ਜਦ ਹੋਰ ਕੋਈ ਵੀ ਅੱਗੇ ਨਾ ਆਇਆ ਤਾਂ ਭਾਈ ਤਾਰੇ ਨੇ ਕਿਹਾ, "ਮੈਂ ਜੁ ਕਹਿੰਦਾ ਹਾਂ ਬੁਝਾਓ। ਮੈਂ ਉਸ ਦਾ ਹੁਕਮ ਤੁਹਾਨੂੰ ਦਿੰਦਾ ਹਾਂ ਜੋ ਬਾਬਰ ਤੋਂ ਵੀ ਵੱਡਾ ਏ।"

"ਉਹ ਕੌਣ ਏ ?" ਇਕ ਆਦਮੀ ਨੇ ਹੈਰਾਨੀ ਨਾਲ ਪੁਛਿਆ।

"ਉਹ ਭਗਵਾਨ, ਪ੍ਰਭੂ ਤੇ ਖ਼ੁਦਾ ਏ।" ਭਾਈ ਤਾਰਾ ਜੀ ਨੇ ਦਸਿਆ।

"ਅਸੀਂ ਪ੍ਰਭੂ ਦੇ ਆਸਰੇ ਬਾਬਰ ਦੇ ਹੁਕਮ ਦੀ ਉਲੰਘਣਾ ਨਹੀਂ ਕਰ ਸਕਦੇ।" ਕਈ ਆਦਮੀ ਇਕੱਠੇ ਹੀ ਬੋਲ ਪਏ। ਜਦ ਕੋਈ ਵੀ ਹੋਰ ਨਾ ਨਿਤਰਿਆ ਤਾਂ ਭਾਈ ਤਾਰਾ ਇਕੱਲਾ ਹੀ ਅੱਗ ਬੁਝਾਣ ਵਿਚ ਜੁਟਿਆ ਰਿਹਾ। ਬਾਬਰ ਦੀ ਫ਼ੌਜ ਦੇ ਇਕ ਅਫ਼ਸਰ ਨੇ ਵੇਖਿਆ ਤੇ ਉਸਨੂੰ ਗੁੱਸਾ ਚੜ੍ਹ ਗਿਆ। ਉਸਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਤੇ ਭਾਈ ਤਾਰਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਦ ਬਾਬਰ ਦੇ ਸਾਹਮਣੇ ਲਿਆ ਕੇ ਪੇਸ਼ ਕੀਤਾ ਗਿਆ ਤਾਂ ਬਾਬਰ ਨੇ ਸਿਰ ਤੋਂ ਪੈਰਾਂ ਤਕ ਉਸ ਵਲ ਵੇਖਿਆ। ਬਾਬਰ ਹੈਰਾਨ ਸੀ ਕਿ ਸਾਰੇ ਸ਼ਹਿਰ ਵਿਚੋਂ ਕਿਸੇ ਨੂੰ ਹਿੰਮਤ ਨਹੀਂ ਹੋਈ ਕਿ ਹੁਕਮ ਦੀ ਉਲੰਘਣਾ ਕਰੇ ਪਰ ਇਹ ਗਰੀਬੜਾ ਜਿਹਾ ਆਦਮੀ ਕੌਣ ਏ ? ਉਸ ਨੂੰ ਪੁਛਿਆ, "ਤੂੰ ਕੌਣ ਏਂ ?"

"ਰੱਬ ਦਾ ਬੰਦਾ", ਬੜੇ ਨਿਝੱਕ ਹੋ ਕੇ ਭਾਈ ਤਾਰਾ ਨੇ ਉੱਤਰ ਦਿੱਤਾ। ਉਹ ਆਪਣੇ ਆਪ ਨੂੰ ਕੈਦੀ ਬਿਲਕੁਲ ਮਹਿਸੂਸ ਨਹੀਂ ਸੀ ਕਰ ਰਿਹਾ। ਨਾ ਹੀ ਉਸ ਨੂੰ ਕਿਸੇ ਤਰ੍ਹਾਂ ਦੀ ਸਜ਼ਾ ਦਾ ਡਰ ਸੀ।

"ਤੈਨੂੰ ਇਥੇ ਕਿਸ ਨੇ ਭੇਜਿਆ ਏ ?" ਬਾਬਰ ਨੇ ਦੂਜਾ ਸਵਾਲ ਕੀਤਾ।

"ਜਿਸ ਤੈਨੂੰ ਭੇਜਿਆ ਏ।"

ਭਾਈ ਤਾਰਾ ਦੀ ਦਲੇਰੀ, ਦ੍ਰਿੜ੍ਹਤਾ ਤੇ ਨਿਧੱੜਕਤਾ ਦੇਖ ਕੇ ਬਾਬਰ ਹੈਰਾਨ ਹੋ ਗਿਆ। ਬਹੁਤ ਸਾਰੀਆਂ ਥਾਂਵਾਂ ਤੇ ਇਥੋਂ ਤਕ ਹੀ ਜ਼ਿਕਰ ਹੈ ਤੇ ਇਹ ਕਹਿ ਕੇ ਸਾਖੀ ਖ਼ਤਮ ਕਰ ਦਿੱਤੀ ਹੈ ਕਿ ਜਦ ਭਾਈ ਤਾਰਾ ਨੇ ਦਸਿਆ ਕਿ ਉਹ ਗੁਰੂ ਨਾਨਕ ਦੇਵ ਜੀ ਦਾ ਸੇਵਕ ਹੈ ਤਾਂ ਬਾਬਰ ਨੇ ਉਸ ਨੂੰ ਛੱਡ ਦਿੱਤਾ, ਪਰ ਨਵੀਂ ਖੋਜ ਦਸਦੀ ਹੈ ਕਿ ਭਾਈ ਤਾਰਾ ਜੀ ਨੂੰ ਵਾਰਨਿੰਗ ਦੇ ਕੇ ਛੱਡ ਦਿੱਤਾ ਕਿ ਉਹ ਅੱਗੋਂ ਸ਼ਾਹੀ ਹੁਕਮ ਦੀ ਉਲੰਘਣਾ ਨਾ ਕੀਤਾ ਕਰੇ, ਪਰ ਉਨ੍ਹਾਂ ਫਿਰ ਸ਼ਹਿਰ ਜਾ ਕੇ ਓਹੀ ਕੰਮ ਸ਼ੁਰੂ ਕਰ ਦਿੱਤਾ। ਕਿਸੇ ਨੂੰ ਸੜਦੀ ਅੱਗ ਵਿਚੋਂ ਕਢਿਆ, ਕਿਸੇ ਨੂੰ ਜਲ ਪਿਆਇਆ ਤੇ ਕਿਸੇ ਦੀ ਸੁਲਕਦੀ ਜਾਨ ਨੂੰ ਧੀਰਜ ਦਿੱਤਾ। ਬਾਬਰ ਦੇ ਫ਼ੌਜੀਆਂ ਨੂੰ ਗੁੱਸਾ ਚੜ੍ਹਿਆ ਤੇ ਉਨ੍ਹਾਂ ਆ ਕੇ ਫਿਰ ਰੋਕਿਆ। ਜਦ ਨਾ ਰੁਕੇ ਤਾਂ ਚੁਕ ਕੇ ਅੱਗ ਵਿਚ ਸੁੱਟ ਕੇ ਸ਼ਹੀਦ ਕਰ ਦਿੱਤਾ। ਕਈਆਂ ਦਾ ਕਥਨ ਹੈ ਕਿ ਆਪ ਨੂੰ ਘੋੜਿਆਂ ਹੇਠ ਰੌਂਦ ਕੇ ਸ਼ਹੀਦ ਕੀਤਾ ਗਿਆ, ਪਰ ਇਹ ਗੱਲ ਗ਼ਲਤ ਹੈ। ਆਪ ਨੂੰ ਅੱਗ ਵਿਚ ਸੁੱਟ ਕੇ ਸ਼ਹੀਦ ਕੀਤਾ ਗਿਆ ਸੀ।

ਇੱਕ ਹੋਰ ਗੱਲ ਅਜੇ ਨਿਰਣਾ-ਜਨਕ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਜਿਥੇ ਆਪ ਦਾ ਜ਼ਿਕਰ ਹੈ, ਉਥੇ ਨਾਲ ਸ਼ਬਦ ਪੋਪਟ ਵੀ ਲਿਖਿਆ ਹੋਇਆ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਛਪੀਆਂ 'ਵਾਰਾਂ ਭਾਈ ਗੁਰਦਾਸ ਜੀ' ਵਿਚ ਫੁਟ-ਨੋਟ ਦਿੱਤਾ ਹੋਇਆ ਹੈ ਕਿ ਪੋਪਟ ਜ਼ਾਤੀ ਦਾ ਨਾਮ ਹੈ। ਭਾਵ ਇਹ ਹੈ ਕਿ ਭਾਈ ਤਾਰਾ ਪੋਪਟ ਜ਼ਾਤੀ ਵਿਚੋਂ ਸੀ ਪਰ ਪ੍ਰਿੰਸੀਪਲ ਸਤਿਬੀਰ ਸਿੰਘ ਦਾ ਵਿਚਾਰ ਹੈ ਕਿ ਪੋਪਟ ਤੇ ਭਾਈ ਤਾਰਾ ਦੋ ਵਖਰੇ ਵਿਅਕਤੀ ਹੋਏ ਹਨ। ਇਹ ਠੀਕ ਹੈ ਕਿ ਦੋਵੇਂ ਇਕੋ ਸਮੇਂ ਦੇ ਸ਼ਹੀਦ ਹਨ। ਉਹ ਦਸਦੇ ਹਨ ਕਿ ਭਾਈ ਪੋਪਟ ਵੀ ਬਾਬਰ ਦੇ ਹਮਲੇ ਸਮੇਂ ਲਾਹੌਰ ਵਿਚ ਰਿਹਾ ਕਰਦੇ ਸਨ। ਜਦ ਸ਼ਹਿਰ ਨੂੰ ਅੱਗ ਲੱਗੀ ਤਾਂ ਸ਼ਹਿਰ ਦੇ ਲੋਕੀਂ ਉਜੜ ਕੇ ਬਾਹਰ ਕੈਂਪਾਂ ਵਿਚ ਚਲੇ ਗਏ। ਭਾਈ ਪੋਪਟ, ਜੋ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਤੇ ਸੇਵਕ ਸਨ, ਲੋਕਾਂ ਨੂੰ ਜਾ ਕੇ ਲੰਗਰ ਛਕਾਇਆ ਕਰਦੇ ਸਨ। ਆਪ ਨੂੰ ਲੋਕਾਂ ਦੀ ਮਦਦ ਕਰਨ ਦੇ ਜੁਰਮ ਵਿਚ ਘੋੜਿਆਂ ਹੇਠ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਤਰ੍ਹਾਂ ਬਾਬਰ ਦੇ ਹਮਲੇ ਸਮੇਂ ਇਹ ਦੋ ਮਹਾਨ ਆਤਮਾਵਾਂ ਪਰਉਪਕਾਰ ਕਰਦੀਆਂ ਇਨਸਾਨੀਅਤ ਦੀ ਭਲਾਈ ਖ਼ਾਤਰ ਆਪਾ ਵਾਰ ਗਈਆਂ। ਇਸੇ ਤਰ੍ਹਾਂ ਹੋਰ ਵੀ ਕਈ ਮਹਾਨ ਪੁਰਸ਼ਾਂ ਨੇ ਆਪਣੇ ਜੀਵਨ ਦੀ ਆਹੂਤੀ ਪਾ ਕੇ ਸਚਾਈ, ਇਨਸਾਫ਼ ਤੇ ਹੱਕ ਲਈ ਗਵਾਹੀ ਦਿੱਤੀ ਹੋਵੇਗੀ। ਜੇਕਰ ਇਸ ਖੇਤਰ ਵਿਚ ਹੋਰ ਖੋਜ ਕੀਤੀ ਜਾਏ ਤਾਂ ਸ਼ਾਇਦ ਉਨ੍ਹਾਂ ਦੀ ਕੁਰਬਾਨੀ ਵੀ ਲੋਕਾਂ ਸਾਹਮਣੇ ਲਿਆਂਦੀ ਜਾ ਸਕੇ।

ਗੁਰੂ ਅਰਜਨ ਦੇਵ

ਸਿੱਖ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਹਨ ਜਿਨ੍ਹਾਂ ਨੇ 17ਵੀਂ ਸਦੀ ਦੇ ਸ਼ੁਰੂ ਵਿਚ ਜੇਠ ਮਹੀਨੇ ਦੀ ਕੜਕਦੀ ਗਰਮੀ ਵਿਚ ਉਬਲਦੀ ਦੇਗ ਵਿਚ ਬੈਠ, ਤੱਤੇ ਤਵੇ ਤੇ ਆਸਣ ਲਾ, ਲਾਲ ਭਖਦੀ ਰੇਤ ਕੋਮਲ ਸਰੀਰ ਤੇ ਪਵਾ ਕੇ ਸ਼ਹੀਦਾਂ ਦੇ ਇਤਿਹਾਸ ਵਿਚ ਇਕ ਅਜਿਹੇ ਕਾਂਡ ਦਾ ਵਾਧਾ ਕੀਤਾ, ਜਿਸ ਕਰਕੇ ਆਪ ਨੂੰ ਸ਼ਹੀਦਾਂ ਦਾ ਸਿਰਤਾਜ ਵੀ ਕਿਹਾ ਜਾਂਦਾ ਹੈ। ਲੜਾਈ ਕਰਦਿਆਂ ਤਲਵਾਰ ਜਾਂ ਗੋਲੀ ਖਾ ਕੇ ਮਰ ਜਾਣਾ ਸੌਖਾ ਹੈ। ਫ਼ਾਂਸੀ ਦਾ ਰੱਸਾ ਗਲ ਪੁਆ ਕੇ ਸ਼ਹੀਦੀ ਪ੍ਰਾਪਤ ਕਰਨੀ ਵੀ ਸੌਖੀ ਹੈ, ਪਰ ਸਰੀਰ ਉਤੇ ਕਈ ਤਰ੍ਹਾਂ ਦੇ ਕਸ਼ਟ ਲਗਾਤਾਰ ਸਹਿਣੇ ਬੜੇ ਔਖੇ ਹਨ। ਕਾਫ਼ੀ ਸਮਾਂ ਗਰਮ ਉਬਲਦੇ ਪਾਣੀ ਵਿਚ ਬੈਠਣਾ, ਲੋਹੇ ਦੇ ਤਵੇ ਤੇ ਬੈਠ ਕੇ ਹੌਲੀ ਹੌਲੀ ਸੜਨਾ ਤੇ ਅਤਿ ਦੀ ਗਰਮੀ ਵਿਚ ਗਰਮ ਰੇਤ ਸਰੀਰ ਉਤੇ ਪੁਆਣੀ ਇਤਨੀ ਵੱਡੀ ਕੁਰਬਾਨੀ ਹੈ ਜਿਸ ਦੀ ਮਿਸਾਲ ਦੁਨੀਆਂ ਦਾ ਇਤਿਹਾਸ ਹੋਰ ਕਿਧਰੇ ਪੈਦਾ ਨਹੀਂ ਕਰ ਸਕਿਆ। ਜਿਥੋਂ ਤਕ ਸਿੱਖ ਧਰਮ ਦਾ ਸੰਬੰਧ ਹੈ, ਇਸ ਸ਼ਹੀਦੀ ਨੇ ਇਨਕਲਾਬ ਲੈ ਆਂਦਾ ਤੇ ਇਸ ਪਿਛੋਂ ਸਿੱਖ ਧਰਮ ਦੇ ਰੂਪ ਵਿਚ ਚਲ ਰਹੀ ਲੋਕ ਲਹਿਰ ਨੇ ਇਕ ਅਜਿਹਾ ਰੂਪ ਧਾਰਨ ਕੀਤਾ ਕਿ ਇਹ ਸੰਤ ਸਿਪਾਹੀਆਂ ਦਾ ਜੱਥਾ ਬਣ ਗਿਆ। ਨਾਮ ਜਪਣ ਤੇ ਆਤਮਾ ਦੇ ਪ੍ਰਮਾਤਮਾ ਨਾਲ ਮੇਲ ਦੇ ਉਪਰਾਲੇ ਕਰਨ ਵਾਲਿਆਂ ਨੇ ਤਲਵਾਰ ਦੇ ਦਸਤੇ ਤੇ ਵੀ ਹੱਥ ਰੱਖ ਲਿਆ ਤੇ ਇਸ ਸ਼ਹੀਦੀ ਤੋਂ ਅਜਿਹੀ ਪ੍ਰੇਰਨਾ ਪ੍ਰਾਪਤ ਕੀਤੀ ਕਿ ਦੇਸ਼ ਦਾ ਇਤਿਹਾਸ ਪਲਟ ਕੇ ਰੱਖ ਦਿੱਤਾ ਗਿਆ।

ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਈਸਵੀ ਮੁਤਾਬਕ 19 ਵਿਸਾਖ ਸੰਮਤ 1620 ਨੂੰ ਗੋਇੰਦਵਾਲ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਚ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁਖੋਂ ਹੋਇਆ। ਉਦੋਂ ਗੁਰੂ ਅਮਰਦਾਸ ਜੀ ਜਗਤ ਕਲਿਆਣ ਲਈ ਉਪਰਾਲੇ ਕਰ ਰਹੇ ਸਨ। ਉਨ੍ਹਾਂ ਆਪਣੇ ਇਸ ਦੋਹਤਰੇ ਦੇ ਸੰਤ ਸਰੂਪ ਤੇ ਹੋਣਹਾਰ ਹੋਣ ਨੂੰ ਅਨੁਭਵ ਕਰ ਲਿਆ ਤੇ ਕਿਹਾ ਸੀ—"ਦੋਹਿਤਾ ਬਾਣੀ ਦਾ ਬੋਹਿਥਾ"। ਇਨ੍ਹਾਂ ਸ਼ਬਦਾਂ ਦਾ ਭਾਵ ਇਹ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਬਣ ਕੇ ਲੋਕਾਂ ਨੂੰ ਸੰਸਾਰ ਸਾਗਰ ਤੋਂ ਪਾਰ ਉਤਾਰਨ ਲਈ ਬਹੁਤ ਸਾਰੀ ਬਾਣੀ ਰਚਣਗੇ। ਇਹ ਭਵਿਖ-ਬਾਣੀ ਠੀਕ ਸਿੱਧ ਹੋ ਗਈ ਤੇ ਗੁਰੂ ਅਰਜਨ ਦੇਵ ਜੀ ਨੇ ਬਹੁਤ ਸਾਰੀ ਬਾਣੀ ਰਚੀ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਪ ਦੀ ਬਾਣੀ ਦੂਜੇ ਸਾਰੇ ਗੁਰੂ ਸਾਹਿਬਾਨ ਤੇ ਭਗਤਾਂ ਨਾਲੋਂ ਵਧੇਰੇ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਆਯੂ ਦੇ ਪਹਿਲੇ 11 ਸਾਲ ਗੋਇੰਦਵਾਲ ਵਿਚ ਹੀ ਗੁਜ਼ਾਰੇ। ਜਦ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ

ਦਿੱਤੀ ਤਾਂ ਉਸ ਪਿਛੋਂ ਸਾਰਾ ਪਰਿਵਾਰ ਗੁਰੂ ਕੇ ਚੱਕ ਚਲਾ ਗਿਆ । ਅੱਜ ਕੱਲ੍ਹ ਇਸੇ ਥਾਂ ਨੂੰ ਅੰਮ੍ਰਿਤਸਰ ਕਿਹਾ ਜਾਂਦਾ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਸੁਰਤ ਸੰਭਾਲਦਿਆਂ ਹੀ ਆਪਣੇ ਪਿਤਾ ਗੁਰੂ ਰਾਮਦਾਸ ਜੀ ਨੂੰ ਮੁਕਤੀ ਦਾਤਾ ਗੁਰੂ ਸਮਝ ਕੇ ਉਨ੍ਹਾਂ ਦੀ ਸੇਵਾ ਕਰਦੇ ਤੇ ਆਗਿਆ ਪਾਲਦੇ ਰਹੇ । ਚੰਗੀ ਵਿਦਿਆ ਪ੍ਰਾਪਤ ਕੀਤੀ ਤੇ ਨਾਮ ਵਿਚ ਹਰ ਸਮੇਂ ਲੀਨ ਰਹਿਣ ਲਗ ਪਏ । ਇਸ ਤਰ੍ਹਾਂ ਨਾਨਾ ਜੀ ਤੇ ਪਿਤਾ ਮਾਤਾ ਦੇ ਸਾਰੇ ਗੁਣ ਆਪ ਨੂੰ ਪ੍ਰਾਪਤ ਹੋ ਗਏ । ਆਪ ਸ਼ਾਂਤ-ਚਿੱਤ, ਸਤੋ-ਗੁਣੀ ਸੁਭਾ ਵਾਲੇ, ਆਤਮ ਤੱਤ ਦੇ ਵੇਤਾ ਤੇ ਪੂਰਨ ਬ੍ਰਹਮ ਗਿਆਨੀ ਸਨ ।

16 ਸਾਲ ਦੀ ਉਮਰ ਵਿਚ ਆਪ ਜੀ ਦਾ ਵਿਆਹ* ਪਿੰਡ ਮਉ, ਜ਼ਿਲ੍ਹਾ ਜਲੰਧਰ ਦੇ ਵਸਨੀਕ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁਤਰੀ ਗੰਗਾ ਦੇਵੀ ਨਾਲ ਹੋ ਗਿਆ । ਕਾਫ਼ੀ ਸਾਲਾਂ ਪਿਛੋਂ ਆਪ ਦੇ ਘਰ ਇਕ ਲੜਕੇ ਨੇ ਜਨਮ ਲਿਆ, ਜੋ ਸਿੱਖਾਂ ਦੇ ਛੇਵੇਂ ਗੁਰੂ ਹਰਿਗੋਬਿੰਦ ਜੀ ਅਖਵਾਏ ।

ਗੁਰੂ ਅਰਜਨ ਦੇਵ ਜੀ ਦੇ ਦੋ ਵੱਡੇ ਭਰਾ ਪ੍ਰਿਥੀ ਚੰਦ ਤੇ ਮਹਾਂ ਦੇਵ ਜੀ ਸਨ । ਗੁਰੂ ਘਰ ਦੇ ਪ੍ਰਬੰਧ ਦਾ ਬਹੁਤਾ ਕੰਮ ਪ੍ਰਿਥੀ ਚੰਦ ਜੀ ਨੇ ਆਪਣੇ ਹੱਥਾਂ ਵਿਚ ਲਿਆ ਹੋਇਆ ਸੀ । ਉਹ ਆਪਣੇ ਆਪ ਨੂੰ ਗੱਦੀ ਦਾ ਹੱਕਦਾਰ ਸਮਝਦਾ ਸੀ । ਵੱਡੀ ਗੱਲ ਉਹਦੇ ਮਨ ਵਿਚ ਇਹ ਸੀ ਕਿ ਮੈਂ ਵੱਡਾ ਪੁੱਤਰ ਹਾਂ ਤੇ ਗੱਦੀ ਦਾ ਹੱਕਦਾਰ ਹਾਂ, ਪਰ ਅਸਲ ਵਿਚ ਇਹ ਗੱਲ ਨਹੀਂ ਸੀ । ਗੱਦੀ ਦਾ ਹੱਕਦਾਰ ਤਾਂ ਗੁਣਵਾਨ ਨੇ ਹੋਣਾ ਸੀ । ਜੀਵਨ ਕਮਾਈ, ਆਪਣੀ ਯੋਗਤਾ ਤੇ ਧੁਰੋਂ ਲੈ ਕੇ ਆਏ ਪ੍ਰਤਿਭਾ ਸਦਕਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ 1 ਸਤੰਬਰ 1581 ਈਸਵੀ ਨੂੰ ਮਿਲ ਗਈ । ਕਈ ਵਾਰ ਹੋਈ ਪ੍ਰੀਖਿਆ ਵਿਚ ਗੁਰੂ ਅਰਜਨ ਦੇਵ ਜੀ ਹੀ ਪੂਰੇ ਉਤਰੇ ਸਨ, ਇਸ ਲਈ ਉਨ੍ਹਾਂ ਦੀ ਚੋਣ ਕੁਦਰਤੀ ਤੌਰ ਤੇ ਠੀਕ ਸੀ ।

ਗੁਰਿਆਈ ਪ੍ਰਾਪਤ ਹੋਣ ਤੋਂ ਪਿਛੋਂ ਗੁਰੂ ਅਰਜਨ ਦੇਵ ਜੀ ਨੇ ਰਾਮਦਾਸ ਪੁਰ (ਅੱਜ ਕੱਲ੍ਹ ਅੰਮ੍ਰਿਤਸਰ) ਵਿਚ ਪੱਕੀ ਰਿਹਾਇਸ਼ ਰਖ ਕੇ ਸਰੋਵਰ ਦੀ ਸੇਵਾ ਤੇਜ਼ ਕਰ ਦਿੱਤੀ ਤੇ ਸ਼ਹਿਰ ਨੂੰ ਉਸਾਰਨਾ ਆਰੰਭ ਕਰ ਦਿੱਤਾ । ਸੰਗਤਾਂ ਨੇ ਤਨ, ਮਨ ਤੇ ਧਨ ਨਾਲ ਸੇਵਾ ਸ਼ੁਰੂ ਕਰ ਦਿੱਤੀ । ਪ੍ਰਿਥੀ ਚੰਦ ਨੇ ਰਾਹ ਵਿਚ ਰੋੜੇ ਅਟਕਾਣ ਦਾ ਬੜਾ ਯਤਨ ਕੀਤਾ । ਬਾਹਰੋਂ ਆਈ ਮਾਇਆ ਨੂੰ ਉਹ ਗੁਰੂ ਸਾਹਿਬ ਤਕ ਅਪੜਣ ਤੋਂ ਪਹਿਲਾਂ ਹੀ ਸਾਂਭ ਲੈਂਦਾ । ਗੁਰੂ ਅਰਜਨ ਦੇਵ ਜੀ ਨੂੰ ਆਰਥਕ ਔਕੜਾਂ ਆਈਆਂ ਪਰ ਉਨ੍ਹਾਂ ਨੇ ਲੰਗਰ ਤੇ ਸੰਗਤ ਦੀ ਸੇਵਾ ਵਿਚ ਕੋਈ ਕਸਰ ਨਾ ਪੈਣ ਦਿੱਤੀ । ਭਾਈ ਗੁਰਦਾਸ ਜੀ ਉਨ੍ਹਾਂ ਦਿਨਾਂ ਵਿਚ ਆਗਰੇ ਪ੍ਰਚਾਰ ਕਰ ਰਹੇ ਸਨ । ਜਦੋਂ ਉਹ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਆਏ ਤਾਂ ਪ੍ਰਿਥੀ ਚੰਦ ਦੀਆਂ ਮਾੜੀਆਂ ਕਾਰਵਾਈਆਂ ਦੇਖ ਕੇ ਇਥੇ ਹੀ ਠਹਿਰ ਗਏ ਤੇ ਗੁਰ-ਅਸਥਾਨ ਦੇ ਪ੍ਰਬੰਧ ਵਿਚ ਜੁਟ ਪਏ ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖਾਂ ਦੀ ਗਿਣਤੀ ਬਹੁਤ ਵਧ ਗਈ । ਪੰਜਾਬ ਦੇ ਹਰ ਨਗਰ ਵਿਚ ਤਾਂ ਕਾਫ਼ੀ ਸਿੱਖ ਹੋ ਹੀ ਗਏ ਪਰ ਪੰਜਾਬ ਤੋਂ ਬਾਹਰ ਦੂਰ ਦੂਰ

* ਸ਼੍ਰੋਮਣੀ ਕਮੇਟੀ ਵਲੋਂ ਛਪੀ 'ਸਿੱਖ ਇਤਿਹਾਸ' ਪੁਸਤਕ ਵਿਚ ਵਿਆਹ ਦੀ ਤਾਰੀਖ਼ 23 ਹਾੜ, ਸੰਮਤ 1636 ਦਿੱਤੀ ਹੋਈ ਹੈ ।

ਤਕ ਵੀ ਸਿੱਖੀ ਪ੍ਰਚਾਰ ਪਹੁੰਚ ਗਿਆ। ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਪ੍ਰਚਾਰਕ ਬਾਹਰ ਭੇਜੇ ਗਏ ਸਨ ਜਿਨ੍ਹਾਂ ਨੂੰ ਮਸੰਦ ਕਿਹਾ ਜਾਂਦਾ ਸੀ। ਉਹ ਹੀ ਲੋਕਾਂ ਤੋਂ ਗੁਰੂ ਘਰ ਲਈ ਰਕਮਾਂ ਤੇ ਦਸਵੰਧ ਲੈ ਕੇ ਅੰਮ੍ਰਿਤਸਰ ਪਹੁੰਚਾਇਆ ਕਰਦੇ ਸਨ। ਗੁਰੂ ਅਰਜਨ ਦੇਵ ਜੀ ਨੇ ਇਸ ਕੰਮ ਨੂੰ ਹੋਰ ਚੰਗੀ ਤਰ੍ਹਾਂ ਜਥੇਬੰਦ ਕੀਤਾ। ਇਸ ਤਰ੍ਹਾਂ ਇਹ ਲੋਕ-ਲਹਿਰ ਬੜੀ ਬਲਵਾਨ ਹੋ ਗਈ।

1588 ਈਸਵੀ ਨੂੰ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਸਾਈਂ ਮੀਆਂ ਮੀਰ ਦੇ ਹੱਥੋਂ ਰਖਵਾਈ। ਇਸ ਤਰ੍ਹਾਂ ਗੁਰੂ ਨਾਨਕ ਜੀ ਦੇ ਸਮੇਂ ਤੋਂ ਚੱਲ ਰਹੀ ਸਿੱਖੀ ਦੀ ਲਹਿਰ ਦਾ ਵੱਡਾ ਕੇਂਦਰ (ਹੈੱਡਕੁਆਰਟਰ) ਸਥਾਪਤ ਹੋ ਗਿਆ। ਫਿਰ ਗੁਰੂ ਸਾਹਿਬ ਨੇ ਮਾਝੇ ਤੇ ਦੁਆਬੇ ਦਾ ਦੌਰਾ ਕੀਤਾ। ਥਾਂ ਥਾਂ ਲੋਕਾਂ ਨੂੰ ਨਰੋਈਆਂ ਜੀਵਨ-ਕੀਮਤਾਂ ਸਮਝਾਈਆਂ, ਆਤਮਕ ਗਿਆਨ ਦਿੱਤਾ ਤੇ ਸਮਾਜ ਸੁਧਾਰ ਲਈ ਪ੍ਰੇਰਿਆ। ਆਪ ਦੇ ਇਨ੍ਹਾਂ ਯਤਨਾਂ ਨਾਲ ਸਿੱਖ-ਲਹਿਰ ਪਿੰਡ ਪਿੰਡ ਤੇ ਘਰ ਘਰ ਪਹੁੰਚ ਗਈ। ਇਸ ਲਈ ਜ਼ਰੂਰੀ ਸੀ ਕਿ ਵੱਖ ਵੱਖ ਇਲਾਕਿਆਂ ਵਿਚ ਕੇਂਦਰ ਕਾਇਮ ਹੋਣ। ਇਸ ਲਈ 1590 ਈਸਵੀ ਨੂੰ ਆਪ ਨੇ ਮਾਝੇ ਵਿਚ ਤਰਨ ਤਾਰਨ ਅਤੇ ਚਾਰ ਸਾਲ ਪਿਛੋਂ 1594 ਈਸਵੀ ਨੂੰ ਦੁਆਬੇ ਵਿਚ ਕਰਤਾਰਪੁਰ ਕੇਂਦਰ ਬਣਾਇਆ। ਇਹ ਥਾਂਵਾਂ ਜਿਥੇ ਆਤਮਕ ਗਿਆਨ ਦਾ ਕੇਂਦਰ ਬਣੀਆਂ, ਉਥੇ ਨਾਲ ਹੀ ਵਪਾਰ ਤੇ ਆਰਥਕ ਵਿਕਾਸ ਦੇ ਕੇਂਦਰ ਵੀ ਬਣ ਗਈਆਂ। ਗੁਰਦਾਸਪੁਰ ਦੇ ਇਲਾਕੇ ਵਿਚ ਹਰਗੋਬਿੰਦਪੁਰਾ, ਛਿਹਰਟਾ ਸਾਹਿਬ, ਬਾਉਲੀ ਸਾਹਿਬ ਲਾਹੌਰ, ਗੁਰੂ ਕਾ ਬਾਗ਼, ਰਾਮਸਰ ਅੰਮ੍ਰਿਤਸਰ ਤੇ ਸੰਤੋਖਸਰ ਆਦਿ ਸ਼ਹਿਰ, ਥਾਂਵਾਂ ਤੇ ਸਰੋਵਰ ਤਿਆਰ ਕਰਵਾਏ।

19 ਜੂਨ 1595 ਈਸਵੀ ਨੂੰ ਗੁਰੂ ਹਰਿਗੋਬਿੰਦ ਜੀ ਦਾ ਜਨਮ ਹੋਇਆ ਤਾਂ ਪ੍ਰਿਥੀ ਚੰਦ ਦਾ ਕੀਨਾ ਤੇ ਸਾੜਾ ਹੋਰ ਵਧ ਗਿਆ। ਉਸ ਨੇ ਸਰਕਾਰ ਦੇ ਇਕ ਮੁਖੀਏ ਸੁਲਹੀ ਖ਼ਾਨ ਨਾਲ ਸਾਜ਼ਸ਼ ਕਰ ਕੇ ਗੁਰੂ ਅਰਜਨ ਦੇਵ ਜੀ ਨੂੰ ਤੰਗ ਕਰਨ ਦੀ ਸੋਚੀ, ਪਰ ਸੁਲਹੀ ਖ਼ਾਨ ਆਪ ਹੀ ਘੋੜੇ ਸਮੇਤ ਇੱਟਾਂ ਦੇ ਭੱਠੇ ਵਿਚ ਡਿਗ ਕੇ ਮਰ ਗਿਆ। ਗੁਰੂ ਅਰਜਨ ਦੇਵ ਜੀ ਨੇ ਇਸ ਘਟਨਾ ਬਾਰੇ ਇਕ ਸ਼ਬਦ ਵੀ ਉਚਾਰਿਆ ਹੈ:

> **ਗਰੀਬਾ ਉਪਰਿ ਜਿ ਖਿੰਜੈ ਦਾੜੀ। ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ।**
> **ਪੂਰਾ ਨਿਆਉ ਕਰੇ ਕਰਤਾਰੁ। ਅਪੁਨੇ ਦਾਸ ਕਉ ਰਾਖਨਹਾਰੁ।**

ਇਸੇ ਤਰ੍ਹਾਂ ਇਕ ਹੋਰ ਥਾਂ ਕਿਹਾ ਹੈ:

> **ਸੁਲਹੀ ਤੇ ਨਾਰਾਇਣ ਰਾਖੁ।**
> **ਸੁਲਹੀ ਕਾ ਹਾਥੁ ਕਹੀ ਨ ਪਹੁਚੈ, ਸੁਲਹੀ ਹੋਇ ਮੂਆ ਨਾਪਾਕੁ।**

ਇਸ ਪਿਛੋਂ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਦੀ ਤਿਆਰੀ ਵਲ ਸਾਰਾ ਧਿਆਨ ਦੇਣਾ ਸ਼ੁਰੂ ਕਰ ਦਿਤਾ। ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਇਕੱਤਰ ਕਰ ਕੇ ਉਸ ਨੂੰ ਰਾਗਾਂ ਤੇ ਬਾਣੀਆਂ ਅਨੁਸਾਰ ਤਰਤੀਬ ਦਿੱਤੀ। 15 ਭਗਤਾਂ ਤੇ 15 ਗੁਰੂ ਘਰ ਦੇ ਨਿਕਟਵਰਤੀਆਂ ਦੀਆਂ ਰਚਨਾਵਾਂ ਇਕੱਠੀਆਂ ਕੀਤੀਆਂ। ਅੰਮ੍ਰਿਤਸਰ ਦੇ ਇਕ ਪਾਸੇ ਬੜੀ ਸੁੰਦਰ ਇਕਾਂਤ ਥਾਂ ਰਾਮਸਰ ਬੈਠ ਕੇ ਇਸ ਮਹਾਨ

ਕਾਰਜ ਨੂੰ ਕੀਤਾ। ਭਾਈ ਗੁਰਦਾਸ ਨੇ ਲਿਖਾਰੀ ਦੇ ਰੂਪ ਵਿਚ ਨਾਲ ਸਾਰਾ ਕੰਮ ਕੀਤਾ। ਇਸ ਮਹਾਨ ਰਚਨਾ ਦੀ ਤਿਆਰੀ ਦਾ ਦੂਰ ਦੂਰ ਤੱਕ ਚਰਚਾ ਹੋਇਆ। ਬਹੁਤ ਸਾਰੇ ਭਗਤ ਤੇ ਕਵੀ ਆਪਣੀਆਂ ਰਚਨਾਵਾਂ ਲੈ ਕੇ ਗੁਰੂ ਅਰਜਨ ਦੇਵ ਜੀ ਪਾਸ ਆਏ, ਪਰ ਉਨ੍ਹਾਂ ਨੇ ਆਪਣੇ ਸਿਧਾਂਤਾਂ ਦੀ ਕਸਵੱਟੀ ਤੇ ਲਾ ਕੇ ਉਨ੍ਹਾਂ ਰਚਨਾਵਾਂ ਨੂੰ ਪ੍ਰਵਾਨ ਨਾ ਕੀਤਾ। ਸ਼ਾਹ ਹੁਸੈਨ, ਭਗਤ ਕਾਹਨਾ, ਛੱਜੂ ਤੇ ਪੀਲੂ ਦੀਆਂ ਰਚਨਾਵਾਂ ਨੂੰ ਆਪ ਨੇ ਇਸ ਮਹਾਨ ਗ੍ਰੰਥ ਲਈ ਸਵੀਕਾਰ ਨਾ ਕੀਤਾ। 1604 ਈਸਵੀ ਨੂੰ ਆਦਿ ਗ੍ਰੰਥ ਦੀ ਤਿਆਰੀ ਪੂਰੀ ਹੋਈ। ਇਸ ਨਾਲ ਸਿੱਖਾਂ ਦੀ ਲੋਕ-ਲਹਿਰ ਦਾ ਵਿਧਾਨ ਤੇ ਵਿਚਾਰਧਾਰਾ ਮੁਕੰਮਲ ਹੋ ਗਈ। ਇਸ ਨੂੰ ਇਕ ਥਾਂ ਇਕੱਠਾ ਕਰ ਦਿੱਤਾ ਗਿਆ ਤਾਂ ਕਿ ਕੋਈ ਗ਼ਲਤ ਫ਼ਹਿਮੀ ਨਾ ਰਹੇ ਜਾਂ ਤਬਦੀਲੀ ਨਾ ਕੀਤੀ ਜਾ ਸਕੇ। 1604 ਵਿਚ ਆਦਿ ਬੀੜ ਦੀ ਤਿਆਰੀ ਪਿਛੋਂ ਸ੍ਰੀ ਦਰਬਾਰ ਸਾਹਿਬ ਵਿਚ ਉਸਦਾ ਪਰਕਾਸ਼ ਕੀਤਾ ਗਿਆ ਤੇ ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਨਿਯਤ ਕੀਤੇ ਗਏ।

ਜਦੋਂ ਇਹ ਮਹਾਨ ਰਚਨਾ ਤਿਆਰ ਕੀਤੀ ਜਾ ਰਹੀ ਸੀ ਤਾਂ ਗੁਰੂ ਘਰ ਦੇ ਦੋਖੀਆਂ ਨੇ ਜਾ ਕੇ ਅਕਬਰ ਬਾਦਸ਼ਾਹ ਪਾਸ ਸ਼ਿਕਾਇਤ ਕੀਤੀ ਕਿ ਗੁਰੂ ਅਰਜਨ ਦੇਵ ਅਜਿਹੀ ਰਚਨਾ ਤਿਆਰ ਕਰ ਰਹੇ ਹਨ, ਜਿਸ ਵਿਚ ਹਿੰਦੂ ਤੇ ਮੁਸਲਮਾਨ ਪੀਰਾਂ ਤੇ ਅਵਤਾਰਾਂ ਦੀ ਨਿੰਦਿਆ ਕੀਤੀ ਗਈ ਹੈ। ਅਕਬਰ ਬਾਦਸ਼ਾਹ ਲਾਹੌਰ ਜਾਂਦਾ ਹੋਇਆ 1598 ਈਸਵੀ ਨੂੰ ਗੋਇੰਦਵਾਲ ਠਹਿਰਿਆ ਤੇ ਗੁਰੂ ਅਰਜਨ ਦੇਵ ਜੀ ਨੂੰ ਮਿਲਿਆ। ਜਦ ਉਸਨੇ ਬਾਣੀ ਸੁਣੀ ਤਾਂ ਬੜਾ ਖ਼ੁਸ਼ ਹੋਇਆ ਅਤੇ ਇਸ ਮਹਾਨ ਰਚਨਾ ਦੀ ਉਸ ਨੇ ਰੱਜ ਕੇ ਪਰਸੰਸਾ ਕੀਤੀ। ਬਾਦਸ਼ਾਹ ਦੇ ਲਾਹੌਰ ਠਹਿਰਨ ਤੇ ਉਹਦੇ ਖ਼ਰਚੇ ਲਈ ਰਕਮਾਂ ਪ੍ਰਾਪਤ ਕਰਨ ਦੀ ਰੁਚੀ ਨਾਲ ਸੂਬੇ ਦੇ ਹਾਕਮਾਂ ਨੇ ਜ਼ਿਮੀਂਦਾਰਾਂ ਦਾ ਮਾਲੀਆ ਵਧਾ ਦਿੱਤਾ, ਜਿਸ ਕਰਕੇ ਲੋਕ ਦੁਖੀ ਹੋ ਗਏ। ਜਦ ਅਕਬਰ ਨੇ ਗੁਰੂ ਅਰਜਨ ਦੇਵ ਜੀ ਨੂੰ ਕੋਈ ਮਦਦ ਲੈਣ ਲਈ ਪੁਛਿਆ ਤਾਂ ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਲਈ ਕੁਝ ਵੀ ਨਹੀਂ ਚਾਹੀਦਾ। ਤੁਸੀਂ ਜ਼ਿਮੀਂਦਾਰਾਂ ਦਾ ਮਾਲੀਆ ਘੱਟ ਕਰ ਦਿਉ, ਲੋਕ ਇਤਨੀ ਰਕਮ ਨਹੀਂ ਦੇ ਸਕਦੇ। ਅਕਬਰ ਬਾਦਸ਼ਾਹ ਨੇ ਉਸੇ ਵੇਲੇ ਹੁਕਮ ਜਾਰੀ ਕਰ ਦਿੱਤਾ ਤੇ ਮਾਲੀਆ ਘੱਟ ਹੋ ਗਿਆ। ਜਦੋਂ ਤਕ ਅਕਬਰ ਜ਼ਿੰਦਾ ਰਿਹਾ, ਇਸ ਪਾਸੇ ਕਿਸੇ ਨੂੰ ਗੁਰੂ ਸਾਹਿਬ ਦੀ ਖੁਲ੍ਹ ਕੇ ਵਿਰੋਧਤਾ ਕਰਨ ਦਾ ਹੌਸਲਾ ਨਾ ਪਿਆ।

1605 ਈਸਵੀ ਨੂੰ ਅਕਬਰ ਬਾਦਸ਼ਾਹ ਮਰ ਗਿਆ। ਉਸ ਦੀ ਥਾਂ ਜਹਾਂਗੀਰ ਬਾਦਸ਼ਾਹ ਬਣ ਗਿਆ। ਅਕਬਰ ਕੱਟੜ ਮੁਸਲਮਾਨ ਨਹੀਂ ਸੀ, ਜਿਸ ਕਰਕੇ ਮੁਲਾਣੇ ਉਸ ਤੇ ਖ਼ੁਸ਼ ਨਹੀਂ ਸਨ। ਜਹਾਂਗੀਰ ਨੇ ਉਨ੍ਹਾਂ ਦੀ ਮਦਦ ਨਾਲ ਰਾਜ ਸਾਂਭਿਆ ਅਤੇ ਮੁਲਾਣਿਆਂ ਕਾਜ਼ੀਆਂ ਨਾਲ ਇਕਰਾਰ ਕੀਤਾ ਕਿ ਉਹ ਇਸਲਾਮ ਦੇ ਵਾਧੇ ਲਈ ਹਰ ਜਤਨ ਕਰੇਗਾ। ਉਂਞ ਵੀ ਉਹ ਪਿਤਾ ਵਰਗਾ ਖੁਲਦਿਲਾ ਤੇ ਆਜ਼ਾਦ ਖ਼ਿਆਲਾਂ ਵਾਲਾ ਨਹੀਂ ਸੀ। ਉਹਨੇ ਗੁਰੂ ਅਰਜਨ ਦੇਵ ਜੀ ਦੀ ਵਧ ਰਹੀ ਮਹਾਨਤਾ ਤੇ ਉਭਰ ਰਹੀ ਇਸ ਲੋਕ ਲਹਿਰ ਨੂੰ ਆਪਣੇ ਰਾਜ ਤੇ ਇਸਲਾਮ ਲਈ ਖ਼ਤਰਨਾਕ ਸਮਝਿਆ।

ਇਨ੍ਹਾਂ ਦਿਨਾਂ ਵਿਚ ਹੀ ਜਹਾਂਗੀਰ ਵਿਰੁੱਧ ਖੁਸਰੋ ਨੇ ਬਗਾਵਤ ਕਰ ਦਿੱਤੀ ਤੇ ਜਦ ਉਹ ਪੰਜਾਬ ਵਿਚੋਂ ਲੰਘ ਰਿਹਾ ਸੀ ਤਾਂ ਗੁਰੂ ਜੀ ਨੂੰ ਮਿਲਿਆ। ਲੰਗਰ ਵਿਚੋਂ

ਉਸ ਨੇ ਪ੍ਰਸ਼ਾਦ ਛਕਿਆ। ਇਸ ਗੱਲ ਦਾ ਜਹਾਂਗੀਰ ਨੇ ਬਹੁਤ ਬੁਰਾ ਮਨਾਇਆ। ਉਹ ਖੁਸਰੋ ਦਾ ਪਿੱਛਾ ਕਰਦਾ ਆ ਰਿਹਾ ਸੀ। ਤੁਰੰਤ ਉਹਨੇ ਬਿਨਾਂ ਪੜਤਾਲ ਕੀਤੇ ਤੇ ਮੁਕੱਦਮਾ ਚਲਾਏ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿਤਾ। ਜਦ ਗ੍ਰਿਫ਼ਤਾਰ ਕਰ ਲਏ ਗਏ ਤਾਂ ਜਹਾਂਗੀਰ ਨੇ ਉਨ੍ਹਾਂ ਨੂੰ ਚੰਦੂ ਸ਼ਾਹ ਦੇ ਹਵਾਲੇ ਕਰ ਦਿੱਤਾ ਤੇ ਹੁਕਮ ਦਿਤਾ ਕਿ ਇਨ੍ਹਾਂ ਨੂੰ ਤਸੀਹੇ ਦੇ ਕੇ ਮਾਰਿਆ ਜਾਏ। ਚੰਦੂ ਨੂੰ ਗੁਰੂ ਸਾਹਿਬ ਨਾਲ ਜ਼ਾਤੀ ਰੰਜਸ਼ ਵੀ ਸੀ ਕਿਉਂਕਿ ਉਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਲਈ ਉਸ ਦੀ ਲੜਕੀ ਦਾ ਰਿਸ਼ਤਾ ਸਵੀਕਾਰ ਨਹੀਂ ਸੀ ਕੀਤਾ। ਉਹਨੇ ਅਜੇਹੇ ਮਾੜੇ ਸ਼ਬਦ ਵਰਤੇ ਸਨ ਜਿਨ੍ਹਾਂ ਨੇ ਸਿੱਖਾਂ ਦੇ ਦਿਲਾਂ ਤੇ ਸੱਟ ਮਾਰੀ ਸੀ ਤੇ ਸਿੱਖਾਂ ਦੇ ਬੇਨਤੀ ਕਰਨ ਤੇ ਗੁਰੂ ਸਾਹਿਬ ਨੇ ਰਿਸ਼ਤਾ ਲੈਣ ਤੋਂ ਇਨਕਾਰ ਕੀਤਾ ਸੀ। ਉਹਨੇ ਜ਼ਾਤੀ ਨਰਾਜ਼ਗੀ ਦਾ ਬਦਲਾ ਲੈਣ ਲਈ ਸ਼ਾਹ ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਸਾਹਿਬ ਨੂੰ ਤਸੀਹੇ ਦੇਣੇ ਸ਼ੁਰੂ ਕਰ ਦਿਤੇ।

ਇਤਿਹਾਸ ਵਿਚ ਇਹ ਵੀ ਜ਼ਿਕਰ ਆਉਂਦਾ ਹੈ ਕਿ ਚੰਦੂ ਦੇ ਭੜਕਾਉਣ ਤੇ ਸਤਿਗੁਰੂ ਵਿਰੁੱਧ ਖੁਸਰੋ ਨੂੰ ਮਾਲੀ ਸਹਾਇਤਾ ਦੇਣ ਦਾ ਇਲਜ਼ਾਮ ਲਾਇਆ ਗਿਆ ਤੇ ਬਾਦਸ਼ਾਹ ਨੇ ਦੋ ਲੱਖ ਰੁਪਏ ਜੁਰਮਾਨਾ ਭਰਨ ਦਾ ਦੰਡ ਦਿੱਤਾ। ਗੁਰੂ ਸਾਹਿਬ ਨੇ ਇਹ ਜੁਰਮਾਨਾ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਕਰਕੇ ਆਪ ਨੂੰ ਸ਼ਹੀਦ ਕਰਨ ਦਾ ਹੁਕਮ ਦਿਤਾ ਗਿਆ।

ਗੁਰੂ ਅਰਜਨ ਦੇਵ ਜੀ ਨੂੰ ਗਰਮ ਪਾਣੀ ਦੀ ਉਬਲਦੀ ਦੇਗ ਵਿਚ ਬਿਠਾਇਆ ਗਿਆ। ਫਿਰ ਸੜਦੇ ਤਵੇ ਤੇ ਬਿਠਾਇਆ ਗਿਆ, ਪਰ ਇਹ ਕਸ਼ਟ ਉਨ੍ਹਾਂ ਨੂੰ ਡੁਲਾ ਨਾ ਸਕਿਆ। ਇਸ ਪਿਛੋਂ ਨਾਲ ਹੀ ਗਰਮ ਰੇਤ ਦੇ ਕੜਛੇ ਭਰ ਕੇ ਸਰੀਰ ਤੇ ਪਾਏ ਗਏ। ਗਰਮੀਆਂ ਦੇ ਮੌਸਮ ਵਿਚ ਇਸ ਤੋਂ ਵਧ ਕੇ ਹੋਰ ਅਤਿਆਚਾਰ ਤੇ ਜ਼ੁਲਮ ਕੀ ਹੋ ਸਕਦਾ ਸੀ। ਫਿਰ ਆਪ ਦੇ ਗਰਮ ਸੜੇ ਹੋਏ ਛਾਲਿਆਂ ਵਾਲੇ ਸਰੀਰ ਨੂੰ ਠੰਢੇ ਪਾਣੀ ਵਿਚ ਪਾਣ ਦੀ ਕਾਰਵਾਈ ਇਸ ਲਈ ਕੀਤੀ ਗਈ ਤਾਂ ਜੁ ਸਾੜ ਤੇ ਜਲਨ ਵਧੇ। ਜਦ ਆਪ ਨੂੰ ਦਰਿਆ ਰਾਵੀ ਦੇ ਠੰਢੇ ਪਾਣੀ ਵਿਚ ਭੇਜਿਆ ਗਿਆ ਤਾਂ ਆਪ ਉਥੇ ਹੀ ਜੋਤੀ ਜੋਤਿ ਸਮਾ ਗਏ। ਕਵੀ 'ਅਵਾਰਾ' ਆਪ ਦੀ ਇਸ ਸ਼ਹੀਦੀ ਘਟਨਾ ਨੂੰ ਇਉਂ ਬਿਆਨ ਕਰਦਾ ਹੈ:

> ਜੇਠ ਹਾੜ ਵਿਚ ਵੱਸੀਆਂ ਅੱਗਾਂ, ਸਾਵਣ ਛਹਿਬਰ ਲਾਈ।
> ਰਾਤ ਹਨੇਰੀ ਪਿਛੋਂ ਚਿੱਟੀ, ਚੰਨ ਚਾਨਣੀ ਆਈ।
> ਇੰਜੇ ਜ਼ੁਲਮ ਸਿਤਮ ਦੀਆਂ ਲੋਹਾਂ, ਹਦੋਂ ਵੱਧ ਜਦ ਤਪੀਆਂ,
> ਉਪਰ ਉਸ ਠੰਢ ਦੇ ਸੋਮੇ, ਆਣ ਸਮਾਧੀ ਲਾਈ।

ਪ੍ਰਿੰਸੀਪਲ ਗੰਗਾ ਸਿੰਘ ਜੀ ਦਾ ਵੀ ਇਸ ਸ਼ਹੀਦੀ ਘਟਨਾ ਬਾਰੇ ਕਵਿਤਾ ਦਾ ਇਕ ਬੰਦ ਹੈ:

> ਅਗਨੀ ਜਲਾਈ ਆਪ ਜਿਸ, ਸੇਕ ਇਸ਼ਕ ਦਾ ਸੀ ਲਾਇਆ।
> ਰਾਹੀ ਗੀਤ ਗਾ ਕੇ ਤੁਰ ਗਿਆ, ਜਿਸ ਸੱਚ ਕਰ ਵਿਖਲਾਇਆ।
> ਲੋਹ ਲਾਲ ਤੇ ਆਸਣ ਜਮਾ, ਸਿਰ ਗਰਮ ਰੇਤਾ ਸਹਿ ਲਿਆ,
> ਉਬਲਦੀ ਵਿਚ ਦੇਗ ਦੇ ਬਹਿ, ਵੱਟ ਨਾ ਮੱਥੇ ਪਾਇਆ।

ਤਕ ਲੌ ਉਹ ਪੁਤਲਾ ਪ੍ਰੇਮ ਦਾ, ਅਰਜਨ ਗੁਰੂ ਮਹਾਰਾਜ ਹੈ,
ਮਿਲ ਸਭ ਸ਼ਹੀਦਾਂ ਨੇ ਕਿਹਾ, ਸਾਡਾ ਇਹ ਸਿਰਤਾਜ ਹੈ।

30 ਮਈ 1606 ਈਸਵੀ ਨੂੰ ਗੁਰੂ ਅਰਜਨ ਦੇਵ ਜੀ ਸ਼ਹੀਦ ਹੋਏ। ਉਨ੍ਹਾਂ ਦੀ ਸ਼ਹੀਦੀ ਦਾ ਵੱਡਾ ਕਾਰਨ ਸਿੱਖੀ ਦੀ ਲੋਕ ਲਹਿਰ ਦਾ ਬਲਵਾਨ ਹੋਣਾ ਸੀ। ਕੋਈ ਵੀ ਸਰਕਾਰ ਇਹ ਬਰਦਾਸ਼ਤ ਨਹੀਂ ਕਰਦੀ ਕਿ ਉਹਦੇ ਰਾਹ ਵਿਚ ਰੋੜਾ ਬਣਨ ਲਈ ਤਾਕਤ ਪੈਦਾ ਹੋ ਜਾਵੇ। ਸਮੇਂ ਦੀ ਹਕੂਮਤ ਲੋਕਾਂ ਤੇ ਅਤਿਆਚਾਰ ਕਰਦੀ ਸੀ। ਹਾਕਮ ਸ਼੍ਰੇਣੀ ਤੋਂ ਲੋਕਾਂ ਦੀ ਇੱਜ਼ਤ ਤੇ ਜਾਨ-ਮਾਲ ਖ਼ਤਰੇ ਵਿਚ ਸੀ। ਇਨ੍ਹਾਂ ਜਾਬਰ ਤੇ ਅਨਿਆਈ ਤਾਕਤਾਂ ਦਾ ਗੁਰੂ ਸਾਹਿਬ ਖੰਡਨ ਕਰਦੇ ਸਨ। ਉਹ ਸੱਚ ਦੇ ਵਪਾਰੀ ਸਨ ਤੇ ਸਚਾਈ ਲਈ ਡਟਣ ਦੀ ਲੋਕਾਂ ਨੂੰ ਪ੍ਰੇਰਨਾ ਕਰਦੇ ਸਨ। ਉਨ੍ਹਾਂ ਨੇ ਇਸ ਲਹਿਰ ਨੂੰ ਇਤਨਾ ਤਕੜਾ ਕਰ ਦਿਤਾ ਸੀ ਕਿ ਹੁਣ ਇਹਦਾ ਆਪਣਾ ਹੈੱਡਕੁਆਰਟਰ ਸੀ, ਜਿਥੇ ਆ ਕੇ ਜੀਵਨ ਤੋਰ ਸਮਝੀ ਜਾ ਸਕਦੀ ਸੀ। ਇਲਾਕਿਆਂ ਵਿਚ ਵੀ ਕੇਂਦਰ ਬਣ ਚੁਕੇ ਸਨ, ਇਸ ਲਈ ਹਕੂਮਤ ਨੂੰ ਇਹ ਜਥੇਬੰਦ ਲਹਿਰ ਰੜਕਦੀ ਸੀ ਤੇ ਬਾਦਸ਼ਾਹ ਜਹਾਂਗੀਰ ਨੇ ਇਸ ਨੂੰ ਖ਼ਤਮ ਕਰਨ ਲਈ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾਇਆ। ਭਾਵੇਂ ਪ੍ਰਗਟ ਤੌਰ ਤੇ ਉਸ ਨੇ ਖੁਸਰੋ ਦੀ ਬਗ਼ਾਵਤ ਸਮੇਂ ਮਦਦ ਦਾ ਇਲਜ਼ਾਮ ਲਾਇਆ। ਉਸ ਦੇ ਮਨ ਦੀ ਹਾਲਤ ਦਾ ਪਤਾ ਜਹਾਂਗੀਰ ਦੀ ਸ੍ਵੈ-ਜੀਵਨੀ 'ਤੋਜ਼ਕੇ ਜਹਾਂਗੀਰੀ' ਤੋਂ ਲਗਦਾ ਹੈ। ਗੁਰੂ ਜੀ ਦੀ ਸ਼ਹੀਦੀ ਤੋਂ ਕੁਝ ਕੁ ਦਿਨ ਪਿਛੋਂ 6 ਜੂਨ 1606 ਈਸਵੀ ਨੂੰ ਜਹਾਂਗੀਰ ਆਪਣੀ ਸ੍ਵੈ-ਜੀਵਨੀ ਵਿਚ ਲਿਖਦਾ ਹੈ:

"ਗੋਇੰਦਵਾਲ ਵਿਚ, ਜੋ ਕਿ ਦਰਿਆ ਬਿਆਸ ਦੇ ਕੰਢੇ ਤੇ ਵਾਕਿਆ ਹੈ, ਪੀਰਾਂ ਫ਼ਕੀਰਾਂ ਦੇ ਭੇਸ ਵਿਚ ਅਰਜਨ ਨਾਂ ਦਾ ਇਕ ਹਿੰਦੂ ਸੀ। ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਨੂੰ ਹੀ ਨਹੀਂ ਸਗੋਂ ਕਈ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਵੀ, ਆਪਣੇ ਢੰਗ ਤਰੀਕਿਆਂ ਦੇ ਉਪਦੇਸ਼ਾਂ ਦਾ ਸਿਦਕੀ ਬਣਾ ਕੇ ਆਪਣੀ ਪੀਰੀ ਤੇ ਰੱਬ ਨਾਲ ਨਜ਼ਦੀਕੀ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਆਖਦੇ ਸਨ ਅਤੇ ਸਾਰਿਆਂ ਪਾਸਿਆਂ ਤੋਂ ਮੂਰਖ ਤੇ ਮੂਰਖਾਂ ਦੇ ਪੁਜਾਰੀ ਲੋਕ ਉਸ ਦੇ ਉਦਾਲੇ ਆ ਜੁੜਦੇ ਸਨ ਅਤੇ ਉਸ ਉਪਰ ਪੂਰਾ ਭਰੋਸਾ ਪ੍ਰਗਟ ਕਰਦੇ ਸਨ। ਤਿੰਨ ਚਹੁੰ ਪੀਹੜੀਆਂ ਤੋਂ ਉਨ੍ਹਾਂ ਨੇ ਇਹ ਦੁਕਾਨ ਗਰਮ ਰੱਖੀ ਹੋਈ ਸੀ। ਮੁੱਦਤਾਂ ਤੋਂ ਮੇਰੇ ਦਿਲ ਵਿਚ ਖ਼ਿਆਲ ਆਇਆ ਕਰਦਾ ਸੀ ਕਿ ਜਾਂ ਤਾਂ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਤੇ ਜਾਂ ਉਸ ਨੂੰ ਮੁਸਲਮਾਨੀ ਮੱਤ ਵਿਚ ਲਿਆਉਣਾ ਚਾਹੀਦਾ ਹੈ।"

ਅੱਗੇ ਚੱਲ ਕੇ ਜਹਾਂਗੀਰ ਖੁਸਰੋ ਦੀ ਬਗ਼ਾਵਤ ਦਾ ਜ਼ਿਕਰ ਕਰਦਿਆਂ ਲਿਖਦਾ ਹੈ, "ਜਦੋਂ ਇਹ ਗੱਲ ਮੇਰੇ ਕੰਨੀਂ ਪਈ, ਮੈਂ ਹੁਕਮ ਦਿਤਾ ਕਿ ਉਸ ਨੂੰ ਮੇਰੇ ਸਾਹਮਣੇ ਹਾਜ਼ਰ ਕੀਤਾ ਜਾਵੇ। ਉਸ ਦੀ ਜਾਇਦਾਦ ਜ਼ਬਤ ਕਰ ਕੇ ਹੁਕਮ ਦਿਤਾ ਕਿ ਉਸ ਨੂੰ ਤਸੀਹੇ ਦੇ ਕੇ ਜਾਨੋਂ ਮਾਰ ਦਿਤਾ ਜਾਵੇ।" ਇਸ ਤੋਂ ਸਪੱਸ਼ਟ ਹੈ ਕਿ ਜਹਾਂਗੀਰ ਬਾਦਸ਼ਾਹ ਨੂੰ ਬਹੁਤਾ ਗੁੱਸਾ ਇਸ ਗੱਲ ਦਾ ਸੀ ਕਿ ਲੋਕੀਂ ਧੜਾ-ਧੜ ਗੁਰੂ ਘਰ ਦੇ ਪੈਰੋਕਾਰ ਕਿਉਂ ਬਣਦੇ ਜਾ ਰਹੇ ਹਨ। ਉਸ ਨੇ ਪਹਿਲਾਂ ਇਸਲਾਮ ਵਿਚ ਲਿਆਉਣ

ਲਈ ਵਾਹ ਲਾਈ ਹੋਵੇਗੀ, ਪਰ ਜਦੋਂ ਦੇਖਿਆ ਕਿ ਦਾਲ ਨਹੀਂ ਗਲਦੀ ਤਾਂ ਅਖ਼ੀਰ ਸ਼ਹੀਦ ਕਰਨ ਦਾ ਹੁਕਮ ਦੇ ਦਿਤਾ।

ਕੁਝ ਭੁਲੜ ਲੋਕ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੇ ਚੰਦੂ ਦੀ ਧੀ ਦੇ ਰਿਸ਼ਤੇ ਦੀ ਗੱਲ ਨੂੰ ਬਹੁਤ ਮਹਾਨਤਾ ਦੇਂਦੇ ਹਨ। ਉਨ੍ਹਾਂ ਦੀ ਗੱਲ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਇਕ ਘਰੇਲੂ ਰਿਸ਼ਤੇ ਤੋਂ ਝਗੜਾ ਵਧ ਗਿਆ ਤੇ ਅਖ਼ੀਰ ਗੁਰੂ ਜੀ ਨੂੰ ਸ਼ਹੀਦ ਕਰ ਦਿਤਾ ਗਿਆ। ਇਹ ਗੱਲ ਅਸਲੀਅਤ ਦੇ ਬਿਲਕੁਲ ਉਲਟ ਹੈ। ਇਹ ਹੋ ਸਕਦਾ ਹੈ ਕਿ ਤਸੀਹੇ ਦੇਣ ਸਮੇਂ ਚੰਦੂ ਨੇ ਆਪਣਾ ਗੁੱਸਾ ਵੀ ਕਢ ਲਿਆ ਹੋਵੇ, ਪਰ ਸ਼ਹੀਦੀ ਦੀ ਅਸਲ ਮਹਾਨਤਾ ਇਸ ਕਰਕੇ ਹੈ ਕਿ ਉਨ੍ਹਾਂ ਨੇ ਸਿੱਖ ਲੋਕ-ਲਹਿਰ ਨੂੰ ਇਤਨਾ ਬਲਵਾਨ ਬਣਾ ਦਿਤਾ ਸੀ ਕਿ ਸਮੇਂ ਦੀ ਹਕੂਮਤ ਵੀ ਡਰਨ ਲੱਗ ਪਈ ਸੀ। ਉਸ ਨੂੰ ਖ਼ਤਰਾ ਪੈਦਾ ਹੋ ਗਿਆ ਸੀ, ਜਿਸ ਕਰਕੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ। ਖ਼ੁਸਰੋ ਦੀ ਮਦਦ ਤਾਂ ਸਰਕਾਰ ਨੂੰ ਇਕ ਬਹਾਨਾ ਮਿਲ ਗਿਆ। ਜਹਾਂਗੀਰ ਆਪ ਮੰਨਦਾ ਹੈ ਕਿ ਉਹ ਕਾਫ਼ੀ ਸਮੇਂ ਤੋਂ ਇਨ੍ਹਾਂ ਦੀ ਵਧ ਰਹੀ ਤਾਕਤ ਤੋਂ ਦੁਖੀ ਸੀ।

ਲਾਹੌਰ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਾਲੇ ਸਥਾਨ ਦੀ ਨਿਸ਼ਾਨਦੇਹੀ ਗੁਰੂ ਹਰਿਗੋਬਿੰਦ ਜੀ ਨੇ ਕੀਤੀ ਤੇ ਉਸ ਥਾਂ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਉਸਾਰਿਆ ਗਿਆ।

ਪਹਿਲੇ ਸ਼ਹੀਦ ਯੋਧੇ

ਪੀਊ ਦਾਦੇ ਕਾ ਖੋਲ੍ਹ ਡਿਠਾ ਖ਼ਜਾਨਾ । ਤਾ ਮੇਰੈ ਮਨਿ ਭਇਆ ਨਿਧਾਨਾ ।

ਕਿਸੇ ਮਜ਼ਹਬ ਜਾਂ ਕੌਮ ਦੇ ਹਿੱਸੇ ਇਕ ਕੁਰਬਾਨੀ ਆਈ ਤੇ ਕਿਸੇ ਦੇ ਦੋ, ਪਰ ਸਿੱਖਾਂ ਨੂੰ ਤਾਂ ਗੁੜ੍ਹਤੀ ਹੀ ਕੁਰਬਾਨੀਆਂ ਦੀ ਮਿਲੀ ਹੈ । ਇਥੇ ਤਾਂ ਇਤਿਹਾਸ ਦੇ ਹਰ ਪੰਨੇ ਤੇ ਸਾਲ ਦੇ 365 ਦਿਨ ਹੀ ਸਿੱਖ ਸ਼ਹੀਦਾਂ ਦੀਆਂ ਮਹਾਨ ਜੀਵਨ ਕਮਾਈਆਂ ਨਾਲ ਭਰੇ ਪਏ ਹਨ । ਸਾਰੇ ਸੰਸਾਰ ਦਾ ਇਤਿਹਾਸ ਫਰੋਲ ਮਾਰੋ, ਕਿਸੇ ਕੌਮ ਨੇ ਇਤਨੀਆਂ ਸ਼ਹੀਦੀਆਂ ਨਹੀਂ ਪਾਈਆਂ, ਕਿਸੇ ਮਤ ਨੇ ਇਤਨੀਆਂ ਕੁਰਬਾਨੀਆਂ ਨਹੀਂ ਦਿਤੀਆਂ ਜਿਤਨੀਆਂ ਕਿ ਸਿੱਖਾਂ ਨੇ ਦਿਤੀਆਂ ਹਨ । ਸਿੱਖ ਕੌਮ ਦੀ ਵੱਡੀ ਪ੍ਰਾਪਤੀ ਇਸ ਦੇ ਸ਼ਹੀਦ ਹਨ ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਿੱਖ ਲੋਕ-ਲਹਿਰ ਵਿਚ ਬਹੁਤ ਵੱਡਾ ਪਲਟਾ ਆਇਆ । ਇਸ ਗੱਲ ਦਾ ਸਾਰੇ ਪਾਸੇ ਇਹ ਪ੍ਰਭਾਵ ਪਿਆ ਕਿ ਸ਼ਾਂਤੀ, ਅਮਨ ਤੇ ਕੁਰਬਾਨੀਆਂ ਨੇ ਜ਼ੁਲਮ ਨੂੰ ਖ਼ਤਮ ਕਰਨ ਲਈ ਜਿਥੇ ਆਪਣਾ ਅਸਰ ਕਰਨਾ ਹੈ ਉਥੇ ਤਲਵਾਰ ਦਾ ਮੁਕਾਬਲਾ ਤਲਵਾਰ ਤੇ ਗੋਲੀ ਦਾ ਮੁਕਾਬਲਾ ਗੋਲੀ ਨਾਲ ਕਰਨ ਦੀ ਵੀ ਲੋੜ ਹੈ । ਗੁਰੂ ਹਰਿਗੋਬਿੰਦ ਸਾਹਿਬ ਜੋ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਵੀ ਸਨ, ਨੇ ਸਾਰੀ ਹਾਲਤ ਤੇ ਵਿਚਾਰ ਕਰ ਕੇ ਨਵਾਂ ਪ੍ਰੋਗਰਾਮ ਤਿਆਰ ਕੀਤਾ । ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਆਪ ਪਹਿਨ ਕੇ, ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਕਾਇਮ ਕਰ ਕੇ ਰੋਜ਼ ਸ਼ਾਮ ਨੂੰ ਬੀਰ-ਰਸੀ ਵਾਰਾਂ ਸੁਣਾ ਕੇ, ਸਰੀਰਕ ਕਸਰਤਾਂ ਤੇ ਜੰਗੀ ਸਾਮਾਨ ਰਖਣ ਦਾ ਹੁਕਮ ਦੇ ਕੇ ਆਪ ਨੇ ਸਿੱਖ ਕੌਮ ਦੇ ਹਿਰਦਿਆਂ ਵਿਚ ਬੀਰ ਰਸ ਜਗਾ ਦਿਤਾ । ਇਕ ਨਵੀਂ ਜਾਨ ਤੇ ਚੜ੍ਹਦੀ ਕਲਾ ਵਾਲੀ ਬਿਰਤੀ ਪੈਦਾ ਕਰ ਦਿਤੀ । ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਫਲਸਰੂਪ ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਦੂਰ ਦ੍ਰਿਸ਼ਟੀ ਤੇ ਸਮੇਂ ਦੀ ਮੰਗ ਨੂੰ ਪਛਾਣਨ ਦੀ ਰੁਚੀ ਨੇ, ਸੰਤ ਸਿਪਾਹੀਆਂ, ਮਹਾਂ ਪਰਉਪਕਾਰੀਆਂ ਤੇ ਨਾਮ-ਰਸੀਆਂ ਦੀ ਇਸ ਕੌਮ ਨੂੰ ਸੰਤ ਸਿਪਾਹੀਆਂ ਤੇ ਧਰਮੀ ਜੋਧਿਆਂ ਦੀ ਕੌਮ ਦਾ ਰੂਪ ਧਾਰਨ ਕਰਵਾ ਦਿਤਾ । ਨਾਮ ਜਪਣ, ਵੰਡ ਛਕਣ ਤੇ ਸਾਧਾਰਨ ਕਿਰਤ ਕਰਨ ਵਾਲਿਆਂ ਨੇ ਜ਼ੁਲਮ ਦਾ ਟਾਕਰਾ ਕਰਨ ਲਈ ਤਲਵਾਰਾਂ ਫੜ ਲਈਆਂ ।

ਗੁਰ-ਗੱਦੀ ਤੇ ਬੈਠਦਿਆਂ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਹੁਕਮ ਕੀਤਾ ਕਿ ਅੱਗੋਂ ਲਈ ਜੋ ਸਿੱਖ ਗੁਰੂ ਦੇ ਖ਼ਜ਼ਾਨੇ ਲਈ ਭੇਟਾ ਲਿਆਵੇ, ਉਹ ਇਹ ਜਾਣ ਲਵੇ ਕਿ ਸ਼ਸਤਰ ਤੇ ਘੋੜਿਆਂ ਦੀ ਗੁਰੂ ਘਰ ਵਿਚ ਵਧੇਰੇ ਲੋੜ ਹੈ । ਜੋ ਵੀ ਪ੍ਰੇਮੀ ਵਧੀਆ ਸ਼ਸਤਰ ਤੇ ਚੰਗਾ ਘੋੜਾ ਲਿਆਵੇਗਾ, ਉਸ ਨੂੰ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਹੋਣਗੀਆਂ ।

ਆਪ ਨੇ ਸਿੱਖ ਫ਼ੌਜ ਦੀ ਨੀਂਹ ਰਖੀ ਤੇ 52 ਬਲਵਾਨ ਜਵਾਨਾਂ ਦੀ ਇਕ ਗਾਰਦ ਤਿਆਰ ਕੀਤੀ ਜੋ ਹਰ ਸਮੇਂ ਗੁਰੂ ਜੀ ਦੇ ਨਾਲ ਰਹਿੰਦੀ, ਫ਼ੌਜੀ ਕਰਤੱਵ ਦਿਖਾਂਦੀ ਤੇ ਲੋਕਾਂ ਨੂੰ ਉਤਸ਼ਾਹਤ ਕਰਦੀ। ਜਿਵੇਂ ਬਰਸਾਤ ਨਾਲ ਬਨਸਪਤੀ ਮੌਲਦੀ ਹੈ, ਇਸੇ ਤਰ੍ਹਾਂ ਇਸ ਤਬਦੀਲੀ ਨਾਲ ਸਿੱਖਾਂ ਦੇ ਦਿਲਾਂ ਵਿਚ ਨਵੀਂ ਜਾਨ ਭਰੀ ਗਈ। ਇਸ ਦਾ ਪਰਤੱਖ ਸਬੂਤ ਇਹ ਹੈ ਕਿ ਮਾਝੇ, ਮਾਲਵੇ ਤੇ ਦੁਆਬੇ ਵਿਚੋਂ ਪੰਜ ਸੌ ਛੈਲ ਛਬੀਲੇ ਗਭਰੂ ਗੁਰੂ ਜੀ ਪਾਸ ਪਹੁੰਚੇ। ਉਨ੍ਹਾਂ ਨੇ ਧਰਮ ਦੀ ਖ਼ਾਤਰ ਹਰ ਪ੍ਰਕਾਰ ਦੇ ਖ਼ਤਰੇ ਹਿੱਕਾਂ ਤਾਣ ਕੇ ਝੱਲਣ ਅਤੇ ਗੁਰੂ ਜੀ ਦੀ ਆਗਿਆ ਦੀ ਪਾਲਣਾ ਕਰਦਿਆਂ ਮਰ ਮਿਟਣ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਉਨ੍ਹਾਂ ਨੇ ਕਿਹਾ ਕਿ ਅਸੀਂ ਤਨਖ਼ਾਹ ਨਹੀਂ ਲੈਣੀ। ਨੌਕਰੀ ਦੀ ਖ਼ਾਤਰ ਨਹੀਂ ਆਏ, ਅਸੀਂ ਤਾਂ ਉਸ ਆਦਰਸ਼ ਦੀ ਖ਼ਾਤਰ ਕੁਰਬਾਨੀ ਦੇਣ ਲਈ ਆਏ ਹਾਂ ਜਿਸ ਲਈ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਤਸੀਹੇ ਝੱਲੇ ਤੇ ਸ਼ਹਾਦਤ ਪਾਈ ਏ। ਅਸੀਂ ਜ਼ੁਲਮ ਦੇ ਟਾਕਰੇ, ਮਜ਼ਲੂਮ ਦੀ ਰਖਿਆ, ਸਚਾਈ ਦੀ ਪਰਫੁਲਤਾ ਤੇ ਝੂਠ ਦੇ ਨਾਸ਼ ਤੇ ਧਰਮ ਦੀ ਆਜ਼ਾਦੀ ਦੇ ਵੈਰੀਆਂ ਦਾ ਮੁਕਾਬਲਾ ਕਰਨ ਲਈ ਹਾਜ਼ਰ ਹੋਏ ਹਾਂ।

ਗੁਰੂ ਜੀ ਨੇ ਉਨ੍ਹਾਂ ਨੂੰ ਘੋੜੇ ਤੇ ਸ਼ਸਤਰ ਦਿਤੇ। ਇਕ ਨਗਾਰਾ ਵੀ ਤਿਆਰ ਕਰਵਾ ਲਿਆ ਤੇ ਵਖਰਾ ਨਿਸ਼ਾਨ (ਝੰਡਾ) ਵੀ ਝੁਲਾ ਦਿਤਾ। ਇਸ ਤਰ੍ਹਾਂ ਇਕ ਛੋਟੀ ਜਿਹੀ ਪਰ 'ਦਲੇਰ, ਆਪਾ ਵਾਰੂ, ਨਿਸ਼ਕਾਮ ਤੇ ਆਦਰਸ਼ਕ ਫ਼ੌਜ ਤਿਆਰ ਹੋ ਗਈ। ਹੌਲੀ ਹੌਲੀ ਇਹਦੀ ਗਿਣਤੀ ਵਧਦੀ ਗਈ। ਦੂਰੋਂ ਦੂਰੋਂ ਚੰਗੇ ਖ਼ਿਆਲਾਂ ਵਾਲੇ ਤੇ ਸਿੱਖ ਪਰਿਵਾਰਾਂ ਦੇ ਗਭਰੂ ਆ ਕੇ ਇਸ ਫ਼ੌਜ ਵਿਚ ਮਿਲਦੇ ਗਏ। ਜਿਤਨਾ ਸਮਾਂ ਜਹਾਂਗੀਰ ਦਿੱਲੀ ਦੇ ਤਖ਼ਤ ਤੇ ਰਿਹਾ, ਕੋਈ ਫ਼ੌਜੀ ਟੱਕਰ ਨਾ ਹੋਈ। ਉਹਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਵਿਚ ਕੈਦ ਵੀ ਕੀਤਾ ਤੇ ਆਪੇ ਛੱਡ ਵੀ ਦਿੱਤਾ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪੈਦਾ ਹੋਏ ਲੋਕ-ਉਭਾਰ ਨੂੰ ਦੇਖ ਕੇ ਜਹਾਂਗੀਰ ਕੰਬ ਗਿਆ ਤੇ ਉਹਨੇ ਸ਼ਹੀਦੀ ਦਾ ਸਾਰਾ ਇਲਜ਼ਾਮ ਚੰਦੂ ਤੇ ਲਾ ਕੇ ਉਹਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਹਵਾਲੇ ਕਰ ਦਿਤਾ। ਉਹਨੂੰ ਲਾਹੌਰ ਵਿਚ ਲੋਕਾਂ ਨੇ ਬੜਾ ਦੁਖੀ ਕਰ ਕੇ ਮਾਰ ਦਿਤਾ। ਪਰ ਜਦੋਂ ਜਹਾਂਗੀਰ ਮਰ ਗਿਆ ਤੇ ਹਿੰਦੁਸਤਾਨ ਦੀ ਹਕੂਮਤ ਸ਼ਾਹ ਜਹਾਨ ਦੇ ਹੱਥ ਆਈ ਤਾਂ ਉਹਨੇ ਗੁਰੂ ਘਰ ਦੇ ਦੋਖੀਆਂ ਦੇ ਆਖੇ ਲਗ ਕੇ ਤੇ ਸਾਜ਼ਿਸ਼ੀਆਂ ਦੇ ਜਾਲ ਵਿਚ ਫਸ ਕੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਵਿਗਾੜ ਲਈ। ਇਸ ਸਮੇਂ ਵਿਚ ਸਿੱਖ ਲੋਕ-ਲਹਿਰ ਇਤਨੀ ਬਲਵਾਨ ਹੋ ਗਈ ਸੀ ਕਿ ਫ਼ੌਜ ਨਾਲ ਟੱਕਰ ਲੈਣ ਲਈ ਜਵਾਨਾਂ ਦੇ ਡੌਲੇ ਫਰਕਣ ਲਗ ਪਏ।

ਗੁਰੂ ਹਰਿਗੋਬਿੰਦ ਸਾਹਿਬ ਨੇ ਸਰਕਾਰੀ ਫ਼ੌਜ ਨਾਲ ਚਾਰ ਲੜਾਈਆਂ ਅੰਮ੍ਰਿਤਸਰ, ਸ੍ਰੀ ਹਰਿਗੋਬਿੰਦਪੁਰ, ਗੁਰੂ ਸਰ ਮਹਿਰਾਜ ਤੇ ਕਰਤਾਰਪੁਰ ਦੁਆਬਾ ਵਿਚ ਲੜੀਆਂ ਤੇ ਚਾਰਾਂ ਵਿਚ ਹੀ ਲਾਹੌਰੀ ਫ਼ੌਜ ਤੇ ਦਿੱਲੀ ਤੋਂ ਉਚੇਚੀ ਭੇਜੀ ਫ਼ੌਜ ਨੂੰ ਹਾਰ ਦਿਤੀ। ਇਨ੍ਹਾਂ ਲੜਾਈਆਂ ਦਾ ਮੰਤਵ ਕੋਈ ਇਲਾਕਾ ਮੱਲਣਾ, ਰਾਜ ਕਾਇਮ ਕਰਨਾ ਜਾਂ ਧਨ ਦੀ ਪ੍ਰਾਪਤੀ ਨਹੀਂ ਸੀ ਸਗੋਂ ਸਮੇਂ ਦੀ ਹੰਕਾਰੀ ਸਰਕਾਰ, ਮਾੜੇ ਹਾਕਮਾਂ ਤੇ ਲੋਕ ਲਾਭਾਂ ਦੇ ਵਿਰੋਧੀਆਂ ਨੂੰ ਖ਼ਤਮ ਕਰਨਾ ਤੇ ਸਿਖਿਆ ਦੇਣਾ ਸੀ। ਇਨ੍ਹਾਂ

ਲੜਾਈਆਂ ਵਿਚ ਗੁਰੂ ਜੀ ਦੇ ਪੱਖੀ ਬਣ ਕੇ ਲੜਣ ਵਾਲੇ ਤੇ ਮੌਤ ਪਰਵਾਨ ਕਰਨ ਵਾਲੇ ਬਹੁਤ ਸਾਰੇ ਸ਼ਹੀਦ ਹਨ। ਗੁਰੂ ਸਾਹਿਬ ਦੀ ਫ਼ੌਜ ਦੇ ਕਿਤਨੇ ਜਵਾਨ ਇਨ੍ਹਾਂ ਲੜਾਈਆਂ ਵਿਚ ਸ਼ਹੀਦ ਹੋਏ, ਉਨ੍ਹਾਂ ਦੀ ਗਿਣਤੀ ਹੁਣ ਕਰਨੀ ਕਠਿਨ ਹੈ। ਇਤਿਹਾਸ ਉਨ੍ਹਾਂ ਸਾਰਿਆਂ ਦੇ ਨਾਵਾਂ ਨੂੰ ਵੀ ਆਪਣੇ ਲਿਖਤੀ ਪੰਨਿਆਂ ਵਿਚ ਥਾਂ ਨਹੀਂ ਦੇ ਸਕਿਆ, ਪਰ ਉਨ੍ਹਾਂ ਮਹਾਨ ਪਰਉਪਕਾਰੀ ਆਤਮਾਵਾਂ ਤੇ ਸ਼ਹੀਦ ਵਿਅਕਤੀਆਂ ਵਿਚੋਂ ਦੋ ਕੁ ਦਰਜਨ ਸਿੱਖ ਫ਼ੌਜ ਦੇ ਜਰਨੈਲਾਂ ਤੇ ਉਘੀਆਂ ਸ਼ਖ਼ਸੀਅਤਾਂ ਦਾ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ। ਇਸ ਲਈ ਸਿੱਖ ਸ਼ਹੀਦਾਂ ਦੀ ਲੜੀ ਤਿਆਰ ਕਰਦਿਆਂ ਉਨ੍ਹਾਂ ਪਹਿਲੇ ਸ਼ਹੀਦ ਯੋਧਿਆਂ ਦਾ ਵਰਣਨ ਨਾ ਕਰਨਾ ਉਨ੍ਹਾਂ ਨਾਲ ਬੇਇਨਸਾਫ਼ੀ ਹੋਵੇਗੀ। ਗੁਰੂ ਹਰਿਗੋਬਿੰਦ ਸਾਹਿਬ ਨਾਲ ਮਿਲ ਕੇ ਲੜਨ ਵਾਲੇ ਤੇ ਸ਼ਹੀਦੀ ਪਾਣ ਵਾਲੇ ਇਤਿਹਾਸ ਦੇ ਉਹ ਕੀਮਤੀ ਮੋਤੀ ਹਨ, ਜਿਨ੍ਹਾਂ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਦਾ ਪਹਿਲਾ ਸ਼ਹੀਦ ਭਾਈ ਭਾਨਾ ਜੀ ਹਨ ਜੋ ਗੁਰੂ ਸਾਹਿਬ ਦੀ ਕਾਇਮ ਕੀਤੀ ਸਿੱਖ ਫ਼ੌਜ ਦੇ ਪਹਿਲੇ ਸੈਨਾਪਤੀ ਸਨ। ਇਹ ਅੰਮ੍ਰਿਤਸਰ ਨੇੜੇ ਹੋਈ ਪਹਿਲੀ ਲੜਾਈ ਦੀ ਕਮਾਨ ਕਰਦਿਆਂ ਸ਼ਹੀਦ ਹੋਏ। ਇਸ ਸਮੇਂ ਦੂਜੇ ਸ਼ਹੀਦ ਭਾਈ ਸਿੰਘਾ ਜੀ, ਤੀਜੇ ਸ਼ਹੀਦ ਭਾਈ ਤੋਤਾ ਜੀ, ਚੌਥੇ ਭਾਈ ਤਲੋਕਾ ਜੀ, ਪੰਜਵੇਂ ਭਾਈ ਅਨੰਤਾ ਜੀ ਤੇ ਛੇਵੇਂ ਭਾਈ ਨਿਹਾਲਾ ਜੀ ਸਨ। ਇਹ ਸਾਰੇ ਹੀ ਪਹਿਲੀ ਲੜਾਈ ਦੇ ਸ਼ਹੀਦ ਹਨ।

ਗੁਰੂ ਹਰਿਗੋਬਿੰਦ ਸਾਹਿਬ ਨੇ ਜਦ ਫ਼ੌਜ ਰੱਖਣ ਦਾ ਐਲਾਨ ਕੀਤਾ ਤਾਂ ਜਿਹੜੇ ਪੰਜ ਸੌ ਜਵਾਨ ਪਹਿਲਾਂ ਆ ਕੇ ਹਾਜ਼ਰ ਹੋਏ ਉਹਨਾਂ ਨੂੰ ਪੰਜ ਜਥਿਆਂ ਵਿਚ ਵੰਡ ਦਿਤਾ ਗਿਆ ਤੇ ਭਾਈ ਬਿਧੀ ਚੰਦ, ਭਾਈ ਪਿਰਾਗਾ, ਭਾਈ ਜੇਠਾ, ਭਾਈ ਪਿਆਰਾ ਤੇ ਭਾਈ ਲੰਗਾਹਾ ਵੱਖ ਵੱਖ ਜਥਿਆਂ ਦੇ ਜਥੇਦਾਰ ਥਾਪੇ ਗਏ। ਗੁਰੂ ਸਾਹਿਬ ਦੇ 52 ਬਾਡੀਗਾਰਡ ਜਵਾਨਾਂ ਵਿਚੋਂ ਹੀ ਭਾਈ ਭਾਨਾ ਜੀ ਸਨ। ਇਹ ਬੜੇ ਸੁੰਦਰ ਸਰੀਰ ਤੇ ਡੀਲ ਡੌਲ ਵਾਲੇ ਜਵਾਨ ਸਨ। ਤਲਵਾਰ ਚਲਾਣ, ਗਤਕਾ ਖੇਡਣ, ਘੋੜ ਸਵਾਰੀ ਤੇ ਨਿਸ਼ਾਨੇਬਾਜ਼ੀ ਵਿਚ ਇਹਨਾਂ ਦਾ ਕੋਈ ਸੂਰਬੀਰ ਮੁਕਾਬਲਾ ਨਹੀਂ ਸੀ ਕਰ ਸਕਦਾ। ਜਦ ਵੀ ਗੁਰੂ ਜੀ ਸ਼ਾਮ ਨੂੰ ਅਖਾੜਾ ਲਵਾਂਦੇ ਤਾਂ ਇਹ ਉਸ ਵਿਚੋਂ ਪਹਿਲੇ ਨੰਬਰ ਤੇ ਰਹਿੰਦੇ। ਘੁਲਣ ਲਗਿਆਂ ਚੰਗੇ ਚੰਗੇ ਪਹਿਲਵਾਨ ਆਪ ਦਾ ਟਾਕਰਾ ਕਰਨ ਤੋਂ ਝਿਜਕਦੇ ਸਨ। ਚੌੜੀ ਛਾਤੀ, ਭਰਵਾਂ ਚਿਹਰਾ, ਖ਼ੂਨ ਦੀ ਲਾਲੀ, ਮੋਟੀਆਂ ਮੋਟੀਆਂ ਅੱਖਾਂ, ਖੁੱਲ੍ਹਾ ਚੌੜਾ ਮੱਥਾ ਤੇ ਨਾਮ ਬਾਣੀ ਦਾ ਚਿਹਰੇ ਤੇ ਪ੍ਰਭਾਵ ਸਭ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਨੂੰ ਚਮਕਾਂਦੇ ਸਨ। ਇਕ ਸਾਧਾਰਨ ਫ਼ੌਜੀ ਬਣ ਕੇ ਆਪ ਗੁਰੂ ਜੀ ਪਾਸ ਆਏ ਪਰ ਥੋੜ੍ਹੇ ਚਿਰ ਵਿਚ ਹੀ ਆਪ ਨੂੰ ਸਾਰੀ ਫ਼ੌਜ ਦਾ ਸੈਨਾਪਤੀ ਨਿਯੁਕਤ ਕਰ ਦਿੱਤਾ ਗਿਆ। ਜਿਥੇ ਭਾਈ ਭਾਨਾ ਇਕ ਚੰਗੇ ਸੂਰਮੇ ਸਨ ਉਥੇ ਜੰਗ ਦੀ ਵਿਉਂਤਬੰਦੀ ਤੇ ਲੜਾਈ ਦੀ ਤਕਨੀਕ ਦੇ ਵੀ ਮਾਹਿਰ ਸਨ। ਗੁਰੂ ਸਾਹਿਬ ਨਾਲ ਕਈ ਵਾਰ ਸ਼ਿਕਾਰ ਤੇ ਜਾਂਦਿਆਂ ਰਾਹ ਵਿਚ ਗੱਲਾਂ ਕਰਦਿਆਂ ਆਪ ਸਕੀਮਾਂ ਦਸਿਆ ਕਰਦੇ ਸਨ। ਇਸੇ ਯੋਗਤਾ ਕਾਰਨ ਦੂਜੇ ਫ਼ੌਜੀ ਮੁਖੀਆਂ ਨੇ ਆਪ ਨੂੰ ਆਗੂ ਮੰਨ ਲਿਆ।

ਸ਼ਾਹ ਜਹਾਨ ਬਾਦਸ਼ਾਹ ਨੇ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਸਰਗਰਮੀਆਂ ਤੇ ਨਿਗਰਾਨੀ ਰਖਣ ਲਈ ਸਪੈਸ਼ਲ ਫ਼ੌਜ ਮੁਖ਼ਲਸ ਖ਼ਾਨ ਦੀ ਅਗਵਾਈ ਵਿਚ ਲਾਹੌਰ ਰਖੀ ਹੋਈ ਸੀ । ਉਹ ਹਰ ਸਮੇਂ ਗੁਰੂ ਸਾਹਿਬ ਨਾਲ ਟੱਕਰ ਲੈਣ ਲਈ ਮੌਕੇ ਦੀ ਭਾਲ ਵਿਚ ਸੀ ਤੇ ਇਧਰ ਸਿੱਖ ਫ਼ੌਜੀ ਵੀ ਸਰਕਾਰੀ ਤਨਖ਼ਾਹ-ਖ਼ੋਰ ਫ਼ੌਜ ਨਾਲ ਦੋ ਹੱਥ ਕਰਨ ਲਈ ਤਿਆਰੀਆਂ ਵਿਚ ਰੁੱਝੇ ਹੋਏ ਸਨ । 1628 ਈਸਵੀ ਨੂੰ ਇਹ ਮੌਕਾ ਮਿਲ ਗਿਆ ਜਦੋਂ ਗੁਰੂ ਜੀ ਅੰਮ੍ਰਿਤਸਰ ਤੋਂ ਬਾਹਰ ਸ਼ਿਕਾਰ ਕਰਨ ਲਈ ਗਏ ਤੇ ਉਧਰੋਂ ਮੁਖ਼ਲਸ ਖ਼ਾਨ ਵੀ ਸ਼ਿਕਾਰ ਖੇਡਦਾ ਹੋਇਆ ਆ ਗਿਆ । ਮੁਖ਼ਲਸ ਖ਼ਾਨ ਦਾ ਇਕ ਚਿੱਟਾ ਬਾਜ਼ ਉਡ ਗਿਆ ਜੋ ਗੁਰੂ ਸਾਹਿਬ ਦੇ ਸਾਥੀ ਸ਼ਿਕਾਰੀਆਂ ਨੇ ਜੰਗਲ ਵਿਚੋਂ ਕਾਬੂ ਕਰ ਲਿਆ । ਇਸ ਬਾਜ਼ ਨੂੰ ਮੁਖ਼ਲਸ ਖ਼ਾਨ ਦੇ ਮੀਰ ਸ਼ਿਕਾਰੀ ਨੇ ਬੜੀ ਹੈਂਕੜ ਤੇ ਸ਼ਾਹੀ ਗ਼ਰੂਰ ਨਾਲ ਮੰਗਿਆ ਜੋ ਸਿੱਖਾਂ ਨੇ ਇਸ ਧਮਕੀ ਨਾਲ ਦੇਣ ਤੋਂ ਇਨਕਾਰ ਕਰ ਦਿੱਤਾ । ਮੁਖ਼ਲਸ ਖ਼ਾਨ ਅੱਗੇ ਹੀ ਬਹਾਨਾ ਚਾਹੁੰਦਾ ਸੀ, ਇਸ ਲਈ ਉਸ ਨੇ ਇਸ ਘਟਨਾ ਦੀ ਆੜ ਵਿਚ ਅੰਮ੍ਰਿਤਸਰ ਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ । ਸੱਤ ਹਜ਼ਾਰ ਕੇਂਦਰੀ ਸਰਕਾਰ ਦੀ ਫ਼ੌਜ, ਦਸ ਹਜ਼ਾਰ ਲਾਹੌਰੀ ਤੇ ਹੋਰ ਵਜ਼ੀਰਾਂ ਨਵਾਬਾਂ ਦੀ ਫ਼ੌਜ ਲੈ ਕੇ ਚਲ ਪਿਆ ।

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਫ਼ੌਜ ਦੇ ਸੈਨਾਪਤੀ ਭਾਈ ਭਾਨੇ ਨੂੰ ਹੁਕਮ ਦਿਤਾ ਕਿ ਉਹ ਦੁਸ਼ਮਣ ਨੂੰ ਅੱਗੋਂ ਜਾ ਕੇ ਰੋਕੇ । ਭਾਈ ਭਾਨਾ ਗੁਰੂ ਸਾਹਿਬ ਤੋਂ ਆਸ਼ੀਰਵਾਦ ਲੈ ਕੇ ਚਲ ਪਿਆ । ਉਹਦੀ ਮਦਦ ਲਈ ਸਹਾਇਕ ਸੈਨਾਪਤੀ ਭਾਈ ਬਿਧੀ ਚੰਦ ਨੂੰ ਬਣਾ ਕੇ ਭੇਜਿਆ ਗਿਆ ।

ਲੋਹਗੜ੍ਹ ਦੇ ਕਿਲ੍ਹੇ ਪਾਸ ਇਕ ਫ਼ੌਜੀ ਟਿਕਾਣਾ ਬਣਾ ਕੇ ਕੁਝ ਜਵਾਨਾਂ ਨਾਲ ਭਾਈ ਭਾਨੇ ਨੇ ਸ਼ਾਹੀ ਫ਼ੌਜਾਂ ਨੂੰ ਰੋਕ ਲਿਆ । ਪੰਜਾਬ ਵਿਚ ਮੁਗ਼ਲ ਹਕੂਮਤ ਵਿਰੁੱਧ ਪਹਿਲੀ ਵਾਰ ਕਿਸੇ ਨੇ ਤਲਵਾਰ ਚੁੱਕੀ ਸੀ । ਸਿੱਖ ਫ਼ੌਜ ਨੂੰ ਆਪਣੇ ਆਦਰਸ਼, ਆਪਣੇ ਗੁਰੂ ਦੀ ਮਿਹਰ ਤੇ ਕੁਰਬਾਨੀਆਂ ਦੇ ਚਾਅ ਦਾ ਸਦਕਾ ਹੌਸਲਾ ਸੀ । ਇਸ ਲਈ ਅੱਖ ਦੇ ਪਲਕਾਰੇ ਵਿਚ ਦੋਵੇਂ ਫ਼ੌਜਾਂ ਇਕ ਦੂਜੇ ਨਾਲ ਉਲਝ ਗਈਆਂ । ਗਾਨੇ ਹੱਥ ਬੰਨ੍ਹ ਆਏ ਸੂਰਬੀਰਾਂ ਨੇ ਦਿਲ ਖੋਲ੍ਹ ਕੇ ਤੇਗ਼ਾਂ ਵਾਹੀਆਂ । ਭਾਈ ਸੰਤੋਖ ਸਿੰਘ ਜੀ ਉਸ ਸਮੇਂ ਦਾ ਦ੍ਰਿਸ਼ ਬਿਆਨ ਕਰਦਿਆਂ ਲਿਖਦੇ ਹਨ :

ਸਰੋਹੀ ਚਲੀ ਬਾਡ ਵਾਰੀ ਹੱਲਬੀ, ਖਿਚੇ ਮਿਆਨ ਤੇਗੇ ਫ਼ੌਲਾਦੀ ਜੁਲਬੀ ।
ਸੁਖੰਡੇ ਦੁਧਾਰੇ ਪੁਜੰਡੇ ਚਮਕੇ, ਚਿਲੀ ਸੈਫ ਸਾਫਨ ਕਟੌਂ ਦੀ ਦਸ ਕੇ ।
ਲੱਗੇ ਖੱਗ ਪੈ ਖੱਗ ਟੂਟੇ ਛਨੰਕੇ, ਘਰੇ ਮੇ ਸੰਜੋਏ ਇਕ ਤਾਂ ਸੋਢੰਨਕੇ ।
ਚਲੇ ਸੇਲ ਮੇਲੇ ਭਾਈ ਰੇਲ ਪੇਲੇ, ਮਨੋਂ ਰੰਗ ਲੈ ਲੈ ਮਿਲੇ ਫਾਕ ਖੇਲੇ ।

ਕੁਝ ਚਿਰ ਦੀ ਡਟਵੀਂ ਲੜਾਈ ਪਿਛੋਂ ਸ਼ਾਹੀ ਦਸਤਿਆਂ ਦੇ ਪੈਰ ਉਖੜਨ ਲਗੇ । ਮੁਖ਼ਲਸ ਖ਼ਾਨ ਆਪ ਅੱਗੇ ਆ ਗਿਆ ਤੇ ਸ਼ਮਸ ਖ਼ਾਨ ਤੇ ਅਨਵਰ ਖ਼ਾਨ ਜਰਨੈਲਾਂ ਨੂੰ ਲਲਕਾਰ ਕੇ ਫਿਰ ਫ਼ੌਜ ਨੂੰ ਖੜੇ ਕਰ ਲਿਆ । ਸਿੱਖ ਬੰਦੂਕਾਂ ਵਾਲਿਆਂ ਨੂੰ ਦੁਗਾੜੇ ਚਲਾਣ ਦੀ ਹਦਾਇਤ ਮਿਲਦਿਆਂ ਹੀ ਠਾਹ ਠਾਹ ਕਰ ਕੇ ਗੋਲੀਆਂ ਚਲਣ ਲਗ ਪਈਆਂ । ਇਕ ਗੋਲੀ ਸ਼ਮਸ ਖ਼ਾਨ ਦੇ ਘੋੜੇ ਨੂੰ ਵੱਜੀ ਤੇ ਉਹ ਡਿੱਗਣ ਹੀ ਲੱਗਾ ਸੀ ਕਿ ਸ਼ਮਸ ਖ਼ਾਨ ਉਤਰ ਗਿਆ । ਭਾਈ ਭਾਨੇ ਨੇ ਵੀ ਉਹਦੇ ਸਾਮ੍ਹਣੇ ਆ ਕੇ

ਘੋੜੇ ਤੋਂ ਛਾਲ ਮਾਰ ਦਿਤੀ ਤੇ ਲਲਕਾਰ ਕੇ ਕਿਹਾ, "ਹੁਣ ਤੈਨੂੰ ਭੱਜ ਕੇ ਨਹੀਂ ਜਾਣ ਦਿਆਂਗਾ।"

ਦੋਹਾਂ ਜਰਨੈਲਾਂ ਵਿਚਕਾਰ ਤਲਵਾਰ ਦੀ ਲੜਾਈ ਤੇਜ਼ ਹੋ ਗਈ। ਸ਼ਮਸ ਖ਼ਾਨ ਨੂੰ ਭਾਈ ਭਾਨੇ ਨੇ ਕਿਹਾ, "ਪਹਿਲਾਂ ਵਾਰ ਕਰ ਲੈ, ਮਤੇ ਕੋਈ ਅਰਮਾਨ ਦਿਲ ਵਿਚ ਨਾ ਰਹਿ ਜਾਏ।" ਸ਼ਮਸ ਖ਼ਾਨ ਨੇ ਵੀ ਘੱਟ ਨਾ ਕੀਤੀ ਤੇ ਝਟ ਵਾਰ ਕਰ ਦਿੱਤਾ। ਭਾਈ ਭਾਨੇ ਨੇ ਉਹਦਾ ਵਾਰ ਢਾਲ ਤੇ ਰੋਕ ਲਿਆ ਤੇ ਉਹਨੂੰ ਦੂਜਾ ਵਾਰ ਕਰਨ ਲਈ ਕਿਹਾ। ਉਹਦਾ ਦੂਜਾ ਵਾਰ ਰੋਕ ਕੇ ਭਾਈ ਭਾਨੇ ਨੇ ਅਜੇਹਾ ਜ਼ੋਰ ਦਾ ਜਵਾਬੀ ਵਾਰ ਕੀਤਾ ਕਿ ਸ਼ਮਸ ਖ਼ਾਨ ਦਾ ਸਿਰ ਧੜ ਨਾਲੋਂ ਇਸ ਤਰ੍ਹਾਂ ਵੱਖ ਹੋ ਕੇ ਡਿੱਗ ਪਿਆ ਜਿਵੇਂ ਵੇਲ ਨਾਲੋਂ ਕੱਦੂ ਟੁਟ ਜਾਂਦਾ ਹੈ।

ਸ਼ਮਸ ਖ਼ਾਨ ਨਾਲ ਲੜਾਈ ਸਮੇਂ ਭਾਈ ਭਾਨੇ ਨੂੰ ਚਾਰੇ ਪਾਸਿਆਂ ਤੋਂ ਸਰਕਾਰੀ ਫ਼ੌਜਾਂ ਨੇ ਘੇਰ ਲਿਆ। ਉਨ੍ਹਾਂ ਦੀ ਮਦਦ ਲਈ ਬਿਧੀ ਚੰਦ ਆਪਣਾ ਜੱਥਾ ਲੈ ਕੇ ਅੱਗੇ ਵਧਿਆ, ਪਰ ਉਸ ਦੇ ਘੇਰਾ ਤੋੜ ਕੇ ਪਹੁੰਚਣ ਤੋਂ ਪਹਿਲਾਂ ਹੀ ਦੁਸ਼ਮਣ ਦੀਆਂ ਦੋ ਗੋਲੀਆਂ ਭਾਈ ਭਾਨੇ ਦੇ ਸਰੀਰ ਵਿਚੋਂ ਲੰਘ ਗਈਆਂ। ਇਕ ਦਮ ਖ਼ੂਨ ਦੀਆਂ ਧਾਰੀਆਂ ਦੂਰ ਤਕ ਜਾ ਪਹੁੰਚੀਆਂ। ਪਰ ਆਪ ਦਰਦ ਦੀ ਪਰਵਾਹ ਕੀਤੇ ਬਿਨਾਂ ਤਲਵਾਰ ਚਲਾਂਦੇ ਰਹੇ। ਇਸ ਨਾਲ ਹੋਰ ਵਧੇਰੇ ਖ਼ੂਨ ਚਲ ਗਿਆ ਤੇ ਅਖ਼ੀਰ ਆਪ ਨਿਢਾਲ ਹੋ ਗਏ। ਆਪਣੀ ਤਲਵਾਰ ਸਾਥੀ ਨੂੰ ਫੜਾ ਦਿੱਤੀ ਤੇ ਆਪ ਸਤਿਨਾਮ ਕਹਿੰਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਦੇ ਪਹਿਲੇ ਸ਼ਹੀਦ ਭਾਈ ਭਾਨਾ ਜੀ ਹਨ।

ਇਸ ਸਮੇਂ ਦੇ ਦੂਜੇ ਸ਼ਹੀਦ ਭਾਈ ਸਿੰਘਾ ਜੀ ਹਨ। ਇਹ ਵੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੁਰਾਣੇ ਸੇਵਕਾਂ ਤੇ ਸ਼ਰਧਾਵਾਨਾਂ ਵਿਚੋਂ ਇਕ ਸਨ। ਜਦ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਤਾਂ ਉਸ ਸਮੇਂ ਮਸੰਦਾਂ ਨੇ ਜਾ ਕੇ ਮਾਤਾ ਗੰਗਾ ਜੀ ਪਾਸ ਬੇਨਤੀ ਕੀਤੀ ਕਿ ਗੁਰੂ ਸਾਹਿਬ ਤਾਂ ਪੁਰਾਣੀ ਰੀਤੀ ਨੂੰ ਬਦਲਣ ਲੱਗੇ ਹਨ। ਉਸ ਸਮੇਂ ਭਾਈ ਸਿੰਘਾ ਜੀ ਵੀ ਉਥੇ ਹੀ ਸਨ। ਉਨ੍ਹਾਂ ਕਿਹਾ, "ਸਾਨੂੰ ਇਸ ਬਾਰੇ ਕੋਈ ਸ਼ੋਕ ਤੇ ਚਿੰਤਾ ਨਹੀਂ ਕਰਨੀ ਚਾਹੀਦੀ। ਮਹਾਰਾਜ ਜੋ ਕਰਦੇ ਹਨ ਉਹ ਪ੍ਰਭੂ ਦਾ ਹੁਕਮ ਏ।"

ਜਦ ਮਹਾਰਾਜ ਨੇ ਬੀਰ-ਰਸੀ ਦੀਵਾਨ ਲਾਣੇ ਸ਼ੁਰੂ ਕੀਤੇ ਤਾਂ ਭਾਈ ਸਿੰਘਾ ਜੀ ਉਹਨਾਂ ਵਿਚ ਨਿਤ ਸ਼ਾਮਲ ਹੋਇਆ ਕਰਦੇ ਸਨ। ਆਪ ਉਹਨਾਂ ਜਵਾਨਾਂ ਵਿਚੋਂ ਸਨ ਜਿਨ੍ਹਾਂ ਨੇ ਬਿਨਾਂ ਤਨਖ਼ਾਹ ਦੇ ਤਲਵਾਰ ਚੁੱਕਣ ਤੇ ਜੰਗਾਂ ਵਿਚ ਲੜਣ ਲਈ ਆਪਣਾ ਜੀਵਨ ਅਰਪਨ ਕੀਤਾ ਹੋਇਆ ਸੀ। ਆਪ ਇਕ ਦਸਤੇ ਦੇ ਮੁਖੀ ਸਨ।

ਅੰਮ੍ਰਿਤਸਰ ਨੇੜੇ ਮੁਖ਼ਲਸ ਖ਼ਾਨ ਤੇ ਲਾਹੌਰੀ ਫ਼ੌਜ ਨਾਲ ਗੁਰੂ ਹਰਿਗੋਬਿੰਦ ਸਾਹਿਬ ਦੀ ਫ਼ੌਜ ਦੀ ਪਹਿਲੀ ਲੜਾਈ ਵਿਚ ਭਾਈ ਭਾਨਾ ਜੀ ਸੈਨਾਪਤੀ ਸਨ। ਜਦ ਉਹ ਸ਼ਹੀਦ ਹੋ ਗਏ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਸਿੰਘਾ ਜੀ ਨੂੰ ਬੁਲਾ ਕੇ ਕਿਹਾ, "ਤੁਸੀਂ ਹੁਣ ਫ਼ੌਜ ਦੇ ਸੈਨਾਪਤੀ ਥਾਪੇ ਜਾਂਦੇ ਹੋ। ਤੁਰਤ ਜਾ ਕੇ ਕੰਮ ਸੰਭਾਲੋ।"

'ਸਤਿ ਬਚਨ,' ਭਾਈ ਸਿੰਘਾ ਜੀ ਨੇ ਸਿਰ ਝੁਕਾ ਕੇ ਨਮਸਕਾਰ ਕੀਤੀ ਤੇ ਇਕ ਥਾਪੜੇ ਦੀ ਇੱਛਾ ਪ੍ਰਗਟ ਕੀਤੀ। ਗੁਰੂ ਸਾਹਿਬ ਨੇ ਕੰਡ ਤੇ ਥਾਪੜਾ ਦਿੱਤਾ ਤੇ ਸਾਰੀ ਗੱਲ ਸਮਝਾ ਦਿੱਤੀ। ਇਹ ਨਵੀਂ ਨਿਯੁਕਤੀ ਐਨ ਭਖਦੀ ਲੜਾਈ ਦੇ ਸਮੇਂ ਜੰਗ ਦੇ ਮੈਦਾਨ ਵਿਚ ਹੀ ਹੋਈ।

ਭਾਈ ਸਿੰਘਾ ਨੇ ਤੁਰਤ ਅੱਗੇ ਵਧ ਕੇ ਜਵਾਨਾਂ ਨੂੰ ਲਲਕਾਰਿਆ। ਇਕ ਪਾਸੇ ਸਰਕਾਰੀ ਫ਼ੌਜ ਦਾ ਜ਼ੋਰ ਵਧਦਾ ਜਾਂਦਾ ਸੀ। ਉਧਰ ਆਪ ਪਹੁੰਚ ਕੇ ਭਾਈ ਸਿੰਘਾ ਜੀ ਨੇ ਅੱਗੇ ਵਧ ਕੇ ਲੜਨਾ ਸ਼ੁਰੂ ਕੀਤਾ। ਆਪ ਦੇ ਨਾਲ ਹੀ ਭਾਈ ਤੋਤਾ, ਭਾਈ ਨਿਹਾਲੂ, ਭਾਈ ਤਿਲੋਕਾ ਤੇ ਭਾਈ ਅਨੰਤਾ ਦੇ ਸਾਥੀ ਵੀ ਪੂਰੇ ਜੋਸ਼ ਨਾਲ ਸਰਕਾਰੀ ਫ਼ੌਜ ਨੂੰ ਠਲ੍ਹ ਪਾਣ ਲਈ ਅੱਗੇ ਹੋ ਗਏ। ਸੂਰਿਆਂ ਨੇ ਦੁਸ਼ਮਣਾਂ ਦੇ ਆਹੂ ਲਾਹ ਸੁਟੇ। ਸਰਕਾਰੀ ਫ਼ੌਜ ਦੇ ਕੁਝ ਦਸਤੇ ਮੁਹੰਮਦ ਅਲੀ ਦੀ ਅਗਵਾਈ ਵਿਚ ਲੜਦੇ ਲੜਦੇ ਇਕ ਦੂਜੇ ਦੇ ਸਾਹਮਣੇ ਆ ਗਏ। ਮੁਹੰਮਦ ਅਲੀ ਨੇ ਦੁਗਾੜਾ ਚਲਾਇਆ ਜਿਸ ਦੀ ਇਕ ਗੋਲੀ ਭਾਈ ਸਿੰਘਾ ਦੇ ਘੋੜੇ ਨੂੰ ਲੱਗੀ ਤੇ ਉਹ ਥਾਂ ਤੇ ਹੀ ਵੱਟ ਖਾਂਦਾ ਹੋਇਆ ਡਿਗ ਪਿਆ। ਭਾਈ ਸਿੰਘਾ ਨੇ ਘੋੜੇ ਤੋਂ ਛਾਲ ਮਾਰ ਦਿਤੀ ਪਰ ਇਕ ਗੋਲੀ ਉਨ੍ਹਾਂ ਨੂੰ ਵੀ ਲੱਗੀ ਜੋ ਸਖ਼ਤ ਘਾਇਲ ਕਰ ਗਈ। ਭਾਈ ਸਿੰਘਾ ਡਿਗ ਪਏ। ਉਨ੍ਹਾਂ ਨੂੰ ਇਕ ਹੋਰ ਗੋਲੀ ਮਾਰੀ ਗਈ ਪਰ ਉਹ ਨਾ ਲੱਗੀ। ਭਾਈ ਸਿੰਘਾ ਜੀ ਨੇ ਲੇਟੇ ਹੋਏ ਹੀ ਇਕ ਤੀਰ, ਕਮਾਨ ਤੇ ਰੱਖ ਕੇ ਚਿਲੇ ਚਾਹੜ ਕੇ ਇਤਨੇ ਨਿਸ਼ਾਨੇ ਨਾਲ ਤੇ ਫ਼ੁਰਤੀ ਵਿਚ ਚਲਾਇਆ ਕਿ ਮੁਹੰਮਦ ਅਲੀ ਦੀ ਛਾਤੀ ਵਿਚੋਂ ਲੰਘ ਗਿਆ। ਮੁਹੰਮਦ ਅਲੀ ਦੀ ਹੋਸ਼ ਭੁਲ ਗਈ ਤੇ ਉਹ ਧਰਤੀ ਤੇ ਡਿਗ ਪਿਆ। ਡਿਗਦੇ ਸਾਰ ਹੀ ਉਸਦੀ ਜਾਨ ਨਿਕਲ ਗਈ।

ਫ਼ੌਜਾਂ ਦੋਵੇਂ ਪਾਸਿਆਂ ਦੇ ਮੁਖੀਆਂ ਨੂੰ ਡਿਗਿਆਂ ਦੇਖ ਕੇ ਗੁੱਸੇ ਨਾਲ ਹੱਥੋ-ਪਾਈ ਤੇ ਉਤਰ ਆਈਆਂ। ਗੁੱਥਮ-ਗੁੱਥਾ ਲੜਾਈ ਵਿਚ ਜਵਾਨ ਇਕ ਦੂਜੇ ਨੂੰ ਇਉਂ ਪਟਕਾ ਪਟਕਾ ਕੇ ਮਾਰਨ ਲਗ ਪਏ ਜਿਵੇਂ ਧੋਬੀ ਚੁਕ ਕੇ ਕਪੜੇ ਸੁਟਦਾ ਹੈ। ਇਸ ਸਮੇਂ ਹੀ ਭਾਈ ਸਿੰਘਾ ਜੀ ਸ਼ਹੀਦ ਹੋ ਗਏ। ਗੁਰੂ ਹਰਿਗੋਬਿੰਦ ਸਾਹਿਬ ਨੂੰ ਜਦ ਸੂਚਨਾ ਮਿਲੀ ਤਾਂ ਉਨ੍ਹਾਂ ਉਸ ਵੇਲੇ ਪੈਂਦੇ ਖ਼ਾਂ ਨੂੰ ਸਿੱਖ ਫ਼ੌਜ ਦਾ ਸੈਨਾਪਤੀ ਨੀਯਤ ਕਰ ਦਿਤਾ। ਇਉਂ ਭਾਈ ਭਾਨਾ ਤੋਂ ਪਿਛੋਂ ਸ਼ਹੀਦੀ ਪ੍ਰਾਪਤ ਕਰਨ ਵਾਲੀ ਦੂਜੀ ਮਹਾਨ ਹਸਤੀ ਭਾਈ ਸਿੰਘਾ ਜੀ ਸਨ। ਲੜਾਈ ਦਾ ਰੁਖ਼ ਅਜੇ ਤਕ ਬਰਾਬਰ ਜਾ ਰਿਹਾ ਸੀ। ਇਧਰੋਂ ਭਾਈ ਭਾਨਾ ਜੀ ਵਰਗੇ ਮਹਾਨ ਸੂਰਬੀਰ ਸ਼ਹੀਦ ਹੋ ਚੁਕੇ ਸਨ ਤੇ ਓਧਰੋਂ ਸਰਕਾਰੀ ਫ਼ੌਜ ਦੇ ਸਿਰਕੱਢ ਸੈਨਾਪਤੀ ਸ਼ਮਸ ਖ਼ਾਨ ਤੇ ਮੁਹੰਮਦ ਅਲੀ ਵੀ ਜਾਨ ਗੁਆ ਚੁਕੇ ਸਨ। ਪੈਂਦੇ ਖ਼ਾਨ ਗੁਰੂ ਸਾਹਿਬ ਵਲੋਂ ਹੁਕਮ ਮਿਲਦਿਆਂ ਹੀ ਦੁਸ਼ਮਣ ਤੇ ਇਉਂ ਝਪਟਿਆ, ਜਿਵੇਂ ਬਾਜ਼ ਸ਼ਿਕਾਰ ਨੂੰ ਜਾ ਪੈਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਆਪ ਵੀ ਜੰਗ ਦੇ ਮੈਦਾਨ ਵਿਚ ਪਹੁੰਚ ਗਏ ਤੇ ਆਪਣੇ ਬਾਣਾਂ ਨਾਲ ਸਰਕਾਰੀ ਫ਼ੌਜ ਵਿਚ ਤਰਥੱਲੀ ਪਾ ਦਿੱਤੀ। ਮੁਖ਼ਲਸ ਖ਼ਾਨ ਨੇ ਵੀ ਆਪਣੀ ਸਾਰੀ ਫ਼ੌਜ ਨੂੰ ਪੂਰੀ ਤਾਕਤ ਨਾਲ ਅੱਗੇ ਸੁੱਟ ਦਿੱਤਾ। ਤਲਵਾਰਾਂ ਨਾਲ ਤਲਵਾਰਾਂ ਖੜਕ ਕੇ ਬਿਜਲੀ ਵਾਂਗ ਚਮਕੀਆਂ। ਖ਼ੂਨ ਦੇ ਫ਼ੁਹਾਰੇ ਛੁਟ ਪਏ। ਤੀਰਾਂ ਤੇ ਗੋਲੀਆਂ ਦੀ ਵਰਖਾ ਸਾਵਣ ਭਾਦੋਂ ਦੀ ਝੜੀ ਵਾਂਗ ਹੋਣ ਲੱਗ ਪਈ। ਸਿੱਖ ਸੂਰਬੀਰਾਂ ਦੇ ਤੀਰ ਨਾਗਾਂ ਵਾਂਗ

ਛੂਕਾਰੇ ਮਾਰਦੇ ਦੁਸ਼ਮਣ ਦੇ ਛੇ ਛੇ ਫੁਟੇ ਜਵਾਨਾਂ ਨੂੰ ਧਰਤੀ ਤੇ ਲਿਟਾ ਰਹੇ ਸਨ ।

ਇਕ ਪਾਸੇ ਫ਼ੌਜ ਦੇ ਦਸਤੇ ਅਲੀ ਬੇਗ਼, ਬਹਾਦਰ ਖ਼ਾਨ, ਦੀਦਾਰ ਅਲੀ, ਇਸਮਾਈਲ ਖ਼ਾਨ ਤੇ ਮਿਹਰ ਅਲੀ ਦੀ ਅਗਵਾਈ ਵਿਚ ਅੱਜ ਦੋ-ਟੂਕ ਫ਼ੈਸਲਾ ਕਰਨ ਤੇ ਤੁਲੇ ਹੋਏ ਸਨ ਤੇ ਦੂਜੇ ਪਾਸੇ ਗੁਰੂ ਸਾਹਿਬ ਦੇ ਸਿੱਖ ਵੀ ਅੱਜ ਸ਼ਹੀਦੀਆਂ ਪਾਣ ਦੇ ਚਾਅ ਨਾਲ ਆਪਣੀ ਪੂਰੀ ਤਾਕਤ ਨਾਲ ਦੁਸ਼ਮਣ ਦੇ ਹਮਲੇ ਰੋਕ ਕੇ ਆਪਣੇ ਵਾਰ ਕਰ ਰਹੇ ਸਨ । ਸ਼ਹੀਦ ਭਾਈ ਸਿੰਘਾ ਦੇ ਜਵਾਨ ਪੁੱਤਰ ਨੇ ਪਿਤਾ ਦੀ ਸ਼ਹੀਦੀ ਪਿਛੋਂ ਆਪਣੇ ਦਸਤੇ ਨੂੰ ਇਤਨਾ ਤੇਜ਼ ਕੀਤਾ ਕਿ ਉਹ ਸਾਰੇ ਬਿਲਕੁਲ ਹੀ ਦੁਸ਼ਮਣ ਦੀ ਫ਼ੌਜ ਵਿਚ ਵੜ ਗਏ । ਅਜਿਹਾ ਘਮਸਾਨ ਪਿਆ ਕਿ ਆਪਣਾ ਪਰਾਇਆ ਪਛਾਣਨਾ ਔਖਾ ਹੋ ਗਿਆ ।

ਸਰਕਾਰੀ ਫ਼ੌਜ ਦਾ ਨੁਕਸਾਨ ਤਾਂ ਬੜਾ ਹੋਇਆ, ਪਰ ਉਹ ਪਿਛੇ ਕਿਸ ਤਰ੍ਹਾਂ ਹਟ ਸਕਦੇ ਸਨ । ਉਤਰੀ ਹਿੰਦੁਸਤਾਨ ਵਿਚ ਮੁਗ਼ਲ ਰਾਜ ਸਮੇਂ ਦੀ ਇਸ ਪਹਿਲੀ ਤੇ ਇਤਿਹਾਸਕ ਲੜਾਈ ਵਿਚ ਹਾਰ ਕੇ ਮੁਖ਼ਲਸ ਖ਼ਾਨ ਵੀ ਸ਼ਾਹ ਜਹਾਨ ਬਾਦਸ਼ਾਹ ਨੂੰ ਮੂੰਹ ਦਿਖਾਣ ਜੋਗਾ ਨਹੀਂ ਸੀ ਰਹਿ ਸਕਦਾ । ਇਸ ਲਈ ਉਹ ਜ਼ਿੰਦਗੀ ਮੌਤ ਦੀ ਲੜਾਈ ਬਣਾ ਕੇ ਲੜ ਰਿਹਾ ਸੀ । ਦੂਜੇ ਪਾਸੇ ਸ਼ਹੀਦੀਆਂ ਪਾ ਕੇ ਆਪਣੇ ਸ਼ਹੀਦਾਂ ਦੇ ਸਿਰਤਾਜ ਸਤਿਗੁਰੂ ਅਰਜਨ ਦੇਵ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਦੇ ਚਾਹਵਾਨ ਸਿਦਕੀ ਸਿੱਖ ਜੋ ਆਪਣਾ ਜੀਵਨ ਪਹਿਲਾਂ ਹੀ ਇਸ ਲੇਖੇ ਲਾ ਚੁਕੇ ਸਨ ।

ਬਹਾਦਰ ਖ਼ਾਨ ਤੇ ਉਸ ਦਾ ਸਾਰਾ ਦਸਤਾ ਮਾਰਿਆ ਗਿਆ ਪਰ ਉਨ੍ਹਾਂ ਪੈਰ ਪਿਛੇ ਨਾ ਹਟਾਇਆ । ਇਧਰੋਂ ਵੀ ਬਹੁਤ ਸਾਰੇ ਪਤਵੰਤੇ ਸਰਦਾਰ ਭਾਈ ਤੋਤਾ, ਭਾਈ ਤਿਲੋਕਾ, ਭਾਈ ਅਨੰਤਾ ਤੇ ਭਾਈ ਨਿਹਾਲਾ ਸ਼ਹੀਦ ਹੋ ਗਏ । ਇਹ ਸਾਰੇ ਹੀ ਆਪਣੀ ਆਪਣੀ ਥਾਂ ਖ਼ਾਸ ਮੁਖੀ ਤੇ ਪ੍ਰਸਿਧ ਹਸਤੀਆਂ ਸਨ । ਇਕ ਦਿਨ ਲੜਾਈ ਮਗਰੋਂ ਰਾਤ ਨੂੰ ਮੁਖ਼ਲਸ ਖ਼ਾਨ ਨੇ ਸੁਲਹ ਕਰਨ ਦਾ ਯਤਨ ਕੀਤਾ ਪਰ ਗੁਰੂ ਸਾਹਿਬ ਨੇ ਉਹਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ । ਦੂਜੇ ਦਿਨ ਦੀ ਲੜਾਈ ਵਿਚ ਮੁਖ਼ਲਸ ਖ਼ਾਨ ਆਪ ਅੱਗੇ ਆ ਗਿਆ ਤਾਂਕਿ ਫ਼ੌਜ ਦੇ ਹੌਸਲੇ ਡਿਗਣ ਤੋਂ ਬਚਾਏ ਜਾਣ । ਜਦ ਫਿਰ ਵੀ ਫ਼ੌਜ ਦੇ ਪੈਰ ਉਖੜਦੇ ਦੇਖੇ ਤਾਂ ਉਹਨੂੰ ਇਕ ਸਕੀਮ ਸੁਝ ਪਈ । ਉਹਨੇ ਗੁਰੂ ਸਾਹਿਬ ਨੂੰ ਵੰਗਾਰਿਆ ਕਿ ਆਪ ਆ ਕੇ ਮੇਰੇ ਨਾਲ ਲੜ ਲਓ, ਫ਼ੌਜ ਨੂੰ ਕਿਉਂ ਮਰਵਾਇਆ ਜਾ ਰਿਹਾ ਹੈ । ਗੁਰੂ ਸਾਹਿਬ ਨੇ ਉਹਦੀ ਤਜਵੀਜ਼ ਪਰਵਾਨ ਕਰ ਲਈ । ਉਸ ਨੇ ਕਿਹਾ ਕਿ ਤੀਰ ਕਮਾਨ ਨਾਲ ਨਹੀਂ ਲੜਨਾ, ਤਲਵਾਰ ਨਾਲ ਲੜਾਂਗਾ । ਗੁਰੂ ਸਾਹਿਬ ਨੇ ਤੀਰ ਕਮਾਨ ਰਖ ਦਿੱਤਾ ਤੇ ਖੰਡਾ ਫੜ ਲਿਆ । ਮੁਖ਼ਲਸ ਖ਼ਾਨ ਨੂੰ ਪਹਿਲਾਂ ਵਾਰ ਕਰਨ ਲਈ ਲਲਕਾਰਿਆ । ਉਹਨੇ ਵਾਰ ਕੀਤੇ, ਜੋ ਗੁਰੂ ਸਾਹਿਬ ਨੇ ਰੋਕ ਲਏ, ਪਰ ਜਦੋਂ ਇਨ੍ਹਾਂ ਆਪਣਾ ਭਾਰਾ ਖੰਡਾ ਪਹਿਲੀ ਵਾਰ ਹੀ ਚੁਕਿਆ ਤਾਂ ਉਹ ਮੁਖ਼ਲਸ ਖ਼ਾਨ ਦੀ ਢਾਲ ਨੂੰ ਚੀਰ ਕੇ ਸਰੀਰ ਨੂੰ ਦੋ ਫਾੜ ਕਰ ਗਿਆ । ਗੁਰੂ ਹਰਿਗੋਬਿੰਦ ਸਾਹਿਬ ਦਾ ਇਤਿਹਾਸਕ ਭਾਰਾ ਖੰਡਾ ਅਜੇ ਤਕ ਕਰਤਾਰਪੁਰ (ਜਲੰਧਰ) ਪਿਆ ਹੈ ਜਿਸ ਨੂੰ ਇਕ ਹੱਥ ਨਾਲ ਚੁੱਕਣਾ ਅੱਜ ਕਲ੍ਹ ਦੇ ਜਵਾਨਾਂ ਦੇ ਵਸ ਦੀ ਗੱਲ ਨਹੀਂ । ਮੁਖ਼ਲਸ ਖ਼ਾਨ ਦੀ ਮੌਤ ਨੇ ਸਰਕਾਰੀ ਫ਼ੌਜ ਦੀ

ਰਹਿੰਦੀ ਆਸ ਤੇ ਵੀ ਪਾਣੀ ਫੇਰ ਦਿੱਤਾ ਅਤੇ ਉਹ ਨੱਸ ਗਈ। ਇਉਂ ਸਿੱਖਾਂ ਦੀ ਪਹਿਲੀ ਲੜਾਈ ਵਿਚ ਸ਼ਾਨਦਾਰ ਜਿੱਤ ਹੋਈ।

ਜਦ ਲੜਾਈ ਪਿਛੋਂ ਗੁਰੂ ਸਾਹਿਬ ਲੋਹਗੜ੍ਹ ਵਲ ਆਏ ਤਾਂ ਪਤਾ ਲੱਗਾ ਕਿ ਇਥੇ 25 ਸਿੱਖਾਂ ਨੇ ਬੈਠ ਕੇ ਸਰਕਾਰੀ ਲਸ਼ਕਰ ਨੂੰ ਠਲ੍ਹ ਪਾਈ ਰੱਖੀ ਹੈ ਤੇ ਉਹ ਸਾਰੇ ਵਾਰੋ ਵਾਰੀ ਸ਼ਹੀਦ ਹੋ ਗਏ ਹਨ। ਉਨ੍ਹਾਂ ਦੇ ਸ਼ਹੀਦ ਸਰੀਰ ਸੰਭਾਲਣ ਲਈ ਜਦ ਗੁਰਦੇਵ ਆਪ ਆਏ ਤਾਂ ਭਾਈ ਮੋਹਨ ਅਤੇ ਭਾਈ ਗੁਪਾਲਾ ਸਖ਼ਤ ਜ਼ਖ਼ਮੀ ਪਏ ਜੀਵਨ ਦੀ ਅੰਤਮ ਘੜੀ ਦੀ ਉਡੀਕ ਕਰ ਰਹੇ ਸਨ। ਗੁਰੂ ਸਾਹਿਬ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਕੁਮਲਾਏ ਤੇ ਪੀਲੇ ਪਏ ਚਿਹਰੇ ਇਕ ਵਾਰ ਫਿਰ ਖਿੜ ਪਏ। ਉਹਨਾਂ ਦੀ ਤੇਜ਼ੀ ਨਾਲ ਰੰਗਤ ਬਦਲੀ ਤੇ ਉਹਨਾਂ ਮੁਸਕਰਾਂਦਿਆਂ ਹੋਇਆਂ ਗੁਰੂ ਸਾਹਿਬ ਵਲ ਦੇਖ ਕੇ ਕਿਹਾ—"ਬੜੀ ਕਿਰਪਾ ਕੀਤੀ ਜੇ, ਅਸੀਂ ਪਏ ਉਡੀਕਦੇ ਸਾਂ। ਸਾਡੀ ਆਖ਼ਰੀ ਇੱਛਾ ਵੀ ਪੂਰੀ ਹੋ ਗਈ ਹੈ। ਅਸੀਂ ਤੁਹਾਡੀ ਗੋਦੀ ਵਿਚ ਹੀ ਜੀਵਨ ਦਾ ਅੰਤਮ ਸਵਾਸ ਲੈਣਾ ਚਾਹੁੰਦੇ ਸਾਂ।" ਗੁਰੂ ਸਾਹਿਬ ਨੇ ਪਿਆਰ ਦਿੱਤਾ ਤੇ ਉਹਨਾਂ ਦੇ ਸਿਰ ਲਾਡ ਨਾਲ ਆਪਣੀ ਝੋਲੀ ਵਿਚ ਰਖ ਲਏ। ਉਨ੍ਹਾਂ ਨੇ ਅੰਤਮ ਸਾਹ ਲਏ ਤੇ ਸ਼ਹੀਦੀ ਜਾਮ ਪੀ ਗਏ।

ਇਸ ਲੜਾਈ ਦੇ ਸ਼ਹੀਦਾਂ ਦੇ ਸਰੀਰ ਆਸ ਪਾਸ ਦੂਰ ਦੂਰ ਤਕ ਫਿਰ ਕੇ ਇਕੱਠੇ ਕੀਤੇ ਤੇ ਅੰਗੀਠਾ ਤਿਆਰ ਕਰਵਾ ਕੇ ਸਸਕਾਰ ਕਰ ਦਿੱਤਾ। ਗੁਰਦੁਆਰਾ ਸੰਗਰਾਣਾ ਸਾਹਿਬ ਇਸੇ ਮਹਾਨ ਇਤਿਹਾਸਕ ਯੁਧ ਵਿਚ ਸ਼ਹੀਦ ਹੋਏ ਸਿੱਖਾਂ ਦੀ ਅੰਤਮ ਯਾਦਗਾਰ ਹੈ। ਜਦ ਸਰੀਰ ਅਗਨੀ ਭੇਟ ਕਰ ਦਿਤੇ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹਾ—"ਇਹ ਸ਼ਹੀਦ ਪੂਰਨ ਪਦਵੀ ਨੂੰ ਪ੍ਰਾਪਤ ਹੋਏ ਹਨ।"

ਪਹਿਲੀਆਂ ਲੜਾਈਆਂ ਦੇ ਸ਼ਹੀਦ

ਪੰਜਾਬ ਦੇ ਪਿੰਡਾਂ ਵਿਚ ਅਖਾਉਤ ਪ੍ਰਸਿੱਧ ਹੈ ਕਿ ਜਦੋਂ ਢੋਲ ਵੱਜੇ ਤਾਂ ਨੱਚਣ ਵਾਲੇ ਦੇ ਪੈਰ ਆਪੇ ਉਠਣ ਲਗ ਪੈਂਦੇ ਹਨ। ਢੋਲ ਦੀ ਆਵਾਜ਼ ਉਹਨੂੰ ਖਿਚਦੀ ਤੇ ਨੱਚਣ ਲਈ ਮਜਬੂਰ ਕਰ ਦੇਂਦੀ ਹੈ। ਉਰਦੂ ਵਿਚ ਕਿਹਾ ਜਾਂਦਾ ਹੈ ਕਿ ਸ਼ਮ੍ਹਾਂ ਜਲਦੀ ਦੇਖ ਕੇ ਪ੍ਰਵਾਨੇ ਕੁਰਬਾਨ ਹੋਣ ਲਈ ਆਪੇ ਪਹੁੰਚ ਜਾਂਦੇ ਹਨ। ਇਹੋ ਹਾਲ ਸ਼ਹੀਦਾਂ ਦਾ ਹੈ। ਜਦ ਵੀ ਧਰਮ-ਯੁੱਧ ਸ਼ੁਰੂ ਹੋਵੇ, ਸੱਚ ਝੂਠ ਨਾਲ ਟੱਕਰ ਲੈਣ ਲਈ ਤੱਤਪਰ ਹੋ ਜਾਏ, ਮਜ਼ਲੂਮ ਜ਼ੁਲਮ ਦਾ ਸ਼ਿਕਾਰ ਹੋਣ ਤੋਂ ਇਨਕਾਰ ਕਰ ਦੇਣ ਤੇ ਨੇਕੀ ਬਦੀ ਨੂੰ ਮਿਟਾਣ ਲਈ ਨਿੱਤਰ ਪਵੇ ਤਾਂ ਉਸ ਸਮੇਂ ਸੱਚ, ਨੇਕੀ ਤੇ ਮਜ਼ਲੂਮਾਂ ਦੀ ਮਦਦ ਲਈ ਸੂਰਮੇਂ ਆਪਣੇ ਆਪ ਮੈਦਾਨ ਵਿਚ ਨਿਕਲ ਆਉਂਦੇ ਹਨ ਜੋ ਆਪਣੀ ਕੁਰਬਾਨੀ ਦੇ ਕੇ ਸੱਚ ਤੇ ਨੇਕੀ ਦੀ ਸਫਲਤਾ ਲਈ ਰਾਹ ਬਣਾ ਦੇਂਦੇ ਹਨ।

ਇਹੋ ਹਾਲ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਦੇ ਇਤਿਹਾਸ ਦੇ ਪੱਤਰੇ ਫੋਲਣ ਤੇ ਸਾਹਮਣੇ ਆਉਂਦਾ ਹੈ। ਪਹਿਲੇ ਪੰਜ ਗੁਰੂ ਸਾਹਿਬਾਨ ਨੇ ਆਪਣੇ ਪਰਚਾਰ, ਆਦਰਸ਼ਕ ਜੀਵਨ ਤੇ ਨਾਮ ਬਾਣੀ ਦੇ ਪ੍ਰਵਾਹ ਨਾਲ ਜਗਤ ਦਾ ਕਲਿਆਣ ਕੀਤਾ। ਲੋਕਾਂ ਨੂੰ ਜੀਵਨ ਦੀ ਨਰੋਈ ਤੇ ਠੀਕ ਕੀਮਤ ਤੋਂ ਜਾਣੂ ਕਰਾਇਆ ਤੇ ਜ਼ੁਲਮ, ਕੁਫ਼ਰ, ਝੂਠ ਤੇ ਮਾਨਵ-ਵਿਰੋਧੀ ਜੀਵਨ ਕੀਮਤਾਂ ਵਿਰੁੱਧ ਖੜ੍ਹਾ ਕੀਤਾ। ਇਸੇ ਜੀਵਨ-ਜਾਚ ਸਦਕਾ ਭਾਈ ਤਾਰਾ ਜੀ ਨੂੰ ਬਾਬਰ ਦੀ ਜ਼ੁਲਮੀ ਫ਼ੌਜ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ। ਗੁਰੂ ਅਰਜਨ ਦੇਵ ਜੀ ਨੂੰ ਅਕਹਿ ਤੇ ਅਸਹਿ ਕਸ਼ਟ ਸਹਿ ਕੇ ਸ਼ਹਾਦਤ ਪਾਣੀ ਪਈ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਲਹਿਰ ਨੇ ਇਕ ਨਵਾਂ ਮੋੜ ਖਾਧਾ ਤੇ ਤਲਵਾਰ ਮੈਦਾਨ ਵਿਚ ਖੜਕਣ ਲਗ ਪਈ। ਜ਼ੁਲਮ ਦੀ ਤਲਵਾਰ ਨੂੰ ਤਲਵਾਰ ਨਾਲ ਹੀ ਖ਼ਤਮ ਕੀਤਾ ਜਾਣ ਲਗ ਪਿਆ। ਸਿਆਣੇ ਡਾਕਟਰ ਕਹਿੰਦੇ ਹਨ ਕਿ ਜ਼ਹਿਰ ਨੂੰ ਜ਼ਹਿਰ ਹੀ ਕਾਟ ਕਰਦਾ ਹੈ। ਤਲਵਾਰ ਨੂੰ ਤਲਵਾਰ ਨਾਲ ਹੀ ਠੀਕ ਕੀਤਾ ਜਾ ਸਕਦਾ ਸੀ ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਤਲਵਾਰ ਉਠਾਈ।

ਜਦ ਧਰਮ-ਯੁੱਧ ਦਾ ਬਿਗਲ ਵੱਜਾ, ਸਚਾਈ ਦੇ ਨਗਾਰੇ ਤੇ ਚੋਟ ਮਾਰੀ ਗਈ ਤਾਂ ਸ਼ਹੀਦੀਆਂ ਪਾਣ ਵਾਲੇ ਪਰਵਾਨੇ ਵੀ ਸ਼ਮ੍ਹਾਂ ਦੁਆਲੇ ਆ ਕੇ ਜੁੜਨ ਲਗ ਪਏ। ਇਹ ਸਾਰੇ ਪਰਵਾਨੇ ਉਹ ਸਨ ਜਿਹਨਾਂ ਨੂੰ ਘਰ ਘਾਟ, ਬਾਲ ਬੱਚੇ ਦਾ ਮੋਹ, ਪਿਆਰ ਤੇ ਖਿਚ, ਕੁਰਬਾਨੀ ਕਰਨ ਤੋਂ ਰੋਕ ਨਹੀਂ ਸੀ ਸਕਦੀ। ਇਹ ਸਾਰੇ ਉਹ ਸੂਰਮੇ ਸਨ ਜੋ ਆਪਾ ਵਾਰਨਾ ਆਪਣੀ ਖ਼ੁਸ਼ਕਿਸਮਤੀ ਤੇ ਜੀਵਨ-ਜਿੱਤ ਸਮਝਦੇ ਸਨ। ਜਿਨ੍ਹਾਂ ਦੇ ਮਨਾਂ ਦੇ ਅੰਦਰ ਇਹ ਵਿਸ਼ਵਾਸ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਰਚਾਏ ਧਰਮ-ਯੁੱਧ ਵਿਚ ਸ਼ਹੀਦ ਹੋਣ ਵਾਲਾ ਮੁਕਤ ਹੋ ਜਾਏਗਾ। ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਪਿਆਰਾ ਲੱਗੇਗਾ ਤੇ ਉਹਨਾਂ ਦੀ ਗੋਦੀ ਵਿਚ ਥਾਂ ਮਿਲੇਗੀ। ਲਾਹੌਰ ਅੰਮ੍ਰਿਤਸਰ ਵਿਚਕਾਰ ਹੋਈ ਸਰਕਾਰੀ ਫ਼ੌਜ ਨਾਲ

ਪਹਿਲੀ ਲੜਾਈ ਵਿਚ ਭਾਈ ਭਾਨਾ, ਭਾਈ ਸਿੰਘਾ, ਭਾਈ ਤੋਤਾ, ਭਾਈ ਤਿਲੋਕਾ, ਭਾਈ ਅਨੰਤਾ, ਭਾਈ ਨਿਹਾਲਾ, ਭਾਈ ਮੋਹਨ ਤੇ ਭਾਈ ਗੋਪਾਲਾ ਸ਼ਹੀਦੀਆਂ ਪਾ ਗਏ ।

ਮੁਗ਼ਲ ਹਕੂਮਤ ਵਿਰੁੱਧ ਸਿੱਖਾਂ ਦੀ ਪਹਿਲੀ ਲੜਾਈ ਵਿਚ ਸ਼ਾਨਦਾਰ ਜਿੱਤ ਨੇ ਸਾਰੇ ਮਾਝੇ ਵਿਚ ਇਕ ਨਵਾਂ ਜੋਸ਼ ਤੇ ਉਤਸ਼ਾਹ ਪੈਦਾ ਕਰ ਦਿਤਾ । ਗੁਰੂ ਸਾਹਿਬ ਦੇ ਕਈ ਸੂਰਬੀਰ ਜਵਾਨ ਸ਼ਹੀਦ ਹੋ ਗਏ ਪਰ ਉਹਨਾਂ ਦੇ ਧਰਤੀ ਤੇ ਡੁੱਲੇ ਖ਼ੂਨ ਦੇ ਇਕ ਇਕ ਕਤਰੇ ਨੇ ਸ਼ਹੀਦ ਹੋਣ ਲਈ ਨਵੇਂ ਜਵਾਨ ਨਿਤਾਰ ਦਿੱਤੇ । ਸੈਂਕੜੇ ਗਭਰੂ ਗੁਰੂ ਹਰਿਗੋਬਿੰਦ ਸਾਹਿਬ ਦੇ ਪਾਸ ਪਹੁੰਚਣ ਲਗ ਪਏ ਜੋ ਆਪਣੇ ਆਪ ਨੂੰ ਸੇਵਾ ਲਈ ਅਰਪਨ ਕਰਦੇ । ਗੁਰੂ ਸਾਹਿਬ ਉਨ੍ਹਾਂ ਵਿਚੋਂ ਨਿਸ਼ਕਾਮ ਸੇਵਾ ਤੇ ਕੁਰਬਾਨੀ ਕਰਨ ਦੇ ਸਮਰੱਥ ਜਵਾਨਾਂ ਦੀ ਚੋਣ ਕਰ ਲੈਂਦੇ । ਇਉਂ ਭਾਵੇਂ ਗਿਣਤੀ ਵਿਚ ਫ਼ੌਜ ਬਹੁਤ ਵੱਡੀ ਨਹੀਂ ਸੀ ਪਰ ਸਾਰੇ ਚੰਗੇ ਸਰੀਰ, ਸੋਹਣੇ ਪ੍ਰਭਾਵਸ਼ਾਲੀ ਚਿਹਰੇ, ਉਚੇ ਆਚਰਣ ਵਾਲੇ ਤੇ ਪੂਰਨ ਗੁਰਸਿੱਖ ਸਨ । ਇਸ ਲਈ ਗੁਰੂ ਸਾਹਿਬ ਨੂੰ ਵੀ ਉਨ੍ਹਾਂ ਦੀ ਬੀਰਤਾ ਤੇ ਵਿਸ਼ਵਾਸ ਸੀ । ਇਤਨੇ ਵੱਡੇ ਮੁਗ਼ਲ ਸਾਮਰਾਜ ਨਾਲ ਟੱਕਰ ਇਨ੍ਹਾਂ ਬਹਾਦਰਾਂ ਦੇ ਸਿਰ ਤੇ ਹੀ ਲਈ ਜਾ ਸਕਦੀ ਸੀ ।

1628 ਈ: ਨੂੰ ਪਹਿਲੀ ਲੜਾਈ ਹੋਈ । ਉਸ ਤੋਂ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰੋਂ ਸ੍ਰੀ ਹਰਿਗੋਬਿੰਦਪੁਰ ਪਹੁੰਚੇ । ਉਸ ਇਲਾਕੇ ਦਾ ਮਾਲਗੁਜ਼ਾਰ ਉਨ੍ਹਾਂ ਦਿਨਾਂ ਵਿਚ ਭਗਵਾਨ ਦਾਸ ਘੇਰੜ ਸੀ, ਜੋ ਗੁਰੂ ਘਰ ਨਾਲ ਵੈਰ ਰਖਦਾ ਸੀ । ਉਹਨ ਆ ਕੇ ਗੁਰੂ ਸਾਹਿਬ ਨੂੰ ਧਮਕੀ ਦਿਤੀ ਕਿ ਤੁਸੀਂ ਇਥੋਂ ਚਲੇ ਜਾਓ, ਨਹੀਂ ਤਾਂ ਮੈਂ ਅਪਮਾਨ ਕਰ ਕੇ ਕਢਵਾ ਦਿਆਂਗਾ । ਗੁਰੂ ਸਾਹਿਬ ਨੇ ਬੜੇ ਸ਼ਾਂਤ-ਚਿਤ ਹੋ ਕੇ ਉਹਦੀਆਂ ਗੱਲਾਂ ਸੁਣ ਲਈਆਂ ਪਰ ਸਿੱਖਾਂ ਲਈ ਬਰਦਾਸ਼ਤ ਕਰਨੀਆਂ ਮੁਸ਼ਕਲ ਸਨ । ਬਾਹਰ ਆ ਕੇ ਉਹਨੇ ਗੁਰ-ਗੱਦੀ ਦੇ ਵਿਰੁੱਧ ਵੀ ਬੋਲਣਾ ਸ਼ੁਰੂ ਕਰ ਦਿੱਤਾ । ਜਦ ਸਿੱਖਾਂ ਨੇ ਰੋਕਿਆ ਤਾਂ ਉਹਦੇ ਨਾਲ ਆਏ ਆਦਮੀਆਂ ਨੇ ਹਮਲਾ ਕਰ ਦਿੱਤਾ । ਸਿੱਖ ਉਦੋਂ ਹਰ ਸਮੇਂ ਤਿਆਰ ਬਰ ਤਿਆਰ ਰਿਹਾ ਕਰਦੇ ਸਨ, ਇਸ ਲਈ ਉਹਨਾਂ ਨੂੰ ਅਚਾਨਕ ਲੜਾਈ ਵਿਚ ਵੀ ਨੁਕਸਾਨ ਨਾ ਉਠਾਣਾ ਪਿਆ ਤੇ ਝਟ ਦੀ ਝੜਪ ਵਿਚ ਭਗਵਾਨ ਦਾਸ ਘੇਰੜ ਮਾਰਿਆ ਗਿਆ ਤੇ ਉਹਦੇ ਆਦਮੀ ਨੱਸ ਗਏ । ਸਿੱਖਾਂ ਨੇ ਉਸਦੀ ਲਾਸ਼ ਚੁਕ ਕੇ ਦਰਿਆ ਵਿਚ ਸੁੱਟ ਦਿੱਤੀ ।

ਭਗਵਾਨ ਦਾਸ ਦਾ ਪੁੱਤਰ ਰਤਨ ਚੰਦ ਪਿਤਾ ਦਾ ਬਦਲਾ ਲੈਣ ਲਈ ਜਲੰਧਰ ਪਹੁੰਚ ਗਿਆ । ਉਧਰੋਂ ਚੰਦੂ ਲਾਲ ਦਾ ਪੁੱਤਰ ਕਰਮ ਚੰਦ ਵੀ ਜਲੰਧਰ ਸੱਦ ਲਿਆ । ਦੋਹਾਂ ਦੇ ਪਿਉ ਮਾਰੇ ਗਏ ਸਨ, ਇਸ ਲਈ ਉਨ੍ਹਾਂ ਨੇ ਮਿਲਵੀਂ ਸਾਜ਼ਿਸ਼ ਕਰ ਕੇ ਜਲੰਧਰ ਦੇ ਸੂਬੇਦਾਰ ਅਬਦੁੱਲਾ ਖ਼ਾਂ ਦੇ ਕੰਨ ਭਰੇ ਤੇ ਫ਼ਰਿਆਦ ਕੀਤੀ । ਉਨ੍ਹਾਂ ਦੀ ਗੱਲ ਸੁਣ ਕੇ ਸੂਬੇਦਾਰ ਅਬਦੁੱਲਾ ਖ਼ਾਂ ਨੇ ਪੰਜ ਹਜ਼ਾਰ ਫ਼ੌਜ ਆਪਣੀ ਤੇ ਬਾਕੀ ਜਗੀਰਦਾਰਾਂ ਦੀ ਇਕੱਠੀ ਕਰ ਕੇ ਚੜ੍ਹਾਈ ਦਾ ਹੁਕਮ ਦੇ ਦਿੱਤਾ । ਦਸ ਹਜ਼ਾਰ ਫ਼ੌਜ ਨੇ ਸ੍ਰੀ ਹਰਿਗੋਬਿੰਦਪੁਰ ਵਲ ਧਾਵਾ ਬੋਲ ਦਿੱਤਾ ।

ਗੁਰੂ ਹਰਿਗੋਬਿੰਦ ਸਾਹਿਬ ਨੂੰ ਵੀ ਪਤਾ ਸੀ ਕਿ ਜਲੰਧਰ ਤੋਂ ਫ਼ੌਜ ਆ ਰਹੀ ਹੈ, ਇਸ ਲਈ ਉਹਨਾਂ ਨੇ ਵੀ ਆਪਣੀ ਫ਼ੌਜ ਨੂੰ ਇਕੱਠਾ ਕਰ ਲਿਆ ਤੇ ਸੈਨਾਪਤੀ

ਭਾਈ ਜੱਟੂ ਨੂੰ ਥਾਪ ਦਿੱਤਾ। ਭਾਈ ਜੱਟੂ ਬੜੇ ਨਾਮਵਰ ਸੂਰਬੀਰ ਸਨ। ਪਹਿਲੀ ਲੜਾਈ ਵਿਚ ਉਨ੍ਹਾਂ ਬੜੀ ਬਹਾਦਰੀ ਦਿਖਾਈ ਸੀ ਤੇ ਉਨ੍ਹਾਂ ਦੇ ਪਾਸੇ ਦੁਸ਼ਮਣ ਦੀਆਂ ਫ਼ੌਜਾਂ ਗਜ਼ ਵੀ ਅੱਗੇ ਨਹੀਂ ਸਨ ਆ ਸਕੀਆਂ। ਉਹਨਾਂ ਦੀ ਭਗਤੀ, ਸ਼ਸਤਰ ਚਲਾਣ ਦੀ ਮੁਹਾਰਤ ਤੇ ਸਾਰਿਆਂ ਵਿਚ ਸਤਿਕਾਰੇ ਜਾਣ ਵਾਲੀ ਸ਼ਖ਼ਸੀਅਤ ਹੋਣ ਕਾਰਨ ਦੂਜੇ ਯੁੱਧ ਵਿਚ ਉਨ੍ਹਾਂ ਨੂੰ ਪਹਿਲੇ ਸੈਨਾਪਤੀ ਬਣਾ ਦਿੱਤਾ ਗਿਆ। ਉਦੋਂ ਅੱਜ ਦੇ ਯੁੱਗ ਵਰਗੇ ਸੈਨਾਪਤੀ ਨਹੀਂ ਸਨ ; ਜਿਨ੍ਹਾਂ ਨੂੰ ਹੈੱਡ ਕੁਆਰਟਰ ਤੇ ਰਹਿ ਕੇ ਫ਼ੌਜ ਦੀ ਕਮਾਨ ਕਰਨੀ ਪੈਂਦੀ ਹੈ। ਉਦੋਂ ਸੈਨਾਪਤੀ ਹੁੰਦਾ ਸੀ ਜੋ ਸਾਰਿਆਂ ਨਾਲੋਂ ਵੱਧ ਸਿਆਣਾ ਹੋਣ ਦੇ ਨਾਲ ਨਾਲ ਅੱਗੇ ਹੋ ਕੇ ਵੱਧ ਚੰਗੀ ਤਰ੍ਹਾਂ ਲੜਨ ਦੀ ਯੋਗਤਾ ਰਖਦਾ ਹੋਵੇ।

ਜਲੰਧਰ ਤੋਂ ਆਈ ਫ਼ੌਜ ਦੀ ਅਗਵਾਈ ਮੁਹੰਮਦ ਖ਼ਾਨ ਕਰ ਰਿਹਾ ਸੀ। ਇਧਰੋਂ ਭਾਈ ਜੱਟੂ ਜੀ ਆਪਣੀ ਫ਼ੌਜ ਲੈ ਕੇ ਮੈਦਾਨ ਵਿਚ ਪਹੁੰਚੇ। ਬੰਦੂਕਾਂ ਚੱਲੀਆਂ ਤੇ ਘੋੜੇ ਇਕ ਦੂਜੇ ਦੀ ਫ਼ੌਜ ਦੇ ਵਿਚ ਜਾ ਵੜੇ। ਝਟ ਤਲਵਾਰਾਂ ਦੇ ਨਾਲ ਵੱਢਾ-ਟੁਕੀ ਸ਼ੁਰੂ ਹੋ ਗਈ। ਸੈਨਾਪਤੀ ਭਾਈ ਜੱਟੂ ਦੇ ਸਾਹਮਣੇ ਮੁਹੰਮਦ ਖ਼ਾਨ ਆ ਗਿਆ ਤਾਂ ਭਾਈ ਜੱਟੂ ਨੇ ਵੰਗਾਰ ਕੇ ਕਿਹਾ, "ਹੁਣ ਭੱਜਣਾ ਨਹੀਂ, ਆ ਮੁਕਾਬਲਾ ਕਰ ਕੇ ਇਥੇ ਹੀ ਫ਼ੈਸਲਾ ਕਰ ਲਈਏ।"

ਮੁਹੰਮਦ ਖ਼ਾਨ ਨੇ ਇਸ ਲਲਕਾਰ ਦਾ ਮੂੰਹ ਤੋੜ ਉੱਤਰ ਦੇਣ ਤੋਂ ਪਹਿਲਾਂ ਹੀ ਤੀਰ ਆਪਣੀ ਕਮਾਨ ਤੋਂ ਕੱਢ ਦਿੱਤਾ। ਨਿਸ਼ਾਨਾ ਠੀਕ ਨਾ ਲੱਗਾ ਤੇ ਤੀਰ ਭਾਈ ਜੱਟੂ ਦੀ ਥਾਂ ਉਨ੍ਹਾਂ ਦੇ ਘੋੜੇ ਨੂੰ ਲੱਗਾ ਤੇ ਉਹ ਉਥੇ ਹੀ ਡਿਗ ਪਿਆ। ਭਾਈ ਜੱਟੂ ਨੇ ਛਾਲ ਮਾਰ ਦਿੱਤੀ ਤੇ ਥਲੇ ਡਿਗਦਿਆਂ ਹੀ ਬੰਦੂਕ ਸਿੱਧੀ ਕਰ ਕੇ ਮੁਹੰਮਦ ਖ਼ਾਨ ਨੂੰ ਗੋਲੀ ਮਾਰੀ। ਉਹਨੇ ਤੀਰ ਛਡਿਆ ਜੋ ਆ ਕੇ ਭਾਈ ਜੱਟੂ ਨੂੰ ਵੱਜਾ। ਗੋਲੀ ਤੇ ਤੀਰ ਦੋਵੇਂ ਆਪਣਾ ਕੰਮ ਕਰ ਗਏ ਤੇ ਦੋਹਾਂ ਪਾਸਿਆਂ ਦੇ ਸੈਨਾਪਤੀ ਪਹਿਲੀ ਟੱਕਰ ਵਿਚ ਹੀ ਬੀਰ ਕਿਰਿਆ ਕਰ ਕੇ ਰਣਭੂਮੀ ਵਿਚ ਸਦਾ ਲਈ ਸੌਂ ਗਏ।

ਅਬਦੁੱਲਾ ਖ਼ਾਨ ਨੂੰ ਜਦ ਪਤਾ ਲੱਗਾ ਤਾਂ ਉਹਨੇ ਬੈਰਮ ਖ਼ਾਨ ਨੂੰ ਸੈਨਾਪਤੀ ਨਿਯਤ ਕਰ ਦਿੱਤਾ। ਇਧਰੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਜਦ ਭਾਈ ਜੱਟੂ ਦੇ ਸ਼ਹੀਦ ਹੋਣ ਦੀ ਇਤਲਾਹ ਮਿਲੀ ਤਾਂ ਉਨ੍ਹਾਂ ਭਾਈ ਮਥਰਾ ਜੀ ਨੂੰ ਸੈਨਾਪਤੀ ਬਣਾ ਦਿੱਤਾ ਕਿਉਂਕਿ ਇਨ੍ਹਾਂ ਦੀ ਸ਼ਖ਼ਸੀਅਤ, ਵਿਦਵਤਾ ਤੇ ਦਲੇਰੀ ਦੀਆਂ ਵੀ ਧੁੰਮਾਂ ਪਈਆਂ ਹੋਈਆਂ ਸਨ। ਭਾਈ ਮਥਰਾ ਜੀ ਨੇ ਸਤਿਗੁਰੂ ਨੂੰ ਨਮਸਕਾਰ ਕਰ ਕੇ ਆਸ਼ੀਰਵਾਦ ਲਿਆ ਤੇ ਆ ਕੇ ਸੂਰਬੀਰਾਂ ਨੂੰ ਲਲਕਾਰਿਆ ਤੇ ਉੱਚੀ ਆਵਾਜ਼ ਵਿਚ ਕਿਹਾ, "ਹਰ ਮਨੁੱਖ ਦੇ ਸਿਰ ਤੇ ਇਕ ਨਾ ਇਕ ਦਿਨ ਮੌਤ ਨੇ ਆ ਖੜ੍ਹਾ ਹੋਣਾ ਹੈ। ਜੋ ਘੜਿਆ ਹੈ ਉਹਨੇ ਇਕ ਦਿਨ ਜ਼ਰੂਰ ਭਜ ਜਾਣਾ ਹੈ। ਦੁਨੀਆਂ ਤੇ ਲੱਖਾਂ ਮਨੁੱਖ ਆਏ ਤੇ ਮਰ ਗਏ ਪਰ ਧਰਮ-ਯੁੱਧ ਵਿਚ ਜੂਝਣਾ ਇਕ ਅਜਿਹੀ ਮੌਤ ਹੈ ਜੋ ਭਾਗਾਂ ਵਾਲੇ ਨੂੰ ਪ੍ਰਾਪਤ ਹੁੰਦੀ ਹੈ। ਸ਼ਹੀਦੀ ਪਿਆਲੇ ਜੋ ਪੀਵੇਗਾ ਉਸ ਨੂੰ ਸੱਚਖੰਡ ਵਿਚ ਨਿਵਾਸ ਮਿਲੇਗਾ।"

ਇਸ ਤਕਰੀਰ ਦਾ ਦਿਲਾਂ ਤੇ ਅਸਰ ਪਿਆ। ਜਵਾਨਾਂ ਦਾ ਖ਼ੂਨ ਜੋਸ਼ ਨਾਲ ਨਾੜੀਆਂ ਵਿਚ ਪਲਸੇਟੇ ਖਾਣ ਲਗ ਪਿਆ। ਡੌਲੇ ਫ਼ਰਕਣ ਲੱਗ ਪਏ ਤੇ ਬਾਂਹਵਾਂ

ਆਪਣੇ ਆਪ ਸ਼ਸਤਰ ਚਲਾਣ ਲਈ ਤਿਆਰ ਹੋਣ ਲਗ ਪਈਆਂ।

ਝਟ ਫਿਰ ਦੋਵੇਂ ਦਲ ਆਪਣੇ ਨਵੇਂ ਸੈਨਾਪਤੀ ਦੀ ਕਮਾਨ ਹੇਠ ਜੰਗ ਵਿਚ ਕੁਦ ਪਏ। ਤਲਵਾਰ ਤੇ ਤਲਵਾਰ ਚਲਣ ਲੱਗੀ। ਬੰਦੂਕਾਂ ਦੀ ਆਵਾਜ਼ ਦੂਰ ਦੂਰ ਤਕ ਸੁਣਾਈ ਦੇਣ ਲਗ ਪਈ। ਧਰਤੀ ਕੁਝ ਪਹਿਲੀ ਟੱਕਰ ਨਾਲ ਲਾਲ ਹੋ ਗਈ ਸੀ ਤੇ ਬਾਕੀ ਕਸਰ ਹੁਣ ਦੂਜੀ ਵਾਰ ਪੂਰੀ ਹੋ ਗਈ। ਭਾਈ ਮਥਰਾ ਜੀ ਆਪਣੇ ਜਵਾਨਾਂ ਨੂੰ ਲਲਕਾਰਦੇ ਹੋਏ ਆਪ ਸਭ ਤੋਂ ਅੱਗੇ ਹੋ ਕੇ ਲੜ ਰਹੇ ਸਨ। ਉਹਨਾਂ ਦਾ ਜੋਸ਼ ਤੇ ਫੁਰਤੀ ਵੇਖ ਕੇ ਬਾਕੀ ਸੂਰਬੀਰ ਵੀ ਆਪਣੇ ਪੂਰੇ ਜੋਸ਼ ਨਾਲ ਅੱਗੇ ਵਧਦੇ ਜਾ ਰਹੇ ਸਨ। ਭਾਈ ਮਥਰਾ ਜੀ ਦੇ ਸਾਹਮਣੇ ਜਦ ਬੈਰਮ ਖ਼ਾਨ ਆਇਆ ਤਾਂ ਉਹਨਾਂ ਇਕ ਗੋਲੀ ਮਾਰੀ ਜੋ ਬੈਰਮ ਖ਼ਾਨ ਦੇ ਘੋੜੇ ਨੂੰ ਲੱਗੀ ਤੇ ਡਿਗ ਪਿਆ। ਬੈਰਮ ਖ਼ਾਨ ਨੂੰ ਪੈਦਲ ਵੇਖ ਕੇ ਭਾਈ ਮਥਰਾ ਜੀ ਨੇ ਵੀ ਆਪਣੇ ਘੋੜੇ ਤੋਂ ਛਾਲ ਮਾਰ ਦਿੱਤੀ ਤੇ ਬੈਰਮ ਖ਼ਾਨ ਨਾਲ ਜਾ ਗੁੱਥਮ-ਗੁੱਥਾ ਹੋਏ। ਬੈਰਮ ਖ਼ਾਨ ਦਾ ਸਾਰਾ ਸਰੀਰ ਲੋਹੇ ਦੀ ਪੁਸ਼ਾਕ ਨਾਲ ਜਕੜਿਆ ਪਿਆ ਸੀ, ਇਸ ਲਈ ਉਸ ਤੇ ਤਲਵਾਰ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਝਟ ਭਾਈ ਮਥਰਾ ਜੀ ਨੂੰ ਇਸ ਗੱਲ ਦਾ ਗਿਆਨ ਹੋ ਗਿਆ, ਉਹਨਾਂ ਦੌੜ ਕੇ ਉਹਨੂੰ ਜੱਫਾ ਪਾ ਲਿਆ ਤੇ ਤੇਜ਼ੀ ਨਾਲ ਉਹਦੀ ਕਟਾਰ ਹੀ ਉਹਦੇ ਗਾਤਰਿਉਂ ਖਿਚ ਕੇ ਉਸ ਦੇ ਮੂੰਹ ਵਿਚ ਜ਼ੋਰ ਨਾਲ ਮਾਰੀ। ਬੈਰਮ ਖ਼ਾਨ ਨੂੰ ਇਸ ਗੱਲ ਦਾ ਮਾਣ ਸੀ ਕਿ ਉਹਦੇ ਲੋਹੇ ਜੜੇ ਸਰੀਰ ਵਿਚੋਂ ਉਹਨੂੰ ਕੋਈ ਚੀਜ਼ ਮਾਰ ਨਹੀਂ ਕਰ ਸਕਦੀ। ਉਹਨੂੰ ਸੁਪਨੇ ਵਿਚ ਵੀ ਖ਼ਿਆਲ ਨਹੀਂ ਸੀ ਕਿ ਕੋਈ ਸੂਰਮਾ ਉਹਦੇ ਨੇੜੇ ਆ ਕੇ ਉਹਦੀ ਕਟਾਰ ਨਾਲ ਹੀ ਉਹਦਾ ਮੂੰਹ ਪਾੜ ਜਾਏਗਾ। ਬੈਰਮ ਖ਼ਾਨ ਸਖ਼ਤ ਜ਼ਖ਼ਮੀ ਹੋ ਕੇ ਡਿਗ ਪਿਆ ਤੇ ਕਈ ਘੋੜੇ ਉਹਦੀ ਲਾਸ਼ ਤੋਂ ਲੰਘ ਗਏ।

ਭਾਈ ਮਥਰਾ ਜੀ ਘੋੜਾ ਛੱਡ ਚੁਕੇ ਸਨ ਤੇ ਪੈਦਲ ਹੀ ਲੜ ਰਹੇ ਸਨ। ਇਕ ਸਿੱਖ ਨੇ ਉਨ੍ਹਾਂ ਨੂੰ ਘੋੜਾ ਦੇਣ ਲਈ ਆਵਾਜ਼ ਦਿੱਤੀ। ਉਨ੍ਹਾਂ ਪਿਛੇ ਪਰਤ ਕੇ ਦੇਖਿਆ ਤੇ ਇਤਨੇ ਵਿਚ ਹੀ ਸ਼ਾਹੀ ਫ਼ੌਜ ਦੇ ਕਿਸੇ ਜਵਾਨ ਦੀ ਬੰਦੂਕ ਵਿਚੋਂ ਨਿਕਲੀ ਗੋਲੀ ਭਾਈ ਜੀ ਨੂੰ ਵੱਜੀ ਤੇ ਅਖ਼ੀਰ ਸਰੀਰ ਨਿਤਾਣਾ ਹੋ ਕੇ ਡਿਗ ਪਿਆ ਤੇ ਦੂਜੇ ਯੁੱਧ ਦੇ ਸੈਨਾਪਤੀ ਭਾਈ ਮਥਰਾ ਜੀ ਸ਼ਹੀਦੀ ਪਾ ਗਏ।

ਇਕ ਦਸਤਾ ਲੈ ਕੇ ਭਾਈ ਕਲਿਆਣਾ,ਬਲਵੰਤ ਖ਼ਾਨ ਤੇ ਅਲੀ ਬਖ਼ਸ਼ ਦੀ ਫ਼ੌਜ ਨਾਲ ਲੜ ਰਿਹਾ ਸੀ। ਇਸ ਦਸਤੇ ਦੇ ਸਾਰੇ ਜਵਾਨ ਹੀ ਦੋ ਤਿੰਨ ਪਿੰਡਾਂ ਦੇ ਸਨ ਤੇ ਆਪੇ ਜਥਾ ਬਣਾ ਕੇ ਭਾਈ ਕਲਿਆਣਾ ਜੀ ਦੀ ਅਗਵਾਈ ਹੇਠ ਗੁਰੂ ਹਰਿਗੋਬਿੰਦ ਸਾਹਿਬ ਦੀ ਸੇਵਾ ਵਿਚ ਪਹੁੰਚੇ ਹੋਏ ਸਨ। ਇਹ ਦਸਤਾ ਛੋਟਾ ਜਿਹਾ ਸੀ ਤੇ ਸਾਰੀ ਸਿੱਖ ਫ਼ੌਜ ਦਾ ਜ਼ੋਰ ਉਧਰ ਪਿਆ ਹੋਇਆ ਸੀ, ਜਿਧਰ ਭਾਈ ਮਥਰਾ ਜੀ ਲੜ ਰਹੇ ਸਨ। ਇਸ ਲਈ ਜਲੰਧਰੀ ਫ਼ੌਜ ਨੇ ਇਹਨਾਂ ਵਲ ਆਪਣਾ ਜ਼ੋਰ ਸੁਟਿਆ। ਅਲੀ ਬਖ਼ਸ਼ ਬੜੀ ਤੇਜ਼ੀ ਨਾਲ ਭਾਈ ਕਲਿਆਣੇ ਤੇ ਟੁਟ ਪਿਆ। ਭਾਈ ਸਾਹਿਬ ਨੇ ਬੜਾ ਡਟ ਕੇ ਮੁਕਾਬਲਾ ਕੀਤਾ। ਪਹਿਲਾਂ ਤੀਰਾਂ ਦੀ ਛਹਿਬਰ ਲਾਈ ਤੇ ਜਦੋਂ ਭੱਥਾ ਖ਼ਾਲੀ ਹੋ ਗਿਆ ਤਾਂ ਤਲਵਾਰ ਵਾਹੀ ਤੇ ਅਖ਼ੀਰ ਲੜਦੇ ਲੜਦੇ ਸ਼ਹੀਦ ਹੋ ਗਏ। ਉਹਨਾਂ ਨੂੰ ਸ਼ਹੀਦ ਹੁੰਦੇ ਦੇਖ ਕੇ ਭਾਈ ਨਾਨੂ ਜੀ ਨੇ ਜਥੇ ਦੀ

ਅਗਵਾਈ ਸੰਭਾਲ ਲਈ ਤੇ ਪਹਿਲੇ ਹਮਲੇ ਨਾਲ ਹੀ ਅਲੀ ਬਖ਼ਸ਼ ਜਰਨੈਲ ਮਾਰ ਦਿੱਤਾ। ਫਿਰ ਉਹ ਅਮਾਮ ਬਖ਼ਸ਼ ਵਲ ਵਧੇ ਜੋ ਬਹੁਤਾ ਉਛਲ ਉਛਲ ਕੇ ਪੈ ਰਿਹਾ ਸੀ। ਅਮਾਮ ਬਖ਼ਸ਼ ਨੇ ਗੁਰੂ ਹਰਿਗੋਬਿੰਦ ਜੀ ਤੇ ਵਾਰ ਕੀਤਾ ਪਰ ਭਾਈ ਨਾਨੂ ਜੀ ਨੇ ਰਾਹ ਵਿਚ ਹੀ ਉਹਦਾ ਵਾਰ ਰੋਕ ਕੇ ਦੋਧਾਰਾ ਖੰਡਾ ਪੂਰੇ ਜ਼ੋਰ ਨਾਲ ਮਾਰਿਆ ਜੋ ਉਹਦੀ ਬਾਂਹ ਤੇ ਵੱਜਾ ਤੇ ਉਹ ਸਰੀਰ ਨਾਲੋਂ ਵੱਖ ਹੋ ਗਈ। ਉਸ ਨੇ ਵੀ ਦੂਜੇ ਹੱਥ ਨਾਲ ਜਦ ਦੂਜਾ ਵਾਰ ਕੀਤਾ ਤਾਂ ਉਹ ਥਾਂ ਤੇ ਪਿਆ ਤੇ ਭਾਈ ਨਾਨੂ ਜੀ ਸ਼ਹੀਦ ਹੋ ਗਏ। ਇਸ ਤਰ੍ਹਾਂ ਇਕ ਨਿਕੇ ਜਿਹੇ ਦਸਤੇ ਦੇ ਦੋ ਮੁਖੀ ਸ਼ਹੀਦੀ ਪਾ ਗਏ।

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਬਹਾਦਰਾਂ ਨੂੰ ਲਲਕਾਰ ਕੇ ਕਿਹਾ, "ਭਾਈ ਨਾਨੂ ਜੀ ਨੇ ਬੀਰਤਾ ਦੀ ਆਹੂਤੀ ਕਰ ਵਿਖਾਈ। ਉਹ ਸੱਚਖੰਡ ਜਾ ਵਸੇ। ਅੱਜ ਕਿਹੜਾ ਬਲੀ ਹੈ ਜੋ ਫ਼ੌਜ ਦੀ ਕਮਾਨ ਸੰਭਾਲਣ ਲਈ ਆਪਣੇ ਆਪ ਨੂੰ ਪੇਸ਼ ਕਰਦਾ ਹੈ।" ਭਾਈ ਪਰਾਗਾ ਜੀ ਅੱਗੇ ਵਧੇ ਤੇ ਬੇਨਤੀ ਕੀਤੀ, "ਦਾਸ ਹਰ ਹੁਕਮ ਤੇ ਅਮਲ ਕਰਨ ਲਈ ਤਿਆਰ ਹੈ।"

ਕੁਝ ਚਿਰ ਦੋਵੇਂ ਦਲ ਪਿਛੇ ਹਟੇ ਰਹੇ, ਪਰ ਫਿਰ ਲੜਾਈ ਸ਼ੁਰੂ ਹੋ ਗਈ। ਅਬਦੁੱਲਾ ਖ਼ਾਨ ਸੂਬੇਦਾਰ ਜਲੰਧਰ ਨੇ ਹੁਣ ਆਪਣੀ ਫ਼ੌਜ ਦੀ ਅਗਵਾਈ ਆਪ ਸੰਭਾਲ ਲਈ ਤੇ ਇਧਰੋਂ ਸਿਖ ਫ਼ੌਜ ਵੀ ਆਪਣੇ ਨਵੇਂ ਸੈਨਾਪਤੀ ਦੀ ਕਮਾਨ ਹੇਠ ਟਾਕਰੇ ਲਈ ਅੱਗੇ ਵਧੀ। ਦੋਹਾਂ ਧਿਰਾਂ ਨੇ ਹੁਣ ਇਹ ਫ਼ੈਸਲਾ ਕੀਤਾ ਹੋਇਆ ਸੀ ਕਿ ਲੜਾਈ ਨੂੰ ਲੰਮਾ ਨਹੀਂ ਹੋਣ ਦੇਣਾ। ਇਸ ਲਈ ਤੁਰੰਤ ਨਬੇੜਾ ਕਰਨ ਦੀ ਨਿਯਤ ਨਾਲ ਦੋਵੇਂ ਪਾਸੇ ਖ਼ਾਸ ਜੋਸ਼ ਨਾਲ ਇਕ ਦੂਜੇ ਤੇ ਹਮਲਾ ਕਰਕੇ ਆਏ। ਪਹਿਲਾਂ ਜਲੰਧਰੀ ਫ਼ੌਜ ਦਾ ਇਕ ਹੋਰ ਮੁਖੀ ਨਬੀ ਬਖ਼ਸ਼ ਮਾਰਿਆ ਗਿਆ ਪਰ ਝਟ ਹੋਰ ਜਦ ਲੜਾਈ ਹੋਈ ਤਾਂ ਸਿੱਖ ਫ਼ੌਜ ਦੀਆਂ ਦੋ ਸਿਰਕੱਢ ਸ਼ਖ਼ਸੀਅਤਾਂ ਭਾਈ ਪਰਸ ਰਾਮ ਤੇ ਸੰਤੂ ਜੀ ਸ਼ਹੀਦ ਹੋ ਗਏ। ਨਬੀ ਬਖ਼ਸ਼ ਸੂਬੇਦਾਰ ਜਲੰਧਰ ਦਾ ਵੱਡਾ ਪੁੱਤਰ ਸੀ। ਸਾਰਾ ਦਿਨ ਲੜਾਈ ਹੁੰਦੀ ਰਹੀ ਤੇ ਦਿਨ ਡੁੱਬਣ ਦੇ ਨਾਲ ਹੀ ਜਲੰਧਰੀ ਫ਼ੌਜ ਦੇ ਦਿਲ ਵੀ ਬਹਿ ਗਏ ਤੇ ਉਹ ਮੈਦਾਨ ਛੱਡ ਕੇ ਨੱਸ ਗਈ। ਰਾਤ ਆਰਾਮ ਕਰ ਕੇ ਸਵੇਰੇ ਗੁਰੂ ਸਾਹਿਬ ਦੇ ਹੁਕਮ ਨਾਲ ਭਾਈ ਬਿਧੀ ਚੰਦ ਨੇ ਰਣਭੂਮੀ ਵਿਚ ਜੂਝਿਆਂ ਦੇ ਸਰੀਰ ਆ ਸੰਭਾਲੇ। ਮੈਦਾਨ ਵਿਚੋਂ ਹੀ ਜਲੰਧਰ ਦੇ ਸੂਬੇਦਾਰ ਅਬਦੁੱਲਾ ਖ਼ਾਂ, ਉਸ ਦੇ ਦੋਵੇਂ ਪੁੱਤਰ ਤੇ ਪੰਜ ਸੈਨਾਪਤੀਆਂ ਦੀਆਂ ਲਾਸ਼ਾਂ ਮਿਲੀਆਂ। ਉਨ੍ਹਾਂ ਨੂੰ ਵੀ ਚੁਕ ਕੇ ਦਬ ਦਿੱਤਾ ਗਿਆ ਤੇ ਇਕੋ ਕਬਰ ਬਣਾਈ ਗਈ। ਸਿੱਖ ਸ਼ਹੀਦ ਭਾਈ ਜੱਟੂ ਜੀ, ਭਾਈ ਮਥਰਾ ਜੀ, ਭਾਈ ਕਲਿਆਣਾ, ਭਾਈ ਨਾਨੂ, ਪਰਸ ਰਾਮ, ਸੰਤੂ ਜੀ ਨੂੰ ਦਰਿਆ ਬਿਆਸ ਵਿਚ ਜਲ ਪ੍ਰਵਾਹ ਕਰ ਦਿੱਤਾ ਗਿਆ।

ਜਦ ਇਸ ਲੜਾਈ ਦੀ ਇਤਲਾਹ ਸ਼ਾਹ ਜਹਾਨ ਬਾਦਸ਼ਾਹ ਨੂੰ ਮਿਲੀ ਤਾਂ ਉਸ ਨੂੰ ਅਬਦੁੱਲਾ ਖ਼ਾਂ ਤੇ ਬਹੁਤ ਗੁੱਸਾ ਆਇਆ ਕਿ ਉਸ ਨੇ ਇਸ ਲੜਾਈ ਨਾਲ ਮੁਗ਼ਲ ਰਾਜ ਦੀ ਹੇਠੀ ਕਰਵਾਈ ਹੈ। ਇਸ ਲਈ ਉਸ ਦੀ ਮੌਤ ਦੀ ਪਰਵਾਹ ਨਾ ਕਰਦਿਆਂ ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲੈਣ ਦਾ ਹੁਕਮ ਦੇ ਦਿੱਤਾ।

ਕੁਝ ਚਿਰ ਪਿਛੋਂ ਸ਼ਾਹ ਜਹਾਨ ਬਾਦਸ਼ਾਹ ਲਾਹੌਰ ਆਇਆ ਤਾਂ ਗੁਰੂ ਹਰਿਗੋਬਿੰਦ ਸਾਹਿਬ ਦੀ ਵਧ ਰਹੀ ਤਾਕਤ ਦੇ ਚਰਚੇ ਸੁਣੇ। ਗੁਰੂ ਘਰ ਦੇ ਦੋਖੀਆਂ

ਨੇ ਬੜੀਆਂ ਗੱਲਾਂ ਘੜ ਘੜ ਕੇ ਦਸੀਆਂ । ਉਸ 20 ਹਜ਼ਾਰ ਫ਼ੌਜ ਗੁਰੂ ਜੀ ਨੂੰ ਫੜਨ ਲਈ ਭੇਜ ਦਿੱਤੀ । ਲਲਾ ਬੇਗ ਕਾਬਲੀ ਤੇ ਕਮਰ ਬੇਗ ਖ਼ਾਨ ਦੀ ਅਗਵਾਈ ਵਿਚ ਪਠਾਣ, ਬਾਰਕਜ਼ਈ, ਕਬਾਇਲੀ ਤੇ ਹੋਰ ਲੜਾਕੀਆਂ ਕੌਮਾਂ ਦੇ ਫ਼ੌਜੀ ਭੇਜੇ ਗਏ । ਗੁਰੂ ਹਰਿਗੋਬਿੰਦ ਸਾਹਿਬ ਇਹਨੀਂ ਦਿਨੀਂ ਨਥਾਣੇ ਕੋਲ ਮਾਲਵੇ ਦੇਸ ਵਿਚ ਫਿਰ ਰਹੇ ਸਨ । ਉਨ੍ਹਾਂ ਨੇ ਕਾਰੂ ਨਾਥ ਦੀ ਢਾਬ ਤੇ ਆਪਣੇ ਮੋਰਚੇ ਤਿਆਰ ਕਰ ਲਏ ਤੇ ਸ਼ਾਹੀ ਫ਼ੌਜ ਦੇ ਮੁਕਾਬਲੇ ਲਈ ਫ਼ੌਜ ਨੂੰ ਤਰਤੀਬ ਦੇ ਦਿੱਤੀ । ਹੁਣ ਫ਼ੌਜ ਦੀ ਅਗਵਾਈ ਰਾਇ ਜੋਧ ਨੂੰ ਸੌਂਪ ਦਿੱਤੀ ਗਈ । ਸਤਿਗੁਰਾਂ ਦੇ ਨਾਲ ਇਸ ਸਮੇਂ ਤਿੰਨ ਹਜ਼ਾਰ ਯੋਧੇ ਸਨ । ਇਕ ਹਜ਼ਾਰ ਜਵਾਨ ਰਾਏ ਜੋਧੇ ਲਿਆਇਆ ਸੀ । ਇਹ ਗੁਰੂ ਸਾਹਿਬ ਦੀ ਫ਼ੌਜ ਵਿਚ ਪਹਿਲਾਂ ਨਹੀਂ ਸੀ । ਗੁਰੂ ਸਾਹਿਬ ਦੇ ਇਸ ਇਲਾਕੇ ਵਿਚ ਪਹੁੰਚਣ ਤੇ ਇਹ ਸੇਵਕ ਬਣਿਆ । ਇਲਾਕੇ ਵਿਚ ਮੰਨਿਆ ਬਲੀ ਹੋਣ ਕਾਰਨ ਬੜਾ ਅਸਰ ਰਸੂਖ ਵਾਲਾ ਸੀ । ਜਦ ਲੜਾਈ ਸਮੇਂ ਲੋੜ ਪਈ ਤਾਂ ਇਕ ਹਜ਼ਾਰ ਫ਼ੌਜ ਲੈ ਕੇ ਪਹੁੰਚ ਗਿਆ । ਸਾਰੇ ਮਾਲਵੇ ਵਿਚ ਹੀ ਹੋਕਾ ਦਿੱਤਾ ਗਿਆ ਤੇ ਲੋਕੀਂ ਵਹੀਰਾਂ ਪਾ ਕੇ ਧਰਮ-ਯੁੱਧ ਵਿਚ ਸ਼ਹੀਦੀਆਂ ਪਾਣ ਲਈ ਤੁਰ ਪਏ । ਇਹ ਪਹਿਲੀ ਵਾਰ ਸੀ ਜਦੋਂ ਲੋਕੀਂ ਹਲ ਛਡ ਕੇ, ਪੱਠੇ ਕੁਤਰਦੇ, ਘਰਾਂ ਦੇ ਕੰਮ ਕਰਦੇ ਛੱਡ ਕੇ ਲੜਾਈ ਲਈ ਜੋ ਹੱਥ ਆਇਆ ਚੁੱਕ ਕੇ ਗੁਰੂ ਸਾਹਿਬ ਪਾਸ ਪਹੁੰਚ ਗਏ ।

ਜਦ ਸ਼ਾਹੀ ਫ਼ੌਜ ਨੇੜੇ ਆਈ ਤਾਂ ਇਕ ਦਮ ਸਿੱਖ ਫ਼ੌਜ ਦੀ 12 ਸੌ ਬੰਦੂਕ ਚਲੀ । ਉਹਨੇ ਧਰਤੀ ਅਕਾਸ਼ ਤੇ ਕਾਂਬਾ ਛੇੜ ਦਿੱਤਾ ।

ਕਾਸਮ ਬੇਗ ਤੇ ਭਾਈ ਜੇਠਾ ਜੀ ਦੇ ਦਸਤੇ ਸਭ ਤੋਂ ਪਹਿਲਾਂ ਆਪਸ ਵਿਚ ਟਕਰਾਏ । ਭਾਈ ਜੇਠਾ ਜੀ ਦੇ ਬਿਰਧ ਹੋਣ ਕਰਕੇ ਆਪ ਦਾ ਦਾਹੜਾ ਚਿੱਟਾ ਸੀ । ਆਪ ਨੇ ਡਟ ਕੇ ਮੁਕਾਬਲਾ ਕੀਤਾ ਤੇ ਕਾਸਮ ਖ਼ਾਨ ਨੂੰ ਪਹਿਲਾਂ ਤੀਰ ਮਾਰ ਕੇ ਜ਼ਖ਼ਮੀ ਕੀਤਾ ਤੇ ਫਿਰ ਝਪਟ ਕੇ ਉਸ ਨੂੰ ਫੜ ਲਿਆ ਤੇ ਚੁਕ ਕੇ ਇਉਂ ਸੁੱਟਿਆ ਜਿਵੇਂ ਧੋਬੀ ਕਪੜੇ ਨੂੰ ਪਟੜੀ ਤੇ ਮਾਰਦਾ ਹੈ । ਉਸ ਦੀ ਜਾਨ ਨਿਕਲ ਗਈ ਪਰ ਸ਼ਾਹੀ ਫ਼ੌਜ ਦੀ ਬਹੁਤ ਵੱਡੀ ਭੀੜ ਨੇ ਆ ਕੇ ਭਾਈ ਜੇਠਾ ਜੀ ਨੂੰ ਘੇਰ ਲਿਆ । ਉਹਨਾਂ ਦਿਲ ਨਾ ਛੱਡਿਆ ਤੇ ਲੜਦੇ ਰਹੇ । ਅਖ਼ੀਰ ਕਈ ਦਰਜਨਾਂ ਨੂੰ ਮੌਤ ਦੀ ਨੀਂਦਰ ਸੁਆ ਕੇ ਆਪ ਵੀ ਸ਼ਹੀਦੀ ਪ੍ਰਾਪਤ ਕਰ ਗਏ । ਸਾਰੀ ਸਿੱਖ ਫ਼ੌਜ ਵਿਚ ਆਪ ਨਾਲੋਂ ਵਡੇਰੀ ਉਮਰ ਦਾ ਸ਼ਾਇਦ ਹੋਰ ਕੋਈ ਵੀ ਨਹੀਂ ਸੀ । ਇਸੇ ਲੜਾਈ ਵਿਚ ਭਾਈ ਜੇਠਾ ਜੀ ਤੋਂ ਪਿਛੋਂ ਦੂਜੇ ਵਰਣਨ ਯੋਗ ਸ਼ਹੀਦ ਜਤੀ ਮਲ ਜੀ ਹੋਏ । ਇਸ ਲੜਾਈ ਵਿਚ ਵੀ ਸਿੱਖ ਫ਼ੌਜ ਦੀ ਫ਼ਤਹਿ ਹੋਈ । ਚੌਥੀ ਲੜਾਈ ਕਰਤਾਰਪੁਰ ਹੋਈ । ਇਸ ਚੌਥੀ ਲੜਾਈ ਵਿਚ ਬਹੁਤਾ ਜ਼ਿੰਮੇਂਵਾਰ ਪੈਂਦੇ ਖ਼ਾਂ ਸੀ ਜੋ ਪਹਿਲਾਂ ਸਤਿਗੁਰਾਂ ਪਾਸ ਰਿਹਾ ਕਰਦਾ ਸੀ ਤੇ ਪਿਛੋਂ ਜਾ ਕੇ ਹੰਕਾਰੀ ਵਿਗੜ ਗਿਆ । ਉਹ ਸਰਕਾਰੀ ਫ਼ੌਜ ਨੂੰ ਚਾੜ੍ਹ ਕੇ ਲਿਆਇਆ ਤੇ ਬੜਾ ਭਾਰੀ ਯੁੱਧ ਹੋਇਆ ਪਰ ਇਸ ਵਿਚ ਵੀ ਗੁਰੂ ਹਰਿਗੋਬਿੰਦ ਸਾਹਿਬ ਦੀ ਫ਼ਤਹਿ ਹੋਈ । ਇਸ ਚੌਥੀ ਲੜਾਈ ਵਿਚ ਸ਼ਹੀਦ ਹੋਣ ਵਾਲੇ ਇਕ ਖ਼ਾਸ ਵਿਅਕਤੀ ਭਾਈ ਲੱਖੂ ਜੀ ਸਨ । ਕਰਤਾਰਪੁਰ ਦੀ ਇਸ ਲੜਾਈ ਵਿਚ ਸਿੱਖ ਫ਼ੌਜ ਦੀ ਕਮਾਨ ਗੁਰੂ ਹਰਿਗੋਬਿੰਦ ਜੀ ਦੇ ਛੋਟੇ ਸਾਹਿਬਜ਼ਾਦੇ ਸ੍ਰੀ ਤੇਗ ਬਹਾਦਰ ਜੀ ਨੇ ਕੀਤੀ ਜਦੋਂ ਕਿ ਉਨ੍ਹਾਂ ਦੀ ਆਯੂ ਕੇਵਲ 14 ਸਾਲ ਦੀ ਸੀ ।

ਗੁਰੂ ਹਰਿਗੋਬਿੰਦ ਸਾਹਿਬ ਦੀਆਂ ਚਾਰ ਚੜ੍ਹਾਈਆਂ ਵਿਚ ਸੈਂਕੜੇ ਬਲੀ ਆਪਾ ਵਾਰ ਗਏ ਪਰ ਅਫ਼ਸੋਸ ਕਿ ਇਤਿਹਾਸ ਦੇ ਪੱਤਰੇ ਉਹਨਾਂ ਦੇ ਨਾਮ ਵੀ ਆਪਣੇ ਪੰਨਿਆਂ ਵਿਚ ਸਾਂਭ ਕੇ ਨਹੀਂ ਰੱਖ ਸਕੇ। ਕੁਝ ਉਘੀਆਂ ਸ਼ਖ਼ਸੀਅਤਾਂ ਦੇ ਨਾਮ ਕੁਝ ਥਾਂਵਾਂ ਤੋਂ ਪਤਾ ਲੱਗੇ ਹਨ ਪਰ ਇਨ੍ਹਾਂ ਦੇ ਜੀਵਨ ਪਿਛੋਕੜ ਤੇ ਖ਼ਾਨਦਾਨਾਂ ਬਾਰੇ ਵੇਰਵਾ ਮਿਲਣਾ ਔਖਾ ਹੋ ਗਿਆ ਹੈ। ਇਹ ਸ਼ਹੀਦ ਹੋਣ ਵਾਲੇ ਸਾਰੇ ਬਲੀ, ਸੂਰਬੀਰ, ਪਰਉਪਕਾਰੀ, ਨਿਸ਼ਕਾਮ ਸੇਵਕ ਤੇ ਅਮਰ ਸ਼ਖ਼ਸੀਅਤਾਂ ਹਨ ਜਿਹਨਾਂ ਦੇ ਜੀਵਨ ਕਾਰਨਾਮਿਆਂ ਨੇ ਸਿੱਖ ਇਤਿਹਾਸ ਵਿਚ ਅਜੇਹੀ ਮਿਸਾਲ ਪੈਦਾ ਕਰ ਦਿੱਤੀ ਹੈ ਕਿ ਅੱਗੋਂ ਉਨ੍ਹਾਂ ਤੇ ਚਲਦਿਆਂ ਅਨੇਕਾਂ ਸਿੱਖ ਆਪਣੇ ਆਪ ਨੂੰ ਕੌਮ ਤੋਂ ਨਿਛਾਵਰ ਕਰ ਗਏ।

ਭਾਈ ਮਤੀ ਦਾਸ

ਭਾਰਤ ਦੀ ਰਾਜਧਾਨੀ ਦਿੱਲੀ ਵਿਚ ਲਾਲ ਕਿਲ੍ਹੇ ਤੋਂ ਥੋੜ੍ਹੀ ਦੂਰ ਗੁਰਦਵਾਰਾ ਸੀਸ ਗੰਜ ਸਾਹਿਬ ਦੇ ਸਾਹਮਣੇ ਬਣੇ ਵਡੇ ਫੁਹਾਰੇ ਵਾਲੀ ਥਾਂ ਸਿੱਖ ਸ਼ਹੀਦ ਦੇ ਖ਼ੂਨ ਨਾਲ ਰੰਗੀ ਹੋਈ ਹੈ । ਇਹ ਥਾਂ ਉਹ ਹੈ ਜਿਥੇ ਗੁਰੂ ਤੇਗ ਬਹਾਦਰ ਸਾਹਿਬ ਨਾਲ ਆਏ ਉਸ ਸਮੇਂ ਦੇ ਮਹਾਨ ਵਿਅਕਤੀ ਭਾਈ ਮਤੀ ਦਾਸ ਨੂੰ ਮੁਗ਼ਲ ਸਰਕਾਰ ਤੇ ਕਾਜ਼ੀਆਂ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ । ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿਚ ਆਰਾ ਸੀਸ ਤੇ ਰੱਖ ਕੇ ਇਉਂ ਫੇਰਿਆ ਗਿਆ ਜਿਵੇਂ ਮੋਛੇ ਨੂੰ ਦੋਫਾੜ ਕੀਤਾ ਜਾਂਦਾ ਹੈ, ਪਰ ਸਦਕੇ ਜਾਈਏ ਉਸ ਮਹਾਨ ਆਤਮਾ ਦੇ, ਜਿਸ ਦੀਆਂ ਅੱਖਾਂ ਵਿਚੋਂ ਦਰਦ ਨਾਲ ਇਕ ਹੰਝੂ ਨਹੀਂ ਕਿਰਿਆ, ਗਲੇ ਵਿਚੋਂ ਹਉਕਾ ਨਹੀਂ ਆਇਆ, ਸਰੀਰ ਵਿਚ ਜ਼ਰਾ ਵੀ ਕਾਂਬਾ ਨਹੀਂ ਛਿੜਿਆ, ਮਨ ਡੋਲਿਆ ਨਹੀਂ ਤੇ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਧਿਆਨ ਨਹੀਂ ਥਿੜਕਿਆ ਅਤੇ ਉਸ ਸਮੇਂ ਤਕ ਬਿਰਤੀ ਇਕ ਰਹੀ ਜਦ ਤਕ ਕਿ ਆਰੇ ਨੇ ਸਰੀਰ ਦੋਫਾੜ ਨਹੀਂ ਕਰ ਦਿੱਤਾ ਤੇ ਆਤਮਾ ਰੂਪੀ ਭੌਰਾ ਸਰੀਰ ਰੂਪੀ ਰੁੱਖ ਤੋਂ ਉਡਾਰੀ ਨਹੀਂ ਮਾਰ ਗਿਆ । ਦੁਨੀਆਂ ਦਾ ਇਤਿਹਾਸ ਇਸ ਤਰ੍ਹਾਂ ਦੀ ਬਲਵਾਨ ਸ਼ਹੀਦੀ ਦੀ ਮਿਸਾਲ ਵੀ ਪੈਦਾ ਨਹੀਂ ਕਰ ਸਕਿਆ, ਜਿਸ ਤਰ੍ਹਾਂ ਦੀ ਸਿੱਖ ਇਤਿਹਾਸ ਵਿਚ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਸਿੱਖਾਂ ਨੇ ਆਪਾ ਵਾਰ ਕੇ ਪੈਦਾ ਕੀਤੀ ।

ਪਾਕਿਸਤਾਨ ਦੇ ਜਿਹਲਮ ਜ਼ਿਲ੍ਹੇ ਵਿਚ ਚਕਵਾਲ ਤੋਂ ਛੇ ਮੀਲ ਦੂਰ ਕਟਾਸ ਰਾਜ ਵਾਲੀ ਸੜਕ ਤੇ ਨਗਰ ਕਰਿਆਲਾ ਹੈ, ਜੋ ਸੁੰਦਰਤਾ ਤੇ ਦਿਲ-ਖਿਚਵੇਂ ਨਜ਼ਾਰਿਆਂ ਦੇ ਪਖੋਂ ਸਾਰੇ ਧਨੀ ਪੋਠੋਹਾਰ ਵਿਚ ਖ਼ਾਸ ਪ੍ਰਸਿੱਧ ਹੈ । ਆਸ ਪਾਸ ਪਹਾੜੀਆਂ ਦੇ ਸੁੰਦਰ ਦ੍ਰਿਸ਼ ਹਨ । ਇਸ ਇਲਾਕੇ ਨੂੰ ਧਨੀ ਕਿਹਾ ਜਾਂਦਾ ਹੈ । ਸਚਮੁਚ ਹੀ ਕੁਦਰਤੀ ਦ੍ਰਿਸ਼ਾਂ ਕਰਕੇ ਇਹ ਇਲਾਕਾ ਬਹੁਤ ਹੀ ਸੁਹਣਾ ਹੈ । ਵਸੋਂ ਬਹੁਤੀ ਮੁਸਲਮਾਨੀ ਹੈ ਤੇ ਪਹਿਲਾਂ ਕੋਈ ਵਿਰਲਾ ਵਿਰਲਾ ਹੀ ਹਿੰਦੂ ਪਰਿਵਾਰ ਰਿਹਾ ਕਰਦਾ ਸੀ, ਪਰ ਫਿਰ ਵਸੋਂ ਵਧ ਗਈ । 1947 ਵਿਚ ਹਿੰਦੂ ਸਿੱਖ ਵਸੋਂ ਉਠ ਕੇ ਭਾਰਤ ਆ ਗਈ । ਭਾਈ ਮਤੀ ਦਾਸ ਜੀ ਇਸੇ ਸੋਹਣੇ ਇਲਾਕੇ ਦੇ ਜੰਮ-ਪਲ ਸਨ, ਜਿਨ੍ਹਾਂ ਆਪਣੀ ਕੁਰਬਾਨੀ ਨਾਲ ਜਿਥੇ ਆਪਣਾ ਨਾਮ ਰੌਸ਼ਨ ਕੀਤਾ, ਉਥੇ ਇਲਾਕੇ ਦੀ ਸ਼ੋਭਾ ਵੀ ਵਧਾਈ ।

ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਭਾਈ ਪਰਾਗਾ ਤੇ ਭਾਈ ਮਤੀ ਦਾਸ ਬਾਰੇ ਜਾਣਕਾਰੀ ਦਿੰਦਿਆਂ ਲਿਖਿਆ ਹੈ:

"ਪਰਾਗਾ ਪਿੰਡ ਜ਼ਿਲ੍ਹਾ ਜਿਹਲਮ ਦੇ ਕੜਿਆਲਾ ਪਿੰਡ ਦਾ ਵਸਨੀਕ ਛਿੱਬਰ ਬ੍ਰਾਹਮਣ, ਜੋ ਮਹਾਤਮਾ ਗੌਤਮ ਦਾ ਪੁੱਤਰ ਸੀ, ਇਸ ਨੇ ਗੁਰਸਿੱਖੀ ਜੀਵਨ ਧਾਰਨ ਕਰ ਕੇ ਆਪਣਾ ਜੀਵਨ ਹੋਰਨਾਂ ਲਈ ਨਮੂਨਾ ਬਣਾਇਆ । ਇਸ ਆਤਮ-ਗਯਾਨੀ

ਅਤੇ ਧਰਮਵੀਰ ਮਹਾਤਮਾ ਦੇ ਚਾਰ ਪੁੱਤਰ ਹੋਏ। ਭਾਈ ਮਤੀ ਦਾਸ, ਭਾਈ ਸਤੀ ਦਾਸ, ਜਤੀ ਦਾਸ ਤੇ ਸਖੀ ਦਾਸ।" (ਸਫ਼ਾ 562)

"ਮਤੀ ਦਾਸ ਭਾਈ ਪਰਾਗੇ ਦਾ ਜੇਠਾ ਪੁੱਤਰ ਸੀ। ਸਤਿਗੁਰੂ ਤੇਗ ਬਹਾਦਰ ਸਾਹਿਬ ਨੇ ਭਾਈ ਮਤੀ ਦਾਸ ਨੂੰ ਆਪਣਾ ਦੀਵਾਨ ਥਾਪਿਆ।" (ਸਫ਼ਾ 707)

ਸਿਰਫ਼ ਇਹ ਹੀ ਪਤਾ ਲਗਦਾ ਹੈ ਕਿ ਆਪ ਦੇ ਦਾਦਾ ਜੀ ਦਾ ਨਾਮ ਮਹਾਤਮਾ ਗੌਤਮ ਦਾਸ ਸੀ ਜੋ ਇਲਾਕੇ ਵਿਚ ਮੰਨੇ ਪ੍ਰਮੰਨੇ ਵਿਅਕਤੀ ਸਨ। ਦੂਰ ਦੂਰ ਤੋਂ ਲੋਕੀਂ ਉਨ੍ਹਾਂ ਦੇ ਦਰਸ਼ਨ ਕਰਨ ਤੇ ਗੱਲਬਾਤ ਕਰ ਕੇ ਜੀਵਨ ਜੁਗਤੀ ਸਮਝਣ ਲਈ ਆਇਆ ਕਰਦੇ ਸਨ। ਉਨ੍ਹਾਂ ਦਾ ਗੁਰੂ ਅਰਜਨ ਦੇਵ ਜੀ ਨਾਲ ਮੇਲ ਹੋਇਆ ਤੇ ਦਰਸ਼ਨ ਕਰ ਕੇ ਗੌਤਮ ਦਾਸ ਜੀ ਸਿੱਖ ਬਣ ਗਏ।

ਭਾਈ ਮਤੀ ਦਾਸ ਦੇ ਖ਼ਾਨਦਾਨ ਬਾਰੇ 1978 ਵਿਚ ਨਵੀਂ ਖੋਜ ਹੋਈ ਏ ਜਿਸ ਨੇ ਪਹਿਲੀ ਇਤਿਹਾਸਕ ਜਾਣਕਾਰੀ ਬਦਲ ਦਿਤੀ ਏ। ਗਿਆਨੀ ਮੋਤਾ ਸਿੰਘ ਜੀ ਨਵੀਂ ਦਿੱਲੀ ਨੇ ਹਰਦੁਆਰ ਦੇ ਪਾਂਡਿਆਂ ਦੀਆਂ ਵਹੀਆਂ 'ਚੋਂ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਦੋਹਾਂ ਬਾਰੇ ਨਵੀਂ ਜਾਣਕਾਰੀ ਪ੍ਰਾਪਤ ਕਰਕੇ ਖ਼ਾਲਸਾ ਸਮਾਚਾਰ ਅੰਮ੍ਰਿਤਸਰ ਦੇ 2 ਫ਼ਰਵਰੀ 1978 ਦੇ ਅੰਕ ਵਿਚ ਲੇਖ ਪ੍ਰਕਾਸ਼ਤ ਕੀਤਾ ਹੈ। ਤੇ ਉਸ ਵਿਚ ਦਸਿਆ ਹੈ ਕਿ ਪਾਂਡਿਆਂ ਦੀਆਂ ਵਹੀਆਂ ਵਿਚ ਭਾਈ ਮਤੀ ਦਾਸ ਦੇ ਗੁਰਮੁਖੀ ਵਿਚ ਦਸਤਖ਼ਤ ਅਤੇ ਆਪਣੇ ਪਰਿਵਾਰ ਬਾਰੇ ਪੰਜਾਬੀ ਵਿਚ ਲਿਖੀ ਜਾਣਕਾਰੀ ਮਿਲੀ ਹੈ। ਉਸ ਅਨੁਸਾਰ ਇਸ ਖ਼ਾਨਦਾਨ ਦਾ ਮੁਖੀਆ ਭਾਈ ਪਰਾਗਾ ਸੀ, ਜਿਸਦਾ ਪੁੱਤਰ ਭਾਈ ਦਵਾਰਕਾ ਦਾਸ ਸੀ। ਦਵਾਰਕਾ ਦਾਸ ਦੇ ਚਾਰ ਪੁੱਤਰ ਸਨ ਜਿਹਨਾਂ ਵਿਚੋਂ ਇਕ ਕਬੂਲ ਦਾਸ ਸੀ। ਇਸੇ ਕਬੂਲ ਦਾਸ ਦੇ ਤਿੰਨੇ ਸਪੁੱਤਰ ਭਾਈ ਮਤੀ ਦਾਸ, ਭਾਈ ਸਤੀ ਦਾਸ, ਤੇ ਜਤੀ ਦਾਸ ਸਨ। ਭਾਈ ਮੋਤਾ ਸਿੰਘ ਚੱਕਵਾਲੀਏ ਨੇ ਉਹਨਾਂ ਵਹੀਆਂ ਤੋਂ ਭਾਈ ਮਤੀ ਦਾਸ ਦੀ ਆਪਣੇ ਹੱਥ ਨਾਲ ਲਿਖੀ ਗੁਰਮੁਖੀ ਦੀ ਫੋਟੋ ਕਾਪੀ ਵੀ ਲੈ ਲਈ ਸੀ।

ਇਸ ਪਿਛੋਂ ਭਾਈ ਮਤੀ ਦਾਸ ਯਾਦਗਾਰੀ ਟ੍ਰਸਟ ਚੰਡੀਗੜ੍ਹ ਨੇ ਇਸ ਨਵੀਂ ਜਾਣਕਾਰੀ ਦੀ ਤਸਦੀਕ ਲਈ ਟ੍ਰਸਟ ਦੇ ਜਨਰਲ ਸਕੱਤਰ ਗਿਆਨੀ ਹਰੀ ਸਿੰਘ ਜਰਨਲਿਸਟ ਨੂੰ ਉਚੇਚੇ ਤੌਰ ਤੇ ਭੇਜਿਆ। ਉਹਨਾਂ ਨੇ ਵੀ ਇਸ ਸਾਰੀ ਜਾਣਕਾਰੀ ਬਾਰੇ ਰਿਕਾਰਡ ਨੂੰ ਵੇਖਿਆ ਅਤੇ ਆ ਕੇ ਟ੍ਰਸਟ ਨੂੰ ਰਿਪੋਰਟ ਦਿਤੀ ਕਿ ਉਹ ਤਿੰਨ ਸੌ ਸਾਲ ਪੁਰਾਣੀ ਵਹੀ ਹੁਣ ਹਰਦੁਆਰ ਦੇ ਪਾਂਡੇ ਪ੍ਰਮੇਸ਼ਵਰੀ ਦਾਸ ਪਾਸ ਸੁਰੱਖਿਅਤ ਪਈ ਹੈ।

ਭਾਈ ਮਤੀ ਦਾਸ ਦੇ ਇਸ ਖ਼ਾਨਦਾਨੀ ਪਿਛੋਕੜ ਬਾਰੇ ਮਟਨ ਸਾਹਿਬ ਕਸ਼ਮੀਰ ਦੇ ਪਾਂਡਿਆਂ ਪਾਸ ਵੀ ਰਿਕਾਰਡ ਮੌਜੂਦ ਹੈ। ਭਾਈ ਜਗਤ ਸਿੰਘ ਜੇਹਲਮੀ ਨੇ ਮਟਨ ਸਾਹਿਬ ਤੋਂ ਇਸੇ ਤਰ੍ਹਾਂ ਦੀ ਜਾਣਕਾਰੀ ਹਾਸਲ ਕੀਤੀ ਏ।

ਮਹਾਤਮਾ ਗੌਤਮ ਦਾਸ ਜੀ ਦਾ ਇਕ ਪੁੱਤਰ ਸੀ ਜਿਸ ਦਾ ਨਾਮ ਭਾਈ ਪਰਾਗਾ ਸੀ। ਇਹ ਬੜਾ ਦਲੇਰ ਤੇ ਪਹਿਲਵਾਨ ਸੀ। ਪਿੰਡ ਵਿਚ ਹੀ ਨਹੀਂ, ਸਾਰੇ ਇਲਾਕੇ ਵਿਚ ਇਸ ਦਾ ਮੁਕਾਬਲਾ ਕੋਈ ਨਹੀਂ ਸੀ ਕਰ ਸਕਦਾ। ਜਦ ਗੁਰੂ ਹਰਿਗੋਬਿੰਦ

ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਲਈਆਂ ਤੇ ਬਾਕਾਇਦਾ ਫ਼ੌਜ ਰਖਣ ਦਾ ਐਲਾਨ ਕਰ ਦਿੱਤਾ ਤਾਂ ਭਾਈ ਪਰਾਗਾ ਵੀ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜ਼ਰ ਹੋਇਆ ਤੇ ਆਪਣੇ ਆਪ ਨੂੰ ਸੇਵਾ ਲਈ ਪੇਸ਼ ਕਰ ਦਿਤਾ। ਗੁਰੂ ਸਾਹਿਬ, ਸੋਹਣਾ ਜਵਾਨ ਤੇ ਨੇਕ ਪਿਤਾ ਦਾ ਪੁੱਤਰ ਦੇਖ ਕੇ ਖ਼ੁਸ਼ ਹੋਏ ਤੇ ਇਕ ਦਸਤੇ ਦਾ ਮੁੱਖੀ ਨਿਯਤ ਕਰ ਦਿੱਤਾ। ਜਦ ਹਰਿਗੋਬਿੰਦਪੁਰ ਨੇੜੇ ਗੁਰੂ ਸਾਹਿਬ ਨੇ ਦੂਜੀ ਲੜਾਈ ਲੜੀ ਤਾਂ ਉਸ ਸਮੇਂ ਭਾਈ ਪਰਾਗਾ ਜੀ ਨੇ ਖ਼ਾਸ ਬਹਾਦਰੀ ਦਿਖਾਈ। ਆਪ ਦੇ ਚਾਰ ਪੁੱਤਰ ਸਨ, ਜਿਨ੍ਹਾਂ ਵਿਚੋਂ ਇਕ ਭਾਈ ਮਤੀ ਦਾਸ ਜੀ ਤੇ ਦੂਜੇ ਭਾਈ ਸਤੀ ਦਾਸ ਸਨ, ਜੋ ਦਿੱਲੀ ਆ ਕੇ ਸ਼ਹੀਦ ਹੋਏ। ਭਾਈ ਮਤੀ ਦਾਸ ਮੁੱਢ ਤੋਂ ਹੀ ਬੜੇ ਸ਼ਰਧਾਲੂ ਤੇ ਨਾਮ ਰਸੀਏ ਸਨ, ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਲੰਮੀ ਤਪੱਸਿਆ ਪਿਛੋਂ ਜਦ ਬਾਬਾ ਬਕਾਲੇ ਵਿਚ ਪ੍ਰਗਟ ਹੋਏ ਤੇ ਗੁਰ-ਗੱਦੀ ਸੰਭਾਲੀ ਤਾਂ ਉਸ ਸਮੇਂ ਦੂਰ ਦੂਰ ਤੋਂ ਸਿੱਖ ਸੰਗਤਾਂ ਉਨ੍ਹਾਂ ਦੇ ਦਰਸ਼ਨਾਂ ਨੂੰ ਆਈਆਂ। ਧਨੀ ਪੋਠੋਹਾਰ ਦੀ ਸੰਗਤ ਵੀ ਇਕੱਠੀ ਹੋ ਕੇ ਆਈ। ਭਾਈ ਮਤੀ ਦਾਸ ਵੀ ਇਸ ਸਮੇਂ ਦਰਸ਼ਨ ਕਰਨ ਲਈ ਆਏ। ਗੁਰੂ ਤੇਗ਼ ਬਹਾਦਰ ਜੀ ਦੇ ਦਰਸ਼ਨ ਕਰ ਕੇ ਆਪ ਨੂੰ ਆਤਮਕ ਤੇ ਮਾਨਸਕ ਸ਼ਾਂਤੀ ਪ੍ਰਾਪਤ ਹੋਈ। ਜੀਵਨ ਵਿਚ ਹੋਰ ਪਲਟਾ ਆਇਆ ਤੇ ਭਾਈ ਜੀ ਨੇ ਗੁਰੂ ਚਰਨਾਂ ਵਿਚ ਹੀ ਰਹਿ ਕੇ ਸੇਵਾ ਕਰਨ ਤੇ ਸਦਾ ਦਰਸ਼ਨ ਕਰ ਕੇ ਆਪਣਾ ਜੀਵਣ-ਕਲਿਆਣ ਕਰਨ ਦੀ ਧਾਰ ਲਈ।

ਕਾਫ਼ੀ ਸਮਾਂ ਆਪ ਨੇੜੇ ਰਹਿਣ ਕਾਰਨ ਗੁਰੂ ਘਰ ਦੇ ਪ੍ਰਬੰਧ ਵਿਚ ਆਪ ਨੂੰ ਖ਼ਾਸ ਜ਼ਿੰਮੇਵਾਰੀ ਸੌਂਪੀ ਗਈ। ਜਦ ਗੁਰੂ ਤੇਗ ਬਹਾਦਰ ਜੀ ਬਿਹਾਰ ਤੋਂ ਹੁੰਦੇ ਆਸਾਮ ਵੱਲ ਦੌਰੇ ਤੇ ਗਏ ਤਾਂ ਉਸ ਸਮੇਂ ਵੀ ਭਾਈ ਮਤੀ ਦਾਸ ਜੀ ਉਨ੍ਹਾਂ ਦੇ ਨਾਲ ਗਏ।

ਫਿਰ ਉਹ ਸਮਾਂ ਆ ਗਿਆ ਜਦੋਂ ਸਿੱਖਾਂ ਦੀ ਲੋਕ-ਲਹਿਰ ਫਿਰ ਇਕ ਵਾਰ ਜਬਰ ਜ਼ੁਲਮ ਨਾਲ ਟੱਕਰ ਲੈਣ ਲਈ ਤਿਆਰ ਹੋ ਗਈ। ਔਰੰਗਜ਼ੇਬ ਨੇ ਹਕੂਮਤ ਦੇ ਡੰਡੇ ਨਾਲ ਲੋਕਾਂ ਨੂੰ ਆਪਣਾ ਧਾਰਮਿਕ ਵਿਸ਼ਵਾਸ ਬਦਲਣ ਲਈ ਮਜਬੂਰ ਕਰਨਾ ਸ਼ੁਰੂ ਕੀਤਾ, ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਨਾ ਸ਼ੁਰੂ ਕਰ ਦਿਤਾ। ਹਜ਼ਾਰਾਂ ਮੁਟਿਆਰਾਂ ਦੇ ਸੁਹਾਗ ਖੋਹੇ ਗਏ। ਲੱਖਾਂ ਮਾਸੂਮਾਂ ਦੇ ਸਿਰਾਂ ਤੋਂ ਮਾਪਿਆਂ ਦਾ ਸਾਇਆ ਉਠਾ ਦਿਤਾ ਗਿਆ। ਇਹ ਸਾਫ਼ ਧੱਕਾ ਸੀ। ਅਜਿਹਾ ਅਨਿਆਏ, ਜਿਸ ਨੂੰ ਸਿੱਖਾਂ ਵਰਗੇ ਸੰਤ ਸਿਪਾਹੀ ਬਰਦਾਸ਼ਤ ਨਹੀਂ ਸਨ ਕਰ ਸਕਦੇ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਸ ਜ਼ੁਲਮ ਤੇ ਲੋਕ-ਵਿਰੋਧੀ ਸ਼ਕਤੀ ਵਿਰੁੱਧ ਦੇਸ਼ ਦੇ ਲੱਖਾਂ ਲੋਕਾਂ ਦੀ ਆਤਮਾ ਨੂੰ ਝੰਜੋੜਨ ਲਈ ਆਪਣਾ ਬਲੀਦਾਨ ਦੇਣ ਦਾ ਫ਼ੈਸਲਾ ਕਰ ਲਿਆ। ਥਾਂ ਥਾਂ ਜਾ ਕੇ ਉਨ੍ਹਾਂ ਨੇ ਲੋਕਾਂ ਨੂੰ ਪ੍ਰੇਰਨਾ ਕੀਤੀ ਤੇ ਇਹੀ ਉਪਦੇਸ਼ ਦਿਤਾ ਕਿ ਤੁਸੀਂ ਨਾ ਕਿਸੇ ਨੂੰ ਡਰਾਓ ਤੇ ਨਾ ਹੀ ਕਿਸੇ ਦਾ ਡਰ ਮਹਿਸੂਸ ਕਰੋ। ਇਸ ਪਰਚਾਰ ਸਮੇਂ ਬਹੁਤ ਸਾਰੀ ਸੰਗਤ ਆਪ ਦੇ ਨਾਲ ਹੀ ਪੰਜਾਬ ਤੋਂ ਦਿੱਲੀ ਵਲ ਨੂੰ ਤੁਰ ਪਈ। ਗੁਰੂ ਸਾਹਿਬ ਨੇ ਰਾਹ ਵਿਚ ਸਾਰੀ ਸੰਗਤ ਨੂੰ ਵਿਦਾ ਕਰ ਦਿਤਾ, ਕਿਉਂਕਿ ਹੁਣ ਕੇਵਲ ਉਨ੍ਹਾਂ ਨੂੰ ਨਾਲ ਲਿਜਾਣਾ ਸੀ, ਜੋ ਇਮਤਿਹਾਨ ਦੇ ਕਰੜੇ ਪਰਚੇ ਨੂੰ ਚੰਗੀ ਤਰ੍ਹਾਂ ਹੱਲ ਕਰਨ ਤੇ ਪਾਸ ਹੋਣ ਦੇ ਯੋਗ ਸਨ। ਇਸ ਸਮੇਂ ਪੰਜ ਸਿੱਖਾਂ ਨੂੰ ਨਾਲ ਲੈ ਕੇ ਗੁਰੂ ਤੇਗ਼ ਬਹਾਦਰ ਜੀ ਆਗਰੇ ਪਹੁੰਚ ਗਏ। ਇਹ ਪੰਜ ਸਿੱਖ, ਭਾਈ ਮਤੀ ਦਾਸ, ਭਾਈ ਸਤੀ ਦਾਸ,

ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ ਤੇ ਭਾਈ ਊਦਾ ਜੀ ਸਨ।

ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫਤਾਰੀ ਦਾ ਹੁਕਮ ਔਰੰਗਜ਼ੇਬ ਨੇ ਜਾਰੀ ਕੀਤਾ ਹੋਇਆ ਸੀ ਤੇ ਕਾਫ਼ੀ ਸਮੇਂ ਤੋਂ ਆਪ ਦੀ ਭਾਲ ਕੀਤੀ ਜਾ ਰਹੀ ਸੀ, ਪਰ ਪਤਾ ਨਹੀਂ ਸੀ ਲੱਗ ਰਿਹਾ। ਆਗਰੇ ਆ ਕੇ ਗੁਰੂ ਸਾਹਿਬ ਨੇ ਜਾਣ ਕੇ ਆਪਣਾ ਆਪ ਪ੍ਰਗਟ ਕਰ ਕੇ ਹਾਕਮਾਂ ਨੂੰ ਸੂਚਿਤ ਕਰ ਦਿੱਤਾ ਤੇ ਗੁਰੂ ਤੇਗ ਬਹਾਦਰ ਜੀ ਤੇ ਪੰਜੇ ਸਿੱਖ, ਜਿਨ੍ਹਾਂ ਵਿਚ ਭਾਈ ਮਤੀ ਦਾਸ ਜੀ ਵੀ ਸਨ, ਗ੍ਰਿਫਤਾਰ ਕਰ ਕੇ ਕਿਲ੍ਹੇ ਵਿਚ ਰੱਖੇ ਗਏ। ਉਧਰੋਂ ਦਿੱਲੀ ਪਤਾ ਭੇਜ ਦਿੱਤਾ ਗਿਆ ਤੇ ਉਥੋਂ ਆਈ ਹਦਾਇਤ ਅਨੁਸਾਰ ਪੰਜ ਸੌ ਫ਼ੌਜੀਆਂ ਦੇ ਪਹਿਰੇ ਹੇਠ ਗੁਰੂ ਤੇਗ ਬਹਾਦਰ ਜੀ ਤੇ ਉਨ੍ਹਾਂ ਦੇ ਪੰਜਾਂ ਸਿੱਖਾਂ ਨੂੰ ਦਿੱਲੀ ਲੈ ਆਂਦਾ ਗਿਆ।

ਔਰੰਗਜ਼ੇਬ ਇਨ੍ਹਾਂ ਦਿਨਾਂ ਵਿਚ ਦਿੱਲੀ ਨਹੀਂ ਸੀ। ਉਹ ਹੁਕਮ ਦੇ ਗਿਆ ਸੀ ਕਿ ਗੁਰੂ ਸਾਹਿਬ ਨੂੰ ਪਹਿਲਾਂ ਜ਼ੋਰ ਦਿੱਤਾ ਜਾਏ ਕਿ ਉਹ ਆਪਣਾ ਧਰਮ ਛੱਡ ਦੇਣ ਤੇ ਇਸਲਾਮ ਕਬੂਲ ਕਰ ਲੈਣ। ਬਾਦਸ਼ਾਹ ਸਮਝਦਾ ਸੀ ਕਿ ਇਨ੍ਹਾਂ ਇਕ ਦੇ ਧਰਮ ਛੱਡਣ ਨਾਲ ਲੱਖਾਂ ਲੋਕਾਂ ਨੇ ਬਿਨਾਂ ਜ਼ੋਰ ਦਿੱਤੇ ਆਪੇ ਹੀ ਇਸਲਾਮ ਕਬੂਲ ਕਰ ਲੈਣਾ ਹੈ। ਜੇ ਗੁਰੂ ਸਾਹਿਬ ਇਸਲਾਮ ਵਿਚ ਆਉਣਾ ਨਾ ਮੰਨਣ ਤਾਂ ਉਨ੍ਹਾਂ ਨੂੰ ਤੰਗ ਕੀਤਾ ਜਾਏ। ਸਖ਼ਤੀ ਨਾਲ ਉਹਨਾਂ ਨੂੰ ਆਪਣੇ ਵਿਚਾਰ ਬਦਲਣ ਲਈ ਮਜਬੂਰ ਕੀਤਾ ਜਾਏ। ਜੇ ਫਿਰ ਵੀ ਨਾ ਮੰਨਣ ਤਾਂ ਉਨ੍ਹਾਂ ਨੂੰ ਕਤਲ ਕੀਤਾ ਜਾਏ ਤੇ ਉਨ੍ਹਾਂ ਦਾ ਸਰੀਰ ਟੁਕੜੇ ਕਰ ਕੇ ਸ਼ਹਿਰ ਦੇ ਦਰਵਾਜ਼ਿਆਂ ਤੇ ਲਟਕਾ ਦਿੱਤਾ ਜਾਏ।

ਔਰੰਗਜ਼ੇਬ ਦੇ ਵਜ਼ੀਰਾਂ, ਸ਼ਹਿਰ ਦੇ ਕੋਤਵਾਲ ਤੇ ਜਾਮਾ ਮਸਜਿਦ ਦੇ ਵੱਡੇ ਮੌਲਵੀ ਨੇ ਕਾਫ਼ੀ ਦਿਨ ਗੁਰੂ ਸਾਹਿਬ ਨਾਲ ਗੱਲਾਂ ਕਰਦਿਆਂ ਤੇ ਉਨ੍ਹਾਂ ਨੂੰ ਮਨਾਂਦਿਆਂ ਲਾ ਦਿੱਤੇ, ਪਰ ਜਦੋਂ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਗੁਰੂ ਸਾਹਿਬ ਨੇ ਕਿਸੇ ਕੀਮਤ ਤੇ ਵੀ ਉਨ੍ਹਾਂ ਦੀ ਗੱਲ ਨਹੀਂ ਮੰਨਣੀ ਤੇ ਉਲਟਾ ਉਨ੍ਹਾਂ ਵਿਚੋਂ ਕਈਆਂ ਨੂੰ ਆਪਣੀਆਂ ਦਲੀਲਾਂ ਨਾਲ ਕਾਇਲ ਕਰ ਲੈਣਾ ਹੈ ਤੇ ਕਈ ਸਰਕਾਰੀ ਕਰਮਚਾਰੀ ਗੁਰੂ ਸਾਹਿਬ ਦੇ ਸ਼ਰਧਾਲੂ ਬਣਨ ਲੱਗ ਪਏ ਹਨ ਤਾਂ ਸਰਕਾਰ ਦੇ ਮੁਖੀ ਅਫ਼ਸਰਾਂ ਨੇ ਆਪ ਨੂੰ ਖੁਲ੍ਹੇ ਕਮਰੇ ਵਿਚ ਕੈਦ ਰਖਣ ਦੀ ਥਾਂ ਇਕ ਪਿੰਜਰੇ ਵਿਚ ਬੰਦ ਕਰ ਦਿੱਤਾ। ਪਿੰਜਰੇ ਵਿਚ ਆਰਾਮ ਕਰਨਾ ਤੇ ਤੁਰਨਾ ਫਿਰਨਾ ਵੀ ਕਠਿਨ ਹੀ ਨਹੀਂ ਸਗੋਂ ਅਸੰਭਵ ਸੀ।

ਗੁਰੂ ਸਾਹਿਬ ਦੀ ਇਹ ਹਾਲਤ ਦੇਖ ਕੇ ਭਾਈ ਮਤੀ ਦਾਸ ਤੋਂ ਬਰਦਾਸ਼ਤ ਕਰਨਾ ਮੁਸ਼ਕਲ ਹੋ ਗਿਆ। ਉਹਨਾਂ ਬੇਨਤੀ ਕੀਤੀ ਕਿ ਮਹਾਰਾਜ, ਜੇ ਆਗਿਆ ਦਿਓ ਤਾਂ ਮੈਂ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਵਜਾ ਦਿਆਂ। ਇਹਨਾਂ ਜ਼ਾਲਮ ਹਾਕਮਾਂ ਨੂੰ ਕੀਤੇ ਦਾ ਮਜ਼ਾ ਚਖਾ ਦਿਆਂ। ਇਸ ਸਮੇਂ ਗੁਰੂ ਤੇਗ਼ ਬਹਾਦਰ ਜੀ ਨੇ ਸਮਝਾਇਆ ਕਿ ਇਹ ਸਾਰਾ ਕੁਝ ਤੁਸੀਂ ਸ਼ਾਂਤੀ ਨਾਲ ਦੇਖਦੇ ਚਲੋ। ਅਸੀਂ ਅਗੰਮੀ ਸ਼ਕਤੀ ਨਾਲ ਕਰਾਮਾਤ ਦੇ ਸਖ਼ਤ ਵਿਰੁੱਧ ਹਾਂ। ਤੁਹਾਨੂੰ ਪਤਾ ਏ ਕਿ ਸਾਨੂੰ ਵੀ ਇਨ੍ਹਾਂ ਪੇਸ਼ਕਸ਼ ਕੀਤੀ ਏ ਕਿ ਅਸੀਂ ਕਰਾਮਾਤ ਦਿਖਾਈਏ ਪਰ ਅਸੀਂ ਅਜੇਹਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਸਾਨੂੰ ਖਿੜੇ ਮੱਥੇ ਆ ਰਹੇ ਹਾਲਾਤ ਦਾ ਟਾਕਰਾ ਕਰਨਾ ਚਾਹੀਦਾ ਹੈ, ਇਸ ਵਿਚ ਸਾਡਾ ਸਮੁੱਚੀ ਮਨੁਖ ਜਾਤੀ ਦਾ ਭਲਾ ਹੋਵੇਗਾ। ਸਮੇਂ ਦੀ ਮੰਗ

ਹੈ ਕਿ ਅਸੀਂ ਕੁਰਬਾਨੀ ਦੇਈਏ, ਇਸ ਲਈ ਦ੍ਰਿੜ੍ਹ ਰਹਿ ਕੇ ਸਾਨੂੰ ਆਈ ਔਕੜ ਦਾ ਸਾਹਮਣਾ ਕਰਨਾ ਚਾਹੀਦਾ ਹੈ।

ਭਾਈ ਮਤੀ ਦਾਸ ਨੂੰ ਗਿਆਨ ਹੋ ਗਿਆ। ਉਹਨੇ ਨਮਸਕਾਰ ਕੀਤਾ ਤੇ ਸਮਝ ਲਿਆ ਕਿ ਜੀਵਨ ਭੇਦ ਹੁਣ ਇਸੇ ਵਿਚ ਹੈ ਕਿ ਬਲੀਦਾਨ ਦਿੱਤਾ ਜਾਏ। ਗੁਰੂ ਸਾਹਿਬ ਨਾਲ ਭਾਈ ਮਤੀ ਦਾਸ ਦੀ ਗੱਲਬਾਤ ਨੂੰ ਸਰਕਾਰ ਤੇ ਕਰਮਚਾਰੀਆਂ ਵਿਚੋਂ ਕਿਸੇ ਨੇ ਸੁਣ ਲਿਆ ਤੇ ਜਾ ਕੇ ਸ਼ਕਾਇਤ ਲਾਈ ਤੇ ਕੁਝ ਆਪਣੇ ਕੋਲੋਂ ਵਧਾ ਕੇ ਦਸੀਆਂ।

ਪਹਿਲਾਂ ਹੀ ਸਰਕਾਰ ਦੇ ਮੁਖੀਏ ਤੇ ਕਾਜ਼ੀ ਇਹ ਸੋਚ ਰਹੇ ਸਨ ਕਿ ਗੁਰੂ ਤੇਗ ਬਹਾਦਰ ਤੇ ਪਿੰਜਰੇ ਵਿਚ ਬੰਦ ਕਰਨ ਦਾ ਵੀ ਕੋਈ ਅਸਰ ਨਹੀਂ ਹੋਇਆ, ਇਸ ਲਈ ਉਹਨਾਂ ਦੇ ਸਿੱਖਾਂ ਨੂੰ ਉਹਨਾਂ ਦੀਆਂ ਅੱਖਾਂ ਸਾਹਮਣੇ ਤੜਫਾ ਤੜਫਾ ਕੇ ਮਾਰਿਆ ਜਾਏ ਤਾਂ ਕਿ ਗੁਰੂ ਤੇਗ ਬਹਾਦਰ ਦੇ ਮਨ ਤੇ ਅਸਰ ਹੋਵੇ ਤੇ ਉਹ ਮੰਨ ਜਾਣ। ਜਦ ਭਾਈ ਮਤੀ ਦਾਸ ਦੀ ਉਕਤ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੂੰ ਇਕ ਸਪੱਸ਼ਟ ਬਹਾਨਾ ਵੀ ਮਿਲ ਗਿਆ। ਉਸੇ ਵੇਲੇ ਭਾਈ ਮਤੀ ਦਾਸ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਹੋ ਗਿਆ। ਫ਼ੈਸਲਾ ਇਹ ਕੀਤਾ ਗਿਆ ਕਿ ਸਿਰ ਤੇ ਆਰਾ ਫੇਰਿਆ ਜਾਏ। ਕੋਈ ਆਦਮੀ ਵੀ ਆਪਣੇ ਸਿਰ ਨੂੰ ਲਕੜੀ ਦੇ ਮੋਛੇ ਵਾਂਗ ਚਿਰਦਾ ਦੇਖ ਕੇ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਦਾ ਖ਼ਿਆਲ ਸੀ ਕਿ ਜਦ ਆਰਾ ਲਿਆ ਕੇ ਸਿਰ ਤੇ ਰਗੜਨ ਲੱਗੇ ਤਾਂ ਮਤੀ ਦਾਸ ਨੇ ਉਸੇ ਵੇਲੇ ਇਸਲਾਮ ਕਬੂਲ ਕਰ ਲੈਣਾ ਹੈ, ਪਰ ਉਹਨਾਂ ਦਾ ਅੰਦਾਜ਼ਾ ਗ਼ਲਤ ਨਿਕਲਿਆ।

ਭਾਈ ਮਤੀ ਦਾਸ ਜੀ ਨੂੰ ਕੋਤਵਾਲੀ ਦੇ ਕੈਦਖ਼ਾਨੇ ਤੋਂ ਕਢਿਆ ਗਿਆ। ਸ਼ਹਿਰ ਵਿਚ ਉਹਨਾਂ ਨੂੰ ਸਰਕਾਰ ਵਲੋਂ ਦਿੱਤੀ ਜਾਣ ਵਾਲੀ ਸਜ਼ਾ ਬਾਰੇ ਢੰਡੋਰਾ ਫੇਰ ਦਿਤਾ ਗਿਆ ਤੇ ਭਾਰੀ ਗਿਣਤੀ ਵਿਚ ਲੋਕ ਆ ਜੁੜੇ। ਕੋਤਵਾਲੀ ਦੇ ਸਾਹਮਣੇ ਸਾਰੀ ਥਾਂ ਖੁਲ੍ਹੀ ਪਈ ਸੀ। ਵਿਚਕਾਰ ਕੱਚਾ ਰਾਹ ਸ਼ਹਿਰ ਵੱਲ ਜਾਂਦਾ ਸੀ। ਉਸ ਰਾਹ ਦੇ ਪਾਰਲੇ ਪਾਰ ਜਿਥੇ ਅੱਜਕੱਲ੍ਹ ਫੁਹਾਰਾ ਹੈ, ਭਾਈ ਮਤੀ ਦਾਸ ਜੀ ਨੂੰ ਬਿਠਾ ਦਿਤਾ ਗਿਆ। ਆਰਾ ਲੈ ਕੇ ਜੱਲਾਦ ਆ ਗਏ। ਮਤੀ ਦਾਸ ਜੀ ਨੂੰ ਕਿਹਾ ਗਿਆ ਕਿ ਕਰਾਮਾਤ ਦਿਖਾਓ ਤੇ ਸਾਡਾ ਸਾਰਾ ਕੁਝ ਤਬਾਹ ਕਰ ਕੇ ਦਿਖਾਓ। ਭਾਈ ਮਤੀ ਦਾਸ ਨੇ ਕਿਹਾ ਕਿ ਮੇਰੇ ਗੁਰਦੇਵ ਦਾ ਹੁਕਮ ਨਹੀਂ ਅਜੇਹਾ ਕਰਨ ਦਾ, ਨਹੀਂ ਤੇ ਮੈਂ ਤੁਹਾਨੂੰ ਦੱਸ ਦਿੰਦਾ।

ਮਤੀ ਦਾਸ ਨੂੰ ਆਖਿਆ ਦੱਸ ਸਿੱਖਾ,
ਕਿਵੇਂ ਦਿੱਲੀ ਲਾਹੌਰ ਟਕਰਾਏਂਗਾ ਤੂੰ।
ਕਿਵੇਂ ਧਰਤ ਆਕਾਸ਼ ਨੂੰ ਮੇਲ ਦੇਵੇਂਗਾ,
ਤਖ਼ਤਾ ਤਖ਼ਤ ਤੋਂ ਕਿਵੇਂ ਪਲਟਾਏਂਗਾ ਤੂੰ।
....
ਕਰਾਮਾਤ ਦੱਸ ਜਾਂ ਮੌਤ ਮੰਨ ਲੈ,
ਜਿਹੜੀ ਹੋਈ ਵਿਚਾਰ ਵਿਚਾਰ ਕੇ ਦੱਸ।

ਜਾਂ ਤੇ ਮਰਨ ਦੇ ਲਈ ਤਿਆਰ ਹੋ ਜਾ,
ਤੇ ਜਾਂ ਸ਼ਾਹੀ ਹਕੂਮਤ ਨੂੰ ਮਾਰ ਕੇ ਦੱਸ।

....

ਮਤੀ ਦਾਸ ਨੇ ਆਖਿਆ ਇਉਂ ਅਗੋਂ,
ਕਰਾਂ ਕੀ ਜੇ ਕੀਲਿਆ ਨਾਗ ਹਾਂ ਮੈਂ।
ਬਿਨਾਂ ਹੁਕਮ ਤੋਂ ਝੂਲਦਾ ਨਹੀਂ ਪੱਤਾ,
ਨਹੀਂ ਤਾਂ ਸਮਝ ਮੈਨੂੰ ਮਾਰੂ ਰਾਗ ਹਾਂ ਮੈਂ।
ਪੈਣ ਪਿਟਣੇ ਮੁਗਲ ਸਰਕਾਰ ਅੰਦਰ,
ਮੰਨੀ ਸੱਚ ਕਿ ਅਜ਼ਲ ਦੇ ਵਾਂਗ ਹਾਂ ਮੈਂ।

....

ਤਖ਼ਤ ਵਾਲਿਆਂ ਨੂੰ ਪਾਵਾਂ ਮੰਜਿਆਂ ਤੇ,
ਪਰ ਹੁਕਮ ਬਾਝੋਂ ਕੁਝ ਨਹੀਂ ਕਰ ਸਕਦਾ।
ਇਸ ਵਾਸਤੇ ਮਰਨ ਮਨਜ਼ੂਰ ਮੈਨੂੰ,
ਬਿਨਾਂ ਮਰਨ ਤੋਂ ਹੋਰ ਨਹੀਂ ਕਰ ਸਕਦਾ।

—ਸੋਹਣ ਸਿੰਘ ਸੇਵਕ

ਕਾਜ਼ੀ ਨੇ ਆ ਕੇ ਇਕ ਵਾਰ ਫਿਰ ਸਰਕਾਰ ਵੱਲੋਂ ਪੇਸ਼ਕਸ਼ ਕੀਤੀ। ਦੁਨਿਆਵੀ ਸੁੱਖਾਂ ਤੇ ਹੋਰ ਵਸਤੂਆਂ ਦੇ ਲਾਲਚ ਦਿੱਤੇ ਪਰ ਭਾਈ ਮਤੀ ਦਾਸ ਨੇ ਕੁਝ ਵੀ ਪ੍ਰਵਾਨ ਨਾ ਕੀਤਾ। ਅਖ਼ੀਰ ਫਿਰ ਜੱਲਾਦਾਂ ਨੂੰ ਨਜ਼ਦੀਕ ਬੁਲਾ ਲਿਆ ਗਿਆ। ਉਹਨਾਂ ਨੂੰ ਫਿਰ ਆ ਕੇ ਇਤਨਾ ਕੁ ਮੰਨਣ ਲਈ ਕਿਹਾ ਕਿ ਉਹ ਗੁਰੂ ਤੇਗ ਬਹਾਦਰ ਦਾ ਸਾਥ ਛੱਡ ਦੇਣ। ਭਾਈ ਮਤੀ ਦਾਸ ਨੇ ਉੱਤਰ ਦਿੱਤਾ ਕਿ ਇਹ ਨਹੀਂ ਹੋ ਸਕਦਾ। ਗੁਰੂ ਸਾਹਿਬ ਦਾ ਲੜ ਛੱਡ ਕੇ ਮੈਂ ਜ਼ਿੰਦਾ ਨਹੀਂ ਰਹਿ ਸਕਦਾ। ਫਿਰ ਵੀ ਮੈਂ ਰੁਲ ਕੇ ਮਰਨਾ ਹੈ, ਇਸ ਲਈ ਤੁਹਾਡੇ ਤਸੀਹੇ ਸਹਿ ਕੇ ਮਰਨਾ ਵਧੇਰੇ ਚੰਗਾ ਹੈ। ਹੁਣ ਬਹੁਤੀ ਦੇਰ ਨਾ ਲਾਓ। ਮੈਨੂੰ ਇਉਂ ਪਿਆ ਜਾਪਦਾ ਹੈ ਕਿ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮੈਨੂੰ ਆਪਣੀ ਗਲਵਕੜੀ ਵਿਚ ਲੈਣ ਲਈ ਪਵਿੱਤਰ ਬਾਂਹਵਾਂ ਖਿਲਾਰੀ ਬੁਲਾ ਰਹੇ ਹਨ।

ਕਾਜ਼ੀ ਨੇ ਅਖ਼ੀਰ ਪੁਛਿਆ ਕਿ ਮਰਨ ਤੋਂ ਪਹਿਲਾਂ ਤੇਰੀ ਜੇਕਰ ਕੋਈ ਇੱਛਾ ਹੋਵੇ ਤਾਂ ਉਹ ਦੱਸ, ਅਸੀਂ ਉਸਨੂੰ ਪੂਰਾ ਕਰ ਸਕਦੇ ਹਾਂ। ਇਹ ਉਸ ਸਮੇਂ ਰਿਵਾਜ ਸੀ ਕਿ ਜਿਸਨੂੰ ਮਾਰਨਾ ਹੋਵੇ, ਉਹਦੀ ਕੋਈ ਮੰਨਣ ਯੋਗ ਇਛਾ ਪੂਰੀ ਕਰ ਦਿੱਤੀ ਜਾਇਆ ਕਰਦੀ ਸੀ। ਭਾਈ ਮਤੀ ਦਾਸ ਜੀ ਨੂੰ ਜਦ ਪੁਛਿਆ ਗਿਆ ਤਾਂ ਉਹਨਾਂ ਨੇ ਕਿਹਾ ਕਿ ਮੇਰੀ ਇੱਛਾ ਇਹ ਹੈ ਕਿ ਮੇਰੇ ਸੀਸ ਤੇ ਆਰਾ ਰੱਖਣ ਸਮੇਂ ਮੇਰਾ ਮੂੰਹ ਉਸ ਪਿੰਜਰੇ ਵਲ ਕਰ ਦਿੱਤਾ ਜਾਏ, ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੈਦ ਹਨ ਤਾਂ ਕਿ ਮੈਂ ਆਪਣੇ ਜੀਵਨ ਦੇ ਅੰਤਲੇ ਸਵਾਸ ਤਕ ਆਪਣੇ ਮਾਹੀ ਪ੍ਰੀਤਮ ਦੇ ਦਰਸ਼ਨ ਕਰ ਸਕਾਂ। ਮੈਨੂੰ ਹੋਰ ਇਸ ਸਮੇਂ ਕਿਸੇ ਚੀਜ਼ ਦੀ ਇੱਛਾ ਜਾਂ ਅਭਿਲਾਸ਼ਾ ਨਹੀਂ।

ਇਸੇ ਤਰ੍ਹਾਂ ਕੀਤਾ ਗਿਆ ਤੇ ਭਾਈ ਮਤੀ ਦਾਸ ਦਾ ਮੂੰਹ ਉਧਰ ਕਰ ਕੇ ਆਰਾ ਸੀਸ ਤੇ ਰੱਖ ਦਿੱਤਾ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਲੋਕ ਦੇਖ ਕੇ ਹੈਰਾਨ ਹੋ ਰਹੇ ਸਨ ਕਿ ਭਾਈ ਮਤੀ ਦਾਸ ਨੂੰ ਜ਼ਰਾ ਵੀ ਘਬਰਾਹਟ ਨਹੀਂ। ਸਰੀਰ ਦੇ ਰੰਗ ਵਿਚ ਮੌਤ ਦੇ ਭੈ ਨਾਲ ਕੋਈ ਤਬਦੀਲੀ ਨਹੀਂ ਆਈ। ਸਗੋਂ ਜਪੁਜੀ ਸਾਹਿਬ ਦਾ ਪਾਠ ਅਰੰਭ ਦਿੱਤਾ ਤੇ ਉਧਰੋਂ ਸੀਸ ਤੇ ਆਰਾ ਅੱਗੇ ਤੋਂ ਪਿਛੇ ਤੇ ਪਿਛੇ ਤੋਂ ਅੱਗੇ ਚੱਲਣ ਲਗ ਪਿਆ। ਦੋ ਫੇਰੇ ਦੇਣ ਨਾਲ ਹੀ ਖ਼ੂਨ ਦੀਆਂ ਧਾਰਾਂ ਦੂਰ ਤਕ ਵਗਣ ਲਗ ਪਈਆਂ। ਮੂੰਹ ਤੇ ਖ਼ੂਨ ਦੇ ਪਰਨਾਲੇ ਡਿਗਣ ਲਗ ਪਏ। ਸਰੀਰ ਵਿਚ ਬਿਲਕੁਲ ਕਾਂਬਾ ਨਹੀਂ ਛਿੜਿਆ। ਸਮਾਧੀ ਨੂੰ ਆਰੇ ਦਾ ਚੀਰ ਵੀ ਭੰਗ ਨਾ ਕਰ ਸਕਿਆ। ਉਧਰੋਂ ਭਾਈ ਮਤੀ ਦਾਸ ਜੀ ਨੇ ਇਹ ਤੁਕ ਪੜ੍ਹੀ:

"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥"

ਉਧਰੋਂ ਆਰਾ ਆਪਣਾ ਕੰਮ ਮੁਕਾ ਬੈਠਾ ਤੇ ਸਰੀਰ ਦੋ ਫਾੜ ਹੋ ਗਿਆ। ਭੌਰ ਉਡਾਰੀ ਮਾਰ ਗਿਆ ਤੇ ਸਰੀਰ ਧਰਤੀ ਤੇ ਡਿਗ ਪਿਆ। ਵੇਖਣ ਵਾਲਿਆਂ ਦੇ ਰੌਂਗਟੇ ਖੜੇ ਹੋ ਗਏ। ਇਸ ਤਰ੍ਹਾਂ ਇਨਸਾਨ ਨੂੰ ਤਸੀਹੇ ਝਲਦਿਆਂ ਤੇ ਦ੍ਰਿੜ੍ਹ ਰਹਿੰਦਿਆਂ ਦਿੱਲੀ ਵਾਸੀਆਂ ਨੇ ਪਹਿਲਾਂ ਕਦੇ ਨਹੀਂ ਸੀ ਤਕਿਆ।

ਸਰਕਾਰ ਨੇ ਲੋਕਾਂ ਦੇ ਸਾਹਮਣੇ ਇਹ ਕਾਰਾ ਇਸ ਲਈ ਕੀਤਾ ਤਾਂ ਕਿ ਉਹ ਭੈ-ਭੀਤ ਹੋ ਜਾਣ ਤੇ ਗੁਰੂ ਸਾਹਿਬ ਦੇ ਹਮਦਰਦ ਵੀ ਨਾ ਰਹਿਣ, ਪਰ ਇਸ ਦਾ ਉਲਟਾ ਅਸਰ ਹੋਇਆ। ਇਸ ਤਰ੍ਹਾਂ ਦੇ ਜ਼ੁਲਮ ਨਾਲ ਲੋਕੀਂ ਭੈ-ਭੀਤ ਨਹੀਂ ਹੁੰਦੇ, ਸਗੋਂ ਜ਼ੁਲਮ ਵਿਰੁੱਧ ਜਜ਼ਬਾ ਉੱਭਰਦਾ ਹੈ, ਧੂੰਆਂ ਧੁਖਦਾ ਹੈ, ਜੋ ਕਿਸੇ ਵੇਲੇ ਜਵਾਲਾ ਬਣ ਕੇ ਜ਼ੁਲਮ ਨੂੰ ਸਾੜ ਫੂਕ ਦੇਂਦਾ ਹੈ। ਇਸੇ ਲਈ ਸਿਆਣੇ ਕਹਿੰਦੇ ਹਨ ਕਿ ਸ਼ਹੀਦੀਆਂ ਰੰਗ ਲਿਆਉਂਦੀਆਂ ਹਨ।

ਭਾਈ ਮਤੀ ਦਾਸ ਦਾ ਸਰੀਰ ਉਥੇ ਹੀ ਪਿਆ ਰਹਿਣ ਦਿੱਤਾ ਗਿਆ। ਇਹ ਨਹੀਂ ਅਗੋਂ ਪਤਾ ਲਗ ਸਕਿਆ ਕਿ ਉਹਨਾਂ ਦੀ ਦੇਹ ਦਾ ਕੀ ਬਣਿਆ। ਸ਼ਹੀਦੀ ਸਮਾਂ 1675 ਈਸਵੀ ਦੇ ਨਵੰਬਰ ਦਾ ਪਹਿਲਾ ਹਫ਼ਤਾ ਇਤਿਹਾਸ ਵਿਚ ਆਇਆ ਏ। ਆਪ ਪਿਛੋਂ ਦੂਜੇ ਦਿਨ ਭਾਈ ਦਿਆਲਾ ਜੀ ਨੂੰ ਦੇਗ਼ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਦੇ ਭਰਾ ਭਾਈ ਸਤੀ ਦਾਸ ਨੂੰ ਰੂਈਂ ਵਿਚ ਲਪੇਟ ਕੇ ਜ਼ਿੰਦਾ ਸਾੜ ਕੇ ਸ਼ਹੀਦ ਕੀਤਾ ਗਿਆ।

ਫਿਰ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਹੋਈ। ਇਉਂ ਗੁਰਦਵਾਰਾ ਸੀਸ ਗੰਜ ਦਿੱਲੀ ਵਾਲੀ ਥਾਂ, ਨਾਲ ਦੀ ਕੋਤਵਾਲੀ, ਸਾਹਮਣੇ ਫੁਹਾਰੇ ਵਾਲੀ ਥਾਂ, ਸਿੱਖ ਸ਼ਹੀਦਾਂ ਦੇ ਖ਼ੂਨ ਨਾਲ ਰੰਗੀਆਂ ਹੋਈਆਂ ਹਨ।

ਭਾਈ ਦਿਆਲਾ

ਸੁਣ ਲੈ ਰਤਾ ਕੰਨ ਖੋਲ੍ਹ ਕੇ, ਦੇਗ਼ਾਂ ਉਬਾਲਣ ਵਾਲਿਆ ।
ਉਇ ਸਾਬਰਾਂ ਦੀ ਜੰਗ ਤੋਂ, ਜਿਤਾਂ ਭਾਲਣ ਵਾਲਿਆ ।

ਫੌਲਾਦ ਹੈ ਦਿਲ ਸਿੱਖ ਦਾ, ਦੇਗ਼ਾਂ 'ਚ ਜੋ ਢਲਦਾ ਨਹੀਂ ।
ਇਹ ਸਬਰ-ਭਿਜਾ ਸਿਦਕ ਹੈ, ਜੋ ਅੱਗ ਵਿਚ ਗਲਦਾ ਨਹੀਂ ।
ਜੇਕਰ ਹਿਮਾਲਾ ਪੰਘਰੇ, ਪੱਥਰ ਬਣੇ ਜੰਮ ਨੀਰ ਜੇ ।
ਸਿੱਖ ਨੇ ਸਿਦਕ ਹੈ ਪਾਲਣਾ, ਖਹਿੜੇ ਪਏ ਤਕਦੀਰ ਜੇ ।
ਸੁਣ ਲੈ ਰਤਾ ਕੰਨ ਖੋਲ੍ਹ ਕੇ, ਦੇਗ਼ਾਂ ਉਬਾਲਣ ਵਾਲਿਆ ।
ਸਿਰ ਸਿਦਕੀਆਂ ਦੇ ਤੇਗ਼ ਤੇ, ਨਿਤ ਹੀ ਉਛਾਲਣ ਵਾਲਿਆ ।

ਤੂੰ ਅੱਗ ਔਰੰਗਜ਼ੇਬ ਦੇ, ਦਿਲ ਦੀ ਭਖਾ ਲੈ ਹੋਰ ਵੀ ।
ਜੋ ਲਗਦਾ ਈ ਆਪਣਾ, ਉਹ ਜ਼ੋਰ ਲਾ ਲੈ ਹੋਰ ਵੀ ।
ਪਹੁੰਚਦੀ ਨਹੀਂ ਅੱਗ ਉਹਨਾਂ ਨੂੰ, ਜਿਹੜੇ ਨੇ ਠਰਨਾ ਜਾਣਦੇ ।
ਮਾਰੇ ਉਹਨਾਂ ਨੂੰ ਮੌਤ ਨਾ, ਜੋ ਹੋਣ ਮਰਨਾ ਜਾਣਦੇ ।
ਸੁਣ ਲੈ ਰਤਾ ਕੰਨ ਖੋਲ੍ਹ ਕੇ, ਦੇਗ਼ਾਂ ਉਬਾਲਣ ਵਾਲਿਆ ।
ਤੇ ਧਰਮੀਆਂ ਨੂੰ ਦੇਗ਼ ਵਿਚ, ਫੜ ਕੇ ਬਿਠਾਲਣ ਵਾਲਿਆ ।

ਮੇਰਾ ਦਿਆਲਾ ਨਾਮ ਹੈ, ਸੇਵਕ ਹਾਂ ਦੀਨ ਦਿਆਲ ਦਾ ।
ਦੁਖੀਆਂ ਲਈ ਜੋ ਜਗ ਤੇ, ਆਇਆ ਹੈ ਘਾਲਾਂ ਘਾਲਦਾ ।
ਮੈਂ ਵੀ ਮਰਾਂਗਾ ਹੱਸ ਕੇ, ਸਿੱਖੀ ਨਿਭਾਵਣ ਵਾਸਤੇ ।
ਸਰਬੰਗ ਜਗਦੀ ਜੋਤ ਨੂੰ, ਅੰਦਰ ਜਗਾਵਣ ਵਾਸਤੇ ।
ਸੁਣ ਲੈ ਰਤਾ ਕੰਨ ਖੋਲ੍ਹ ਕੇ, ਦੇਗ਼ਾਂ ਉਬਾਲਣ ਵਾਲਿਆ ।
ਅਣਖੀ ਗੁਰੂ ਦੇ ਸਿੱਖ ਨੂੰ, ਉਸ ਵਿਚ ਨੁਹਾਲਣ ਵਾਲਿਆ ।

ਮੇਰੇ ਲਈ ਤਪ ਗੁਫਾ ਹੈ, ਇਹ ਉਬਲਦੀ ਜੋ ਦੇਗ਼ ਹੈ ।
ਹੈ ਛਾਂ ਦਿਆਲੇ ਵਾਸਤੇ, ਸਿਰ ਤੇ ਜੋ ਦਿਸਦੀ ਤੇਗ਼ ਹੈ ।
ਚਾਅ ਹੈ ਸ਼ਹੀਦੀ ਵਰਨ ਦੀ, ਲਾੜਾ ਬਣਾਂਗਾ ਅੱਜ ਮੈਂ ।
ਛਾਲੇ ਜਦੋਂ ਤਕ ਪੈਣਗੇ, ਜਾਵਾਂਗਾ ਪੂਰਾ ਸੱਜ ਮੈਂ ।
ਸੁਣ ਲੈ ਰਤਾ ਕੰਨ ਖੋਲ੍ਹ ਕੇ, ਦੇਗ਼ਾਂ ਉਬਾਲਣ ਵਾਲਿਆ ।
ਫੜ ਸਾਬਰਾਂ ਨੂੰ ਅੱਗ ਵਿਚ, ਨਿੱਤ ਹੀ ਬਿਠਾਲਣ ਵਾਲਿਆ ।

ਇਸ ਦੇਗ਼ ਅੰਦਰ ਹੱਸ ਕੇ, ਤਪ ਜਾ ਦਿਆਲਾ ਕਰੇਗਾ ।
ਤਕ ਮਿਹਰ ਦਾ ਮੀਂਹ ਅਰਸ਼ ਤੋਂ, ਦਾਤਾਰ ਵਲੋਂ ਵਰ੍ਹੇਗਾ ।

ਅੱਜ ਰਿੱਝ ਕੇ ਇਸ ਦੇਗ ਵਿਚ, ਅੱਜ ਬੈਠ ਕੇ ਇਸ ਅੱਗ ਤੇ ।
ਜੀਵਨ ਨਵਾਂ ਹੈ ਪਾਵਣਾ, ਵੇਖੀਂ ਦਿਆਲੇ ਜਗ ਤੇ ।

—'ਸਿਦਕੀ ਭੌਰੇ' ਵਿਚੋਂ

ਗਿ: ਤਰਲੋਚਨ ਸਿੰਘ "ਸ਼ਾਨ" ਨੇ ਆਪਣੀ ਇਸ ਕਵਿਤਾ ਵਿਚ ਭਾਈ ਦਿਆਲਾ ਜੀ ਦੇ ਦਿਲੀ ਜਜ਼ਬਾਤ ਤੇ ਜ਼ੁਲਮ ਦੇ ਟਾਕਰੇ ਤੇ ਉਨ੍ਹਾਂ ਦੀ ਦ੍ਰਿੜ੍ਹਤਾ ਤੇ ਅਡੋਲਤਾ ਦੀ ਜੋ ਤਸਵੀਰ ਖਿੱਚੀ ਹੈ, ਉਸ ਤੋਂ ਸਾਫ਼ ਪ੍ਰਤੀਤ ਹੁੰਦਾ ਹੈ ਕਿ ਸਿੱਖ ਸ਼ਹੀਦਾਂ ਨੇ ਬੜੀ ਚੜ੍ਹਦੀ ਕਲਾ ਵਿਚ ਰਹਿ ਕੇ ਅਤਿਆਚਾਰਾਂ ਦਾ ਮੁਕਾਬਲਾ ਕੀਤਾ ਤੇ ਆਪਾ ਵਾਰਿਆ । ਜਿਵੇਂ ਭਾਈ ਮਤੀ ਦਾਸ ਜੀ ਦੇ ਆਰੇ ਨਾਲ ਚੀਰੇ ਜਾਣ ਦੀ ਕੁਰਬਾਨੀ ਦੇ ਮੁਕਾਬਲੇ ਦੁਨੀਆਂ ਦਾ ਇਤਿਹਾਸ ਹੋਰ ਕੋਈ ਘਟਨਾ ਨਹੀਂ ਪੇਸ਼ ਕਰ ਸਕਦਾ, ਇਉਂ ਅੱਗ ਤੇ ਉਬਲਦੇ ਪਾਣੀ ਦੀ ਦੇਗ਼ ਵਿਚ ਸ਼ਾਂਤ ਤੇ ਅਡੋਲ ਬੈਠ ਕੇ ਆਪਾ ਵਾਰਨ ਦੀ ਮਿਸਾਲ ਵੀ ਹੋਰ ਕਿਧਰੇ ਨਹੀਂ ਮਿਲਦੀ । ਭਾਰਤ ਵਿਚ ਮੁਗ਼ਲ ਸਾਮਰਾਜ ਤੇ ਮਾਨਵ ਵਿਰੋਧੀ ਸ਼ਕਤੀਆਂ ਦਾ ਟਾਕਰਾ ਕਰਦਿਆਂ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਬਲਦੀ ਦੇਗ਼ ਵਿਚ ਲਾਹੌਰ ਵਿਚ ਤੇ ਉਹਨਾਂ ਦੇ ਸਿੱਖ ਭਾਈ ਦਿਆਲਾ ਜੀ ਨੇ ਉਹਨਾਂ ਤੋਂ ਪਿਛੋਂ ਦਿੱਲੀ ਵਿਚ ਉਬਲਦੀ ਦੇਗ਼ ਵਿਚ ਬੈਠ ਕੇ ਸ਼ਹੀਦੀ ਦਿਤੀ ਤੇ ਔਰੰਗਜ਼ੇਬ ਦੀ ਗ਼ਲਤ ਨੀਤੀ ਵਿਰੁੱਧ ਸਾਰੇ ਦੇਸ਼ ਨੂੰ ਝੰਜੋੜ ਦਿੱਤਾ ।

ਭਾਈ ਦਿਆਲਾ ਜੀ ਦੇ ਮੁਢਲੇ ਜੀਵਨ ਬਾਰੇ ਇਤਿਹਾਸ ਵਿਚੋਂ ਜਾਣਕਾਰੀ ਨਹੀਂ ਮਿਲਦੀ । ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਭਾਈ ਦਿਆਲਾ ਜੀ ਵੀ ਕਰਿਆਲਾ ਜ਼ਿਲ੍ਹਾ ਜਿਹਲਮ ਦੇ ਰਹਿਣ ਵਾਲੇ ਸਨ ਤੇ ਭਾਈ ਮਤੀ ਦਾਸ ਜੀ ਦੇ ਰਿਸ਼ਤੇਦਾਰ ਸਨ । ਦੂਜਾ ਤੇ ਆਮ ਪ੍ਰਚਲਤ ਵਿਚਾਰ ਇਹ ਹੈ ਕਿ ਭਾਈ ਦਿਆਲਾ ਜੀ ਮਾਲਵੇ ਦੇਸ਼ ਦੇ ਰਹਿਣ ਵਾਲੇ ਸਨ ਤੇ ਭਾਈ ਮਨੀ ਸਿੰਘ ਜੀ ਸ਼ਹੀਦ ਇਹਨਾਂ ਦੇ ਪਰਿਵਾਰ ਵਿਚੋਂ ਹੀ ਸਨ । ਭਗਤ ਲਛਮਣ ਸਿੰਘ ਜੀ ਆਪਣੀ ਪੁਸਤਕ "ਸਿੱਖ ਮਾਰਟਰਜ਼" ਵਿਚ ਲਿਖਦੇ ਹਨ ਕਿ ਭਾਈ ਦਿਆਲਾ ਜੀ ਦੇ ਪਰਿਵਾਰ ਵਿਚੋਂ ਹੀ ਸ਼ਹੀਦ ਭਾਈ ਮਨੀ ਸਿੰਘ ਜੀ ਸਨ । ਪ੍ਰਿੰਸੀਪਲ ਗੰਗਾ ਸਿੰਘ ਜੀ 'ਅੰਮ੍ਰਿਤ' ਰਸਾਲੇ ਦੇ ਜੂਨ 1932 ਦੇ ਪਰਚੇ ਵਿਚ ਲਿਖਦੇ ਹਨ ਕਿ ਭਾਈ ਦਿਆਲਾ ਜੀ ਮਾਲਵਾ ਦੇਸ਼ ਦੇ ਪਿੰਡ ਕੋਬੇਵਾਲ ਦੇ ਰਹਿਣ ਵਾਲੇ ਸਨ ।

ਇਨ੍ਹਾਂ ਬਚਪਨ ਕਿਸ ਤਰ੍ਹਾਂ ਬਿਤਾਇਆ ? ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਪਾਸ ਕਦੋਂ ਆਏ ? ਇਹ ਗੱਲਾਂ ਅਜੇ ਹੋਰ ਇਤਿਹਾਸ ਦੀ ਖੋਜ ਨਾਲ ਦਸੀਆਂ ਜਾ ਸਕਣਗੀਆਂ । ਇਸ ਬਾਰੇ ਅਜੇ ਕੁਝ ਪਤਾ ਨਹੀਂ । ਅਜੇ ਇਹੋ ਪਤਾ ਲਗਦਾ ਹੈ ਕਿ ਜਦ ਗੁਰੂ ਤੇਗ ਬਹਾਦਰ ਜੀ ਭਾਰਤ ਦੇ ਦਬਾਏ ਜਾ ਰਹੇ ਲੋਕਾਂ ਦੀ ਜ਼ਬਾਨ ਬਣ ਕੇ ਦਿੱਲੀ ਆਏ ਤੇ ਧੱਕੇ ਤੇ ਅਨਿਆਏ ਵਿਰੁੱਧ ਕੁਰਬਾਨੀ ਦੇਣ ਦੀ ਧਾਰ ਕੇ ਤੁਰੇ ਤਾਂ ਉਹਨਾਂ ਦੇ ਨਾਲ ਬਹੁਤ ਸਾਰੀ ਸੰਗਤ ਵੀ ਸੀ ਜਿਸ ਨੂੰ ਰਾਹ ਵਿਚੋਂ ਗੁਰੂ ਮਹਾਰਾਜ ਨੇ ਵਾਪਸ ਮੋੜ ਦਿੱਤਾ ਤੇ ਕੇਵਲ ਪੰਜ ਸਿੱਖਾਂ ਨੂੰ ਆਪਣੇ ਨਾਲ ਰੱਖਿਆ । ਇਹਨਾਂ ਪੰਜਾਂ ਤੇ ਉਹਨਾਂ ਨੂੰ ਪੂਰਨ ਭਰੋਸਾ ਸੀ ਕਿ ਉਹ ਕਿਸੇ ਵੀ ਕੁਰਬਾਨੀ ਤੋਂ ਪਿਛੇ ਨਹੀਂ ਹਟਣਗੇ ਤੇ ਕਿਸੇ ਕਿਸਮ ਦੀ ਕਮਜ਼ੋਰੀ ਨਹੀਂ ਦਿਖਾਣਗੇ । ਇਹਨਾਂ ਪੰਜਾਂ ਵਿਚ ਹੀ ਭਾਈ ਦਿਆਲਾ ਜੀ ਵੀ ਸਨ । ਪਹਿਲੀ ਵਾਰ ਇਸ ਸਮੇਂ ਹੀ ਗੁਰੂ

ਮਹਾਰਾਜ ਨਾਲ ਉਹਨਾਂ ਦੇ ਨਾਮ ਦਾ ਜ਼ਿਕਰ ਆਉਂਦਾ ਹੈ। ਇਸ ਤੋਂ ਪਹਿਲਾਂ ਇਹ ਪਤਾ ਨਹੀਂ ਲਗਦਾ ਹੈ ਕਿ ਆਪ ਕਿੰਨੇ ਕੁ ਸਾਲਾਂ ਤੋਂ ਗੁਰੂ ਘਰ ਨਾਲ ਸੰਬੰਧਤ ਸਨ।

ਦਿੱਲੀ ਵਿਚ ਗੁਰੂ ਤੇਗ਼ ਬਹਾਦਰ ਜੀ ਨੂੰ 'ਧਰਮ ਬਦਲੋ ਜਾਂ ਮੌਤ ਪਰਵਾਨ ਕਰੋ' ਵਿਚੋਂ ਇਕ ਗੱਲ ਚੁਣਨ ਲਈ ਜਦ ਸ਼ਾਹੀ ਫ਼ੁਰਮਾਨ ਸੁਣਾਇਆ ਗਿਆ ਤਾਂ ਗੁਰੂ ਮਹਾਰਾਜ ਨੇ ਧਰਮ ਬਦਲਣ ਤੋਂ ਇਨਕਾਰ ਕਰ ਦਿੱਤਾ ਤੇ ਮੌਤ ਦੀ ਚੋਣ ਕਰ ਲਈ। ਸਰਕਾਰ ਦਾ ਨਿਸ਼ਾਨਾ ਗੁਰੂ ਸਾਹਿਬ ਨੂੰ ਮਾਰਨਾ ਨਹੀਂ, ਸਗੋਂ ਆਪਣੀ ਗੱਲ ਮੰਨਵਾਣਾ ਸੀ। ਇਸ ਲਈ ਸਰਕਾਰ ਦੇ ਚੌਧਰੀਆਂ ਨੇ ਗੁਰੂ ਸਾਹਿਬ ਨੂੰ ਭੈ-ਭੀਤ ਕਰਨ ਤੇ ਦਬਾ ਪਾਣ ਦੇ ਖ਼ਿਆਲ ਨਾਲ ਉਹਨਾਂ ਦੇ ਸਿੱਖਾਂ ਨੂੰ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ। ਜਾਪਦਾ ਇਉਂ ਹੈ ਕਿ ਕਾਜ਼ੀਆਂ ਨੇ ਸਲਾਹ ਦਿਤੀ ਹੋਵੇਗੀ ਕਿ ਜੇਕਰ ਗੁਰੂ ਦੇ ਸਿੱਖ ਹੀ ਸਾਡੀ ਈਨ ਮੰਨ ਜਾਣ ਤਾਂ ਇਸ ਨਾਲ ਵੀ ਦੇਸ਼ ਵਿਚ ਹੋਰ ਪ੍ਰਭਾਵ ਪਵੇਗਾ। ਇਸ ਲਈ ਸਿੱਖਾਂ ਦਾ ਸਿਦਕ ਅਜ਼ਮਾਇਆ ਜਾਣ ਲਗ ਪਿਆ। ਭਾਈ ਮਤੀ ਦਾਸ ਜੀ ਨੂੰ ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿਚ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਸਾਹਮਣੇ ਗੁਰੂ ਸਾਹਿਬ ਤੇ ਬਾਕੀ ਦੇ ਸਿੱਖ ਵੀ ਸਭ ਦ੍ਰਿਸ਼ ਅੱਖੀਂ ਦੇਖ ਰਹੇ ਸਨ।

ਭਾਈ ਦਿਆਲਾ ਜੀ ਨੇ ਉਹਨਾਂ ਦੀ ਸ਼ਹੀਦੀ ਨੂੰ ਬਹੁਤ ਮਹਿਸੂਸ ਕੀਤਾ। ਪਹਿਰਾ ਦੇ ਰਹੇ ਦਰਬਾਨ ਨੇ ਟਿਚਕਰ ਨਾਲ ਕਿਹਾ, 'ਦੇਖੀ ਆ ਹਾਲਤ ਆਪਣੇ ਨਾਲ ਦੇ ਦੀ।'

'ਦੇਖ ਲਈ ਏ।' ਭਾਈ ਦਿਆਲਾ ਜੀ ਨੇ ਕਿਹਾ, 'ਹੁਣ ਇਸ ਜ਼ਾਲਮ ਰਾਜ ਦਾ ਅੰਤ ਨੇੜੇ ਆ ਗਿਆ ਹੈ। ਪਾਪੀ ਦੇ ਮਾਰਨ ਲਈ ਪਾਪ ਹੀ ਮਹਾਂਬਲੀ ਬਣ ਜਾਂਦਾ ਹੈ। ਜ਼ੁਲਮ ਤੇ ਪਾਪ ਦੀ ਬੇੜੀ ਭਰੀ ਜਾ ਰਹੀ ਹੈ, ਛੇਤੀ ਹੀ ਡੁਬ ਜਾਏਗੀ।'

'ਇਹ ਰਾਜ ਨਹੀਂ ਜਾ ਸਕਦਾ,' ਦਰਬਾਨ ਨੇ ਕਿਹਾ, 'ਕੋਈ ਵੀ ਬੰਦਾ ਬਾਦਸ਼ਾਹ ਸਲਾਮਤ ਦੇ ਵਿਰੁੱਧ ਸਿਰ ਨਹੀਂ ਚੁੱਕ ਸਕਦਾ। ਵੱਡੇ ਵੱਡੇ ਬਾਗ਼ੀ ਵੀ ਸਿੱਧੇ ਕਰ ਦਿਤੇ ਨੇ।'

'ਇਹ ਹੰਕਾਰ ਵੀ ਟੁਟ ਜਾਏਗਾ,' ਭਾਈ ਦਿਆਲਾ ਜੀ ਬੋਲੇ, 'ਸਾਨੂੰ ਆਗਿਆ ਨਹੀਂ ਮਿਲੀ, ਨਹੀਂ ਤੇ ਹੁਣ ਤਕ ਕਦੋਂ ਦਾ ਰਾਜ ਇਉਂ ਉਡ ਜਾਂਦਾ ਜਿਵੇਂ ਹੱਥ ਤੇ ਧਰੀ ਮਿੱਟੀ ਫੂਕ ਨਾਲ ਉਡ ਜਾਂਦੀ ਹੈ।'

'ਇਉਂ ਨਾ ਬੋਲਿਆ ਕਰ', ਦਰਬਾਨ ਨੇ ਨੇੜੇ ਹੋ ਕੇ ਸਮਝਾਣ ਦੇ ਢੰਗ ਨਾਲ ਕਿਹਾ, 'ਕੱਲ੍ਹ ਅਜੇ ਤੇਰੇ ਸਾਹਮਣੇ ਤੇਰਾ ਸਾਥੀ ਬੁਰੀ ਤਰ੍ਹਾਂ ਮਾਰਿਆ ਗਿਆ ਏ।'

'ਸਾਨੂੰ ਕੋਈ ਡਰ ਨਹੀਂ,' ਭਾਈ ਦਿਆਲਾ ਜੀ ਨੇ ਉਚੀ ਆਵਾਜ਼ ਵਿਚ ਕਿਹਾ, 'ਸਾਨੂੰ ਤਾਂ ਸ਼ਹੀਦੀਆਂ ਪਾਉਣ ਦਾ ਚਾਅ ਏ। ਅਸੀਂ ਦਿੱਲੀ ਆਏ ਹੀ ਇਸੇ ਲਈ ਆਂ।'

ਉਸ ਦਰਬਾਨ ਨੇ ਜਾ ਕੇ ਕੋਤਵਾਲ ਨੂੰ ਦਸਿਆ ਤੇ ਉਹਨੇ ਵੱਡੇ ਹੁਕਮਰਾਨਾਂ ਨੂੰ ਇਤਲਾਹ ਦਿਤੀ। ਉਧਰੋਂ ਕਾਜ਼ੀਆਂ ਤਕ ਵੀ ਗੱਲ ਪਹੁੰਚ ਗਈ। ਔਰੰਗਜ਼ੇਬ

ਦੇ ਸਲਾਹਕਾਰ ਕਾਜ਼ੀ ਬੜੇ ਹੀ ਕੱਟੜ, ਸ਼ਰਈ ਤੇ ਬੜੇ ਜ਼ਾਲਮ ਸੁਭਾ ਵਾਲੇ ਸਨ। ਇਸੇ ਲਈ ਉਹਨਾਂ ਦੀ ਸਲਾਹ ਸਦਕਾ ਔਰੰਗਜ਼ੇਬ ਵੀ ਬੜਾ ਜ਼ਾਲਮ ਵਿਚਾਰਾਂ ਤੇ ਸੁਭਾ ਦਾ ਮਾਲਕ ਬਣ ਗਿਆ।

ਇਸ ਸ਼ਹੀਦੀ ਘਟਨਾ ਸਮੇਂ ਔਰੰਗਜ਼ੇਬ ਆਪ ਦਿੱਲੀ ਵਿੱਚ ਨਹੀਂ ਸੀ ਪਰ ਉਹਦੀ ਹਦਾਇਤ ਸਪੱਸ਼ਟ ਸੀ ਕਿ ਹਰ ਹੀਲਾ ਵਰਤ ਕੇ ਇਹਨਾਂ ਨੂੰ ਇਸਲਾਮ ਦੇ ਖੇਤਰ ਵਿਚ ਲਿਆਂਦਾ ਜਾਏ, ਨਹੀਂ ਤੇ ਮਾਰ ਦਿੱਤਾ ਜਾਏ। ਇਕ ਦਿਨ ਪਹਿਲਾਂ ਭਾਈ ਮਤੀ ਦਾਸ ਨੂੰ ਸ਼ਹੀਦ ਕਰਨ ਸਮੇਂ ਉਹਨਾਂ ਨੇ ਸਿੱਖਾਂ ਦਾ ਸਿਦਕ ਤੇ ਕੁਰਬਾਨੀ ਦੀ ਸਮਰੱਥਾ ਦੇਖ ਲਈ ਸੀ, ਇਸ ਲਈ ਭਾਈ ਦਿਆਲਾ ਜੀ ਨੂੰ ਮਨਾਉਣ ਲਈ ਉਸ ਤੋਂ ਕਰੜਾ ਢੰਗ ਸੋਚਣ ਲਗ ਪਏ। ਉਹ ਅਜਿਹਾ ਢੰਗ ਲਭਣਾ ਚਾਹੁੰਦੇ ਸਨ, ਜਿਸ ਨਾਲ ਸਰੀਰ ਨੂੰ ਮਰਨ ਤੋਂ ਪਹਿਲਾਂ ਬਹੁਤ ਹੀ ਕਸ਼ਟ ਸਹਿਣਾ ਪਵੇ। ਗੋਲੀ ਮਾਰਨੀ, ਤਲਵਾਰ ਨਾਲ ਸਿਰ ਵੱਢਣਾ ਜਾਂ ਹੋਰ ਕਿਸੇ ਤਰੀਕੇ ਨਾਲ ਕਤਲ ਕਰਨ ਦਾ ਹੁਣ ਕੋਈ ਅਸਰ ਨਹੀਂ ਹੋ ਸਕਦਾ ਸੀ, ਇਸ ਲਈ ਅਖ਼ੀਰ ਇਸ ਗੱਲ ਤੇ ਕਾਜ਼ੀ ਤੇ ਸਰਕਾਰੀ ਕਰਮਚਾਰੀ ਸਹਿਮਤ ਹੋ ਗਏ ਕਿ ਭਾਈ ਦਿਆਲਾ ਜੀ ਨੂੰ ਦੇਗ ਵਿਚ ਬਿਠਾ ਕੇ ਉਬਾਲਿਆ ਜਾਏ।

ਭਾਈ ਦਿਆਲਾ ਜੀ ਨੂੰ ਜੇਲ੍ਹ ਦੀ ਕੋਠੜੀ ਤੋਂ ਬਾਹਰ ਕਢਿਆ ਗਿਆ। ਉਹ ਜਾਣ ਗਏ ਕਿ ਹੁਣ ਮੈਨੂੰ ਮੁੜ ਕੇ ਇਥੇ ਨਹੀਂ ਲਿਆਂਦਾ ਜਾਏਗਾ। ਉਨ੍ਹਾਂ ਸਤਿਗੁਰੂ ਦੇ ਪਿੰਜਰੇ ਅਗੇ ਆ ਕੇ ਨਮਸਕਾਰ ਕੀਤੀ ਤੇ ਗੁਰੂ ਤੇਗ ਬਹਾਦਰ ਜੀ ਨੇ ਮੁਸਕਰਾਂਦਿਆਂ ਭਾਈ ਦਿਆਲਾ ਜੀ ਨੂੰ ਆਸ਼ੀਰਵਾਦ ਤੇ ਅਸੀਸ ਦਿੱਤੀ। ਭਾਈ ਦਿਆਲਾ ਜੀ ਨੂੰ ਔਰੰਗਜ਼ੇਬ ਦੇ ਪ੍ਰਮੁੱਖ ਪ੍ਰਬੰਧਕ ਸਾਹਮਣੇ ਪੇਸ਼ ਕੀਤਾ ਗਿਆ। ਉਨ੍ਹਾਂ ਨੂੰ ਸੰਬੋਧਨ ਕਰਕੇ ਮੁਖ ਅਧਿਕਾਰੀ ਨੇ ਕਿਹਾ, 'ਤੂੰ ਰਾਤ ਨੂੰ ਦਰਬਾਨ ਨਾਲ ਕੁੱਝ ਗੱਲਾਂ ਕੀਤੀਆਂ ਸਨ ?'

'ਹਾਂ ਕੀਤੀਆਂ ਸਨ', ਭਾਈ ਦਿਆਲਾ ਜੀ ਨੇ ਬੜੇ ਦਲੇਰੀ ਨਾਲ ਉੱਤਰ ਦਿੱਤਾ। ਉਹਨਾਂ ਦੇ ਸਰੀਰ, ਆਵਾਜ਼ ਤੇ ਬੋਲ ਵਿਚ ਜ਼ਰਾ ਵੀ ਲਰਜ਼ਸ਼ ਨਹੀਂ ਸੀ। ਉਹ ਅਡੋਲ ਤੇ ਨਿਸਚਿੰਤ ਖੜੇ ਸਨ।

'ਤੁਹਾਨੂੰ ਹੁਣ ਸਬਕ ਆ ਜਾਣਾ ਚਾਹੀਦਾ ਸੀ।' ਹਾਕਮ ਨੇ ਅੱਖਾਂ ਲਾਲ ਕਰ ਕੇ ਆਖਿਆ।

'ਕਾਹਦਾ ਸਬਕ', ਭਾਈ ਦਿਆਲਾ ਜੀ ਨੇ ਵਿਅੰਗ ਨਾਲ ਉੱਤਰ ਦਿੱਤਾ, 'ਅਸੀਂ ਤਾਂ ਤੁਹਾਨੂੰ ਸਬਕ ਸਿਖਾਣ ਆਏ ਹਾਂ।'

'ਸਾਨੂੰ ਤੇਰੀ ਹਾਲਤ ਤੇ ਤਰਸ ਆਉਂਦਾ ਹੈ', ਹਾਕਮ ਨੇ ਆਪਣਾ ਲਹਿਜਾ ਨਰਮ ਕਰਦਿਆਂ ਕਿਹਾ, 'ਤੂੰ ਇਸਲਾਮ ਕਬੂਲ ਕਰ ਲੈ ਤੇ ਆਪਣੇ ਗੁਰੂ ਦਾ ਸਾਥ ਛੱਡ ਦੇ, ਅਸੀਂ ਤੈਨੂੰ ਬੇਅੰਤ ਧਨ, ਵਧੀਆ ਹੁਸੀਨਾਂ ਤੇ ਉਚੀ ਪਦਵੀ ਦੇ ਸਕਦੇ ਹਾਂ।' ਉਹਨੇ ਵਿਆਖਿਆ ਕਰ ਕੇ ਧਨ ਦੇ ਸੁਖ, ਹੁਸੀਨਾਂ ਦੇ ਸਾਥ ਦੇ ਅਨੰਦ ਤੇ ਉਚੀ ਪਦਵੀ ਦੇ ਰੋਹਬ ਨੂੰ ਬਿਆਨ ਕੀਤਾ ਤਾਂ ਕਿ ਭਾ: ਦਿਆਲਾ ਜੀ ਦਾ ਮਨ ਡੋਲ ਜਾਏ ਪਰ ਕੋਈ ਅਸਰ ਨਾ ਹੋਇਆ। ਭਾਈ ਦਿਆਲਾ ਜੀ ਨੇ ਕਿਹਾ, 'ਐਵੇਂ ਕਾਹਨੂੰ ਆਪਣਾ ਤੇ ਮੇਰਾ ਵਕਤ ਜ਼ਾਇਆ ਕਰ ਰਹੇ ਹੋ। ਤੁਹਾਨੂੰ ਪਤਾ ਵੀ ਹੈ ਕਿ

ਮੈਂ ਨਹੀਂ ਮੰਨਣਾ। ਮੈਨੂੰ ਵੀ ਪਤਾ ਹੈ ਕਿ ਮਰਨਾ ਹੈ। ਫਿਰ ਵਕਤ ਕਿਉਂ ਖ਼ਰਾਬ ਕਰਦੇ ਹੋ। ਝਟ ਪਟ ਫ਼ੈਸਲਾ ਕਰੋ ਕਿ ਕਿਵੇਂ ਮੈਨੂੰ ਸ਼ਹੀਦ ਕੀਤਾ ਜਾਏਗਾ।'

'ਕੀ ਹੋ ਗਿਆ ਏ ਤੁਹਾਨੂੰ ?', ਹਾਕਮ ਬੋਲਿਆ, 'ਤੁਸੀਂ ਆਪਣੀ ਜਾਨ ਦਾ, ਆਪਣੇ ਬਾਲ ਬੱਚਿਆਂ ਦਾ ਰਤੀ ਖ਼ਿਆਲ ਨਹੀਂ ਕਰਦੇ। ਕੀ ਕਰਨਗੀਆਂ ਤੁਹਾਡੀਆਂ ਭੈਣਾਂ, ਵਹੁਟੀਆਂ ਤੇ ਧੀਆਂ।'

'ਉਹ ਰੱਬ ਦਾ ਸ਼ੁਕਰ ਕਰਨਗੀਆਂ, ਜਿਸ ਨੇ ਕੁਰਬਾਨੀ ਕਰਨ ਦਾ ਬਲ ਬਖ਼ਸ਼ਿਆ।'

ਫ਼ੈਸਲਾ ਤਾਂ ਪਹਿਲਾਂ ਹੀ ਹੋ ਚੁਕਿਆ ਸੀ, ਉਹ ਸੁਣਾ ਦਿੱਤਾ ਗਿਆ ਕਿ ਭਾਈ ਦਿਆਲਾ ਜੀ ਨੂੰ ਦੇਗ ਵਿਚ ਪਾ ਕੇ ਉਬਾਲਿਆ ਜਾਏ ਤੇ ਉਸ ਸਮੇਂ ਤਕ ਥੱਲੇ ਅੱਗ ਬਲਦੀ ਰਹੇ ਜਦ ਤਕ ਕਿ ਪ੍ਰਾਣ ਸਰੀਰ ਦਾ ਸਾਥ ਨਹੀਂ ਛੱਡ ਜਾਂਦੇ।

ਪਾਣੀ ਦੀ ਦੇਗ ਅੱਗ ਤੇ ਰਖ ਦਿਤੀ ਗਈ। ਉਧਰੋਂ ਸਾਰੇ ਸ਼ਹਿਰ ਵਿਚ ਇਹ ਗੱਲ ਇਕ ਦਮ ਧੁੰਮ ਗਈ। ਲੋਕ ਭਾਰੀ ਗਿਣਤੀ ਵਿਚ ਆ ਗਏ। ਕੋਈ ਆਸ ਨਹੀਂ ਸੀ ਕਰ ਸਕਦਾ ਕਿ ਕੋਈ ਜਿਊਂਦਾ ਮਨੁੱਖ ਵੀ ਉਬਲਦੇ ਪਾਣੀ ਵਿਚ ਬੈਠ ਕੇ ਕੁਝ ਚਿਰ ਲੰਘਾ ਸਕਦਾ ਹੈ। ਪਰ ਜਿਨ੍ਹਾਂ ਭਾਈ ਮਤੀ ਦਾਸ ਦੀ ਸ਼ਹੀਦੀ ਅੱਖੀਂ ਦੇਖੀ ਸੀ, ਉਹ ਮੰਨਣ ਲਗ ਪਏ ਸਨ ਕਿ ਭਾਵੇਂ ਦੁਨੀਆਂ ਦਾ ਹੋਰ ਕੋਈ ਇਨਸਾਨ ਨਾ ਕਰ ਸਕੇ ਪਰ ਸਿੱਖ ਕਰ ਸਕਦੇ ਹਨ।

ਦੇਗ ਵਿਚ ਜਦ ਪਾਣੀ ਉਬਾਲੇ ਖਾਣ ਲਗ ਪਿਆ ਤਾਂ ਭਾਈ ਦਿਆਲਾ ਜੀ ਨੂੰ ਉਸਦੇ ਨੇੜੇ ਲਿਜਾ ਕੇ ਖੜ੍ਹਾ ਕਰ ਦਿੱਤਾ ਗਿਆ। ਭਾਈ ਦਿਆਲਾ ਜੀ ਨੇ ਨਜ਼ਰ ਉਚੀ ਕਰ ਕੇ ਦੇਖਿਆ। ਇਕ ਨਜ਼ਰ ਆਪਣੇ ਕੈਦੀ ਸਤਿਗੁਰਾਂ ਵਲ ਮਾਰ ਕੇ ਉਹਨੇ ਪੈਰ ਚੁਕਿਆ ਤੇ ਦੇਗ ਦੇ ਵਿਚ ਜਾ ਕੇ ਬੈਠ ਗਿਆ। ਪਾਣੀ ਦੀ ਪੌਣੀ ਦੇਗ ਭਰੀ ਗਈ ਤੇ ਗਲ ਗਲ ਤਕ ਪਾਣੀ ਪਹੁੰਚ ਗਿਆ। ਭਾਈ ਸਾਹਿਬ ਨੇ ਸਮਾਧੀ ਲਾ ਲਈ ਜਿਵੇਂ ਥੜ੍ਹੇ ਤੇ ਬੈਠ ਜਾਈਦਾ ਹੈ। ਮੁੱਖ ਤੋਂ ਪਾਠ ਆਰੰਭ ਕਰ ਦਿੱਤਾ। ਲੋਕੀਂ ਦੇਖ ਦੇਖ ਮੂੰਹ ਵਿਚ ਉਂਗਲੀਆਂ ਪਾ ਰਹੇ ਸਨ ਕਿ ਉਹਨਾਂ ਨੂੰ ਦੇਗ ਦੇ ਕੰਢੇ ਨੇੜੇ ਉਬਾਲੇ ਖਾਂਦਾ ਪਾਣੀ ਸਾਫ਼ ਨਜ਼ਰ ਆ ਰਿਹਾ ਸੀ। ਸਿੱਖ ਦਾ ਸਰੀਰ ਪਾਣੀ ਵਿਚ ਉਬਲ ਰਿਹਾ ਸੀ ਪਰ ਬਿਰਤੀ ਪੂਰੀ ਤਰ੍ਹਾਂ ਟਿਕਾਉ ਵਿਚ ਸੀ। ਚਿਹਰੇ ਦਾ ਰੰਗ ਉਸੇ ਤਰ੍ਹਾਂ ਲਾਲ ਸੀ, ਪਰ ਬਿਨਾਂ ਰੋਕ ਟੋਕ ਜ਼ਬਾਨ ਇਕ ਸਾਰ ਪਾਠ ਕਰ ਰਹੀ ਸੀ।

ਝਟ ਪਿਛੋਂ ਸਰੀਰ ਗਲ ਗਿਆ ਤੇ ਹੌਲੀ ਹੌਲੀ ਅੰਗ ਵੱਖ ਹੋਣ ਲਗ ਪਏ। ਉਧਰੋਂ ਭਾਈ ਦਿਆਲਾ ਜੀ ਦੇ ਸਵਾਸ ਖ਼ਤਮ ਹੋ ਗਏ। ਹਾਕਮ ਦਾ ਮਨ ਵੀ ਇਕ ਵਾਰ ਇਸ ਦ੍ਰਿੜ੍ਹਤਾ ਨੂੰ ਦੇਖ ਕੇ ਕੰਬ ਗਿਆ।

ਉਬਲਦੇ ਪਾਣੀ ਵਿਚ ਸੀ ਤਕ ਨਾ ਕਰਨਾ, ਆਪਣੀ ਬਿਰਤੀ ਗੁਰੂ ਚਰਨਾਂ ਸੰਗ ਜੋੜੀ ਰੱਖਣੀ ਤੇ ਇਸ ਤਰ੍ਹਾਂ ਖਿੜੇ ਚਿਹਰੇ ਤਸੀਹੇ ਸਹਿ ਕੇ ਆਪਾ ਵਾਰਨਾ ਸਿੱਖ ਸ਼ਹੀਦਾਂ ਦੇ ਕਾਰਨਾਮੇ ਹਨ ਜਿਨ੍ਹਾਂ ਸਦਕਾ ਸਿੱਖ ਕੌਮ ਅਨੇਕਾਂ ਝੱਖੜਾਂ, ਤੂਫ਼ਾਨਾਂ ਤੇ ਮੁਸ਼ਕਲਾਂ ਵਿਚੋਂ ਵੀ ਚੜ੍ਹਦੀ ਕਲਾ ਵਿਚ ਹੋ ਕੇ ਨਿਕਲਦੀ ਰਹੀ ਹੈ ਤੇ ਅਗੋਂ ਵੀ ਨਿਕਲਦੀ ਰਹੇਗੀ।

ਭਾਈ ਸਤੀ ਦਾਸ

ਗੁਰੂ ਤੇਗ ਬਹਾਦਰ ਜੀ ਦੀ 11 ਨਵੰਬਰ 1675 ਈਸਵੀ ਨੂੰ ਲਾਲ ਕਿਲ੍ਹੇ ਦੇ ਸਾਹਮਣੇ ਚਾਂਦਨੀ ਚੌਕ ਵਿਚ ਸ਼ਹਾਦਤ ਤੋਂ ਪਹਿਲਾਂ ਜਿਨ੍ਹਾਂ ਤਿੰਨਾਂ ਸਿੱਖਾਂ ਨੂੰ ਵੱਖ ਵੱਖ ਕਿਸਮ ਦੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ, ਉਹਨਾਂ ਵਿਚ ਭਾਈ ਮਤੀ ਦਾਸ ਦੇ ਛੋਟੇ ਵੀਰ ਭਾਈ ਸਤੀ ਦਾਸ ਵੀ ਸ਼ਾਮਲ ਸਨ, ਜਿਨ੍ਹਾਂ ਨੂੰ ਚਾਂਦਨੀ ਚੌਕ ਦੇ ਵਰਤਮਾਨ ਫੁਹਾਰੇ ਵਾਲੇ ਸਥਾਨ ਦੇ ਨੇੜੇ ਹੀ ਇਕ ਥੰਮ੍ਹ ਨਾਲ ਬੰਨ੍ਹ ਕੇ ਜੀਊਂਦੇ ਸਾੜ ਕੇ ਸ਼ਹੀਦ ਕੀਤਾ ਗਿਆ ਸੀ । ਇਹ ਸ਼ਹੀਦੀ 9 ਨਵੰਬਰ 1675 ਨੂੰ ਹੋਈ ਮੰਨੀ ਜਾਂਦੀ ਹੈ ।

ਭਾਈ ਸਤੀ ਦਾਸ ਦੇ ਪੜਦਾਦਾ ਭਾਈ ਪਰਾਗਾ ਸਨ, ਜੋ ਗੁਰੂ-ਘਰ ਦੇ ਅਨਿੰਨ ਸੇਵਕ ਤੇ ਇਤਿਹਾਸਕ ਵਿਅਕਤੀ ਹੋਏ ਹਨ । ਹਰਿਦੁਆਰ ਦੇ ਪਾਂਡਿਆਂ ਦੀਆਂ ਵਹੀਆਂ ਤੇ ਮਟਨ ਸਾਹਿਬ ਦੇ ਕਸ਼ਮੀਰੀ ਪੰਡਤਾਂ ਪਾਸ ਸੈਂਕੜੇ ਸਾਲਾਂ ਦੇ ਸੰਭਾਲੇ ਹੋਏ ਵਹੀਆਂ ਦੇ ਰੂਪ ਵਿਚ ਖ਼ਾਨਦਾਨਾਂ ਦੇ ਪਰਿਵਾਰਕ ਪਿਛੋਕੜ ਵਿਚ ਭਾਈ ਸਤੀ ਦਾਸ ਦੇ ਖ਼ਾਨਦਾਨ ਦਾ ਵੇਰਵਾ ਗਿਆਨੀ ਮੋਤਾ ਸਿੰਘ ਚੱਕਵਾਲੀਆ ਨਵੀਂ ਦਿੱਲੀ ਵਾਲਿਆਂ ਨੇ ਲੱਭਿਆ ਹੈ । ਪਾਂਡਿਆਂ ਦੇ ਉਸ ਰਿਕਾਰਡ ਵਿਚ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਦੇ ਗੁਰਮੁਖੀ ਅੱਖਰਾਂ ਵਿਚ ਦਸਤਖ਼ਤ ਵੀ ਮਿਲੇ ਹਨ । ਅੱਜ ਕਲ੍ਹ ਹਰਿਦੁਆਰ ਦੇ ਪਾਂਡੇ ਪ੍ਰਮੇਸ਼ਵਰੀ ਦਾਸ ਪਾਸ ਉਹ ਪੁਰਾਣੀ ਵਹੀ ਸੰਭਾਲੀ ਪਈ ਹੈ ਜਿਸ ਅਨੁਸਾਰ ਇਹ ਪਰਿਵਾਰ ਜਿਹਲਮ ਜ਼ਿਲ੍ਹੇ (ਪਾਕਿਸਤਾਨ) ਵਿੱਚ ਚੱਕਵਾਲ ਤੋਂ ਥੋੜ੍ਹੀ ਦੂਰ ਪਿੰਡ ਕਰਿਆਲਾ ਦਾ ਰਹਿਣ ਵਾਲਾ ਸੀ । ਇਸ ਪਿੰਡ ਦੀ ਬਹੁਤੀ ਵੱਸੋਂ ਮੁਸਲਮਾਨੀ ਸੀ । ਥੋੜ੍ਹੇ ਜਿਹੇ ਘਰ ਛਿੱਬਰ, ਬ੍ਰਾਹਮਣਾਂ ਦੇ ਸਨ । ਭਾਈ ਪਰਾਗਾ ਨੇ ਗੁਰੂ-ਘਰ ਨਾਲ ਜੁੜ ਕੇ ਗੁਰਸਿੱਖੀ ਧਾਰਨ ਕੀਤੀ ਤੇ ਫਿਰ ਸੇਵਾ ਤੇ ਸਿਮਰਨ ਰਾਹੀਂ ਆਤਮਕ ਗਿਆਨੀ ਬਣ ਗਏ ਤੇ ਹੌਲੀ ਹੌਲੀ ਇਹ ਸਾਰਾ ਖ਼ਾਨਦਾਨ ਹੀ ਸਿੱਖ ਲੋਕ-ਲਹਿਰ ਨਾਲ ਜੁੜ ਕੇ ਗੁਰੂ-ਘਰ ਦੇ ਨਿਕਟਵਰਤੀਆਂ ਵਿਚ ਗਿਣਿਆ ਜਾਣ ਲੱਗਾ ।

ਹਰਿਦੁਆਰ ਵਿਚ ਸੰਭਾਲੀਆਂ ਵਹੀਆਂ ਅਨੁਸਾਰ ਭਾਈ ਪਰਾਗਾ ਦਾ ਸਪੁੱਤਰ ਦਵਾਰਕਾ ਦਾਸ ਸੀ, ਜੋ ਆਪਣੇ ਪਿਤਾ ਵਾਂਗ ਹੀ ਗੁਰਸਿੱਖੀ ਜੀਵਨ ਵਿਚ ਪਰਪੱਕ ਰਿਹਾ । ਦਵਾਰਕਾ ਦਾਸ ਦੇ ਚਾਰ ਪੁੱਤਰ ਸਨ, ਜਿਨ੍ਹਾਂ ਦੇ ਨਾਮ ਸਨ, ਹਰਭਗਤ ਦਾਸ, ਕਬੂਲ ਦਾਸ (ਕਬੂਲਿਆ), ਮਨੋਹਰ ਦਾਸ ਤੇ ਲਖਮੀ ਦਾਸ । ਇਨ੍ਹਾਂ ਵਿਚੋਂ ਦੋ, ਹਰਭਗਤ ਦਾਸ ਤੇ ਮਨੋਹਰ ਦਾਸ ਦੀ ਕੋਈ ਸੰਤਾਨ ਨਹੀਂ ਸੀ । ਲਖਮੀ ਦਾਸ ਦਾ ਇਕ ਪੁੱਤਰ ਭਾਈ ਸਾਹਿਬ ਚੰਦ ਸੀ, ਜਿਸਦੇ ਅੱਗੋਂ ਦੋ ਸਪੁੱਤਰ ਹੋਏ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਤੇ ਸਿੰਘ ਸਜ ਗਏ । ਭਾਈ ਕਬੂਲ ਦਾਸ ਦੇ ਤਿੰਨ ਸਪੁੱਤਰ ਸਨ ; ਸਭ ਤੋਂ ਵੱਡੇ ਭਾਈ ਮਤੀ ਦਾਸ, ਉਹਨਾਂ

ਤੋਂ ਛੋਟੇ ਭਾਈ ਸਤੀ ਦਾਸ ਤੇ ਤੀਜੇ ਭਾਈ ਜਤੀ ਦਾਸ। ਇਉਂ ਪਿੰਡ ਕਰਿਆਲਾ, ਤਹਿਸੀਲ ਚੱਕਵਾਲ, ਜ਼ਿਲ੍ਹਾ ਜਿਹਲਮ ਵਿਚ ਭਾਈ ਪਰਾਗਾ ਦੇ ਖ਼ਾਨਦਾਨ ਦੇ ਘਰ ਵਧਦੇ ਚਲੇ ਗਏ।

ਭਾਈ ਸਤੀ ਦਾਸ ਨੇ ਆਪਣੀ ਪਰਿਵਾਰਕ ਪਰੰਪਰਾ ਅਨੁਸਾਰ ਬਚਪਨ ਵਿਚ ਹੀ ਪੰਜਾਬੀ, ਬ੍ਰਜ ਭਾਸ਼ਾ ਤੇ ਸੰਸਕ੍ਰਿਤ ਦਾ ਭਾਸ਼ਾਈ ਗਿਆਨ ਪ੍ਰਾਪਤ ਕਰ ਕੇ ਫਿਰ ਫ਼ਾਰਸੀ ਪੜ੍ਹ ਲਈ, ਜੋ ਉਸ ਸਮੇਂ ਦੀ ਸਰਕਾਰੀ ਭਾਸ਼ਾ ਸੀ ਤੇ ਨਾਲ ਹੀ ਗਣਿਤ ਵਿਦਿਆ ਵੀ ਪ੍ਰਾਪਤ ਕੀਤੀ। ਇਉਂ ਸਮੇਂ ਦੀ ਵਿਦਿਅਕ ਪ੍ਰਣਾਲੀ ਵਿਚ ਨਿਪੁੰਨ ਹੋ ਕੇ ਆਪ ਘਰ ਦੇ ਕਾਰੋਬਾਰ ਵਿਚ ਵਧੇਰੇ ਸਮਾਂ ਦੇਣ ਲੱਗੇ ਪਰ ਜਦੋਂ ਵੀ ਪਰਿਵਾਰ ਗੁਰੂ-ਘਰ ਦੇ ਦਰਸ਼ਨਾਂ ਲਈ ਕੀਰਤਪੁਰ ਸਾਹਿਬ ਆਉਂਦਾ ਤਾਂ ਭਾਈ ਸਤੀ ਦਾਸ ਵੀ ਕੀਰਤਪੁਰ ਆਉਂਦੇ ਰਹੇ।

ਜਦੋਂ ਗੁਰੂ ਤੇਗ਼ ਬਹਾਦਰ ਨੌਵੀਂ ਨਾਨਕ ਜੋਤ ਬਣ ਕੇ ਲੋਕ ਲਹਿਰ ਦੀ ਅਗਵਾਈ ਕਰਨ ਲੱਗੇ ਤਾਂ ਭਾਈ ਮਤੀ ਦਾਸ ਨੂੰ ਉਹਨਾਂ ਆਪਣਾ ਦੀਵਾਨ ਬਣਾ ਕੇ ਆਪਣੇ ਪਾਸ ਹੀ ਰੱਖ ਲਿਆ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਨਗਰ ਦੀ ਉਸਾਰੀ ਦਾ ਕੰਮ ਭਾਈ ਮਤੀ ਦਾਸ ਨੂੰ ਸੌਂਪਿਆ ਤੇ ਜਦੋਂ ਕੁਝ ਮਹੀਨਿਆਂ ਪਿਛੋਂ ਭਾਰਤ ਦੀ ਯਾਤਰਾ ਕਰਨ ਲਈ ਚੱਲੇ ਤਾਂ ਭਾਈ ਮਤੀ ਦਾਸ ਨੂੰ ਸੌਂਪੀ ਸੇਵਾ ਨਿਭਾਉਣ ਲਈ ਭਾਈ ਸਤੀ ਦਾਸ ਨੂੰ ਵੀ ਬੁਲਾ ਲਿਆ ਤੇ ਇਉਂ ਸਹਾਇਕ ਦੀਵਾਨ ਦਾ ਕਾਰਜ ਭਾਈ ਸਤੀ ਦਾਸ ਨੂੰ ਸੌਂਪਿਆ। ਭਾਈ ਸਤੀ ਦਾਸ ਜੀ ਸਵੇਰੇ ਸ਼ਾਮ ਵਧੇਰੇ ਸਮਾਂ ਨਾਮ ਸਿਮਰਨ ਵਿਚ ਗੁਜ਼ਾਰਦੇ। ਦੀਵਾਨ ਸਮੇਂ ਸੰਗਤ ਵਿਚ ਆ ਕੇ ਕੀਰਤਨ ਸੁਣਦੇ ਤੇ ਬਾਕੀ ਦਾ ਦਿਨ ਅਨੰਦਪੁਰ ਦੀ ਉਸਾਰੀ ਤੇ ਗੁਰੂ-ਘਰ ਦੇ ਹੋਰ ਕੰਮਾਂ ਵਿਚ ਬਿਤਾਂਦੇ।

ਜਦੋਂ 1675 ਈਸਵੀ ਨੂੰ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਸਭ ਗ਼ੈਰ-ਮੁਸਲਮਾਨਾਂ ਨੂੰ ਜ਼ਬਰਦਸਤੀ ਧਰਮ ਬਦਲਣ ਲਈ ਮਜਬੂਰ ਕੀਤਾ ਜਾਣ ਲੱਗਾ ਤਾਂ ਧਰਮ ਵਿਸ਼ਵਾਸ ਦੀ ਆਜ਼ਾਦੀ ਲਈ ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਬਲੀਦਾਨ ਦੇਣ ਦਾ ਫ਼ੈਸਲਾ ਕੀਤਾ। ਸਮੇਂ ਦੇ ਹਾਕਮਾਂ ਨੂੰ ਚੁਣੌਤੀ ਭਰਿਆ ਸੁਨੇਹਾ ਭੇਜ ਕੇ ਦਿੱਲੀ ਤੋਂ ਗ੍ਰਿਫ਼ਤਾਰੀ ਲਈ ਹੁਕਮ ਆਉਣ ਤੋਂ ਪਹਿਲਾਂ ਹੀ ਦੇਸ਼ ਵਾਸੀਆਂ ਨੂੰ ਸਾਵਧਾਨ ਕਰਨ ਲਈ ਅਨੰਦਪੁਰੋਂ ਚੱਲ ਪਏ। ਕਾਫ਼ੀ ਸੰਗਤ ਨਾਲ ਹੀ ਤੁਰ ਪਈ ਪਰ ਪੰਜਾਬ ਤੋਂ ਅੱਗੇ ਰਾਜਪੂਤਾਨੇ ਵਿਚ ਦਾਖ਼ਲ ਹੋਣ ਸਮੇਂ ਗੁਰੂ ਸਾਹਿਬ ਨੇ ਬਾਕੀ ਸੰਗਤ ਨੂੰ ਵਾਪਸ ਪਰਤ ਜਾਣ ਦਾ ਆਦੇਸ਼ ਦਿੱਤਾ ਤੇ ਕੇਵਲ ਪੰਜ ਸਿੱਖਾਂ ਨੂੰ ਹੀ ਆਪਣੇ ਨਾਲ ਰਖਿਆ, ਜਿਨ੍ਹਾਂ ਵਿਚ ਕਰਿਆਲੇ ਦੇ ਛਿਬਰ ਖ਼ਾਨਦਾਨ ਦੇ ਇਹ ਦੋਵੇਂ ਭਰਾ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਵੀ ਸ਼ਾਮਲ ਸਨ।

ਆਗਰੇ ਵਿਚ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਸਮੇਂ ਨਾਲ ਚੱਲ ਰਹੇ ਪੰਜੇ ਸਿੱਖ ਵੀ ਕੈਦੀ ਬਣਾ ਕੇ ਦਿੱਲੀ ਲਿਆਂਦੇ ਗਏ ਤੇ ਲਾਲ ਕਿਲ੍ਹੇ ਦੇ ਸਾਹਮਣੇ ਚਾਂਦਨੀ ਚੌਕ ਦੀ ਕੋਤਵਾਲੀ ਵਿਚ ਕੈਦ ਕਰ ਦਿੱਤੇ ਗਏ।

ਮੁਗ਼ਲ ਹਾਕਮਾਂ ਦੀ ਨੀਤੀ ਅਨੁਸਾਰ ਪਹਿਲਾਂ ਗੁਰੂ ਤੇਗ਼ ਬਹਾਦਰ ਤੇ ਉਹਨਾਂ ਦੇ ਪੰਜ ਸਾਥੀ ਸਿੱਖਾਂ ਨੂੰ ਧਰਮ ਬਦਲਣ ਲਈ ਕਈ ਤਰ੍ਹਾਂ ਦੇ ਲਾਲਚ ਦਿਤੇ ਗਏ,

ਜੀਵਨ ਦੇ ਸੁੱਖਾਂ ਦਾ ਸਬਜ਼-ਬਾਗ ਵਿਖਾਇਆ ਗਿਆ ਤੇ ਜਦੋਂ ਇਹ ਸਰਕਾਰੀ ਨੀਤੀ ਫੇਲ੍ਹ ਹੋ ਗਈ ਤਾਂ ਸਖ਼ਤੀ ਤੇ ਸਰੀਰਕ ਕਸ਼ਟ ਦੇ ਕੇ ਈਨ ਮਨਵਾਉਣ ਦੀ ਕਾਰਵਾਈ ਸ਼ੁਰੂ ਹੋ ਗਈ। ਹਾਕਮਾਂ ਨੇ ਸਮਝਿਆ ਕਿ ਸਰੀਰਕ ਕਸ਼ਟ ਨਾ ਸਹਾਰਦੇ ਜੇ ਸਿੱਖ ਝੁਕ ਗਏ ਤਾਂ ਗੁਰੂ ਸਾਹਿਬ ਵੀ ਸ਼ਾਇਦ ਹਕੂਮਤ ਦਾ ਦਬਾ ਮੰਨ ਲੈਣ। ਇਸੇ ਲਈ ਗੁਰੂ ਤੇਗ਼ ਬਹਾਦਰ ਜੀ ਕੋਤਵਾਲੀ ਵਿਚ ਸੀਖਾਂ ਵਾਲੇ ਜਿਸ ਕੈਦਖ਼ਾਨੇ ਵਿਚ ਪਿੰਜਰੇ ਵਿਚ ਕੈਦ ਸਨ, ਐਨ ਉਸ ਦੇ ਸਾਹਮਣੇ ਚਾਂਦਨੀ ਚੌਕ ਵਿਚ ਇਕ ਦਿਨ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ।

ਦੂਜੇ ਦਿਨ ਕੁਝ ਕਦਮਾਂ ਦੀ ਵਿੱਥ ਤੇ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ਼ ਵਿਚ ਬਿਠਾ ਕੇ ਸ਼ਹੀਦ ਕਰ ਦਿੱਤਾ ਗਿਆ। ਤੀਜੇ ਦਿਨ ਭਾਈ ਸਤੀ ਦਾਸ ਨੂੰ ਜ਼ਿੰਦਾ ਜਲਾਣ ਦੀ ਸਜ਼ਾ ਕਾਜ਼ੀ ਤੋਂ ਦਿਵਾ ਕੇ ਉਹਨਾਂ ਦੇ ਸਰੀਰ ਦੇ ਚੁਫੇਰੇ ਰੂੰ ਲਪੇਟ ਕੇ ਲੋਹੇ ਦੇ ਥੰਮ੍ਹ ਨਾਲ ਉਹਨਾਂ ਨੂੰ ਬੰਨ੍ਹ ਕੇ ਸਰੀਰ 'ਤੇ ਤੇਲ ਛਿੜਕ ਕੇ ਅੱਗ ਲਾ ਦਿੱਤੀ ਗਈ। ਉਹ ਸ਼ਾਂਤ-ਚਿੱਤ ਖੜ੍ਹੇ ਪਾਠ ਕਰਦੇ ਰਹੇ, ਤੇ ਨਜ਼ਰਾਂ ਸਾਹਮਣੇ ਗੁਰੂ ਤੇਗ਼ ਬਹਾਦਰ ਦੇ ਦਰਸ਼ਨ ਕਰਦੀਆਂ ਰਹੀਆਂ। ਸਰੀਰ ਸੜ ਗਿਆ, ਆਤਮਾ ਸਰੀਰ ਦਾ ਸਾਥ ਛੱਡ ਗਈ, ਪਰ ਭਾਈ ਸਤੀ ਦਾਸ ਧੱਕੇ ਤੇ ਜ਼ੁਲਮ ਅੱਗੇ ਨਾ ਝੁਕੇ। ਸਿੱਖ ਇਤਿਹਾਸ ਦੀਆਂ ਅਨੇਕਾਂ ਰੌਂਗਟੇ ਖੜੇ ਕਰਨ ਵਾਲੀਆਂ ਕੁਰਬਾਨੀ ਦੀਆਂ ਘਟਨਾਵਾਂ ਵਿਚ ਭਾਈ ਸਤੀ ਦਾਸ ਦੀ ਸ਼ਹਾਦਤ ਵੀ ਇਕ ਮਹੱਤਵਪੂਰਨ ਸਾਕਾ ਹੈ।

ਗੁਰੂ ਤੇਗ਼ ਬਹਾਦਰ

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ । ਕੀਨੋ ਬਡੋ ਕਲੂ ਮਹਿ ਸਾਕਾ ।
ਸਾਧਨਿ ਹੇਤਿ ਇਤੀ ਜਿਨਿ ਕਰੀ । ਸੀਸੁ ਦੀਆ ਪਰ ਸੀ ਨ ਉਚਰੀ ।
ਧਰਮ ਹੇਤ ਸਾਕਾ ਜਿਨਿ ਕੀਆ । ਸੀਸੁ ਦੀਆ ਪਰ ਸਿਰਰੁ ਨ ਦੀਆ ।
ਨਾਟਕ ਚੇਟਕ ਕੀਏ ਕੁਕਾਜਾ । ਪ੍ਰਭ ਲੋਗਨ ਕਹ ਆਵਤ ਲਾਜਾ ।

ਦੋਹਿਰਾ

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ ।
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ।
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਮਹਾਨ ਸ਼ਹੀਦੀ ਬਾਰੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਕਤ ਸ਼ਬਦ 'ਬਚਿੱਤਰ ਨਾਟਕ' ਵਿਚ ਆਖੇ ਹਨ । ਆਪ ਇਸ ਸ਼ਹੀਦੀ ਦੀ ਮਹਾਨਤਾ ਬਿਆਨ ਕਰਦਿਆਂ ਲਿਖਦੇ ਹਨ ਕਿ ਗੁਰੂ ਤੇਗ਼ ਬਹਾਦਰ ਜੀ ਦੀ ਇਸ ਕੁਰਬਾਨੀ ਵਰਗੀ ਕਿਸੇ ਦੀ ਕੁਰਬਾਨੀ ਨਹੀਂ ਹੋਣੀ । ਇਸ ਸ਼ਹੀਦੀ ਨਾਲ ਸਾਰੇ ਪਾਸੇ ਲੋਕਾਂ ਨੂੰ ਝੰਜੋੜਾ ਆ ਗਿਆ । ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਨੇ ਧਰਮ ਹੇਤ ਮਹਾਨ ਸ਼ਹੀਦੀ ਪਾਈ ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਪਵਿੱਤਰ ਜਨਮ ਇਕ ਅਪ੍ਰੈਲ ਸੰਨ 1621 ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਸ੍ਰੀ ਮਾਤਾ ਨਾਨਕੀ ਜੀ ਦੀ ਕੁਖੋਂ ਸ੍ਰੀ ਅੰਮ੍ਰਿਤਸਰ ਵਿਚ ਹੋਇਆ, ਜਿਥੇ ਹੁਣ ਗੁਰਦਵਾਰਾ ਗੁਰੂ ਕੇ ਮਹਿਲ ਹੈ । ਆਪ ਛੇਵੇਂ ਪਾਤਸ਼ਾਹ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਦਰਸ਼ਨ ਕਰਦਿਆਂ ਹੀ ਕਿਹਾ, 'ਸਾਡਾ ਇਹ ਸਪੁੱਤਰ ਬੜਾ ਬਲੀ, ਸੂਰਬੀਰ ਤੇ ਤੇਗ਼ ਦਾ ਧਨੀ ਹੋਵੇਗਾ । ਅਸੀਂ ਇਸ ਦਾ ਨਾਂ ਤੇਗ਼ ਬਹਾਦਰ ਰਖਦੇ ਹਾਂ ।'

ਕਿਹਾ ਜਾਂਦਾ ਹੈ ਕਿ ਆਪ ਮੁਢ ਤੋਂ ਹੀ ਸੰਤ ਸਰੂਪ, ਅਡੋਲ ਚਿਤ, ਗੰਭੀਰ ਤੇ ਨਿਰਭੈ ਸੁਭਾ ਦੇ ਮਾਲਕ ਸਨ । ਬਚਪਨ ਵਿਚ ਹੀ ਸਮਾਧੀ ਲਾ ਕੇ ਕਈ ਘੰਟੇ ਬਿਨਾਂ ਹਿੱਲੇ ਜੁਲੇ ਆਪ ਨਾਮ ਜਪਦੇ । ਮਾਤਾ ਜੀ ਨੇ ਇਹ ਹਾਲਤ ਵੇਖ ਕੇ ਚਿੰਤਾ ਪ੍ਰਗਟ ਕੀਤੀ ਤਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਮਝਾਇਆ ਕਿ ਇਨ੍ਹਾਂ ਨੇ ਬੜਾ ਵੱਡਾ ਕੰਮ ਕਰਨਾ ਹੈ । ਉਸ ਕੰਮ ਲਈ ਇਹ ਹੁਣ ਤੋਂ ਹੀ ਤਿਆਰੀ ਕਰਨ ਲੱਗ ਪਏ ਹਨ ।

ਆਪ ਜੀ ਦੀ ਪੜ੍ਹਾਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਨਿਗਰਾਨੀ

ਵਿਚ ਕਰਵਾਈ। ਆਪ ਸੁੰਦਰ ਜਵਾਨ, ਬਲਵਾਨ, ਸੂਰਬੀਰ, ਵਿਦਵਾਨ, ਸ਼ਸਤਰਧਾਰੀ, ਧਰਮ ਤੇ ਰਾਜਨੀਤੀ ਦੇ ਚੰਗੇ ਜਾਣੂ ਬਣੇ।1634 ਈਸਵੀ ਨੂੰ ਆਪਣੇ ਪਿਤਾ ਦੇ ਨਾਲ ਮਿਲ ਕੇ ਕਰਤਾਰਪੁਰ ਦੀ ਜੰਗ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੱਡੇ ਸੂਰਬੀਰਾਂ ਵਾਂਗ ਤਲਵਾਰ ਵਾਹੀ, ਤਲਵਾਰ ਤੇ ਚੰਗੇ ਹੱਥ ਵਿਖਾਏ ਤੇ ਪਿਤਾ ਗੁਰੂ ਜੀ ਦੇ ਬਚਨ ਨੂੰ ਸਿੱਧ ਕਰਦੇ ਹੋਏ ਆਪਣੇ ਆਪ ਨੂੰ ਤੇਗ ਦਾ ਧਨੀ ਸਾਬਤ ਕੀਤਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵਿਆਹ ਜ਼ਿਲ੍ਹਾ ਜਲੰਧਰ ਦੇ ਨਗਰ ਕਰਤਾਰਪੁਰ ਨਿਵਾਸੀ ਸ੍ਰੀ ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ 1632 ਈਸਵੀ ਨੂੰ ਹੋਇਆ। ਆਪ ਦਾ ਨਿੱਜੀ ਤੇ ਘਰੋਗੀ ਜੀਵਨ ਬੜਾ ਸਾਦਾ, ਪੱਧਰਾ ਤੇ ਸੁਖੀ ਸੀ। ਆਪ ਦਾ ਮਨ ਸੰਸਾਰ ਦੇ ਲਾਲਚਾਂ, ਮੋਹ, ਝਗੜਿਆਂ ਤੇ ਰਸਾਂ ਤੋਂ ਬੇਲਾਗ ਸੀ। ਆਪ ਇਕਾਂਤ ਤੇ ਅਡੋਲ ਚਿਤ ਹੋ ਕੇ ਪ੍ਰਮਾਤਮਾ ਦਾ ਸਿਮਰਨ ਕਰਦੇ ਤੇ ਆਪਣੇ ਦਿਲ ਨੂੰ ਹੋਰ ਵੀ ਮਜ਼ਬੂਤ ਤੇ ਅਹਿਲ ਬਣਾਉਂਦੇ ਰਹਿੰਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤਿ ਸਮਾਉਣ ਪਿਛੋਂ ਆਪ ਆਪਣੀ ਮਾਤਾ ਤੇ ਪਤਨੀ ਸਮੇਤ ਪਿੰਡ ਬਕਾਲਾ ਚਲੇ ਗਏ ਜਿਥੇ ਆਪ ਦੇ ਨਾਨਕੇ ਸਨ ਤੇ ਉਥੇ ਇਕਾਂਤ ਵਿਚ ਬੈਠ ਕੇ ਨਾਮ ਜਪਣ ਤੇ ਸਿਮਰਨ ਵਿਚ ਲਗ ਪਏ। ਵੀਹ ਸਾਲ ਆਪ ਨੇ ਇਥੇ ਬਿਤਾਏ।

ਆਪ ਜਾਣਦੇ ਸਨ ਕਿ ਵੱਡੇ ਆਦਰਸ਼ ਦੀ ਪ੍ਰਾਪਤੀ ਲਈ ਵੱਡੀ ਕੁਰਬਾਨੀ ਕਰਨੀ ਪੈਂਦੀ ਹੈ।ਅਜਿਹੀ ਕੁਰਬਾਨੀ ਜਿਤਨੀ ਪਵਿੱਤਰ ਤੇ ਉੱਚੇ ਸੁੱਚੇ ਹੋ ਕੇ ਕੀਤੀ ਜਾਏ, ਉਤਨਾ ਹੀ ਵਧੇਰੇ ਅਸਰ ਹੁੰਦਾ ਹੈ। ਆਪ ਜਾਣਦੇ ਸਨ ਕਿ ਪਰਦੇਸਾਂ ਤੋਂ ਆਏ ਮੁਗ਼ਲਾਂ ਦੀ ਹਕੂਮਤ ਦੇ ਧੱਕੇ, ਜ਼ੁਲਮ ਅਤੇ ਜਬਰ ਨੂੰ ਦੂਰ ਕਰਨ ਲਈ ਕੁਰਬਾਨੀ ਦੀ ਲੋੜ ਪੈਣੀ ਹੈ।

ਕਿਹਾ ਜਾਂਦਾ ਹੈ ਕਿ ਜਦ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਠਵੀਂ ਪਾਤਸ਼ਾਹੀ ਤਿੰਨ ਵਿਸਾਖ 1721 ਸੰਮਤ (30 ਮਾਰਚ 1664 ਈ:) ਦਿੱਲੀ ਵਿਚ ਜੋਤੀ ਜੋਤਿ ਸਮਾਉਣ ਲਗੇ ਤਾਂ ਸੰਗਤਾਂ ਨੇ ਆਪ ਤੋਂ ਪੁਛਿਆ ਕਿ ਆਪ ਦੇ ਮਗਰੋਂ ਸਾਡੇ ਗੁਰੂ ਕੌਣ ਹੋਣਗੇ? ਸਤਿਗੁਰੂ ਜੀ ਨੇ ਉਸ ਸਮੇਂ ਤਿੰਨ ਵਾਰ ਕਿਹਾ, 'ਬਾਬਾ ਬਕਾਲੇ।' ਆਪ ਦਾ ਸਪੱਸ਼ਟ ਮਤਲਬ ਸੀ ਕਿ ਜਿਸ ਨੇ ਗੁਰ-ਗੱਦੀ ਸੰਭਾਲਣੀ ਹੈ, ਉਹ ਸਾਡਾ ਬਾਬਾ ਲੱਗਦਾ ਹੈ ਤੇ ਬਕਾਲੇ ਰਹਿੰਦਾ ਹੈ। ਪਰ ਗੁਰ-ਗੱਦੀ ਦੇ ਹੋਰ ਕਈ ਚਾਹਵਾਨਾਂ ਨੇ ਇਹਨਾਂ ਸ਼ਬਦਾਂ ਦੇ ਅਰਥ ਆਪਣੀ ਮਰਜ਼ੀ ਅਨੁਸਾਰ ਕੱਢ ਲਏ।

ਇਸ ਤਰ੍ਹਾਂ ਕਈ ਸੋਢੀ ਬਕਾਲੇ ਪਹੁੰਚ ਕੇ ਮੰਜੀਆਂ ਡਾਹ ਬੈਠੇ ਤੇ ਸੰਗਤਾਂ ਤੋਂ ਕਾਰ ਭੇਟ ਉਗਰਾਹੁਣ ਲਗ ਪਏ, ਪਰ ਤਿਆਗ-ਮੂਰਤੀ ਸ੍ਰੀ ਗੁਰੂ ਤੇਗ ਬਹਾਦਰ ਜੀ ਇਕਾਂਤ ਵਿਚ ਬੈਠੇ ਬੰਦਗੀ ਵਿਚ ਜੁਟੇ ਰਹੇ। ਉਨ੍ਹਾਂ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਅੰਤਲੇ ਬਚਨ ਦਾ ਪਤਾ ਸੀ ਪਰ ਆਪ ਕਿਸੇ ਝਗੜੇ ਵਿਚ ਨਾ ਪਏ। ਇਕ ਸਾਲ ਇਸੇ ਤਰ੍ਹਾਂ ਬੀਤ ਗਿਆ, ਪਰ ਆਪੇ ਗੁਰੂ ਬਣ ਬੈਠੇ ਵਿਅਕਤੀਆਂ ਵਿਚੋਂ ਕਿਸੇ ਪਾਸੋਂ ਵੀ ਸੰਗਤਾਂ ਨੂੰ ਉਹ ਆਤਮਿਕ ਸੁਖ ਸ਼ਾਂਤੀ ਤੇ ਚਾਨਣ ਨਾ ਮਿਲਿਆ, ਜੋ ਸਤਿਗੁਰਾਂ ਤੋਂ ਉਹਨਾਂ ਨੂੰ ਪ੍ਰਾਪਤ ਹੋਇਆ ਕਰਦਾ ਸੀ।

ਅਖ਼ੀਰ ਮਾਰਚ 1665 ਈਸਵੀ ਨੂੰ ਇੱਕ ਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਬਕਾਲੇ ਆਇਆ ਤਾਂ ਉਹ ਬਹੁਤ ਸਾਰੇ 'ਗੁਰੂ' ਵੇਖ ਕੇ ਹੈਰਾਨ ਹੋ ਗਿਆ। ਉਹ ਗੁਜਰਾਤ ਕਾਠੀਆਵਾੜ ਤੋਂ ਇੱਕ ਹਜ਼ਾਰ ਮੋਹਰਾਂ ਨਾਲ ਲਿਆਇਆ ਸੀ। ਅਸਲੀ ਗੁਰੂ ਦੀ ਪਰਖ ਲਈ ਉਸ ਨੇ ਫ਼ੈਸਲਾ ਕੀਤਾ ਕਿ ਜਿਹੜਾ ਜਾਣੀ-ਜਾਣ ਗੁਰੂ ਜਦ ਤਕ ਪੂਰੀਆਂ ਮੋਹਰਾਂ ਨਹੀਂ ਮੰਗੇਗਾ ਤਦ ਤਕ ਉਸ ਨੂੰ ਦਿਆਂਗਾ ਨਹੀਂ ਤੇ ਦੋ ਦੋ ਮੋਹਰਾਂ ਮੱਥਾ ਟੇਕੀ ਜਾਵਾਂਗਾ। ਕਿਸੇ ਨੇ ਵੀ ਪੂਰੀ ਰਕਮ ਦੀ ਮੰਗ ਨਾ ਕੀਤੀ। ਉਹਨੂੰ ਯਕੀਨ ਹੋ ਗਿਆ ਕਿ ਮੰਜੀਆਂ ਡਾਹ ਕੇ 'ਗੁਰੂ' ਬਣੀ ਬੈਠਿਆਂ ਵਿਚ ਕੋਈ ਵੀ ਸਤਿਗੁਰੂ ਨਹੀਂ।

ਅਖ਼ੀਰ ਲੋਕਾਂ ਦੇ ਦੱਸਣ ਤੇ ਮੱਖਣ ਸ਼ਾਹ ਉਥੇ ਪਹੁੰਚਿਆ ਜਿਥੇ ਗੁਰੂ ਤੇਗ ਬਹਾਦਰ ਜੀ ਭੋਰੇ ਵਿਚ ਬੈਠੇ ਤਪੱਸਿਆ ਕਰ ਰਹੇ ਸਨ। ਬੜੀ ਮੁਸ਼ਕਲ ਨਾਲ ਉਥੇ ਦਰਸ਼ਨ ਕਰਨ ਦਾ ਅਵਸਰ ਪ੍ਰਾਪਤ ਕੀਤਾ ਤੇ ਦਰਸ਼ਨ ਕਰਦਿਆਂ ਹੀ ਮਨ ਨੂੰ ਸ਼ਾਂਤੀ ਪ੍ਰਾਪਤ ਹੋ ਗਈ, ਪਰ ਫਿਰ ਵੀ ਉਹਨੇ ਜਦੋਂ ਦੋ ਮੋਹਰਾਂ ਅੱਗੇ ਰੱਖ ਕੇ ਮੱਥਾ ਟੇਕਿਆ ਤਾਂ ਸਤਿਗੁਰਾਂ ਨੇ ਕਿਹਾ, 'ਗੁਰੂ ਦੀ ਅਮਾਨਤ ਦਿਤੀ ਹੀ ਭਲੀ ਹੁੰਦੀ ਹੈ; ਹਜ਼ਾਰ ਵਿਚੋਂ ਦੋ ਮੋਹਰਾਂ ਦੇ ਰਿਹਾ ਏਂ।'

ਉਹਨੇ ਹਜ਼ਾਰ ਮੋਹਰ ਹਾਜ਼ਰ ਕਰ ਦਿੱਤੀ ਤੇ ਬਾਹਰ ਨਿਕਲ ਕੇ ਰੌਲਾ ਪਾ ਦਿਤਾ। ਲੋਕੀਂ ਉਹਦੀ ਗੱਲ ਸੁਣ ਕੇ ਖ਼ੁਸ਼ੀ ਨਾਲ ਉਧਰ ਨੂੰ ਭੱਜੇ। ਦਿੱਲੀ ਤੋਂ ਆਏ ਪੰਜ ਪੈਸੇ ਤੇ ਨਰੇਲ ਭੇਟ ਕੀਤੇ ਗਏ ਤੇ ਬਾਬਾ ਗੁਰਦਿੱਤਾ ਜੀ ਨੇ ਗੁਰਿਆਈ ਦਾ ਤਿਲਕ ਲਾਇਆ। ਇਸ ਤਰ੍ਹਾਂ 20 ਮਾਰਚ 1665 ਈਸਵੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਿੰਘਾਸਨ ਤੇ ਬਿਰਾਜ ਕੇ ਗੁਰਿਆਈ ਸੰਭਾਲੀ। ਇਸ ਸਮੇਂ ਆਪ ਦੀ ਆਯੂ 44 ਸਾਲਾਂ ਦੀ ਸੀ।

ਕੁਝ ਮਹੀਨੇ ਆਪ ਬਾਬੇ ਬਕਾਲੇ ਵਿਚ ਹੀ ਸਿੱਖਾਂ ਨੂੰ ਦਰਸ਼ਨ ਦੇਂਦੇ ਰਹੇ। ਫਿਰ ਤਰਨ ਤਾਰਨ, ਖਡੂਰ ਸਾਹਿਬ ਤੇ ਗੋਇੰਦਵਾਲ ਦੇ ਦਰਸ਼ਨ ਕਰ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ। ਉਥੇ ਮਸੰਦਾਂ ਨੇ ਅਗੋਂ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿਤੇ ਤਾਂ ਕਿ ਗੁਰੂ ਸਾਹਿਬ ਇਥੇ ਹੀ ਨਾ ਆ ਟਿਕਣ। ਗੁਰੂ ਸਾਹਿਬ ਬਾਹਰੋਂ ਹੀ ਮੱਥਾ ਟੇਕ ਕੇ ਮੁੜ ਪਏ ਤੇ ਜਿਥੇ ਹੁਣ ਗੁਰਦਵਾਰਾ ਥੜ੍ਹਾ ਸਾਹਿਬ ਹੈ, ਇਥੇ ਆ ਟਿਕੇ। ਇਥੋਂ ਫਿਰ ਬਾਬੇ ਬਕਾਲੇ ਨੂੰ ਚਲੇ ਗਏ। ਬਕਾਲੇ ਦੇ ਸੋਢੀ ਬਹੁਤ ਸਾੜਾ ਤੇ ਵਿਰੋਧ ਕਰਨ ਲਗ ਪਏ ਸਨ। ਗੁਰੂ ਸਾਹਿਬ ਨੇ ਕੀਰਤਪੁਰ ਜਾ ਟਿਕਣ ਦਾ ਫ਼ੈਸਲਾ ਕੀਤਾ। ਦਰਿਆ ਬਿਆਸ ਲੰਘ ਕੇ ਹਜ਼ਾਰਾ, ਦੁਰਗਾਪੁਰ ਤੇ ਨਵਾਂ ਸ਼ਹਿਰ ਵਿਚ ਸੱਚ ਧਰਮ ਦੇ ਉਪਦੇਸ਼, ਪਰਚਾਰ ਤੇ ਉਧਾਰ ਕਰਦੇ ਕਰਦੇ ਕੀਰਤਪੁਰ ਪਹੁੰਚੇ। ਫਿਰ ਕਹਿਲੂਰ ਦੇ ਰਾਜੇ ਪਾਸੋਂ ਜ਼ਮੀਨ ਖ਼ਰੀਦ ਕੇ ਅਨੰਦਪੁਰ ਸਾਹਿਬ ਨਗਰ ਵਸਾਇਆ। ਗੁਰੂ ਜੀ ਦੇ ਤੇਜ ਪ੍ਰਤਾਪ ਸਦਕਾ ਝਟ ਪਟ ਹੀ ਨਗਰ ਦੀ ਰੌਣਕ ਬਹੁਤ ਵਧ ਗਈ। ਕੀਰਤਪੁਰ ਦੇ ਸੋਢੀਆਂ ਨੇ ਬੜੀ ਵਿਰੋਧਤਾ ਕੀਤੀ ਪਰ ਉਹਨਾਂ ਦੀ ਕੋਈ ਪੇਸ਼ ਨਾ ਗਈ। ਉਧਰੋਂ ਧੀਰ ਮੱਲ ਤੇ ਰਾਮ ਰਾਇ ਨੇ ਮਿਲ ਕੇ ਦਿੱਲੀ ਪਹੁੰਚ ਕੇ ਹਕੂਮਤ ਰਾਹੀਂ ਗੁਰ-ਗੱਦੀ ਪ੍ਰਾਪਤ ਕਰਨ ਦੀ ਸਾਜ਼ਸ਼ ਕੀਤੀ ਤੇ ਸਾਰਾ ਜ਼ੋਰ ਲਾਇਆ, ਪਰ ਕੁਝ ਨਾ ਬਣਿਆ।

ਹੁਣ ਤਕ ਸਿੱਖ ਲਹਿਰ ਦਾ ਸਾਰੇ ਭਾਰਤ ਵਿਚ ਪਸਾਰ ਹੋ ਗਿਆ ਸੀ।

ਲੋਕ-ਸ਼ਕਤੀ ਇਕੱਠੀ ਹੋ ਰਹੀ ਸੀ ਤੇ ਜ਼ੁਲਮ ਧੱਕੇ ਵਿਰੁੱਧ ਜਥੇਬੰਦ ਅੰਦੋਲਨ ਲਈ ਮੈਦਾਨ ਬਣ ਗਿਆ ਸੀ । ਗੁਰੂ ਤੇਗ਼ ਬਹਾਦਰ ਜੀ ਨੇ ਇਹ ਦੇਖ ਕੇ ਪਰਿਵਾਰ ਸਮੇਤ ਦੇਸ਼ ਦਾ ਚੱਕਰ ਲਾਉਣ ਦਾ ਫ਼ੈਸਲਾ ਕੀਤਾ । ਆਪ ਦਾ ਵੱਡਾ ਮਨੋਰਥ ਇਹ ਸੀ ਕਿ ਹਕੂਮਤ ਵਲੋਂ ਕੀਤੇ ਜਾ ਰਹੇ ਅਤਿਆਚਾਰਾਂ ਬਾਰੇ ਫਿਰ ਕੇ ਪਤਾ ਕੀਤਾ ਜਾਏ ਤੇ ਲੋਕਾਂ ਵਿਚ ਇਨ੍ਹਾਂ ਦੇ ਟਾਕਰੇ ਦੀ ਸੂਝ ਤੇ ਸਤਿਆ ਪੈਦਾ ਕੀਤੀ ਜਾਏ । ਇਸ ਦੌਰੇ ਵਿਚ ਗੁਰੂ ਸਾਹਿਬ ਨੇ ਮਾਲਵੇ ਤੇ ਬਾਂਗਰ ਦੇਸ਼ ਨੂੰ ਤਾਰਿਆ ਤੇ ਹਿੰਦੂਆਂ ਦੇ ਬਹੁਤ ਸਾਰੇ ਤੀਰਥਾਂ ਤੇ ਪਹੁੰਚ ਕੇ ਸਿੱਖੀ ਦਾ ਪ੍ਰਚਾਰ ਕੀਤਾ । ਫੇਰ ਪੂਰਬ ਵਲ ਢਾਕੇ ਬੰਗਾਲ ਤੇ ਆਸਾਮ ਤਕ ਪਹੁੰਚੇ । ਆਪ ਨੇ ਲੋਕਾਂ ਨੂੰ ਬਦੀਆਂ ਤਿਆਗਣ, ਪਿਆਰ ਨਾਲ ਵੱਸਣ, ਕਿਰਤ ਕਰਨ, ਵੰਡ ਕੇ ਛਕਣ ਤੇ ਅਕਾਲ ਪੁਰਖ ਨੂੰ ਚੇਤੇ ਰਖਣ ਦਾ ਉਪਦੇਸ਼ ਦਿਤਾ ਤੇ ਲੋਕਾਂ ਦੀ ਰਹਿਣੀ-ਬਹਿਣੀ ਵਿਚ ਬੜੀ ਨਰੋਈ ਤਬਦੀਲੀ ਪੈਦਾ ਕੀਤੀ । ਲੋਕਾਂ ਵਿਚ ਨਵੀਂ ਜ਼ਿੰਦਗੀ ਤੇ ਰੂਹ, ਨਵਾਂ ਉਤਸ਼ਾਹ ਜਾਗ ਪਿਆ । ਲੋਕਾਂ ਦੇ ਮਨਾਂ ਵਿਚ ਹਕੂਮਤ ਦੇ ਅਤਿਆਚਾਰਾਂ ਵਿਰੁੱਧ ਰੋਸ ਉਪਜਿਆ ਤੇ ਇਸ ਨੂੰ ਖ਼ਤਮ ਕਰਨ ਦੇ ਖ਼ਿਆਲਾਂ ਨੇ ਜਨਮ ਲੈ ਲਿਆ । ਲੋਕ ਧੜਾ-ਧੜ ਸਿੱਖ ਬਣਨ ਲਗ ਪਏ । ਸਰਕਾਰ ਵਧ ਰਹੀ ਲੋਕ ਲਹਿਰ ਤੋਂ ਘਬਰਾ ਗਈ ਤੇ ਔਰੰਗਜ਼ੇਬ ਦੇ ਹੁਕਮ ਨਾਲ ਗੁਰੂ ਤੇਗ਼ ਬਹਾਦਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਫਿਰ ਰਾਜਾ ਰਾਮ ਸਿੰਘ ਨੇ ਔਰੰਗਜ਼ੇਬ ਨੂੰ ਸਮਝਾਇਆ ਤੇ ਗੁਰੂ ਜੀ ਦੀ ਜ਼ਮਾਨਤ ਦਿਤੀ ਤੇ ਆਪ ਨੂੰ ਰਿਹਾ ਕਰ ਦਿਤਾ ਗਿਆ ।

ਵੱਖ ਵੱਖ ਇਲਾਕਿਆਂ ਵਿਚ ਆਪਣੇ ਮਿਸ਼ਨ ਦਾ ਪ੍ਰਚਾਰ ਕਰਦੇ ਗੁਰੂ ਸਾਹਿਬ ਪਟਨੇ ਪਹੁੰਚੇ ਤੇ ਪਰਿਵਾਰ ਨੂੰ ਇਥੇ ਛੱਡ ਕੇ ਮੁੰਘੇਰ, ਭਾਗਲਪੁਰ, ਰਾਜ ਮਹਿਲ, ਮਾਲਦਾ ਤੋਂ ਹੁੰਦੇ ਹੋਏ ਅੱਗੇ ਪੂਰਬ ਵਲ ਚਲੇ ਗਏ । ਗੁਰੂ ਤੇਗ਼ ਬਹਾਦਰ ਜੀ ਢਾਕੇ ਵਿਚ ਸਨ ਜਦੋਂ ਆਪ ਨੂੰ ਪਟਨੇ ਸਾਹਿਬ ਤੋਂ ਸਾਹਿਬਜ਼ਾਦੇ ਦੇ ਜਨਮ (26 ਦਸੰਬਰ 1666) ਦੀ ਇਤਲਾਹ ਮਿਲੀ । ਇਹ ਸਾਹਿਬਜ਼ਾਦਾ ਪਿਛੋਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਅਖਵਾਏ ।

ਬੰਗਾਲ,ਆਸਾਮ ਵਲ ਜਾਦੂ ਟੂਣੇ ਦਾ ਬੜਾ ਜ਼ੋਰ ਸੀ । ਲੋਕੀਂ ਬੜੇ ਪਛੜੇ ਹੋਏ ਤੇ ਜੀਵਨ-ਧਾਰਾ ਨੂੰ ਗ਼ਲਤ ਪਾਸੇ ਲਿਜਾ ਰਹੇ ਸਨ । ਗੁਰੂ ਸਾਹਿਬ ਸਿਲਹਟ, ਚਟਗਾਉਂ ਤੇ ਸੋਨਦੀਪ ਰੰਗ ਮਤੀ ਗਏ । ਆਸਾਮ ਦੇ ਰਾਜੇ ਵਿਰੁੱਧ ਦਿੱਲੀ ਤੋਂ ਮੁਹਿੰਮ ਲੈ ਕੇ ਰਾਜਾ ਰਾਮ ਸਿੰਘ ਆਇਆ, ਪਰ ਗੁਰੂ ਸਾਹਿਬ ਦੇ ਯਤਨਾਂ ਨਾਲ ਲੜਾਈ ਟਲ ਗਈ ਤੇ ਦੋਹਾਂ ਵਿਚਕਾਰ ਸੁਲ੍ਹਾ ਹੋ ਗਈ । ਆਸਾਮ ਦਾ ਰਾਜਾ ਗੁਰੂ ਜੀ ਦਾ ਸ਼ਰਧਾਲੂ ਸਿੱਖ ਬਣ ਗਿਆ । ਇਸ ਤਰ੍ਹਾਂ ਦੋ ਸਾਲ ਆਸਾਮ ਵਿਚ ਗੁਜ਼ਾਰ ਕੇ ਝਟ ਪਟ ਹੀ ਪੰਜਾਬ ਪਹੁੰਚਣ ਦੀ ਤਿਆਰੀ ਕਰ ਲਈ ਤੇ ਪਟਨੇ ਜਾ ਕੇ ਸਾਹਿਬਜ਼ਾਦੇ ਦੇ ਦਰਸ਼ਨ ਕਰਨ ਦੀ ਥਾਂ ਸਿਧੇ ਪੰਜਾਬ ਆ ਗਏ । ਜਾਪਦਾ ਹੈ ਕਿ ਔਰੰਗਜ਼ੇਬ ਦੇ ਜ਼ੁਲਮ ਅਤਿਆਚਾਰ ਲੋਕਾਂ ਤੇ ਵਧ ਗਏ ਤੇ ਦੇਸ਼ਾਂ ਦੀ ਹਾਲਤ ਵਿਗੜ ਗਈ ਸੀ । ਗੁਰੂ ਸਾਹਿਬ ਤੁਰੰਤ ਪੰਜਾਬ ਆ ਕੇ ਦੁਖੀ ਲੋਕਾਂ ਦੀ ਸਹਾਇਤਾ ਕਰਨਾ ਚਾਹੁੰਦੇ ਸਨ । ਸੰਨ 1669 ਵਿਚ ਔਰੰਗਜ਼ੇਬ ਨੇ ਆਪਣੀ ਕੱਟੜ ਸ਼ਰਈ ਨੀਤੀ ਅਨੁਸਾਰ ਇਹ ਹੁਕਮ ਜਾਰੀ ਕੀਤਾ ਸੀ ਕਿ ਹਿੰਦੂਆਂ ਦੇ ਮੰਦਰ, ਧਰਮਸ਼ਾਲਾਂ ਤੇ ਪਾਠਸ਼ਾਲਾਂ ਢਾਹ ਦਿਤੀਆਂ

ਜਾਣ । ਹਿੰਦੂਆਂ, ਸਿੱਖਾਂ 'ਤੇ ਮੁਸਲਮਾਨ ਪਰਜਾ ਨਾਲੋਂ ਵੱਖਰੇ ਕਰੜੇ ਟੈਕਸ ਲਾਏ ਗਏ । ਇਹਨਾਂ ਨੂੰ ਸਰਕਾਰੀ ਨੌਕਰੀਆਂ ਤੋਂ ਹਟਾਇਆ ਗਿਆ । ਲੋਕਾਂ ਨੂੰ ਆਪਣਾ ਧਰਮ ਤੇ ਖ਼ਿਆਲ ਬਦਲਣ ਤੇ ਮਜਬੂਰ ਕਰਨਾ ਸ਼ੁਰੂ ਕਰ ਦਿਤਾ । ਸਾਰੇ ਦੇਸ਼ ਵਿਚ ਆਮ ਕਰਕੇ ਤੇ ਪੰਜਾਬ ਕਸ਼ਮੀਰ ਵਿਚ ਖ਼ਾਸ ਕਰਕੇ ਸਖ਼ਤੀ ਦਾ ਦੌਰ ਚਲਿਆ ।

ਪੰਜਾਬ ਵਿਚ ਆਉਣ ਤੋਂ ਪਿਛੋਂ ਕੁਝ ਚਿਰ ਬਾਅਦ ਗੁਰੂ ਸਾਹਿਬ ਨੇ ਪਟਨੇ ਤੋਂ ਆਪਣਾ ਪ੍ਰਵਾਰ ਵਾਪਸ ਬੁਲਾ ਲਿਆ । ਇਸ ਤੋਂ ਕੁਝ ਸਮਾਂ ਪਿਛੋਂ ਹੀ ਕਸ਼ਮੀਰ ਦੇ ਸੂਬੇ ਸ਼ੇਰ ਅਫ਼ਗਾਨ ਨੂੰ ਔਰੰਗਜ਼ੇਬ ਦਾ ਹੁਕਮ ਮਿਲ ਗਿਆ ਕਿ ਸਖ਼ਤੀ ਨਾਲ ਸਭ ਕਸ਼ਮੀਰੀ ਹਿੰਦੂਆਂ ਨੂੰ ਮੁਸਲਮਾਨ ਬਣਾਇਆ ਜਾਏ । ਇਥੇ ਗ਼ਰੀਬੀ ਬਹੁਤ ਸੀ, ਇਸ ਲਈ ਨਿਕੇ ਜਿਹੇ ਲਾਲਚ ਨਾਲ ਲੋਕ ਮੁਸਲਮਾਨ ਬਣ ਸਕਦੇ ਸਨ । ਸ਼ੇਰ ਅਫ਼ਗਾਨ ਨੇ ਤਲਵਾਰ ਦੇ ਜ਼ੋਰ ਨਾਲ ਲੋਕਾਂ ਨੂੰ ਆਪਣੇ ਧਾਰਮਕ ਵਿਸ਼ਵਾਸ ਬਦਲਣ ਲਈ ਮਜਬੂਰ ਕਰਨਾ ਸ਼ੁਰੂ ਕਰ ਦਿਤਾ ।

ਕਸ਼ਮੀਰ ਦੇ ਮੁਖੀ ਪੰਡਤ ਦੁਖੀ ਹੋ ਕੇ ਸ਼ੇਰ ਅਫ਼ਗਾਨ ਤੋਂ ਛੇ ਮਹੀਨੇ ਸੋਚਣ ਦੀ ਮੋਹਲਤ ਲੈ ਕੇ ਨਿਕਲੇ ਤੇ ਕਈ ਥਾਂ ਗਏ, ਪਰ ਕਿਧਰੇ ਉਹਨਾਂ ਨੂੰ ਮਸਲਾ ਹੱਲ ਹੋਣ ਦੀ ਆਸ ਨਾ ਲਗੀ । ਅਖ਼ੀਰ ਪੰਡਤਾਂ ਦੀ ਇਕ ਟੋਲੀ ਸ੍ਰੀ ਅਨੰਦਪੁਰ ਸਾਹਿਬ ਪਹੁੰਚੀ ਤੇ ਗੁਰੂ ਜੀ ਨੂੰ ਆਪਣੀ ਦੁੱਖਾਂ ਭਰੀ ਕਹਾਣੀ ਸੁਣਾਈ । ਇਸ ਸਮੇਂ ਵਿਚਾਰ ਕਰ ਕੇ ਤੇ ਬਾਲਕ ਸ੍ਰੀ ਗੋਬਿੰਦ ਰਾਏ ਦੀ ਪ੍ਰੇਰਨਾ ਨਾਲ ਗੁਰੂ ਤੇਗ਼ ਬਹਾਦਰ ਜੀ ਨੇ ਪੰਡਤਾਂ ਨੂੰ ਕਹਿ ਦਿਤਾ ਕਿ ਜਾਓ ਤੁਸੀਂ ਆਪਣੇ ਸੂਬੇ ਨੂੰ ਕਹਿ ਦਿਓ ਕਿ ਸਾਡੇ ਧਾਰਮਕ ਆਗੂ ਗੁਰੂ ਤੇਗ਼ ਬਹਾਦਰ ਜੀ ਹਨ । ਅਸੀਂ ਉਹਨਾਂ ਦੇ ਪਿਛੇ ਲਗਦੇ ਹਾਂ । ਜੇ ਉਹ ਮੁਸਲਮਾਨ ਬਣ ਜਾਣ ਤਾਂ ਅਸੀਂ ਸਾਰੇ ਇਸਲਾਮ ਕਬੂਲ ਕਰ ਲਵਾਂਗੇ ।

ਪੰਡਤਾਂ ਜਾ ਕੇ ਸ਼ੇਰ ਅਫ਼ਗਾਨ ਨੂੰ ਕਹਿ ਦਿੱਤਾ ਤੇ ਉਹਨੇ ਔਰੰਗਜ਼ੇਬ ਨੂੰ ਸਾਰੀ ਗੱਲ ਪਹੁੰਚਾ ਦਿਤੀ । ਬਾਦਸ਼ਾਹ ਪਹਿਲਾਂ ਹੀ ਗੁਰੂ ਸਾਹਿਬ ਦੇ ਪਰਚਾਰ ਨੂੰ ਤੇ ਵਧ ਰਹੀ ਤਾਕਤ ਨੂੰ ਰਾਜ ਲਈ ਖ਼ਤਰਨਾਕ ਸਮਝਦਾ ਸੀ, ਇਸ ਲਈ ਉਹਨੇ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿਤਾ ।

ਪੰਡਤਾਂ ਹੱਥ ਸੁਨੇਹਾ ਭੇਜਣਾ ਤਾਂ ਟੱਕਰ ਦੀ ਸਿਖ਼ਰ ਸੀ । ਕਾਫ਼ੀ ਸਮੇਂ ਤੋਂ ਗੁਰੂ ਸਾਹਿਬ ਮਹਿਸੂਸ ਕਰ ਰਹੇ ਸਨ ਕਿ ਹਾਕਮਾਂ ਵਿਚ ਇਨਸਾਨੀ ਸ਼ੁਭ ਗੁਣ ਨਹੀਂ ਰਹੇ । ਮੁਗ਼ਲਾਂ ਦੇ ਦਿਲਾਂ ਵਿਚ ਰੱਬ ਦੇ ਭੈ, ਇਨਸਾਨ ਲਈ ਦਰਦ ਤੇ ਦਇਆ ਦੀ ਜਾਗ ਲਾਣ ਦੀ ਲੋੜ ਹੈ । ਮੁਰਦਾ ਹੋ ਚੁਕੀ ਜਨਤਾ ਵਿਚ ਨਵੀਂ ਜਾਨ ਭਰ ਕੇ ਉਹਨੂੰ ਜ਼ੁਲਮ ਦਾ ਟਾਕਰਾ ਕਰਨ ਲਈ ਤਿਆਰ ਕਰਨਾ ਪਵੇਗਾ । ਇਸ ਕੰਮ ਲਈ ਵੱਡੀ ਕੁਰਬਾਨੀ ਦੀ ਲੋੜ ਸੀ ਤੇ ਹੁਣ ਗੁਰੂ ਸਾਹਿਬ ਨੇ ਆਪਣਾ ਬਲੀਦਾਨ ਦੇਣ ਦਾ ਫ਼ੈਸਲਾ ਕਰ ਲਿਆ । ਕਸ਼ਮੀਰੀ ਪੰਡਤਾਂ ਦੇ ਆਉਣ ਨਾਲ ਇਕ ਮੌਕਾ ਪੈਦਾ ਹੋ ਗਿਆ ਤੇ ਆਪ ਨੇ ਸੁਨੇਹਾ ਭੇਜ ਦਿਤਾ ।

ਇਹ ਸੁਨੇਹਾ ਭੇਜ ਕੇ 1674 ਈਸਵੀ ਨੂੰ ਆਪ ਆਪਣੇ ਪਰਿਵਾਰ ਨੂੰ ਅਨੰਦਪੁਰ ਸਾਹਿਬ ਵਿਚ ਹੀ ਛੱਡ ਕੇ ਦੇਸ਼ ਦੇ ਦੂਜੇ ਵੱਡੇ ਦੌਰੇ ਤੇ ਚੱਲ ਪਏ । ਆਪ ਦਾ ਮੁਖ ਪਰਚਾਰ ਹੁਣ ਇਹ ਸੀ ਕਿ ਨਾ ਕਿਸੇ ਨੂੰ ਡਰਾਓ ਤੇ ਨਾ ਕਿਸੇ ਤੋਂ ਡਰੋ । ਨਾ ਆਪ

ਜ਼ੁਲਮ ਅਤਿਆਚਾਰ ਕਰੇ ਤੇ ਨਾ ਹੀ ਕਿਸੇ ਦੂਜੇ ਦੇ ਜ਼ੁਲਮ ਨੂੰ ਜਰੇ। ਇਸ ਤਰ੍ਹਾਂ ਦ੍ਰਿੜ੍ਹਤਾ ਨਾਲ ਜ਼ੁਲਮ ਦਾ ਟਾਕਰਾ ਕਰਨ ਲਈ ਪ੍ਰੇਰਿਆ ਤੇ ਉਤਸ਼ਾਹ ਦਿਤਾ। ਲੋਕ ਭਾਰੀ ਗਿਣਤੀ ਵਿਚ ਹਰ ਥਾਂ ਜੁੜਦੇ ਤੇ ਦਰਸ਼ਨ ਕਰ ਕੇ ਉਪਦੇਸ਼ ਸੁਣਦੇ। ਹਜ਼ਾਰਾਂ ਲੋਕ ਆਪ ਦੇ ਨਾਲ ਹੀ ਤੁਰ ਪਏ। ਦਿੱਲੀ ਸਰਕਾਰ ਦੇ ਸੂਹੀਆਂ ਨੇ ਖ਼ਬਰ ਪਹੁੰਚਾਈ ਕਿ ਗੁਰੂ ਸਾਹਿਬ ਤਾਂ ਲੋਕਾਂ ਨੂੰ ਸਰਕਾਰ ਵਿਰੁੱਧ ਤੇਜ਼ੀ ਨਾਲ ਉਭਾਰ ਰਹੇ ਹਨ। ਔਰੰਗਜ਼ੇਬ ਰਾਵਲਪਿੰਡੀ ਜਾਣ ਵਾਲਾ ਸੀ। ਉਹਨੇ ਆਪਣੇ ਮੁਖੀ ਪ੍ਰਬੰਧਕਾਂ ਨੂੰ ਸੱਦ ਕੇ ਹਦਾਇਤ ਕਰ ਦਿਤੀ ਕਿ ਗੁਰੂ ਸਾਹਿਬ ਨੂੰ ਗ੍ਰਿਫ਼ਤਾਰੀ ਪਿਛੋਂ ਕਿਸੇ ਤਰ੍ਹਾਂ ਇਸਲਾਮ ਵਿਚ ਲਿਆਉਣਾ ਹੈ ਤੇ ਜੇ ਨਾ ਮੰਨਣ ਤਾਂ ਕਿਵੇਂ ਵਰਤਾਉ ਕਰਨਾ ਹੈ।

ਗੁਰੂ ਸਾਹਿਬ ਪ੍ਰਚਾਰ ਕਰ ਕੇ ਆਗਰੇ ਵਲ ਵਧੇ। ਆਪ ਨੇ ਬਾਕੀ ਸਾਰੀ ਸੰਗਤ ਨੂੰ ਵਾਪਸ ਭੇਜ ਦਿਤਾ ਤੇ ਆਪਣੇ ਨਾਲ ਪੰਜ ਸਿੱਖਾਂ ਭਾਈ ਮਤੀ ਦਾਸ, ਭਾਈ ਗੁਰਦਿੱਤਾ, ਭਾਈ ਦਿਆਲਾ, ਭਾਈ ਊਦਾ ਤੇ ਭਾਈ ਸਤੀ ਦਾਸ ਨੂੰ ਲੈ ਕੇ ਆਗਰੇ ਪਹੁੰਚ ਗਏ। ਇਥੇ ਇਕ ਖ਼ਾਸ ਢੰਗ ਨਾਲ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਪੇਸ਼ ਕਰ ਦਿੱਤਾ। ਕਿਲ੍ਹੇਦਾਰ ਨੇ ਆਪ ਨੂੰ ਗ੍ਰਿਫ਼ਤਾਰ ਕਰ ਕੇ ਪੰਜ ਸੌ ਸਵਾਰਾਂ ਦੀ ਨਿਗਰਾਨੀ ਹੇਠ ਦਿੱਲੀ ਭੇਜ ਦਿੱਤਾ।

ਔਰੰਗਜ਼ੇਬ ਦਿੱਲੀ ਨਹੀਂ ਸੀ ਪਰ ਉਹ ਪਹਿਲਾਂ ਹੀ ਰਾਵਲਪਿੰਡੀ ਜਾਣ ਲੱਗਾ ਸਾਰਾ ਹੁਕਮ ਦੇ ਗਿਆ ਸੀ। ਇਸ ਲਈ ਉਹਦੇ ਹੁਕਮ ਅਨੁਸਾਰ ਹੀ ਗੁਰੂ ਸਾਹਿਬ ਨੂੰ ਤਸੀਹੇ ਦਿਤੇ ਗਏ। ਪਹਿਲਾਂ ਦਿੱਲੀ ਵਿਚ ਜਾਮਾ ਮਸਜਿਦ ਦੇ ਨੇੜੇ ਢੱਠੀ ਹੋਈ ਇਮਾਰਤ ਵਿਚ ਰਖਿਆ ਤੇ ਕਾਜ਼ੀ ਭੇਜ ਕੇ ਸਰਕਾਰ ਦੀ ਨੀਤੀ ਦੱਸੀ ਤੇ ਪ੍ਰੇਰਨਾ ਕੀਤੀ ਕਿ ਉਹ ਇਸਲਾਮ ਕਬੂਲ ਕਰ ਲੈਣ, ਨਹੀਂ ਤੇ ਉਹਨਾਂ ਨੂੰ ਕਰਾਮਾਤ ਦੱਸਣ ਲਈ ਕਿਹਾ ਗਿਆ। ਜਦ ਆਪ ਨੇ ਕੋਈ ਗੱਲ ਨਾ ਮੰਨੀ ਤਾਂ ਇਸ ਇਮਾਰਤ ਤੋਂ ਆਪ ਨੂੰ ਚਾਂਦਨੀ ਚੌਕ ਵਿਚ ਕੋਤਵਾਲੀ ਦੀ ਇਮਾਰਤ ਵਿਚ ਲੈ ਆਂਦਾ ਗਿਆ ਤੇ ਇਥੇ ਹਰ ਤਰ੍ਹਾਂ ਦੇ ਸਰੀਰਕ ਕਸ਼ਟ ਦਿਤੇ ਗਏ। ਪੈਰਾਂ ਵਿਚ ਜ਼ੰਜੀਰਾਂ ਪਾਈਆਂ ਗਈਆਂ, ਤੰਗ ਪਿੰਜਰੇ ਵਿਚ ਰਖਿਆ ਗਿਆ ਤੇ ਹੋਰ ਵੀ ਜੋ ਹੋ ਸਕਿਆ ਕੀਤਾ, ਪਰ ਆਪ ਪਹਾੜ ਵਾਂਗ ਅਡੋਲ ਰਹੇ। ਆਪ ਦੀ ਅਜਿਹੀ ਦ੍ਰਿੜ੍ਹਤਾ ਦੇਖ ਕੇ ਹਾਕਮਾਂ ਨੇ ਫ਼ੈਸਲਾ ਕੀਤਾ ਕਿ ਪਹਿਲਾਂ ਆਪ ਦੇ ਨਾਲ ਆਏ ਸਿੱਖਾਂ ਨੂੰ ਵਾਰੋ ਵਾਰੀ ਤਸੀਹੇ ਦੇ ਕੇ ਕਤਲ ਕੀਤਾ ਜਾਏ। ਸ਼ਾਇਦ ਦੇਖ ਕੇ ਗੁਰੂ ਸਾਹਿਬ ਇਰਾਦਾ ਬਦਲ ਲੈਣ। ਇਸ ਲਈ ਇਕ ਦਿਨ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਦਿਤਾ ਗਿਆ ਤੇ ਦੂਜੇ ਦਿਨ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ ਵਿਚ ਬਿਠਾ ਕੇ ਸ਼ਹੀਦ ਕਰ ਦਿਤਾ ਗਿਆ ਤੇ ਤੀਜੇ ਦਿਨ ਭਾਈ ਸਤੀ ਦਾਸ ਨੂੰ ਜ਼ਿੰਦਾ ਸਾੜਿਆ ਗਿਆ। ਪਰ ਉਹ ਸਿੱਖ ਵੀ ਰਤੀ ਨਾ ਡੋਲੇ। ਗੁਰੂ ਸਾਹਿਬ ਦੇ ਡੋਲਣ ਦਾ ਤਾਂ ਸਵਾਲ ਹੀ ਨਹੀਂ ਸੀ ਉਠਦਾ।

ਫਿਰ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਦਾ ਫ਼ੈਸਲਾ ਕੀਤਾ ਗਿਆ। ਆਪ ਨੂੰ ਕੋਤਵਾਲੀ ਤੋਂ ਬਾਹਰ ਲਿਆਂਦਾ ਗਿਆ। ਗੁਰੂ ਸਾਹਿਬ ਨੇ ਇਸ਼ਨਾਨ ਕੀਤਾ ਤੇ ਬੋਹੜ ਹੇਠ ਆ ਕੇ ਬੈਠ ਗਏ। ਹਜ਼ਾਰਾਂ ਲੋਕ ਸਾਹਮਣੇ ਖੜ੍ਹੇ ਇਹ ਦ੍ਰਿਸ਼ ਦੇਖ ਰਹੇ ਸਨ। ਗੁਰੂ ਸਾਹਿਬ ਨੇ ਚੌਂਕੜਾ ਮਾਰ ਕੇ ਜਪੁਜੀ ਸਾਹਿਬ ਦਾ ਪਾਠ ਅਰੰਭ ਦਿੱਤਾ। ਜਦ

ਪਾਠ ਸੰਪੂਰਨ ਹੋਇਆ ਤੇ ਆਪ ਨੇ ਵਾਹਿਗੁਰੂ ਕਹਿ ਕੇ ਸੀਸ ਨਿਵਾਇਆ ਤਾਂ ਜਲਾਲਦੀਨ ਜੱਲਾਦ, ਜੋ ਸਮਾਣੇ ਦਾ ਰਹਿਣ ਵਾਲਾ ਸੱਯਦ ਸੀ, ਨੇ ਤਲਵਾਰ ਮਾਰ ਕੇ ਸੀਸ ਧੜ ਤੋਂ ਵੱਖ ਕਰ ਦਿੱਤਾ। ਇਹ ਮਹਾਨ ਬਲੀਦਾਨ 11 ਨਵੰਬਰ 1675 ਈਸਵੀ ਨੂੰ ਸ਼ਾਮ ਵੇਲੇ ਹੋਇਆ। ਜਿਥੇ ਆਪ ਸ਼ਹੀਦ ਹੋਏ, ਉਥੇ ਅੱਜ ਕਲ੍ਹ ਗੁਰਦਵਾਰਾ ਸੀਸ ਗੰਜ ਸਾਹਿਬ ਹੈ, ਜਿਥੇ ਹਜ਼ਾਰਾਂ ਲੋਕ ਹੁਣ ਵੀ ਰੋਜ਼ਾਨਾ ਸ਼ਹੀਦਾਂ ਦੇ ਸਿਰਤਾਜ, ਹਿੰਦ ਦੀ ਚਾਦਰ, ਧਰਮ ਦੇ ਰਖਿਅਕ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਕੁਰਬਾਨੀ ਅੱਗੇ ਸੀਸ ਨਿਵਾਣ ਲਈ ਪਹੁੰਚਦੇ ਹਨ। ਗੁਰਦਵਾਰੇ ਅੰਦਰ ਉਹ ਖੂਹ ਅਜੇ ਤਕ ਕਾਇਮ ਹੈ ਜਿਥੇ ਗੁਰੂ ਸਾਹਿਬ ਨੇ ਸ਼ਹੀਦੀ ਤੋਂ ਪਹਿਲਾਂ ਇਸ਼ਨਾਨ ਕੀਤਾ ਸੀ।

ਗੁਰੂ ਸਾਹਿਬ ਦੇ ਸੀਸ ਤੇ ਧੜ ਨੂੰ ਹਾਕਮਾਂ ਨੇ ਉਥੇ ਹੀ ਪਿਆ ਰਹਿਣ ਦਿੱਤਾ। ਉਹਨਾਂ ਦਾ ਖ਼ਿਆਲ ਸੀ ਕਿ ਹਕੂਮਤ ਦੇ ਡਰ ਸਦਕਾ ਕੋਈ ਇਹਨਾਂ ਨੂੰ ਚੁਕਣ ਦਾ ਹੌਸਲਾ ਨਹੀਂ ਕਰ ਸਕੇਗਾ। ਨਵੰਬਰ ਦੇ ਇਹਨਾਂ ਦਿਨਾਂ ਵਿਚ ਦਿੱਲੀ ਵਿਚ ਬੜੀਆਂ ਹਨੇਰੀਆਂ ਚਲਦੀਆਂ ਸਨ। ਉਸ ਦਿਨ ਸ਼ਾਮ ਨੂੰ ਵੀ ਹਨੇਰੀ ਆਈ ਤੇ ਇਸ ਪਾਸੇ ਮਿੱਟੀ ਘੱਟਾ ਬਹੁਤ ਹੋਣ ਕਾਰਨ ਗਰਦ ਗ਼ੁਬਾਰ ਉਠਿਆ। ਮੌਕਾ ਦੇਖ ਕੇ ਭਾਈ ਜੈਤਾ ਨੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਚੁੱਕ ਲਿਆ ਤੇ ਚਾਦਰ ਵਿਚ ਲਪੇਟ ਕੇ ਅਨੰਦਪੁਰ ਸਾਹਿਬ ਲੈ ਗਿਆ। ਉਥੇ ਸੀਸ ਦਾ ਸਸਕਾਰ ਕੀਤਾ ਗਿਆ। ਉਸ ਪਿਛੋਂ ਇਕ ਸ਼ਰਧਾਲੂ ਸਿੱਖ ਭਾਈ ਲੱਖੀ ਸ਼ਾਹ ਲੁਬਾਣਾ ਬੜੀ ਹੁਸ਼ਿਆਰੀ ਨਾਲ ਧੜ ਨੂੰ ਗੱਡੇ ਵਿਚ ਰੱਖ ਕੇ ਆਪਣੇ ਪਿੰਡ ਰਕਾਬ ਗੰਜ ਲੈ ਗਿਆ ਤੇ ਉਥੇ ਆਪਣੇ ਮਕਾਨ ਅੰਦਰ ਧੜ ਰੱਖ ਕੇ ਮਕਾਨ ਨੂੰ ਅੱਗ ਲਾ ਦਿੱਤੀ ਤੇ ਇਸ ਤਰ੍ਹਾਂ ਸਸਕਾਰ ਕਰ ਦਿੱਤਾ। ਸੀਸ ਤੇ ਧੜ ਨੂੰ ਲਿਜਾਣ ਦੀਆਂ ਘਟਨਾਵਾਂ ਇਸ ਗੱਲ ਦਾ ਸਬੂਤ ਹਨ ਕਿ ਮੁਗ਼ਲ ਸਾਮਰਾਜ ਦੇ ਹੁਕਮ ਨੂੰ ਤੋੜਨ ਦੀ ਸਮਰੱਥਾ ਪੈਦਾ ਹੋ ਗਈ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੱਚ ਤੇ ਧਰਮ, ਵਿਸ਼ਵਾਸ ਦੀ ਆਜ਼ਾਦੀ ਖ਼ਾਤਰ ਜ਼ਾਲਮ ਸਰਕਾਰ ਨਾਲ ਟੱਕਰ ਲਈ। ਆਪਣੀ ਮਹਾਨ ਕੁਰਬਾਨੀ ਦੇ ਕੇ ਦੇਸ਼ ਵਾਸੀਆਂ ਨੂੰ ਡਟਣ ਤੇ ਟਾਕਰਾ ਕਰਨ ਲਈ ਪ੍ਰੇਰਨਾ ਦਿੱਤੀ। ਇਸ ਮਹਾਨ ਕੁਰਬਾਨੀ ਨੇ ਲੋਕਾਂ ਦੀ ਸੋਚਣੀ ਵਿਚ ਇਨਕਲਾਬ ਲੈ ਆਂਦਾ। ਇਸੇ ਕੁਰਬਾਨੀ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਲਹਿਰ ਨੂੰ ਸੰਪੂਰਨ ਰੂਪ ਦੇ ਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤੇ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਇਸੇ ਤਰ੍ਹਾਂ ਦੀਆਂ ਮਹਾਨ ਸ਼ਹੀਦੀਆਂ ਸਦਕਾ ਸਿੱਖ ਕੌਮ ਨੂੰ ਸਦਾ ਚੜ੍ਹਦੀ ਕਲਾ ਵਿਚ ਰਹਿਣ ਤੇ ਹਰ ਸਮੇਂ ਹਰ ਤਰ੍ਹਾਂ ਦੇ ਜ਼ੁਲਮ ਨਾਲ ਟੱਕਰ ਲੈਣ ਦੀ ਗੁੜ੍ਹਤੀ ਮਿਲੀ।

ਭੰਗਾਣੀ ਦੇ ਸ਼ਹੀਦ

ਹਿਮਾਲਾ ਪਰਬਤ ਦੀਆਂ ਪਹਾੜੀਆਂ ਦੇ ਵਿਚਕਾਰ ਨਾਹਨ ਰਿਆਸਤ ਵਿਚ ਪਾਉਂਟੇ ਨੇੜੇ ਭੰਗਾਣੀ ਦੇ ਅਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੀ ਪਹਿਲੀ ਲੜਾਈ ਬਾਈਧਾਰ ਦੇ ਰਾਜਿਆਂ ਨਾਲ ਲੜੀ ਤੇ ਉਸ ਵਿਚ ਆਪਣੇ ਸੈਂਕੜੇ ਫ਼ੌਜੀ ਜਵਾਨ ਪਠਾਣਾਂ ਤੇ ਉਦਾਸੀਆਂ ਦੇ ਛੱਡ ਜਾਣ ਦੇ ਬਾਵਜੂਦ ਆਪਣੇ ਜਾਂਬਾਜ਼ ਸਿੱਖਾਂ ਸ਼ਰਧਾਲੂਆਂ ਦੇ ਉਦਮ ਨਾਲ ਸ਼ਾਨਦਾਰ ਫ਼ਤਹ ਪਾਈ। ਇਹ ਮਹਾਨ ਤੇ ਇਤਿਹਾਸਕ ਯੁੱਧ ਫ਼ਰਵਰੀ ਸੰਨ 1686 ਨੂੰ ਲੜਿਆ ਗਿਆ* ਤੇ ਇਸ ਵਿਚ ਅਨੇਕਾਂ ਸਿੱਖਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਇਸ ਯੁੱਧ ਵਿਚ ਪੀਰ ਬੁੱਧੂ ਸ਼ਾਹ ਦੇ ਪੁੱਤਰ ਤੇ ਭਾਈ ਜੀਤ ਮੱਲ ਤੇ ਭਾਈ ਸੰਗੋ ਜੀ ਦੀ ਸ਼ਹਾਦਤ ਖ਼ਾਸ ਵਰਣਨ ਯੋਗ ਹੈ।

ਭਾਈ ਸੁੱਖਾ ਸਿੰਘ ਦੇ 'ਗੁਰਬਿਲਾਸ' ਵਿਚ ਦਸਿਆ ਗਿਆ ਹੈ ਕਿ ਭੰਗਾਣੀ ਦਾ ਯੁੱਧ 1689 ਈਸਵੀ ਵਿਚ ਹੋਇਆ ਪਰ ਇਹ ਤਾਰੀਖ ਤੇ ਸਾਲ ਠੀਕ ਨਹੀਂ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਲੜਾਈ ਵਿਚ ਹਿੱਸਾ ਲੈਣ ਤੇ ਪੀਰ ਬੁੱਧੂ ਸ਼ਾਹ ਨੂੰ ਜੋ ਪ੍ਰਸੰਸਾ ਦੀ ਚਿੱਠੀ ਦਿੱਤੀ ਸੀ ਉਹ ਫਗਣ ਸੁਦੀ 12, ਬਿਕਰਮੀ 1743 ਦੀ ਲਿਖੀ ਹੈ। ਇਸ ਹਿਸਾਬ ਨਾਲ ਇਹ ਤਾਰੀਖ਼ 25 ਫ਼ਰਵਰੀ 1686 ਬਣਦੀ ਹੈ। ਇਹ ਚਿੱਠੀ ਜ਼ਰੂਰੀ ਤੌਰ ਤੇ ਲੜਾਈ ਪਿਛੋਂ ਤੁਰਤ ਦਿੱਤੀ ਗਈ ਹੋਵੇਗੀ। 'ਸੂਰਜ ਪ੍ਰਕਾਸ਼' ਵਿਚ ਲਿਖਿਆ ਹੈ ਕਿ ਪਾਉਂਟੇ ਤੋਂ ਆਨੰਦਪੁਰ ਸਾਹਿਬ ਆਉਣ ਤੋਂ 9 ਮਹੀਨੇ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਦਾ ਜਨਮ ਹੋਇਆ। ਇਹ ਜਨਮ 9 ਨਵੰਬਰ 1686 ਈਸਵੀ ਦਾ ਹੈ। ਇਸ ਤੋਂ ਵੀ ਸਿੱਧ ਹੁੰਦਾ ਹੈ ਕਿ ਭੰਗਾਣੀ ਦਾ ਯੁੱਧ ਫ਼ਰਵਰੀ 1686 ਈਸਵੀ ਨੂੰ ਹੋਇਆ।

ਨੌਵੇਂ ਗੁਰੂ ਦੀ ਸ਼ਹੀਦੀ ਦਾ ਅਸਰ ਦਸਮ ਪਾਤਸ਼ਾਹ ਦੇ ਮਨ ਤੇ ਬਹੁਤ ਹੋਇਆ ਤੇ ਉਨ੍ਹਾਂ ਜ਼ੁਲਮ, ਜਬਰ ਤੇ ਵਧੀਕੀ ਦਾ ਟਾਕਰਾ ਕਰਨ ਲਈ ਨਿੱਗਰ ਪ੍ਰੋਗਰਾਮ ਸੋਚਣਾ ਸ਼ੁਰੂ ਕਰ ਦਿੱਤਾ। ਆਉਂਦੇ ਸਮੇਂ ਦੀ ਹਾਲਤ ਦੇ ਟਾਕਰੇ ਲਈ ਤਿਆਰੀ ਕਰਨ ਤੇ ਵਿਉਂਤ ਬਣਾਣ ਲਈ ਆਪ ਸ੍ਰੀ ਅਨੰਦਪੁਰ ਸਾਹਿਬ ਤੋਂ ਚਲ ਕੇ ਨਾਹਨ ਰਾਜ ਵਿਚ ਪਹੁੰਚ ਗਏ ਤੇ ਪਾਉਂਟੇ ਵਾਲੀ ਥਾਂ ਤੇ ਜਮਨਾ ਦੇ ਕੰਢੇ ਤੇ ਡੇਰੇ ਲਾ ਲਏ। ਇਸ ਰਿਆਸਤ ਦੇ ਰਾਜਾ ਮੇਦਨੀ ਪ੍ਰਕਾਸ਼ ਨੇ ਆਪ ਦਾ ਸ਼ਾਨਦਾਰ ਸਵਾਗਤ ਕੀਤਾ ਤੇ ਇੱਛਾ ਅਨੁਸਾਰ ਕਿਲ੍ਹਾ ਤਿਆਰ ਕਰਵਾ ਦਿੱਤਾ।

ਗੁਰੂ ਸਾਹਿਬ ਨੇ ਕੁਦਰਤ ਦੇ ਸੁੰਦਰ ਨਜ਼ਾਰਿਆਂ, ਦਰਿਆ ਦੇ ਸ਼ਾਂਤ ਸੀਤਲ ਕੰਢੇ ਤੇ ਹਰਿਆਵਲ ਦੇ ਚੁਤਰਫ਼ੇ ਵਿਚ ਬੈਠ ਕੇ ਪਹਿਲਾਂ ਭਾਰਤ ਦੇ ਸਾਰੇ ਪੁਰਾਤਨ

* 'A Short History of the Sikhs' by S. Teja Singh and Dr. Ganda Singh.

ਸਾਹਿੱਤ, ਧਾਰਮਿਕ ਫਿਲਾਸਫੀ ਤੇ ਹਰ ਪ੍ਰਕਾਰ ਦੀਆਂ ਰਚਨਾਵਾਂ ਦਾ ਅਧਿਅਨ ਕੀਤਾ ਤੇ ਫਿਰ ਆਪ ਰਚਨਾਵਾਂ ਕੀਤੀਆਂ। ਬਹੁਤ ਸਾਰੀਆਂ ਰਚਨਾਵਾਂ ਦੇ ਅਨੁਵਾਦ ਕਰਾਏ ਤੇ ਇਉਂ ਬਹੁਤ ਨਿੱਗਰ ਤੇ ਅਮਰ ਸਾਹਿੱਤ-ਰਚਨਾ ਵਲ ਧਿਆਨ ਦਿੱਤਾ। ਨਾਲ ਹੀ ਫ਼ੌਜ ਦੀ ਭਰਤੀ ਜਾਰੀ ਕਰ ਦਿੱਤੀ ਤੇ ਬਹੁਤ ਸਾਰੇ ਜਵਾਨ ਭਰਤੀ ਕਰ ਲਏ। ਸਾਢੌਰੇ ਦਾ ਪੀਰ ਬੁੱਧੂ ਸ਼ਾਹ ਆਪ ਦੇ ਦਰਸ਼ਨ ਕਰਨ ਲਈ ਆਇਆ ਤੇ ਦਰਸ਼ਨ ਕਰ ਕੇ ਪੱਕਾ ਸ਼ਰਧਾਲੂ ਬਣ ਗਿਆ। ਉਹਨੇ ਪੰਜ ਸੌ ਪਠਾਣਾਂ ਦੀ ਫ਼ੌਜ ਗੁਰੂ ਸਾਹਿਬ ਪਾਸ ਭਰਤੀ ਕਰਵਾ ਦਿੱਤੀ।

ਜਦ ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਖੇਡਣ ਲਈ ਚੜ੍ਹਦੇ ਤਾਂ ਆਪ ਦੀ ਸ਼ਾਹੀ ਸ਼ਾਨ ਹੁੰਦੀ। ਦੀਵਾਨ ਲਗਦੇ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਦੂਰੋਂ ਦੂਰੋਂ ਆਉਂਦੇ। ਇਕ ਵਾਰ ਜਿਹੜਾ ਵੀ ਦਰਸ਼ਨ ਕਰ ਲੈਂਦਾ ਉਹ ਫਿਰ ਸਦਾ ਲਈ ਇਸੇ ਦਰ ਜੋਗਾ ਹੋ ਜਾਂਦਾ। ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਤਾਕਤ ਵੇਖ ਕੇ ਸਾਰੇ ਪਹਾੜੀ ਰਾਜੇ ਘਬਰਾਉਣ ਲਗ ਪਏ। ਉਨ੍ਹਾਂ ਨੂੰ ਡਰ ਪੈਦਾ ਹੋ ਗਿਆ ਕਿ ਇਹ ਤਾਂ ਜਦ ਚਾਹੁਣਗੇ ਸਾਡੇ ਤੋਂ ਰਾਜ ਖੋਹ ਲੈਣਗੇ। ਦਿਨ ਬਦਿਨ ਸ਼ਰਧਾਲੂਆਂ ਦੀ ਗਿਣਤੀ ਵਧਦੀ ਜਾ ਰਹੀ ਸੀ। ਖ਼ਾਸ ਕਰਕੇ ਰਾਜਾ ਭੀਮ ਚੰਦ, ਜੋ ਕਿ ਕਹਿਲੂਰ ਰਾਜ ਦਾ ਮਾਲਕ ਸੀ, ਬਹੁਤ ਹੀ ਔਖਾ ਸੀ। ਉਹਦੀ ਸਰਹੱਦ ਨਾਲ ਲੱਗਦੀ ਸੀ। ਉਹਨੇ ਯਤਨ ਕੀਤਾ ਕਿ ਗੁਰੂ ਸਾਹਿਬ ਉਹਦੀ ਈਨ ਮੰਨ ਕੇ ਰਹਿਣ ਤੇ ਆਪਣੀ ਤਾਕਤ ਹੋਰ ਨਾ ਵਧਾਣ, ਪਰ ਇਹ ਗੱਲ ਕਿਵੇਂ ਮੰਨੀ ਜਾ ਸਕਦੀ ਸੀ। ਇਸ ਲਈ ਉਹਨੇ ਤਲਵਾਰ ਦੇ ਜ਼ੋਰ ਨਾਲ ਆਪਣਾ ਰੋਹਬ ਜਮਾਣ ਦੀ ਠਾਣ ਲਈ ਅਤੇ ਜੰਗ ਦੀਆਂ ਤਿਆਰੀਆਂ ਕਰਨ ਵਿਚ ਰੁਝ ਗਿਆ।

ਜਨਵਰੀ 1686 ਵਿਚ ਭੀਮ ਚੰਦ ਦੇ ਲੜਕੇ ਦਾ ਫ਼ਤਹ ਸ਼ਾਹ ਰਾਜੇ ਦੀ ਲੜਕੀ ਨਾਲ ਵਿਆਹ ਸੀ ਤੇ ਇਸ ਸਮੇਂ ਸਾਰੇ ਪਹਾੜੀ ਇਲਾਕੇ ਬਾਈਧਾਰ ਦੇ ਰਾਜੇ ਫ਼ੌਜਾਂ ਸਮੇਤ ਇਕੱਠੇ ਹੋਏ ਸਨ। ਕੁਝ ਜੰਞ ਭੀਮ ਚੰਦ ਨਾਲ ਲੈ ਕੇ ਆਇਆ ਤੇ ਕੁਝ ਫ਼ਤਹ ਸ਼ਾਹ ਰਾਜੇ ਦੇ ਘਰ ਪਹੁੰਚੇ ਹੋਏ ਸਨ। ਭੀਮ ਚੰਦ ਨੇ ਸੋਚਿਆ ਕਿ ਇਸ ਤੋਂ ਚੰਗਾ ਵਕਤ ਹੋਰ ਨਹੀਂ ਮਿਲਣਾ। ਫਿਰ ਸਾਰੇ ਰਾਜਿਆਂ ਦਾ ਇਕੱਠ ਹੋਣਾ ਮੁਸ਼ਕਲ ਹੈ, ਇਸ ਲਈ ਕਿਉਂ ਨਾ ਚੜ੍ਹਾਈ ਕਰ ਦਿੱਤੀ ਜਾਏ ਤੇ ਉਠ ਰਹੀ ਨਵੀਂ ਤਾਕਤ ਨੂੰ ਖ਼ਤਮ ਕਰ ਦਿੱਤਾ ਜਾਏ। ਇਸ ਨਾਲ ਇਕ ਤਾਂ ਆਪਣਾ ਖ਼ਤਰਾ ਟਲ ਜਾਏਗਾ ਤੇ ਦੂਜਾ ਮੁਗ਼ਲ ਸਰਕਾਰ ਵੀ ਸਾਡੇ ਤੇ ਖ਼ੁਸ਼ ਹੋ ਜਾਵੇਗੀ। ਔਰੰਗਜ਼ੇਬ ਜਿਸ ਨੇ ਗੁਰੂ ਤੇਗ਼ ਬਹਾਦਰ ਨੂੰ ਦਿੱਲੀ ਵਿਚ ਸ਼ਹੀਦ ਕੀਤਾ ਏ, ਉਹ ਤਾਂ ਖ਼ਾਸ ਤੌਰ ਤੇ ਪ੍ਰਸੰਨ ਹੋ ਜਾਏਗਾ।

ਭੀਮ ਚੰਦ ਦੀ ਅਗਵਾਈ ਵਿਚ ਸਾਰੇ ਰਾਜਿਆਂ ਨੇ ਗੁਰੂ ਸਾਹਿਬ ਤੇ ਚੜ੍ਹਾਈ ਕਰ ਦਿੱਤੀ। ਨਾਲ ਹੀ ਉਨ੍ਹਾਂ ਗੁਰੂ ਸਾਹਿਬ ਦੀ ਫ਼ੌਜ ਦੇ ਪੰਜ ਸੌ ਪਠਾਣਾਂ ਨਾਲ ਗਠਜੋੜ ਕਰ ਲਿਆ ਤੇ ਐਨ ਜਦ ਗੁਰੂ ਸਾਹਿਬ ਨੇ ਫ਼ੌਜ ਨੂੰ ਮੁਕਾਬਲੇ ਲਈ ਤਿਆਰੀ ਦਾ ਹੁਕਮ ਦਿੱਤਾ ਤਾਂ ਉਹ ਪੰਜ ਸੌ ਪਠਾਣ ਨੌਕਰੀ ਛੱਡ ਕੇ ਚਲੇ ਗਏ ਤੇ ਫਿਰ ਪਹਾੜੀ ਰਾਜਿਆਂ ਦੇ ਨਾਲ ਜਾ ਮਿਲੇ। ਬਹੁਤ ਸਾਰੇ ਉਦਾਸੀ ਗੁਰੂ ਸਾਹਿਬ ਦੇ ਡੇਰੇ ਰਹਿੰਦੇ

ਸਨ ਉਹ ਵੀ ਸਾਰੇ ਚਲੇ ਗਏ, ਪਰ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਿਰਲੱਥ ਯੋਧਿਆਂ ਤੇ ਇਸ ਗੱਲ ਦਾ ਕੋਈ ਅਸਰ ਨਾ ਪਿਆ। ਉਨ੍ਹਾਂ ਨੇ ਆਪਣੇ ਸੀਸ ਤਲੀ ਤੇ ਰੱਖੇ ਹੋਏ ਸਨ ਤੇ ਇਸ ਸਮੇਂ ਲੜਨ ਮਰਨ ਲਈ ਤਿਆਰ ਸਨ। ਇਸ ਲਈ ਕਿਸੇ ਨੂੰ ਚਿੰਤਾ ਨਹੀਂ ਸੀ ਕਿ ਪਹਾੜੀ ਰਾਜਿਆਂ ਦੀ ਇਕੱਠੀ ਤਾਕਤ ਇਤਨੀ ਵਧ ਜਾਏਗੀ ਤੇ ਉਸ ਦਾ ਮੁਕਾਬਲਾ ਕਿਸ ਤਰ੍ਹਾਂ ਕਰਾਂਗੇ। ਅਕਾਲ ਪੁਰਖ ਤੇ ਭਰੋਸਾ, ਗੁਰੂ ਤੇ ਵਿਸ਼ਵਾਸ ਤੇ ਚੰਗੇ ਆਦਰਸ਼ ਲਈ ਕੁਰਬਾਨੀ ਦੇ ਚਾਅ ਨਾਲ ਸਭ ਜੰਗ ਦੇ ਮੈਦਾਨ ਵਿਚ ਨਿਤਰ ਪਏ। ਪੀਰ ਬੁੱਧੂ ਸ਼ਾਹ ਨੂੰ ਜਦ ਪਠਾਣਾਂ ਦੀ ਗੱਦਾਰੀ ਦੀ ਇਤਲਾਹ ਮਿਲੀ ਤਾਂ ਤੁਰਤ ਸੱਤ ਸੌ ਚੇਲੇ ਤੇ ਪੁੱਤਰਾਂ ਸਮੇਤ ਪਹੁੰਚ ਗਿਆ।

ਭੰਗਾਣੀ ਦੇ ਮੈਦਾਨ ਵਿਚ ਲੜਾਈ ਸ਼ੁਰੂ ਹੋਈ। ਦਸਮ ਪਾਤਸ਼ਾਹ ਆਪ ਕਮਰਕੱਸਾ ਕਰ ਕੇ, ਤੀਰਾਂ ਦਾ ਭੱਥਾ ਬੰਨ੍ਹ ਕੇ, ਮੋਢੇ ਤੇ ਕਮਾਨ ਧਰ ਕੇ ਘੋੜੇ ਤੇ ਸਵਾਰ ਹੋ ਗਏ। ਮਾਮਾ ਕ੍ਰਿਪਾਲ ਜੀ, ਦਯਾ ਰਾਮ ਪਰੋਹਤ, ਭਾਈ ਜੀਤ ਮੱਲ ਤੇ ਭਾਈ ਸੰਗੋ ਗੁਰੂ ਸਾਹਿਬ ਦੀ ਫ਼ੌਜ ਦੇ ਮੁਖ ਸੈਨਾਪਤੀ ਸਨ। ਸਭ ਨੇ ਲੜਾਈ ਦੇ ਮੈਦਾਨ ਵਿਚ ਆਪਣੀ ਆਪਣੀ ਥਾਂ ਤੇ ਕੰਮ ਸੰਭਾਲ ਲਏ।

ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਆਪਣੇ ਜਰਨੈਲ ਸੰਗੋ ਜੀ ਨੂੰ ਹੁਕਮ ਦਿਤਾ ਕਿ ਉਹ ਅੱਗੇ ਵਧ ਕੇ ਰਾਜਿਆਂ ਦੀ ਫ਼ੌਜ ਨੂੰ ਰੋਕਣ। ਭਾਈ ਸੰਗੋ ਗੁਰੂ ਸਾਹਿਬ ਦਾ ਟਹਿਲੀਆ ਸਿੱਖ ਸੀ ਤੇ ਕਈ ਸਾਲਾਂ ਤੋਂ ਗੁਰੂ ਸਾਹਿਬ ਦੇ ਨਾਲ ਹਰ ਸਮੇਂ ਰਹਿੰਦਾ ਸੀ। ਸ਼ਸਤਰ ਵਿਦਿਆ ਦਾ ਚੰਗਾ ਜਾਣੂ, ਨਾਮ ਬਾਣੀ ਵਿਚ ਲਗਨ ਰੱਖਣ ਵਾਲਾ ਸੋਹਣਾ ਗਭਰੂ ਜਵਾਨ ਸੀ। ਭਾਈ ਸੰਗੋ ਨੇ ਇਕ-ਦਮ ਅਗੇ ਵਧ ਕੇ ਦੁਸ਼ਮਣ ਤੇ ਅਜਿਹੀ ਗੋਲੀਆਂ ਦੀ ਵਰਖਾ ਕੀਤੀ ਕਿ ਉਹ ਲਾਸ਼ਾਂ ਦੇ ਢੇਰ ਛੱਡ ਕੇ ਪਿਛੇ ਹਟਣ ਲਈ ਮਜਬੂਰ ਹੋ ਗਏ। ਭੀਖਣ ਖ਼ਾਨ ਪਠਾਣ ਆਪਣੇ ਜਥੇ ਨੂੰ ਲੈ ਕੇ ਅਗੇ ਵਧਿਆ ਤੇ ਭਾਈ ਸੰਗੋ ਜੀ ਨੂੰ ਘੇਰੇ ਵਿਚ ਲੈ ਲਿਆ ਪਰ ਨੰਦ ਚੰਦ ਜੀ ਨੇ ਘੇਰਾ ਤੋੜ ਦਿਤਾ। ਝਟ ਹੀ ਲਾਸ਼ਾਂ ਦੇ ਢੇਰ ਲਗ ਗਏ ਤੇ ਜ਼ਮੀਨ ਮਨੁੱਖੀ ਖ਼ੂਨ ਨਾਲ ਲਾਲ ਹੋ ਗਈ। ਨਜਾਬਤ ਖ਼ਾਨ ਨਾਲ ਸਾਹਮਣੇ ਤਲਵਾਰ ਦੀ ਲੜਾਈ ਕਰਦਿਆਂ ਭਾਈ ਸੰਗੋ ਜੀ ਨੇ ਅਜਿਹਾ ਵਾਰ ਕੀਤਾ ਕਿ ਨਜਾਬਤ ਖ਼ਾਨ ਮਰ ਗਿਆ ਪਰ ਉਹਨੇ ਮਰਨ ਤੋਂ ਪਹਿਲਾਂ ਆਪਣੇ ਅਖ਼ੀਰਲੇ ਵਾਰ ਨਾਲ ਭਾਈ ਸੰਗੋ ਜੀ ਨੂੰ ਅਜਿਹੀ ਸੱਟ ਮਾਰੀ ਕਿ ਉਹ ਵੀ ਜੰਗ ਦੇ ਮੈਦਾਨ ਵਿਚ ਹੀ ਸ਼ਹੀਦ ਹੋ ਗਏ।

ਇਸ ਜੰਗ ਵਿਚ ਸ਼ਹੀਦ ਹੋਣ ਵਾਲਾ ਦੂਜਾ ਮੁਖੀ ਜਰਨੈਲ ਜੀਤ ਮੱਲ ਸੀ। ਇਕ ਪਾਸੇ ਦੇ ਮੋਰਚੇ ਵਿਚ ਸਾਰੀ ਜ਼ਿੰਮੇਵਾਰੀ ਭਾਈ ਜੀਤ ਮੱਲ ਦੀ ਸੀ। ਉਨ੍ਹਾਂ ਦੇ ਟਾਕਰੇ ਤੇ ਉਘਾ ਬਾਈਧਾਰ ਰਾਜਾ ਹਰੀ ਚੰਦ ਸੀ, ਜਿਸਨੂੰ ਆਪਣੀ ਤਾਕਤ ਦਾ ਮਾਣ ਸੀ। ਰਾਜਾ ਹਰੀ ਚੰਦ ਆਪ ਵੀ ਲੜਾਈ ਦੇ ਮੈਦਾਨ ਦਾ ਦਲੇਰ ਤੇ ਸ਼ਸਤਰ ਚਲਾਉਣ ਵਿਚ ਮਾਹਿਰ ਸੀ। ਅੱਗੋਂ ਭਾਈ ਜੀਤ ਮੱਲ ਜੀ ਵੀ ਘੱਟ ਨਹੀਂ ਸਨ। ਦੋਹਾਂ ਪਾਸਿਉਂ ਫ਼ੌਜ ਦੀ ਝਟ ਕੁ ਲੜਾਈ ਪਿਛੋਂ ਦੋਵੇਂ ਅਗੇ ਆ ਗਏ ਤੇ ਆਪਸ ਵਿਚ ਹੀ ਜੰਗ ਦਾ ਨਬੇੜਾ ਕਰਨ ਲਈ ਨਿਤਰ ਪਏ। ਭਾਈ ਜੀਤ ਮੱਲ ਨੇ ਗੁੱਸੇ ਨਾਲ ਤੀਰ ਮਾਰਿਆ। ਉਧਰੋਂ ਰਾਜਾ ਹਰੀ ਚੰਦ ਨੇ ਵੀ ਤੀਰਾਂ ਦੇ ਵਾਰ ਕੀਤੇ ਜਿਸ ਕਾਰਨ ਦੋਹਾਂ ਦੇ ਘੋੜੇ ਜ਼ਖ਼ਮੀ ਹੋ ਕੇ ਡਿੱਗ ਪਏ। ਫਿਰ ਦੋਵੇਂ ਸੂਰਮੇ ਪੈਦਲ ਹੋ ਕੇ

ਲੜਨ ਲਗ ਪਏ । ਕਾਫ਼ੀ ਸਮੇਂ ਦੀ ਲੜਾਈ ਪਿਛੋਂ ਰਾਜਾ ਹਰੀ ਚੰਦ ਤੇ ਭਾਈ ਜੀਤ ਮੱਲ ਵੀ ਸ਼ਹੀਦ ਹੋ ਗਏ ।

ਇਸੇ ਲੜਾਈ ਵਿਚ ਪੀਰ ਬੁੱਧੂ ਸ਼ਾਹ ਨੇ ਆਪਣੇ ਚੇਲਿਆਂ ਸਮੇਤ ਆ ਕੇ ਬੜੀ ਵੱਡੀ ਕੁਰਬਾਨੀ ਦਿੱਤੀ । ਉਹਦੇ ਸਾਰੇ ਜਵਾਨ ਪੁੱਤਰ ਬੜੇ ਜਾਨ ਤੋੜ ਕੇ ਲੜੇ । ਲੜਾਈ ਵਿਚ ਹੀ ਪੀਰ ਬੁੱਧੂ ਸ਼ਾਹ ਦੇ ਦੋ ਲੜਕੇ ਬਹਾਦਰਾਂ ਵਾਂਗ ਲੜ ਕੇ ਸ਼ਹੀਦੀਆਂ ਪਾ ਗਏ । ਇਨ੍ਹਾਂ ਮਹਾਨ ਸੂਰਬੀਰਾਂ ਦੀ ਘਾਲਣਾ ਦਾ ਸਦਕਾ ਜੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨਦਾਰ ਫ਼ਤਹਿ ਹੋਈ ਤੇ ਸਾਜ਼ਸ਼ ਕਰ ਕੇ ਆਏ ਸਾਰੇ ਪਹਾੜੀ ਰਾਜਿਆਂ ਨੂੰ ਜ਼ਬਰਦਸਤ ਹਾਰ ਨਸੀਬ ਹੋਈ ।

ਗੁਰੂ ਗੋਬਿੰਦ ਸਿੰਘ ਜੀ ਨੇ ਜੀਵਨ ਵਿਚ ਬਹੁਤ ਯੁੱਧ ਕੀਤੇ ਪਰ ਜੰਗ ਭੰਗਾਣੀ ਦੀ ਇਤਿਹਾਸਕ ਮਹਾਨਤਾ ਬਹੁਤ ਹੈ । ਖ਼ਾਲਸਾ ਪੰਥ ਦੀ ਸਾਜਨਾ ਤੋਂ ਪਹਿਲਾਂ ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ 11 ਸਾਲ ਪਿਛੋਂ ਇਸ ਮਹਾਨ ਯੁੱਧ ਵਿਚ ਜੋ ਸਫ਼ਲਤਾ ਹੋਈ, ਉਹ ਇਤਿਹਾਸ ਵਿਚ ਸਦਾ ਯਾਦ ਰਹੇਗੀ ਤੇ ਇਸ ਜੰਗ ਵਿਚ ਸ਼ਹੀਦ ਹੋਣ ਵਾਲਿਆਂ ਦੇ ਨਾਮ ਵੀ ਸਦਾ ਅਮਰ ਰਹਿਣਗੇ । ਖ਼ਾਸ ਕਰਕੇ ਭਾਈ ਜੀਤ ਮੱਲ ਜੀ ਤੇ ਭਾਈ ਸੰਗੋ ਜੀ ਦੀ ਕੁਰਬਾਨੀ ਤੇ ਬੁੱਧੂ ਸ਼ਾਹ ਦੇ ਪੁੱਤਰਾਂ ਦਾ ਆਪਾ ਵਾਰਨਾ ਬੀਰ-ਰਸ ਉਪਜਾਉਣ ਲਈ ਵਾਰਾਂ ਦਾ ਪ੍ਰਸੰਗ ਬਣਦੇ ਰਹਿਣਗੇ ।

ਚਮਕੌਰ ਦੇ ਸ਼ਹੀਦ

ਮੁਗ਼ਲ ਸਰਕਾਰ ਤੇ ਉਹਦੇ ਮੁਖੀ ਕਰਮਚਾਰੀਆਂ ਦਾ ਵਿਚਾਰ ਸੀ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੇ ਉਹਨਾਂ ਨਾਲ ਭਾਈ ਮਤੀ ਦਾਸ ਤੇ ਭਾਈ ਦਿਆਲੇ ਨੂੰ ਤਸੀਹੇ ਦਿਤੇ ਜਾਣ ਦੀ ਘਟਨਾ ਪਿਛੋਂ ਲੋਕਾਂ ਵਿਚ ਇਤਨਾ ਭੈ ਪੈਦਾ ਹੋ ਜਾਏਗਾ ਕਿ ਉਹ ਗੁਰੂ ਸਾਹਿਬ ਦੀ ਇਨਕਲਾਬੀ ਲਹਿਰ ਵਿਚ ਸ਼ਾਮਲ ਹੋਣਾ ਤਾਂ ਕੀ, ਹਮਦਰਦੀ ਰਖਣੀ ਵੀ ਛੱਡ ਦੇਣਗੇ, ਪਰ ਉਹਨਾਂ ਨੂੰ ਇਹ ਨਹੀਂ ਸੀ ਪਤਾ ਕਿ ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ ਤੇ ਭਾਈ ਮਤੀ ਦਾਸ ਆਦਿ ਦੀ ਸ਼ਹੀਦੀ ਨਾਲ ਸਿੱਖੀ ਦੇ ਮਹੱਲ ਦੀਆਂ ਨੀਹਾਂ ਇਤਨੀਆਂ ਪੱਕੀਆਂ ਹੋ ਗਈਆਂ ਹਨ ਕਿ ਇਸ ਉਸਾਰੀ ਨੂੰ ਨਾ ਤੇ ਕੋਈ ਢਾਹ ਸਕਦਾ ਹੈ ਨਾ ਹੀ ਇਹ ਖ਼ਤਮ ਹੋ ਸਕਦੀ ਹੈ।

ਜਿਵੇਂ ਮਾਲੀ ਬੂਟਿਆਂ ਨੂੰ ਬਦਲਣ ਲਈ ਪਿਉਂਦ ਲਾ ਦਿੰਦਾ ਹੈ ਇਸ ਤਰ੍ਹਾਂ ਇਨ੍ਹਾਂ ਦੀ ਮਹਾਨ ਸ਼ਹਾਦਤ ਨਾਲ ਕੌਮ ਨੂੰ ਕੁਰਬਾਨੀਆਂ ਦੀ ਪਿਉਂਦ ਲਗ ਗਈ ਤੇ ਲੋਕ-ਉਭਾਰ ਪੂਰੀ ਤਰ੍ਹਾਂ ਸਾਹਮਣੇ ਆ ਗਿਆ। 1686 ਵਿਚ ਭੰਗਾਣੀ ਦੇ ਯੁੱਧ ਵਿਚ ਹਾਰ ਖਾ ਕੇ ਬਾਈਧਾਰ ਦੇ ਰਾਜਿਆਂ ਨੇ ਮਹਿਸੂਸ ਕਰ ਲਿਆ ਕਿ ਹੁਣ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਇਹ ਲਹਿਰ ਇਤਨੀ ਬਲਵਾਨ ਹੋ ਗਈ ਹੈ ਕਿ ਉਹ ਦਬਾ ਨਹੀਂ ਸਕਦੇ।

ਜਿਉਂ ਜਿਉਂ ਅਨੰਦਪੁਰ ਸਾਹਿਬ ਵਿਚ ਰੌਣਕਾਂ ਵਧਦੀਆਂ ਗਈਆਂ, ਪਹਾੜੀ ਰਾਜਿਆਂ ਤੇ ਖ਼ਾਸ ਕਰਕੇ ਭੀਮ ਚੰਦ ਦੇ ਪੇਟ ਵਿਚ ਦਰਦ ਵਧਦਾ ਗਿਆ। ਜਦ ਗੁਰੂ ਸਾਹਿਬ ਨੇ 1699 ਵਿਚ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤੇ ਐਲਾਨ ਕੀਤਾ ਕਿ ਸਾਰੇ ਮਨੁੱਖ ਇੱਕ ਸਮਾਨ ਹਨ, ਊਚ ਨੀਚ ਦਾ ਫ਼ਰਕ ਖ਼ੁਦਗ਼ਰਜ਼ਾਂ ਨੇ ਪੈਦਾ ਕੀਤਾ ਹੈ। ਸਾਡੇ ਦਰਬਾਰ ਵਿਚ ਕਿਸੇ ਨੂੰ ਨੀਵਾਂ ਤੇ ਕਿਸੇ ਨੂੰ ਉੱਚ ਜ਼ਾਤ ਦਾ ਨਹੀਂ ਸਮਝਿਆ ਜਾਵੇਗਾ ਤੇ ਅਮਲਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇਸ ਨਾਲ ਉਚ-ਜ਼ਾਤ ਦੇ ਅਭਿਮਾਨੀ ਪਿਟ ਉਠੇ। ਰਾਜਿਆਂ ਦਾ ਰਾਜ ਹੀ ਇਸੇ ਊਚ ਨੀਚ ਦੇ ਭਰਮ ਦੇ ਆਸਰੇ ਚਲ ਰਿਹਾ ਸੀ। ਉਹਨਾਂ ਲਈ ਹੋਰ ਬਰਦਾਸ਼ਤ ਕਰਨਾ ਕਠਿਨ ਸੀ, ਇਸ ਲਈ ਉਹਨਾਂ ਔਰੰਗਜ਼ੇਬ ਪਾਸ ਸ਼ਿਕਾਇਤ ਕੀਤੀ। ਔਰੰਗਜ਼ੇਬ ਨੇ ਦੱਖਣ ਤੋਂ ਹੀ ਹੁਕਮ ਦੇ ਕੇ ਫ਼ੌਜ ਨੂੰ ਅਨੰਦਪੁਰ ਚੜ੍ਹਾਈ ਲਈ ਭੇਜ ਦਿੱਤਾ। ਲਾਹੌਰ ਤੇ ਸਰਹੰਦ ਪ੍ਰਾਂਤ ਦੇ ਸੂਬੇਦਾਰਾਂ ਨੇ ਵੀ ਫ਼ੌਜਾਂ ਇਕੱਠੀਆਂ ਕਰ ਲਈਆਂ। ਉਧਰੋਂ ਸਾਰੇ ਹਿੰਦੂ ਪਹਾੜੀ ਰਾਜੇ ਵੀ ਲਸ਼ਕਰ ਲੈ ਕੇ ਆ ਗਏ ਤੇ 1701 ਵਿਚ ਅਨੰਦਪੁਰ ਸਾਹਿਬ ਨੂੰ ਘੇਰ ਲਿਆ। ਤਿੰਨ ਸਾਲ ਲੜਾਈ ਜਾਰੀ ਰਹੀ ਤੇ ਅਖ਼ੀਰ 1704 ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦਾ ਕਿਲ੍ਹਾ ਛੱਡਿਆ।

ਸਰਸਾ ਦਰਿਆ ਪਾਰ ਕਰਦਿਆਂ ਵੱਡੀ ਲੜਾਈ ਹੋਈ, ਜਿਸ ਵਿਚ ਦੋਹਾਂ ਧਿਰਾਂ ਦਾ ਬਹੁਤ ਨੁਕਸਾਨ ਹੋਇਆ।

ਨਦੀ ਪਾਰ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਰਿਵਾਰ ਨਿਖੜ ਗਿਆ। ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਇਕ ਪਾਸੇ ਚਲੇ ਗਏ ਤੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਆਪਣੇ ਪਿਤਾ ਨਾਲ ਰਹਿ ਗਏ। ਗੁਰੂ ਗੋਬਿੰਦ ਸਿੰਘ ਜੀ ਸਰਸਾ ਨਦੀ ਨੂੰ ਪਾਰ ਕਰ ਕੇ ਚਮਕੌਰ ਪਹੁੰਚ ਗਏ। ਇਹ ਥਾਂ ਜ਼ਿਲ੍ਹਾ ਰੋਪੜ ਵਿਚ ਹੈ। ਇਥੇ ਇਕ ਹਵੇਲੀ ਵਿਚ ਆਪ ਨੇ ਉਤਾਰਾ ਕੀਤਾ।

ਭਾਰੀ ਗਿਣਤੀ ਵਿਚ ਦੁਸ਼ਮਣ ਦੀ ਫ਼ੌਜ ਆਪ ਦਾ ਪਿੱਛਾ ਕਰਦੀ ਇਥੇ ਵੀ ਪਹੁੰਚ ਗਈ। 550 ਤੋਂ ਉਪਰ ਉਹਨਾਂ ਪਾਸ ਨਗਾਰੇ ਸਨ, ਜਿਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਫ਼ੌਜ ਦੀ ਗਿਣਤੀ ਕਿਤਨੀ ਕੁ ਹੋਵੇਗੀ। ਗੁਰੂ ਸਾਹਿਬ ਦੇ ਨਾਲ ਇਸ ਸਮੇਂ ਕੇਵਲ 40 ਸਿੰਘ ਸਨ, ਪਰ ਇਹਨਾਂ ਸਾਰਿਆਂ ਦੇ ਹੌਸਲੇ ਇਤਨੇ ਵੱਧ ਸਨ ਕਿ ਇਹ ਲੱਖ ਤੋਂ ਉਪਰ ਆਈ ਫ਼ੌਜ ਦਾ ਟਾਕਰਾ ਕਰਨ ਲਈ ਤਿਆਰ ਸਨ। ਕਿਸੇ ਦੇ ਮਨ ਵਿਚ ਮੌਤ ਦਾ ਭੈ ਨਹੀਂ ਸੀ।

ਇਕ ਕੱਚੀ ਕੰਧ ਦੀ ਓਟ ਵਿਚ ਸਿੰਘਾਂ ਨੇ ਮੋਰਚਾ ਬਣਾ ਲਿਆ ਤੇ ਦਿੱਲੀ, ਲਾਹੌਰ, ਸਰਹੰਦ ਤੇ ਬਾਈਧਾਰ ਰਾਜਿਆਂ ਦੀ ਹਥਿਆਰਬੰਦ ਫ਼ੌਜ ਨਾਲ ਟੱਕਰ ਲੈਣੀ ਸ਼ੁਰੂ ਕਰ ਦਿੱਤੀ। ਇਕ ਸਿੰਘ ਇਸ ਕੰਧ ਦੇ ਪਿਛੋਂ ਨਿਕਲਦਾ ਤੇ ਬਿਜਲੀ ਦੀ ਤਰ੍ਹਾਂ ਕੜਕ ਕੇ ਤਲਵਾਰ ਨਾਲ ਦੁਸ਼ਮਣ ਦੀ ਫ਼ੌਜ ਵਿਚ ਵੜ ਕੇ ਵੱਢਾ-ਟੁੱਕੀ ਸ਼ੁਰੂ ਕਰ ਦਿੰਦਾ। ਇਕ ਆਦਮੀ ਨੂੰ ਸਾਂਭਣਾ ਫ਼ੌਜ ਲਈ ਮੁਸ਼ਕਲ ਹੋ ਜਾਂਦਾ ਤੇ ਕਈ ਵਾਰ ਕਾਫ਼ੀ ਸਮਾਂ ਇਕੋ ਆਦਮੀ ਲੜਦਾ ਰਹਿੰਦਾ। ਜਦ ਇਕ ਸ਼ਹੀਦ ਹੋ ਜਾਂਦਾ ਤਾਂ ਦੂਜਾ ਮੈਦਾਨ ਵਿਚ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦਾ ਪਹੁੰਚ ਜਾਂਦਾ ਤੇ ਉਹ ਸਾਰੀ ਫ਼ੌਜ ਨੂੰ ਠੱਲ੍ਹ ਪਾ ਲੈਂਦਾ। ਸਰਕਾਰੀ ਫ਼ੌਜ ਦੇ ਮੁਖੀ ਅਫ਼ਸਰ ਵੀ ਹੈਰਾਨ ਸਨ ਕਿ ਇਹ ਲੋਕ ਕਿਸ ਮਿੱਟੀ ਦੇ ਬਣੇ ਹੋਏ ਹਨ ਜਿਨ੍ਹਾਂ ਵਿਚੋਂ ਇਕ ਇਕ ਵੀ ਸਵਾ ਲੱਖ ਤੇ ਭਾਰੂ ਹੈ।

ਜਦ ਕਾਫ਼ੀ ਸਿੰਘ ਸ਼ਹੀਦ ਹੋ ਗਏ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਜੀ, ਜਿਨ੍ਹਾਂ ਦੀ ਉਮਰ 18 ਸਾਲਾਂ ਦੀ ਸੀ, ਹਜ਼ੂਰ ਦੇ ਸਾਹਮਣੇ ਆਏ ਤੇ ਆ ਕੇ ਬੇਨਤੀ ਕੀਤੀ, 'ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ ਹਨ, ਹੁਣ ਮੈਨੂੰ ਆਗਿਆ ਦਿੱਤੀ ਜਾਵੇ ਕਿ ਮੈਂ ਆਪਣਾ ਜੀਵਨ ਸਫ਼ਲਾ ਕਰ ਲਵਾਂ।' ਹਜ਼ੂਰ ਨੇ ਆਪਣੇ ਲਖਤੇ ਜਿਗਰ ਵਲ ਦੇਖਿਆ। ਉਸ ਦੇ ਚਿਹਰੇ ਤੇ ਜੰਗ ਵਿਚ ਜੂਝਣ ਦੇ ਚਾਅ ਦੇ ਪ੍ਰਗਟਾਵੇ ਨੂੰ ਦੇਖ ਕੇ ਖ਼ੁਸ਼ ਹੋਏ ਤੇ ਆਪਣੇ ਪਵਿੱਤਰ ਹੱਥਾਂ ਨਾਲ ਕ੍ਰਿਪਾਨ ਉਹਨੂੰ ਫੜਾ ਕੇ ਆਸ਼ੀਰਵਾਦ ਦਿੱਤੀ।

ਨਿੱਕੀ ਨਿੱਕੀ ਮਸ ਫੁਟ ਵਾਲਾ ਇਹ ਅਤਿ ਸੁੰਦਰ ਜਵਾਨ ਆਪਣੇ ਗੁਰਦੇਵ ਪਿਤਾ ਦੇ ਆਸ਼ੀਰਵਾਦ ਨੂੰ ਲੈ ਕੇ ਬਾਹਰ ਮੈਦਾਨ ਵਿਚ ਨਿਕਲਿਆ ਤੇ ਦੁਸ਼ਮਣ ਦੀ ਫ਼ੌਜ ਨੂੰ ਅੱਖ ਵੀ ਝਮਕਣ ਦਾ ਵਕਤ ਨਾ ਦਿੱਤਾ ਤੇ ਉਹਨਾਂ ਦੇ ਵਿਚ ਵੜ ਗਿਆ। ਅਜੇਹੀ ਤਲਵਾਰ ਚਲਾਈ, ਗਤਕੇ ਦੇ ਅਜੇਹੇ ਪੈਂਤੜੇ ਲਏ ਕਿ ਦੁਸ਼ਮਣ

ਦੀ ਫ਼ੌਜ ਅਸ਼ ਅਸ਼ ਕਰ ਉਠੀ। ਚਾਰੇ ਪਾਸਿਆਂ ਤੋਂ ਹਮਲੇ ਨੂੰ ਰੋਕਣਾ ਤੇ ਫਿਰ ਵਾਰ ਕਰਨਾ ਕਮਾਲ ਹੁਸ਼ਿਆਰੀ ਦੀ ਖੇਡ ਸੀ। ਦੁਸ਼ਮਣ ਦਾ ਕਾਫ਼ੀ ਨੁਕਸਾਨ ਕਰ ਕੇ ਬਹਾਦਰਾਂ ਵਾਂਗ ਲੜਦਿਆਂ ਸਾਹਿਬ ਅਜੀਤ ਸਿੰਘ ਜੀ ਸ਼ਹੀਦ ਹੋ ਗਏ।

ਗੁਰੂ ਸਾਹਿਬ ਦੇ ਦੂਜੇ ਸਾਹਿਬਜ਼ਾਦੇ ਜੁਝਾਰ ਸਿੰਘ ਦੀ ਉਮਰ 14 ਸਾਲਾਂ ਦੀ ਸੀ। ਆਪਣੇ ਵੱਡੇ ਭਰਾ ਨੂੰ ਸ਼ਹੀਦ ਹੁੰਦਾ ਦੇਖ ਕੇ ਉਸ ਤੋਂ ਵੀ ਰਹਿ ਨਾ ਹੋਇਆ ਤੇ ਦਸਮੇਸ਼ ਪਿਤਾ ਦੇ ਸਾਹਮਣੇ ਆ ਕੇ ਸੀਸ ਨਿਵਾ ਕੇ ਹੱਥ ਜੋੜ ਲਏ। ਹਜ਼ੂਰ ਨੇ ਪੁਛਿਆ ਤਾਂ ਬੇਨਤੀ ਕੀਤੀ, 'ਮੈਨੂੰ ਵੀ ਥਾਪੜਾ ਦਿਉ ਕਿ ਮੈਂ ਆਪਣੇ ਸ਼ਹੀਦ ਵੀਰ ਦੇ ਨਾਲ ਜਾ ਮਿਲਾਂ। ਉਹਨਾਂ ਵੀਰਾਂ ਤੋਂ ਪਿਛੇ ਨਾ ਰਹਿ ਜਾਵਾਂ ਜੋ ਦੂਰ ਲੰਘ ਗਏ ਹਨ।'

ਜਵਾਨ ਪੁੱਤਰ ਜਿਨ੍ਹਾਂ ਨੂੰ ਚਾਅ ਨਾਲ ਘੋੜੀ ਚਾੜ੍ਹਨਾ ਸੀ, ਵਿਆਹ ਦਾ ਗਾਨਾ ਬੰਨ੍ਹਣਾ ਸੀ ਤੇ ਜਿਨ੍ਹਾਂ ਦੀ ਜਵਾਨੀ ਪ੍ਰਵਾਨ ਚੜ੍ਹਨੀ ਸੀ, ਉਹਨਾਂ ਨੂੰ ਆਪਣੇ ਹੱਥੀਂ ਜੰਗ ਦੇ ਮੈਦਾਨ ਵਿਚ ਭੇਜਿਆ ਗਿਆ ਸੀ। ਇਸ ਗੱਲ ਦਾ ਦੁੱਖ ਨਹੀਂ, ਗੁਰੂ ਸਾਹਿਬ ਨੂੰ ਖ਼ੁਸ਼ੀ ਸੀ ਕਿ ਉਹਨਾਂ ਦੀ ਸੰਤਾਨ ਆਪਣੀਆਂ ਖ਼ਾਨਦਾਨੀ ਰਵਾਇਤਾਂ ਨੂੰ ਕਾਇਮ ਰੱਖ ਰਹੀ ਹੈ। ਜੁਝਾਰ ਸਿੰਘ ਨੂੰ ਵੀ ਜੰਗ ਦੇ ਮੈਦਾਨ ਵਿਚ ਭੇਜ ਦਿੱਤਾ ਗਿਆ ਤੇ ਉਹ ਵੀ ਸ਼ਹੀਦ ਹੋ ਗਿਆ। ਜਦ ਕੇਵਲ ਪੰਜ ਸਿੱਖ ਰਹਿ ਗਏ ਤਾਂ ਉਹਨਾਂ ਫ਼ੈਸਲਾ ਕੀਤਾ ਕਿ ਗੁਰੂ ਸਾਹਿਬ ਨੂੰ ਹੁਣ ਇਥੋਂ ਚਲੇ ਜਾਣਾ ਚਾਹੀਦਾ ਹੈ। ਗੁਰੂ ਸਾਹਿਬ ਜਾਣ ਲਈ ਤਿਆਰ ਨਹੀਂ ਸਨ, ਪਰ ਸਿੰਘਾਂ ਦੇ ਫ਼ੈਸਲੇ ਨੂੰ ਮੰਨ ਕੇ ਜਾਣਾ ਹੀ ਪਿਆ।

ਚਮਕੌਰ ਦੀ ਜੰਗ ਵਿਚ ਸ਼ਹੀਦ ਹੋਣ ਵਾਲੇ ਸਾਰੇ ਸਿੰਘਾਂ ਦੇ ਨਾਮ ਤਾਂ ਇਤਿਹਾਸ ਵਿਚੋਂ ਨਹੀਂ ਮਿਲਦੇ ਪਰ ਦੋ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਪਿਛੋਂ ਵਰਣਨਯੋਗ ਸ਼ਹੀਦੀ ਭਾਈ ਸੰਤ ਸਿੰਘ ਦੀ ਹੈ। ਕਿਹਾ ਜਾਂਦਾ ਹੈ ਕਿ ਇਨ੍ਹਾਂ ਦੀ ਸ਼ਕਲ ਸੂਰਤ ਤੇ ਬਾਹਰਲੀ ਦਿਖ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦੀ ਜੁਲਦੀ ਸੀ। ਇਨ੍ਹਾਂ ਨੂੰ ਗੁਰੂ ਸਾਹਿਬ ਵਾਲੇ ਬਸਤਰ ਪੁਆ ਦਿੱਤੇ ਗਏ ਤੇ ਜਦ ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਛੱਡ ਕੇ ਚਲੇ ਗਏ ਤਾਂ ਦੂਜੇ ਦਿਨ ਸਰਕਾਰੀ ਫ਼ੌਜ ਤੇ ਉਨ੍ਹਾਂ ਦੇ ਮੁਖੀ ਇਹੋ ਸਮਝਦੇ ਰਹੇ ਕਿ ਗੁਰੂ ਸਾਹਿਬ ਅਜੇ ਇਥੇ ਹਨ। ਭਾਈ ਸੰਤ ਸਿੰਘ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ ਤੇ ਸਾਰਾ ਦਿਨ ਦੁਸ਼ਮਣ ਨੂੰ ਠੱਲ੍ਹ ਪਾਈ ਰੱਖੀ। ਜਦ ਉਹ ਸ਼ਹੀਦ ਹੋ ਗਏ ਤਾਂ ਪਿਛੋਂ ਜਾ ਕੇ ਦੁਸ਼ਮਣ ਨੂੰ ਪਤਾ ਲੱਗਾ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ ਸਗੋਂ ਉਹਨਾਂ ਦਾ ਕੋਈ ਸਿੱਖ ਹੈ। ਭਾਈ ਸੰਤ ਸਿੰਘ ਜੀ ਨੂੰ ਪਤਾ ਸੀ ਕਿ ਉਹ ਕਿਸੇ ਸੂਰਤ ਵਿਚ ਵੀ ਬਚ ਨਹੀਂ ਸਕਣਗੇ ਪਰ ਆਪਣੇ ਗੁਰਦੇਵ ਨੂੰ ਬਚਾਉਣ ਲਈ ਉਹਨਾਂ ਆਪਾ ਵਾਰਨ ਤੋਂ ਸੰਕੋਚ ਨਾ ਕੀਤਾ ਤੇ ਸ਼ਹੀਦੀ ਪ੍ਰਾਪਤ ਕਰ ਕੇ ਸਦਾ ਲਈ ਅਮਰ ਹੋ ਗਏ।

ਇਸੇ ਜੰਗ ਵਿਚ ਤਿੰਨ ਪਿਆਰੇ ਤੇ ਭਾਈ ਜੀਵਨ ਸਿੰਘ (ਜੈਤਾ ਜੀ) ਵੀ ਸ਼ਹੀਦ ਹੋਏ।

ਛੋਟੇ ਸਾਹਿਬਜ਼ਾਦੇ

ਨਾਦਰ ਸ਼ਾਹ ਜਦ ਦਿੱਲੀ ਲੁੱਟ ਕੇ ਵਾਪਸ ਜਾ ਰਿਹਾ ਸੀ ਤਾਂ ਪੰਜਾਬ ਵਿਚ ਸਿੰਘਾਂ ਨੇ ਉਸ ਤੇ ਹਮਲੇ ਕਰ ਕੇ ਹਜ਼ਾਰਾਂ ਅਬਲਾਵਾਂ ਛੁਡਾ ਲਈਆਂ ਤੇ ਬਹੁਤ ਸਾਰਾ ਉਹਦਾ ਨੁਕਸਾਨ ਕਰ ਦਿੱਤਾ। ਨਾਦਰ ਸ਼ਾਹ ਨੇ ਜ਼ਕਰੀਆ ਖ਼ਾਨ ਤੋਂ ਸਿੱਖਾਂ ਦਾ ਇਤਿਹਾਸ ਪੁਛਿਆ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ-ਘਟਨਾ ਸੁਣ ਕੇ ਨਾਦਰ ਸ਼ਾਹ ਨੇ ਕਿਹਾ ਸੀ ਕਿ ਜਿਸ ਕੌਮ ਦੀਆਂ ਨੀਹਾਂ ਵਿਚ ਇਸ ਤਰ੍ਹਾਂ ਦੇ ਬਹਾਦਰ ਮਾਸੂਮਾਂ ਦਾ ਲਹੂ ਤੇ ਹੱਡੀਆਂ ਹੋਣ, ਉਸ ਨੂੰ ਦੁਨੀਆਂ ਦੀ ਕੋਈ ਤਾਕਤ ਦਬਾ ਜਾਂ ਖ਼ਤਮ ਨਹੀਂ ਕਰ ਸਕਦੀ। ਸਿੱਖ-ਸ਼ਹੀਦਾਂ ਦੇ ਇਤਿਹਾਸ ਵਿਚ ਸਚਮੁਚ ਇਨ੍ਹਾਂ ਮਾਸੂਮ ਸਾਹਿਬਜ਼ਾਦਿਆਂ ਦੀ ਕੁਰਬਾਨੀ ਕੌਮ ਲਈ ਜੱਦੋ ਜਹਿਦ, ਸਚਾਈ ਤੇ ਡਟਣ ਅਤੇ ਅਸੂਲ ਲਈ ਆਪਾ ਵਾਰਨ ਦੀ ਪ੍ਰੇਰਨਾ ਦਾ ਸੋਮਾ ਬਣੀ ਹੋਈ ਹੈ।

1701 ਤੋਂ 1704 ਈਸਵੀ ਤਕ ਦਿੱਲੀ ਦੀ ਸ਼ਾਹੀ ਫ਼ੌਜ, ਲਾਹੌਰ ਤੇ ਸਰਹੰਦ ਦੇ ਸੂਬੇਦਾਰਾਂ ਦੀਆਂ ਫ਼ੌਜਾਂ ਤੇ ਬਾਈਧਾਰ ਦੇ ਪਹਾੜੀ ਰਾਜਿਆਂ ਨੇ ਮਿਲਵੀਂ ਤਾਕਤ ਨਾਲ ਅਨੰਦਪੁਰ ਸਾਹਿਬ ਨੂੰ ਘੇਰਾ ਪਾਈ ਰੱਖਿਆ, ਪਰ ਕਿਲ੍ਹਾ ਫ਼ਤਹਿ ਨਾ ਕਰ ਸਕੇ। ਅਖ਼ੀਰ ਗਊ ਦੀ ਝੂਠੀ ਸੌਂਹ ਖਾ ਕੇ ਕਿਲ੍ਹਾ ਖ਼ਾਲੀ ਕਰਵਾ ਲਿਆ। ਜਦ ਗੁਰੂ ਗੋਬਿੰਦ ਸਿੰਘ ਜੀ ਕਿਲ੍ਹਾ ਛੱਡ ਕੇ ਬਾਹਰ ਆਏ ਤਾਂ ਦੁਸ਼ਮਣ ਨੇ ਸਾਰੇ ਇਕਰਾਰ ਭੁਲ ਕੇ ਤੇ ਸਹੁੰਆਂ ਛਿਕੇ ਤੇ ਟੰਗ ਕੇ ਹਮਲਾ ਕਰ ਦਿਤਾ। ਸਰਸਾ ਨਦੀ ਦੇ ਕੰਢੇ ਤੇ ਘੋਰ ਯੁੱਧ ਹੋਇਆ ਤੇ ਇਸ ਯੁੱਧ ਵਿਚ ਹੀ ਦਰਿਆ ਪਾਰ ਕਰਦਿਆਂ ਗੁਰੂ ਸਾਹਿਬ ਦਾ ਪਰਿਵਾਰ ਨਿੱਖੜ ਗਿਆ। ਮਾਤਾ ਸੁੰਦਰੀ ਜੀ ਟਹਿਲੀਏ ਸਿੰਘਾਂ ਦੇ ਨਾਲ ਦਿੱਲੀ ਚਲੇ ਗਏ। ਗੁਰੂ ਸਾਹਿਬ ਨਾਲ ਦੋਵੇਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਚਮਕੌਰ ਵਲ ਲੰਘ ਗਏ। ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਜਿਨ੍ਹਾਂ ਦੀ ਉਮਰ 9 ਸਾਲ ਤੇ 7 ਸਾਲ ਦੀ ਸੀ, ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਇਕ ਪਾਸੇ ਨਿਕਲ ਗਏ। ਮਾਤਾ ਜੀ ਦੇ ਪਾਸ ਹੀ ਘੋੜਿਆਂ ਤੇ ਘਰ ਦਾ ਕੀਮਤੀ ਸਾਮਾਨ ਲਦਿਆ ਹੋਇਆ ਸੀ। ਇਨ੍ਹਾਂ ਨਾਲ ਇਕ ਨੌਕਰ ਗੰਗੂ ਬ੍ਰਾਹਮਣ ਸੀ। ਉਹਨੇ ਬੇਨਤੀ ਕੀਤੀ ਕਿ ਤੁਸੀਂ ਮੇਰੇ ਪਿੰਡ ਚਲ ਕੇ ਠਹਿਰੋ। ਮਾਤਾ ਗੁਜਰੀ ਜੀ ਦੋਵੇਂ ਪੋਤਰਿਆਂ ਸਮੇਤ ਗੰਗੂ ਨਾਲ ਉਹਦੇ ਪਿੰਡ ਖੇੜੀ ਚਲੇ ਗਏ ਤੇ ਉਹਦੇ ਘਰ ਜਾ ਉਤਾਰਾ ਕੀਤਾ।

ਉਹਨੇ ਜਦ ਮਾਤਾ ਜੀ ਨੂੰ ਸਾਮਾਨ ਖੋਲ੍ਹਦਿਆਂ ਵੇਖਿਆ ਤਾਂ ਉਹਦਾ ਮਨ ਬੇਈਮਾਨ ਹੋ ਗਿਆ। ਉਹਦਾ ਜੀਅ ਕੀਤਾ ਕਿ ਕਿਸੇ ਤਰ੍ਹਾਂ ਉਹ ਸਾਰੇ ਮਾਲ ਤੇ ਕਬਜ਼ਾ ਕਰ ਲਵੇ। ਇਕ ਰਾਤ ਉਹਨੇ ਮਾਲ ਚੁਕ ਲਿਆ ਤੇ ਜਦ ਦੂਜੇ ਦਿਨ ਮਾਤਾ ਜੀ ਨੇ ਪੁਛਿਆ ਤਾਂ ਉਲਟਾ ਉਹ ਲੜਨ ਲਗ ਪਿਆ। ਹੁਣ ਉਹਦੇ ਮਨ ਵਿਚ

ਹੋਰ ਲਾਲਚ ਆ ਗਿਆ ਕਿ ਉਹ ਸਰਕਾਰ ਨੂੰ ਇਤਲਾਹ ਦੇ ਕੇ ਜੇਕਰ ਇਨ੍ਹਾਂ ਨੂੰ ਫੜਾ ਦੇਵੇ ਤਾਂ ਉਹਨੂੰ ਹੋਰ ਇਨਾਮ ਵੀ ਮਿਲ ਸਕਦਾ ਹੈ। ਇਹ ਸੋਚ ਕੇ ਉਹਨੇ ਮੁਰਿੰਡੇ ਦੇ ਹਾਕਮ ਨੂੰ ਸੂਚਨਾ ਦਿਤੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦੇ ਤੇ ਮਾਤਾ ਉਹਦੇ ਘਰ ਵਿਚ ਹਨ, ਜੇਕਰ ਉਹਨਾਂ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੇ ਹੋ ਤਾਂ ਆ ਕੇ ਕਰ ਸਕਦੇ ਹੋ। ਹਾਕਮ ਨੇ ਗ੍ਰਿਫ਼ਤਾਰ ਕਰ ਲਿਆ ਤੇ ਨਾਲ ਹੀ ਸੂਬੇਦਾਰ ਸਰਹੰਦ ਵਜ਼ੀਰ ਖ਼ਾਨ ਨੂੰ ਇਤਲਾਹ ਦੇ ਦਿਤੀ। ਉਹਨੇ ਤੁਰਤ ਤਿੰਨ ਕੈਦੀ (ਦਾਦੀ ਤੇ ਦੋ ਪੋਤਰੇ) ਸਰਹੰਦ ਮੰਗਵਾ ਲਏ ਤੇ ਬਾਹਰਵਾਰ ਬੁਰਜ ਵਿਚ ਕੈਦ ਕਰ ਦਿੱਤਾ।

ਸੂਬੇਦਾਰ ਵਜ਼ੀਰ ਖ਼ਾਨ ਨੇ ਆਪਣੇ ਵਜ਼ੀਰਾਂ, ਦਰਬਾਰੀਆਂ, ਮੁਖੀ ਸਲਾਹਕਾਰਾਂ ਤੇ ਮੁਲਾਣਿਆਂ ਦੀ ਮੀਟਿੰਗ ਸੱਦੀ ਤੇ ਉਸ ਵਿਚ ਵਿਚਾਰ ਕੀਤਾ ਗਿਆ। ਫ਼ੈਸਲਾ ਕੀਤਾ ਗਿਆ ਕਿ ਇਹਨਾਂ ਦੋਹਾਂ ਲੜਕਿਆਂ ਨੂੰ ਪ੍ਰੇਰਿਆ ਜਾਏ ਕਿ ਇਹ ਇਸਲਾਮ ਕਬੂਲ ਕਰ ਲੈਣ। ਇਸ ਸਮੇਂ ਇਸਲਾਮ ਵਿਚ ਲਿਆਉਣ ਦਾ ਭਾਵ ਮੁਸਲਮਾਨਾਂ ਦੀ ਗਿਣਤੀ ਵਧਾਉਣਾ ਨਹੀਂ ਸੀ ਸਗੋਂ ਉਸ ਲਹਿਰ ਨੂੰ ਕਮਜ਼ੋਰ ਕਰਨਾ ਸੀ, ਜੋ ਸਰਕਾਰ ਦੀਆਂ ਜੜ੍ਹਾਂ ਪੁੱਟਣ ਲਈ ਸ਼ਕਤੀਸ਼ਾਲੀ ਬਣਦੀ ਜਾ ਰਹੀ ਸੀ। ਉਹ ਸਮਝਦੇ ਸਨ ਕਿ ਇਹਨਾਂ ਦੋਹਾਂ ਸਾਹਿਬਜ਼ਾਦਿਆਂ ਨੂੰ ਆਪਣੇ ਧਰਮ ਤੋਂ ਹਟਾ ਕੇ ਲੋਕਾਂ ਵਿਚ ਬੇਦਿਲੀ ਪੈਦਾ ਕੀਤੀ ਜਾ ਸਕੇਗੀ ਤੇ ਲੋਕੀਂ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਛੱਡ ਜਾਣਗੇ।

ਵਜ਼ੀਰ ਖ਼ਾਨ ਤੇ ਉਹਦੇ ਸਲਾਹਕਾਰ ਸਮਝਦੇ ਸਨ ਕਿ ਇਹ ਬੜਾ ਸੌਖਾ ਕੰਮ ਹੈ ਤੇ ਨਿੱਕੇ ਨਿੱਕੇ ਬੱਚੇ ਤੁਰਤ ਮੰਨ ਜਾਣਗੇ, ਪਰ ਜਦੋਂ ਉਹਨਾਂ ਦੋਹਾਂ ਨੂੰ ਦਰਬਾਰ ਵਿਚ ਲਿਆਂਦਾ ਗਿਆ ਤਾਂ ਸਾਰੇ ਦਰਬਾਰੀ ਦੇਖ ਕੇ ਹੈਰਾਨ ਰਹਿ ਗਏ ਕਿ ਉਹ ਆਪਣੇ ਵਿਚਾਰਾਂ ਤੇ ਵਿਸ਼ਵਾਸ ਵਿਚ ਇਤਨੇ ਅਟੱਲ ਤੇ ਦ੍ਰਿੜ੍ਹ ਹਨ ਕਿ ਉਨ੍ਹਾਂ ਨੂੰ ਵਰਗਲਾਣਾ ਜਾਂ ਵਿਚਾਰ ਬਦਲਣ ਲਈ ਮਜਬੂਰ ਕਰਨਾ ਸੌਖਾ ਕੰਮ ਨਹੀਂ। ਵਜ਼ੀਰ ਖ਼ਾਨ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਸਮਝਾਇਆ ਕਿ ਤੁਸੀਂ ਮੁਸਲਮਾਨ ਬਣਨਾ ਪ੍ਰਵਾਨ ਕਰ ਲਓ, ਤੁਹਾਡੇ ਵਿਆਹ ਚੰਗੇ ਤੇ ਸੋਹਣੇ ਪਰਿਵਾਰਾਂ ਵਿਚ ਕਰਵਾ ਦਿੱਤੇ ਜਾਣਗੇ। ਤੁਹਾਨੂੰ ਜਾਗੀਰਾਂ ਮਿਲਣਗੀਆਂ। ਜ਼ਿੰਦਗੀ ਦੇ ਹੋਰ ਸੁਖਾਂ ਤੇ ਖਿਚਾਂ ਦੇ ਨਕਸ਼ੇ ਬੰਨ੍ਹੇ, ਪਰ ਉਨ੍ਹਾਂ ਤੇ ਕੋਈ ਅਸਰ ਨਾ ਹੋਇਆ। ਉਨ੍ਹਾਂ ਕੜਕ ਕੇ ਦਲੇਰੀ ਨਾਲ ਕਿਹਾ ਕਿ ਅਸੀਂ ਧਰਮ ਨਹੀ ਛੱਡ ਸਕਦੇ। ਇਸ ਲਈ ਜੋ ਵੀ ਮੁਸੀਬਤ ਸਿਰ ਤੇ ਆਏਗੀ, ਉਸ ਦਾ ਹੱਸ ਕੇ ਸਵਾਗਤ ਕਰਾਂਗੇ। ਸਾਡੇ ਤੋਂ ਇਹ ਆਸ ਨਾ ਰੱਖਣੀ ਕਿ ਅਸੀਂ ਦੀਨ ਮੰਨ ਲਵਾਂਗੇ ਜਾਂ ਆਪਣੇ ਪਿਤਾ ਨੂੰ ਦਾਗ਼ ਲਾਵਾਂਗੇ।

ਵਜ਼ੀਰ ਖ਼ਾਨ ਨੇ ਸੋਚਣ ਲਈ ਇਕ ਦਿਨ ਦਿਤਾ। ਜਦ ਬੱਚਿਆਂ ਨੇ ਜਾ ਕੇ ਮਾਤਾ ਗੁਜਰੀ ਨਾਲ ਗੱਲ ਕੀਤੀ ਤਾਂ ਮਾਤਾ ਨੇ ਦੋਹਾਂ ਨੂੰ ਪਿਆਰ ਨਾਲ ਗੋਦੀ ਵਿਚ ਲੈ ਕੇ ਆਸ਼ੀਰਵਾਦ ਦਿੱਤਾ ਤੇ ਸਮਝਾਇਆ ਕਿ ਉਹ ਅਟੱਲ ਤੇ ਦ੍ਰਿੜ੍ਹ ਰਹਿਣ ਤੇ ਹਰ ਕੀਮਤ ਤੇ ਆਪਣਾ ਧਰਮ ਕਾਇਮ ਰੱਖਣ। ਸਾਹਿਬਜ਼ਾਦੇ ਪਹਿਲਾਂ ਹੀ ਦਲੇਰ ਸਨ, ਪਰ ਦਾਦੀ ਜੀ ਦੀ ਚੜ੍ਹਦੀ ਕਲਾ ਵਾਲੀ ਅਸੀਸ ਨੇ ਮਨ ਹੋਰ ਤਕੜਾ ਕਰ ਦਿੱਤਾ। ਦੂਜੇ ਦਿਨ ਫਿਰ ਇਸੇ ਤਰ੍ਹਾਂ ਵਜ਼ੀਰ ਖ਼ਾਨ ਦੇ ਦਰਬਾਰ ਵਿਚ ਮਾਸੂਮਾਂ ਨੂੰ

ਪੇਸ਼ ਕੀਤਾ ਗਿਆ। ਕਈਆਂ ਦਰਬਾਰੀਆਂ ਤੇ ਸਰਕਾਰ ਦੇ ਝੋਲੀਚੁਕਾਂ ਨੇ ਬੱਚਿਆਂ ਨੂੰ ਥਿੜਕਾਣ ਲਈ ਆਪਣੀਆਂ ਚਾਲਾਂ ਚਲੀਆਂ ਤੇ ਸਮਝਾਇਆ, ਪਰ ਉਨ੍ਹਾਂ ਤੇ ਕਿਸੇ ਦੀ ਗੱਲ ਦਾ ਅਸਰ ਨਹੀਂ ਸੀ।

ਉਨ੍ਹਾਂ ਦੇ ਇਨਕਾਰ ਤੇ ਉਨ੍ਹਾਂ ਨੂੰ ਮੌਤ ਦੀ ਧਮਕੀ ਦਿੱਤੀ ਗਈ। ਇਸ ਸਮੇਂ ਮਲੇਰ ਕੋਟਲੇ ਦਾ ਨਵਾਬ ਦਰਬਾਰ ਵਿਚ ਸੀ। ਉਸ ਨੇ ਕਿਹਾ ਕਿ ਇਨ੍ਹਾਂ ਮਾਸੂਮਾਂ ਤੇ ਕੋਈ ਸਖ਼ਤੀ ਨਹੀਂ ਕਰਨੀ ਚਾਹੀਦੀ। ਤੁਹਾਡਾ ਵਿਰੋਧੀ ਇਨ੍ਹਾਂ ਦਾ ਪਿਤਾ ਹੈ, ਉਸ ਨਾਲ ਜਾ ਕੇ ਨਿਬੜ ਲਓ। ਇਨ੍ਹਾਂ ਬੱਚਿਆਂ ਤੋਂ ਪਿਤਾ ਦਾ ਬਦਲਾ ਲੈਣਾ ਬਹਾਦਰੀ ਨਹੀਂ। ਇਹਨਾਂ ਤੁਹਾਡਾ ਕੁਝ ਵੀ ਨਹੀਂ ਵਿਗਾੜਿਆ। ਸੁੱਚਾ ਨੰਦ ਵਜ਼ੀਰ ਨੇ ਮਾਲਕਾਂ ਦੀ ਨਮਕ ਹਲਾਲੀ ਲਈ ਇਸ ਆਵਾਜ਼ ਤੇ ਰਾਏ ਦੀ ਵਿਰੋਧਤਾ ਕੀਤੀ ਤੇ ਕਿਹਾ ਕਿ ਸੱਪਾਂ ਦੇ ਬੱਚਿਆਂ ਨੂੰ ਦੁੱਧ ਪਿਲਾਣ ਦਾ ਯਤਨ ਨਾ ਕਰੋ। ਇਹਨਾਂ ਦੀਆਂ ਸਿਰੀਆਂ ਹੁਣੇ ਫੇਹ ਦਿਓ, ਨਹੀਂ ਤੇ ਇਹਨਾਂ ਖ਼ਤਰਨਾਕ ਰੂਪ ਧਾਰਨ ਕਰ ਜਾਣਾ ਹੈ। ਕੁਝ ਮੁਲਾਣਿਆਂ ਨੇ ਉਹਦੀ ਰਾਏ ਨਾਲ ਸੰਮਤੀ ਪ੍ਰਗਟ ਕੀਤੀ। ਮਲੇਰ ਕੋਟਲੇ ਦਾ ਨਵਾਬ ਇਸ ਘੋਰ ਅਪਰਾਧ ਤੇ ਅਤਿਆਚਾਰ ਨੂੰ ਬਰਦਾਸ਼ਤ ਨਾ ਕਰ ਸਕਿਆ ਤੇ ਰੋਸ ਵਜੋਂ ਦਰਬਾਰ ਵਿਚੋਂ ਉਠ ਕੇ ਚਲਾ ਗਿਆ।

ਤੀਜੇ ਦਿਨ ਫਿਰ ਦਰਬਾਰ ਲੱਗਾ ਤੇ ਇਸੇ ਵਿਸ਼ੇ ਤੇ ਸਲਾਹਵਾਂ ਹੁੰਦੀਆਂ ਰਹੀਆਂ। ਜਦ ਸਾਹਿਬਜ਼ਾਦੇ ਕਿਸੇ ਤਰੀਕੇ ਨਾਲ ਝੁਕਦੇ, ਮੰਨਦੇ ਤੇ ਆਪਣੇ ਦ੍ਰਿੜ ਇਰਾਦੇ ਨੂੰ ਛੱਡਦੇ ਨਾ ਦਿਸੇ ਤਾਂ ਉਹਨਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਪਰ ਨਾਲ ਹੀ ਮੁਲਾਣਿਆਂ ਨੇ ਸਲਾਹ ਦਿੱਤੀ ਕਿ ਇਹਨਾਂ ਨੂੰ ਇਸ ਤਰ੍ਹਾਂ ਤਸੀਹੇ ਦੇ ਕੇ ਮਾਰਿਆ ਜਾਏ ਕਿ ਇਹ ਕਿਸੇ ਪੜਾਅ ਤੇ ਵੀ ਮੌਤ ਤੋਂ ਪਹਿਲਾਂ ਆਪਣੀ ਅੜੀ ਛੱਡਣੀ ਮੰਨ ਜਾਣ। ਇਸੇ ਵਿਚਾਰ ਨਾਲ ਕੰਧਾਂ ਵਿਚ ਚਿਣਨ ਦਾ ਫ਼ੈਸਲਾ ਕੀਤਾ ਗਿਆ।

ਸ਼ਹਿਰ ਦੇ ਬਾਹਰਵਾਰ ਦੋਹਾਂ ਨੂੰ ਖੜ੍ਹਾ ਕਰ ਕੇ ਆਸ ਪਾਸ ਇੱਟਾਂ ਨਾਲ ਕੰਧ ਦੀ ਚਿਣਾਈ ਸ਼ੁਰੂ ਕਰ ਦਿੱਤੀ ਗਈ। ਗੋਡੇ ਤੇ ਆ ਕੇ ਕੰਧ ਸਿੱਧੀ ਰਖਣੀ ਔਖੀ ਸੀ। ਇੱਟ ਨੂੰ ਛਿਲਣ ਦੀ ਥਾਂ ਗੋਡੇ ਦੀ ਚੂਣੀ ਤੇਸਾ ਮਾਰ ਕੇ ਲਾਹ ਦਿਤੀ ਗਈ। ਦੋਹਾਂ ਦੇ ਚਿਹਰੇ ਇਸ ਦਰਦ ਨਾਲ ਵੀ ਨਾ ਕੁਮਲਾਏ ਸਗੋਂ ਮੁਸਕਰਾਂਦਿਆਂ ਖਿੜੀਆਂ ਕਲੀਆਂ ਇਕ ਦੂਜੇ ਵਲ ਦੇਖਦੀਆਂ ਰਹੀਆਂ। ਅਖ਼ੀਰ ਗਰਦਨ ਤਕ ਕੰਧ ਦੀ ਚਿਣਾਈ ਕਰ ਕੇ ਇਕ ਵਾਰ ਉਹਨਾਂ ਨੂੰ ਫਿਰ ਮੌਕਾ ਦਿਤਾ ਗਿਆ ਕਿ ਉਹ ਸਰਕਾਰ ਦੀ ਈਨ ਮੰਨ ਲੈਣ ਪਰ ਬਹਾਦਰ ਪਿਤਾ ਦੇ ਬਹਾਦਰ ਤੇ ਅਣਖੀਲੇ ਮਾਸੂਮ ਪੁੱਤਰਾਂ ਨੇ ਇਨਕਾਰ ਕੀਤਾ ਤੇ ਅਖ਼ੀਰ ਜੱਲਾਦਾਂ ਨੇ ਤਲਵਾਰਾਂ ਦੇ ਵਾਰ ਨਾਲ ਸੀਸ ਧੜ ਤੋਂ ਇਉਂ ਵਖ ਕਰ ਦਿਤੇ, ਜਿਵੇਂ ਟਹਿਣੀ ਨਾਲੋਂ ਕਲੀ ਦੇ ਫੁਲ ਤੋੜ ਦਿਤੇ ਜਾਂਦੇ ਹਨ।

ਜਦ ਮਾਤਾ ਗੁਜਰੀ ਨੂੰ ਇਸ ਸ਼ਹੀਦੀ ਸਾਕੇ ਦਾ ਪਤਾ ਲੱਗਾ ਤਾਂ ਉਹਨਾਂ ਅਕਾਲ ਪੁਰਖ ਦਾ ਲੱਖ ਲੱਖ ਸ਼ੁਕਰ ਕੀਤਾ ਕਿ ਮਾਸੂਮਾਂ ਨੇ ਆਪਣਾ ਧਰਮ ਪਾਲਿਆ ਹੈ। ਨਵਾਬ ਨੂੰ ਜਦ ਇਸ ਵਤੀਰੇ ਦੀ ਇਤਲਾਹ ਮਿਲੀ ਤਾਂ ਉਹਨੇ ਮਾਤਾ ਗੁਜਰੀ ਨੂੰ ਵੀ ਸ਼ਹੀਦ ਕਰਨ ਦਾ ਹੁਕਮ ਦੇ ਦਿਤਾ। ਮਾਤਾ ਜੀ ਨੂੰ ਬੁਰਜ ਤੋਂ ਥੱਲੇ ਸੁਟ

ਕੇ ਸ਼ਹੀਦ ਕਰ ਦਿਤਾ ਗਿਆ ।

ਤਿੰਨਾਂ ਦਾ ਸਸਕਾਰ ਸਿੱਖਾਂ ਨੇ ਕੀਤਾ ਤੇ ਅਜ ਕਲ੍ਹ ਇਸ ਥਾਂ ਸਰਹੰਦ ਤੋਂ ਥੋੜ੍ਹੀ ਦੂਰ ਇਸ ਸ਼ਹੀਦੀ ਸਾਕੇ ਦੀ ਯਾਦ ਵਿਚ ਗੁਰਦਵਾਰਾ ਫ਼ਤਹਿਗੜ੍ਹ ਸਾਹਿਬ ਬਣਿਆ ਹੋਇਆ ਹੈ, ਜਿਥੇ ਹਰ ਸਾਲ ਦਸੰਬਰ ਦੇ ਆਖ਼ਰੀ ਦਿਨੀਂ ਬੜਾ ਭਾਰੀ ਜੋੜ ਮੇਲਾ ਲਗਦਾ ਹੈ ਤੇ ਲੱਖਾਂ ਦੀ ਗਿਣਤੀ ਵਿਚ ਲੋਕ ਇਹਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਜੁੜਦੇ ਹਨ ।

ਜਿਥੇ ਛੋਟੇ ਸਾਹਿਬਜ਼ਾਦੇ ਕੰਧਾਂ ਵਿਚ ਚਿਣ ਕੇ ਸ਼ਹੀਦ ਕੀਤੇ ਗਏ, ਜਿਸ ਠੰਢੇ ਬੁਰਜ ਵਿਚ ਕੈਦ ਰਖੇ ਗਏ ਤੇ ਜਿਥੇ ਸ਼ਹੀਦੀ ਪਿਛੋਂ ਸਸਕਾਰ ਹੋਇਆ, ਸਭ ਥਾਂ ਸ਼ਹੀਦੀ ਯਾਦ ਵਿਚ ਗੁਰਦਵਾਰੇ ਬਣੇ ਹੋਏ ਹਨ ।

ਭਾਈ ਜੀਵਨ ਸਿੰਘ

'ਰੰਘਰੇਟਾ ਗੁਰੂ ਕਾ ਬੇਟਾ' ਅਖਵਾਣ ਦਾ ਸ਼ੁਭ ਵਰ ਪ੍ਰਾਪਤ ਕਰਨ ਵਾਲੇ ਭਾਈ ਜੈਤਾ ਜੀ ਦਾ ਦਿੱਲੀ ਤੋਂ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਅਨੰਦਪੁਰ ਪਹੁੰਚਾਣ ਵਾਲੀ ਘਟਨਾ ਦਾ ਸਭ ਨੂੰ ਪਤਾ ਹੈ, ਪਰ ਬਹੁਤ ਘੱਟ ਲੋਕ ਇਹ ਜਾਣਦੇ ਹਨ ਕਿ ਭਾਈ ਜੈਤਾ ਜੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਸਿੰਘ ਸੱਜ ਗਏ ਤਾਂ ਭਾਈ ਜੀਵਨ ਸਿੰਘ ਬਣ ਗਏ। ਇਹਨਾਂ ਨੇ ਪਹਿਲਾਂ ਜੰਗ ਭੰਗਾਣੀ, ਫਿਰ ਯੁੱਧ ਅਨੰਦਪੁਰ ਤੇ ਅਖ਼ੀਰ ਜੰਗ ਚਮਕੌਰ ਵਿਚ ਹਿੱਸਾ ਲਿਆ ਤੇ ਸ਼ਹੀਦੀ ਪ੍ਰਾਪਤ ਕਰ ਗਏ। ਇਉਂ ਆਪ ਦਾ ਨਾਮ ਸ਼ਹੀਦਾਂ ਦੀ ਲੜੀ ਵਿਚ ਪਰੋਇਆ ਗਿਆ ਹੈ।

ਭਾਈ ਜੈਤਾ ਜੀ ਸਮਾਜ ਵਿਚ ਕੀਤੀ ਅਖੌਤੀ ਵੰਡ ਅਨੁਸਾਰ ਨੀਵੀਂ ਜ਼ਾਤੀ ਵਿਚੋਂ ਸਨ ਤੇ ਮਜ਼ਬੀ ਅਖਵਾਂਦੇ ਸਨ। ਗੁਰੂ ਤੇਗ਼ ਬਹਾਦਰ ਜੀ ਦੇ ਆਪ ਬੜੇ ਸ਼ਰਧਾਲੂ ਸਨ। ਜਦ ਗੁਰੂ ਤੇਗ਼ ਬਹਾਦਰ ਜੀ ਨੂੰ ਬਾਬੇ ਬਕਾਲੇ ਵਿਚ ਮੱਖਣ ਸ਼ਾਹ ਨੇ ਲਭਿਆ ਤੇ ਆਪ ਨੂੰ ਗੁਰ-ਗੱਦੀ ਦਿਤੀ ਗਈ ਤਾਂ ਭਾਈ ਜੈਤਾ ਜੀ ਉਹਨਾਂ ਦਿਨਾਂ ਵਿਚ ਬਾਬੇ ਬਕਾਲੇ ਆਏ। ਅਜੇਹੇ ਦਰਸ਼ਨ ਕੀਤੇ ਕਿ ਫਿਰ ਸਦਾ ਲਈ ਗੁਰੂ ਦੇ ਹੋ ਗਏ। ਜਦੋਂ ਗੁਰੂ ਤੇਗ਼ ਬਹਾਦਰ ਜੀ ਅਨੰਦਪੁਰ ਸਾਹਿਬ ਤੋਂ ਤੁਰ ਕੇ ਪੰਜਾਬ ਦਾ ਇਕ ਲੰਬਾ ਦੌਰਾ ਕਰਦੇ ਦਿੱਲੀ ਨੂੰ ਰਵਾਨਾ ਹੋਏ ਤਾਂ ਉਸ ਸਮੇਂ ਬਹੁਤ ਸਾਰੀ ਸੰਗਤ ਆਪ ਦੇ ਨਾਲ ਸੀ। ਭਾਈ ਜੈਤਾ ਜੀ ਵੀ ਨਾਲ ਜਾ ਰਹੇ ਸਨ। ਉਨ੍ਹਾਂ ਨੂੰ ਗੁਰਦੇਵ ਦੇ ਦਰਸ਼ਨ ਕਰਨ ਤੇ ਦੀਵਾਨ ਵਿਚ ਨਾਮ ਬਾਣੀ ਸੁਣਨ ਦੀ ਇੱਛਾ ਇਤਨੀ ਪ੍ਰਬਲ ਸੀ ਕਿ ਰੋਟੀ ਪਾਣੀ ਦੀ ਵੀ ਪ੍ਰਵਾਹ ਨਾ ਰਹਿੰਦੀ।

ਗੁਰੂ ਤੇਗ਼ ਬਹਾਦਰ ਜੀ ਨੇ ਸਭ ਸੰਗਤ ਨੂੰ ਵਾਪਸ ਭੇਜ ਦਿਤਾ ਤੇ ਪੰਜ ਸਿੱਖਾਂ ਨੂੰ ਨਾਲ ਲੈ ਕੇ ਆਗਰੇ ਪਹੁੰਚੇ ਤੇ ਉਥੋਂ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਆਂਦੇ ਗਏ। ਕਾਫ਼ੀ ਦਿਨ ਆਪ ਨੂੰ ਸਮਝਾਣ ਤੇ ਆਪਣੀ ਗੱਲ ਮੰਨਵਾਣ ਲਈ ਸਰਕਾਰ ਦੇ ਮੁਖੀ ਤੇ ਮੁਲਾਣੇ ਜ਼ੋਰ ਲਾਂਦੇ ਰਹੇ ਪਰ ਜਦੋਂ ਕੋਈ ਪੇਸ਼ ਨਾ ਗਈ ਤਾਂ ਪਹਿਲਾਂ ਭਾਈ ਮਤੀ ਦਾਸ ਤੇ ਫਿਰ ਦਿਆਲਾ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਪਿਛੋਂ ਗੁਰੂ ਤੇਗ਼ ਬਹਾਦਰ ਜੀ ਨੂੰ ਵੀ ਚਾਂਦਨੀ ਚੌਕ ਨੇੜੇ ਕੋਤਵਾਲੀ ਦੇ ਨਾਲ ਸ਼ਹੀਦ ਕਰ ਦਿੱਤਾ ਗਿਆ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਸਮੇਂ ਭਾਈ ਜੈਤਾ ਜੀ ਦਿੱਲੀ ਵਿਚ ਸਨ, ਜਿਸ ਤੋਂ ਅਨੁਮਾਨ ਲਾਇਆ ਜਾਂਦਾ ਹੈ ਕਿ ਆਪ ਗੁਰੂ ਤੇਗ਼ ਬਹਾਦਰ ਜੀ ਦਾ ਪਤਾ ਕਰਨ ਜਾਂ ਦਰਸ਼ਨ ਕਰਨ ਲਈ ਦਿੱਲੀ ਗਏ ਸਨ। ਹੋ ਸਕਦਾ ਹੈ ਕਿ ਆਪ ਨੂੰ ਉਚੇਚਾ ਭੇਜਿਆ ਗਿਆ ਹੋਵੇ। ਜਦ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਤਾਂ ਹਾਕਮਾਂ ਨੇ ਸੀਸ ਤੇ ਸਰੀਰ ਨੂੰ ਉਥੇ ਚਾਂਦਨੀ ਚੌਕ ਵਿਚ ਹੀ ਪਿਆ

ਰਹਿਣ ਦਿੱਤਾ। ਉਹਨਾਂ ਦਾ ਪ੍ਰੋਗਰਾਮ ਇਹ ਸੀ ਕਿ ਦੂਜੇ ਦਿਨ ਸਰੀਰ ਨੂੰ ਦਿੱਲੀ ਦੇ ਦਰਵਾਜ਼ਿਆਂ ਤੇ ਲਟਕਾਇਆ ਜਾਏ। ਹਾਕਮਾਂ ਨੂੰ ਮਾਣ ਸੀ ਕਿ ਉਹਨਾਂ ਨੇ ਇਤਨਾ ਭੈ ਪੈਦਾ ਕਰ ਲਿਆ ਹੈ ਕਿ ਕੋਈ ਗੁਰੂ ਤੇਗ ਬਹਾਦਰ ਜੀ ਦਾ ਸਰੀਰ ਚੁਕਣ ਲਈ ਨਹੀਂ ਨਿਕਲ ਸਕਦਾ।

ਨਵੰਬਰ ਦੇ ਮਹੀਨੇ ਦਿੱਲੀ ਵਿਚ ਹਨੇਰੀਆਂ ਆਮ ਤੌਰ ਤੇ ਚਲਦੀਆਂ ਸਨ। ਉਸ ਦਿਨ 11 ਨਵੰਬਰ 1675 ਈ: ਨੂੰ ਵੀ ਬੜੀ ਹਨੇਰੀ ਚੱਲੀ। ਹਾਕਮ ਕੋਤਵਾਲੀ ਅੰਦਰ ਬੈਠੇ ਇਸ ਗੱਲ ਤੇ ਖ਼ੁਸ਼ ਹੋ ਰਹੇ ਸਨ ਕਿ ਉਹਨਾਂ ਬਹੁਤ ਵੱਡੇ ਵਿਰੋਧੀ ਨੂੰ ਖ਼ਤਮ ਕਰ ਲਿਆ ਹੈ, ਹੁਣ ਉਹਨਾਂ ਦਾ ਰੋਹਬ ਵਧ ਜਾਏਗਾ। ਉਹਨਾਂ ਨੂੰ ਜ਼ਰਾ ਵੀ ਸ਼ੱਕ ਨਹੀਂ ਸੀ ਕਿ ਕੋਈ ਉਹਨਾਂ ਦੀ ਤਾਕਤ ਨੂੰ ਚੈਲੰਜ ਕਰ ਸਕਦਾ ਹੈ, ਪਰ ਜੈਤਾ ਜੀ ਨੇ ਇਹ ਖ਼ਤਰਾ ਮੁਲ ਲੈਣ ਦੀ ਧਾਰ ਲਈ ਤੇ ਆ ਕੇ ਬੜੀ ਹੁਸ਼ਿਆਰੀ ਨਾਲ ਗੁਰੂ ਤੇਗ ਬਹਾਦਰ ਜੀ ਦਾ ਸੀਸ ਚੁਕਿਆ। ਸਤਿਕਾਰ ਨਾਲ ਸਿਰ ਨਿਵਾ ਕੇ ਨਮਸਕਾਰ ਕੀਤਾ ਤੇ ਕੱਪੜੇ ਵਿਚ ਲਪੇਟ ਕੇ ਲੈ ਤੁਰਿਆ। ਬਾਕੀ ਸਰੀਰ ਨੂੰ ਲੱਖੀ ਸ਼ਾਹ ਵਣਜਾਰਾ ਆਪਣੇ ਪਿੰਡ ਲੈ ਗਿਆ। ਇਨ੍ਹਾਂ ਇਸ ਸਰਕਾਰੀ ਐਲਾਨ ਦੀਆਂ ਧੱਜੀਆਂ ਉਡਾ ਦਿੱਤੀਆਂ ਕਿ ਕੋਈ ਗੁਰੂ ਦਾ ਸਿੱਖ ਆ ਕੇ ਸਿਰ ਨਹੀਂ ਚੁੱਕ ਸਕਦਾ।

ਜਦ ਭਾਈ ਜੈਤਾ ਜੀ ਅਨੰਦਪੁਰ ਸਾਹਿਬ ਪਹੁੰਚੇ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਗੁਰਦੇਵ ਪਿਤਾ ਦਾ ਸੀਸ ਦੇਖ ਕੇ ਭਾਈ ਜੈਤਾ ਜੀ ਨੂੰ ਆਪਣੀ ਗਲਵੱਕੜੀ ਵਿਚ ਲੈ ਲਿਆ ਤੇ ਵਰ ਦਿਤਾ, 'ਰੰਘਰੇਟਾ ਗੁਰੂ ਕਾ ਬੇਟਾ'। ਇਸ ਤਰ੍ਹਾਂ ਰੰਘਰੇਟਾ ਨੂੰ ਗੁਰੂ ਸਾਹਿਬ ਨੇ ਗੁਰੂ ਦਾ ਪੁੱਤਰ ਕਹਿ ਕੇ ਮਾਣ ਬਖ਼ਸ਼ਿਆ। ਉਸ ਦਿਨ ਤੋਂ ਭਾਈ ਜੈਤਾ ਜੀ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਸਾਹਿਬ ਹੀ ਰਹਿਣ ਲਗ ਪਏ। ਜਦ ਗੁਰੂ ਜੀ ਪਾਉਂਟਾ ਸਾਹਿਬ ਚਲੇ ਗਏ ਤਾਂ ਇਹ ਨਾਲ ਹੀ ਸਨ।

1699 ਈ: ਵਿਚ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤੇ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਸਿੱਖਾਂ ਨੂੰ ਸਿੰਘ ਸਜਾਣਾ ਸ਼ੁਰੂ ਕਰ ਦਿੱਤਾ। ਭਾਈ ਜੈਤਾ ਜੀ ਨੇ ਵੀ ਅੰਮ੍ਰਿਤ ਪਾਨ ਕਰ ਲਿਆ ਤੇ ਭਾਈ ਜੈਤਾ ਤੋਂ ਜੀਵਨ ਸਿੰਘ ਬਣ ਗਏ। ਆਪ ਬੜੇ ਸੋਹਣੇ ਉਚੇ ਲੰਮੇ ਡੀਲ-ਡੌਲ ਵਾਲੇ ਦੀਦਾਰੀ ਸਿੰਘ ਲਗਦੇ ਸਨ।

1701 ਵਿਚ ਅਨੰਦਪੁਰ ਸਾਹਿਬ ਤੇ ਹਮਲਾ ਹੋਇਆ। ਹਮਲਾ ਕਰਨ ਵਾਲਿਆਂ ਵਿਚ ਦਿੱਲੀ ਤੋਂ ਆਈ ਗਸ਼ਤੀ ਫ਼ੌਜ, ਲਾਹੌਰ ਤੇ ਸਰਹੰਦ ਦੇ ਸੂਬੇਦਾਰ ਦੀਆਂ ਫ਼ੌਜਾਂ ਤੇ ਬਾਈਧਾਰ ਦੇ ਹਿੰਦੂ ਰਾਜਿਆਂ ਦੀਆਂ ਫ਼ੌਜਾਂ ਸ਼ਾਮਲ ਸਨ। ਤਿੰਨ ਸਾਲ ਯੁੱਧ ਜਾਰੀ ਰਿਹਾ ਤੇ ਇਸ ਸਮੇਂ ਵਿਚ ਗੁਰੂ ਸਾਹਿਬ ਦੀ ਆਸ਼ੀਰਵਾਦ ਨਾਲ ਲੜਨ ਵਾਲਿਆਂ ਵਿਚ ਭਾਈ ਜੀਵਨ ਸਿੰਘ ਵੀ ਸ਼ਾਮਲ ਸਨ।

ਅਖ਼ੀਰ ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਛੱਡਣਾ ਪਿਆ। ਇਸ ਤੋਂ ਪਹਿਲਾਂ ਜਦ 40 ਸਿੰਘ ਬੇਦਾਵਾ ਲਿਖ ਕੇ ਦੇ ਗਏ ਤੇ ਅਤਿ ਤੰਗੀ ਦੇ ਦਿਨ ਆ ਗਏ ਸਨ ਤਾਂ ਉਸ ਸਮੇਂ ਵੀ ਚੜ੍ਹਦੀ ਕਲਾ ਵਿਚ ਰਹਿ ਕੇ ਲੜਾਈ ਕਰਨ ਵਾਲਿਆਂ ਵਿਚ ਭਾਈ ਜੀਵਨ ਸਿੰਘ ਜੀ ਸਨ।

ਗੁਰੂ ਗੋਬਿੰਦ ਸਿੰਘ ਜੀ ਨੇ ਸਰਸਾ ਨਦੀ ਨੂੰ ਪਾਰ ਕਰ ਕੇ ਚਮਕੌਰ ਸਾਹਿਬ ਵਿਚ ਆ ਡੇਰੇ ਲਾਏ ਤੇ ਇਥੇ ਫਿਰ ਹਮਲਾ ਕਰਨ ਵਾਲੀ ਸ਼ਾਹੀ ਫ਼ੌਜ ਨਾਲ ਭਿਆਨਕ ਲੜਾਈ ਕੀਤੀ। ਇਸ ਲੜਾਈ ਵਿਚ ਥੋੜ੍ਹੀ ਗਿਣਤੀ ਦੇ ਸਿੰਘ ਗੁਰੂ ਸਾਹਿਬ ਦੇ ਨਾਲ ਸਨ, ਜੋ ਥੋੜ੍ਹੇ ਥੋੜ੍ਹੇ ਕਰਕੇ ਮੈਦਾਨ ਵਿਚ ਨਿਕਲਦੇ ਤੇ ਦੁਸ਼ਮਣ ਦਾ ਭਾਰੀ ਨੁਕਸਾਨ ਕਰਕੇ ਲੜਦੇ ਸ਼ਹੀਦ ਹੋ ਜਾਂਦੇ। ਦੋਵੇਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਵੀ ਇਥੇ ਹੀ ਯੁੱਧ ਵਿਚ ਸ਼ਹੀਦ ਹੋ ਗਏ।

ਭਾਈ ਜੀਵਨ ਸਿੰਘ ਨੇ ਵੀ ਚਮਕੌਰ ਦੇ ਯੁੱਧ ਵਿਚ ਬੜੀ ਬੀਰਤਾ ਦਾ ਕਮਾਲ ਦਿਖਾਇਆ। ਦੁਸ਼ਮਣ ਤੇ ਬਿਜਲੀ ਦੀ ਤਰ੍ਹਾਂ ਹਮਲਾ ਕਰ ਕੇ ਪਿਆ ਤੇ ਉਹਨਾਂ ਦੀਆਂ ਸਫ਼ਾਂ ਚੀਰਦਾ ਦੂਰ ਤਕ ਲੰਘ ਗਿਆ। ਸਾਰੀ ਫ਼ੌਜ ਵਿਚ ਇਕ ਵਾਰ ਤਰਥੱਲੀ ਮਚਾ ਦਿੱਤੀ ਤੇ ਅਨੇਕਾਂ ਵਾਰ ਇਕੋ ਵੇਲੇ ਰੋਕਦਾ ਤੇ ਆਪਣੇ ਵਾਰ ਕਰਦਾ ਰਿਹਾ। ਅਖ਼ੀਰ ਲੜਦਿਆਂ ਹੀ ਸ਼ਹੀਦੀ ਪ੍ਰਾਪਤ ਕਰ ਗਿਆ। ਆਪ ਦਾ ਪਹਿਲਾ ਮਹਾਨ ਕਾਰਨਾਮਾ ਜਿਥੇ ਇਤਿਹਾਸ ਵਿਚ ਸਦਾ ਯਾਦ ਰਹੇਗਾ, ਉਥੇ ਆਪ ਦੀ ਸ਼ਹੀਦੀ ਵੀ ਉਤਸ਼ਾਹ ਦੇਂਦੀ ਰਹੇਗੀ।

ਸ਼ਹੀਦ ਤਿੰਨ ਪਿਆਰੇ

ਚਮਕੌਰ ਦੀ ਜੰਗ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੀਵਨ ਦੀ ਚੌਥੀ ਵੱਡੀ ਲੜਾਈ ਸੀ, ਜੋ 22 ਦਸੰਬਰ 1704 ਈਸਵੀ ਨੂੰ ਲੜੀ ਗਈ। ਇਸ ਤੋਂ ਪਹਿਲਾਂ ਦੀਆਂ ਵੱਡੀਆਂ ਲੜਾਈਆਂ ਜੰਗ ਭੰਗਾਣੀ, ਜੰਗ ਅਨੰਦਪੁਰ ਤੇ ਜੰਗ ਸਰਸਾ ਨਦੀ ਹਨ, ਪਰ ਇਸ ਚੌਥੀ ਜੰਗ ਦੀ ਖ਼ਾਸ ਮਹਾਨਤਾ ਇਸ ਕਰਕੇ ਹੈ ਕਿ ਇਸ ਵਿਚ ਬਹੁਤ ਸਾਰੀਆਂ ਹਸਤੀਆਂ ਸ਼ਹੀਦ ਹੋ ਗਈਆਂ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਤੇ ਸਾਹਿਬ ਜੁਝਾਰ ਸਿੰਘ ਜੀ, ਭਾਈ ਸੰਤ ਸਿੰਘ (ਜਿਨ੍ਹਾਂ ਦਾ ਮੁਹਾਂਦਰਾ ਗੁਰੂ ਸਾਹਿਬ ਨਾਲ ਮਿਲਦਾ ਜੁਲਦਾ ਸੀ) ਇਸ ਲੜਾਈ ਵਿਚ ਸ਼ਹੀਦ ਹੋ ਗਏ।

ਜੰਗ ਚਮਕੌਰ ਦੇ ਉਘੇ ਸ਼ਹੀਦਾਂ ਵਿਚੋਂ ਤਿੰਨ ਪਿਆਰੇ ਵੀ ਸਨ। ਵਿਸਾਖੀ ਵਾਲੇ ਦਿਨ 1699 ਈਸਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਨੰਦਪੁਰ ਸਾਹਿਬ ਵਿਚ ਖ਼ਾਲਸਾ ਪੰਥ ਦੀ ਸਾਜਨਾ ਸਮੇਂ ਪੰਜ ਸਿਰਾਂ ਦੀ ਭੇਟ ਮੰਗੀ ਸੀ ਤੇ ਜੋ ਪੰਜ ਹਸਤੀਆਂ ਆਪਾ ਵਾਰਨ ਲਈ ਨਿਤਰੀਆਂ, ਉਹ ਪੰਜ ਪਿਆਰੇ ਅਖਵਾਏ। ਉਹਨਾਂ ਦੇ ਨਾਮ ਸਨ—ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ ਤੇ ਭਾਈ ਮੋਹਕਮ ਸਿੰਘ। ਇਹਨਾਂ ਪੰਜਾਂ ਤੋਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਅੰਮ੍ਰਿਤ ਛਕਿਆ ਤੇ ਅਗੋਂ ਅੰਮ੍ਰਿਤ ਦੀ ਲਹਿਰ ਚਲਾਈ। ਜਦ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਨੂੰ ਛੱਡਿਆ ਤਾਂ ਪੰਜੇ ਹਜ਼ੂਰ ਦੇ ਨਾਲ ਸਨ। ਸਰਸਾ ਨਦੀ ਤੇ ਦੁਸ਼ਮਣ ਨੇ ਆਪਣੀਆਂ ਖਾਧੀਆਂ ਕਸਮਾਂ ਤੋੜ ਕੇ ਹਮਲਾ ਕਰ ਦਿੱਤਾ ਤੇ ਭਿਆਨਕ ਯੁੱਧ ਹੋਇਆ। ਇਸ ਯੁੱਧ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਨਿਖੜ ਗਿਆ। ਕੁਝ ਸਿੰਘ, ਵੱਡੇ ਦੋਵੇਂ ਸਾਹਿਬਜ਼ਾਦੇ ਤੇ ਪੰਜ ਪਿਆਰੇ ਗੁਰੂ ਸਾਹਿਬ ਦੇ ਨਾਲ ਹੀ ਚਮਕੌਰ ਪਹੁੰਚ ਗਏ, ਜਿਥੇ ਇਕ ਹਵੇਲੀ ਵਿਚ ਉਤਾਰਾ ਕੀਤਾ ਗਿਆ।

ਸ਼ਾਹੀ ਫ਼ੌਜ ਭਾਰੀ ਗਿਣਤੀ ਵਿਚ ਪਿਛੇ ਪਹੁੰਚ ਗਈ ਤੇ ਉਹਨਾਂ ਚਮਕੌਰ ਨੂੰ ਘੇਰਾ ਪਾ ਲਿਆ। ਪਿੰਡ ਦੇ ਲੋਕਾਂ ਤੋਂ ਪਤਾ ਲੱਗਾ ਕਿ ਗੁਰੂ ਸਾਹਿਬ ਨਾਲ ਬਹੁਤ ਥੋੜ੍ਹੇ ਆਦਮੀ ਹਨ। ਇਸ ਨਾਲ ਸ਼ਾਹੀ ਫ਼ੌਜ ਦਾ ਹੌਸਲਾ ਵਧਿਆ ਤੇ ਉਹਨਾਂ ਤੇਜ਼ ਹਮਲਾ ਕੀਤਾ। ਹਵੇਲੀ ਦੇ ਅੰਦਰੋਂ ਤੀਰਾਂ ਦੀ ਜ਼ਬਰਦਸਤ ਵਰਖਾ ਹੋਈ, ਜਿਸ ਨਾਲ ਸ਼ਾਹੀ ਤੇ ਪਹਾੜੀ ਰਾਜਿਆਂ ਦੀ ਫ਼ੌਜ ਦੇ ਸੈਂਕੜੇ ਆਦਮੀ ਮਾਰੇ ਗਏ। ਸ਼ਾਹੀ ਫ਼ੌਜ ਜਦ ਬਹੁਤ ਨੇੜੇ ਆ ਗਈ ਤੇ ਘੇਰਾ ਵਧੇਰੇ ਸਖ਼ਤ ਹੋ ਗਿਆ ਤਾਂ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਭਾਈ ਮੋਹਕਮ ਸਿੰਘ ਜੀ, ਜੋ ਕਿ ਦਵਾਰਕਾ ਦੇ ਪੁਰਾਣੇ ਵਾਸੀ ਛੀਂਬਾ ਜ਼ਾਤੀ ਵਿਚੋਂ ਸਨ, ਬਾਹਰ ਨਿਕਲੇ ਤੇ ਬਿਜਲੀ ਦੀ ਤਰਾਂ ਦੁਸ਼ਮਣ ਤੇ ਟੁਟ ਕੇ ਪੈ ਗਏ।

ਉਸ ਜ਼ਮਾਨੇ ਵਿਚ ਕਿਸੇ ਨੂੰ ਇਹ ਯਕੀਨ ਨਹੀਂ ਸੀ ਆ ਸਕਦਾ ਕਿ ਛੀਂਬੇ ਵੀ ਯੁੱਧ ਵਿਚ ਬਹਾਦਰੀ ਨਾਲ ਲੜ ਸਕਦੇ ਹਨ, ਪਰ ਗੁਰੂ ਸਾਹਿਬ ਦੀ ਸੰਗਤ, ਆਪਾ ਵਾਰਨ ਤੋਂ ਪਿਛੋਂ, ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਭਾਈ ਮੋਹਕਮ ਸਿੰਘ ਜੀ ਨੇ ਉਹ ਬੀਰਤਾ ਪ੍ਰਾਪਤ ਕਰ ਲਈ ਜਿਸ ਦਾ ਪ੍ਰਗਟਾਵਾ ਚਮਕੌਰ ਦੇ ਯੁੱਧ ਸਮੇਂ ਹੋਇਆ। ਸਵਾ ਲੱਖ ਨਾਲ ਇਕ ਇਕ ਸਿੰਘ ਦੇ ਯੁੱਧ ਕਰਨ ਦੀ ਲਲਕਾਰ ਨੂੰ ਅਮਲੀ ਤੌਰ ਤੇ ਯੁੱਧ ਵਿਚ ਸਾਬਤ ਕੀਤਾ ਗਿਆ। ਭਾਈ ਮੋਹਕਮ ਸਿੰਘ ਨੂੰ ਘੇਰਨ ਤੇ ਘੋੜੇ ਤੋਂ ਸੁਟਣ ਲਈ ਸਾਰੀ ਫ਼ੌਜ ਨੇ ਉਪਰਾਲੇ ਕੀਤੇ ਪਰ ਆਪ ਕਦੇ ਪੂਰਬ ਤੇ ਕਦੇ ਪੱਛਮ ਵਿਚ ਪਹੁੰਚ ਕੇ ਆਹੂ ਲਾਹੀ ਜਾ ਰਹੇ ਸਨ। ਕਿਤਨੇ ਕੁ ਬੰਦੇ ਆਪ ਦੀ ਤਲਵਾਰ ਨਾਲ ਖ਼ਤਮ ਹੋਏ, ਇਹ ਗਿਣਤੀ ਦੱਸਣੀ ਮੁਸ਼ਕਲ ਹੈ। ਪੂਰਾ ਇਕ ਪਹਿਰ ਅਥਵਾ ਤਿੰਨ ਘੰਟੇ ਇਕੱਲੇ ਭਾਈ ਮੋਹਕਮ ਸਿੰਘ ਜੀ ਨੇ ਕਮਾਲ ਲੜਾਈ ਕੀਤੀ ਤੇ ਵੈਰੀ ਨੂੰ ਨਾ ਕੇਵਲ ਠੱਲ੍ਹ ਹੀ ਪਾਈ ਸਗੋਂ ਉਸਦੇ ਛੱਕੇ ਛੁਡਾ ਦਿੱਤੇ। ਅਖ਼ੀਰ ਆਪ ਸ਼ਹੀਦ ਹੋ ਗਏ। ਪੰਜ ਪਿਆਰਿਆਂ ਵਿਚੋਂ ਸ਼ਹੀਦੀ ਪਾਣ ਵਾਲੇ ਆਪ ਪਹਿਲੇ ਸਨ।

ਜਦ ਭਾਈ ਮੋਹਕਮ ਸਿੰਘ ਜੀ ਸ਼ਹੀਦ ਹੋ ਗਏ ਤਾਂ ਆਪ ਦੇ ਸਾਥੀ ਪਿਆਰੇ ਭਾਈ ਹਿੰਮਤ ਸਿੰਘ ਜੀ ਨੇ ਗੁਰੂ ਸਾਹਿਬ ਤੋਂ ਆਸ਼ੀਰਵਾਦ ਲਈ ਤੇ ਬਾਹਰ ਨਿਕਲੇ। ਭਾਈ ਹਿੰਮਤ ਸਿੰਘ ਜੀ ਗੁਰੂ ਘਰ ਵਿਚ ਆਉਣ ਤੋਂ ਪਹਿਲਾਂ ਜਗਨ ਨਾਥ ਦੇ ਰਹਿਣ ਵਾਲੇ ਸਨ ਤੇ ਅਖੌਤੀ ਜ਼ਾਤ-ਵੰਡ ਅਨੁਸਾਰ ਨੀਵੀਂ ਜ਼ਾਤੀ ਝੀਵਰ ਅਖਵਾਉਂਦੇ ਸਨ, ਪਰ ਗੁਰੂ ਘਰ ਨਾਲ ਜੁੜ ਕੇ ਉਹ ਵੀ ਸਮਾਜ ਦਾ ਨਰੋਆ ਅੰਗ ਬਣ ਗਏ ਤੇ ਆਪਣੇ ਆਪ ਨੂੰ ਕੁਰਬਾਨੀ ਲਈ ਪੇਸ਼ ਕਰ ਕੇ ਸਿੱਖਾਂ ਵਿਚ ਸਤਿਕਾਰਯੋਗ ਤੇ ਮਾਨਯੋਗ ਥਾਂ ਪ੍ਰਾਪਤ ਕਰ ਲਈ। ਇਹੀ ਭਾਈ ਹਿੰਮਤ ਸਿਘ ਜਦ ਚਮਕੌਰ ਵਿਚ ਜੈਕਾਰਾ ਛੱਡ ਕੇ ਨਿਕਲੇ ਤਾਂ ਦੁਸ਼ਮਣ ਦੀ ਫ਼ੌਜ ਵਿਚ ਭਾਜੜ ਪੈ ਗਈ। ਅੱਖ ਦੇ ਝਮਕਣ ਤੋਂ ਪਹਿਲਾਂ ਭਾਈ ਹਿੰਮਤ ਸਿੰਘ ਜੀ ਨੇ ਕਈਆਂ ਦੇ ਸਿਰ ਧੜ ਤੋਂ ਵੱਖ ਕਰ ਦਿੱਤੇ। ਆਪ ਨੇ ਬੜੀ ਦਲੇਰੀ ਨਾਲ ਕਈ ਘੰਟੇ ਮੁਕਾਬਲਾ ਕੀਤਾ ਤੇ ਅਖ਼ੀਰ ਸ਼ਹੀਦੀ ਪ੍ਰਾਪਤ ਕਰ ਗਏ।

ਡਾਕਟਰ ਗੰਡਾ ਸਿੰਘ ਤੇ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ 'ਸ਼ਾਰਟ ਹਿਸਟਰੀ ਆਫ਼ ਦੀ ਸਿਖਸ' ਵਿਚ ਜੰਗ ਚਮਕੌਰ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਉਥੇ ਦੋਹਾਂ ਸਾਹਿਬਜ਼ਾਦਿਆਂ ਦੇ ਨਾਲ ਤਿੰਨ ਪਿਆਰੇ ਵੀ ਸ਼ਹੀਦ ਹੋ ਗਏ ਸਨ। ਉਨ੍ਹਾਂ ਨੇ ਤਿੰਨ ਪਿਆਰਿਆਂ ਦੇ ਨਾਮ ਨਹੀਂ ਦਿੱਤੇ। ਭਾਈ ਸੰਤੋਖ ਸਿੰਘ ਜੀ ਨੇ ਇਕ ਥਾਂ ਲਿਖਿਆ ਹੈ ਕਿ ਪੰਜ ਪਿਆਰੇ ਇਸ ਲੜਾਈ ਵਿਚ ਸ਼ਹੀਦੀ ਪਾ ਗਏ ਪਰ ਅਗੇ ਜਾ ਕੇ ਆਪ ਹੀ ਜ਼ਿਕਰ ਕੀਤਾ ਹੈ ਕਿ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਨੂੰ ਛੱਡਿਆ ਤਾਂ ਭਾਈ ਸੰਤ ਸਿੰਘ ਤੇ ਭਾਈ ਸੰਗਤ ਸਿੰਘ ਜੀ ਨੂੰ ਉਥੇ ਹੀ ਰਹਿਣ ਦਿੱਤਾ ਗਿਆ ਤੇ ਬਾਕੀ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੂੰ ਨਾਲ ਲੈ ਕੇ ਗੁਰੂ ਜੀ ਚਲੇ ਗਏ। ਇਸ ਤੋਂ ਸਿੱਧ ਹੁੰਦਾ ਹੈ ਕਿ ਚਮਕੌਰ ਦੇ ਯੁੱਧ ਤੋਂ ਪਿਛੋਂ ਦੋ ਪਿਆਰੇ ਨਾਲ ਰਹਿ ਗਏ ਤੇ ਬਾਕੀ ਤਿੰਨੇ ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਇਸ ਯੁੱਧ ਵਿਚ ਸ਼ਹੀਦ ਹੋ

ਗਏ ਸਨ। ਇਸੇ ਤਰ੍ਹਾਂ ਇਕ ਹੋਰ ਰਚਨਾ ਵਿਚ ਲਿਖਿਆ ਅਸਾਂ ਦੇਖਿਆ ਹੈ ਕਿ ਭਾਈ ਮੋਹਕਮ ਸਿੰਘ ਜੀ ਸਾਹਿਬ ਸਿੰਘ ਦੇ ਨਾਲ ਪੰਜਾਂ ਸਿੰਘਾਂ ਵਿਚ ਸਨ, ਜੋ ਯੁੱਧ ਕਰਨ ਲਈ ਨਿਕਲੇ ਤੇ ਭਾਈ ਹਿੰਮਤ ਸਿੰਘ ਜੀ ਸਾਹਿਬ ਜੁਝਾਰ ਸਿੰਘ ਨਾਲ ਨਿਕਲੇ।

ਇਸ ਤਰ੍ਹਾਂ ਚਮਕੌਰ ਦੇ ਯੁੱਧ ਵਿਚ ਜਿੱਥੇ ਸਾਹਿਬ ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਸ਼ਹੀਦੀ ਬੜੀ ਵਿਸ਼ੇਸ਼ ਤੇ ਵਰਣਨਯੋਗ ਹੈ, ਉਥੇ ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਤਿੰਨਾਂ ਪਿਆਰਿਆਂ ਦੀ ਕੁਰਬਾਨੀ ਤੇ ਸ਼ਹੀਦੀ ਵੀ ਬਹੁਤ ਇਤਿਹਾਸਕ ਮਹੱਤਤਾ ਵਾਲੀ ਘਟਨਾ ਹੈ।

ਮੁਕਤਸਰ ਦੇ ਸ਼ਹੀਦ

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ ਜਿਹੜੀਆਂ ਵੱਡੀਆਂ ਲੜਾਈਆਂ ਲੜੀਆਂ, ਉਹਨਾਂ ਵਿਚੋਂ ਅਖ਼ੀਰਲੀ ਲੜਾਈ ਮੁਕਤਸਰ ਦੀ ਹੈ। ਇਹ ਲੜਾਈ 1705 ਈਸਵੀ ਨੂੰ ਸਰਦੀਆਂ ਦੇ ਦਿਨਾਂ ਵਿਚ ਮਾਲਵੇ ਦੀ ਧਰਤੀ ਤੇ ਖਿਦਰਾਣੇ ਦੀ ਢਾਬ ਦੇ ਨੇੜੇ ਲੜੀ ਗਈ ਤੇ ਮੁਗ਼ਲ ਫ਼ੌਜ ਨੂੰ ਬਹੁਤ ਵੱਡੀ ਹਾਰ ਦਿੱਤੀ ਗਈ। ਇਸ ਜੰਗ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਆਪਣਾ ਪਰਿਵਾਰ ਸ਼ਹੀਦ ਕਰਵਾ ਕੇ ਤੇ ਸਾਰੀ ਫ਼ੌਜ ਖੇਰੂੰ ਖੇਰੂੰ ਹੋ ਜਾਣ ਪਿਛੋਂ ਮਾਛੀਵਾੜੇ ਦੇ ਜੰਗਲਾਂ ਵਿਚ ਇਕੱਲੇ ਫਿਰਨ ਪਿਛੋਂ ਝਟ ਪਟ ਹੀ ਇਤਨੇ ਸ਼ਕਤੀਸ਼ਾਲੀ ਹੋ ਗਏ ਤੇ ਲੋਕ ਇਉਂ ਉਹਨਾਂ ਲਈ ਜਾਨਾਂ ਵਾਰਨ ਨੂੰ ਨਿਕਲੇ ਤੇ ਮਾਲਵੇ ਦਾ ਇਕ ਚੱਕਰ ਲਾਂਦਿਆਂ ਅਜਿਹੇ ਸਿਰਲੱਥ ਨਾਲ ਆ ਗਏ ਜਿਨ੍ਹਾਂ ਪਿੱਛਾ ਕਰ ਰਹੀ ਸ਼ਾਹੀ ਫ਼ੌਜ ਦਾ ਮੂੰਹ ਭੰਨ ਕੇ ਰੱਖ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੇ ਯੁੱਧ ਤੋਂ ਪਿਛੋਂ ਮਾਛੀਵਾੜੇ ਪਹੁੰਚੇ ਤੇ ਇਥੋਂ ਮਾਲਵੇ ਵਲ ਲੰਘ ਗਏ। ਸਰਕਾਰੀ ਫ਼ੌਜ ਆਪ ਦਾ ਪਿੱਛਾ ਕਰ ਰਹੀ ਸੀ। ਇਹ ਖ਼ਬਰਾਂ ਸਰਕਾਰ ਨੂੰ ਮਿਲ ਰਹੀਆਂ ਸਨ ਕਿ ਗੁਰੂ ਸਾਹਿਬ ਮਾਲਵੇ ਵਿਚ ਪਹੁੰਚ ਗਏ ਹਨ ਤੇ ਉਹਨਾਂ ਦੇ ਆਉਣ ਨਾਲ ਲੋਕਾਂ ਵਿਚ ਇਕ ਅਜਿਹਾ ਉਭਾਰ ਪੈਦਾ ਹੋ ਗਿਆ ਹੈ ਕਿ ਲੋਕੀਂ ਸਰਕਾਰੀ ਫ਼ੌਜ ਨਾਲ ਟੱਕਰ ਲੈਣ ਲਈ ਤੱਤਪਰ ਹੋ ਰਹੇ ਹਨ। ਇਸ ਲਈ ਫ਼ੌਜ ਚਿੰਤਾਤੁਰ ਸੀ ਕਿ ਛੇਤੀ ਗੁਰੂ ਗੋਬਿੰਦ ਸਿੰਘ ਜੀ ਨੂੰ ਘੇਰਿਆ ਜਾਏ, ਨਹੀਂ ਤੇ ਉਹਨਾਂ ਦੀ ਤਾਕਤ ਬਹੁਤ ਵਧ ਜਾਏਗੀ।

ਗੁਰੂ ਸਾਹਿਬ ਖਿਦਰਾਣੇ ਦੀ ਢਾਬ, ਜਿਸ ਨੂੰ ਅੱਜ ਕਲ੍ਹ ਮੁਕਤਸਰ ਕਿਹਾ ਜਾਂਦਾ ਹੈ, ਉਥੇ ਪਹੁੰਚੇ ਤਾਂ ਸ਼ਾਹੀ ਫ਼ੌਜ ਵੀ ਪਿੱਛਾ ਕਰਦੀ ਹੋਈ ਅਪੜ ਗਈ। ਲੰਮੇ ਚੌੜੇ ਘੇਰੇ ਨਾਲ ਫ਼ੌਜ ਨੇ ਘੇਰ ਲਿਆ।

ਇਸ ਵੇਲੇ ਮਾਝੇ ਤੋਂ ਇਕ ਜੱਥਾ ਪਹੁੰਚ ਗਿਆ। ਢਾਬ ਦੇ ਨੇੜੇ ਹੀ ਜੱਥੇ ਨੇ ਡੇਰਾ ਲਾਇਆ ਤੇ ਇਸ਼ਨਾਨ ਕਰਨ ਲਗ ਪਏ। ਉਧਰ ਮੁਗ਼ਲ ਸਰਕਾਰ ਦੀਆਂ ਫ਼ੌਜਾਂ ਨੇ ਸਮਝਿਆ ਕਿ ਇਹਨਾਂ ਵਿਚ ਹੀ ਗੁਰੂ ਗੋਬਿੰਦ ਸਿੰਘ ਜੀ ਹੋਣਗੇ, ਇਸ ਲਈ ਹਮਲਾ ਕਰ ਦਿੱਤਾ ਤੇ ਦੋਹਾਂ ਪਾਸਿਆਂ ਤੋਂ ਜੰਗੀ ਹਥਿਆਰ ਚਲਣ ਲਗ ਪਏ। ਇਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਕੁਝ ਦੂਰ ਰੇਤ ਦੇ ਇਕ ਟਿੱਲੇ ਤੇ ਖੜ੍ਹੇ ਇਹ ਸਾਰਾ ਦ੍ਰਿਸ਼ ਦੇਖ ਰਹੇ ਸਨ। ਉਹ ਹੈਰਾਨ ਸਨ ਕਿ ਇਹ ਕੌਣ ਹਨ, ਜੋ ਸਰਕਾਰੀ ਫ਼ੌਜ ਦਾ ਮੁਕਾਬਲਾ ਕਰ ਰਹੇ ਹਨ। ਗੁਰੂ ਸਾਹਿਬ ਤੇ ਉਨ੍ਹਾਂ ਨਾਲ ਜੁੜੇ ਸਿੰਘ ਵੀ ਯੁੱਧ ਵਿਚ ਸ਼ਾਮਲ ਹੋ ਗਏ। ਇਸ ਤਰ੍ਹਾਂ ਦਿੱਲੀ, ਲਾਹੌਰ ਤੇ ਸਰਹੰਦ ਦੀਆਂ ਫ਼ੌਜਾਂ ਦੀ ਮਿਲਵੀਂ ਤਾਕਤ ਨਾਲ ਗੁਰੂ ਸਾਹਿਬ ਦੀ ਚੌਥੀ ਟੱਕਰ ਹੋਈ, ਪਰ ਇਸ ਸਮੇਂ ਸਿੰਘਾਂ

ਨੇ ਅਜਿਹੀ ਬੀਰਤਾ ਦਿਖਾਈ ਤੇ ਇਉਂ ਤੇਗ ਵਾਹੀ ਕਿ ਦੁਸ਼ਮਣ ਨੂੰ ਹੱਥਾਂ ਪੈਰਾਂ ਦੀ ਪੈ ਗਈ ਤੇ ਕਾਫ਼ੀ ਜਾਨੀ ਨੁਕਸਾਨ ਕਰਵਾ ਕੇ ਉਹਨਾਂ ਨੂੰ ਨਸਣਾ ਪਿਆ। ਸ਼ਾਹੀ ਫ਼ੌਜ ਨੂੰ ਇਕ ਹੋਰ ਮਾਰ ਇਹ ਪਈ ਕਿ ਪਾਣੀ ਨੇੜੇ ਕਿਧਰੇ ਵੀ ਨਹੀਂ ਸੀ। ਪਾਣੀ ਦੀ ਘਾਟ ਨੇ ਉਹਨਾਂ ਨੂੰ ਜੰਗ ਦੇ ਮੈਦਾਨ ਵਿਚੋਂ ਨਸਣ ਲਈ ਮਜਬੂਰ ਕਰ ਦਿੱਤਾ।

ਜਦ ਲੜਾਈ ਖ਼ਤਮ ਹੋਈ ਤਾਂ ਗੁਰੂ ਗੋਬਿੰਦ ਸਿੰਘ ਜੀ ਜੰਗ ਦੇ ਮੈਦਾਨ ਵਿਚ ਸ਼ਹੀਦ ਹੋਏ ਸਿੰਘਾਂ ਵਲ ਆਏ। ਜਦ ਨੇੜੇ ਆ ਕੇ ਦੇਖਿਆ ਤਾਂ ਇਹ ਉਹੀ ਸਿੰਘ ਸਨ ਜੋ ਅਨੰਦਪੁਰ ਵਿਚ ਬੇਦਾਵਾ ਲਿਖ ਕੇ ਦੇ ਆਏ ਸਨ। ਜਦ ਅਨੰਦਪੁਰ ਸਾਹਿਬ ਕਈ ਮਹੀਨੇ ਲਗਾਤਾਰ ਘੇਰਾ ਪਿਆ ਰਿਹਾ ਤੇ ਕਿਲ੍ਹੇ ਦੇ ਅੰਦਰ ਖ਼ੁਰਾਕ ਵੀ ਖ਼ਤਮ ਹੋ ਗਈ ਤਾਂ ਅਤਿ ਤੰਗੀ ਦੇ ਦਿਨਾਂ ਵਿਚ ਕਈਆਂ ਦੇ ਹੌਸਲੇ ਟੁਟ ਗਏ। ਇਕ ਮੌਤ ਦਾ ਡਰ ਤੇ ਦੂਜਾ ਭੁਖ ਦੀ ਤੜਫਾਹਟ ਨੇ ਕਮਜ਼ੋਰੀ ਪੈਦਾ ਕਰ ਦਿਤੀ ਤਾਂ ਇਕ ਦਿਨ ਕੁਝ ਸਿੰਘ ਗੁਰੂ ਜੀ ਪਾਸ ਆਏ ਤੇ ਬੇਨਤੀ ਕੀਤੀ ਕਿ ਸਾਨੂੰ ਆਗਿਆ ਦਿੱਤੀ ਜਾਏ, ਅਸੀਂ ਘਰਾਂ ਨੂੰ ਜਾਣਾ ਚਾਹੁੰਦੇ ਹਾਂ। ਗੁਰੂ ਸਾਹਿਬ ਨੇ ਉਹਨਾਂ ਤੋਂ ਲਿਖਵਾ ਲਿਆ ਕਿ ਨਾ ਤੁਸੀਂ ਸਾਡੇ ਗੁਰੂ ਤੇ ਨਾ ਅਸੀਂ ਤੁਹਾਡੇ ਸਿੱਖ। ਇਹ ਚਾਲੀ ਆਦਮੀ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਚਲੇ ਗਏ ਤੇ ਰਾਤ ਦੇ ਹਨੇਰੇ ਵਿਚ ਆਪਣੀਆਂ ਜਿੰਦੜੀਆਂ ਬਚਾ ਕੇ ਅਨੰਦਪੁਰ ਸਾਹਿਬ ਤੋਂ ਦੂਰ ਆਪਣੇ ਪਿੰਡ ਦੇ ਰਾਹ ਪੈ ਗਏ। ਉਹ ਸਿੰਘ ਇਹ ਸਨ:

1. ਮਹਾਂ ਸਿੰਘ, 2. ਦਰਬਾਰਾ ਸਿੰਘ, 3. ਮਾਹਲਾ ਸਿੰਘ, 4. ਵੀਰ ਸਿੰਘ, 5. ਮੁਨਸ਼ਾ ਸਿੰਘ, 6. ਗੁਰਾ ਸਿੰਘ, 7. ਸ਼ੇਰ ਸਿੰਘ, 8. ਸੰਤ ਸਿੰਘ, 9. ਸੁਰਜਾ ਸਿੰਘ, 10. ਫੂਲਾ ਸਿੰਘ, 11. ਬਿਸ਼ਨ ਸਿੰਘ, 12. ਹਰੀ ਸਿੰਘ, 13. ਦੀਪ ਸਿੰਘ, 14. ਗੰਡਾ ਸਿੰਘ, 15. ਜੀਵਨ ਸਿੰਘ, 16. ਭਾਗ ਸਿੰਘ, 17. ਜੱਸਾ ਸਿੰਘ, 18. ਰੰਡਾ ਸਿੰਘ, 19. ਮਨੀ ਸਿੰਘ, 20. ਰਾਮ ਸਿੰਘ, 21. ਮਨਸ਼ਾ ਸਿੰਘ, 22. ਬੁਲਾਕਾ ਸਿੰਘ, 23. ਪਰਸਾ ਸਿੰਘ, 24. ਅਜਾਇਬ ਸਿੰਘ, 25. ਨਾਰਾਇਣ ਸਿੰਘ, 26. ਪਰਮਾ ਸਿੰਘ, 27. ਬਚਿੱਤਰ ਸਿੰਘ, 28. ਚੰਪਾ ਸਿੰਘ, 29. ਗੁਰਬਖ਼ਸ਼ ਸਿੰਘ, 30. ਕਾਹਨ ਸਿੰਘ, 31. ਮੱਖਣ ਸਿੰਘ, 32. ਸਾਧੂ ਸਿੰਘ, 33. ਮੂਲਾ ਸਿੰਘ, 34. ਕਪੂਰ ਸਿੰਘ, 35. ਗਾਰੂ ਸਿੰਘ, 36. ਚੂਹੜ ਸਿੰਘ, 37. ਭਾਗ ਸਿੰਘ, 38. ਤਾਰੂ ਸਿੰਘ, 39. ਬਬੇਕਾ ਸਿੰਘ, 40. ਮਸਤਾਨਾ ਸਿੰਘ।

ਜਦ ਇਹ ਸਿੰਘ ਆਪਣੇ ਪਿੰਡਾਂ ਵਿਚ ਪਹੁੰਚੇ ਤਾਂ ਉਥੇ ਪਹਿਲਾਂ ਹੀ ਇਹ ਸੂਚਨਾ ਪਹੁੰਚ ਚੁਕੀ ਸੀ ਕਿ ਗੁਰੂ ਨੂੰ ਬੇਦਾਵਾ ਲਿਖ ਕੇ ਦੇ ਆਏ ਹਨ। ਹਰ ਕਿਸੇ ਨੇ ਇਹਨਾਂ ਦੇ ਇਸ ਕਰਮ ਦੀ ਨਿਖੇਧੀ ਕੀਤੀ ਤੇ ਇਥੋਂ ਤਕ ਕਿ ਜ਼ਨਾਨੀਆਂ ਨੇ ਘਰਾਂ ਵਿਚ ਸੁਆਗਤ ਕਰਨ ਦੀ ਥਾਂ ਕਿਹਾ ਕਿ ਚੂੜੀਆਂ ਪਾ ਲਉ, ਬੱਚੇ ਖਿਡਾਉ ਤੇ ਅਸੀਂ ਜਾ ਕੇ ਗੁਰੂ ਮਹਾਰਾਜ ਦਾ ਸਾਥ ਦਿੰਦੀਆਂ ਹਾਂ। ਇਸ ਤਰ੍ਹਾਂ ਦਾ ਪ੍ਰਭਾਵ ਤੇ ਵਾਤਾਵਰਣ ਵੇਖ ਕੇ ਇਹਨਾਂ ਸਾਰਿਆਂ ਦੀ ਗ਼ੈਰਤ ਨੇ ਜੁੰਬਸ਼ ਖਾਧੀ, ਮਰਦਊ-ਪੁਣਾ ਉਭਰਿਆ ਤੇ ਫਿਰ ਲੜਾਈ ਕਰਕੇ ਸ਼ਹੀਦ ਹੋਣ ਲਈ ਤੁਰ ਪਏ। ਮਾਈ ਭਾਗੋ ਨੇ ਇਹਨਾਂ ਨੂੰ ਹੋਰ ਟੁੰਬਿਆ ਤੇ ਇਹ ਵਾਪਸ ਪਰਤ ਆਏ। ਪੱਤਾ ਲੱਗਾ ਕਿ ਗੁਰੂ ਸਾਹਿਬ

ਅਜ ਕਲ੍ਹ ਮਾਲਵੇ ਵਿਚ ਹਨ, ਇਸ ਲਈ ਉਹਨਾਂ ਦੀ ਭਾਲ ਕਰਦੇ ਖਿਦਰਾਣੇ ਦੀ ਢਾਬ ਤੇ ਪਹੁੰਚੇ ਤੇ ਮੁਗ਼ਲ ਫ਼ੌਜ ਨਾਲ ਟੱਕਰ ਲੈ ਕੇ ਸ਼ਹੀਦ ਹੋ ਗਏ ।

ਜਦ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਜੰਗ ਦੇ ਮੈਦਾਨ ਵਿਚ ਸ਼ਹੀਦ ਹੋਏ ਪਏ ਦੇਖਿਆ ਤਾਂ ਹਰ ਇਕ ਦਾ ਸਿਰ ਚੁੱਕ ਕੇ ਪਿਆਰ ਕੀਤਾ ਤੇ ਕਿਸੇ ਨੂੰ ਆਪਣਾ ਪੰਜ ਹਜ਼ਾਰੀ ਤੇ ਕਿਸੇ ਨੂੰ ਦਸ ਹਜ਼ਾਰੀ ਕਹਿ ਕੇ ਨਿਵਾਜਿਆ । ਇਸ ਤਰ੍ਹਾਂ ਕਰਦੇ ਆਪ ਨੇ ਇਕ ਸਿਰ ਨੂੰ ਚੁਕਿਆ ਤਾਂ ਸਿੰਘ ਅਜੇ ਸਿਸਕ ਰਿਹਾ ਸੀ । ਗੁਰੂ ਸਾਹਿਬ ਨੇ ਗਹੁ ਨਾਲ ਦੇਖਿਆ ਤਾਂ ਇਹ ਭਾਈ ਮਹਾਂ ਸਿੰਘ ਸੀ । ਤੁਰਤ ਪਾਣੀ ਉਹਦੇ ਮੂੰਹ ਵਿਚ ਪਾਇਆ, ਜਿਸ ਨਾਲ ਉਹਦੀਆਂ ਅੱਖਾਂ ਖੁਲ੍ਹ ਗਈਆਂ । ਆਪਣੇ ਆਪ ਨੂੰ ਗੁਰੂ ਦੀ ਗੋਦੀ ਵਿਚ ਦੇਖ ਕੇ ਉਹਦਾ ਰੋਮ ਰੋਮ ਠਰ ਗਿਆ । ਗੁਰੂ ਸਾਹਿਬ ਨੇ ਪੁਛਿਆ, "ਸਿੰਘਾ ਤੇਰੀ ਕੋਈ ਇਛਾ ਹੈ ਤਾਂ ਦੱਸ ।"

"ਦਰਸ਼ਨ ਦੀ ਇੱਛਾ ਸੀ, ਜੋ ਪੂਰੀ ਹੋ ਗਈ । ਹੁਣ ਕਿਰਪਾ ਕਰ ਕੇ ਉਹ ਬੇਦਾਵਾ ਪਾੜ ਦਿਓ ।" ਭਾਈ ਮਹਾਂ ਸਿੰਘ ਨੇ ਨਿਮਰਤਾ ਸਹਿਤ ਬੇਨਤੀ ਕੀਤੀ ।

ਗੁਰੂ ਸਾਹਿਬ ਨੇ ਇਕ ਛਿਨ ਵੀ ਦੇਰ ਨਾ ਕੀਤੀ ਤੇ ਉਹ ਕਾਗਜ਼ ਦਾ ਟੁਕੜਾ ਜੇਬ ਵਿਚੋਂ ਕੱਢ ਕੇ ਭਾਈ ਮਹਾਂ ਸਿੰਘ ਦੇ ਸਾਹਮਣੇ ਪਾੜ ਦਿੱਤਾ । ਕਾਗਜ਼ ਪਾਟਣ ਨਾਲ ਟੁਟੀ ਫਿਰ ਗੰਢੀ ਗਈ । ਭਾਈ ਮਹਾਂ ਸਿੰਘ ਝਟ ਪਿਛੋਂ ਸ਼ਹੀਦੀ ਪਾ ਗਏ । ਇਸ ਤਰ੍ਹਾਂ ਜੰਗ ਮੁਕਤਸਰ ਵਿਚ ਸ਼ਹੀਦੀਆਂ ਪਾ ਕੇ ਅਨੰਦਪੁਰ ਵਿਚ ਬੇਦਾਵਾ ਦੇਣ ਵਾਲੇ ਸਿੰਘ ਅਮਰ ਹੋ ਗਏ ।

ਗੁਰੂ ਸਾਹਿਬ ਦੇ ਬੇਦਾਵਾ ਪਾੜਨ ਨਾਲ ਇਹ ਸਿੰਘ ਮੁਕਤ ਹੋ ਗਏ । ਇਸੇ ਕਰਕੇ ਇਸ ਥਾਂ ਦਾ ਨਾਂ ਮੁਕਤਸਰ ਪ੍ਰਚਲਤ ਹੋ ਗਿਆ । ਮਾਈ ਭਾਗੋ ਵੀ ਇਸੇ ਲੜਾਈ ਵਿਚ ਦੁਸ਼ਮਣ ਦਾ ਮੁਕਾਬਲਾ ਕਰਦੀ ਸਖ਼ਤ ਜ਼ਖ਼ਮੀ ਹੋਈ ਸੀ ।

ਗੁਰੂ ਗੋਬਿੰਦ ਸਿੰਘ ਜੀ

ਇਤਿਹਾਸ ਦੇ ਪੰਨਿਆਂ ਤੇ ਨਜ਼ਰ ਮਾਰ ਕੇ ਅਸੀਂ ਇਸ ਨਤੀਜੇ ਤੇ ਅੱਪੜਦੇ ਹਾਂ ਕਿ ਸਾਰੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲੋਂ ਵਧੀਕ ਵੱਧ ਪ੍ਰਭਾਵਸ਼ਾਲੀ ਤੇ ਟੁੰਬਣ ਸ਼ਕਤੀ ਵਾਲੀ ਹੋਰ ਕੋਈ ਸ਼ਖ਼ਸੀਅਤ ਨਹੀਂ। ਗੁਰੂ ਗੋਬਿੰਦ ਸਿੰਘ ਇਕੋ ਸਮੇਂ ਆਗੂ (ਗੁਰੂ) ਤੇ ਸਿੱਖ, ਅਵਤਾਰ, ਸੇਵਕ, ਕਵੀ, ਵਿਦਵਾਨ, ਸਿਪਾਹੀ, ਸੰਤ ਤੇ ਰਾਜਸੀ ਨੇਤਾ ਸਨ। ਇਤਨੇ ਗੁਣ ਇਕੋ ਵੇਲੇ ਇਕ ਸ਼ਖ਼ਸੀਅਤ ਵਿਚ ਮਿਲਣੇ ਜੇ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹਨ। ਆਪ ਅਤਿ ਖ਼ਤਰੇ ਦੇ ਸਮੇਂ ਮਹਾਨ ਹੀਰੋ, ਅਮਨ ਦੇ ਦਿਨਾਂ ਵਿਚ ਪਿਆਰ ਤੇ ਸ਼ਾਂਤੀ ਦੇ ਪੁੰਜ, ਅਤਿ ਪਿਆਰੇ, ਕੁਰਬਾਨੀ ਦੀਆਂ ਸਿਖ਼ਰਾਂ ਤਕ ਅਪੜਨ ਵਾਲੇ ਤੇ ਪੂਰੀ ਤਰ੍ਹਾਂ ਸ੍ਵੈ-ਲਾਭਾਂ ਤੋਂ ਦੂਰ ਸਨ। ਕਿਸੇ ਨੇ ਇਕ ਕੁਰਬਾਨੀ ਦਿੱਤੀ ਹੋਵੇਗੀ, ਕਿਸੇ ਨੇ ਦੋ, ਪਰ ਕੇਵਲ ਗੁਰੂ ਗੋਬਿੰਦ ਸਿੰਘ ਜੀ ਹਨ, ਜਿਨ੍ਹਾਂ ਨੇ ਆਪਣਾ ਸਾਰਾ ਪਰਿਵਾਰ ਹੀ ਕੌਮ ਤੇ ਦੇਸ਼ ਦੇ ਲਾਭਾਂ ਲਈ ਕੁਰਬਾਨ ਕਰ ਦਿੱਤਾ ਤੇ ਫਿਰ ਸਾਰੀ ਜ਼ਿੰਦਗੀ ਬਹਾਦਰੀ ਨਾਲ ਹਾਲਾਤ ਦਾ ਟਾਕਰਾ ਕਰ ਕੇ ਇਕ ਅਜਿਹੀ ਲਹਿਰ ਪੈਦਾ ਕਰ ਦਿੱਤੀ, ਜਿਸ ਵਿਚੋਂ ਸੈਂਕੜੇ ਨਹੀਂ ਹਜ਼ਾਰਾਂ ਸ਼ਹੀਦ ਪੈਦਾ ਹੋਏ ਤੇ ਉਹਨਾਂ ਆਪਣਾ ਪਵਿੱਤਰ ਲਹੂ ਡੋਲ੍ਹ ਕੇ ਦੇਸ਼ ਤੇ ਕੌਮ ਦੀ ਵਿਗੜੀ ਤਕਦੀਰ ਦੀਆਂ ਰੇਖਾਂ ਬਦਲ ਦਿੱਤੀਆਂ।

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨਾ ਸ਼ਹਿਰ (ਬਿਹਾਰ) ਵਿਚ 26 ਦਸੰਬਰ 1666 ਈਸਵੀ ਨੂੰ ਗੁਰੂ ਤੇਗ਼ ਬਹਾਦਰ ਜੀ ਦੇ ਘਰ ਮਾਤਾ ਗੁਜਰੀ ਜੀ ਦੀ ਕੁਖੋਂ ਹੋਇਆ। ਉਹਨਾਂ ਦਿਨਾਂ ਵਿਚ ਗੁਰੂ ਪਰਿਵਾਰ ਪਟਨੇ ਠਹਿਰਿਆ ਹੋਇਆ ਸੀ, ਪਰ ਗੁਰੂ ਤੇਗ਼ ਬਹਾਦਰ ਜੀ ਆਪ ਆਸਾਮ ਵਲ ਗਏ ਹੋਏ ਸਨ। ਉਥੇ ਦੋ ਸਾਲ ਪ੍ਰਚਾਰ ਕਰਨ ਪਿਛੋਂ ਗੁਰੂ ਜੀ ਨੂੰ ਸਿੱਧਾ ਤੁਰਤ ਪੰਜਾਬ ਆਉਣਾ ਪਿਆ। ਕੁਝ ਚਿਰ ਪਿਛੋਂ ਪਰਿਵਾਰ ਵੀ ਅਨੰਦਪੁਰ ਬੁਲਾ ਲਿਆ ਗਿਆ। ਬਚਪਨ ਵਿਚ ਹੀ (ਗੁਰੂ) ਗੋਬਿੰਦ ਸਿੰਘ ਜੀ ਨੇ ਅਜਿਹੇ ਮਹਾਨ ਕਾਰਨਾਮੇ ਕੀਤੇ ਜਿਨ੍ਹਾਂ ਤੋਂ ਉਹਨਾਂ ਦੀ ਵਿਦਵਤਾ ਤੇ ਤੀਖਣ ਸੂਝ ਬੂਝ ਦਾ ਚਰਚਾ ਹੋਣ ਲਗ ਪਿਆ।

ਔਰੰਗਜ਼ੇਬ ਦੇ ਜ਼ੁਲਮ ਵਧਦੇ ਗਏ। 1669 ਵਿਚ ਮੁਗ਼ਲ ਹਾਕਮ ਨੇ ਹੁਕਮ ਜਾਰੀ ਕੀਤਾ ਕਿ ਹਿੰਦੂਆਂ ਦੇ ਸਾਰੇ ਮੰਦਰ ਤੇ ਮੱਠ ਢਾਹ ਦਿੱਤੇ ਜਾਣ। ਲੋਕਾਂ ਨੂੰ ਜ਼ਬਰਦਸਤੀ ਤਲਵਾਰ ਦੇ ਜ਼ੋਰ ਨਾਲ ਧਰਮ ਛੁਡਾਣ ਲਈ ਮਜਬੂਰ ਕੀਤਾ ਜਾਣ ਲਗ ਪਿਆ। ਇਹ ਦਸ਼ਾ ਦੇਖ ਕੇ ਹੀ ਗੁਰੂ ਤੇਗ਼ ਬਹਾਦਰ ਜੀ ਤੁਰਤ ਪੰਜਾਬ ਪਹੁੰਚੇ ਸਨ। ਸਾਰੀ ਹਾਲਤ ਤੇ ਡੂੰਘੀ ਵਿਚਾਰ ਪਿਛੋਂ ਉਹਨਾਂ ਇਸ ਹਾਲਤ ਨੂੰ ਬਦਲਣ ਲਈ ਆਪਾ ਵਾਰਨ ਦਾ ਨਿਸਚਾ ਕਰ ਲਿਆ। ਲੋਕਾਂ ਨੂੰ ਥਾਂ ਥਾਂ ਜਾ ਕੇ ਉਪਦੇਸ਼ ਦਿੱਤਾ ਕਿ ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਉ।

ਕਸ਼ਮੀਰੀ ਪੰਡਤ ਵੀ ਦੁਖੀ ਹੋ ਕੇ ਗੁਰੂ ਸਾਹਿਬ ਪਾਸ ਆਏ ਤੇ ਸਾਰੀ ਵਿਥਿਆ ਸੁਣਾਈ। ਗੁਰੂ ਸਾਹਿਬ ਅਜੇ ਸੋਚ ਹੀ ਰਹੇ ਸਨ ਕਿ ਬਾਲਕ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀ ਗੱਲ ਪੁੱਛੀ। ਗੁਰੂ ਤੇਗ਼ ਬਹਾਦਰ ਜੀ ਨੇ ਦਸਿਆ ਕਿ ਇਸ ਸਮੇਂ ਕਿਸੇ ਵੱਡੀ ਸ਼ਖ਼ਸੀਅਤ ਦੀ ਕੁਰਬਾਨੀ ਹੀ ਦੇਸ਼ ਵਿਚ ਹੋ ਰਹੇ ਅਤਿਆਚਾਰ ਨੂੰ ਠੱਲ੍ਹ ਪਾ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਵੇਲੇ ਕਿਹਾ, "ਤੁਹਾਡੇ ਨਾਲੋਂ ਵੱਡੀ ਹਸਤੀ ਕਿਹੜੀ ਹੋ ਸਕਦੀ ਹੈ।" ਇਉਂ ਬਚਪਨ ਵਿਚ ਹੀ ਆਪਣੇ ਗੁਰਦੇਵ ਪਿਤਾ ਨੂੰ ਆਪਾ ਵਾਰਨ ਦੀ ਸਲਾਹ ਦਿੱਤੀ। 1675 ਈਸਵੀ ਨੂੰ ਗੁਰੂ ਤੇਗ਼ ਬਹਾਦਰ ਜੀ ਦਿੱਲੀ ਵਿਚ ਸ਼ਹੀਦ ਕਰ ਦਿੱਤੇ ਗਏ। ਗੁਰੂ ਗੋਬਿੰਦ ਸਿੰਘ ਜੀ ਦਸਵੇਂ ਜਾਮੇ ਵਿਚ ਗੁਰੂ ਨਾਨਕ ਦੀ ਪੀੜ੍ਹੀ ਤੇ ਬੈਠੇ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੇ ਹਾਲਾਤ ਤੇ ਹੁਣ ਤਕ ਦੇ ਅੰਦੋਲਨ ਤੇ ਵਿਚਾਰ ਕੀਤਾ ਤੇ ਅਨੰਦਪੁਰ ਸਾਹਿਬ ਦੀ ਥਾਂ ਰਿਆਸਤ ਨਾਹਨ ਵਿਚ ਰਮਣੀਕ ਥਾਂ ਪਾਉਂਟਾ ਸਾਹਿਬ ਜਾ ਡੇਰੇ ਲਾਏ ਤੇ ਕੁਝ ਸਾਲ ਉਥੇ ਰਹਿ ਕੇ ਭਵਿਖਤ ਦੇ ਪ੍ਰੋਗਰਾਮ ਦੀ ਰੂਪ ਰੇਖਾ ਤਿਆਰ ਕੀਤੀ ਤੇ ਆਉਣ ਵਾਲੇ ਘਮਸਾਨ ਲਈ ਆਪਣੇ ਆਪ ਨੂੰ ਤਿਆਰ ਕੀਤਾ।

ਸਮੇਂ ਦੀਆਂ ਜਾਬਰ ਤਾਕਤਾਂ, ਲੋਕ ਹਿੱਤਾਂ ਤੇ ਡਾਕਾ ਮਾਰਨ ਵਾਲੇ ਤੇ ਜ਼ਾਲਮ ਹਕੂਮਤ ਦੇ ਹੱਥ-ਠੋਕਿਆਂ ਨੂੰ ਇਹ ਚੜ੍ਹਦੀ ਕਲਾ ਤੇ ਤਿਆਰੀ ਚੰਗੀ ਨਾ ਲੱਗੀ ਤੇ ਅਜੇ ਗੁਰੂ ਸਾਹਿਬ ਪਾਉਂਟਾ ਸਾਹਿਬ ਵਿਚ ਹੀ ਸਨ ਕਿ ਉਹਨਾਂ ਨੂੰ ਖ਼ਤਮ ਕਰਨ ਲਈ ਇਕ ਹੱਲਾ ਬੋਲਿਆ ਤੇ ਭੰਗਾਣੀ ਦੇ ਮੈਦਾਨ ਵਿਚ ਬਾਈਧਾਰ ਦੇ ਹਿੰਦੂ ਰਾਜਿਆਂ ਨਾਲ ਗੁਰੂ ਸਾਹਿਬ ਦੀ ਜੰਗ ਦੇ ਮੈਦਾਨ ਵਿਚ ਪਹਿਲੀ ਟੱਕਰ ਹੋਈ ਤੇ ਉਸ ਵਿਚ ਗੁਰੂ ਸਾਹਿਬ ਨੇ ਰਾਜਿਆਂ ਨੂੰ ਹਰਾ ਦਿੱਤਾ।

ਫਿਰ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਆ ਗਏ ਤੇ ਕੁਝ ਸਮੇਂ ਪਿਛੋਂ ਨਾਦੌਣ ਵਿਚ ਇਕ ਹੋਰ ਵੱਡੀ ਲੜਾਈ ਲੜੀ। ਗੁਰੂ ਸਾਹਿਬ ਦੀਆਂ ਜਿੱਤਾਂ ਤੇ ਵਧਦੇ ਪ੍ਰਤਾਪ ਬਾਰੇ ਜਾਣ ਕੇ ਮੁਗ਼ਲ ਸਾਮਰਾਜ ਦੇ ਮੁਖੀ ਔਰੰਗਜ਼ੇਬ ਦੀ ਚਿੰਤਾ ਵਧ ਗਈ ਤੇ ਉਹਨੇ ਗੁਰੂ ਸਾਹਿਬ ਨੂੰ ਚਿਤਾਵਨੀ ਭੇਜੀ। ਜਦ ਉਹਦਾ ਕੋਈ ਅਸਰ ਨਾ ਹੋਇਆ ਤਾਂ ਉਸ ਨੇ ਆਪਣੇ ਪੁੱਤਰ ਬਹਾਦਰ ਸ਼ਾਹ ਨੂੰ ਪੰਜਾਬ ਦੀ ਗੜਬੜ ਦਬਾਉਣ ਲਈ ਭੇਜ ਦਿਤਾ। ਬਹਾਦਰ ਸ਼ਾਹ ਨੇ ਲਾਹੌਰ ਡੇਰੇ ਲਾ ਲਏ। ਮਿਰਜ਼ਾ ਬੇਗ ਨੂੰ ਫ਼ੌਜ ਦੇ ਕੇ ਗੁਰੂ ਸਾਹਿਬ ਵਿਰੁੱਧ ਭੇਜਿਆ ਗਿਆ, ਪਰ ਸਫਲਤਾ ਨਾ ਹੋਈ।

1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਵਿਚ ਸਿੱਖਾਂ ਦਾ ਵੱਡਾ ਇਕੱਠ ਕੀਤਾ ਤੇ ਉਸ ਵਿਚੋਂ ਪੰਜ ਸਿਰ ਮੰਗ ਕੇ ਪੰਜ ਪਿਆਰਿਆਂ ਦੀ ਸਾਜਨਾ ਕੀਤੀ ਤੇ ਫਿਰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਸਿੱਖਾਂ ਨੂੰ ਸਿੰਘ ਸਜਾ ਦਿੱਤਾ। ਕੇਸ, ਕੜਾ, ਕੱਛਾ, ਕੰਘਾ ਤੇ ਕਿਰਪਾਨ ਰੱਖਣ ਦੀ ਰੀਤ ਚਲਾ ਕੇ ਆਪਣੀ ਲਹਿਰ ਦੇ ਸੰਤ ਸਿਪਾਹੀਆਂ ਨੂੰ ਦੂਜੇ ਲੋਕਾਂ ਨਾਲੋਂ ਬਿਲਕੁਲ ਨਿਰਾਲਾ ਰੂਪ ਦੇ ਦਿੱਤਾ। ਗੁਰੂ ਨਾਨਕ ਦੇਵ ਜੀ ਦੀ ਚਲਾਈ ਲਹਿਰ ਹੁਣ ਸੰਪੂਰਨ ਰੂਪ ਵਿਚ ਆਪਣੇ ਜੋਬਨ ਤੇ ਪਹੁੰਚ ਗਈ। ਲੋਕਾਂ ਵਿਚ ਉਸ ਸਮੇਂ ਕਿਤਨਾ ਜੋਸ਼ ਤੇ ਉਤਸ਼ਾਹ ਸੀ, ਇਸ ਦਾ ਅਨੁਮਾਨ ਇਸ ਗੱਲ ਤੋਂ ਲੱਗ ਜਾਂਦਾ ਹੈ ਕਿ ਕੁਝ ਦਿਨਾਂ ਵਿਚ ਹੀ

80 ਹਜ਼ਾਰ ਆਦਮੀਆਂ ਤੇ ਬੀਬੀਆਂ ਨੇ ਅੰਮ੍ਰਿਤ ਪਾਨ ਕੀਤਾ ਅਤੇ ਸਿੰਘ ਤੇ ਸਿੰਘਣੀਆਂ ਸਜ ਗਏ । ਸਮਾਜ ਵਿਚ ਜ਼ਾਤ ਪਾਤ ਤੇ ਊਚ ਨੀਚ ਦੀਆਂ ਸਾਰੀਆਂ ਕੰਧਾਂ ਢਾਹ ਦਿੱਤੀਆਂ ਗਈਆਂ ਤੇ ਮਨੁੱਖੀ ਬਰਾਬਰੀ ਦਾ ਅਮਲੀ ਰੂਪ ਸਾਹਮਣੇ ਲੈ ਆਂਦਾ ।

ਪਹਾੜੀ ਰਾਜਿਆਂ ਨੂੰ ਇਹ ਸੁਧਾਰ ਤੇ ਨਵੀਂ ਲਹਿਰ ਆਪਣੇ ਪੁਰਾਣੇ ਰਿਵਾਜਾਂ ਲਈ ਖ਼ਤਰਨਾਕ ਪ੍ਰਤੀਤ ਹੋਈ ਤੇ ਉਹਨਾਂ ਨੇ ਇਹਦੀ ਵਿਰੋਧਤਾ ਆਰੰਭ ਦਿਤੀ । ਕਹਿਲੂਰ ਦੇ ਰਾਜੇ ਨੇ, ਜਿਸ ਦੇ ਇਲਾਕੇ ਵਿਚ ਅਨੰਦਪੁਰ ਸੀ, ਗੁਰੂ ਸਾਹਿਬ ਨੂੰ ਚਿਤਾਵਨੀ ਦਿਤੀ ਕਿ ਉਹ ਆਪਣਾ ਰਾਹ ਬਦਲ ਲੈਣ, ਨਹੀਂ ਤੇ ਉਹਦੀ ਰਿਆਸਤ ਵਿਚੋਂ ਚਲੇ ਜਾਣ । ਗੁਰੂ ਸਾਹਿਬ ਨੇ ਉਹਦੀ ਧਮਕੀ ਦੀ ਕੋਈ ਪ੍ਰਵਾਹ ਨਾ ਕੀਤੀ ਤ ਜੰਗ ਸ਼ੁਰੂ ਹੋ ਗਈ । ਇਹ ਰਾਜੇ ਕਈ ਵਾਰ ਪਹਿਲਾਂ ਹਾਰ ਖਾ ਚੁਕੇ ਸਨ । ਇਸ ਲਈ ਇਹਨਾਂ ਔਰੰਗਜ਼ੇਬ ਨੂੰ ਸ਼ਕਾਇਤਾਂ ਕੀਤੀਆਂ ਤੇ ਉਸ ਨੇ 1701 ਵਿਚ ਦੱਖਣ ਤੋਂ ੀ ਹੁਕਮ ਭੇਜਿਆ ਕਿ ਗੁਰੂ ਸਾਹਿਬ ਤੇ ਚੜ੍ਹਾਈ ਕੀਤੀ ਜਾਏ । ਦਿੱਲੀ ਦੀਆਂ ਸ਼ਾਹੀ ਫ਼ੌਜਾਂ, ਲਾਹੌਰ ਤੇ ਸਰਹੰਦ ਦੇ ਸੂਬੇਦਾਰਾਂ ਦੇ ਲਸ਼ਕਰ ਨੇ ਬਾਈਧਾਰ ਦੇ ਰਾਜਿਆਂ ਨਾਲ ਮਿਲ ਕੇ ਹਮਲਾ ਕੀਤਾ । 1704 ਤਕ ਕਈ ਵਾਰ ਲੜਾਈਆਂ ਤੇ ਝੜਪਾਂ ਹੋਈਆਂ ਪਰ ਸਾਰੀ ਮਿਲਵੀਂ ਤਾਕਤ ਵੀ ਗੁਰੂ ਸਾਹਿਬ ਨੂੰ ਹਰਾ ਨਾ ਸਕੀ । ਅਖ਼ੀਰ 1704 ਵਿਚ ਕਈ ਮਹੀਨੇ ਦੀ ਲਗਾਤਾਰ ਲੜਾਈ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਛਡਿਆ । ਸਰਸਾ ਨਦੀ ਦੇ ਕੰਢੇ ਤੇ ਜ਼ਬਰਦਸਤ ਲੜਾਈ ਹੋਈ ਤੇ ਉਸ ਪਿਛੋਂ ਪਰਿਵਾਰ ਨਿਖੜ ਗਿਆ । ਗੁਰੂ ਸਾਹਿਬ ਚਮਕੌਰ ਪਹੁੰਚੇ ਤੇ ਇਥੇ ਉਹਨਾਂ ਸ਼ਾਹੀ ਲਸ਼ਕਰ ਨਾਲ ਏਨਾ ਵੱਡਾ ਟਾਕਰਾ ਕੀਤਾ ਕਿ ਇਤਿਹਾਸ ਵਿਚ ਸਦਾ ਯਾਦ ਰਹੇਗਾ । ਇਸ ਲੜਾਈ ਵਿਚ ਦੋਵੇਂ ਵੱਡੇ ਸ਼ਾਹਿਬਜ਼ਾਦੇ ਸ਼ਹੀਦ ਹੋ ਗਏ । ਤਿੰਨ ਪਿਆਰੇ ਵੀ ਸ਼ਹੀਦ ਹੋ ਗਏ । ਉਧਰ ਗੁਰੂ ਸਾਹਿਬ ਦੇ ਛੋਟੇ ਦੋਵੇਂ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਸਰਹੰਦ ਦੇ ਸੂਬੇਦਾਰ ਨੇ ਗ੍ਰਿਫ਼ਤਾਰ ਕਰਕੇ ਕੰਧਾਂ ਵਿਚ ਚਿਣ ਕੇ ਸ਼ਹੀਦ ਕਰ ਦਿਤੇ । ਇਉਂ ਗੁਰੂ ਸਾਹਿਬ ਦਾ ਸਾਰਾ ਪਰਿਵਾਰ ਹੀ ਆਪਾ ਵਾਰ ਗਿਆ ।

ਮਾਛੀਵਾੜੇ ਦੇ ਜੰਗਲ ਵਿਚ ਕੁਝ ਸਮਾਂ ਬਿਤਾ ਕੇ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਵਿਚ ਲੰਘ ਗਏ ਤੇ ਥੋੜ੍ਹੇ ਜਿਹੇ ਸਮੇਂ ਵਿਚ ਫਿਰ ਇਤਨੀ ਚੜ੍ਹਦੀ ਕਲਾ ਪੈਦਾ ਕਰ ਲਈ ਕਿ 1705 ਵਿਚ ਖਿਦਰਾਣੇ ਦੀ ਢਾਬ (ਮੁਕਤਸਰ) ਦੇ ਅਸਥਾਨ ਤੇ ਦੁਸ਼ਮਣ ਦੀਆਂ ਫ਼ੌਜਾਂ ਨਾਲ ਲੋਹਾ ਲਿਆ ਤੇ ਉਹਨਾਂ ਨੂੰ ਭਜਾ ਦਿਤਾ । ਇਸ ਹਾਰ ਪਿਛੋਂ ਮੁੜ ਮੁਗ਼ਲ ਫ਼ੌਜ ਆਪ ਦੇ ਟਾਕਰੇ ਤੇ ਨਹੀਂ ਆ ਸਕੀ ।

ਗੁਰੂ ਸਾਹਿਬ ਨੇ ਬਠਿੰਡੇ ਦੇ ਇਲਾਕੇ ਵਿਚ ਦਮਦਮਾ ਸਾਹਿਬ ਡੇਰਾ ਲਾਇਆ ਤੇ ਇਥੇ ਬੈਠ ਕੇ ਵਿਦਿਅਕ ਖੇਤਰ ਵਿਚ ਕੁਝ ਉਪਰਾਲੇ ਕੀਤੇ । ਦੀਨੇ ਪਹੁੰਚ ਕੇ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਇਕ ਪੱਤਰ ਲਿਖਿਆ ਜੋ ਜ਼ਫ਼ਰਨਾਮਾ ਦੇ ਨਾਮ ਨਾਲ ਪ੍ਰਸਿੱਧ ਹੈ । ਇਸ ਵਿਚ ਉਹਦੇ ਰਾਜ ਦੀਆਂ ਬੁਰਾਈਆਂ ਦੀ ਤਸਵੀਰ ਖਿੱਚੀ ਤੇ ਆਪਣੇ ਪਰਿਵਾਰ ਨਾਲ ਵਾਪਰੀਆਂ ਘਟਨਾਵਾਂ ਲਿਖ ਕੇ ਅਖ਼ੀਰ ਚਿਤਾਵਨੀ ਦਿਤੀ ਕਿ ਮੈਂ ਅਜਿੱਤ ਹਾਂ । ਤੇਰੀ ਫ਼ੌਜ ਸਾਡੀ ਲਹਿਰ ਨੂੰ ਦਬਾ ਨਹੀਂ ਸਕਦੀ । ਜ਼ਫ਼ਰਨਾਮੇ

ਦਾ ਔਰੰਗਜ਼ੇਬ ਦੇ ਮਨ ਤੇ ਡੂੰਘਾ ਅਸਰ ਪਿਆ ਤੇ ਉਸ ਨੇ ਗੁਰੂ ਸਾਹਿਬ ਨੂੰ ਮਿਲਣ ਲਈ ਸਦਿਆ। ਗੁਰੂ ਸਾਹਿਬ ਉਹਨਾਂ ਦਿਨਾਂ ਵਿਚ ਦੱਖਣ ਵਲ ਜਾ ਰਹੇ ਸਨ। ਉਹਨਾਂ ਫ਼ਰਵਰੀ ਦੇ ਅਖ਼ੀਰ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਸੁਣੀ ਤੇ ਦਿੱਲੀ ਆ ਗਏ। ਔਰੰਗਜ਼ੇਬ ਦੇ ਪੁੱਤਰਾਂ ਵਿਚ ਰਾਜ ਲਈ ਲੜਾਈ ਛਿੜ ਪਈ ਤੇ ਗੁਰੂ ਜੀ ਦੀ ਹਮਦਰਦੀ ਦਾ ਸਦਕਾ ਬਹਾਦਰ ਸ਼ਾਹ ਜਿਤ ਗਿਆ। ਆਗਰੇ ਵਿਚ ਬਾਦਸ਼ਾਹ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨੂੰ ਸੱਦ ਕੇ ਉਹਨਾਂ ਦਾ ਸਨਮਾਨ ਕੀਤਾ ਤੇ ਕੀਮਤੀ ਸੁਗਾਤਾਂ ਭੇਟ ਕੀਤੀਆਂ। ਸਰਕਾਰ ਨਾਲ ਸਮਝੌਤੇ ਦੀ ਗੱਲਬਾਤ ਚਲ ਪਈ ਤੇ ਬਹਾਦਰ ਸ਼ਾਹ ਦੇ ਨਾਲ ਹੀ ਗੁਰੂ ਸਾਹਿਬ ਦੱਖਣ ਵਲ ਚਲੇ ਗਏ। ਜਦ ਬਾਦਸ਼ਾਹ ਨੇ ਗੁਰੂ ਸਾਹਿਬ ਦੀ ਇਛਾ ਅਨੁਸਾਰ ਸੁਧਾਰ ਨਾ ਮੰਨਿਆ ਤਾਂ ਗੱਲਬਾਤ ਟੁਟ ਗਈ ਤੇ ਗੁਰੂ ਸਾਹਿਬ ਨਾਦੇੜ ਆ ਗਏ। ਇਥੇ ਗੁਰੂ ਸਾਹਿਬ ਨੂੰ ਮਾਧੋ ਦਾਸ ਬੈਰਾਗੀ ਸੰਤ ਮਿਲਿਆ ਤੇ ਉਹ ਵੀ ਸਿੰਘ ਸਜ ਗਿਆ। ਇਹੀ ਸੰਤ, ਬੰਦਾ ਸਿੰਘ ਬਹਾਦਰ ਦੇ ਨਾਮ ਨਾਲ ਪ੍ਰਸਿੱਧ ਹੋਇਆ।

ਸਰਹੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਨੂੰ ਚਿੰਤਾ ਸੀ ਕਿ ਜੇ ਬਹਾਦਰ ਸ਼ਾਹ ਤੇ ਗੁਰੂ ਜੀ ਦਾ ਸਮਝੌਤਾ ਹੋ ਗਿਆ ਤਾਂ ਉਹ ਮਾਰਿਆ ਜਾਵੇਗਾ। ਇਸ ਲਈ ਉਹਨੇ ਦੋ ਪਠਾਣਾਂ ਨੂੰ ਗੁਰੂ ਸਾਹਿਬ ਦਾ ਪਿੱਛਾ ਕਰਨ ਲਈ ਭੇਜ ਦਿਤਾ। ਇਹ ਨਾਦੇੜ ਆ ਕੇ ਗੁਰੂ ਸਾਹਿਬ ਨੂੰ ਮਿਲਦੇ ਗਿਲਦੇ ਰਹੇ। ਇਕ ਦਿਨ ਸ਼ਾਮ ਨੂੰ ਜਦ ਗੁਰੂ ਸਾਹਿਬ ਆਰਾਮ ਕਰ ਰਹੇ ਸਨ ਤਾਂ ਇਕ ਪਠਾਣ ਨੇ ਖੱਬੇ ਪਾਸੇ ਛੁਰੇ ਦਾ ਵਾਰ ਕੀਤਾ ਪਰ ਦੂਜਾ ਵਾਰ ਕਰਨ ਤੋਂ ਪਹਿਲਾਂ ਹੀ ਗੁਰੂ ਸਾਹਿਬ ਨੇ ਆਪਣੇ ਖੰਡੇ ਨਾਲ ਉਹਨੂੰ ਖ਼ਤਮ ਕਰ ਦਿਤਾ। ਗੁਰੂ ਸਾਹਿਬ ਦੇ ਜ਼ਖ਼ਮ ਸੀਤੇ ਗਏ ਪਰ ਇਕ ਦਿਨ ਤੀਰ ਚਿਲੇ ਚਾੜ੍ਹਦਿਆਂ ਜ਼ਖ਼ਮ ਟੁਟ ਗਿਆ ਤੇ ਬਹੁਤ ਲਹੂ ਡੁਲ੍ਹ ਗਿਆ। ਅਖ਼ੀਰ 7 ਅਕਤੂਬਰ, 1708 ਈਸਵੀ ਨੂੰ ਆਪ ਜੋਤੀ ਜੋਤਿ ਸਮਾ ਗਏ। ਆਪ ਨੇ ਖ਼ਾਲਸਾ ਪੰਥ ਨੂੰ ਸੰਪੂਰਨ ਰੂਪ ਦੇ ਕੇ ਸਦਾ ਲਈ ਜ਼ੁਲਮ-ਨਾਸ਼ਕ ਫ਼ੌਜ ਤਿਆਰ ਕਰ ਦਿਤੀ ਤੇ ਇਉਂ ਸਦਾ ਹੀ ਕੌਮ ਤੇ ਦੇਸ਼ ਦੀ ਅਗਵਾਈ ਕਰਨ ਦੇ ਰਾਹ ਪਾ ਗਏ।

ਗੁਰੂ ਗੋਬਿੰਦ ਸਿੰਘ ਜੀ ਸਾਡੇ ਇਤਿਹਾਸ ਦੇ ਮਹਾਨ ਸ਼ਹੀਦਾਂ ਵਿਚ ਗਿਣੇ ਜਾਂਦੇ ਹਨ।

ਬੰਦਾ ਸਿੰਘ ਬਹਾਦਰ

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਸਿੱਖਾਂ ਦੀ ਰਾਜਸੀ ਅਗਵਾਈ ਦਾ ਕੰਮ ਬੰਦਾ ਸਿੰਘ ਬਹਾਦਰ ਨੇ ਸੰਭਾਲ ਲਿਆ, ਜਿਸ ਨੂੰ ਕਿ ਗੁਰੂ ਗੋਬਿੰਦ ਸਿੰਘ ਨੇ ਆਪਣੀ ਦੱਖਣ ਯਾਤਰਾ ਸਮੇਂ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਤੇ ਫਿਰ ਆਪਣੇ ਤੀਰਾਂ ਦੇ ਭਥੇ ਵਿਚੋਂ ਪੰਜ ਤੀਰ, ਇਕ ਨਿਸ਼ਾਨ ਸਾਹਿਬ ਤੇ ਇਕ ਨਗਾਰਾ ਦੇ ਕੇ ਪੰਜਾਬ ਵਲ ਭੇਜਿਆ ਤਾਂ ਕਿ ਜ਼ਾਲਮ ਮੁਗਲ ਰਾਜ ਵਿਰੁੱਧ ਲੋਕ ਲਹਿਰ ਵਿਚ ਲੋਕਾਂ ਦਾ ਸਾਥ ਦੇਵੇ ਤੇ ਸਿੱਖਾਂ ਨੂੰ ਆਪਣੇ ਨਿਸ਼ਾਨੇ ਵਲ ਲਿਜਾਏ। ਬੰਦਾ ਸਿੰਘ ਬਹਾਦਰ ਨੇ 7 ਸਾਲ ਪੰਜਾਬ ਵਿਚ ਰਹਿ ਕੇ ਅਜਿਹੀ ਸੁਚੱਜੀ ਅਗਵਾਈ ਕੀਤੀ, ਮੁਗਲਾਂ ਦੇ ਰਾਜ ਦੀਆਂ ਅਜਿਹੀਆਂ ਜੜ੍ਹਾਂ ਪੁਟੀਆਂ ਕਿ ਫਿਰ ਉਹਨਾਂ ਦੇ ਸਾਰੇ ਦੇਸ਼ ਵਿਚ ਹੀ ਕਿਧਰੇ ਪੈਰ ਨਹੀਂ ਲਗ ਸਕੇ। ਅਖ਼ੀਰ ਲੜਦੇ ਫੜੇ ਗਏ ਤੇ ਸ਼ਹੀਦੀ ਪ੍ਰਾਪਤ ਕਰ ਗਏ, ਪਰ ਜ਼ੁਲਮ ਅੱਗੇ ਹਥਿਆਰ ਨਾ ਸੁਟਿਆ ਤੇ ਸਿੱਖ ਆਚਰਣ ਦੀ ਇਕ ਉਤਮ ਮਿਸਾਲ ਪੇਸ਼ ਕੀਤੀ।

ਬੰਦਾ ਸਿੰਘ ਬਹਾਦਰ ਦਾ ਜਨਮ 27 ਅਕਤੂਬਰ 1670 ਈ: ਨੂੰ ਪੁਣਛ ਦੇ ਇਲਾਕੇ ਵਿਚ ਤਛੱਲ ਦੇ ਕਿਲ੍ਹੇ ਵਿਚ ਹੋਇਆ, ਜਿਥੇ ਇਨ੍ਹਾਂ ਦੇ ਰਾਜਪੂਤ ਕਿਲ੍ਹੇਦਾਰ ਪਿਤਾ ਰਾਮਦੇਵ ਰਹਿੰਦੇ ਸਨ। ਤਛੱਲ ਤੋਂ ਚਾਰ ਕੁ ਕਿਲੋਮੀਟਰ ਦੂਰੀ ਤੇ ਉਹ ਥਾਂ ਹੈ ਜਿਥੇ ਰਾਮਦੇਵ ਦੇ ਸਪੁੱਤਰ ਲਛਮਣਦਾਸ ਨੇ ਗਰਭਵਤੀ ਹਰਨੀ ਦਾ ਸ਼ਿਕਾਰ ਕੀਤਾ ਸੀ ਤੇ ਪਿਤਾ ਨੇ ਉਸ ਹਰਨੀ ਨੂੰ ਅਮਰ ਕਰਨ ਲਈ ਉਥੇ 'ਹਰਨੀ' ਨਾਮ ਦਾ ਪਿੰਡ ਵਸਾਇਆ ਸੀ ਜੋ ਅਜ ਵੀ ਇਸੇ ਨਾਂ ਨਾਲ ਜਾਣਿਆ ਜਾਂਦਾ ਹੈ। ਕੁਝ ਸਾਲ ਹੋਏ ਬੰਦਾ ਸਿੰਘ ਬਹਾਦਰ ਦੇ ਇਸ ਜਨਮ ਅਸਥਾਨ ਦੀ ਨਵੀਂ ਖੋਜ ਹੋਣ ਪਿਛੋਂ ਜਨਰਲ ਜਗਜੀਤ ਸਿੰਘ ਅਰੋੜਾ ਨੇ ਕਿਲ੍ਹੇ ਦੇ ਥੇਹ ਵਿਚ ਨਿਸ਼ਾਨ ਸਾਹਿਬ ਲਹਿਰਾ ਕੇ ਜਨਮ ਅਸਥਾਨ ਦੀ ਨਿਸ਼ਾਨਦੇਹੀ ਕਰ ਦਿੱਤੀ ਹੈ। ਹੁਣ ਬੰਦਈ ਸੰਪਰਦਾਇ ਇਸ ਜਨਮ ਅਸਥਾਨ ਤੇ ਗੁਰਦੁਆਰਾ ਉਸਾਰਨ ਦੀ ਯੋਜਨਾ ਬਣਾ ਰਹੀ ਹੈ।

ਆਪ ਬੜੇ ਕੋਮਲ ਚਿਤ, ਉਦਾਰ ਮਨ ਤੇ ਹੱਸਮੁਖ ਸਨ। ਇਕ ਵਾਰ ਸ਼ਿਕਾਰ ਖੇਡਦਿਆਂ ਇਕ ਹਰਨੀ ਦਾ ਸ਼ਿਕਾਰ ਕੀਤਾ, ਜਿਸ ਦੇ ਪੇਟ ਵਿਚ ਅਜੇ ਇਕ ਬੱਚਾ ਸੀ। ਇਸ ਘਟਨਾ ਨਾਲ ਮਨ ਤੇ ਡੂੰਘਾ ਅਸਰ ਪਿਆ ਤੇ ਆਪ ਬੈਰਾਗੀ ਸੰਤ ਬਣ ਗਏ। ਹਰਨੀ ਦੇ ਸ਼ਿਕਾਰ ਵਾਲੀ ਥਾਂ ਹੁਣ ਹਰਨੀ ਨਗਰ ਵਸਿਆ ਹੋਇਆ ਹੈ। ਨਾਮ ਵੀ ਬਦਲ ਗਿਆ ਤੇ ਮਾਧੋ ਦਾਸ ਬੈਰਾਗੀ ਦੇ ਨਾਮ ਨਾਲ ਵਿਚਰਨ ਲਗ ਪਏ। ਦੇਸ਼ ਭਰ ਵਿਚ ਚੱਕਰ ਲਾਇਆ ਤੇ ਕਈ ਸੰਤ ਸਾਧੂਆਂ ਦੇ ਡੇਰਿਆਂ ਤੇ ਜਾ ਕੇ ਰਹੇ, ਪਰ ਕਿਧਰੇ ਵੀ ਮਨ ਨਾ ਟਿਕਿਆ। ਫਿਰ ਕੇ ਅਖ਼ੀਰ ਨਾਸਕ ਦੇ ਨੇੜੇ ਗੁਦਾਵਰੀ ਦਰਿਆ ਦੇ ਕੰਢੇ ਤੇ ਪਹੁੰਚ ਗਏ ਤੇ ਬਜ਼ੁਰਗ ਜੋਗੀ ਅਮਰ ਨਾਥ ਪਾਸ

ਰਹਿਣ ਲਗ ਪਏ। ਉਹਦੀ ਮੌਤ ਹੋ ਜਾਣ ਪਿਛੋਂ ਨਾਦੇੜ ਚਲੇ ਗਏ ਤੇ ਉਥੇ ਹੀ ਡੇਰਾ ਲਾ ਲਿਆ। ਉਥੇ ਆਪ ਕਰਾਮਾਤਾਂ ਵੀ ਦਿਖਾਉਂਦੇ ਤੇ ਲੋਕਾਂ ਨੂੰ ਪ੍ਰਭਾਵਤ ਕਰਦੇ ਰਹੇ।

ਸਤੰਬਰ 1708 ਵਿਚ ਗੁਰੂ ਗੋਬਿੰਦ ਸਿੰਘ ਜੀ ਆਪ ਦੇ ਡੇਰੇ ਪਹੁੰਚੇ। ਗੁਰੂ ਸਾਹਿਬ ਦੇ ਦਰਸ਼ਨ ਕਰ ਕੇ ਤੇ ਫਿਰ ਬਚਨ ਬਿਲਾਸ ਪਿਛੋਂ ਮਾਧੋ ਦਾਸ ਬੈਰਾਗੀ ਨੇ ਇਛਾ ਪ੍ਰਗਟ ਕੀਤੀ ਕਿ ਮੈਨੂੰ ਵੀ ਆਪਣਾ ਸਿੱਖ ਬਣਾ ਲਿਆ ਜਾਵੇ। ਗੁਰੂ ਸਾਹਿਬ ਜਾਣਦੇ ਸਨ ਕਿ ਮਾਧੋ ਦਾਸ ਬੈਰਾਗੀ ਨੇ ਆਪਣੇ ਜੀਵਨ ਵਿਚ ਇਤਨੇ ਗੁਣ ਪੈਦਾ ਕਰ ਲਏ ਹਨ ਕਿ ਜੇਕਰ ਇਹਨਾਂ ਨੂੰ ਯੋਗ ਪਾਸੇ ਢਾਲਿਆ ਜਾਵੇ ਅਥਵਾ ਠੀਕ ਵਰਤੋਂ ਕੀਤੀ ਜਾਏ ਤਾਂ ਦੇਸ਼ ਤੇ ਕੌਮ ਦਾ ਭਲਾ ਹੋ ਸਕਦਾ ਹੈ ਤੇ ਇਹ ਸ਼ਕਤੀ ਵਿਗੜੀ ਸੰਵਾਰਨ ਵਿਚ ਲਾਭਦਾਇਕ ਸਿਧ ਹੋ ਸਕਦੀ ਹੈ। ਮਾਧੋ ਦਾਸ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਤੇ ਨਾਮ ਬੰਦਾ ਸਿੰਘ ਰੱਖ ਦਿੱਤਾ ਗਿਆ।*

ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਤੀਰ, ਇਕ ਨਿਸ਼ਾਨ ਸਾਹਿਬ ਤੇ ਇਕ ਨਗਾਰਾ ਦੇ ਕੇ ਬੰਦਾ ਸਿੰਘ ਨੂੰ ਹਦਾਇਤ ਕੀਤੀ ਕਿ ਉਹ ਪੰਜਾਬ ਚਲਾ ਜਾਏ ਤੇ ਸਿੱਖਾਂ ਦੇ ਜ਼ੁਲਮ ਵਿਰੁੱਧ ਘੋਲ ਵਿਚ ਉਹਨਾਂ ਦੀ ਅਗਵਾਈ ਕਰੇ। ਬਾਜ ਸਿੰਘ, ਬਿਨੋਦ ਸਿੰਘ ਤੇ ਕਾਹਨ ਸਿੰਘ ਆਦਿ ਪੰਜ ਸਿੰਘਾਂ ਨੂੰ ਉਹਦਾ ਸਲਾਹਕਾਰ ਨਿਯਤ ਕਰ ਕੇ ਭੇਜ ਦਿਤਾ।

ਬੰਦਾ ਸਿੰਘ ਬਹਾਦਰ ਨੇ ਗੁਰੂ ਦਸਮੇਸ਼ ਪਿਤਾ ਦੇ ਹੁਕਮਨਾਮੇ ਪੰਜਾਬ ਵਿਚ ਭੇਜ ਦਿੱਤੇ, ਜਿਨ੍ਹਾਂ ਵਿਚ ਗੁਰੂ ਸਾਹਿਬ ਨੇ ਸਿੱਖਾਂ ਨੂੰ ਕਿਹਾ ਸੀ ਕਿ ਉਹ ਬੰਦਾ ਸਿੰਘ ਬਹਾਦਰ ਨਾਲ ਮਿਲ ਕੇ ਜੱਦੋ-ਜਹਿਦ ਤੇਜ਼ ਕਰ ਦੇਣ। ਬੰਦਾ ਸਿੰਘ ਬਹਾਦਰ ਨੇ ਵੀ ਆਪਣੇ ਵਲੋਂ ਸੁਨੇਹੇ ਭੇਜ ਦਿੱਤੇ ਕਿ ਉਹ ਸਰਹੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਨੂੰ ਸੋਧਣ ਲਈ ਆ ਰਿਹਾ ਹੈ ਜਿਸ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣ ਕੇ ਸ਼ਹੀਦ ਕੀਤਾ ਤੇ ਗੁਰੂ ਗੋਬਿੰਦ ਸਿੰਘ ਦੇ ਪਿਛੇ ਦੋ ਪਠਾਣ ਭੇਜੇ, ਜਿਨ੍ਹਾਂ ਲੁਕ ਕੇ ਵਾਰ ਕੀਤਾ।

ਇਹ ਸੁਨੇਹਾ ਮਿਲਣ ਦੀ ਦੇਰ ਸੀ ਕਿ ਸਾਰੀ ਸਿੱਖ ਕੌਮ ਜੋਸ਼ ਨਾਲ ਉਠ ਖੜੀ ਹੋਈ। ਹਰ ਪਾਸੇ ਤੋਂ ਲੋਕਾਂ ਦੇ ਜਥੇ ਤਿਆਰ ਹੋਣ ਲਗ ਪਏ। ਮਾਝਾ ਤੇ ਮਾਲਵਾ ਉਮਡ ਪਿਆ ਤੇ ਇਉਂ ਜਾਪਣ ਲਗ ਪਿਆ ਜਿਵੇਂ ਸਾਰੇ ਲੋਕਾਂ ਨੇ ਹਥਿਆਰ ਚੁੱਕ ਲਏ ਹਨ ਤੇ ਉਹ ਸਰਹੰਦ ਤੇ ਧਾਵਾ ਕਰਨ ਲਈ ਜਾ ਰਹੇ ਹਨ। ਬਹੁਤ ਸਾਰੇ ਉਘੇ ਆਗੂ ਭਾਈ ਫ਼ਤਹਿ ਸਿੰਘ, ਨਗੀਹਾ ਸਿੰਘ, ਮਾਲੀ ਸਿੰਘ, ਆਲੀ ਸਿੰਘ, ਚੌਧਰੀ ਰਾਮ ਸਿੰਘ ਤੇ ਤਰਲੋਕ ਸਿੰਘ ਸਭ ਜਥੇ ਲੈ ਕੇ ਆ ਗਏ।

ਬਦਾ ਸਿੰਘ ਬਹਾਦਰ ਨੇ ਪੰਜਾਬ ਵਲ ਆ ਕੇ ਸਭ ਤੋਂ ਪਹਿਲਾਂ ਸਮਾਣੇ ਤੇ ਹਮਲਾ ਕੀਤਾ ਤੇ ਬਦਲਾ ਲਿਆ। ਇਥੋਂ ਦੇ ਹੀ ਜਲਾਲੁਦੀਨ ਨੂੰ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਲਈ ਨੌਕਰ ਰੱਖਿਆ ਗਿਆ ਸੀ। ਇਥੋਂ ਘੁਰਮ, ਬਕਰਾ,

* ਕਈਆਂ ਇਤਿਹਾਸਕਾਰਾਂ ਨੇ ਬੰਦਾ ਸਿੰਘ ਦਾ ਅਸਲ ਨਾਮ ਗੁਰਬਖ਼ਸ਼ ਸਿੰਘ ਦਸਿਆ ਹੈ।

ਸ਼ਾਹਬਾਦ ਤੇ ਮੁਸਤਫ਼ਾਬਾਦ ਤੋਂ ਹੁੰਦੇ ਹੋਏ ਕਪੂਰੀ ਪਹੁੰਚ ਗਏ। ਇਥੇ ਲੜਾਈ ਕਰ ਕੇ ਜਿੱਤ ਪ੍ਰਾਪਤ ਕੀਤੀ ਤੇ ਫਿਰ ਸਾਢੌਰੇ ਤੇ ਧਾਵਾ ਕਰ ਦਿਤਾ। ਉਸਮਾਨ ਖ਼ਾਨ ਹਾਕਮ ਸਾਢੌਰੇ ਨੇ ਹਿੰਦੂਆਂ ਤੇ ਬਹੁਤ ਅਤਿਆਚਾਰ ਕੀਤੇ ਸਨ ਤੇ ਗੁਰੂ ਸਾਹਿਬ ਦੀ ਮਦਦ ਕਰਨ ਤੇ ਪੀਰ ਬੁੱਧੂ ਸ਼ਾਹ ਨੂੰ ਸ਼ਹੀਦ ਕੀਤਾ ਸੀ, ਇਸ ਲਈ ਇਹਨੂੰ ਸੋਧਣਾ ਜ਼ਰੂਰੀ ਸੀ।

ਇਸ ਤੋਂ ਪਿਛੋਂ ਸਰਹੰਦ ਤੇ ਹਮਲਾ ਕੀਤਾ ਗਿਆ। ਮਾਝੇ, ਦੁਆਬੇ ਤੇ ਮਾਲਵੇ ਤੋਂ ਬਹੁਤ ਸਾਰੇ ਸਿੰਘ ਪਹੁੰਚ ਚੁਕੇ ਸਨ। ਮੁਕਾਬਲੇ ਲਈ ਵਜ਼ੀਰ ਖ਼ਾਨ ਨੇ ਭੀ ਆਸ ਪਾਸ ਦੇ ਸਭ ਹੁਕਮਰਾਨਾਂ ਦੀਆਂ ਫ਼ੌਜਾਂ ਇਕੱਠੀਆਂ ਕਰ ਲਈਆਂ ਸਨ। 13 ਮਈ 1710 ਈਸਵੀ ਨੂੰ ਜ਼ਬਰਦਸਤ ਲੜਾਈ ਛਿੜ ਪਈ, ਜਿਸ ਵਿਚ ਵਜ਼ੀਰ ਖ਼ਾਨ ਦਾ ਮੁਕਾਬਲਾ ਸਿੱਧਾ ਬਾਜ ਸਿੰਘ ਨਾਲ ਹੋਇਆ, ਪਰ ਫਿਰ ਭਾਈ ਫ਼ਤਹਿ ਸਿੰਘ ਵੀ ਪਹੁੰਚ ਗਏ ਤੇ ਉਨ੍ਹਾਂ ਝਪਟ ਕੇ ਵਜ਼ੀਰ ਖ਼ਾਨ ਦਾ ਤਲਵਾਰ ਨਾਲ ਸਿਰ ਧੜ ਤੋਂ ਵੱਖ ਕਰ ਦਿੱਤਾ। ਵਜ਼ੀਰ ਖ਼ਾਨ ਦੀ ਮੌਤ ਨਾਲ ਉਸਦੀ ਫ਼ੌਜ ਦੇ ਹੌਸਲੇ ਟੁਟ ਗਏ ਤੇ ਉਹ ਮੈਦਾਨ ਛੱਡ ਕੇ ਭੱਜ ਗਈ। ਲੜਾਈ ਸ਼ਹਿਰ ਤੋਂ ਦਸ ਮੀਲ ਬਾਹਰ ਹੋਈ ਤੇ ਦੋ ਦਿਨ ਪਿਛੋਂ ਸਰਹੰਦ ਵਿਚ ਸਿੱਖ ਫ਼ੌਜ ਦਾਖ਼ਲ ਹੋਈ। ਸੁੱਚਾ ਨੰਦ ਵੀ ਇਸੇ ਥਾਂ ਮਾਰਿਆ ਗਿਆ। ਸਿੰਘਾਂ ਨੇ ਸਰਹੰਦ ਦੀ ਇਟ ਨਾਲ ਇਟ ਵਜਾ ਦਿਤੀ। ਇਥੋਂ ਦੋ ਕ੍ਰੋੜ ਰੁਪੇ ਦਾ ਮਾਲ ਨਗਦੀ ਤੇ ਸੋਨਾ ਚਾਂਦੀ ਮਿਲ ਗਿਆ। ਬਾਜ ਸਿੰਘ ਨੂੰ ਸਰਹੰਦ ਦਾ ਗਵਰਨਰ ਨਿਯਤ ਕਰ ਦਿੱਤਾ ਗਿਆ। ਆਲੀ ਸਿੰਘ ਨੂੰ ਡਿਪਟੀ ਗਵਰਨਰ ਲਾਇਆ ਗਿਆ। ਭਾਈ ਫ਼ਤਹਿ ਸਿੰਘ ਨੂੰ ਸਮਾਣਾ ਤੇ ਭਾਈ ਰਾਮ ਸਿੰਘ ਨੂੰ ਥਾਨੇਸਰ ਦਾ ਮੁਖ ਪ੍ਰਬੰਧਕ ਨਿਯਤ ਕਰ ਦਿੱਤਾ ਗਿਆ। ਸਰਹੰਦ ਫ਼ਤਹਿ ਹੋਣ ਨਾਲ ਇਸ ਸਾਰੇ ਸੂਬੇ ਦੇ ਨਿਕੇ ਪ੍ਰਬੰਧਕ ਆਪੇ ਅਧੀਨ ਹੋ ਗਏ। ਕਰਨਾਲ ਤੋਂ ਲੁਧਿਆਣੇ ਤਕ ਇਉਂ ਬੰਦਾ ਸਿੰਘ ਬਹਾਦਰ ਦੀ ਹਕੂਮਤ ਹੋ ਗਈ। ਇਸ ਦਾ ਇਤਨਾ ਚੰਗਾ ਪ੍ਰਭਾਵ ਪਿਆ ਕਿ ਹਜ਼ਾਰਾਂ ਹਿੰਦੂ ਤੇ ਮੁਸਲਮਾਨ ਆਪਣੇ ਆਪ ਸਿੰਘ ਸਜ ਗਏ।

ਬੰਦਾ ਸਿੰਘ ਬਹਾਦਰ ਨੇ ਸਾਢੌਰੇ ਨੇੜੇ ਮੁਖ਼ਲਸਪੁਰ ਨੂੰ ਆਪਣਾ ਹੈੱਡ ਕੁਆਰਟਰ ਬਣਾਇਆ ਤੇ ਗੁਰੂ ਨਾਨਕ ਦੇਵ ਜੀ ਦੇ ਨਾਮ ਦਾ ਨਵਾਂ ਸਿੱਕਾ ਚਾਲੂ ਕਰ ਦਿੱਤਾ। ਸਰਹੰਦ ਦੀ ਫ਼ਤਹਿ ਦੇ ਦਿਨ ਤੋਂ ਨਵਾਂ ਸਾਲ ਤੇ ਸੰਮਤ ਵੀ ਸ਼ੁਰੂ ਕੀਤਾ ਗਿਆ। ਜ਼ਿਮੀਦਾਰੀ ਸਿਸਟਮ ਨੂੰ ਖ਼ਤਮ ਕਰ ਕੇ ਹਲਵਾਹਕਾਂ ਨੂੰ ਹੀ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ ਤੇ ਗ਼ੁਲਾਮਾਂ ਵਾਂਗ ਬੰਦੇ ਰੱਖਣ ਦੇ ਰਿਵਾਜ ਨੂੰ ਖ਼ਤਮ ਕਰ ਦਿਤਾ। ਸਿੱਖਾਂ ਨੂੰ ਡਰ ਵਿਚ ਰਹਿਣ ਦੀ ਅਵਸਥਾ ਤੋਂ ਹੁਕਮਰਾਨ ਬਣਾ ਦਿੱਤਾ ਗਿਆ।

ਫਿਰ ਪੰਜਾਬ ਤੋਂ ਬਾਹਰ ਹਿੰਦੂਆਂ ਸਿੱਖਾਂ ਤੇ ਅਤਿਆਚਾਰ ਕਰਨ ਵਾਲੇ ਹਾਕਮਾਂ ਦੀ ਸੁਧਾਈ ਸ਼ੁਰੂ ਕਰ ਦਿੱਤੀ। ਬੰਦਾ ਸਿੰਘ ਬਹਾਦਰ ਨੇ ਜਮਨਾ ਦਰਿਆ ਨੂੰ ਪਾਰ ਕੀਤਾ ਤੇ ਜਲਾਲਾਬਾਦ ਦੇ ਫ਼ੌਜਦਾਰ ਨੂੰ ਠੀਕ ਕਰਨ ਦੀ ਧਾਰ ਲਈ। ਪਹਿਲਾਂ ਸਹਾਰਨਪੁਰ ਨੂੰ ਫ਼ਤਹਿ ਕੀਤਾ। ਫਿਰ ਬਿਹਾਰ ਦੇ ਪੀਰਜ਼ਾਦੇ ਨੂੰ ਮਾਰਿਆ।

ਜਲੰਧਰ ਦੁਆਬੇ ਦੇ ਹਾਕਮਾਂ ਨੂੰ ਫ਼ਿਕਰ ਪੈ ਗਿਆ ਤੇ ਉਹਨਾਂ ਪਹਿਲਾਂ ਹੀ ਇਸਲਾਮ ਖ਼ਤਰੇ ਦਾ ਨਾਹਰਾ ਲਾ ਕੇ ਮੁਸਲਮਾਨ ਵਸੋਂ ਤੇ ਫ਼ੌਜਾਂ ਇਕੱਠੀਆਂ ਕਰ

ਲਈਆਂ । 12 ਅਕਤੂਬਰ 1710 ਨੂੰ ਬੰਦਾ ਸਿੰਘ ਬਹਾਦਰ ਨੇ ਸਤਲੁਜ ਦਰਿਆ ਪਾਰ ਕੀਤਾ ਤੇ ਪਹਿਲਾਂ ਰਾਹੋਂ ਦੇ ਕਿਲ੍ਹੇ ਨੂੰ ਕਬਜ਼ੇ ਹੇਠ ਲੈ ਲਿਆ । ਉਧਰ ਇਸ ਤੋਂ ਉਤਸ਼ਾਹਤ ਹੋ ਕੇ ਮਾਝੇ ਦੇ ਸਿੰਘਾਂ ਨੇ ਬਟਾਲਾ ਤੇ ਕਲਾਨੌਰ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ । ਉਥੇ ਉਥੇ ਸਿੱਖ ਪ੍ਰਬੰਧਕ ਲਾ ਦਿੱਤੇ ਗਏ । ਫਿਰ ਸਠਿਆਲਾ ਫ਼ਤਹਿ ਕਰ ਕੇ ਪਠਾਨਕੋਟ ਵਲ ਲੰਘ ਗਏ ।

ਹਾਲਤ ਇਥੋਂ ਤਕ ਅਪੜ ਗਈ ਕਿ ਲਾਹੌਰ ਦਾ ਗਵਰਨਰ ਸੱਯਦ ਇਸਲਾਮ ਖ਼ਾਨ ਡਰ ਦੇ ਮਾਰੇ ਬਾਹੱਰ ਹੀ ਨਹੀਂ ਸੀ ਨਿਕਲਦਾ । ਸਾਰਾ ਮਾਝਾ ਵੀ ਅਮਲੀ ਤੌਰ ਤੇ ਸਿੰਘਾਂ ਦੇ ਕਬਜ਼ੇ ਵਿਚ ਆ ਚੁਕਿਆ ਸੀ ।

ਦਿੱਲੀ ਦੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਜਦ ਸਿੰਘਾਂ ਦੀ ਫ਼ਤਹਿ ਦੀਆਂ ਖ਼ਬਰਾਂ ਮਿਲੀਆਂ ਤਾਂ ਉਸ ਦਿੱਲੀ ਤੇ ਅਵਧ ਦੇ ਸੂਬੇਦਾਰਾਂ, ਮੁਰਾਦਾਬਾਦ ਤੇ ਅਲਾਹਾਬਾਦ ਦੇ ਨਾਜ਼ਮਾਂ ਤੇ ਬਰਹਾ ਦੇ ਸਯਦਾਂ ਨੂੰ ਤੁਰਤ ਪੰਜਾਬ ਵਲ ਫ਼ੌਜਾਂ ਲੈ ਕੇ ਪਹੁੰਚਣ ਦਾ ਹੁਕਮ ਦੇ ਦਿੱਤਾ । ਸਾਰਾ ਸ਼ਾਹੀ ਲਸ਼ਕਰ ਪੰਜਾਬ ਵਲ ਆ ਗਿਆ । ਸਾਢੌਰੇ ਨੇੜੇ ਬੰਦਾ ਸਿੰਘ ਬਹਾਦਰ ਨੇ ਸ਼ਾਹੀ ਫ਼ੌਜ ਤੇ ਹਮਲਾ ਕਰ ਕੇ ਬਹੁਤ ਸਾਰਾ ਨੁਕਸਾਨ ਕਰ ਦਿੱਤਾ ਪਰ ਸ਼ਾਹੀ ਫ਼ੌਜ ਬਹੁਤ ਜ਼ਿਆਦਾ ਹੋਣ ਕਾਰਨ ਸਿਖ ਫ਼ੌਜ ਨੂੰ ਪਿਛੇ ਹਟਣਾ ਪਿਆ । ਬੰਦਾ ਸਿੰਘ ਬਹਾਦਰ ਪਹਾੜਾਂ ਵਿਚ ਚਲੇ ਗਏ ।

ਉਥੋਂ ਜਾ ਕੇ ਸਿੰਘਾਂ ਨੂੰ ਫਿਰ ਚਿੱਠੀਆਂ ਲਿਖੀਆਂ ਤੇ ਭਾਰੀ ਗਿਣਤੀ ਵਿਚ ਸਿੱਖ ਕੀਰਤਪੁਰ ਸਾਹਿਬ ਪਹੁੰਚ ਗਏ ਤੇ ਉਥੋਂ ਬੰਦਾ ਸਿੰਘ ਬਹਾਦਰ ਨੇ ਪਹਾੜੀ ਰਾਜਿਆਂ ਦੀ ਸੁਧਾਈ ਸ਼ੁਰੂ ਕਰ ਦਿੱਤੀ । ਰਾਜਾ ਭੀਮ ਚੰਦ ਨੂੰ ਲਿਖ ਭੇਜਿਆ ਕਿ ਉਹ ਈਨ ਮੰਨ ਲਏ, ਪਰ ਜਦ ਉਹਨੇ ਇਨਕਾਰ ਕੀਤਾ ਤਾਂ ਬਿਲਾਸਪੁਰ ਤੇ ਹਮਲਾ ਕਰ ਕੇ ਉਹਨੂੰ ਖ਼ਤਮ ਕਰ ਦਿੱਤਾ ਗਿਆ । ਬਾਕੀ ਰਾਜਿਆਂ ਨੇ ਆਪੇ ਹਥਿਆਰ ਸੁਟ ਦਿੱਤੇ । ਮੰਡੀ, ਕੁੱਲੂ ਤੇ ਚੰਬੇ ਦੇ ਰਾਜੇ ਗੁਰੂ ਨਾਨਕ ਨਾਮ ਲੇਵਾ ਬਣ ਗਏ ਤੇ ਬੰਦਾ ਸਿੰਘ ਬਹਾਦਰ ਦੀ ਮਦਦ ਕਰਨ ਲਗ ਪਏ ।

4 ਜੂਨ 1711 ਨੂੰ ਜੰਮੂ ਦੇ ਫ਼ੌਜਦਾਰ ਨੂੰ ਹਾਰ ਦਿਤੀ ਤੇ ਗੁਰਦਾਸਪੁਰ ਦੇ ਇਲਾਕੇ ਫ਼ਤਹਿ ਕਰ ਲਏ ਪਰ ਭਾਰੀ ਗਿਣਤੀ ਵਿਚ ਸ਼ਾਹੀ ਫ਼ੌਜ ਪਹੁੰਚ ਜਾਣ ਤੇ ਬੰਦਾ ਸਿੰਘ ਬਹਾਦਰ ਜੰਮੂ ਵਲ ਲੰਘ ਗਿਆ । ਮੁਗਲ ਹਾਕਮਾਂ ਨੇ ਹੁਕਮ ਦੇ ਦਿੱਤਾ ਕਿ ਜਿਥੇ ਵੀ ਕੋਈ ਸਿੱਖ ਦੇਖਿਆ ਜਾਏ, ਉਸ ਨੂੰ ਉਸੇ ਥਾਂ ਤੇ ਹੀ ਮਾਰ ਦਿੱਤਾ ਜਾਏ ।

ਬਹਾਦਰ ਸ਼ਾਹ ਦੇ ਮਰਨ-ਪਿਛੋਂ ਦਿੱਲੀ ਦੇ ਮੁਗਲ ਤਖ਼ਤ ਤੇ ਜਹਾਂਦਾਦ ਖ਼ਾਨ ਬੈਠਾ, ਪਰ ਥੋੜ੍ਹੇ ਚਿਰ ਪਿਛੋਂ ਹੀ ਫ਼ਰਖ਼ਸੀਅਰ ਉਸ ਨੂੰ ਤਖ਼ਤ ਤੋਂ ਲਾਹ ਕੇ ਆਪ ਬਾਦਸ਼ਾਹ ਬਣ ਗਿਆ । ਇਸ ਗੜਬੜ ਤੇ ਰਾਜ ਗੱਦੀ ਦੇ ਝਗੜੇ ਤੋਂ ਲਾਭ ਉਠਾਉਣ ਲਈ ਬੰਦਾ ਸਿੰਘ ਬਹਾਦਰ ਫਿਰ ਮੈਦਾਨ ਵਿਚ ਨਿਤਰਿਆ ਤੇ ਪੰਜਾਬ ਫ਼ਤਹਿ ਕਰਦਾ ਹੋਇਆ ਮੁੜ ਕੇ ਸਾਢੌਰੇ ਪਹੁੰਚ ਗਿਆ ਤੇ ਲੋਹਗੜ੍ਹ ਕਿਲੇ ਤੇ ਕਬਜ਼ਾ ਕਰ ਕੇ ਰਾਜ ਦਾ ਕੰਮ ਸੰਭਾਲ ਲਿਆ । ਫ਼ਰਖ਼ਸੀਅਰ ਨੇ ਅਬਦੁਸ ਸਮਦ ਖ਼ਾਨ ਨੂੰ ਲਾਹੌਰ ਦਾ ਗਵਰਨਰ ਤੇ ਉਹਦੇ ਪੁੱਤਰ ਜ਼ਕਰੀਆ ਖ਼ਾਨ ਨੂੰ ਜੰਮੂ ਦਾ ਪ੍ਰਬੰਧਕ ਬਣਾ ਕੇ ਭੇਜਿਆ

ਪਰ ਨਾਲ ਪੱਕੀ ਕੀਤੀ ਕਿ ਉਹ ਬੰਦਾ ਸਿੰਘ ਬਹਾਦਰ ਨੂੰ ਹਰ ਹਾਲਤ ਵਿਚ ਖ਼ਤਮ ਕਰਨ। ਉਹਨਾਂ ਦੇ ਹਮਲੇ ਕਰਕੇ ਬੰਦਾ ਸਿੰਘ ਬਹਾਦਰ ਮੁੜ ਜੰਮੂ ਵਲ ਚਲਾ ਗਿਆ।

1715 ਈਸਵੀ ਦੇ ਸ਼ੁਰੂ ਵਿਚ ਬੰਦਾ ਸਿੰਘ ਬਹਾਦਰ ਮੁੜ ਪੰਜਾਬ ਵਲ ਆਇਆ। ਬਟਾਲਾ ਤੇ ਕਲਾਨੌਰ ਤੇ ਕਬਜ਼ਾ ਕਰ ਲਿਆ। ਫ਼ਰਖ਼ਸੀਅਰ ਬਹੁਤ ਔਖਾ ਹੋਇਆ ਤੇ ਉਸ ਨੇ ਬਹੁਤ ਸਾਰੇ ਫ਼ੌਜਦਾਰ ਤੇ ਸੂਬੇਦਾਰ ਫ਼ੌਜਾਂ ਦੇ ਕੇ ਭੇਜ ਦਿਤੇ। ਗੁਰਦਾਸ ਨੰਗਲ ਪਿੰਡ ਵਿਚ ਦੋਹਾਂ ਪਾਸਿਆਂ ਦਾ ਟਾਕਰਾ ਹੋ ਗਿਆ। ਇਕ ਹਵੇਲੀ ਵਿਚ ਬੰਦਾ ਸਿੰਘ ਬਹਾਦਰ ਦੀ ਫ਼ੌਜ ਨੂੰ ਕਾਫੀ ਸਮਾਂ ਰਹਿਣਾ ਪਿਆ। ਪਾਣੀ, ਰਾਸ਼ਨ, ਤੇ ਘਾਹ ਪੱਠੇ ਲਈ ਤੰਗੀ ਹੋ ਗਈ। ਫ਼ੌਜ ਨਾਲ ਮੁਕਾਬਲਾ ਕਰ ਕੇ ਬਾਹਰੋਂ ਚੀਜ਼ਾਂ ਲਿਆਉਣ ਦਾ ਪ੍ਰਬੰਧ ਕੀਤਾ ਜਾਂਦਾ ਪਰ ਤੰਗੀ ਦੀ ਹਾਲਤ ਇਸ ਹਦ ਤਕ ਅਪੜ ਗਈ ਕਿ ਘੋੜਿਆਂ ਦਾ ਮਾਸ ਵੀ ਖਾਣਾ ਪਿਆ। ਅਠ ਮਹੀਨੇ ਦੇ ਘੇਰੇ ਪਿਛੋਂ ਅਖ਼ੀਰ 17 ਦਸੰਬਰ 1715 ਈਸਵੀ ਨੂੰ ਮੁਗ਼ਲ ਫ਼ੌਜ ਨੇ ਗੜ੍ਹੀ ਤੇ ਕਬਜ਼ਾ ਕਰ ਲਿਆ ਤੇ ਬੰਦਾ ਸਿੰਘ ਬਹਾਦਰ ਗ੍ਰਿਫ਼ਤਾਰ ਕਰ ਲਿਆ ਗਿਆ।

ਅਬਦੁਸ ਸਮਦ ਖ਼ਾਨ ਬੰਦਾ ਸਿੰਘ ਬਹਾਦਰ ਨੂੰ ਕੈਦੀ ਬਣਾ ਕੇ ਲਾਹੌਰ ਲੈ ਗਿਆ ਤੇ ਉਥੇ ਜਲੂਸ ਕਢਿਆ। ਬੰਦਾ ਸਿੰਘ ਬਹਾਦਰ ਨੂੰ ਸਰੀਰ ਤੇ ਚਾਰ ਥਾਂ ਸੰਗਲਾਂ ਨਾਲ ਬੰਨ੍ਹ ਕੇ ਪਿੰਜਰੇ ਵਿਚ ਪਾ ਕੇ ਲਾਹੌਰ ਤੋਂ ਦਿੱਲੀ ਭੇਜ ਦਿੱਤਾ ਗਿਆ। ਨਾਲ 740 ਹੋਰ ਸਿੱਖ ਫੜ ਕੇ ਤੇ ਦੋ ਹਜ਼ਾਰ ਸ਼ਹੀਦ ਸਿੱਖਾਂ ਦੇ ਸਿਰ ਬਰਛਿਆਂ ਤੇ ਟੰਗ ਕੇ ਭੇਜੇ ਗਏ।

20 ਫ਼ਰਵਰੀ 1716 ਈਸਵੀ ਨੂੰ ਉਹ ਦਿੱਲੀ ਪਹੁੰਚੇ ਤੇ ਉਥੇ ਵੀ ਉਨ੍ਹਾਂ ਨੂੰ ਗਲੀਆਂ ਬਜ਼ਾਰਾਂ ਵਿਚੋਂ ਜਲੂਸ ਬਣਾ ਕੇ ਲੰਘਾਇਆ ਗਿਆ। ਕੈਦੀ ਹੋਣ ਦੇ ਬਾਵਜੂਦ ਬੰਦਾ ਸਿੰਘ ਬਹਾਦਰ ਦਾ ਚਿਹਰਾ ਖਿੜਿਆ, ਲਾਲ, ਭਖਦਾ ਤੇ ਰੋਹਬ ਵਾਲਾ ਸੀ। ਉਹਨੂੰ ਫੜੇ ਜਾਣ ਤੇ ਮੌਤ ਦੀ ਸਜ਼ਾ ਮਿਲਣ ਦੀ ਰਤੀ ਭਰ ਵੀ ਚਿੰਤਾ ਨਹੀਂ ਸੀ। ਲੱਖਾਂ ਲੋਕ ਇਸ ਬਹਾਦਰ ਜਰਨੈਲ ਦੇ ਦਰਸ਼ਨ ਕਰਨ ਲਈ ਸੜਕ ਦੇ ਦੋਵੇਂ ਪਾਸੇ ਜੁੜੇ ਸਨ।

ਦਿੱਲੀ ਸਟੇਸ਼ਨ ਦੇ ਸਾਹਮਣੇ ਜਿਥੇ ਅੱਜ ਕਲ੍ਹ ਹਾਰਡਿੰਗ ਲਾਇਬ੍ਰੇਰੀ ਹੈ, ਇਥੇ 5 ਮਾਰਚ 1716 ਨੂੰ ਸਿੱਖਾਂ ਦਾ ਕਤਲਾਮ ਸ਼ੁਰੂ ਕੀਤਾ ਗਿਆ। ਰੋਜ਼ ਸੌ ਸਿੱਖ ਸ਼ਹੀਦ ਕੀਤੇ ਜਾਂਦੇ। ਫਿਰ 8 ਜੂਨ 1716 ਨੂੰ ਬੰਦਾ ਸਿੰਘ ਬਹਾਦਰ ਦੀ ਵਾਰੀ ਆ ਗਈ। ਕੁਤਬ ਮੀਨਾਰ ਨੇੜੇ ਖ਼ਵਾਜਾ ਕੁਤਬਦੀਨ ਬਖ਼ਤਾਵਰ ਕਾਕੀ ਦੇ ਮਕਬਰੇ ਪਾਸ ਲਿਜਾ ਕੇ ਪੁਛਿਆ ਗਿਆ ਕਿ ਇਸਲਾਮ ਤੇ ਮੌਤ ਵਿਚੋਂ ਕਿਹੜੀ ਚੀਜ਼ ਪਸੰਦ ਕਰੋਗੇ?

ਜਦ ਬੰਦਾ ਸਿੰਘ ਨੇ ਮੌਤ ਦਾ ਰਾਹ ਚੁਣ ਲਿਆ ਤਾਂ ਉਸਦੇ ਪੁੱਤਰ ਦੇ ਟੁਕੜੇ ਟੁਕੜੇ ਕਰ ਕੇ ਉਹਦਾ ਦਿਲ ਕਢ ਕੇ ਜ਼ਬਰਦਸਤੀ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਪਾ ਦਿਤਾ। ਉਹਨਾਂ ਭਾਣਾ ਮਿੱਠਾ ਕਰ ਕੇ ਮੰਨਿਆ। ਪੁੱਤਰ ਦੇ ਟੁਕੜੇ ਸਾਹਮਣੇ ਹੁੰਦੇ ਵੇਖ ਕੇ ਵੀ ਅਹਿੱਲ ਰਹੇ। ਇਸ ਤੇ ਉਹਨਾਂ ਦੀ ਸੱਜੀ ਅੱਖ ਕੱਢ ਦਿਤੀ ਗਈ। ਫਿਰ ਖੱਬੀ ਅੱਖ ਕੱਢ ਦਿਤੀ ਗਈ। ਫਿਰ ਹੱਥ, ਪੈਰ, ਲੱਤਾਂ ਵਢੀਆਂ ਗਈਆਂ। ਇਸ ਤੋਂ ਪਿਛੋਂ ਜਮੂਰ ਗਰਮ ਕਰ ਕੇ ਸਰੀਰ ਦਾ ਮਾਸ ਨੋਚਿਆ ਗਿਆ

ਤੇ ਇਸ ਤੋਂ ਪਿਛੋਂ ਤਲਵਾਰ ਮਾਰ ਕੇ ਸਿਰ ਧੜ ਤੋਂ ਵੱਖ ਕੀਤਾ ਗਿਆ। ਸਮੇਂ ਦੇ ਸਾਰੇ ਇਤਿਹਾਸਕਾਰ ਲਿਖਦੇ ਹਨ ਕਿ ਬੰਦਾ ਸਿੰਘ ਬਹਾਦਰ ਅਡੋਲ ਬੈਠਾ ਪੂਰਨ ਸ਼ਾਂਤੀ ਨਾਲ ਸਾਰੇ ਤਸੀਹੇ ਬਰਦਾਸ਼ਤ ਕਰਦਾ ਅਖ਼ੀਰ ਸ਼ਹੀਦੀ ਪ੍ਰਾਪਤ ਕਰ ਗਿਆ।

1970 ਈਸਵੀ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਬੰਦਾ ਸਿੰਘ ਬਹਾਦਰ ਦੇ ਮਹਿਰੋਲੀ ਵਿਚ ਸ਼ਹੀਦੀ ਅਸਥਾਨ ਦੀ ਖੋਜ ਕਰ ਕੇ ਉਸ ਅਸਥਾਨ ਤੇ ਸ਼ਾਨਦਾਰ ਗੁਰਦੁਆਰਾ ਉਸਾਰਨ ਦਾ ਕਾਰਜ ਸ਼ੁਰੂ ਕਰ ਦਿੱਤਾ। ਪਹਿਲਾਂ ਕੇਵਲ ਉਸ ਵੱਡੇ ਦਰਵਾਜ਼ੇ ਦੇ ਪਿਲਰ ਤੇ ਪ੍ਰਕਾਸ਼ ਕੀਤਾ ਗਿਆ ਤੇ ਫਿਰ ਆਸੇ ਪਾਸੇ ਦੇ ਪਲਾਟ ਤੇ ਮਕਾਨ ਖ਼ਰੀਦ ਕੇ ਬਾਬਾ ਹਰਬੰਸ ਸਿੰਘ ਦੇ ਕਾਰ-ਸੇਵਾ ਵਾਲੇ ਜਥੇ ਨੇ ਇਸ ਸ਼ਹੀਦੀ ਅਸਥਾਨ ਤੇ ਦੋ ਮੰਜ਼ਲਾ ਗੁਰਦੁਆਰਾ ਉਸਾਰ ਦਿਤਾ। ਹੁਣ ਇਸ ਸ਼ਹੀਦੀ ਅਸਥਾਨ ਦਾ ਪ੍ਰਬੰਧ ਦਿੱਲੀ ਗੁਰਦੁਆਰਾ ਕਮੇਟੀ ਕਰ ਰਹੀ ਹੈ। ਹਰ ਸਾਲ ਦਿੱਲੀ ਦੀਆਂ ਸਿੱਖ ਸੰਗਤਾਂ ਬੰਦਾ ਬਹਾਦਰ ਦੇ ਸ਼ਹੀਦੀ ਦਿਨ ਤੇ ਜੋੜ ਮੇਲਾ ਕਰਦੀਆਂ ਹਨ ਤੇ ਬੰਦਈ ਸਿੱਖ ਸੰਪਰਦਾ ਦੇ ਜਥੇ ਦੇਸ਼ ਭਰ ਤੋਂ ਇਸ ਸ਼ਹੀਦੀ ਅਸਥਾਨ ਦੀ ਯਾਤਰਾ ਲਈ ਆਉਂਦੇ ਹਨ।

ਭਾਈ ਤਾਰਾ ਸਿੰਘ ਜੀ

ਸਿੱਖ ਸ਼ਹੀਦਾਂ ਦੇ ਇਤਿਹਾਸ ਵਿਚ ਭਾਈ ਤਾਰਾ ਸਿੰਘ ਜੀ ਦਾ ਮਹਾਨ ਸਥਾਨ ਹੈ, ਕਿਉਂਕਿ ਇਹਨਾਂ ਦੀ ਕੁਰਬਾਨੀ ਨੇ ਸਿੱਖ ਕੌਮ ਨੂੰ ਅਜਿਹਾ ਹਲੂਣਾ ਦਿੱਤਾ, ਦਿਲਾਂ ਅੰਦਰ ਅਜਿਹਾ ਤੂਫ਼ਾਨ ਉਠਿਆ ਕਿ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿਛੋਂ ਕੌਮ ਵਿਚ ਪੈਦਾ ਹੋਈ ਫੁਟ ਤੇ ਨਿਰਾਸਤਾ ਦੂਰ ਹੋ ਗਈ ਤੇ ਸਾਰੀ ਕੌਮ ਨੇ ਉਠ ਕੇ ਸਰਕਾਰ ਦੇ ਜ਼ਾਲਮ ਹਾਕਮਾਂ ਨਾਲ ਟੱਕਰ ਲੈਣੀ ਸ਼ੁਰੂ ਕਰ ਦਿੱਤੀ ਤੇ ਓਦੋਂ ਤਕ ਆਰਾਮ ਨਾਲ ਨਹੀਂ ਬੈਠੇ ਜਦ ਤਕ ਕਿ ਦੇਸ਼ ਵਿਚੋਂ ਜ਼ੁਲਮੀ ਰਾਜ ਜੜ੍ਹਾਂ ਤੋਂ ਪੁਟ ਕੇ ਨਹੀਂ ਸੁਟ ਦਿਤਾ ਗਿਆ। ਭਾਈ ਤਾਰਾ ਸਿੰਘ ਮਹਾਨ ਸ਼ਹੀਦ, ਉਘੇ ਪਰਉਪਕਾਰੀ, ਨਿਡਰ ਸਿੰਘ, ਪੂਰਨ ਸੰਤ ਸਿਪਾਹੀ ਤੇ ਮਨੁੱਖੀ ਦਰਦ ਦੇ ਪੁਤਲੇ ਸਨ। ਇਸੇ ਲਈ ਕੌਮ ਅਜਿਹੇ ਮਹਾਂਪੁਰਖਾਂ ਦੀ ਸ਼ਹੀਦੀ ਤੋਂ ਪ੍ਰਭਾਵਤ ਹੋਈ ਤੇ ਇਹਨਾਂ ਦੇ ਡੁਲ੍ਹੇ ਸ਼ਹੀਦੀ ਲਹੂ ਨੇ ਦੇਸ਼ ਤੇ ਕੌਮ ਦਾ ਇਤਿਹਾਸ ਬਦਲ ਕੇ ਰੱਖ ਦਿੱਤਾ।

ਭਾਈ ਤਾਰਾ ਸਿੰਘ ਮਾਝੇ ਦੇ ਪਿੰਡ ਵਾਂ ਦੇ ਰਹਿਣ ਵਾਲੇ ਸਨ। ਆਪਣੀ ਜ਼ਮੀਨ ਤੇ ਮਿਹਨਤ ਕਰ ਕੇ ਕਿਰਤ ਕਮਾਈ ਕਰਦੇ ਤੇ ਆਉਂਦੇ ਜਾਂਦੇ ਸਿੰਘਾਂ ਦੀ ਸੇਵਾ ਕਰ ਕੇ ਖ਼ੁਸ਼ ਹੁੰਦੇ। ਜ਼ਮੀਨ ਵਿਚ ਇਹਨਾਂ ਪਿੰਡ ਤੋਂ ਬਾਹਰ ਇਕ ਬੁਰਜ ਬਣਵਾਇਆ ਹੋਇਆ ਸੀ, ਜਿਥੇ ਸਿੰਘ ਆ ਕੇ ਠਹਿਰ ਸਕਦੇ ਸਨ। ਭਾਈ ਤਾਰਾ ਸਿੰਘ ਉਹਨਾਂ ਨੂੰ ਪ੍ਰਸ਼ਾਦਿ ਛਕਾਂਦੇ, ਰਾਤ ਆਰਾਮ ਕਰਨ ਵਾਸਤੇ ਮੰਜੇ ਬਿਸਤਰੇ ਦੇਂਦੇ ਅਤੇ ਲੋੜਵੰਦ ਸਿੰਘਾਂ ਦੀ ਮਾਇਆ ਤੇ ਬਸਤਰਾਂ ਨਾਲ ਸੇਵਾ ਵੀ ਕਰਦੇ। ਇਉਂ ਕਹਿ ਲਓ ਕਿ ਮਾਝੇ ਵਿਚ ਭਾਈ ਤਾਰਾ ਸਿੰਘ ਦਾ ਡੇਰਾ ਸਿੰਘਾਂ ਦਾ ਇਕ ਚੰਗਾ ਕੇਂਦਰ ਸੀ।

ਵਾਂ ਪਿੰਡ ਨੁਸ਼ਹਿਰੇ ਦੇ ਨੇੜੇ ਹੈ। ਨੁਸ਼ਹਿਰਾ ਉਹਨਾਂ ਦਿਨਾਂ ਵਿਚ ਇਲਾਕੇ ਦੇ ਮੁਖੀ ਸਾਹਿਬ ਰਾਏ ਦਾ ਕੇਂਦਰ ਸੀ। ਸਾਹਿਬ ਰਾਏ ਇਲਾਕੇ ਦਾ ਸਰਕਾਰ ਵਲੋਂ ਨਿਯਤ ਕੀਤਾ ਨੰਬਰਦਾਰ ਸੀ। ਗ਼ਰੀਬਾਂ ਦਾ ਵੈਰੀ ਤੇ ਲੋਕ ਹਿਤਾਂ ਦਾ ਦੁਸ਼ਮਣ ਸੀ। ਇਸ ਨੇ ਵੱਡੇ ਹਾਕਮਾਂ ਨਾਲੋਂ ਵੀ ਵਧ ਕੇ ਲੋਕਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਇਹਦੇ ਡੰਗਰ ਘੋੜੇ ਤੇ ਗਾਂਵਾਂ ਮੱਝਾਂ ਖੁਲ੍ਹੀਆਂ ਖੇਤਾਂ ਵਿਚ ਛੱਡ ਦਿੱਤੀਆਂ ਜਾਂਦੀਆਂ ਪਰ ਗ਼ਰੀਬ ਕਿਸਾਨਾਂ ਨੂੰ ਹੌਸਲਾ ਨਹੀਂ ਸੀ ਪੈਂਦਾ ਕਿ ਉਹਦੇ ਡੰਗਰਾਂ ਨੂੰ ਮਾਰਨ ਜਾਂ ਖੇਤਾਂ ਵਿਚੋਂ ਕੱਢਣ। ਲੋਕ ਤਾਂ ਡਰਦੇ ਮਾਰੇ ਉਚੇ ਸਾਹ ਨਹੀਂ ਸਨ ਲੈਂਦੇ ਪਰ ਜੋ ਅੰਮ੍ਰਿਤ ਛਕ ਕੇ ਸਿੰਘ ਸਜ ਗਏ, ਉਹ ਨਿਡਰ ਹੋ ਗਏ।

ਸਿੰਘਾਂ ਨੇ ਜਾ ਕੇ ਸਾਹਿਬ ਰਾਏ ਨੂੰ ਕਿਹਾ ਕਿ ਉਹ ਆਪਣੇ ਡੰਗਰਾਂ ਦਾ ਪ੍ਰਬੰਧ ਕਰੇ। ਇਸ ਤਰ੍ਹਾਂ ਖੇਤ ਉਜਾੜਨੇ ਠੀਕ ਨਹੀਂ। ਜਿਨ੍ਹਾਂ ਗ਼ਰੀਬਾਂ ਦਾ ਨਿਰਭਰ ਖੇਤੀ ਤੇ ਹੀ ਹੈ ਉਹਨਾਂ ਤੇ ਤਰਸ ਕਰ ਕੇ ਇਹ ਕਾਰਵਾਈ ਰੋਕੀ ਜਾਏ। ਪਰ ਸਾਹਿਬ ਰਾਏ ਨੂੰ ਉਲਟਾ ਗੁੱਸਾ ਲੱਗਾ। ਉਹਨੇ ਧਮਕੀ ਦਿੱਤੀ ਕਿ ਮੈਂ ਵੱਡੇ ਹਾਕਮਾਂ ਨੂੰ ਕਹਿ

ਕੇ ਤੁਹਾਨੂੰ ਇਸ ਗੁਸਤਾਖ਼ੀ ਦਾ ਮਜ਼ਾ ਚਖਾਵਾਂਗਾ। ਤੁਸੀਂ ਹੁੰਦੇ ਕੌਣ ਹੋ, ਜਿਹੜੇ ਆ ਕੇ ਮੇਰੇ ਨਾਲ ਇਸ ਤਰ੍ਹਾਂ ਗੱਲ ਕਰਨ ਦੀ ਹਿੰਮਤ ਕਰੋ। ਸਿੰਘ ਇਸ ਤੋਂ ਦੁਖੀ ਹੋ ਕੇ ਪਿੰਡ ਛੱਡ ਕੇ ਚਲੇ ਗਏ, ਕਿਉਂਕਿ ਉਥੇ ਰਹਿਣ ਦਾ ਭਾਵ ਗ਼ਰੀਬੀ ਤੇ ਭੁੱਖ ਵਿਚ ਮਰਨਾ ਸੀ। ਭਾਈ ਤਾਰਾ ਸਿੰਘ ਨੂੰ ਜਦੋਂ ਇਸ ਉਜਾੜੇ ਦਾ ਪਤਾ ਲੱਗਾ ਤਾਂ ਉਹਨਾਂ ਨੇ ਸਭ ਸਿੰਘਾਂ ਨੂੰ ਸੱਦ ਕੇ ਆਪਣੇ ਪਾਸ ਟਿਕਾਣਾ ਦਿੱਤਾ ਕਿ ਜਦ ਤਕ ਤੁਹਾਡਾ ਪ੍ਰਬੰਧ ਨਹੀਂ ਹੁੰਦਾ ਤੁਸੀਂ ਇਥੇ ਹੀ ਰਹਿ ਸਕਦੇ ਹੋ।

ਕੁਝ ਦਿਨਾਂ ਪਿਛੋਂ ਸਾਹਿਬ ਰਾਏ ਦੀਆਂ ਘੋੜੀਆਂ ਗੁਆਚ ਗਈਆਂ। ਉਹਨੂੰ ਸ਼ੱਕ ਪੈ ਗਿਆ ਕਿ ਉਹਦੇ ਪਿੰਡ ਤੋਂ ਗਏ ਸਿੱਖ ਕਿਸਾਨਾਂ ਹੀ ਚੁਰਾਈਆਂ ਹੋਣਗੀਆਂ। ਉਹਨੇ ਭਾਈ ਤਾਰਾ ਸਿੰਘ ਨੂੰ ਸੁਨੇਹਾ ਭੇਜਿਆ ਕਿ ਉਹ ਇਹਨਾਂ ਸਭ ਸਿੱਖਾਂ ਨੂੰ ਉਹਦੇ ਹਵਾਲੇ ਕਰ ਦੇਣ ਤਾਂਕਿ ਇਹਨਾਂ ਨੂੰ ਕਾਜ਼ੀ ਦੇ ਪੇਸ਼ ਕਰ ਕੇ ਸਜ਼ਾ ਦਿੱਤੀ ਜਾ ਸਕੇ। ਭਾਈ ਤਾਰਾ ਸਿੰਘ ਨੇ ਸਿੰਘ ਉਹਦੇ ਹਵਾਲੇ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ।

ਸਾਹਿਬ ਰਾਏ ਨੇ ਪੱਟੀ ਦੇ ਫ਼ੌਜਦਾਰ ਜਾਫ਼ਰ ਬੇਗ਼ ਪਾਸ ਜਾ ਕੇ ਸ਼ਕਾਇਤ ਕੀਤੀ ਕਿ ਭਾਈ ਤਾਰਾ ਸਿੰਘ ਪੁਰਾਣਾ ਬਾਗ਼ੀ ਹੈ। ਇਲਾਕੇ ਦੇ ਸਾਰੇ ਚੋਰ, ਡਾਕੂ ਤੇ ਹੋਰ ਭੈੜੇ ਆਦਮੀ ਇਹਦੇ ਪਾਸ ਆ ਕੇ ਠਹਿਰਦੇ ਹਨ। ਉਹ ਡਾਕੇ ਮਾਰ ਕੇ ਆਉਂਦੇ ਹਨ ਤੇ ਭਾਈ ਤਾਰਾ ਸਿੰਘ ਉਹਨਾਂ ਨੂੰ ਸ਼ਰਨ ਦਿੰਦਾ ਹੈ। ਇਸ ਭਾਈ ਤਾਰਾ ਸਿੰਘ ਨੂੰ ਸਜ਼ਾ ਦੇਣੀ ਚਾਹੀਦੀ ਹੈ। ਜਾਫ਼ਰ ਬੇਗ਼ ਨੇ ਬਿਨਾਂ ਪੜਤਾਲ ਕੀਤੇ ਭਾਈ ਤਾਰਾ ਸਿੰਘ ਤੇ ਹਮਲਾ ਕਰਨ ਦਾ ਹੁਕਮ ਕਰ ਦਿੱਤਾ। ਕੁਝ ਸੌ ਫ਼ੌਜੀ ਲੈ ਕੇ ਜਾਫ਼ਰ ਬੇਗ਼ ਦਾ ਭਤੀਜਾ ਪਿੰਡ ਵਾਂ ਤੇ ਚੜ੍ਹ ਪਿਆ। ਉਹਨੇ ਫ਼ੈਸਲਾ ਕੀਤਾ ਕਿ ਰਾਤ ਦੇ ਹਨੇਰੇ ਵਿਚ ਉਹ ਜਾ ਕੇ ਬੁਰਜ ਤੇ ਕਬਜ਼ਾ ਕਰ ਲਏਗਾ, ਪਰ ਪਿੰਡ ਦੇ ਬਾਹਰਵਾਰ ਸ: ਬਘੇਲ ਸਿੰਘ ਮਿਲ ਪਿਆ, ਜੋ ਇਕ ਪਹਿਰ ਰਾਤ ਰਹਿੰਦੇ ਹੀ ਕੁਹਾੜਾ ਲੈ ਕੇ ਜੰਗਲ ਵਿਚੋਂ ਲਕੜੀਆਂ ਵਢਣ ਜਾ ਰਿਹਾ ਸੀ। ਸ: ਬਘੇਲ ਸਿੰਘ ਨੇ ਦੇਖਿਆ ਕਿ ਇਹ ਤੁਰਕ ਫ਼ੌਜੀ ਆ ਰਹੇ ਹਨ। ਉਹ ਤੁਰਤ ਸਮਝ ਗਿਆ ਕਿ ਇਹਨਾਂ ਭਾਈ ਤਾਰਾ ਸਿੰਘ ਦੇ ਡੇਰੇ ਤੇ ਪੈਣਾ ਹੈ, ਇਸ ਲਈ ਉਹਨੇ ਪਹਿਲਾਂ ਹੀ ਲਲਕਾਰ ਕੇ ਬਿਜਲੀ ਦੀ ਫੁਰਤੀ ਨਾਲ ਹਮਲਾ ਕਰ ਦਿੱਤਾ ਤੇ ਕੁਹਾੜੇ ਦੇ ਪਹਿਲੇ ਵਾਰ ਨਾਲ ਜਾਫ਼ਰ ਬੇਗ਼ ਦੇ ਭਤੀਜੇ ਨੂੰ ਖ਼ਤਮ ਕਰ ਦਿੱਤਾ ਤੇ ਜਦੋਂ ਦੂਜਾ ਭਤੀਜਾ ਅਗੇ ਆਇਆ ਤਾਂ ਉਹਨੂੰ ਵੀ ਪਾਰ ਬੁਲਾ ਦਿੱਤਾ। ਇਕ ਫ਼ੌਜੀ ਦੇ ਵਾਰ ਨਾਲ ਸ: ਬਘੇਲ ਸਿੰਘ ਜ਼ਖ਼ਮੀ ਹੋ ਕੇ ਡਿਗ ਪਿਆ, ਪਰ ਇਸ ਟੱਕਰ ਤੇ ਰੌਲੇ ਦਾ ਲਾਭ ਇਹ ਹੋਇਆ ਕਿ ਭਾਈ ਤਾਰਾ ਸਿੰਘ ਤੇ ਉਹਨਾਂ ਦੇ ਸਾਥੀ ਸਾਵਧਾਨ ਹੋ ਗਏ ਤੇ ਹਥਿਆਰ ਸਾਂਭ ਲਏ। ਆਪ ਜਾਫ਼ਰ ਬੇਗ਼ ਭਤੀਜਿਆਂ ਦੇ ਮਰ ਜਾਣ ਕਾਰਨ ਇਤਨਾ ਮਾਯੂਸ ਹੋ ਗਿਆ ਕਿ ਬਿਨਾਂ ਲੜਾਈ ਪਰਤ ਗਿਆ। ਕੁਝ ਇਤਿਹਾਸਕਾਰ ਲਿਖਦੇ ਹਨ ਕਿ ਇਸ ਸਮੇਂ ਲੜਾਈ ਹੋਈ ਜਿਸ ਵਿਚ ਜਾਫ਼ਰ ਬੇਗ਼ ਨੂੰ ਹਾਰ ਹੋਈ।

ਜਾਫ਼ਰ ਬੇਗ਼ ਨੇ ਵਾਪਸ ਜਾ ਕੇ ਲਾਹੌਰ ਦੇ ਗਵਰਨਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੂੰ ਭਰ ਕੇ ਰਿਪੋਰਟ ਕੀਤੀ ਜਿਸ ਵਿਚ ਲਿਖਿਆ ਕਿ ਜੇਕਰ ਤੁਰਤ ਕਾਬੂ ਨਾ ਕੀਤਾ ਗਿਆ ਤਾਂ ਤਾਰਾ ਸਿੰਘ ਕਿਸੇ ਦਿਨ ਲਾਹੌਰ 'ਤੇ ਕਬਜ਼ਾ ਕਰ ਲਵੇਗਾ। ਉਹ

ਇਲਾਕੇ ਵਿਚ ਸਾਰੇ ਬਾਗੀ ਇਕੱਠੇ ਕਰ ਰਿਹਾ ਹੈ। ਜ਼ਕਰੀਆ ਖ਼ਾਨ ਨੇ ਸਭ ਤੋਂ ਵੱਧ ਜ਼ਾਲਮ ਮੋਮਨ ਖ਼ਾਨ ਜਰਨੈਲ ਨੂੰ ਚਾਰ ਹਜ਼ਾਰ ਫ਼ੌਜ ਦੇ ਕੇ ਭੇਜ ਦਿੱਤਾ। ਸਾਰੇ ਦੇਸ਼ ਵਿਚ ਇਹ ਗੱਲ ਅੱਗ ਵਾਂਗ ਫੈਲ ਗਈ। ਕੁਝ ਲੋਕ ਭਾਈ ਤਾਰਾ ਸਿੰਘ ਪਾਸ ਆਏ ਤੇ ਸਲਾਹ ਦਿੱਤੀ ਕਿ ਉਹ ਪਿੰਡ ਛੱਡ ਕੇ ਜੰਗਲਾਂ ਵਿਚ ਜਾ ਕੇ ਛੁਪ ਜਾਣ ਪਰ ਉਹਨਾਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਇਹ ਮੁਗਲ ਰਾਜ ਦੇਸ਼ ਲਈ ਲਾਹਨਤ ਹੈ ਤੇ ਅਸੀਂ ਇਸ ਦਾ ਮੁਕਾਬਲਾ ਕਰਨਾ ਹੈ। ਉਹਨਾਂ ਤੁਰਤ ਸਾਰੇ ਸਿੰਘਾਂ ਨੂੰ ਇਕੱਠਾ ਕਰ ਕੇ ਕਿਹਾ ਕਿ ਸ਼ਾਹੀ ਫ਼ੌਜ ਹਮਲਾ ਕਰਨ ਆ ਰਹੀ ਹੈ। ਜੋ ਜਾਣਾ ਚਾਹੁੰਦੇ ਹਨ ਆਪਣੀ ਜਾਨ ਬਚਾ ਲੈਣ ਪਰ ਮੈਂ ਤਾਂ ਜ਼ੁਲਮੀ ਪਹਾੜ ਨਾਲ ਟੱਕਰ ਲੈ ਕੇ ਪਿਛੇ ਨਹੀਂ ਹਟ ਸਕਦਾ। ਕੋਈ ਸਿੰਘ ਵੀ ਉਹਨਾਂ ਨੂੰ ਛੱਡ ਕੇ ਜਾਣ ਲਈ ਤਿਆਰ ਨਹੀਂ ਸੀ, ਇਸ ਲਈ 4 ਸੌ ਸਿੰਘਾਂ ਨੇ ਆਪਣੇ ਹਥਿਆਰ ਠੀਕ ਕਰ ਕੇ ਫੜ ਲਏ ਤੇ ਦੁਸ਼ਮਣ ਦਾ ਟਾਕਰਾ ਕਰਨ ਲਈ ਅੱਗੇ ਵਧੇ। ਭਾਵੇਂ ਲਾਹੌਰ ਤੋਂ ਆਈ ਫ਼ੌਜ ਹਜ਼ਾਰਾਂ ਦੀ ਗਿਣਤੀ ਵਿਚ ਸੀ ਤੇ ਸਿੰਘ ਅਗੋਂ ਸੈਂਕੜੇ ਹੀ ਸਨ ਪਰ ਸਿੰਘਾਂ ਦੇ ਦਿਲਾਂ ਦੀ ਦ੍ਰਿੜ੍ਹਤਾ, ਸ਼ਹੀਦੀ ਪਾਣ ਦਾ ਉਤਸ਼ਾਹ, ਜ਼ੁਲਮ ਨਾਲ ਟੱਕਰ ਲੈਣ ਦੀ ਪਰਬਲ ਇਛਾ ਇਹਨਾਂ ਨੂੰ ਬਲਵਾਨ ਬਣਾ ਰਹੀ ਸੀ।

ਬੜੀ ਜ਼ਬਰਦਸਤ ਲੜਾਈ ਹੋਈ। ਗੋਲੀਆਂ, ਤੀਰਾਂ, ਬਰਛਿਆਂ ਤੇ ਤਲਵਾਰਾਂ ਸਭ ਨਾਲ ਮੁਕਾਬਲਾ ਹੋਇਆ। ਲਾਹੌਰ ਫ਼ੌਜ ਨਾਲ ਆਏ ਬਹੁਤ ਸਾਰੇ ਜਰਨੈਲ ਵੀ ਮਾਰੇ ਗਏ ਤੇ ਇਧਰ ਭਾਈ ਤਾਰਾ ਸਿੰਘ ਦੇ ਸਾਥੀ ਵੀ ਹੌਲੀ ਹੌਲੀ ਸ਼ਹੀਦ ਹੁੰਦੇ ਗਏ। ਜਦ ਭਾਈ ਤਾਰਾ ਸਿੰਘ ਜੀ ਇਕੱਲੇ ਰਹਿ ਗਏ ਤਾਂ ਉਹ ਸ਼ੇਰ ਦੀ ਤਰ੍ਹਾਂ ਝਪਟ ਕੇ ਵੈਰੀ ਦੀ ਫ਼ੌਜ ਵਿਚ ਵੜ ਗਏ ਤੇ ਅਨੇਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਫਿਰ ਉਹ ਮੋਮਨ ਖ਼ਾਨ ਤਕ ਪਹੁੰਚ ਗਏ ਜੋ ਹਾਥੀ ਤੇ ਫ਼ੌਜ ਦੀ ਕਮਾਨ ਕਰ ਰਿਹਾ ਸੀ। ਹਾਥੀ ਦੀ ਉਚਾਈ ਤਕ ਪਹੁੰਚਣਾ ਮੁਸ਼ਕਲ ਸੀ ਪਰ ਉਥੇ ਆਸ ਪਾਸ ਖੜ੍ਹੇ ਦੂਜੇ ਫ਼ੌਜੀਆਂ ਨਾਲ ਲੜਦੇ ਅਖ਼ੀਰ ਸ਼ਹੀਦ ਹੋ ਗਏ। ਇਹ ਸਾਕਾ ਫ਼ਰਵਰੀ 1727 ਈਸਵੀ ਦਾ ਹੈ ਜਦ ਭਾਈ ਤਾਰਾ ਸਿੰਘ ਜੀ ਨੇ ਮੁਕਾਬਲਾ ਕਰਦਿਆਂ ਸ਼ਹੀਦੀ ਪ੍ਰਾਪਤ ਕੀਤੀ।

ਭਾਈ ਮਨੀ ਸਿੰਘ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਮਨੀ ਸਿੰਘ, ਸੁਨਾਮ ਨੇੜੇ ਕੈਬੋਵਾਲ ਪਿੰਡ ਦੇ ਦੂਲਟ ਜੱਟ ਚੌਧਰੀ ਕਾਲੇ ਦੇ ਪੁੱਤਰ ਸਨ। ਪੰਜ ਸਾਲ ਦੀ ਉਮਰ ਦੇ ਸਨ ਜਦ ਪਿਤਾ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਚੜ੍ਹਾ ਦਿਤਾ ਤੇ ਇਹ ਗੁਰੂ ਸਾਹਿਬ ਦੇ ਹਜ਼ੂਰ ਹੀ ਸਾਰੀ ਉਮਰ ਰਹੇ। ਗੁਰੂ ਗੋਬਿੰਦ ਸਿੰਘ ਜੀ ਨਾਲ ਹੀ ਲੜਦੇ ਰਹੇ। 1699 ਵਿਚ ਅੰਮ੍ਰਿਤਪਾਨ ਕਰ ਕੇ ਸਿੰਘ ਸਜ ਗਏ। 1704 ਈ: ਨੂੰ ਕਲਗੀਧਰ ਪਾਤਸ਼ਾਹ ਦੀ ਆਗਿਆ ਨਾਲ ਮਾਤਾ ਸੁੰਦਰੀ ਤੇ ਸਾਹਿਬ ਕੌਰ ਨਾਲ ਦਿੱਲੀ ਚਲੇ ਗਏ। ਮੁੜ ਦਮਦਮੇ ਸਾਹਿਬ ਸਾਬੋ ਕੀ ਤਲਵੰਡੀ ਆ ਗਏ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਨਵੇਂ ਸਿਰਿਓਂ ਲਿਖਾਈ ਕੀਤੀ ਜਿਸ ਨੂੰ ਦਮਦਮੀ ਬੀੜ ਕਹਿੰਦੇ ਹਨ। ਮਾਤਾ ਸੁੰਦਰੀ ਜੀ ਦੀ ਆਗਿਆ ਤੇ ਸਰਪ੍ਰਸਤੀ ਹੇਠ ਦਸਮੇਸ਼ ਪਿਤਾ ਦੀ ਰਚਨਾ ਇਕੱਤਰ ਕਰ ਕੇ ਦਸਮ ਗ੍ਰੰਥ ਤਿਆਰ ਕੀਤਾ।

ਬਾਬਾ ਬੰਦਾ ਬਹਾਦਰ ਦੀ ਸ਼ਹੀਦੀ ਪਿਛੋਂ ਸਿੰਘਾਂ ਵਿਚ ਵਿਚਾਰਕ ਮਤਭੇਦ ਪੈਦਾ ਹੋ ਗਏ। ਤੱਤ ਖ਼ਾਲਸਾ ਤੇ ਬੰਦਈ ਖ਼ਾਲਸਾ ਵਿਚਕਾਰ ਟੱਕਰ ਤੇਜ਼ ਹੋ ਗਈ ਤਾਂ ਝਗੜਾ ਨਬੇੜਨ ਲਈ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਦਿੱਲੀ ਤੋਂ ਅੰਮ੍ਰਿਤਸਰ ਭੇਜਿਆ। ਭਾਈ ਮਨੀ ਸਿੰਘ ਜੀ ਦਾ ਸਾਰਾ ਖ਼ਾਲਸਾ ਪੰਥ ਬੇ-ਹੱਦ ਸਤਿਕਾਰ ਕਰਦਾ ਸੀ। ਜਦ ਉਹ ਅੰਮ੍ਰਿਤਸਰ ਆ ਗਏ ਤਾਂ ਦੋਹਾਂ ਧੜਿਆਂ ਨੇ ਹੀ ਇੱਛਾ ਪ੍ਰਗਟ ਕੀਤੀ ਕਿ ਤੁਸੀਂ ਦਰਬਾਰ ਸਾਹਿਬ ਦਾ ਪ੍ਰਬੰਧ ਤੇ ਜ਼ਿੰਮੇਵਾਰੀ ਆਪ ਸੰਭਾਲ ਲਉ। ਭਾਈ ਮਨੀ ਸਿੰਘ ਜੀ ਦੇ ਯਤਨਾਂ ਨਾਲ ਤੱਤ ਖ਼ਾਲਸਾ ਤੇ ਬੰਦਈ ਖ਼ਾਲਸਾ ਵਿਚਕਾਰ ਝਗੜਾ ਖ਼ਤਮ ਹੋ ਗਿਆ। ਭਾਈ ਮਨੀ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਲਗ ਗਏ। ਨਾਲ ਹੀ ਆਪ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੀ ਥਾਪ ਦਿਤੇ ਗਏ। ਇਥੇ ਰਹਿ ਕੇ ਆਪ ਨੇ ਖ਼ਾਲਸਾ ਪੰਥ ਵਿਚ ਆ ਗਈਆਂ ਕੁਰੀਤੀਆਂ ਦੂਰ ਕਰਨ ਲਈ ਉਪਰਾਲੇ ਕੀਤੇ ਤੇ ਕੌਮ ਨੂੰ ਗੁਰੂ ਸਾਹਿਬ ਦੇ ਦਿਤੇ ਉਪਦੇਸ਼ ਠੀਕ ਅਰਥਾਂ ਵਿਚ ਸਮਝਾਏ।

ਭਾਈ ਮਨੀ ਸਿੰਘ ਬੜੇ ਵੱਡੇ ਵਿਦਵਾਨ ਸਨ। ਜੇ ਇਹ ਕਿਹਾ ਜਾਏ ਕਿ ਭਾਈ ਗੁਰਦਾਸ ਤੋਂ ਪਿਛੋਂ ਆਪ ਹੀ ਵੱਡੇ ਸਿੱਖ ਵਿਦਵਾਨ ਹੋਏ ਹਨ ਤਾਂ ਇਹਦੇ ਵਿਚ ਕੋਈ ਅਤਿਕਥਨੀ ਨਹੀਂ। ਆਪ ਮਹਾਨ ਧਾਰਮਕ ਆਗੂ ਤੇ ਸਾਹਿਤਕਾਰ ਵੀ ਸਨ। 'ਗਿਆਨ ਰਤਨਾਵਲੀ' ਤੇ 'ਭਗਤ ਰਤਨਾਵਲੀ' ਆਪ ਦੀਆਂ ਦੋ ਬਹੁ-ਮੁਲੀਆਂ ਪੁਸਤਕਾਂ ਹਨ ਜਿਨ੍ਹਾਂ ਵਿਚ ਆਪ ਨੇ ਗੁਰਮਤ ਫਿਲਾਸਫੀ ਨੂੰ ਬੜੇ ਸੋਹਣੇ ਢੰਗ ਨਾਲ ਵਾਰਤਕ ਰੂਪ ਵਿਚ ਪੇਸ਼ ਕੀਤਾ। ਪੁਰਾਣੇ ਪੰਜਾਬੀ ਵਾਰਤਕ ਸਾਹਿਤ ਵਿਚ ਇਹ ਦੋਵੇਂ ਰਚਨਾਵਾਂ ਬਹੁਤ ਵਿਸ਼ੇਸ਼ਤਾ ਰੱਖਦੀਆਂ ਹਨ।

ਜ਼ਕਰੀਆ ਖ਼ਾਨ ਪੰਜਾਬ ਦਾ ਗਵਰਨਰ ਬਣਿਆ ਤਾਂ ਉਹਨੇ ਸਿੱਖਾਂ ਤੇ ਸਖ਼ਤੀ ਵਧਾ ਦਿੱਤੀ। ਘਰਾਂ ਵਿਚ ਸਿੱਖਾਂ ਦਾ ਰਹਿਣਾ ਅਸੰਭਵ ਬਣਾ ਦਿਤਾ। ਸਿੰਘ ਜਥੇ ਬਣਾ ਕੇ ਜੰਗਲਾਂ ਤੇ ਝੱਲਾਂ ਵਿਚ ਰਹਿੰਦੇ ਤੇ ਸਰਕਾਰ ਨਾਲ ਟੱਕਰ ਲੈਂਦੇ। ਨਵਾਬ ਕਪੂਰ ਸਿੰਘ ਜੀ ਦੀ ਅਗਵਾਈ ਵਿਚ ਸਿੰਘਾਂ ਨੇ ਜ਼ਕਰੀਆ ਖ਼ਾਨ ਦਾ ਕਾਫੀਆ ਤੰਗ ਕਰ ਦਿਤਾ। ਜ਼ਕਰੀਆ ਖ਼ਾਨ ਨੇ ਗੁਰਦੁਆਰੇ ਢਾਹੁਣੇ ਸ਼ੁਰੂ ਕਰ ਦਿਤੇ। ਕਈ ਗੁਰਦੁਆਰਿਆਂ ਨੂੰ ਮਸੀਤਾਂ ਵਿਚ ਬਦਲ ਦਿਤਾ ਗਿਆ। ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦੁਆਲੇ ਪਹਿਰਾ ਲਾ ਦਿਤਾ ਗਿਆ ਤਾਂ ਕਿ ਕੋਈ ਅੰਦਰ ਨਾ ਆ ਸਕੇ। ਇਸ ਸਮੇਂ ਭਾਈ ਮਨੀ ਸਿੰਘ ਦੀ ਮਹਾਨ ਸ਼ਖ਼ਸੀਅਤ ਨੇ ਆਪਣੇ ਕੁਝ ਮੁਸਲਮਾਨ ਮਿੱਤਰਾਂ ਦੇ ਮਿਲਵਰਤਣ ਨਾਲ ਦਰਬਾਰ ਸਾਹਿਬ ਤੋਂ ਪਹਿਰਾ ਹਟਵਾ ਲਿਆ।

ਫਿਰ ਭਾਈ ਮਨੀ ਸਿੰਘ ਨੇ ਦੇਖਿਆ ਕਿ ਸਰਕਾਰ ਦੀਆਂ ਸਖ਼ਤੀਆਂ ਕਰਕੇ ਬਹੁਤ ਘੱਟ ਸਿੱਖ ਦਰਬਾਰ ਸਾਹਿਬ ਆਉਂਦੇ ਹਨ। ਉਹਨਾਂ ਨੇ ਅੰਮ੍ਰਿਤਸਰ ਦੇ ਹਾਕਮ ਅਬਦੁੱਲਾ ਖ਼ਾਨ ਨਾਲ ਗੱਲ ਕੀਤੀ ਤੇ ਉਹਨੂੰ ਪੁਛਿਆ ਕਿ ਅਸੀਂ ਦੀਵਾਲੀ ਤੇ ਇਥੇ ਸਿੰਘਾਂ ਦਾ ਭਾਰੀ ਇਕੱਠ ਕਰਨਾ ਚਾਹੁੰਦੇ ਹਾਂ, ਤੁਸੀਂ ਆਗਿਆ ਦੇ ਦਿਓ। ਉਹਨੇ ਜ਼ਕਰੀਆ ਖ਼ਾਨ ਨਾਲ ਗੱਲਬਾਤ ਕਰਕੇ ਇਸ ਸ਼ਰਤ ਤੇ ਆਗਿਆ ਦੇ ਦਿੱਤੀ ਕਿ ਮੇਲੇ ਸਮੇਂ ਸਰਕਾਰ ਨੂੰ ਦਸ ਹਜ਼ਾਰ ਰੁਪਏ ਦਿਤੇ ਜਾਣਗੇ।

ਭਾ: ਮਨੀ ਸਿੰਘ ਜੀ ਕੌਮ ਵਿਚ ਇਕ ਨਵੀਂ ਲਹਿਰ ਪੈਦਾ ਕਰਨ ਲਈ ਵੱਡਾ ਇਕੱਠ ਕਰਨਾ ਚਾਹੁੰਦੇ ਸਨ। ਉਹਨਾਂ ਨੇ ਹਰ ਪਾਸੇ ਚਿੱਠੀਆਂ ਭੇਜ ਦਿਤੀਆਂ ਕਿ ਸਭ ਸਿੰਘ ਅੰਮ੍ਰਿਤਸਰ ਪਹੁੰਚਣ। ਇਸ ਸੱਦੇ ਦਾ ਚੰਗਾ ਅਸਰ ਹੋਇਆ। ਲੋਕੀਂ ਤਿਆਰੀਆਂ ਕਰਨ ਲੱਗ ਪਏ ਤੇ ਭਾਈ ਮਨੀ ਸਿੰਘ ਜੀ ਨੂੰ ਆਸ ਤੋਂ ਵੱਧ ਉਤਸ਼ਾਹ ਦੀਆਂ ਇਤਲਾਹਾਂ ਮਿਲੀਆਂ

ਉਧਰ ਜ਼ਕਰੀਆ ਖ਼ਾਨ ਨੂੰ ਜਦੋਂ ਸਿੰਘਾਂ ਦੇ ਉਤਸ਼ਾਹ ਦੀ ਖ਼ਬਰ ਮਿਲੀ ਤਾਂ ਉਹਦੀ ਨੀਅਤ ਬਦਲ ਗਈ। ਉਹਨੇ ਸਾਜ਼ਸ਼ ਤਿਆਰ ਕੀਤੀ ਕਿ ਜਦੋਂ ਸਿੰਘ ਅੰਮ੍ਰਿਤਸਰ ਆ ਕੇ ਜੁੜਨ ਤਾਂ ਉਸ ਸਮੇਂ ਤਕੜਾ ਫ਼ੌਜੀ ਹਮਲਾ ਕਰ ਕੇ ਸਭ ਨੂੰ ਕਤਲ ਕਰ ਦਿੱਤਾ ਜਾਏ। ਉਹਨੇ ਬਹੁਤ ਸਾਰੀ ਫ਼ੌਜ ਅੰਮ੍ਰਿਤਸਰ ਭੇਜ ਦਿਤੀ ਤੇ ਹੁਕਮ ਦਿਤਾ ਕਿ ਇਕ ਵੀ ਸਿੰਘ ਬਚ ਕੇ ਨਹੀਂ ਜਾਣਾ ਚਾਹੀਦਾ। ਖ਼ੁਸ਼ਕਿਸਮਤੀ ਨਾਲ ਉਹਦੀ ਫ਼ੌਜ ਅੰਮ੍ਰਿਤਸਰ ਪਹੁੰਚਣ ਤੋਂ ਪਹਿਲਾਂ ਹੀ ਭਾਈ ਮਨੀ ਸਿੰਘ ਨੂੰ ਉਹਦੀ ਸਾਜ਼ਸ਼ ਦਾ ਪਤਾ ਲਗ ਗਿਆ ਤੇ ਇਕ ਵੀ ਸਿੰਘ ਅੰਮ੍ਰਿਤਸਰ ਵਿਚ ਨਾ ਰਿਹਾ। ਜ਼ਕਰੀਆ ਖ਼ਾਨ ਨੂੰ ਬਹੁਤ ਗੁੱਸਾ ਲੱਗਾ ਅਤੇ ਉਹਨੇ ਭਾਈ ਮਨੀ ਸਿੰਘ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿਤਾ। ਜਦ ਭਾਈ ਮਨੀ ਸਿੰਘ ਜੀ ਨੂੰ ਜ਼ਕਰੀਆ ਖ਼ਾਨ ਅੱਗੇ ਪੇਸ਼ ਕੀਤਾ ਗਿਆ ਤਾਂ ਉਹਨੇ ਦਸ ਹਜ਼ਾਰ ਰੁਪਏ ਮੰਗੇ। ਭਾਈ ਮਨੀ ਸਿੰਘ ਨੇ ਕਿਹਾ ਕਿ ਚੜ੍ਹਾਵਾ ਆਉਂਦਾ ਤਾਂ ਦਿਤਾ ਜਾਂਦਾ। ਤੁਸੀਂ ਸਾਡਾ ਇਕੱਠ ਹੋਣ ਹੀ ਨਹੀਂ ਦਿੱਤਾ, ਇਸ ਲਈ ਰਕਮ ਕਿਉਂ ਦਿਤੀ ਜਾਏ। ਜਦ ਇਨਕਾਰ ਕੀਤਾ ਤਾਂ ਜ਼ਕਰੀਆ ਖ਼ਾਨ ਨੇ ਕਿਹਾ ਕਿ ਇਹ ਰਕਮ ਇਕੋ ਹਾਲਤ ਵਿਚ ਮਾਫ਼ ਕੀਤੀ ਜਾ ਸਕਦੀ ਹੈ, ਜੇਕਰ ਤੁਸੀਂ ਇਸਲਾਮ ਵਿਚ ਸ਼ਾਮਲ ਹੋ ਜਾਓ। ਭਾਈ ਮਨੀ ਸਿੰਘ ਨੇ ਕਿਹਾ ਕਿ

ਮੈਂ ਆਪਣੇ ਗੁਰੂ ਦਾ ਪੱਲਾ ਕਿਸੇ ਕੀਮਤ ਤੇ ਵੀ ਨਹੀਂ ਛਡ ਸਕਦਾ। ਇਸ ਤੇ ਆਪ ਦਾ ਕੇਸ ਮੌਲਵੀਆਂ ਦੇ ਪੇਸ਼ ਕੀਤਾ ਗਿਆ, ਜਿਨ੍ਹਾਂ ਨੇ ਬੰਦ ਬੰਦ ਕਟ ਕੇ ਕਤਲ ਕਰਨ ਦਾ ਫਤਵਾ ਦਿਤਾ। ਭਾਈ ਮਨੀ ਸਿੰਘ ਨੇ ਖਿੜੇ ਮੱਥੇ ਇਹ ਕੁਰਬਾਨੀ ਦੇਣ ਦਾ ਨਿਸਚਾ ਕਰ ਲਿਆ।

ਜਦ ਜੱਲਾਦ ਲੱਤ ਕੱਟਣ ਲਗਾ ਤਾਂ ਭਾਈ ਮਨੀ ਸਿੰਘ ਨੇ ਕਿਹਾ ਕਿ ਤੈਨੂੰ ਬੰਦ ਬੰਦ ਕੱਟਣ ਦਾ ਹੁਕਮ ਹੋਇਆ ਹੈ, ਇਸ ਲਈ ਅੰਗ ਅੰਗ ਵਖ ਕਰ। ਟੋਕੇ ਨਾਲ ਇਕ ਇਕ ਜੋੜ ਕਟਿਆ ਗਿਆ। ਭਾਈ ਮਨੀ ਸਿੰਘ ਨੇਤਰ ਬੰਦ ਕਰ ਕੇ ਪਾਠ ਕਰੀ ਜਾ ਰਹੇ ਸਨ ਤੇ ਪਹਿਲਾਂ ਪੋਟੇ, ਫਿਰ ਉਂਗਲਾਂ ਤੇ ਫਿਰ ਸਰੀਰ ਦੇ ਬਾਕੀ ਹਿੱਸੇ ਵਢ ਕੇ ਆਪ ਨੂੰ 1738 ਈਸਵੀ ਵਿਚ ਸ਼ਹੀਦ ਕਰ ਦਿਤਾ ਗਿਆ। ਇਸੇ ਸ਼ਹੀਦੀ ਸਦਕਾ ਕੌਮ ਵਿਚ ਅਜੇਹਾ ਜੋਸ਼ ਪੈਦਾ ਹੋਇਆ ਕਿ ਸਿੰਘਾਂ ਨੇ ਮੈਦਾਨ ਵਿਚ ਨਿਕਲ ਕੇ ਮਿਸਲਾਂ ਬਣਾ ਲਈਆਂ ਤੇ ਅਖ਼ੀਰ ਰਾਜ ਪਲਟ ਕੇ ਰੱਖ ਦਿਤਾ।

ਭਾਈ ਬੋਤਾ ਸਿੰਘ

ਅਠਾਰਵੀਂ ਸਦੀ ਵਿਚ ਸਿੱਖਾਂ ਨੇ ਜਿਵੇਂ ਜ਼ੁਲਮ ਦਾ ਟਾਕਰਾ ਕੀਤਾ ਤੇ ਤਸੀਹੇ ਸਹਿ ਕੇ ਵੀ ਆਪਣਾ ਧਰਮ ਤੇ ਫ਼ਰਜ਼ ਨਿਭਾਹਿਆ ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ। ਬੰਦ ਬੰਦ ਕਟਾਣ, ਬੱਚਿਆਂ ਦੇ ਟੁਕੜੇ ਕਰਾ ਕੇ ਗਲਾਂ ਵਿਚ ਹਾਰ ਪਵਾਉਣ, ਚਰਖੜੀਆਂ ਤੇ ਚੜ੍ਹਨ, ਖੋਪੜੀਆਂ ਉਤਰਵਾਣ ਤੇ ਹੋਰ ਅਨੇਕਾਂ ਪ੍ਰਕਾਰ ਦੇ ਜ਼ੁਲਮ ਸਹਿਣ ਦੀਆਂ ਬਹੁਤੀਆਂ ਘਟਨਾਵਾਂ ਅਠਾਰਵੀਂ ਸਦੀ ਵਿਚ ਹੀ ਵਾਪਰੀਆਂ। ਇਕ ਪਾਸੇ ਜ਼ੁਲਮ ਨੇ ਆਪਣਾ ਸਿਖ਼ਰ ਛੋਹਿਆ ਤੇ ਦੂਜੇ ਪਾਸੇ ਸਿੱਖਾਂ ਦੀਆਂ ਕੁਰਬਾਨੀਆਂ ਵੀ ਟੀਸੀ ਤੇ ਅਪੜੀਆਂ।

1726 ਈਸਵੀ ਨੂੰ ਜ਼ਕਰੀਆ ਖ਼ਾਨ ਲਾਹੌਰ ਦਾ ਗਵਰਨਰ ਨਿਯਤ ਕੀਤਾ ਗਿਆ। ਇਹ ਉਸੇ ਅਬਦੁਸ ਸਮਦ ਖ਼ਾਨ ਦਾ ਪੁੱਤਰ ਸੀ ਜਿਸ ਨੇ ਬੰਦਾ ਸਿੰਘ ਬਹਾਦਰ ਦਾ ਕਈ ਸਾਲ ਟਾਕਰਾ ਕੀਤਾ ਤੇ ਅਖ਼ੀਰ ਉਸ ਸ਼ੇਰ-ਮਰਦ ਨੂੰ ਗੁਰਦਾਸ ਨੰਗਲ ਤੋਂ ਗ੍ਰਿਫ਼ਤਾਰ ਕਰ ਕੇ ਦਿੱਲੀ ਭਿਜਵਾਇਆ। ਜ਼ਕਰੀਆ ਖ਼ਾਨ, ਜੋ ਇਤਿਹਾਸ ਵਿਚ ਖ਼ਾਨ ਬਹਾਦਰ ਕਰਕੇ ਪ੍ਰਸਿਧ ਹੈ, ਨੇ ਆਪਣੇ ਪਿਤਾ ਨਾਲ ਬੰਦਾ ਸਿੰਘ ਬਹਾਦਰ ਨੂੰ ਫੜਿਆ ਸੀ ਤੇ ਇਸ ਘਟਨਾ ਦਾ ਅਸਰ ਪਾ ਕੇ ਪਿਉ ਦੀ ਥਾਂ ਤੇ ਲਾਹੌਰ ਦੀ ਗਵਰਨਰੀ ਪ੍ਰਾਪਤ ਕੀਤੀ ਸੀ।

ਲਾਹੌਰ ਦਾ ਗਵਰਨਰ ਬਣਦਿਆਂ ਜ਼ਕਰੀਆ ਖ਼ਾਨ ਨੇ ਸਿੱਖਾਂ ਵਿਰੁੱਧ ਬਾਕਾਇਦਾ ਮੁਹਿਮ ਸ਼ੁਰੂ ਕਰ ਦਿੱਤੀ। 1727 ਵਿਚ ਭਾਈ ਤਾਰਾ ਸਿੰਘ ਵਾਂ ਨੂੰ ਸ਼ਹੀਦ ਕੀਤਾ ਗਿਆ ਤੇ ਫਿਰ ਸਿੱਘਾਂ ਨਾਲ ਕਈ ਝੜਪਾਂ ਲਈਆਂ। ਸਿੰਘਾਂ ਨੇ ਵੀ ਅਜੇਹੀ ਆਰਥਕ ਨਾਕਾਬੰਦੀ ਕੀਤੀ ਕਿ 7 ਸਾਲਾਂ ਦੀ ਲੰਮੀ ਲੜਾਈ ਪਿਛੋਂ ਜ਼ਕਰੀਆ ਖ਼ਾਨ ਦੇ ਅੜਾਟ ਨਿਕਲ ਗਏ ਤੇ 1733 ਵਿਚ ਉਹਨੇ ਸਿੱਖਾਂ ਦੇ ਮੁਖੀ ਸ: ਕਪੂਰ ਸਿੰਘ ਨੂੰ ਨਵਾਬੀ ਦਿਤੀ, ਸਿੰਘਾਂ ਤੋਂ ਪਾਬੰਦੀਆਂ ਹਟਾ ਲਈਆਂ ਤੇ ਜਾਗੀਰ ਵੀ ਦਿਤੀ ਪਰ ਇਹ ਸਮਝੌਤਾ ਮੁਸ਼ਕਲ ਨਾਲ ਦੋ ਸਾਲ ਨਹੀਂ ਚਲਿਆ ਤੇ 1735 ਈਸਵੀ ਵਿਚ ਫਿਰ ਟੱਕਰ ਤਿੱਖੀ ਹੋ ਗਈ। ਹੁਣ ਜ਼ਕਰੀਆ ਖ਼ਾਨ ਨੇ ਸਾਰੇ ਜਾਗੀਰਦਾਰ, ਫ਼ੌਜਦਾਰ ਤੇ ਇਲਾਕਿਆਂ ਦੇ ਚੌਧਰੀਆਂ ਨੂੰ ਲਾਹੌਰ ਸੱਦਿਆ ਤੇ ਹੁਕਮ ਦਿਤਾ ਕਿ ਜਿਥੇ ਵੀ ਕੋਈ ਸਿੱਖ ਦੇਖੋ ਉਸ ਨੂੰ ਜ਼ਿੰਦਾ ਪਕੜ ਕੇ ਪੇਸ਼ ਕਰੋ ਜਾਂ ਮੁਰਦੇ ਦਾ ਸਿਰ ਵਢ ਕੇ ਲਿਆਉ। ਥਾਂ ਥਾਂ ਐਲਾਨ ਕਰ ਦਿਉ ਕਿ ਸਿੱਖਾਂ ਦੇ ਸਿਰ ਲਿਆਉਣ ਵਾਲਿਆਂ ਨੂੰ ਇਨਾਮ ਦਿਤੇ ਜਾਣਗੇ। ਇਹਨਾਂ ਦੀ ਮਦਦ ਕਰਨ ਵਾਲਿਆਂ ਨੂੰ ਮੌਤ ਤਕ ਦੀ ਸਜ਼ਾ ਹੋਵੇਗੀ।

ਪਿੰਡ ਪਿੰਡ ਫਿਰ ਕੇ ਦੁਸ਼ਟਾਂ ਨੇ ਸਿੱਖਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਬੱਚੇ, ਬੁੱਢੇ ਤੇ ਜ਼ਨਾਨੀਆਂ ਦਾ ਵੀ ਲਿਹਾਜ਼ ਨਾ ਕੀਤਾ ਗਿਆ। ਸਿੱਖਾਂ ਦੇ ਘਰ ਸਾੜ ਦਿੱਤੇ ਗਏ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਕੋਈ ਵਿਰਲਾ ਸਿੱਖ ਹੀ

ਬਚਿਆ। ਜੋ ਬਚ ਗਏ ਉਹ ਜੰਗਲਾਂ ਵਿਚ ਲੰਘ ਗਏ। ਮਕਾਨਾਂ ਦੀ ਥਾਂ ਘੋੜਿਆਂ ਦੀਆਂ ਕਾਠੀਆਂ ਤੇ ਰਿਹਾਇਸ਼ ਹੋ ਗਈ। ਦੁਧ, ਮੱਖਣ ਤੇ ਅਨਾਜ ਦੀ ਥਾਂ ਜੰਗਲੀ ਜੜ੍ਹੀ ਬੂਟੀਆਂ ਤੇ ਰੁੱਖਾਂ ਦੇ ਪੱਤੇ ਜਾਂ ਸ਼ਿਕਾਰ ਹੀ ਖ਼ੁਰਾਕ ਰਹਿ ਗਈ। ਸਰਕਾਰ ਦੇ ਕਰਮਚਾਰੀ ਫ਼ਖ਼ਰ ਨਾਲ ਕਹਿਣ ਲਗ ਪਏ ਕਿ ਉਹਨਾਂ ਸਾਰੀ ਸਿੱਖ ਕੌਮ ਹੀ ਖ਼ਤਮ ਕਰ ਦਿੱਤੀ ਹੈ।

ਇਸ ਸਮੇਂ ਭਾਈ ਬੋਤਾ ਸਿੰਘ ਜੀ ਹੋਏ ਸਨ। ਆਪ ਮਾਝੇ ਦੇ ਪਿੰਡ ਭੜਾਣਾ ਦੇ ਸੰਧੂ ਜੱਟ ਪਰਿਵਾਰ ਵਿਚੋਂ ਸਨ। ਪਹਿਲਾਂ ਆਪਣਾ ਜ਼ਿਮੀਂਦਾਰਾ ਕਾਰ-ਵਿਹਾਰ ਕਰਦੇ ਰਹੇ, ਪਰ ਜਦ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਤਾਂ ਜ਼ਕਰੀਆ ਖ਼ਾਨ ਦੀਆਂ ਸਖ਼ਤੀਆਂ ਕਾਰਨ ਘਰ ਛਡ ਕੇ ਜੰਗਲਾਂ ਵਿਚ ਜਾਣਾ ਪਿਆ। ਹਰ ਵੇਲੇ ਫ਼ੌਜ ਪਿਛੇ ਲਗੀ ਰਹਿੰਦੀ ਸੀ। ਕਈ ਕਈ ਦਿਨ ਜੰਗਲਾਂ ਤੋਂ ਬਾਹਰ ਨਿਕਲਣਾ ਮੁਸ਼ਕਲ ਹੁੰਦਾ ਸੀ ਤੇ ਪਿੰਡਾਂ ਤੋਂ ਅੰਨ ਦਾਣਾ ਨਹੀਂ ਸੀ ਮਿਲਦਾ। ਕਈ ਲੋਕ ਸਰਕਾਰ ਤੋਂ ਡਰਦੇ ਮਾਰੇ ਪਾਣੀ ਨਹੀਂ ਸਨ ਦੇਂਦੇ। ਇਸ ਅਵਸਥਾ ਵਿਚ ਵੀ ਰਹਿੰਦਿਆਂ ਭਾਈ ਬੋਤਾ ਸਿੰਘ ਅੰਮ੍ਰਿਤਸਰ ਜ਼ਰੂਰ ਜਾਇਆ ਕਰਦੇ ਸਨ। ਲੁਕ ਛੁਪ ਕੇ ਜਾਣਾ ਤੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰ ਕੇ ਤੁਰ ਆਉਣਾ ਆਪ ਦਾ ਨੇਮ ਸੀ।

ਇਕ ਵਾਰ ਆਪ ਨੇ ਕੁਝ ਚੌਧਰੀਆਂ ਦੀਆਂ ਗੱਲਾਂ ਸੁਣੀਆਂ। ਉਹ ਕਹਿ ਰਹੇ ਸਨ ਕਿ ਸਿੱਖ ਖ਼ਤਮ ਹੋ ਗਏ ਹਨ। ਜੇ ਉਹਨਾਂ ਵਿਚ ਹਿੰਮਤ ਹੁੰਦੀ ਤਾਂ ਸਾਹਮਣੇ ਨਾ ਆਉਂਦੇ। ਇਉਂ ਲੁਕ ਕੇ ਰਹਿਣਾ ਮਰਦਾਂ ਦਾ ਕੰਮ ਨਹੀਂ। ਭਾਈ ਬੋਤਾ ਸਿੰਘ ਨੂੰ ਉਹਨਾਂ ਬਹੁ-ਰੂਪੀਆ ਸਮਝਿਆ ਤੇ ਇਸ ਬਾਰੇ ਗੱਲ ਬਾਤ ਕਰਦਿਆਂ ਸਿੰਘਾਂ ਦੀ ਅਣਖ ਨੂੰ ਝੰਜੋੜਿਆ।

ਭਾਈ ਬੋਤਾ ਸਿੰਘ ਨਾਲ ਇਹਨਾਂ ਦਿਨਾਂ ਵਿਚ ਇਕ ਹੋਰ ਸਿੰਘ ਗਰਜਾ ਸਿੰਘ ਰੰਘਰੇਟਾ ਰਹਿੰਦਾ ਸੀ। ਦੋਵੇਂ ਇਕੱਠੇ ਹੀ ਅੰਮ੍ਰਿਤਸਰ ਜਾਇਆ ਕਰਦੇ ਸਨ। ਚੌਧਰੀਆਂ ਦੀ ਗੱਲ ਸੁਣ ਕੇ ਉਹਨਾਂ ਆਮ ਲੋਕਾਂ ਸਾਹਮਣੇ ਪ੍ਰਗਟ ਹੋ ਕੇ ਹਕੂਮਤ ਨੂੰ ਚੈਲਿੰਜ ਕਰਨ ਦਾ ਫ਼ੈਸਲਾ ਕਰ ਲਿਆ ਤੇ ਤਰਨ ਤਾਰਨ ਤੋਂ ਕੁਝ ਮੀਲ ਦੂਰ ਸੜਕ ਤੇ ਨੂਰਦੀਨ ਦੀ ਸਰਾਏ ਵਿਚ ਜਾ ਡੇਰੇ ਲਾਏ, ਜੋ ਡਿੱਗੀ ਪਈ ਸੀ। ਉਸ ਨੂੰ ਮੁਰੰਮਤ ਕਰ ਕੇ ਇਸ ਯੋਗ ਬਣਾ ਲਿਆ ਤਾਂ ਕਿ ਰਹਿ ਸਕਣ ਤੇ ਜੇ ਲੋੜ ਪਵੇ ਤਾਂ ਲੜਾਈ ਸਮੇਂ ਕਿਲ੍ਹੇ ਦਾ ਵੀ ਕੰਮ ਦੇਵੇ।

ਜਦ ਸਰਾਏ ਤਿਆਰ ਹੋ ਗਈ ਤਾਂ ਇਥੇ ਲੰਗਰ ਲਾ ਦਿੱਤਾ। ਹਰ ਆਏ ਗਏ ਨੂੰ ਪ੍ਰਸ਼ਾਦਿ ਛਕਾਂਦੇ ਤੇ ਰਾਤ ਰਹਿਣ ਲਈ ਥਾਂ ਦਿੰਦੇ। ਲੋਕਾਂ ਦੀਆਂ ਤਕਲੀਫ਼ਾਂ ਸੁਣਦੇ ਤੇ ਉਹਨਾਂ ਨੂੰ ਦੂਰ ਕਰਨ ਦਾ ਯਤਨ ਕਰਦੇ। ਆਮ ਕਰਕੇ ਸਰਕਾਰ ਦੇ ਚੌਧਰੀ, ਲੋਕਾਂ ਦੀਆਂ ਜਵਾਨ ਮੁਟਿਆਰਾਂ ਚੁਕ ਕੇ ਲੈ ਜਾਂਦੇ ਸਨ। ਹਿੰਦੂ ਧਨਵਾਨਾਂ ਦਾ ਧਨ ਜਰਵਾਣੇ ਲੈ ਜਾਂਦੇ ਸਨ ਜਾਂ ਗ਼ਰੀਬਾਂ ਦੇ ਘਰ ਚੰਗੇ ਡੰਗਰ ਦੇਖ ਕੇ ਮੱਝਾਂ ਤੇ ਘੋੜੀਆਂ ਖੋਲ੍ਹ ਕੇ ਲੈ ਜਾਂਦੇ ਸਨ, ਪਰ ਲੋਕੀਂ ਇਹਨਾਂ ਦੇ ਧੱਕੇ ਤੇ ਜਬਰ ਵਿਰੁੱਧ ਆਵਾਜ਼ ਨਹੀਂ ਸਨ ਕੱਢ ਸਕਦੇ। ਭਾਈ ਬੋਤਾ ਸਿੰਘ ਜੀ ਨੇ ਰਾਤ ਨੂੰ ਆਪਣੇ ਸਾਥੀ ਗਰਜਾ ਸਿੰਘ ਨਾਲ ਜਾ ਕੇ ਹਮਲਾ ਕਰਨਾ ਅਤੇ ਮੁਟਿਆਰਾਂ ਤੇ ਮਾਲ ਵਾਪਸ ਲੈ ਆਉਣਾ ਤੇ ਅਸਲ ਮਾਲਕਾਂ ਨੂੰ ਪਹੁੰਚਾ ਦੇਣਾ। ਪਰਾਇਆ ਧਨ ਲੈ ਕੇ ਆਪ ਅਮੀਰ

ਹੋਣ ਵਾਲਿਆਂ ਨੂੰ ਲੁਟ ਕੇ ਲੈ ਆਉਣਾ ਅਤੇ ਮੁਸਾਫ਼ਰਾਂ ਤੇ ਗ਼ਰੀਬਾਂ ਨੂੰ ਛਕਾ ਦੇਣਾ।

ਇਸ ਤੇ ਨਾਲ ਹੀ ਸਰਕਾਰ ਨੂੰ ਚੈਲਿੰਜ ਕਰਨ ਲਈ ਇਕ ਹੋਰ ਬਹੁਤ ਵੱਡੀ ਕਾਰਵਾਈ ਕੀਤੀ ਗਈ। ਸਰਾਏ ਨੂਰਦੀਨ ਦੇ ਨਾਲ ਸੜਕ ਤੇ ਮਾਸੂਲ ਚੌਕੀ ਬਣਾ ਲਈ। ਹਰ ਲੰਘਣ ਵਾਲੇ ਮਾਲ ਦੇ ਗੱਡੇ ਤੋਂ ਇਕ ਆਨਾ ਤੇ ਖੋਤੇ ਤੋਂ ਇਕ ਪੈਸਾ ਲਿਆ ਜਾਣ ਲਗ ਪਿਆ। ਇਲਾਕੇ ਦੇ ਲੋਕਾਂ ਨੇ ਖ਼ੁਸ਼ੀ ਖ਼ੁਸ਼ੀ ਇਹ ਟੈਕਸ ਦੇਣਾ ਸ਼ੁਰੂ ਕਰ ਦਿਤਾ। ਸਰਕਾਰ ਪਾਸ ਹੋਰ ਕਿਸੇ ਨੇ ਸ਼ਿਕਾਇਤ ਨਾ ਕੀਤੀ। ਅਖ਼ੀਰ ਭਾਈ ਬੋਤਾ ਸਿੰਘ ਜੀ ਨੇ ਆਪ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੂੰ ਚੈਲਿੰਜ ਕੀਤਾ ਤੇ ਇਕ ਚਿੱਠੀ ਲਿਖੀ, ਜਿਸ ਵਿਚ ਆਪਣੀ ਕਾਰਵਾਈ ਦੀ ਇਤਲਾਹ ਦਿਤੀ। ਅੱਜ ਵੀ ਇਤਿਹਾਸ ਵਿਚੋਂ ਇਹ ਵਾਕ ਬਹੁਤ ਲੋਕਾਂ ਦੀ ਜ਼ਬਾਨ ਤੇ ਹਨ ਜੋ ਬੋਤਾ ਸਿੰਘ ਦੀ ਚਿੱਠੀ ਬਾਰੇ ਪ੍ਰਚਲਤ ਹਨ:

ਚਿੱਠੀ ਲਿਖੀ ਸਿੰਘ ਬੋਤਾ।
ਹੱਥ ਵਿਚ ਹਈ ਸੋਟਾ, ਆਣ ਵਿਚ ਰਾਹ ਖਲੋਤਾ।
ਆਨਾ ਲਾਇਆ ਗੱਡੇ ਨੂੰ, ਤੇ ਪੈਸਾ ਲਾਇਆ ਖੋਤਾ।
ਆਖੋ ਭਾਬੀ ਖਾਨੋ ਨੂੰ, ਇਉਂ ਆਖੇ ਸਿੰਘ ਬੋਤਾ।

ਲਾਹੌਰ ਤੋਂ ਜ਼ਕਰੀਆ ਖ਼ਾਨ ਗਵਰਨਰ ਨੇ ਇਕ ਸੌ ਘੋੜ ਸਵਾਰ ਦੇ ਕੇ ਆਪਣੇ ਜਰਨੈਲ ਜਲਾਲੁਦੀਨ ਨੂੰ ਭੇਜਿਆ ਤਾਂਕਿ ਬੋਤਾ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਲੈ ਆਵੇ। ਬੋਤਾ ਸਿੰਘ ਤੇ ਉਸ ਦਾ ਸਾਥੀ ਗਰਜਾ ਸਿੰਘ ਦੋਵੇਂ ਸਰਾਏ ਵਿਚ ਡਟ ਗਏ ਤੇ ਉਹਨਾਂ ਨੇ ਸ਼ਾਹੀ ਫ਼ੌਜ ਦਾ ਟਾਕਰਾ ਕਰਨਾ ਸ਼ੁਰੂ ਕਰ ਦਿੱਤਾ। ਉਹ ਦੁਨੀਆਂ ਨੂੰ ਦੱਸਣਾ ਚਾਹੁੰਦੇ ਸਨ ਕਿ ਸਿੱਖ ਅਜੇ ਜੀਊਂਦੇ ਹਨ ਤੇ ਸਰਕਾਰ ਨਾਲ ਟੱਕਰ ਲੈ ਸਕਦੇ ਹਨ। ਦੋ ਸਿੰਘਾਂ ਨੇ ਇਤਨੀ ਡਟਵੀਂ ਲੜਾਈ ਕੀਤੀ ਕਿ ਸਾਰਾ ਇਲਾਕਾ ਵਾਹ ਵਾਹ ਕਰ ਉਠਿਆ। ਸੌ ਘੋੜ ਸਵਾਰ, ਗ੍ਰਿਫ਼ਤਾਰ ਕਰਨਾ ਜਿਤਨਾ ਸੌਖਾ ਕੰਮ ਸਮਝਦੇ ਸਨ ਉਤਨਾ ਹੀ ਉਹਨਾਂ ਨੂੰ ਮੁਸ਼ਕਲ ਜਾਪਣ ਲਗ ਪਿਆ। ਬਹੁਤ ਸਾਰੇ ਫ਼ੌਜੀ ਮਾਰੇ ਗਏ ਪਰ ਅਖ਼ੀਰ ਬੋਤਾ ਸਿੰਘ ਤੇ ਗਰਜਾ ਸਿੰਘ ਵੀ ਲੜਦੇ ਲੜਦੇ ਸ਼ਹੀਦ ਹੋ ਗਏ। ਦੋਹਾਂ ਨੂੰ ਜੀਊਂਦੇ ਫੜਨ ਦੇ ਯਤਨ ਸਫ਼ਲ ਨਾ ਹੋਏ ਤੇ ਦੋਹਾਂ ਨੇ ਜੀਊਂਦੇ ਜੀਅ ਉਥੇ ਫ਼ੌਜ ਨੂੰ ਵੜਨ ਨਾ ਦਿੱਤਾ।

ਭਾਈ ਬੋਤਾ ਸਿੰਘ ਜੀ ਦੀ ਸ਼ਹੀਦੀ ਭਗਤ ਲਛਮਣ ਸਿੰਘ ਦੀ ਲਿਖਤ ਅਨੁਸਾਰ 1739 ਈਸਵੀ ਨੂੰ ਹੋਈ। ਇਸ ਸ਼ਹਾਦਤ ਨੇ ਸਿੱਖਾਂ ਨੂੰ ਹੋਰ ਹਲੂਣਿਆ, ਬਾਹਰ ਨਿਕਲ ਕੇ ਸਿੱਧੀ ਟੱਕਰ ਲੈਣ ਲਈ ਉਤਸ਼ਾਹਤ ਕੀਤਾ ਤੇ ਅਸੀਂ ਦੇਖਦੇ ਹਾਂ ਕਿ ਪਿਛੋਂ ਸਿੱਖਾਂ ਨੇ ਮੈਦਾਨ ਵਿਚ ਖੁੱਲ੍ਹ ਕੇ ਸਰਕਾਰ ਨਾਲ ਲੋਹਾ ਲੈਣਾ ਸ਼ੁਰੂ ਕਰ ਦਿਤਾ।

ਇਨ੍ਹਾਂ ਦੀ ਸ਼ਹੀਦੀ ਯਾਦਗਾਰ ਅੰਮ੍ਰਿਤਸਰ ਸ਼ਹਿਰ ਵਿਚ ਗੁਰਦੁਆਰਾ ਸ਼ਹੀਦਾਂ ਦੇ ਨਾਲ ਬਣੀ ਹੋਈ ਹੈ।

ਮਹਿਤਾਬ ਸਿੰਘ ਸੁੱਖਾ ਸਿੰਘ

ਸਿੱਖ ਇਤਿਹਾਸ ਦੀਆਂ ਰੌਂਗਟੇ ਖੜ੍ਹੇ ਕਰਨ ਵਾਲੀਆਂ ਤੇ ਅਤਿ ਪ੍ਰਭਾਵਸ਼ਾਲੀ ਘਟਨਾਵਾਂ ਵਿਚੋਂ ਇਕ ਭਾਈ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਦਾ ਅਗਸਤ 1740 ਈਸਵੀ ਨੂੰ ਅੰਮ੍ਰਿਤਸਰ ਆ ਕੇ ਸ੍ਰੀ ਦਰਬਾਰ ਸਾਹਿਬ ਤੇ ਕਾਬਜ਼ ਫ਼ੌਜਦਾਰ ਮੱਸਾ ਰੰਘੜ ਦਾ ਸਿਰ ਵਢਣਾ ਹੈ। ਸੈਂਕੜੇ ਸਾਲ ਪੁਰਾਣੀ ਇਸ ਘਟਨਾ ਨੂੰ ਸਦਾ ਹੀ ਇਸ ਭਾਵ ਨਾਲ ਦੇਖਿਆ ਗਿਆ ਹੈ ਕਿ ਜੇਕਰ ਜ਼ੁਲਮ ਮੱਸਾ ਰੰਘੜ ਦੀ ਹੱਦ ਤਕ ਪਹੁੰਚ ਸਕਦਾ ਹੈ ਤਾਂ ਜ਼ੁਲਮ ਦਾ ਟਾਕਰਾ ਕਰਨ ਲਈ ਕੌਮ ਵਿਚ ਭਾਈ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਵੀ ਪੈਦਾ ਹੋ ਸਕਦੇ ਹਨ। ਇਕ ਪਾਸੇ ਮੱਸਾ ਰੰਘੜ ਫ਼ੌਜਦਾਰ ਜ਼ੁਲਮ ਦਾ ਚਿੰਨ੍ਹ ਤੇ ਦੂਜੇ ਪਾਸੇ ਇਹ ਦੋਵੇਂ ਸਿੰਘ ਜ਼ੁਲਮ ਖ਼ਤਮ ਕਰਨ ਦਾ ਚਿੰਨ੍ਹ ਬਣ ਗਏ ਹਨ।

ਭਾਈ ਮਹਿਤਾਬ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮੀਰਾਂ ਕੋਟ ਦਾ ਰਹਿਣ ਵਾਲਾ ਸੀ। ਜਦ ਸਰਕਾਰ ਵਲੋਂ ਸਿੱਖਾਂ ਤੇ ਸਖ਼ਤੀਆਂ ਹੋਈਆਂ ਤਾਂ ਉਸ ਤੋਂ ਪਹਿਲਾਂ ਹੀ ਇਹ ਪਿੰਡ ਛੱਡ ਕੇ ਰਾਜਪੁਤਾਨੇ ਚਲਾ ਗਿਆ ਤੇ ਉਥੇ ਜਾ ਕੇ ਰਿਆਸਤ ਜੈਪੁਰ ਵਿਚ ਕੰਮ ਸ਼ੁਰੂ ਕਰ ਦਿਤਾ। ਕੁਝ ਵਿਦਵਾਨ ਲਿਖਦੇ ਹਨ ਕਿ ਉਹ ਬੀਕਾਨੇਰ ਚਲਾ ਗਿਆ ਸੀ, ਪਰ ਸ: ਰਤਨ ਸਿੰਘ ਭੰਗੂ ਇਤਿਹਾਸਕਾਰ ਜੋ ਮਹਿਤਾਬ ਸਿੰਘ ਦਾ ਪੋਤਰਾ ਸੀ, ਉਹ ਜੈਪੁਰ ਲਿਖਦਾ ਹੈ। ਪੰਜਾਬ ਤੋਂ ਕੋਈ ਵੀ ਜਾਏ, ਉਸ ਦੀ ਸ: ਮਹਿਤਾਬ ਸਿੰਘ ਬੜੀ ਸੇਵਾ ਕਰਦਾ ਤੇ ਕਿੰਨਾ ਕਿੰਨਾ ਚਿਰ ਕੋਲ ਬੈਠ ਕੇ ਪੰਜਾਬ ਦੇ ਹਾਲਾਤ ਤੇ ਸਮਾਚਾਰ ਸੁਣਦਾ ਰਹਿੰਦਾ। ਸਿੰਘ ਵੀ ਜਦ ਉਧਰ ਗਏ ਤਾਂ ਸ: ਮਹਿਤਾਬ ਸਿੰਘ ਨੇ ਆਪਣੀ ਪੂਰੀ ਸਮਰੱਥਾ ਲਾ ਕੇ ਉਹਨਾਂ ਦੀ ਸੇਵਾ ਕੀਤੀ। ਪੰਜਾਬੀਆਂ ਲਈ ਤੇ ਖ਼ਾਸ ਕਰਕੇ ਸਿੱਖਾਂ ਲਈ ਜੈਪੁਰ ਵਿਚ ਸ: ਮਹਿਤਾਬ ਸਿੰਘ ਦਾ ਡੇਰਾ ਇਕ ਚੰਗਾ ਰਿਹਾਇਸ਼ ਦਾ ਟਿਕਾਣਾ ਸੀ।

1740 ਦੀਆਂ ਗਰਮੀਆਂ ਦੇ ਦਿਨਾਂ ਦੀ ਗੱਲ ਹੈ ਕਿ ਪੰਜਾਬ ਤੋਂ ਇਕ ਆਦਮੀ ਜਾ ਕੇ ਸਰਦਾਰ ਮਹਿਤਾਬ ਸਿੰਘ ਪਾਸ ਠਹਿਰਿਆ। ਉਹਨੇ ਦੱਸਿਆ ਕਿ ਇਕ ਮੁਸਲਮਾਨ ਫ਼ੌਜਦਾਰ ਮੱਸਾ ਰੰਘੜ ਅੰਮ੍ਰਿਤਸਰ ਦਾ ਇੰਚਾਰਜ ਬਣਿਆ ਹੋਇਆ ਹੈ। ਉਹਨੇ ਸਿਖਾਂ ਤੇ ਅਤਿਆਚਾਰ ਕੀਤੇ ਹਨ ਤੇ ਸਾਰੇ ਇਲਾਕੇ ਵਿਚ ਕੋਈ ਸਿੱਖ ਨਹੀਂ ਰਹਿਣ ਦਿਤਾ। ਆਪ ਉਹ ਦਰਬਾਰ ਸਾਹਿਬ ਵਿਚ ਪ੍ਰਕਾਸ਼ ਤੇ ਕੀਰਤਨ ਵਾਲੀ ਥਾਂ ਬੈਠਦਾ ਹੈ ਤੇ ਹੁੱਕਾ ਪੀ ਕੇ ਉਸ ਪਵਿੱਤਰ ਅਸਥਾਨ ਨੂੰ ਅਪਵਿੱਤਰ ਕਰ ਰਿਹਾ ਹੈ। ਉਥੇ ਸ਼ਰਾਬ ਦੇ ਦੌਰ ਚਲਦੇ ਹਨ ਤੇ ਵੇਸਵਾਵਾਂ ਦਾ ਨਾਚ ਹੁੰਦਾ ਹੈ। ਸ਼ਰਾਬ ਦੀਆਂ ਬੋਤਲਾਂ ਹਰਿਮੰਦਰ ਦੇ ਸਰੋਵਰ ਵਿਚ ਰੁੜ੍ਹਦੀਆਂ ਫਿਰਦੀਆਂ ਹਨ।

ਇਹ ਸਾਰੀ ਘਟਨਾ ਸੁਣ ਕੇ ਸ: ਮਹਿਤਾਬ ਸਿੰਘ ਦੇ ਖ਼ੂਨ ਨੇ ਉਬਾਲਾ ਖਾਧਾ,

ਮਨ ਨੇ ਅੰਦਰੋਂ ਝੰਜੋੜਿਆ ਤੇ ਆਤਮਾ ਨੇ ਪ੍ਰੇਰਨਾ ਦਿਤੀ। ਉਸੇ ਵੇਲੇ ਫ਼ੈਸਲਾ ਕਰ ਲਿਆ ਕਿ ਆਪ ਅੰਮ੍ਰਿਤਸਰ ਪਹੁੰਚ ਕੇ ਉਸ ਕੁਕਰਮੀ ਮੱਸਾ ਰੰਘੜ ਨੂੰ ਇਸ ਕੀਤੇ ਦੀ ਸਜ਼ਾ ਦੇਣਗੇ। ਸ: ਸੁੱਖਾ ਸਿੰਘ ਵੀ ਆਪ ਦੇ ਨਾਲ ਤਿਆਰ ਹੋ ਗਿਆ ਤੇ ਦੋਵੇਂ ਘੋੜਿਆਂ ਤੇ ਸਵਾਰ ਹੋ ਕੇ ਅੰਮ੍ਰਿਤਸਰ ਨੂੰ ਚੱਲ ਪਏ।

ਗਰਮੀ ਦੀ ਪ੍ਰਵਾਹ ਨਾ ਕਰਦਿਆਂ ਦਿਨ ਰਾਤ ਸਫ਼ਰ ਕੀਤਾ ਤੇ ਅੰਮ੍ਰਿਤਸਰ ਪਹੁੰਚ ਗਏ। ਰਾਹ ਵਿਚ ਕਈ ਥਾਂ ਉਹਨਾਂ ਨੂੰ ਰੋਕਣ ਦਾ ਯਤਨ ਕੀਤਾ ਗਿਆ। ਕਿਉਂਕਿ ਉਹਨਾਂ ਦਿਨਾਂ ਵਿਚ ਸਿੱਖਾਂ ਦੇ ਸਿਰਾਂ ਦਾ ਮੁੱਲ ਸੀ ਤੇ ਸਰਕਾਰ ਵਲੋਂ ਇਨਾਮ ਮਿਲਦਾ ਸੀ। ਇਸ ਲਈ ਪੈਸੇ ਦੇ ਭੁੱਖੇ ਤੇ ਸਰਕਾਰ ਦੇ ਝੋਲੀਚੁੱਕਾਂ ਨੇ ਇਹਨਾਂ ਨੂੰ ਫੜਨ ਦਾ ਯਤਨ ਵੀ ਕੀਤਾ ਪਰ ਇਹ ਲੜਦੇ ਤੇ ਬਚਦੇ ਅੰਮ੍ਰਿਤਸਰ ਪਹੁੰਚ ਗਏ।

ਭਗਤ ਲਛਮਣ ਸਿੰਘ ਦੇ ਲਿਖਣ ਅਨੁਸਾਰ ਇਨ੍ਹਾਂ ਪਹਿਲਾਂ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ ਤੇ ਫਿਰ ਬਜ਼ਾਰ ਜਾ ਕੇ ਕੁਝ ਥੈਲੇ ਖ਼ਰੀਦੇ। ਬਹੁਤੀਆਂ ਠੀਕਰੀਆਂ ਤੇ ਕੁਝ ਸਿਕੇ ਰੁਪਏ ਪੈਸੇ ਭਰ ਕੇ ਆਪ ਭੇਸ ਬਦਲ ਲਿਆ। ਇਉਂ ਬਣ ਗਏ ਜਿਵੇਂ ਸਰਕਾਰ ਦਾ ਮਾਲੀਆ ਉਗਰਾਹੁਣ ਵਾਲੇ ਹੁੰਦੇ ਸਨ। ਦਰਬਾਰ ਸਾਹਿਬ ਦੇ ਬਾਹਰ ਆ ਕੇ ਉਹਨਾਂ ਅੰਦਰ ਜਾਣ ਦੀ ਆਗਿਆ ਮੰਗੀ ਜੋ ਤੁਰਤ ਮਿਲ ਗਈ ਤੇ ਅੰਦਰ ਚਲੇ ਗਏ। ਉਹਨਾਂ ਨੂੰ ਬੈਠਣ ਲਈ ਕੁਰਸੀਆਂ ਦੀ ਪੇਸ਼ਕਸ਼ ਕੀਤੀ ਗਈ ਪਰ ਉਹਨਾਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਅਸੀਂ ਪਹਿਲਾਂ ਨਾਲ ਲਿਆਂਦੀ ਰਕਮ ਭੇਟ ਕਰਨੀ ਹੈ। ਸ: ਮਹਿਤਾਬ ਸਿੰਘ ਨੇ ਥੈਲਾ ਅੱਗੇ ਕੀਤਾ। ਮੱਸਾ ਰੰਘੜ ਚੁਕ ਕੇ ਥੈਲਾ ਫੜਨ ਲੱਗਾ। ਇਸ ਸਮੇਂ ਮਹਿਤਾਬ ਸਿੰਘ ਨੇ ਕਮਾਲ ਫੁਰਤੀ ਤੋਂ ਕੰਮ ਲਿਆ। ਬਿਜਲੀ ਦੀ ਚਮਕ ਨਾਲੋਂ ਤੇਜ਼ ਰਫ਼ਤਾਰ ਨਾਲ ਆਪਣੀ ਕ੍ਰਿਪਾਨ ਮਿਆਨ 'ਚੋਂ ਕੱਢੀ ਤੇ ਮੱਸਾ ਰੰਘੜ ਦਾ ਥੈਲਾ ਫੜਨ ਲਈ ਝੁਕਿਆ ਸਿਰ ਧੜ ਨਾਲੋਂ ਵਖ ਕਰ ਦਿਤਾ, ਖ਼ੂਨ ਦੀਆਂ ਧਾਰੀਆਂ ਦੂਰ ਤਕ ਗਈਆਂ। ਸਾਰੇ ਪਾਸੇ ਸੱਨਾਟਾ ਛਾ ਗਿਆ। ਪੈਰੀਂ ਘੁੰਗਰੀਆਂ ਪਾ ਕੇ ਨਚ ਰਹੀ ਮੁਟਿਆਰ ਦਹਿਸ਼ਤ ਨਾਲ ਘਬਰਾ ਕੇ ਡਿਗ ਪਈ। ਬਾਕੀ ਆਦਮੀਆਂ ਦਾ ਉਪਰਲਾ ਸਾਹ ਉਪਰ ਤੇ ਹੇਠਲਾ ਹੇਠਾਂ ਰਹਿ ਗਿਆ।

ਸ: ਸੁੱਖਾ ਸਿੰਘ ਦਰਵਾਜ਼ੇ ਤੇ ਖੜ੍ਹਾ ਸੀ ਤਾਂਕਿ ਕੋਈ ਅੰਦਰਲਾ ਬਾਹਰ ਨਾ ਜਾ ਸਕੇ ਤੇ ਕੋਈ ਬਾਹਰੋਂ ਅੰਦਰ ਨਾ ਆ ਸਕੇ। ਆਪਣਾ ਕੰਮ ਕਰ ਕੇ ਦੋਵੇਂ ਬਾਹਰ ਨਿਕਲੇ। ਰੌਲਾ ਪੈਂਦਿਆਂ ਤੇ ਫ਼ੌਜ ਦੇ ਅਪੜਦਿਆਂ ਤਕ ਦੋਵੇਂ ਸੂਰਬੀਰ ਜੈਕਾਰੇ ਛਡਦੇ ਘੋੜਿਆਂ ਤੇ ਸਵਾਰ ਹੋ ਕੇ ਨਿਕਲ ਗਏ। ਇਸ ਘਟਨਾ ਦਾ ਉਸ ਸਮੇਂ ਇਤਿਹਾਸਕ ਤੌਰ ਤੇ ਬਹੁਤ ਅਸਰ ਪਿਆ। ਸਰਕਾਰ ਨੇ ਇਹ ਅਫ਼ਵਾਹ ਫੈਲਾਈ ਹੋਈ ਸੀ ਕਿ ਸਿੱਖ ਕੌਮ ਖ਼ਤਮ ਕਰ ਦਿਤੀ ਗਈ ਹੈ। ਇਸ ਨਾਲ ਇਕ ਵਾਰ ਸਭ ਨੂੰ ਪਤਾ ਲਗ ਗਿਆ ਕਿ ਸਿੱਖ ਜੀਊਂਦੇ ਹਨ ਤੇ ਉਹ ਆਪਣੇ ਦੁਸ਼ਮਣ ਤੋਂ ਬਦਲਾ ਲੈ ਸਕਦੇ ਹਨ। ਸਰਕਾਰੀ ਕਰਮਚਾਰੀਆਂ ਵਿਚ ਢਹਿੰਦੀ ਕਲਾ ਤੇ ਸਿੱਖਾਂ ਦੇ ਹਮਦਰਦਾਂ ਵਿਚ ਚੜ੍ਹਦੀ ਕਲਾ ਆ ਗਈ।

ਇਸ ਘਟਨਾ ਸਮੇਂ ਤਾਂ ਭਾਈ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਭਾਵੇਂ ਬਚ ਕੇ ਨਿਕਲ ਗਏ ਪਰ ਕੁਝ ਚਿਰ ਪਿਛੋਂ ਭਾਈ ਮਹਿਤਾਬ ਸਿੰਘ ਇਕ ਦਿਨ ਪਿੰਡ

ਆਪਣੇ ਪੁੱਤਰ ਨੂੰ ਦੇਖਣ ਆਏ ਤਾਂ ਜੰਡਿਆਲੇ ਦੇ ਇਕ ਆਦਮੀ ਨੇ ਇਤਲਾਹ ਦੇ ਕੇ ਪਕੜਵਾ ਦਿਤਾ। ਭਾਈ ਮਹਿਤਾਬ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਜਾਇਆ ਗਿਆ ਤੇ ਉਥੇ ਬੜੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਸ: ਸੁੱਖਾ ਸਿੰਘ ਤਰਖਾਣਾਂ ਵਿਚੋਂ ਮਾੜੀ ਕੰਬੋਆਂ ਦੇ ਰਹਿਣ ਵਾਲੇ ਸਨ। ਬਚਪਨ ਵਿਚ ਹੀ ਧਾਰਮਕ ਖ਼ਿਆਲਾਂ ਦੇ ਸਨ ਤੇ ਹੋਸ਼ ਸੰਭਾਲਦਿਆਂ ਹੀ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਘਰਦਿਆਂ ਨੂੰ ਇਹ ਗੱਲ ਪਸੰਦ ਨਹੀਂ ਸੀ, ਉਹ ਜਾਣਦੇ ਸਨ ਕਿ ਸਿੰਘ ਬਣਨ ਤੇ ਇਹਨੂੰ ਸਰਕਾਰ ਨੇ ਨਹੀਂ ਛੱਡਣਾ ਤੇ ਕਤਲ ਕਰ ਦੇਵੇਗੀ। ਇਸ ਲਈ ਉਹਨਾਂ ਬੜੀ ਵਿਰੋਧਤਾ ਕੀਤੀ ਤੇ ਇਹਨੂੰ ਸਿੱਖੀ ਛੱਡ ਦੇਣ ਲਈ ਪ੍ਰੇਰਿਆ ਪਰ ਸੁੱਖਾ ਸਿੰਘ ਨੇ ਕਿਸੇ ਦੀ ਪਰਵਾਹ ਨਾ ਕੀਤੀ। ਇਕ ਦਿਨ ਜਦੋਂ ਸੁੱਖਾ ਸਿੰਘ ਘੂਕ ਸੁੱਤਾ ਪਿਆ ਸੀ, ਮਾਪਿਆਂ ਨੇ ਇਹਦੇ ਕੇਸ ਕਟ ਦਿਤੇ। ਜਦ ਜਾਗਿਆ ਤਾਂ ਕੇਸ ਕਤਲ ਹੋਏ ਦੇਖ ਕੇ ਬਹੁਤ ਦੁਖੀ ਹੋਇਆ। ਇਹਦੇ ਮਨ ਤੇ ਇਤਨਾ ਡੂੰਘਾ ਅਸਰ ਹੋ ਗਿਆ ਕਿ ਇਸ ਨੇ ਮਰਨ ਦਾ ਫ਼ੈਸਲਾ ਕਰਕੇ ਖੂਹ ਵਿਚ ਛਾਲ ਮਾਰ ਦਿੱਤੀ। ਰਾਹ ਗੁਜ਼ਰੂਆਂ ਨੂੰ ਪਤਾ ਲਗ ਗਿਆ ਤੇ ਉਹਨਾਂ ਇਹਨੂੰ ਖੂਹ ਤੋਂ ਬਾਹਰ ਕੱਢ ਲਿਆ। ਇਹਨੂੰ ਗੱਲ ਪੁੱਛੀ ਤੇ ਸਮਝਾਇਆ ਪਰ ਇਹ ਮੰਨਣ ਲਈ ਤਿਆਰ ਨਹੀਂ ਸੀ। ਅਖ਼ੀਰ ਮਾਪਿਆਂ ਨੇ ਇਹਨੂੰ ਘਰ ਬਾਰ ਛੱਡ ਕੇ ਪੰਥ ਦੀ ਸੇਵਾ ਲਈ ਜੀਵਨ ਅਰਪਣ ਕਰਨ ਦੀ ਆਗਿਆ ਦੇ ਦਿਤੀ। ਇਸ ਤਰ੍ਹਾਂ ਬਚਪਨ ਤੋਂ ਹੀ ਭਾਈ ਸੁੱਖਾ ਸਿੰਘ ਪੰਥ ਸੇਵਾ ਦੇ ਮੈਦਾਨ ਵਿਚ ਆ ਗਏ ਤੇ ਸਿੱਖ ਇਤਿਹਾਸ ਦੀ ਇਕ ਦਿਲ ਟੁੰਬਵੀਂ ਘਟਨਾ ਕਰਨ ਵਾਲੇ ਬਣ ਗਏ।

1740 ਈਸਵੀ ਨੂੰ ਇਹ ਵੀ ਜੈਪੁਰ ਪਹੁੰਚ ਗਏ ਤੇ ਭਾਈ ਮਹਿਤਾਬ ਸਿੰਘ ਨਾਲ ਮਿਤਰਤਾ ਹੋ ਗਈ। ਉਹਨਾਂ ਨਾਲ ਹੀ ਮੱਸਾ ਰੰਘੜ ਨੂੰ ਸੋਧਣ ਲਈ ਆਏ ਤੇ ਸ਼ਾਨਦਾਰ ਕਾਰਨਾਮਾ ਕਰ ਕੇ ਨਿਕਲ ਗਏ। ਭਾਈ ਮਹਿਤਾਬ ਸਿੰਘ ਦੀ ਗ੍ਰਿਫ਼ਤਾਰੀ ਪਿਛੋਂ ਇਹ ਵੀ ਸੂਹੀਆਂ ਦੀ ਰਿਪੋਰਟ ਤੇ ਫੜੇ ਗਏ ਤੇ ਇਹਨਾਂ ਨੂੰ ਵੀ ਜ਼ਕਰੀਆ ਖ਼ਾਨ ਨੇ ਬੜੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਜਦ ਤਕ ਸਿੱਖ ਕੌਮ ਦਾ ਇਕ ਵੀ ਬੱਚਾ ਜ਼ਿੰਦਾ ਹੈ ਇਸ ਘਟਨਾ ਨੂੰ ਕਦੇ ਨਹੀਂ ਭੁਲ ਸਕਦਾ।

ਹਕੀਕਤ ਰਾਏ

ਹਕੀਕਤ ਰਾਏ ਦੀ ਸ਼ਹੀਦੀ ਦਾ ਸਾਕਾ ਵੀ ਦੇਸ਼ ਦੇ ਬੱਚੇ ਬੱਚੇ ਦੀ ਜ਼ਬਾਨ ਤੇ ਹੈ ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਇਹ ਨੌਜਵਾਨ ਤੇ ਅਣਖੀਲਾ ਗੱਭਰੂ ਸਿੱਖ ਪਰਿਵਾਰ ਵਿਚੋਂ ਸੀ ਤੇ ਸਿੱਖਾਂ ਦੇ ਘਰ ਵਿਆਹਿਆ ਹੋਇਆ ਸੀ। ਹਰ ਸਾਲ ਫ਼ਰਵਰੀ ਦੇ ਮਹੀਨੇ ਬਸੰਤ ਪੰਚਮੀ ਦੇ ਤਿਉਹਾਰ ਤੇ ਇਸ ਸ਼ਹੀਦ ਸੂਰਮੇ ਦੀ ਯਾਦ ਮਨਾਈ ਜਾਂਦੀ ਹੈ ਤੇ ਦੇਸ਼ ਦੀ ਵੰਡ ਤੋਂ ਪਹਿਲਾਂ ਬਸੰਤ ਪੰਚਮੀ ਦੇ ਦਿਨ ਲਾਹੌਰ ਵਿਚ ਇਹਦੀ ਸਮਾਧ ਤੇ ਭਾਰੀ ਇਕੱਠ ਵੀ ਹੁੰਦਾ ਸੀ। ਲੋਕੀਂ ਦੂਰੋਂ ਦੂਰੋਂ ਇਸ ਧਰਮੀ ਸਪੁੱਤਰ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਅਪੜਿਆ ਕਰਦੇ ਸਨ।

ਹਕੀਕਤ ਰਾਏ ਦਾ ਜਨਮ 1724 ਈਸਵੀ ਨੂੰ ਸਿਆਲਕੋਟ ਵਿਚ ਇਕ ਖਤਰੀ ਪਰਿਵਾਰ ਵਿਚ ਦੀਵਾਨ ਮੱਲ ਦੇ ਘਰ ਹੋਇਆ। ਇਹ ਪਰਿਵਾਰ ਨਾਨਕ ਪੰਥੀ ਸੀ ਤੇ ਗੁਰੂ-ਘਰ 'ਤੇ ਇਹਨਾਂ ਦਾ ਅਟੁਟ ਵਿਸ਼ਵਾਸ ਸੀ। ਮਾਪਿਆਂ ਦਾ ਇਕਲੌਤਾ ਪੁੱਤਰ ਹੋਣ ਕਾਰਨ ਘਰ ਵਿਚ ਬਹੁਤ ਹੀ ਲਾਡਲਾ ਪਰ ਹੋਣਹਾਰ ਸੀ। ਮਾਪਿਆਂ ਨੂੰ ਇਸ ਦਾ ਵਿਆਹ ਛੇਤੀ ਕਰਨ ਦੀ ਰੀਝ ਸੀ ਇਸ ਲਈ ਉਹਨਾਂ ਛੋਟੀ ਉਮਰ ਵਿਚ ਹੀ ਇਸ ਦਾ ਵਿਆਹ ਗੁਰਦਾਸਪੁਰ ਜ਼ਿਲ੍ਹੇ ਦੇ ਨਗਰ ਬਟਾਲੇ ਦੇ ਪਤਵੰਤੇ ਸਿੱਖ ਸ: ਕਿਸ਼ਨ ਸਿੰਘ ਦੀ ਲੜਕੀ ਨਾਲ ਕਰ ਦਿਤਾ। ਭਾਵੇਂ ਉਹਨੇ ਅਜੇ ਤਕ ਅੰਮ੍ਰਿਤਪਾਨ ਨਹੀਂ ਸੀ ਕੀਤਾ ਪਰ ਉਂਝ ਉਹਦੀ ਰਹਿਣੀ ਬਹਿਣੀ ਤੇ ਖ਼ਿਆਲ ਨਿਰੋਲ ਸਿੱਖਾਂ ਵਾਲੇ ਸਨ। ਕਈਆਂ ਨੇ ਤਾਂ ਇਹ ਵੀ ਲਿਖਿਆ ਹੈ ਕਿ ਉਹਨੇ ਅੰਮ੍ਰਿਤਪਾਨ ਕੀਤਾ ਸੀ ਤੇ ਉਸ ਦਾ ਨਾਮ ਹਕੀਕਤ ਸਿੰਘ ਸੀ ਪਰ ਇਸਦਾ ਪੁਰਾਤਨ ਇਤਿਹਾਸ ਵਿਚੋਂ ਕੋਈ ਠੋਸ ਸਬੂਤ ਨਹੀਂ ਮਿਲਦਾ। ਕੁਝ ਵੀ ਹੋਵੇ, ਉਹ ਸਿੱਖ ਪਰਿਵਾਰ ਦਾ ਪੁੱਤਰ ਤੇ ਸਿੰਘ ਪਰਿਵਾਰ ਦਾ ਜਵਾਈ ਸੀ। ਇਸ ਲਈ ਉਹਦੇ ਅੰਦਰ ਅਸੂਲ ਲਈ ਆਪਾ ਵਾਰਨ ਦੀ ਸ਼ਕਤੀ ਪੈਦਾ ਹੋਈ ਤੇ ਉਸ ਨੇ ਜ਼ੁਲਮ ਅਗੇ ਹਥਿਆਰ ਨਾ ਸੁੱਟੇ ਤੇ ਹੱਸ ਕੇ ਸੀਸ ਵਾਰ ਗਿਆ।

ਇਕ ਦਿਨ ਇਕ ਮੁਸਲਮਾਨ ਮੌਲਵੀ ਨਾਲ ਉਸ ਦਾ ਝਗੜਾ ਹੋ ਗਿਆ। ਮੌਲਵੀ ਨੇ ਕੁਝ ਹਿੰਦੂ ਅਵਤਾਰਾਂ ਵਿਰੁੱਧ ਅਜੋਗ ਸ਼ਬਦ ਵਰਤੇ। ਹਕੀਕਤ ਤੋਂ ਸਹਿਣ ਨਾ ਹੋਇਆ ਤੇ ਉਸ ਨੇ ਮੌਲਵੀ ਨੂੰ ਟੋਕ ਦਿਤਾ, ਜਿਸ ਦਾ ਉਹਨੇ ਬਹੁਤ ਬੁਰਾ ਮਨਾਇਆ। ਮੌਲਵੀ ਨੇ ਹਕੀਕਤ ਵਿਰੁੱਧ ਰਾਜ ਅਧਿਕਾਰੀਆਂ ਪਾਸ ਸ਼ਿਕਾਇਤ ਕਰ ਦਿਤੀ ਕਿ ਇਹਨੇ ਸਾਡੇ ਪੈਗੰਬਰਾਂ ਨੂੰ ਗਾਲ੍ਹਾਂ ਕੱਢੀਆਂ ਹਨ। ਮੁਸਲਮਾਨ ਇਤਿਹਾਸਕਾਰ ਸਰ ਮੁਹੰਮਦ ਲਤੀਫ਼ ਲਿਖਦਾ ਹੈ ਕਿ ਹਕੀਕਤ ਸਕੂਲ ਵਿਚ ਪੜ੍ਹਦਾ ਸੀ ਜਦੋਂ ਉਹਦਾ ਮੁਸਲਮਾਨ ਮੁੰਡਿਆਂ ਨਾਲ ਝਗੜਾ ਹੋ ਗਿਆ। ਮੁਸਲਮਾਨ ਮੁੰਡਿਆਂ ਨੇ ਹਿੰਦੂ ਦੇਵਤਿਆਂ ਨੂੰ ਗਾਲ੍ਹਾਂ ਕੱਢੀਆਂ ਤੇ ਇਹਨੇ ਮੁਸਲਮਾਨ ਪੈਗੰਬਰਾਂ ਨੂੰ ਗਾਲ੍ਹਾਂ ਕੱਢ ਦਿੱਤੀਆਂ। ਇਹ ਅਸਲੀਅਤ ਨਹੀਂ। ਇਹ ਤਾਂ ਉਸ ਮੌਲਵੀ ਦੀ ਘੜੀ ਕਹਾਣੀ

ਹੈ। ਹਕੀਕਤ ਨੇ ਮੁਸਲਮਾਨ ਪੈਗੰਬਰਾਂ ਨੂੰ ਗਾਲ੍ਹਾਂ ਨਹੀਂ ਕੱਢੀਆਂ। ਅਜੇਹੀ ਉਸ ਵਰਗੇ ਸਿਆਣੇ ਤੋਂ ਆਸ ਹੀ ਨਹੀਂ ਕੀਤੀ ਜਾ ਸਕਦੀ। ਉਸ ਨੇ ਕੇਵਲ ਮੌਲਵੀ ਨੂੰ ਟੋਕਿਆ ਤੇ ਉਹ ਔਖਾ ਹੋ ਗਿਆ। ਹਕੀਕਤ ਨੇ ਉਹਦੇ ਗੁੱਸੇ ਦੀ ਪ੍ਰਵਾਹ ਨਾ ਕੀਤੀ ਤੇ ਸਾਫ਼ ਕਿਹਾ ਕਿ ਮੈਂ ਇਸ ਤਰ੍ਹਾਂ ਦੀਆਂ ਗੱਲਾਂ ਸੁਣਨ ਲਈ ਤਿਆਰ ਨਹੀਂ।

ਸਿਆਲਕੋਟ ਦੇ ਸਥਾਨਕ ਹਾਕਮ ਨੇ ਮੌਲਵੀ ਦੀ ਰਿਪੋਰਟ ਤੇ ਹਕੀਕਤ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਖ਼ਾਨੇ ਵਿਚ ਡਕ ਦਿਤਾ। ਹਕੀਕਤ ਰਾਏ ਦੇ ਪਿਤਾ ਸ਼ਹਿਰ ਵਿਚ ਬੜੇ ਰਸੂਖ ਵਾਲੇ ਤੇ ਮੁਸਲਮਾਨਾਂ ਵਿਚ ਵੀ ਸਤਿਕਾਰੇ ਜਾਂਦੇ ਵਿਅਕਤੀ ਸਨ। ਉਹਨਾਂ ਨਾਲ ਬਹੁਤ ਸਾਰੇ ਹਿੰਦੂਆਂ ਤੇ ਮੁਸਲਮਾਨਾਂ ਦੀ ਹਮਦਰਦੀ ਸੀ। ਲੋਕੀਂ ਉਹਨਾਂ ਲਈ ਭੱਜ ਨੱਠ ਕਰਨ ਲਗ ਪਏ। ਸਥਾਨਕ ਹਾਕਮਾਂ ਨੇ ਮਹਿਸੂਸ ਕੀਤਾ ਕਿ ਲੋਕੀਂ ਭੜਕ ਪੈਣਗੇ ਤੇ ਗੜਬੜ ਹੋ ਜਾਏਗੀ। ਇਸ ਲਈ ਉਹਨਾਂ ਨੇ ਇਕ ਰਾਤ ਚੁਪ ਚੁਪੀਤੇ ਹਕੀਕਤ ਰਾਏ ਨੂੰ ਕਰੜੇ ਪਹਿਰੇ ਵਿਚ ਲਾਹੌਰ ਭੇਜ ਦਿੱਤਾ ਤਾਂ ਕਿ ਚੀਫ਼ ਕਾਜ਼ੀ ਮੁਕੱਦਮੇ ਦੀ ਸੁਣਵਾਈ ਕਰ ਕੇ ਸਜ਼ਾ ਦੇਵੇ।

ਹਕੀਕਤ ਦੇ ਮਾਪਿਆਂ ਨੂੰ ਵੀ ਪਤਾ ਲੱਗਾ ਤੇ ਉਹ ਵਿਚਾਰੇ ਮਗਰੇ ਮਗਰ ਨੱਸ ਪਏ। ਰਾਤ ਜੰਗਲਾਂ ਤੇ ਉਜਾੜਾਂ ਵਿਚੋਂ ਲੰਘਦੇ ਉਹ ਫ਼ੌਜੀ ਦਸਤੇ ਨੂੰ ਐਮਨਾਬਾਦ ਵਿਚ ਆ ਮਿਲੇ। ਇਥੇ ਉਹਨਾਂ ਐਮਨਾਬਾਦ ਦੇ ਹਿੰਦੂ ਹਾਕਮ ਦੀਵਾਨ ਜਸਪਤ ਰਾਏ ਨੂੰ ਮਿਲ ਕੇ ਬੇਨਤੀ ਕੀਤੀ ਕਿ ਸਾਡੇ ਬੱਚੇ ਨੂੰ ਛੁਡਾਇਆ ਜਾਏ। ਉਹਦੇ ਤੇ ਗ਼ਲਤ ਦੂਸ਼ਨ ਲਾ ਕੇ ਮਾਰਿਆ ਜਾ ਰਿਹਾ ਹੈ। ਜਸਪਤ ਰਾਏ ਉਸ ਸਮੇਂ ਜ਼ਾਲਮ ਸਰਕਾਰ ਦਾ ਟੋਡੀ ਸੀ, ਉਹਨੇ ਕੋਈ ਦਖ਼ਲ ਦੇਣ ਜਾਂ ਮਦਦ ਕਰਨ ਤੋਂ ਇਨਕਾਰ ਕਰ ਦਿਤਾ। ਫ਼ੌਜ ਦੇ ਪਿਛੇ ਪਿਛੇ ਵਿਚਾਰੇ ਲਾਹੌਰ ਪਹੁੰਚੇ। ਇਥੇ ਉਹ ਹਿੰਦੂ ਦੀਵਾਨ ਲਖਪਤ ਰਾਏ ਨੂੰ ਮਿਲੇ ਜੋ ਜ਼ਕਰੀਆ ਖ਼ਾਨ ਦਾ ਖ਼ਾਸ ਆਦਮੀ ਬਣਿਆ ਹੋਇਆ ਸੀ, ਪਰ ਉਹ ਤਾਂ ਕੱਟੜ ਮੁਸਲਮਾਨਾਂ ਨਾਲੋਂ ਵੀ ਕਰੜਾ ਬੋਲਿਆ ਤੇ ਉਹਨੇ ਗੁੱਸੇ ਨਾਲ ਇਹਨਾਂ ਦੀ ਬੇਨਤੀ ਨੂੰ ਠੁਕਰਾ ਦਿਤਾ। ਪੰਜਾਬ ਦੀਆਂ ਉਸ ਸਮੇਂ ਦੀਆਂ ਉਘੀਆਂ ਸ਼ਖ਼ਸੀਅਤਾਂ ਦੀਵਾਨ ਸੂਰਤ ਸਿੰਘ, ਲਾਲਾ ਦਰਗਾਹੀ ਮੱਲ ਤੇ ਜਮੇਦਾਰ ਕਸੂਰ ਬੇਗ ਇਕ ਡੈਪੂਟੇਸ਼ਨ ਬਣਾ ਕੇ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਪਾਸ ਗਏ ਤੇ ਬੇਨਤੀ ਕੀਤੀ ਕਿ ਇਹ ਗਭਰੂ ਬੇਕਸੂਰ ਹੈ, ਇਸ ਲਈ ਇਹਨੂੰ ਛੱਡ ਦਿੱਤਾ ਜਾਏ, ਪਰ ਉਹਦੇ ਪੱਥਰ ਦਿਲ ਤੇ ਕੋਈ ਅਸਰ ਨਾ ਹੋਇਆ।

ਹਕੀਕਤ ਰਾਏ ਤੇ ਕਾਜ਼ੀ ਦੀ ਕਚਹਿਰੀ ਵਿਚ ਮੁਕੱਦਮਾ ਚਲਿਆ ਪਰ ਬਿਨਾਂ ਸਬੂਤ ਤੇ ਪੜਤਾਲ ਦੇ ਮੁਢਲੀ ਮੌਲਵੀ ਦੀ ਰਿਪੋਰਟ ਨੂੰ ਠੀਕ ਮੰਨ ਕੇ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। ਹਕੀਕਤ ਰਾਏ ਨੇ ਬੜੇ ਠੰਢੇ ਦਿਲ ਨਾਲ ਮੌਤ ਦਾ ਹੁਕਮ ਸੁਣਿਆ। ਇਸ ਸਮੇਂ ਉਹਦੇ ਮਾਪੇ ਤੇ ਸ਼ਹਿਰ ਦੇ ਅਨੇਕਾਂ ਲੋਕ ਖੜੇ ਦੇਖ ਰਹੇ ਸਨ। ਹਕੀਕਤ ਨੂੰ ਇਕ ਰਿਆਇਤ ਦਿੱਤੀ ਗਈ ਕਿ ਜੇ ਉਹ ਇਸਲਾਮ ਕਬੂਲ ਕਰ ਲਵੇ ਤਾਂ ਉਹਦੀ ਜਾਨ ਬਚ ਸਕਦੀ ਹੈ, ਪਰ ਉਹਨੇ ਉਹ ਰਿਆਇਤ ਲੈਣ ਤੋਂ ਇਨਕਾਰ ਕਰ ਦਿੱਤਾ। ਬੜੇ ਖਿੜੇ ਚਿਹਰੇ, ਹੱਸੂ ਹੱਸੂ ਕਰਦੇ ਮੁਖੜੇ ਨਾਲ ਉਹਨੇ ਮੁਕੱਦਮਾ ਸੁਣ ਰਹੇ ਮਾਪਿਆਂ ਤੇ ਲੋਕਾਂ ਵਲ ਦੇਖਿਆ ਤੇ ਕਿਹਾ ਕਿ ਮੇਰੇ ਪਿਛੋਂ ਕੋਈ ਨਾ ਰੋਵੇ, ਕਿਉਂਕਿ ਮੈਂ ਮਰ ਨਹੀਂ ਰਿਹਾ, ਅਮਰ ਹੋ ਰਿਹਾ ਹਾਂ। ਆਤਮਾ ਅਮਰ ਹੈ, ਇਹ ਮਰ

ਨਹੀਂ ਸਕਦੀ ਮੈਂ ਤਾਂ ਅਸਲ ਜੀਵਨ ਦੇ ਰਾਹ ਪੈ ਰਿਹਾ ਹਾਂ।

ਹਕੀਕਤ ਨੂੰ ਇਕ ਥੰਮ੍ਹ ਦੇ ਨਾਲ ਸੰਗਲਾਂ ਨਾਲ ਜਕੜ ਦਿੱਤਾ ਗਿਆ। ਬੈਂਤ ਨਾਲ ਜ਼ਾਲਮਾਂ ਨੇ ਕੁਟਣਾ ਸ਼ੁਰੂ ਕਰ ਦਿੱਤਾ ਤੇ ਉਸ ਸਮੇਂ ਤਕ ਕੁਟਦੇ ਰਹੇ ਜਦ ਤਕ ਕਿ ਉਹ ਲਹੂ-ਲੁਹਾਨ ਹੋ ਕੇ ਬੇਹੋਸ਼ ਨਾ ਹੋ ਗਿਆ। ਅਖ਼ੀਰ ਤਲਵਾਰ ਨਾਲ ਉਹਦਾ ਸਿਰ ਧੜ ਤੋਂ ਵਖ ਕਰ ਦਿੱਤਾ ਗਿਆ। ਇਹ ਮਹਾਨ ਕੁਰਬਾਨੀ 1742 ਈਸਵੀ ਨੂੰ ਹੋਈ।

ਮਿਰਤਕ ਸਰੀਰ ਦਾ ਸ਼ਹਿਰ ਵਾਸੀਆਂ ਨੇ ਬਹੁਤ ਵੱਡਾ ਜਲੂਸ ਕੱਢਿਆ। ਧਰਮ ਵਿਚ ਵਿਸ਼ਵਾਸ ਰਖਣ ਵਾਲੇ ਸਭ ਹਿੰਦੂ ਮੁਸਲਮਾਨ ਅਰਥੀ ਦੇ ਨਾਲ ਸ਼ਾਮਲ ਹੋਏ। ਸ਼ਾਹ ਬਹਿਲੋਲ ਦੇ ਨੇੜੇ ਅੰਤਮ ਸਸਕਾਰ ਕਰ ਦਿੱਤਾ ਗਿਆ। ਇਥੇ ਸਮਾਧ ਤਿਆਰ ਕੀਤੀ ਗਈ ਤੇ ਹਰ ਸਾਲ ਬਸੰਤ ਪੰਚਮੀ ਤੇ ਲੋਕ ਸ਼ਰਧਾਂਜਲੀ ਭੇਟ ਕਰਨ ਲਈ ਜੁੜਦੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਮਨ ਤੇ ਇਸ ਸ਼ਹੀਦੀ ਦਾ ਬਹੁਤ ਅਸਰ ਸੀ ਤੇ ਉਹ ਆਮ ਤੌਰ ਤੇ ਇਸੇ ਥਾਂ ਆਪਣੇ ਸਾਲਾਨਾ ਸਮਾਗਮ ਕੀਤਾ ਕਰਦੇ ਸਨ।

ਹਕੀਕਤ ਰਾਏ ਦੇ ਸਹੁਰੇ ਸ: ਕਿਸ਼ਨ ਸਿੰਘ ਉਪਲ ਨੇ ਸਿੰਘਾਂ ਨੂੰ ਜਾ ਕੇ ਇਤਲਾਹ ਦਿੱਤੀ ਜੋ ਇਹਨਾਂ ਦਿਨਾਂ ਵਿਚ ਜੰਗਲਾਂ ਵਿਚ ਰਹਿੰਦੇ ਸਨ। ਸਾਰੇ ਖ਼ਾਲਸਾ ਪੰਥ ਵਿਚ ਇਸ ਖ਼ਬਰ ਨਾਲ ਬੜਾ ਗੁੱਸਾ ਫੈਲ ਗਿਆ ਤੇ ਫ਼ੈਸਲਾ ਕੀਤਾ ਗਿਆ ਕਿ ਅਜਿਹਾ ਜ਼ਾਲਮਾਨਾ ਕਾਰਾ ਕਰਨ ਵਾਲੇ ਨੂੰ ਨਹੀਂ ਛਡਿਆ ਜਾਏਗਾ। ਇਸ ਸਮੇਂ ਖ਼ਾਲਸੇ ਨੇ ਸਿਆਲਕੋਟ ਵਲ ਕੂਚ ਕਰ ਦਿੱਤਾ ਤੇ ਹਮਲਾ ਕਰ ਕੇ ਉਹ ਸਾਰੇ ਮੌਲਵੀ ਹਾਕਮ ਫੜ ਲਏ ਜੋ ਇਸ ਸ਼ਹੀਦੀ ਲਈ ਜ਼ਿੰਮੇਵਾਰ ਸਨ। ਹਕੀਕਤ ਰਾਏ ਨਾਲ ਝਗੜਨ ਵਾਲੇ ਮੌਲਵੀ ਦਾ ਸਿਰ ਵਢ ਕੇ ਮਾਰਕੀਟ ਵਿਚ ਲਟਕਾ ਦਿੱਤਾ ਗਿਆ।

ਹਕੀਕਤ ਰਾਏ ਦੀ ਸ਼ਹੀਦੀ ਨੇ ਸਾਡੇ ਦੇਸ਼ ਵਿਚ ਹੋ ਰਹੇ ਅਤਿਆਚਾਰਾਂ ਵਿਰੁੱਧ ਲੋਕਾਂ ਨੂੰ ਹਲੂਣਿਆ ਤੇ ਸਿੱਖ ਲਹਿਰ ਨੂੰ ਤਾਕਤ ਮਿਲੀ। ਅਜੇਹੇ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਕੌਮ ਨੇ ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁਟੀਆਂ ਤੇ ਦੇਸ਼ ਵਿਚ ਨਵੀਆਂ ਤੇ ਨਰੋਈਆਂ ਰਵਾਇਤਾਂ ਪੈਦਾ ਕੀਤੀਆਂ।

ਭਾਈ ਤਾਰੂ ਸਿੰਘ

ਸਾਰੀ ਅਠਾਰ੍ਹਵੀਂ ਸਦੀ ਸਿੱਖਾਂ ਲਈ ਬੜੀ ਕਰੜੀ ਪ੍ਰੀਖਿਆ ਦਾ ਸਮਾਂ ਰਿਹਾ ਹੈ, ਜਦੋਂ ਕਿ ਇਕ ਪਾਸੇ ਮੁਗ਼ਲ, ਦੁਰਾਨੀ, ਈਰਾਨੀ ਤੇ ਅਫ਼ਗਾਨ ਪੰਜਾਬ ਵਿਚ ਆਪਣੇ ਆਪ ਨੂੰ ਤਕੜਾ ਕਰਨ ਦਾ ਯਤਨ ਕਰ ਰਹੇ ਸਨ ਤੇ ਦੂਜੇ ਪਾਸੇ ਉਹਨਾਂ ਦੇ ਟਾਕਰੇ ਤੇ ਦੇਸ਼ ਨੂੰ ਆਜ਼ਾਦ ਕਰਾਉਣ ਤੇ ਸਾਰੇ ਵਸਨੀਕਾਂ ਲਈ ਇਕੋ ਜਿਹੇ ਹੱਕ ਪ੍ਰਾਪਤ ਕਰਨ ਲਈ ਸਿੱਖ ਕੌਮ ਜੱਦੋ-ਜਹਿਦ ਕਰ ਰਹੀ ਸੀ। ਇਸ ਜੱਦੋ-ਜਹਿਦ ਵਿਚ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿਛੋਂ ਤੇ ਖ਼ਾਲਸਾ ਰਾਜ ਦੀ ਸਥਾਪਨਾ ਤੇ ਵਿਚਕਾਰਲੇ ਸਮੇਂ ਵਿਚ ਅਨੇਕਾਂ ਵਾਰ ਸਿੱਖਾਂ ਦਾ ਕਤਲੇ-ਆਮ ਹੋਇਆ। ਬੇਗੁਨਾਹਾਂ ਨੂੰ ਸਿਰਫ਼ ਇਸ ਲਈ ਲਾਹੌਰ ਲਿਆ ਕੇ ਭਿਆਨਕ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਕਿਉਂਕਿ ਉਹ ਸਿੱਖ ਸਨ। ਉਹ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਹੱਕ ਦੇ ਨਾਹਰੇ ਤੇ ਚੱਲਣ ਵਾਲੇ ਸਨ। ਇਨ੍ਹਾਂ ਮਹਾਨ ਸ਼ਹੀਦਾਂ ਤੇ ਕੁਰਬਾਨੀ ਕਰਨ ਵਾਲੇ ਵਿਅਕਤੀਆਂ ਵਿਚੋਂ ਇਕ ਭਾਈ ਤਾਰੂ ਸਿੰਘ ਜੀ ਵੀ ਸਨ, ਜਿਨ੍ਹਾਂ ਦਾ ਸ਼ਹੀਦੀ ਸਾਕਾ ਕੌਮ ਦੇ ਬੱਚੇ ਬੱਚੇ ਦੀ ਜ਼ਬਾਨ ਉਤੇ ਹੈ।

ਭਾਈ ਤਾਰੂ ਸਿੰਘ ਜੀ ਮਾਝੇ ਦੇ ਇਕ ਪਿੰਡ ਪਹੂਲਾ ਦੇ ਵਸਨੀਕ ਸਨ। ਖੇਤੀ ਕਰ ਕੇ ਤੇ ਨਾਮ ਜਪ ਕੇ ਸ਼ਾਂਤੀ ਨਾਲ ਆਪਣਾ ਜੀਵਨ ਬਿਤਾ ਰਹੇ ਸਨ। ਆਏ ਗਏ ਖ਼ਾਲਸੇ ਦੀ ਸੇਵਾ ਕਰਦੇ, ਰਾਤ ਰਹਿਣ ਨੂੰ ਥਾਂ ਦਿੰਦੇ ਤੇ ਉਹਨਾਂ ਦੇ ਦਰਸ਼ਨ ਕਰ ਕੇ ਪ੍ਰਸੰਨਤਾ ਪ੍ਰਾਪਤ ਕਰਦੇ। ਜਦੋਂ ਸਾਰੀ ਸਿੱਖ ਕੌਮ ਹੀ 'ਕਾਨੂੰਨ ਵਿਰੁੱਧ' ਕਰਾਰ ਦੇ ਦਿੱਤੀ ਗਈ ਤੇ ਸਰਕਾਰੀ ਤੌਰ ਤੇ ਐਲਾਨ ਕਰ ਦਿੱਤਾ ਗਿਆ ਕਿ ਸਿੱਖ ਨੂੰ ਜੀਊਂਦਾ ਜਾਂ ਮੁਰਦੇ ਦਾ ਸਿਰ ਲਿਆਉਣ ਵਾਲੇ ਨੂੰ ਇਨਾਮ ਦਿੱਤਾ ਜਾਏਗਾ ਤਾਂ ਪਿੰਡ ਵਿਚ ਸਿੱਖਾਂ ਦਾ ਵੱਸਣਾ ਕਠਨ ਹੋ ਗਿਆ। ਸਰਕਾਰੀ ਐਲਾਨ ਨਾਲ ਕਿ ਸਿੱਖਾਂ ਨੂੰ ਸ਼ਰਨ ਦੇਣ ਜਾਂ ਅੰਨ ਪਾਣੀ ਦੇਣ ਵਾਲੇ ਨੂੰ ਕਰੜੀ ਸਜ਼ਾ ਮਿਲੇਗੀ, ਹੋਰ ਮੁਸ਼ਕਲ ਪੈਦਾ ਹੋ ਗਈ। ਸਾਧਾਰਨ ਹਮਦਰਦ ਵੀ ਮਦਦ ਕਰਨ ਤੋਂ ਡਰਨ ਲਗ ਪਏ ਪਰ ਭਾਈ ਤਾਰੂ ਸਿੰਘ ਆਪਣੇ ਪਿੰਡ ਵਸਦਾ ਰਿਹਾ ਤੇ ਸਾਰਾ ਪਿੰਡ ਉਸ ਦਾ ਸਤਿਕਾਰ ਕਰਦਾ ਰਿਹਾ।

ਇਕ ਲਾਲਚੀ ਖਤਰੀ ਭਗਤ ਨਿਰੰਜਨੀ ਨਿਕਲਿਆ ਜਿਸ ਨੇ ਲਾਹੌਰ ਦੇ ਸੂਬੇਦਾਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੂੰ ਜਾ ਕੇ ਸ਼ਿਕਾਇਤ ਕੀਤੀ ਕਿ ਉਹਦੇ ਪਿੰਡ ਇਕ ਸਿੱਖ ਵਸਦਾ ਹੈ, ਜਿਸ ਪਾਸ ਸਾਰੇ ਸਿੱਖ ਡਾਕੂ ਆ ਕੇ ਰਹਿੰਦੇ ਹਨ ਤੇ ਸਾਡੇ ਸਾਰੇ ਇਲਾਕੇ ਵਿਚ ਆ ਕੇ ਉਹਨਾਂ ਵਖਤ ਪਾਇਆ ਹੋਇਆ ਹੈ। ਉਹਦੀ ਸ਼ਿਕਾਇਤ ਤੇ ਕਿਸੇ ਪੜਤਾਲ ਕਰਨ ਦਾ ਯਤਨ ਨਾ ਕੀਤਾ ਤੇ ਤੁਰਤ ਹੀ ਜ਼ਕਰੀਆ ਖ਼ਾਨ ਨੇ ਹੁਕਮ ਦੇ ਦਿੱਤਾ ਕਿ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਹਦੇ ਸਾਹਮਣੇ ਪੇਸ਼ ਕੀਤਾ ਜਾਏ।

ਜਦ ਫ਼ੌਜ ਪਿੰਡ ਪਹੁੰਚੀ ਤਾਂ ਭਾਈ ਤਾਰੂ ਸਿੰਘ ਦੇ ਹਮਦਰਦ ਤੇ ਉਹਨਾਂ ਪਾਸ ਠਹਿਰੇ ਕੁਝ ਸਿੰਘ ਫ਼ੌਜ ਦੇ ਮੁਕਾਬਲੇ ਲਈ ਡਟ ਗਏ ਤੇ ਉਹਨਾਂ ਨੂੰ ਅੱਗੇ ਨਾ ਵਧਣ ਦੀ ਚਿਤਾਵਨੀ ਦੇ ਦਿਤੀ ਪਰ ਭਾਈ ਤਾਰੂ ਸਿੰਘ ਨੇ ਉਹਨਾਂ ਨੂੰ ਸਮਝਾਇਆ ਕਿ ਮੇਰੇ ਪਿਛੇ ਤੁਸੀਂ ਕਿਉਂ ਕਈ ਜਾਨਾਂ ਦਾ ਨੁਕਸਾਨ ਕਰਦੇ ਹੋ। ਭਾਈ ਸਾਹਿਬ ਦੀ ਹਦਾਇਤ ਤੇ ਸਾਰੇ ਪਿਛੇ ਹਟ ਗਏ ਤੇ ਫ਼ੌਜ ਨੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਲਾਹੌਰ ਲਿਆ ਕੇ ਭਾਈ ਤਾਰੂ ਸਿੰਘ ਜੀ ਨੂੰ ਜ਼ਕਰੀਆ ਖ਼ਾਨ ਦੇ ਪੇਸ਼ ਕੀਤਾ ਗਿਆ। ਜ਼ਕਰੀਆ ਖ਼ਾਨ ਨੇ ਪੁਛਿਆ ਕਿ ਕੀ ਤੁਸੀਂ ਸਿੱਖਾਂ ਨੂੰ ਆਪਣੇ ਪਾਸ ਠਹਿਰਨ ਲਈ ਥਾਂ ਦਿੰਦੇ ਹੋ?

ਭਾਈ ਤਾਰੂ ਸਿੰਘ ਨੇ ਬੜੀ ਦਲੇਰੀ ਨਾਲ ਕਿਹਾ, 'ਕੇਵਲ ਥਾਂ ਹੀ ਨਹੀਂ ਦਿੰਦਾ ਸਗੋਂ ਆਪਣੀ ਪੂਰੀ ਵਿਤ ਅਨੁਸਾਰ ਸੇਵਾ ਵੀ ਕਰਦਾ ਹਾਂ। ਖ਼ਾਲਸੇ ਦੀ ਸੇਵਾ ਕਰਨੀ ਮੈਂ ਆਪਣਾ ਧਰਮ ਸਮਝਦਾ ਹਾਂ।'

'ਅੱਜ ਤੋਂ ਅਜਿਹਾ ਨਾ ਕਰਨ ਦਾ ਵਿਸ਼ਵਾਸ ਦਿਵਾ ਸਕਦੇ ਹੋ?' ਸੂਬੇ ਨੇ ਪੁਛਿਆ।

'ਬਿਲਕੁਲ ਨਹੀਂ।' ਭਾਈ ਤਾਰੂ ਸਿੰਘ ਨੇ ਗਰਜਵੀਂ ਆਵਾਜ਼ ਵਿਚ ਕਿਹਾ, 'ਮੇਰਾ ਆਪਣਾ ਕੁਝ ਵੀ ਨਹੀਂ। ਮੇਰੇ ਪਾਸ ਜੋ ਕੁਝ ਏ ਸਭ ਗੁਰੂ ਦੀ ਬਖ਼ਸ਼ਸ਼ ਏ। ਇਹਨੂੰ ਮੈਂ ਖ਼ਾਲਸੇ ਦੀ ਸੇਵਾ ਤੇ ਲਾਣ ਤੋਂ ਨਹੀਂ ਰਹਿ ਸਕਦਾ। ਖ਼ਾਲਸੇ ਦੀ ਸੇਵਾ ਛਡਣੀ ਤਾਂ ਮੌਤ ਨਾਲੋਂ ਭੈੜੀ ਗੱਲ ਏ।'

ਭਾਈ ਸਾਹਿਬ ਦੇ ਉਤਰ ਸੁਣ ਕੇ ਜ਼ਕਰੀਆ ਖ਼ਾਨ ਨੇ ਕਾਜ਼ੀ ਸੱਦ ਲਏ ਤੇ ਉਹਨਾਂ ਦੀ ਸਲਾਹ ਨਾਲ ਹੁਕਮ ਦਿੱਤਾ ਕਿ ਇਹਦੇ ਸਿਰ ਦੇ ਵਾਲ ਕੱਟ ਦਿੱਤੇ ਜਾਣ। ਇਹ ਹੁਕਮ ਦੇਣ ਦਾ ਭਾਵ ਇਹ ਸੀ ਕਿ ਜਿਸ ਸਿੱਖੀ ਤੇ ਬਹੁਤਾ ਮਾਣ ਕਰਦਾ ਹੈ, ਉਸ ਸਿੱਖੀ ਤੋਂ ਇਹਨੂੰ ਪਤਿਤ ਕਰ ਦਿੱਤਾ ਜਾਏ।

ਭਾਈ ਤਾਰੂ ਸਿੰਘ ਜੀ ਇਹ ਬਰਦਾਸ਼ਤ ਨਹੀਂ ਸਨ ਕਰ ਸਕਦੇ ਕਿ ਉਹਨਾਂ ਦੇ ਜਾਨ ਤੋਂ ਪਿਆਰੇ ਕੇਸਾਂ ਦਾ ਅਪਮਾਨ ਕੀਤਾ ਜਾਏ। ਸਿੰਘ ਦੇ ਨੇਤਰ ਬੰਦ ਹੋ ਗਏ ਤੇ ਲਿਵ ਅਕਾਲ ਪੁਰਖ ਨਾਲ ਜੁੜ ਗਈ। ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ! ਮੈਨੂੰ ਬਲ ਬਖ਼ਸ਼ ਕਿ ਮੈਂ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾ ਸਕਾਂ।

ਜਦ ਸਰਕਾਰੀ ਆਦਮੀ ਕੇਸ ਕਤਲ ਕਰਨ ਲਈ ਨੇੜੇ ਆਏ ਤਾਂ ਭਾਈ ਤਾਰੂ ਸਿੰਘ ਨੇ ਜ਼ੋਰ ਦੀ ਲੱਤ ਮਾਰੀ। ਇਕ ਆਦਮੀ ਦੂਰ ਜਾ ਪਿਆ ਤੇ ਫੜਕਣ ਲਗ ਪਿਆ। ਇਹ ਦੇਖ ਕੇ ਕਈ ਆਦਮੀਆਂ ਨੇ ਉਹਨੂੰ ਪਕੜ ਲਿਆ। ਜਦ ਫਿਰ ਨਾਈ ਨੇੜੇ ਆਇਆ ਤਾਂ ਆਪਣਾ ਸਿਰ ਜ਼ੋਰ ਨਾਲ ਉਹਦੇ ਸਿਰ ਵਿਚ ਮਾਰ ਕੇ ਭਾਈ ਤਾਰੂ ਸਿੰਘ ਨੇ ਉਹਨੂੰ ਲਹੂ-ਲੁਹਾਨ ਕਰ ਦਿੱਤਾ। ਇਸ ਤੇ ਮੋਚੀ ਸਦਿਆ ਗਿਆ ਤੇ ਉਹਨੂੰ ਕਿਹਾ ਗਿਆ ਕਿ ਇਹਦੀ ਖੋਪਰੀ ਦਾ ਉਪਰਲਾ ਹਿੱਸਾ ਰੰਬੀ ਨਾਲ ਉਤਾਰ ਦਿੱਤਾ ਜਾਏ। ਉਹਨੇ ਵੀ ਯਤਨ ਕੀਤਾ। ਕੁਝ ਇਤਿਹਾਸਕਾਰ ਲਿਖਦੇ ਹਨ ਕਿ ਰੰਬੀ ਨਾਲ ਉਹਦੇ ਸਿਰ ਦਾ ਉਪਰਲਾ ਹਿੱਸਾ ਉਤਾਰ ਦਿੱਤਾ ਗਿਆ ਪਰ ਕੁਝ ਲਿਖਦੇ

ਹਨ ਕਿ ਉਹਦਾ ਸਿਰ ਜਦ ਇਸ ਤਰ੍ਹਾਂ ਵੀ ਨਾ ਕਟਿਆ ਜਾ ਸਕਿਆ ਤਾਂ ਤਰਖਾਣ ਨੂੰ ਸੱਦ ਕੇ ਆਰੀ ਨਾਲ ਚਿਰਵਾ ਦਿਤਾ ਗਿਆ। ਭਾਈ ਤਾਰੂ ਸਿੰਘ ਦੇ ਸਿਰ ਦਾ ਸ਼ਹਿਰ ਵਿਚ ਜਲੂਸ ਕੱਢਿਆ ਗਿਆ ਤਾਂ ਕਿ ਬਾਕੀ ਦੇ ਸਿੱਖ ਸੁਣ ਕੇ ਡਰ ਜਾਣ ਤੇ ਇਉਂ ਸਰਕਾਰ ਵਿਰੁੱਧ ਆਪਣੀ ਜੱਦੋ-ਜਹਿਦ ਸ਼ਾਇਦ ਬੰਦ ਕਰ ਦੇਣ ਪਰ ਉਹਨਾਂ ਨੂੰ ਇਹ ਨਹੀਂ ਸੀ ਪਤਾ ਕਿ ਸ਼ਹੀਦਾਂ ਦੇ ਖ਼ੂਨ ਦੀ ਇਕ ਇਕ ਬੂੰਦ ਅਨੇਕਾਂ ਨਵੇਂ ਸ਼ਹੀਦ ਪੈਦਾ ਕਰਨ ਦਾ ਕਾਰਨ ਬਣ ਜਾਂਦੀ ਏ।

ਦਿੱਲੀ ਗੇਟ ਦੇ ਬਾਹਰ ਲਾਹੌਰ ਵਿਚ ਭਾਈ ਤਾਰੂ ਸਿੰਘ ਜੀ ਦਾ ਅੰਤਮ ਸਸਕਾਰ ਕੀਤਾ ਗਿਆ। ਇਹ ਥਾਂ ਲਾਹੌਰ ਰੇਲਵੇ ਸਟੇਸ਼ਨ ਦੇ ਬਹੁਤ ਨੇੜੇ ਹੈ ਤੇ ਇਥੇ ਸ਼ਹੀਦ ਗੰਜ ਗੁਰਦੁਆਰਾ ਬਣਾਇਆ ਗਿਆ ਸੀ।

ਸੁਬੇਗ ਸਿੰਘ ਸ਼ਾਹਬਾਜ਼ ਸਿੰਘ

ਸੰਨ 1748 ਈ: ਸਿੱਖ ਇਤਿਹਾਸ ਵਿਚ ਖ਼ਾਸ ਮਹਾਨਤਾ ਭਰਿਆ ਸਾਲ ਹੈ। ਇਸੇ ਸਾਲ ਸਿੰਘਾਂ ਦੇ ਬਾਰਾਂ ਜਥੇ ਬਣਾ ਕੇ ਉਹਨਾਂ ਨੂੰ ਬਾਰਾਂ ਮਿਸਲਾਂ ਦਾ ਨਾਮ ਦਿੱਤਾ ਗਿਆ ਤੇ ਸਾਰਿਆਂ ਨੂੰ ਸਾਂਝੇ ਤੌਰ ਤੇ ਦਲ ਖ਼ਾਲਸਾ ਦਾ ਨਾਮ ਦਿੱਤਾ ਗਿਆ। ਇਕ ਪਾਸੇ ਸਿੰਘ ਇਤਨੇ ਜਥੇਬੰਦ ਹੋ ਰਹੇ ਸਨ ਤੇ ਦੂਜੇ ਪਾਸੇ ਜ਼ੁਲਮ ਵੀ ਆਪਣੀਆਂ ਸਿਖ਼ਰਾਂ ਛੋਹ ਰਿਹਾ ਸੀ। ਲਾਹੌਰ ਦੇ ਜ਼ਾਲਮ ਹਾਕਮਾਂ ਨੇ ਇਸੇ ਸਾਲ ਦੋ ਮਹਾਨ ਸ਼ਖ਼ਸੀਅਤਾਂ, ਜਿਨ੍ਹਾਂ ਦਾ ਆਪਸ ਵਿਚ ਦੁਨਿਆਵੀ ਰਿਸ਼ਤਾ ਪਿਉ ਪੁੱਤਰ ਦਾ ਸੀ, ਨੂੰ ਲਾਹੌਰ ਲਿਆ ਕੇ ਚਰਖੜੀ ਤੇ ਚਾੜ੍ਹ ਦਿੱਤਾ ਤੇ ਇਉਂ ਸ: ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਨੂੰ ਸਿੱਖ ਸ਼ਹੀਦਾਂ ਦੀ ਲੜੀ ਵਿਚ ਅਮਰ ਥਾਂ ਪ੍ਰਾਪਤ ਹੋ ਗਈ।

ਸ: ਸੁਬੇਗ ਸਿੰਘ ਲਾਹੌਰ ਤੋਂ ਕੁਝ ਮੀਲ ਦੂਰ ਪਿੰਡ ਜੰਮਬਰ ਦੇ ਵਸਨੀਕ, ਬੜੇ ਸਿਆਣੇ, ਸੂਝਵਾਨ, ਨੀਤੀਵਾਨ, ਵਪਾਰੀ, ਠੇਕੇਦਾਰ ਤੇ ਮਿਲਣਸਾਰ ਸਨ। ਆਪਣੇ ਇਹਨਾਂ ਗੁਣਾਂ ਕਰਕੇ ਇਲਾਕੇ ਵਿਚ ਆਪ ਦਾ ਬੇਹੱਦ ਸਤਿਕਾਰ ਸੀ ਤੇ ਇਥੋਂ ਤਕ ਮੰਨੀ ਹੋਈ ਸ਼ਖ਼ਸੀਅਤ ਸਨ ਕਿ ਜ਼ਕਰੀਆ ਖ਼ਾਨ ਵਰਗੇ ਜ਼ਾਲਮ ਗਵਰਨਰ ਨੇ ਵੀ ਆਪ ਨੂੰ ਸਿੱਖ ਹੋਣ ਦੇ ਬਾਵਜੂਦ ਨੇੜੇ ਰਖਿਆ ਤੇ ਕੁਝ ਸਮੇਂ ਲਾਹੌਰ ਦਾ ਕੋਤਵਾਲ ਵੀ ਲਾਈ ਰਖਿਆ। ਇਕ ਸਿੱਖ ਦਾ ਉਸ ਸਮੇਂ ਸਰਕਾਰੀ ਅਹੁਦੇ ਤੇ ਲਗਣਾ ਜੇ ਅਸੰਭਵ ਨਹੀਂ ਤਾਂ ਕਠਨ ਘਟਨਾ ਜ਼ਰੂਰ ਸੀ। ਇਸ ਅਸਾਧਾਰਨ ਗੱਲ ਕਰਕੇ ਵੀ ਆਪ ਦਾ ਨਾਮ ਬਹੁਤ ਪ੍ਰਸਿਧ ਹੋ ਗਿਆ।

ਸ: ਸੁਬੇਗ ਸਿੰਘ ਪਹਿਲਾਂ ਸਰਕਾਰੀ ਠੇਕੇਦਾਰ ਸਨ। ਆਪ ਦੀ ਈਮਾਨਦਾਰੀ ਕਰਕੇ ਲਾਹੌਰ ਦੇ ਹਾਕਮ ਆਪ ਦਾ ਸਤਿਕਾਰ ਕਰਦੇ ਸਨ। 1726 ਈਸਵੀ ਨੂੰ ਜਦ ਆਪਣੇ ਪਿਓ ਦੀ ਥਾਂ ਜ਼ਕਰੀਆ ਖ਼ਾਨ ਲਾਹੌਰ ਦਾ ਗਵਰਨਰ ਬਣ ਕੇ ਆਇਆ ਤਾਂ ਉਹਨੇ ਸ: ਸੁਬੇਗ ਸਿੰਘ ਨਾਲ ਗੱਲ-ਬਾਤ ਵਿਚ ਅਨੁਭਵ ਕੀਤਾ ਕਿ ਇਹ ਅਸਾਧਾਰਨ ਬੁਧੀ ਵਾਲਾ ਇਨਸਾਨ ਕਿਸੇ ਸਮੇਂ ਬਹੁਤ ਕੰਮ ਦੇ ਸਕਦਾ ਹੈ, ਇਸ ਲਈ ਇਹਨੂੰ ਕੁਝ ਨਾ ਕਿਹਾ ਜਾਏ ਤੇ ਇਸ ਨਾਲ ਪਹਿਲਾਂ ਵਰਗੇ ਸੰਬੰਧ ਬਣੇ ਰਹਿਣ ਦਿਤੇ ਜਾਣ।

ਜ਼ਕਰੀਆ ਖ਼ਾਨ ਨੇ ਭਾਈ ਤਾਰਾ ਸਿੰਘ ਵਾਂ ਪਿੰਡ ਵਾਲਿਆਂ ਨੂੰ ਸ਼ਹੀਦ ਕਰਾ ਦਿੱਤਾ। ਇਸ ਤੇ ਸਾਰੀ ਸਿੱਖ ਕੌਮ ਵਿਚ ਗੁੱਸਾ ਫੈਲ ਗਿਆ ਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿਛੋਂ ਪੈਦਾ ਹੋਈ ਫੁਟ ਤੇ ਨਿਰਾਸਤਾ ਖ਼ਤਮ ਕਰ ਕੇ, ਕੌਮ ਇਕ ਵਾਰ ਫਿਰ ਸਰਕਾਰ ਨਾਲ ਟੱਕਰ ਲੈਣ ਲਈ ਤੱਤਪਰ ਹੋ ਗਈ। ਦੀਵਾਨ ਦਰਬਾਰਾ ਸਿੰਘ ਤੇ ਸ: ਕਪੂਰ ਸਿੰਘ ਫੈਜ਼ਲਪੁਰੀਏ ਦੀ ਅਗਵਾਈ ਵਿਚ ਫ਼ੈਸਲਾ ਕੀਤਾ ਗਿਆ ਕਿ ਲਾਹੌਰ ਸਰਕਾਰ ਤੋਂ ਭਾਈ ਤਾਰਾ ਸਿੰਘ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਆਰਥਕ ਨਾਕਾਬੰਦੀ ਕਰ ਦਿੱਤੀ ਜਾਏ।

ਸੱਤ ਸਾਲ ਸਿੰਘਾਂ ਨੇ ਲਾਹੌਰ ਦੀ ਅਜਿਹੀ ਆਰਥਕ ਨਾਕਾਬੰਦੀ ਕੀਤੀ ਕਿ ਜ਼ਕਰੀਆ ਖ਼ਾਨ ਦਾ ਨੱਕ ਦੰਮ ਆ ਗਿਆ। ਉਹ ਬਹੁਤ ਘਬਰਾਇਆ ਕਿਉਂਕਿ ਸਰਕਾਰੀ ਖ਼ਜ਼ਾਨਾ ਖ਼ਾਲੀ ਹੋ ਗਿਆ ਸੀ। ਬਾਹਰੋਂ ਰਕਮਾਂ ਆਉਂਦੀਆਂ ਰਾਹ ਵਿਚ ਹੀ ਸਿੰਘ ਖੋਹ ਲੈਂਦੇ ਸਨ। ਫ਼ੌਜੀ ਕਰੜਾਈਆਂ ਵੀ ਸਫ਼ਲ ਨਾ ਹੋਈਆਂ ਤੇ ਅਖ਼ੀਰ ਹਾਰ ਕੇ ਜ਼ਕਰੀਆ ਖ਼ਾਨ ਨੇ ਸਿੱਖਾਂ ਨਾਲ ਸਮਝੌਤਾ ਕਰਨ ਦਾ ਮਨ ਬਣਾਇਆ। ਉਸ ਨੇ ਸੋਚਿਆ ਕਿ ਇਸ ਕੰਮ ਵਿਚ ਉਹਦੀ ਸ: ਸੁਬੇਗ ਸਿੰਘ ਬਹੁਤ ਮਦਦ ਕਰ ਸਕਦੇ ਹਨ। ਉਹਨੇ ਆਪ ਨੂੰ ਸੱਦਿਆ ਤੇ ਕਿਹਾ ਕਿ ਤੁਸੀਂ ਕਈ ਵਾਰ ਕਹਿੰਦੇ ਹੋ ਕਿ ਸਿੱਖਾਂ ਨਾਲ ਸਰਕਾਰ ਨੂੰ ਵਿਗਾੜਨੀ ਨਹੀਂ ਚਾਹੀਦੀ, ਹੁਣ ਵਿਚ ਪੈ ਕੇ ਮੇਰਾ ਸਿੱਖਾਂ ਨਾਲ ਸਮਝੌਤਾ ਕਰਾ ਦਿਓ। ਸ: ਸੁਬੇਗ ਸਿੰਘ ਨੇ ਕਿਹਾ ਕਿ ਸਮਝੌਤੇ ਲਈ ਸ਼ਰਤਾਂ ਕੀ ਹੋਣਗੀਆਂ?

'ਸਿੱਖ ਰਾਜ ਵਿਚ ਗੜਬੜ ਕਰਨੀ ਛੱਡ ਦੇਣ।' ਜ਼ਕਰੀਆ ਖ਼ਾਨ ਨੇ ਕਿਹਾ।

'ਤੁਸੀਂ ਕੀ ਦਿਓਗੇ?' ਸੁਬੇਗ ਸਿੰਘ ਨੇ ਪੁਛਿਆ।

'ਉਹਨਾਂ ਦੇ ਇਕ ਆਗੂ ਨੂੰ ਨਵਾਬ ਦੀ ਪਦਵੀ ਦੇ ਦਿੱਤੀ ਜਾਏਗੀ।' ਜ਼ਕਰੀਆ ਖ਼ਾਨ ਨੇ ਕਿਹਾ।

'ਬਸ?'

'ਹੋਰ ਕੀ।'

'ਉਹਨਾਂ ਨਹੀਂ ਮੰਨਣਾ।' ਸੁਬੇਗ ਸਿੰਘ ਨੇ ਦਸਿਆ।

'ਹੋਰ ਕੀ ਚਾਹੀਦਾ ਏ?' ਜ਼ਕਰੀਆ ਖ਼ਾਨ ਨੇ ਪੁਛਿਆ।

'ਪਹਿਲਾਂ ਉਹਨਾਂ ਨੂੰ ਆਪਣੇ ਗੁਰਧਾਮਾਂ ਦੀ ਖੁਲ੍ਹੀ ਯਾਤਰਾ ਤੇ ਸੇਵਾ ਸੰਭਾਲ ਦੀ ਆਗਿਆ ਦਿਤੀ ਜਾਏ।' ਸੁਬੇਗ ਸਿੰਘ ਨੇ ਸਮਝਾਇਆ ਕਿ ਸਿੰਘਾਂ ਨੂੰ ਗੁਰਦਵਾਰੇ ਆਪਣੀ ਜਾਨ ਨਾਲੋਂ ਵੀ ਵੱਧ ਪਿਆਰੇ ਹਨ।

'ਇਹ ਵੀ ਖੁਲ੍ਹ ਦੇ ਦਿਆਂਗੇ।' ਜ਼ਕਰੀਆ ਖ਼ਾਨ ਨੇ ਸੁਝਾਉ ਮੰਨ ਲਿਆ।

'ਉਹਨਾਂ ਨੂੰ ਜਾਗੀਰ ਵੀ ਦਿਓ ਤਾਂ ਕਿ ਗੁਰਦਵਾਰਿਆਂ ਦੀ ਸੰਭਾਲ ਲਈ ਖ਼ਰਚ ਦਾ ਪ੍ਰਬੰਧ ਹੋ ਸਕੇ।'

ਸੁਬੇਗ ਸਿੰਘ ਨੇ ਇਸ ਤਰ੍ਹਾਂ ਅਨੇਕਾਂ ਸ਼ਰਤਾਂ ਮੰਨਵਾ ਕੇ ਲਿਖਤੀ ਰੂਪ ਵਿਚ ਲੈ ਲਈਆਂ ਤੇ ਸ੍ਰੀ ਅੰਮ੍ਰਿਤਸਰ ਆ ਗਏ ਜਿਥੇ ਸਿੰਘ ਆਏ ਹੋਏ ਸਨ। ਸ: ਸੁਬੇਗ ਸਿੰਘ ਨੇ ਦੀਵਾਨ ਦਰਬਾਰਾ ਸਿੰਘ ਨੂੰ ਸੁਨੇਹਾ ਭੇਜਿਆ ਤੇ ਫਿਰ ਮਿਲ ਕੇ ਸਾਰੀ ਗੱਲ ਦੱਸੀ। ਪਰ ਦੀਵਾਨ ਜੀ ਨੇ ਕਿਹਾ ਕਿ ਮੈਂ ਕੁਝ ਨਹੀਂ ਕਰ ਸਕਦਾ। ਇਹ ਸਰਬੱਤ ਖ਼ਾਲਸੇ ਦਾ ਕੰਮ ਏ ਕਿ ਉਹ ਅਜਿਹਾ ਫ਼ੈਸਲਾ ਕਰੇ।

'ਮੈਨੂੰ ਫਿਰ ਖ਼ਾਲਸੇ ਦੀ ਇਕੱਤਰਤਾ ਵਿਚ ਸੱਦ ਲਓ, ਮੈਂ ਸਾਰੀ ਗੱਲ ਸਮਝਾ ਦਿਆਂਗਾ।' ਸੁਬੇਗ ਸਿੰਘ ਨੇ ਬੇਨਤੀ ਕੀਤੀ।

ਦੀਵਾਨ ਦਰਬਾਰਾ ਸਿੰਘ ਨੇ ਖ਼ਾਲਸੇ ਦੇ ਇਕੱਠ ਵਿਚ ਉਹ ਸਾਰੀ ਪੇਸ਼ਕਸ਼ ਬਿਆਨ ਕੀਤੀ ਜੋ ਸਰਕਾਰ ਵਲੋਂ ਆਈ ਸੀ । ਉਸ ਤੇ ਵਿਚਾਰ ਕੀਤਾ ਗਿਆ ਪਰ ਬੁਹਤੇ ਸਿੰਘਾਂ ਦੀ ਰਾਏ ਇਹ ਸੀ ਕਿ ਸਰਕਾਰ ਦੀ ਇਸ ਪੇਸ਼ਕਸ਼ ਨੂੰ ਠੁਕਰਾ ਦਿਤਾ ਜਾਏ । ਦੀਵਾਨ ਦਰਬਾਰਾ ਸਿੰਘ ਨੇ ਦਸਿਆ ਕਿ ਸ: ਸੁਬੇਗ ਸਿੰਘ ਜੀ ਇਕੱਤਰਤਾ ਵਿਚ ਆ ਕੇ ਸਾਰੀ ਹਾਲਤ ਬਿਆਨ ਕਰਨੀ ਚਾਹੁੰਦੇ ਹਨ । ਖ਼ਾਲਸੇ ਨੇ ਫ਼ੈਸਲਾ ਦਿਤਾ ਕਿ ਉਹ ਸਰਕਾਰ ਦੇ ਨਾਲ ਹਨ ਜੋ ਸਿੱਖਾਂ ਦੇ ਵਿਰੁੱਧ ਹੈ, ਇਸ ਲਈ 'ਤਨਖ਼ਾਹੀਏ' ਹਨ । ਪਹਿਲਾਂ ਉਹ ਤਨਖ਼ਾਹ ਭੁਗਤਣ ਤੇ ਫਿਰ ਮੀਟਿੰਗ ਵਿਚ ਆ ਸਕਦੇ ਹਨ । ਉਹਨਾਂ ਨੂੰ ਜੋ ਤਨਖ਼ਾਹ ਲਾਈ ਗਈ, ਜੋੜਿਆਂ ਵਿਚ ਖੜ੍ਹੇ ਹੋ ਕੇ ਗਲ ਪੱਲਾ ਪਾ ਕੇ ਸ: ਸੁਬੇਗ ਸਿੰਘ ਨੇ ਸਵੀਕਾਰ ਕੀਤੀ ਤੇ ਫਿਰ ਇਕੱਤਰਤਾ ਵਿਚ ਆ ਕੇ ਆਪਣੀ ਵਿਦਵਤਾ ਨਾਲ ਸਾਰੇ ਸਿੰਘਾਂ ਨੂੰ ਰਾਜ਼ੀ ਕਰ ਲਿਆ ਕਿ ਸਰਕਾਰ ਦੀ ਪੇਸ਼ਕਸ਼ ਮੰਨ ਲਈ ਜਾਏ । ਜਦ ਤਕ ਨਿਬਾਹ ਹੋਵੇਗਾ ਉਤਨਾ ਸਮਾਂ ਹੀ ਸਹੀ । ਘੱਟੋ ਘੱਟ ਗੁਰਦਵਾਰਿਆਂ ਦੀ ਮੁਰੰਮਤ ਤੇ ਦੇਖ ਭਾਲ ਲਈ ਤਾਂ ਖੁਲ੍ਹ ਹੋ ਜਾਵੇਗੀ । ਸ: ਸੁਬੇਗ ਸਿੰਘ ਦੇ ਯਤਨਾਂ ਨਾਲ ਫ਼ੈਸਲਾ ਹੋ ਗਿਆ । ਸ: ਕਪੂਰ ਸਿੰਘ ਨੂੰ ਨਵਾਬੀ ਦਿਤੀ ਗਈ ।

ਇਸ ਫ਼ੈਸਲੇ ਤੇ ਜ਼ਕਰੀਆ ਖ਼ਾਨ ਬਹੁਤ ਖ਼ੁਸ਼ ਹੋਇਆ ਤੇ ਉਹਨੇ ਸ: ਸੁਬੇਗ ਸਿੰਘ ਨੂੰ ਲਾਹੌਰ ਦਾ ਕੋਤਵਾਲ ਨਿਯਤ ਕਰ ਦਿੱਤਾ । ਸ: ਸੁਬੇਗ ਸਿੰਘ ਨੇ ਇਸ ਪਦਵੀ ਤੇ ਜਾ ਕੇ ਲੋਕਾਂ ਦੀ ਪ੍ਰਸੰਸਾ ਹੋਰ ਜਿਤੀ ਤੇ ਦੋਸਤ ਦੁਸ਼ਮਣ ਸਾਰੇ ਉਹਨਾਂ ਦੀ ਯੋਗਤਾ ਦੇ ਪ੍ਰਸੰਸਕ ਬਣ ਗਏ ।

ਜਦੋਂ ਜ਼ਕਰੀਆ ਖ਼ਾਨ ਦੀ ਸਿੰਘਾਂ ਨਾਲ ਫਿਰ ਖੜਕ ਪਈ ਤੇ ਸਿੰਘਾਂ ਨੇ ਉਹਦਾ ਫਿਰ ਕਾਫ਼ੀਆ ਤੰਗ ਕਰਨਾ ਸ਼ੁਰੂ ਕਰ ਦਿੱਤਾ ਤਾਂ ਸ: ਸੁਬੇਗ ਸਿੰਘ ਤੇ ਇਹ ਇਲਜ਼ਾਮ ਲਾ ਕੇ ਕੋਤਵਾਲ ਦੀ ਪਦਵੀ ਤੋਂ ਹਟਾ ਦਿੱਤਾ ਗਿਆ ਕਿ ਉਹ ਸਰਕਾਰੀ ਭੇਦ ਸਿੰਘਾਂ ਨੂੰ ਪਹੁੰਚਾਂਦੇ ਹਨ । ਸ: ਸੁਬੇਗ ਸਿੰਘ ਆਪਣੇ ਪਹਿਲੇ ਕਾਰ-ਵਿਹਾਰ ਵਿਚ ਹੀ ਫਿਰ ਰੁੱਝ ਗਏ ।

ਆਪ ਦਾ ਸਪੁੱਤਰ ਸ਼ਾਹਬਾਜ਼ ਸਿੰਘ ਬੜਾ ਸੋਹਣਾ, ਗੋਰਾ, ਤਿਖੇ ਨੈਣ ਨਕਸ਼ਾਂ ਵਾਲਾ, ਚੁਸਤ, ਹੋਣਹਾਰ ਤੇ ਪ੍ਰਭਾਵਸ਼ਾਲੀ ਜਵਾਨ ਸੀ । ਅਠਾਰਾਂ ਸਾਲਾਂ ਦੀ ਉਮਰ ਵਿਚ ਉਹ ਸ਼ੇਰ ਜਵਾਨ ਹਰ ਦੇਖਣ ਵਾਲੇ ਨੂੰ ਮੋਹ ਲੈਂਦਾ ਸੀ । ਜਿਸ ਮੌਲਵੀ ਪਾਸ ਉਹ ਵਿਦਿਆ ਪ੍ਰਾਪਤ ਕਰਦਾ ਸੀ, ਉਹਦੇ ਮਨ ਵਿਚ ਆਇਆ ਕਿ ਇਹਨੂੰ ਮੁਸਲਮਾਨ ਬਣਾਇਆ ਜਾਏ ਤੇ ਆਪਣੀ ਜਵਾਨ ਧੀ ਇਸ ਨਾਲ ਵਿਆਹੀ ਜਾਏ । ਉਹਨੇ ਬਥੇਰਾ ਯਤਨ ਕੀਤਾ ਪਰ ਸ਼ਾਹਬਾਜ਼ ਸਿੰਘ ਉਹਦੇ ਜਾਲ ਵਿਚ ਨਾ ਫਸਿਆ ਤੇ ਉਹਦੇ ਹਰ ਯਤਨ ਨੂੰ ਠੁਕਰਾ ਦਿਤਾ । ਅਖ਼ੀਰ ਖਿਝ ਕੇ ਮੌਲਵੀ ਡਰਾਉਣ ਧਮਕਾਉਣ ਲਗ ਪਿਆ । ਸ਼ਾਹਬਾਜ਼ ਸਿੰਘ ਨੂੰ ਧਰਮ ਦੀ ਚੰਗੀ ਵਾਕਫ਼ੀਅਤ ਸੀ, ਇਹ ਹਰ ਗੱਲ ਨੂੰ ਦਲੀਲ ਨਾਲ ਕਟ ਦਿੰਦਾ ਤੇ ਮੁਲਾਂ ਲਾਜਵਾਬ ਹੋ ਜਾਂਦਾ । ਅਖ਼ੀਰ ਮੌਲਵੀ ਨੇ ਇਲਾਕੇ ਦੇ ਹਾਕਮ ਪਾਸ ਸ਼ਿਕਾਇਤ ਕੀਤੀ ਕਿ ਸ਼ਾਹਬਾਜ਼ ਸਿੰਘ ਨੇ ਇਸਲਾਮ ਦਾ ਅਪਮਾਨ ਕੀਤਾ ਹੈ । ਇਸਲਾਮ ਵਿਰੁੱਧ ਬੋਲਦਾ ਤੇ ਲੋਕਾਂ ਨੂੰ ਭੜਕਾਂਦਾ ਹੈ । ਕੁਝ ਉਸੇ ਤਰ੍ਹਾਂ ਦੇ ਦੂਸ਼ਣ ਲਾ ਕੇ ਕਹਾਣੀ ਘੜੀ ਗਈ ਜਿਸ ਤਰ੍ਹਾਂ ਹਕੀਕਤ ਰਾਏ ਵਿਰੁੱਧ ਘੜੀ ਗਈ ਸੀ ।

ਸ਼ਾਹਬਾਜ਼ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਜ਼ਕਰੀਆ ਖ਼ਾਨ ਵਲ ਭੇਜ ਦਿਤਾ ਗਿਆ ਪਰ ਜ਼ਕਰੀਆ ਖ਼ਾਨ ਇਹਨਾਂ ਦਿਨਾਂ ਵਿਚ ਮਰ ਗਿਆ। ਉਸ ਦੇ ਪਿਛੋਂ ਯਹੀਆ ਖ਼ਾਨ ਪੰਜਾਬ ਦਾ ਗਵਰਨਰ ਬਣਿਆ। ਕੁਝ ਸਮਾਂ ਤਾਂ ਉਹ ਆਪਣੀ ਗੱਦੀ ਬਣਾਉਣ ਵਿਚ ਰੁੱਝਾ ਰਿਹਾ ਤੇ ਇਹਨਾਂ ਦਾ ਮਾਮਲਾ ਪਿਛੇ ਪੈ ਗਿਆ। ਜਦ ਉਹ ਵਿਹਲਾ ਹੋਇਆ ਤਾਂ ਉਹਨੇ ਸ਼ਾਹਬਾਜ਼ ਸਿੰਘ ਦਾ ਮੁਕੱਦਮਾ ਸੁਣਨਾ ਸ਼ੁਰੂ ਕੀਤਾ। ਉਹਨੇ ਮੌਲਵੀ ਦੇ ਬਿਆਨ ਤੇ ਇਲਾਕੇ ਦੇ ਚੌਧਰੀ ਦੀ ਰਿਪੋਰਟ ਨੂੰ ਠੀਕ ਮੰਨ ਕੇ ਇਹਨੂੰ ਦੋਸ਼ੀ ਕਰਾਰ ਦੇ ਦਿੱਤਾ ਤੇ ਨਾਲ ਹੀ ਸ: ਸੁਬੇਗ ਸਿੰਘ ਦੀ ਗ੍ਰਿਫ਼ਤਾਰੀ ਦਾ ਹੁਕਮ ਵੀ ਦੇ ਦਿੱਤਾ। ਦੋਹਾਂ ਪਿਉ ਪੁੱਤਰਾਂ ਨੂੰ ਲਾਹੌਰ ਦੇ ਵੱਡੇ ਕਾਜ਼ੀ ਦੇ ਸਪੁਰਦ ਕਰ ਦਿਤਾ। ਉਹਨੇ ਪਹਿਲਾਂ ਵਰਗੇ ਪ੍ਰਚਲਤ ਤਰੀਕੇ ਅਨੁਸਾਰ ਹੀ ਹੁਕਮ ਦਿੱਤਾ ਕਿ ਮੌਤ ਜਾਂ ਇਸਲਾਮ, ਜਿਹੜੀ ਚੀਜ਼ ਚਾਹੋ ਪਸੰਦ ਕਰ ਲਉ। ਸਿੰਘਾਂ ਨੇ ਆਪਣਾ ਧਰਮ ਤਾਂ ਕਿਸੇ ਕੀਮਤ ਤੇ ਨਹੀਂ ਸੀ ਛਡਣਾ, ਇਸ ਲਈ ਮੌਤ ਹੀ ਪਰਵਾਨ ਕਰਨੀ ਬਾਕੀ ਰਹਿ ਗਈ।

ਪਹਿਲਾਂ ਸ਼ਾਹਬਾਜ਼ ਸਿੰਘ ਨੂੰ ਚਰਖੜੀ ਤੇ ਚਾੜ੍ਹਿਆ ਗਿਆ। ਇੱਕ ਵੱਡਾ ਸਾਰਾ ਲੋਹੇ ਦਾ ਚੱਕਰ ਜਿਸ ਦੇ ਆਸ ਪਾਸ ਵੱਡੇ ਵੱਡੇ ਤਿਖੇ ਸੂਏ ਲਗੇ ਹੋਏ ਸਨ ਉਸ ਤੇ ਲਿਟਾ ਕੇ ਬੰਨ੍ਹ ਦਿੱਤਾ ਗਿਆ। ਇਸ ਤਰ੍ਹਾਂ ਮਨੁੱਖ ਨੂੰ ਅਤਿ ਕਸ਼ਟ ਦੇ ਕੇ ਮਾਰਨ ਦਾ ਜ਼ਾਲਮਾਨਾ ਢੰਗ ਵਰਤਿਆ ਗਿਆ। ਸ: ਸੁਬੇਗ ਸਿੰਘ ਨੇ ਆਪਣੇ ਗਭਰੂ ਜਵਾਨ ਪੁੱਤਰ ਨੂੰ ਆਖ਼ਰੀ ਵਾਰ ਇਕੋ ਗੱਲ ਕਹੀ, 'ਪੁੱਤਰ ਅਕਾਲ ਅਕਾਲ ਗਜਾਂਦਾ ਸ਼ਹੀਦੀ ਪ੍ਰਾਪਤ ਕਰੀਂ।' ਪਿਤਾ ਦੀ ਅਸੀਸ ਤੇ ਪੁੱਤਰ ਅਕਾਲ ਅਕਾਲ ਗਜਾਂਦਾ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾ ਗਿਆ। ਇਸੇ ਤਰ੍ਹਾਂ ਸ: ਸੁਬੇਗ ਸਿੰਘ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ।

ਇਸ ਸ਼ਹੀਦੀ ਤੇ ਦੇਸ਼ ਭਰ ਵਿਚ ਹਾਹਾਕਾਰ ਮਚ ਗਈ। ਸ਼ਰੀਫ਼ ਤੇ ਚੰਗੇ ਮੁਸਲਮਾਨਾਂ ਨੇ ਵੀ ਅਫ਼ਸੋਸ ਪ੍ਰਗਟ ਕੀਤਾ ਤੇ ਸ਼ਰਮ ਮਹਿਸੂਸ ਕੀਤੀ। ਹਿੰਦੂਆਂ ਵਿਚ ਮਾਯੂਸੀ ਤੇ ਨਿਰਾਸਤਾ ਛਾ ਗਈ। ਸਿੱਖ ਕੌਮ ਵਿਚ ਗੁੱਸਾ ਫੈਲ ਗਿਆ ਤੇ ਸਿੰਘਾਂ ਨੇ ਇਹਨਾਂ ਸ਼ਹੀਦੀਆਂ ਦਾ ਬਦਲਾ ਲੈਣ ਲਈ 12 ਜਥੇ ਬਣਾ ਲਏ ਤੇ ਸਾਰੇ ਪੰਜਾਬ ਵਿਚ ਉਹ ਛਾ ਗਏ। ਅਜੇਹੇ ਛਾਏ ਕਿ ਫਿਰ ਉਹਨਾਂ ਮੁਗਲਾਂ, ਦੁਰਾਨੀਆਂ ਤੇ ਹੋਰ ਕਿਸੇ ਵੀ ਬਦੇਸ਼ੀ ਤਾਕਤ ਦੇ ਪੰਜਾਬ ਵਿਚ ਪੈਰ ਨਹੀਂ ਲੱਗਣ ਦਿਤੇ।

ਪਹਿਲੇ ਘਲੂਘਾਰੇ ਦੇ ਸ਼ਹੀਦ

ਅੱਗੇ ਵੀ ਇਹੋ ਦੱਸਿਆ ਗਿਆ ਹੈ ਕਿ ਅਠਾਰ੍ਹਵੀਂ ਸਦੀ ਸਾਰੀ ਦੀ ਸਾਰੀ ਸਿੱਖ ਕੌਮ ਲਈ ਅਤਿ ਕਠਨਾਈਆਂ ਦਾ ਯੁਗ ਸੀ ਤੇ ਇਸ ਸਮੇਂ ਵਿਚ ਜਿਤਨੀਆਂ ਸ਼ਹੀਦੀਆਂ ਸਿੱਖਾਂ ਨੇ ਦਿੱਤੀਆਂ, ਜੇਕਰ ਉਨ੍ਹਾਂ ਦਾ ਪੂਰਾ ਹਾਲ ਵਿਸਥਾਰ ਨਾਲ ਮਿਲ ਜਾਏ ਤੇ ਹਰ ਇਕ ਸ਼ਹੀਦ ਦਾ ਜੀਵਨ ਤੇ ਜੀਵਨ ਕਾਰਨਾਮਾ ਬਿਆਨ ਕੀਤਾ ਜਾਏ ਤਾਂ ਮੇਰਾ ਖ਼ਿਆਲ ਹੈ ਸਾਡੀ ਇਹ ਲੜੀ ਕਈ ਸੌ ਸਫ਼ੇ ਤਕ ਅਠਾਰ੍ਹਵੀਂ ਸਦੀ ਦੇ ਸ਼ਹੀਦਾਂ ਦਾ ਵਰਣਨ ਕਰਦਿਆਂ ਬੀਤ ਜਾਏ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਅਨੇਕਾਂ ਅਜਿਹੇ ਗੁੰਮਨਾਮ ਸ਼ਹੀਦ ਹਨ, ਜਿਨ੍ਹਾਂ ਦਾ ਨਾਮ ਤਕ ਵੀ ਕੌਮ ਨੂੰ ਯਾਦ ਨਹੀਂ ਤੇ ਕਿਧਰੇ ਲਿਖਿਆ ਨਹੀਂ ਗਿਆ।

ਬੰਦਾ ਸਿੰਘ ਬਹਾਦਰ ਦੇ ਨਾਲ ਸ਼ਹੀਦ ਹੋਣ ਵਾਲਿਆਂ ਦੀ ਸੂਚੀ ਬਹੁਤ ਵੱਡੀ ਹੈ, ਪਰ ਸਾਰਿਆਂ ਦੇ ਨਾਮ ਨਹੀਂ ਪਤਾ। ਇਸੇ ਤਰ੍ਹਾਂ ਜ਼ਕਰੀਆ ਖ਼ਾਨ ਦੀ ਗਸ਼ਤੀ ਫ਼ੌਜ ਨਾਲ ਟੱਕਰ ਵਿਚ ਸੈਂਕੜੇ ਸਿੰਘਾਂ ਨੇ ਆਪਾ ਵਾਰਿਆ। ਹਜ਼ਾਰਾਂ ਜਵਾਨਾਂ, ਬੁੱਢਿਆਂ, ਜ਼ਨਾਨੀਆਂ ਤੇ ਬੱਚਿਆਂ ਨੂੰ ਇਸਲਾਮ ਦੀ ਖ਼ਾਤਰ ਮਾਰ ਕੇ ਉਨ੍ਹਾਂ ਦੇ ਸਿਰ ਲਾਹੌਰ ਭੇਜੇ ਗਏ। ਸ਼ਹੀਦ ਗੰਜ ਲਾਹੌਰ ਵਿਚ ਅਨੇਕਾਂ ਪ੍ਰਕਾਰ ਦੇ ਕਸ਼ਟ ਸਹਿ ਕੇ ਕੌਮ ਦੇ ਅਨਗਿਣਤ ਪ੍ਰਵਾਨੇ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾ ਗਏ। ਪਹਿਲਾ ਘਲੂਘਾਰਾ ਸਿੱਖਾਂ ਦੀ ਸਮੂਹਕ ਕੁਰਬਾਨੀ ਤੇ ਇਕੱਠੇ ਆਪਾ ਵਾਰਨ ਦੀ ਇਕ ਘਟਨਾ ਹੈ, ਜਿਸ ਵਿਚ 12 ਹਜ਼ਾਰ ਤੋਂ ਉਪਰ ਸਿੰਘ ਸ਼ਹੀਦ ਹੋਏ।

ਜਦ ਜ਼ਕਰੀਆ ਖ਼ਾਨ ਤੋਂ ਪਿਛੋਂ ਉਸ ਦਾ ਪੁੱਤਰ ਯਹੀਆ ਖ਼ਾਨ ਪੰਜਾਬ ਦਾ ਗਵਰਨਰ ਬਣਿਆ ਤਾਂ ਉਸ ਨੇ ਲਖਪਤ ਰਾਏ ਨੂੰ ਦੀਵਾਨ ਦੀ ਪਹਿਲੀ ਪਦਵੀ ਤੇ ਹੀ ਲਾ ਦਿੱਤਾ। ਪਹਿਲਾਂ ਪਹਿਲ ਇਸ ਲਖਪਤ ਰਾਏ ਨੂੰ ਸਿੱਖਾਂ ਨਾਲ ਕੁਝ ਹਮਦਰਦੀ ਸੀ ਪਰ ਜਦ ਉਸ ਨੇ ਵੇਖਿਆ ਕਿ ਹਾਕਮਾਂ ਦੇ ਦਰਬਾਰ ਵਿਚ ਉਹਦੀ ਬਹੁਤੀ ਕਦਰ ਹੈ ਜੋ ਬਹੁਤਾ ਸਿੱਖਾਂ ਵਿਰੁਧ ਹੋਵੇ ਤਾਂ ਉਹ ਜ਼ਾਤੀ ਗ਼ਰਜ਼ਾਂ ਤੇ ਲਾਭਾਂ ਦੀ ਖ਼ਾਤਰ ਸਿੱਖਾਂ ਦਾ ਕੱਟੜ ਵਿਰੋਧੀ ਬਣ ਗਿਆ।

ਸਿੱਖ ਇਤਿਹਾਸ ਵਿਚ ਬਹੁਤ ਥਾਈਂ ਦੇਖਿਆ ਗਿਆ ਹੈ ਕਿ ਜਿਹੜਾ ਵੀ ਹਿੰਦੂ ਮੁਗ਼ਲਾਂ ਜਾਂ ਉਨਾਂ ਦੇ ਨਿਯਤ ਹਾਕਮਾਂ ਦੇ ਅਧੀਨ ਕੰਮ ਕਰਦਾ ਹੈ ਉਹ ਸਿੱਖਾਂ ਦਾ ਮੁਸਲਮਾਨਾਂ ਨਾਲੋਂ ਵੀ ਬਹੁਤਾ ਵੈਰੀ ਬਣ ਜਾਂਦਾ ਹੈ। ਭਾਵੇਂ ਹਿੰਦੂ ਕੌਮ ਨੇ ਸਿੱਖ ਫ਼ੌਜ ਲਈ ਆਪਣੇ ਹਜ਼ਾਰਾਂ ਜਵਾਨ ਦਿਤੇ ਪਰ ਸਰਕਾਰੀ ਨੌਕਰ ਹਿੰਦੂਆਂ ਨੇ ਨੁਕਸਾਨ ਵੀ ਬਹੁਤ ਕੀਤਾ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਨ ਇਕ ਹਿੰਦੂ ਬਣਿਆ। ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਨ ਦੇ ਸਪੁਰਦ ਹਿੰਦੂ ਨੌਕਰ ਨੇ ਕਰਵਾਇਆ। ਇਸੇ ਤਰ੍ਹਾਂ ਲਖਪਤ ਰਾਏ ਤੇ ਉਹਦੇ ਭਰਾ ਜਸਪਤ ਰਾਏ ਨੇ ਕੀਤਾ।

ਜਸਪਤ ਰਾਏ ਐਮਨਾਬਾਦ ਦਾ ਫ਼ੌਜਦਾਰ ਲੱਗਾ ਹੋਇਆ ਸੀ। ਇਸ ਨੇ ਲੋਕਾਂ ਤੇ ਬਹੁਤ ਅਤਿਆਚਾਰ ਕੀਤੇ ਤੇ 1746 ਈਸਵੀ ਵਿਚ ਜ਼ਬਰਦਸਤ ਬੇਲੋੜਾ ਟੈਕਸ ਲਾ ਕੇ ਉਗਰਾਹੀ ਸ਼ੁਰੂ ਕਰ ਦਿੱਤੀ। ਗ਼ਰੀਬ ਲੋਕੀਂ ਤੰਗ ਆ ਕੇ ਘਰ ਬਾਰ ਛੱਡ ਕੇ ਸਿੰਘਾਂ ਵਿਚ ਸ਼ਾਮਲ ਹੋਣ ਲਗ ਪਏ। ਇਹ ਉਹੀ ਜਸਪਤ ਹੈ ਜਿਸ ਪਾਸ ਜਾ ਕੇ ਹਕੀਕਤ ਰਾਏ ਸ਼ਹੀਦ ਦੇ ਮਾਪਿਆਂ ਨੇ ਮਦਦ ਲਈ ਬੇਨਤੀ ਕੀਤੀ ਸੀ ਤੇ ਉਸਨੇ ਉਲਟਾ ਉਨ੍ਹਾਂ ਨੂੰ ਝਾੜਿਆ ਸੀ।

ਸਿੰਘਾਂ ਦਾ ਇਕ ਜਥਾ ਫਿਰਦਾ ਫਿਰਾਂਦਾ ਐਮਨਾਬਾਦ ਪਹੁੰਚਿਆ ਤੇ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨ ਕਰਨ ਲਈ ਠਹਿਰ ਗਿਆ। ਇਹ ਇਤਿਹਾਸਕ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਬਣਿਆ ਹੋਇਆ ਹੈ। ਜਸਪਤ ਰਾਏ ਨੂੰ ਪਤਾ ਲੱਗਾ ਤਾਂ ਉਸ ਨੇ ਸਿੰਘਾਂ ਨੂੰ ਹੁਕਮ ਭੇਜਿਆ ਕਿ ਤੁਰਤ ਇਥੋਂ ਚਲੇ ਜਾਉ, ਨਹੀਂ ਤੇ ਜ਼ਬਰਦਸਤੀ ਤੁਹਾਨੂੰ ਕਢ ਦਿੱਤਾ ਜਾਏਗਾ। ਸਿੰਘਾਂ ਨੇ ਉੱਤਰ ਭੇਜਿਆ ਕਿ ਅਸੀਂ ਕਈ ਦਿਨਾਂ ਦੇ ਲਗਾਤਾਰ ਸਫ਼ਰ ਕਰਕੇ ਥਕੇ ਹੋਏ ਆਏ ਹਾਂ, ਇਕ ਰਾਤ ਆਰਾਮ ਕਰ ਕੇ ਚਲੇ ਜਾਵਾਂਗੇ, ਸਾਨੂੰ ਸ਼ਹਿਰ ਵਿਚੋਂ ਚੀਜ਼ਾਂ ਖ਼ਰੀਦਣ ਦੀ ਆਗਿਆ ਦੇ ਦਿੱਤੀ ਜਾਵੇ। ਜਸਪਤ ਰਾਏ ਨੇ ਆਗਿਆ ਦੇਣ ਦੀ ਥਾਂ ਫ਼ੌਜੀ ਦਸਤਾ ਲੈ ਕੇ ਸਿੰਘਾਂ ਤੇ ਹਮਲਾ ਕਰ ਦਿੱਤਾ। ਸਿੰਘ ਮੁਕਾਬਲੇ ਤੇ ਡਟ ਗਏ ਤੇ ਥੋੜ੍ਹੀ ਜਿਹੀ ਝੜਪ ਪਿਛੋਂ ਹੀ ਇਕ ਰੰਘਰੇਟੇ ਸਿੰਘ ਜਵਾਨ ਨਿਬਾਹੂ ਸਿੰਘ ਨੇ ਫੁਰਤੀ ਨਾਲ ਆਪਣਾ ਘੋੜਾ ਜਸਪਤ ਰਾਏ ਦੇ ਹਾਥੀ ਨੇੜੇ ਲਿਜਾ ਕੇ ਛਾਲ ਮਾਰੀ ਤੇ ਹਾਥੀ ਤੇ ਚੜ੍ਹ ਕੇ ਤਲਵਾਰ ਨਾਲ ਜਸਪਤ ਰਾਏ ਦਾ ਸਿਰ ਵਢ ਦਿੱਤਾ। ਸਿੰਘ ਸ਼ਹਿਰ ਤੇ ਪੈ ਗਏ ਤੇ ਜਸਪਤ ਰਾਏ ਦਾ ਸਾਰਾ ਮਾਲ ਲੁਟ ਲਿਆ। ਉਹਦੀ ਫ਼ੌਜ ਨੱਸ ਗਈ। ਜਸਪਤ ਰਾਏ ਦੇ ਸਿਰ ਦੇ ਪੰਜ ਸੌ ਰੁਪੈ ਦੇ ਕੇ ਕਿਰਪਾ ਰਾਮ ਬਚੋਂਕੇ ਲੈ ਗਿਆ, ਤੇ ਉਸ ਨੇ ਸਸਕਾਰ ਕੀਤਾ।

ਜਦੋਂ ਆਪਣੇ ਭਰਾ ਦੀ ਮੌਤ ਦੀ ਖ਼ਬਰ ਲਖਪਤ ਰਾਏ ਨੂੰ ਮਿਲੀ ਤਾਂ ਉਹ ਨਵਾਬ ਪਾਸ ਲਾਹੌਰ ਆਇਆ। ਆਪਣੀ ਪਗੜੀ ਲਾਹ ਕੇ ਉਸ ਦੇ ਪੈਰਾਂ ਤੇ ਰਖ ਦਿੱਤੀ ਤੇ ਕਿਹਾ ਕਿ ਇਹ ਉਦੋਂ ਚੁਕਾਂਗਾ ਜਦੋਂ ਤੁਸੀਂ ਇਹ ਬਚਨ ਦਿਉਗੇ ਕਿ ਸਿੱਖਾਂ ਦਾ ਨਾਮ ਨਿਸ਼ਾਨ ਤਕ ਮਿਟਾ ਦਿੱਤਾ ਜਾਵੇਗਾ। ਇਸ ਤੇ ਨਵਾਬ ਨੇ ਸਿੱਖਾਂ ਦੇ ਕਤਲੇ-ਆਮ ਤੇ ਗ੍ਰਿਫ਼ਤਾਰੀਆਂ ਦਾ ਖੁਲ੍ਹਾ ਹੁਕਮ ਜਾਰੀ ਕਰ ਦਿੱਤਾ। ਲਾਹੌਰ ਵਿਚ ਰਹਿੰਦੇ ਸਾਰੇ ਸਿੱਖ ਗ੍ਰਿਫ਼ਤਾਰ ਕਰ ਲਏ ਗਏ। ਸ਼ਹਿਰ ਦੇ ਮੁਖੀ ਹਿੰਦੂਆਂ ਦਾ ਵਫ਼ਦ ਜਾ ਕੇ ਦੀਵਾਨ ਲਖਪਤ ਰਾਏ ਨੂੰ ਮਿਲਿਆ ਤੇ ਕਿਹਾ ਕਿ ਇਨ੍ਹਾਂ ਬੇਗੁਨਾਹਾਂ ਨੂੰ ਕਿਉਂ ਮਰਵਾਂਦਾ ਏਂ। ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ, ਪਰ ਉਹਨੇ ਇਕ ਨਾ ਸੁਣੀ ਤੇ 10 ਮਾਰਚ 1746 ਨੂੰ ਸਾਰੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਹਰ ਪਾਸੇ ਮੁਨਾਦੀ ਕਰਾ ਦਿੱਤੀ ਗਈ ਕਿ ਕੋਈ ਗੁਰਬਾਣੀ ਪੜ੍ਹ ਨਹੀਂ ਸਕਦਾ। ਗੁਰੂਆਂ ਦਾ ਨਾਮ ਲੈਣ ਵਾਲੇ ਨੂੰ ਕਰੜੀ ਸਜ਼ਾ ਦਿੱਤੀ ਜਾਏਗੀ। ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਭਰ ਦਿੱਤਾ ਗਿਆ ਤੇ ਜਿਥੋਂ ਵੀ ਸਿੱਖਾਂ ਦੀ ਕੋਈ ਧਾਰਮਿਕ ਪੁਸਤਕ ਮਿਲੀ ਸਭ ਨੂੰ ਦਰਿਆ ਜਾਂ ਖੂਹ ਵਿਚ ਸੁਟਾ ਦਿੱਤਾ ਗਿਆ। ਲਖਪਤ ਰਾਏ ਤੇ ਯਹੀਆ ਖ਼ਾਨ ਦੀ ਆਪਣੀ ਕਮਾਨ ਹੇਠ ਬਹੁਤ ਸਾਰੀ ਫ਼ੌਜ ਸਿੱਖਾਂ

ਦਾ ਸਫ਼ਾਇਆ ਕਰਨ ਲਈ ਤੁਰ ਪਈ।

ਇਨ੍ਹਾਂ ਦਿਨਾਂ ਵਿਚ ਹਜ਼ਾਰਾਂ ਸਿੰਘ ਕਾਹਨੂਵਾਨ ਦੇ ਜੰਗਲ ਵਿਚ ਠਹਿਰੇ ਹੋਏ ਸਨ। ਘਰਾਂ ਤੇ ਪਿੰਡਾਂ ਵਿਚ ਰਹਿਣਾ ਅਸੰਭਵ ਹੋਣ ਤੇ ਜੰਗਲ ਤੇ ਛੰਭ ਹੀ ਸਿੰਘਾਂ ਦੇ ਟਿਕਾਣੇ ਬਣ ਗਏ ਸਨ। ਕਾਹਨੂਵਾਨ ਦੇ ਛੰਭ ਨੂੰ ਲਖਪਤ ਰਾਏ ਨੇ ਅੱਗ ਲੁਆ ਦਿੱਤੀ ਜਿਸ ਕਾਰਨ ਸਿੰਘਾਂ ਦਾ ਇਥੇ ਰਹਿਣਾ ਕਠਨ ਹੋ ਗਿਆ, ਜਿਸ ਲਈ ਸਿੰਘ ਇਥੋਂ ਨਿਕਲ ਕੇ ਰਾਵੀ ਟੱਪੇ ਤੇ ਕਠੂਹੇ ਵਲ ਚਲੇ ਗਏ।

ਇਧਰ ਵੀ ਜਦ ਲਾਹੌਰੀ ਫ਼ੌਜ ਦਾ ਬਹੁਤ ਜ਼ੋਰ ਵਧਿਆ ਤਾਂ ਸਿੰਘ ਵਸੋਲੀ ਵਲ ਤੁਰ ਪਏ ਕਿਉਂਕਿ ਉਨ੍ਹਾਂ ਨੂੰ ਆਸ ਸੀ ਕਿ ਹਿੰਦੂ ਵਸੋਂ ਉਨ੍ਹਾਂ ਦੀ ਸਹਾਇਤਾ ਕਰੇਗੀ ਪਰ ਲਾਹੌਰ ਤੋਂ ਪਹਿਲਾਂ ਹੀ ਕਰੜੀਆਂ ਸਜ਼ਾਵਾਂ ਮਿਲਣ ਦੀਆਂ ਧਮਕੀਆਂ ਆ ਚੁਕੀਆਂ ਸਨ, ਇਸ ਲਈ ਸਿੰਘਾਂ ਨੂੰ ਕੋਈ ਮਦਦ ਨਾ ਮਿਲ ਸਕੀ। ਉਲਟਾ ਉਧਰੋਂ ਵੀ ਗੋਲੀਆਂ ਨਾਲ ਹੀ ਸੁਆਗਤ ਹੋਇਆ। ਸਿੰਘ ਬਹੁਤ ਹੀ ਔਖੀ ਥਾਂ ਅਪੜ ਚੁਕੇ ਸਨ। ਇਕ ਪਾਸੇ ਪਹਾੜ ਤੇ ਪਹਾੜਾਂ ਦੇ ਵਸਨੀਕਾਂ ਦਾ ਮਾੜਾ ਵਤੀਰਾ ਸੀ, ਦੂਜੇ ਪਾਸੇ ਦਰਿਆ ਸੀ, ਪਿਛੇ ਫ਼ੌਜ ਬਹੁਤ ਗਿਣਤੀ ਵਿਚ ਲਗੀ ਹੋਈ। ਸਿੰਘਾਂ ਪਾਸ ਨਾ ਅਸਲਾ ਸੀ ਤੇ ਨਾ ਹੀ ਖ਼ੁਰਾਕ। ਘੋੜੇ ਵੀ ਕਈ ਕਈ ਦਿਨ ਭੁਖੇ ਹੋਣ ਕਾਰਨ ਮਾੜੇ ਹੋ ਗਏ ਸਨ, ਇਸ ਲਈ ਸਿੰਘਾਂ ਨੇ ਫ਼ੈਸਲਾ ਕੀਤਾ ਕਿ ਉਹ ਮਾਝੇ ਵਲ ਜਾਣਗੇ ਪਰ ਰਾਵੀ ਦਰਿਆ ਵਿਚ ਹੜ੍ਹ ਇਤਨਾ ਸੀ ਕਿ ਦਰਿਆ ਪਾਰ ਕਰਨਾ ਕਠਨ ਸੀ। ਗੁਰਦਿਆਲ ਸਿੰਘ ਦੋਲੂਵਾਲ ਦੇ ਦੋ ਭਰਾਵਾਂ ਨੇ ਦਰਿਆ ਵਿਚ ਛਾਲ ਮਾਰੀ ਤਾਂ ਕਿ ਦੇਖਣ ਕਿ ਦਰਿਆ ਪਾਰ ਹੋ ਸਕਦਾ ਹੈ ਕਿ ਨਹੀਂ, ਪਰ ਉਹ ਮੁੜ ਕੇ ਬਾਹਰ ਨਾ ਨਿਕਲ ਸਕੇ।

ਅਖ਼ੀਰ ਫ਼ੈਸਲਾ ਕੀਤਾ ਗਿਆ ਕਿ ਪੈਦਲ ਤਾਂ ਪਹਾੜਾਂ ਵਲ ਮੰਡੀ ਦੇ ਇਲਾਕੇ ਵਿਚ ਚਲੇ ਜਾਣ ਤੇ ਘੋੜਿਆਂ ਵਾਲੇ ਦੁਸ਼ਮਣ ਨੂੰ ਚੀਰ ਕੇ ਆਪਣਾ ਰਾਹ ਬਣਾ ਲੈਣ। ਸੁੱਖਾ ਸਿੰਘ ਦੀ ਅਗਵਾਈ ਵਿਚ ਸਿੰਘ ਲਾਹੌਰੀ ਫ਼ੌਜ ਤੇ ਟੁਟ ਕੇ ਪੈ ਗਏ ਪਰ ਘੇਰੇ ਗਏ ਤੇ ਸੈਂਕੜੇ ਸਿੰਘ ਸ਼ਹੀਦ ਹੋ ਗਏ। ਬਾਕੀ ਜੰਗਲ ਵਿਚ ਅਪੜ ਗਏ ਪਰ ਉਥੇ ਵੀ ਹਮਲਾ ਕਰ ਕੇ ਦੁਸ਼ਮਣ ਨੇ ਬਹੁਤ ਸਾਰੇ ਸਿੰਘ ਸ਼ਹੀਦ ਕਰ ਦਿੱਤੇ। ਕੁਝ ਸਿੰਘ ਬਿਆਸਾ ਪਾਰ ਕਰ ਕੇ ਦੁਆਬੇ ਵਲ ਵਧਣ ਲੱਗੇ ਪਰ ਲਖਪਤ ਨੇ ਉਨ੍ਹਾਂ ਦਾ ਪਿੱਛਾ ਕਰ ਕੇ ਬਹੁਤ ਸਾਰੇ ਸ਼ਹੀਦ ਕਰ ਦਿੱਤੇ।

ਡਾਕਟਰ ਗੰਡਾ ਸਿੰਘ ਨੇ ਲਿਖਿਆ ਹੈ ਕਿ ਲਖਪਤ ਰਾਏ ਨੇ ਆਪਣੀ ਇਸ ਮੁਹਿੰਮ ਵਿਚ, ਜਿਸ ਨੂੰ ਸਿੱਖ ਪਹਿਲਾ ਘਲੂਘਾਰਾ ਕਹਿੰਦੇ ਹਨ, ਸੱਤ ਹਜ਼ਾਰ ਸਿੰਘਾਂ ਨੂੰ ਸ਼ਹੀਦ ਕੀਤਾ ਤੇ ਤਿੰਨ ਹਜ਼ਾਰ ਗ੍ਰਿਫ਼ਤਾਰ ਕਰ ਕੇ ਆਪਣੇ ਨਾਲ ਲਾਹੌਰ ਵੀ ਲੈ ਗਿਆ। ਉਥੇ ਉਨ੍ਹਾਂ ਨੂੰ ਵੀ ਅਕਹਿ ਕਸ਼ਟ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਭਗਤ ਲਛਮਣ ਸਿੰਘ ਨੇ ਆਪਣੀ ਪੁਸਤਕ 'ਸਿੱਖ ਮਾਰਟਰਜ਼' ਵਿਚ ਦਸਿਆ ਹੈ ਕਿ ਇਸ ਟੱਕਰ ਵਿਚ 22 ਹਜ਼ਾਰ ਸਿੰਘਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚੋਂ 10 ਹਜ਼ਾਰ ਮੁਸ਼ਕਲ ਨਾਲ ਬਚ ਕੇ ਮਾਲਵੇ ਵਲ ਪਹੁੰਚੇ। ਉਹਨਾਂ ਦੀ ਲਿਖਤ ਅਨੁਸਾਰ 12 ਹਜ਼ਾਰ ਸਿੰਘ ਇਸ ਘਲੂਘਾਰੇ ਵਿਚ ਸ਼ਹੀਦ ਹੋਏ।

ਲਖਪਤ ਰਾਏ ਤੇ ਉਹਦੇ ਹਾਕਮਾਂ ਦਾ ਖ਼ਿਆਲ ਸੀ ਕਿ ਉਨ੍ਹਾਂ ਸਿੱਖਾਂ ਨੂੰ ਖ਼ਤਮ ਕਰ ਦਿੱਤਾ ਹੈ ਪਰ ਇਹ ਭੁਲੇਖਾ ਸੀ ਜੋ ਛੇਤੀ ਦੂਰ ਹੋ ਗਿਆ, ਜਦੋਂ ਸਿੰਘ ਛੇਤੀ ਹੀ ਮਿਸਲਾਂ ਬਣ ਕੇ ਸਾਰੇ ਪੰਜਾਬ ਵਿਚ ਛਾ ਗਏ। ਇਤਨੀਆਂ ਕੁਰਬਾਨੀਆਂ ਦੇ ਕੇ ਤੇ ਨੁਕਸਾਨ ਉਠਾ ਕੇ ਸਿੰਘਾਂ ਨੇ ਦਿਲ ਨਾ ਛਡਿਆ ਤੇ ਅਖ਼ੀਰ ਦੇਸ਼ ਦੀ ਸਭ ਤੋਂ ਵੱਧ ਸ਼ਕਤੀਸ਼ਾਲੀ ਤਾਕਤ ਬਣ ਗਏ।

ਮੀਰ ਮਨੂੰ ਦੇ ਸਮੇਂ ਦੇ ਸ਼ਹੀਦ

ਮੀਰ ਮਨੂੰ ਦੇ ਸਮੇਂ ਪੰਜਾਬ ਵਿਚ ਸਿੱਖ ਇਤਨੀ ਭਾਰੀ ਗਿਣਤੀ ਵਿਚ ਸ਼ਹੀਦ ਕੀਤੇ ਗਏ ਤੇ ਅਜਿਹੇ ਅਤਿਆਚਾਰ ਹੋਏ ਕਿ ਪਿਛਲੀਆਂ ਸਾਰੀਆਂ ਸਖ਼ਤੀਆਂ ਤੇ ਜ਼ੁਲਮ ਵੀ ਮਾਤ ਪੈ ਗਏ। ਇਹ ਤੂਰਾਨੀ ਪਰਿਵਾਰ ਪੰਜਾਬ ਦਾ ਗਵਰਨਰ ਅੱਧੀ ਸਦੀ ਰਿਹਾ ਤੇ ਇਹ ਸਾਰਾ ਸਮਾਂ ਹੀ ਸਿੱਖਾਂ ਨਾਲ ਇਹਨਾਂ ਦੀ ਸਖ਼ਤ ਟੱਕਰ ਜਾਰੀ ਰਹੀ। ਇਸ ਟੱਬਰ ਦੇ ਵਡੇਰੇ ਅਬਦੁਸ ਸਮਦ ਖ਼ਾਨ ਨੇ ਪੰਜਾਬ ਦਾ ਗਵਰਨਰ ਬਣ ਕੇ ਬੰਦਾ ਸਿੰਘ ਬਹਾਦਰ ਵਿਰੁੱਧ ਕਾਰਵਾਈ ਕੀਤੀ ਤੇ ਅਖ਼ੀਰ ਉਸਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਸ਼ਹੀਦ ਹੋਣ ਲਈ ਭੇਜ ਦਿੱਤਾ।

1726 ਈਸਵੀ ਨੂੰ ਅਬਦੁਸ ਸਮਦ ਖ਼ਾਨ ਦੀ ਥਾਂ ਪੰਜਾਬ ਦਾ ਗਵਰਨਰ ਉਹਦਾ ਪੁੱਤਰ ਜ਼ਕਰੀਆ ਖ਼ਾਨ ਬਣਿਆ ਜੋ ਖ਼ਾਨ ਬਹਾਦਰ ਕਰਕੇ ਇਤਿਹਾਸ ਵਿਚ ਆਉਂਦਾ ਹੈ। ਇਸਦੇ ਨਾਲ ਪੂਰੇ 19 ਸਾਲ ਸਿੰਘਾਂ ਦਾ ਟਾਕਰਾ ਹੁੰਦਾ ਰਿਹਾ। ਭਾਈ ਤਾਰਾ ਸਿੰਘ ਵਾਂ, ਭਾਈ ਮਨੀ ਸਿੰਘ, ਭਾਈ ਬੋਤਾ ਸਿੰਘ ਆਦਿ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ। 1745 ਵਿਚ ਇਹਦੀ ਮੌਤ ਹੋ ਜਾਣ ਤੇ ਜ਼ਕਰੀਆ ਖ਼ਾਨ ਦੀ ਥਾਂ ਉਸਦਾ ਪੁੱਤਰ ਯਹੀਆ ਖ਼ਾਨ ਲਾਹੌਰ ਦਾ ਹਾਕਮ ਬਣਿਆ ਤੇ ਉਸ ਨੇ ਆਪਣੇ ਪਿਓ ਦਾਦੇ ਨਾਲੋਂ ਵੱਧ ਅਤਿਆਚਾਰ ਸਿੱਖਾਂ ਤੇ ਕੀਤੇ ਤੇ ਸਿੱਖਾਂ ਨੂੰ ਖ਼ਤਮ ਕਰਨ ਲਈ ਸਿਰਾਂ ਦੇ ਮੁੱਲ ਰਖੇ ਤੇ ਮਾਰਨ ਵਾਲਿਆਂ ਨੂੰ ਇਨਾਮ ਦਿਤੇ। ਸੁਬੇਗ ਸਿੰਘ, ਸ਼ਾਹਬਾਜ਼ ਸਿੰਘ, ਭਾਈ ਤਾਰੂ ਸਿੰਘ, ਹਕੀਕਤ ਰਾਏ ਆਦਿ ਬਹੁਤ ਸਾਰੇ ਮੁਖੀ ਸਿੱਖ ਸ਼ਹੀਦ ਕੀਤੇ। ਸੈਂਕੜੇ ਨਹੀਂ ਹਜ਼ਾਰਾਂ ਉਹ ਸਿੰਘ ਸ਼ਹੀਦ ਕੀਤੇ ਜਿਨ੍ਹਾਂ ਦਾ ਨਾਮ ਇਤਿਹਾਸ ਦੇ ਪੰਨਿਆਂ ਵਿਚ ਨਹੀਂ ਆ ਸਕਿਆ। ਪਰ ਇਹ ਬਹੁਤੀ ਦੇਰ ਹਾਕਮ ਨਾ ਰਹਿ ਸਕਿਆ ਤੇ ਘਰੇਗੀ ਲੜਾਈ ਵਿਚ ਇਹਨੂੰ ਗੱਦੀ ਤੋਂ ਲਾਹ ਦਿੱਤਾ ਗਿਆ ਤੇ ਅਬਦੁਸ ਸਮਦ ਖ਼ਾਨ ਦਾ ਦੂਜਾ ਪੋਤਰਾ ਮੀਰ ਮਨੂੰ (ਮੀਰ ਮਈਉਨ-ਉਲ-ਮਲਕ) ਪੰਜਾਬ ਦਾ ਹਾਕਮ ਬਣਿਆ ਤਾਂ ਪਿਛਲੇ ਸਾਰੇ ਰੀਕਾਰਡ ਮਾਤ ਪੈ ਗਏ। ਇਸ ਨੇ ਪੰਜਾਬ ਦਾ ਗਵਰਨਰ ਬਣਦੇ ਸਾਰ ਹੀ ਸਿੱਖਾਂ ਵਿਰੁੱਧ ਮੁਹਿੰਮ ਸ਼ੁਰੂ ਕਰ ਦਿਤੀ।

ਸਭ ਤੋਂ ਪਹਿਲਾਂ ਇਹਨੇ ਰਾਮ ਰੌਣੀ ਦੇ ਕਿਲ੍ਹੇ ਤੇ ਹਮਲਾ ਕੀਤਾ ਤੇ ਉਹਦੇ ਤੇ ਕਬਜ਼ਾ ਕਰ ਕੇ ਉਹਨੂੰ ਢਾਹ ਢੇਰੀ ਕਰ ਦਿੱਤਾ। ਜਿਨ੍ਹਾਂ ਜਿਨ੍ਹਾਂ ਇਲਾਕਿਆਂ ਵਿਚ ਸਿੱਖ ਰਹਿੰਦੇ ਸਨ ਉਹਨਾਂ ਸਭ ਵਿਚ ਹੀ ਫ਼ੌਜੀ ਦਸਤੇ ਪੱਕੇ ਤੌਰ ਤੇ ਭੇਜੇ ਤੇ ਹੁਕਮ ਦਿਤਾ ਕਿ ਜਿਥੇ ਕੋਈ ਸਿੱਖ ਕਾਬੂ ਆਏ ਉਹਨੂੰ ਫੜ ਕੇ ਉਹਦੇ ਸਿਰ ਦੇ ਵਾਲ ਤੇ ਦਾਹੜੀ ਨੂੰ ਕਟ ਦਿੱਤਾ ਜਾਏ। ਸਾਰੇ ਪਹਾੜੀ ਰਾਜਿਆਂ ਨੂੰ ਕਰੜੀ ਤਾੜਨਾ ਕੀਤੀ ਕਿ ਸਿੱਖ ਪਹਾੜਾਂ ਵਿਚ ਨਹੀਂ ਰਹਿਣੇ ਚਾਹੀਦੇ। ਜਿਹੜਾ ਸਿੱਖ ਵੀ ਕਿਧਰੇ ਦੇਖੋ ਉਹਨੂੰ ਤੁਰਤ ਗ੍ਰਿਫ਼ਤਾਰ ਕਰ ਕੇ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਕੇ

ਲਾਹੌਰ ਭੇਜਿਆ ਜਾਏ ।

ਇਨ੍ਹਾਂ ਕਰੜਾਈਆਂ ਦੇ ਪ੍ਰਬੰਧ ਤੇ ਸਖ਼ਤੀਆਂ ਕਾਰਨ ਰੋਜ਼ਾਨਾ ਹੀ ਸੈਂਕੜੇ ਸਿੱਖਾਂ ਨੂੰ ਫੜ ਕੇ ਲਾਹੌਰ ਪਹੁੰਚਾਇਆ ਜਾਣ ਲਗ ਪਿਆ ਤੇ ਉਹਨਾਂ ਨੂੰ ਹਜ਼ਾਰਾਂ ਲੋਕਾਂ ਦੇ ਸਾਹਮਣੇ ਲਾਹੌਰ ਦੇ ਦਿੱਲੀ ਗੇਟ ਦੇ ਨੇੜੇ ਸ਼ਹੀਦ ਗੰਜ ਵਾਲੀ ਥਾਂ ਤੇ ਸ਼ਹੀਦ ਕਰ ਦਿੱਤਾ ਜਾਂਦਾ । ਇਹ ਸਿਲਸਿਲਾ ਇਕ ਦੋ ਦਿਨ ਜਾਂ ਇਕ ਦੋ ਮਹੀਨੇ ਨਹੀਂ ਸਗੋਂ ਕਈ ਸਾਲ ਜਾਰੀ ਰਿਹਾ । ਇਹੋ ਪ੍ਰਤੀਤ ਹੁੰਦਾ ਸੀ ਜਿਵੇਂ ਮੀਰ ਮਨੂੰ ਸਿੱਖਾਂ ਦਾ ਨਾਮ ਨਿਸ਼ਾਨ ਮਿਟਾਣ ਤੇ ਤੁਲ ਗਿਆ ਸੀ । ਕੈਦ ਵਿਚ ਸਵਾ ਸਵਾ ਮਣ ਦਾਣੇ ਪੀਹਣ ਲਈ ਦਿਤੇ ਜਾਂਦੇ, ਕੋਹਲੂ ਗਿੜਵਾਏ ਜਾਂਦੇ, ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕਰਨ ਲਈ ਮਜਬੂਰ ਕੀਤਾ ਜਾਂਦਾ ।

ਜਦੋਂ ਮੀਰ ਮਨੂੰ ਦੀਆਂ ਇਹ ਸਖ਼ਤੀਆਂ ਤੇ ਮੌਤ ਵੀ ਸਿੱਖਾਂ ਨੂੰ ਭੈ-ਭੀਤ ਨਾ ਕਰ ਸਕੀ ਤੇ ਉਹਨਾਂ ਦੇ ਸਰਕਾਰੀ ਫ਼ੌਜ ਤੇ ਹਮਲੇ ਉਸੇ ਤਰ੍ਹਾਂ ਜਾਰੀ ਰਹੇ ਤਾਂ ਖਿਝ ਕੇ ਮੀਰ ਮਨੂੰ ਨੇ ਹੁਕਮ ਦਿੱਤਾ ਕਿ ਸਿੱਖਾਂ ਦੀਆਂ ਜ਼ਨਾਨੀਆਂ ਤੇ ਬੱਚਿਆਂ ਨੂੰ ਗ੍ਰਿਫ਼ਤਾਰ ਕੀਤਾ ਜਾਏ ਤੇ ਉਹਨਾਂ ਨੂੰ ਦੁਖ ਦਿਤੇ ਜਾਣ । ਇਸ ਨਾਲ ਸਿੱਖ ਆਪਣੇ ਗੁਪਤ ਟਿਕਾਣੇ ਛਡ ਕੇ ਬਾਹਰ ਆਉਣਗੇ ਤੇ ਉਹਨਾਂ ਨੂੰ ਖ਼ਤਮ ਕੀਤਾ ਜਾਏਗਾ ।

ਦਿੱਲੀ ਦੇ ਹਾਕਮਾਂ ਦੀ ਪ੍ਰਵਾਨਗੀ ਪਿਛੋਂ ਮੀਰ ਮਨੂੰ ਨੇ ਐਲਾਨ ਕੀਤਾ ਕਿ ਸਿੱਖਾਂ ਦੀਆਂ ਜ਼ਨਾਨੀਆਂ ਤੇ ਬੱਚਿਆਂ ਨੂੰ ਗ੍ਰਿਫ਼ਤਾਰ ਕਰਾਉਣ ਵਾਲਿਆਂ ਨੂੰ ਜਾਗੀਰਾਂ ਦਿੱਤੀਆਂ ਜਾਣਗੀਆਂ । ਇਸ ਨਾਲ ਪਟਵਾਰੀ, ਜਾਗੀਰਦਾਰ, ਸ਼ਾਹੂਕਾਰ ਤੇ ਹੋਰ ਸਰਕਾਰ ਦੀ ਖ਼ੁਸ਼ੀ ਪ੍ਰਾਪਤ ਕਰਨ ਤੇ ਮਾਇਆ ਦੇ ਭੁਖਿਆਂ ਨੇ ਦਬਾ-ਦਬ ਸਿੱਖ ਬੀਬੀਆਂ ਤੇ ਬੱਚਿਆਂ ਨੂੰ ਗ੍ਰਿਫ਼ਤਾਰ ਕਰਾਉਣਾ ਸ਼ੁਰੂ ਕਰ ਦਿੱਤਾ । ਇਸ ਨਾਲ ਸਾਰੇ ਪਾਸੇ ਕਤਲਗੜ੍ਹ ਬਣ ਗਏ ਤੇ ਥਾਂ ਥਾਂ ਸਿੰਘਣੀਆਂ ਨੂੰ ਸ਼ਹੀਦ ਕਰਨ ਦਾ ਕੰਮ ਸ਼ੁਰੂ ਹੋ ਗਿਆ ।

ਲਾਹੌਰ ਵਿਚ ਮੁਖ ਕਤਲਗਾਹ ਸੀ ਜਿਥੇ ਮੀਰ ਮਨੂੰ ਦੇ ਸਾਹਮਣੇ ਜ਼ਨਾਨੀਆਂ ਤੇ ਬੱਚਿਆਂ ਨੂੰ ਤਸੀਹੇ ਦਿੱਤੇ ਗਏ । ਪਹਿਲਾਂ ਸਭ ਨੂੰ ਸਿੱਖੀ ਤਿਆਗਣ ਤੇ ਇਸਲਾਮ ਕਬੂਲ ਕਰਨ ਦੀ ਪੇਸ਼ਕਸ਼ ਕੀਤੀ ਜਾਂਦੀ ਰਹੀ ਤੇ ਜਦੋਂ ਉਹ ਇਨਕਾਰ ਕਰ ਦਿੰਦੀਆਂ ਤਾਂ ਉਹਨਾਂ ਨੂੰ ਕਸ਼ਟ ਦਿਤੇ ਜਾਂਦੇ । ਜਦੋਂ ਸਰੀਰਕ ਕਸ਼ਟਾਂ ਨਾਲ ਵੀ ਜ਼ਨਾਨੀਆਂ ਨਾ ਡੋਲਦੀਆਂ ਤਾਂ ਫਿਰ ਉਹਨਾਂ ਦੇ ਬੱਚਿਆਂ ਦੇ ਸਾਹਮਣੇ ਰਖ ਕੇ ਟੋਟੇ ਟੋਟੇ ਕਰ ਦਿਤੇ ਜਾਂਦੇ, ਜਿਊਂਦੇ ਅੱਗ ਵਿਚ ਸਾੜ ਦਿਤੇ ਜਾਂਦੇ ਤੇ ਮਾਵਾਂ ਦੀਆਂ ਝੋਲੀਆਂ ਵਿਚੋਂ ਹੱਥਾਂ ਨਾਲ ਫੜਨ ਦੀ ਥਾਂ ਨੇਜ਼ਾ ਮਾਰ ਕੇ ਪਰੋਏ ਜਾਂਦੇ ਤੇ ਅਖ਼ੀਰ ਉਹਨਾਂ ਦੇ ਦਿਲ ਕਢ ਕੇ ਮਾਵਾਂ ਦੇ ਮੂੰਹ ਵਿਚ ਪਾ ਦਿਤੇ ਜਾਂਦੇ ਰਹੇ ।

ਇਉਂ ਅਣ-ਮਨੁੱਖੀ ਤੇ ਵਹਿਸ਼ੀਆਂ ਵਾਲਾ ਹਰ ਜ਼ੁਲਮ ਕੀਤਾ ਗਿਆ, ਪਰ ਇਤਿਹਾਸ ਵਿਚ ਅਜਿਹੀਆਂ ਮਿਸਾਲਾਂ ਨਹੀਂ ਮਿਲਦੀਆਂ ਕਿ ਕਦੇ ਵੀ ਕਿਸੇ ਸਿੰਘਣੀ ਨੇ ਦਿਲ ਛਡਿਆ ਹੋਵੇ, ਬੱਚਿਆਂ ਦੀ ਮੌਤ ਤੋਂ ਘਬਰਾ ਕੇ ਸਿੱਖੀ ਤਿਆਗੀ ਹੋਵੇ ਜਾਂ ਜ਼ੁਲਮ ਦੇ ਟਾਕਰੇ ਤੇ ਹਾਰ ਮੰਨੀ ਹੋਏ । ਸਗੋਂ ਸਿੰਘ ਤੇ ਸਿੰਘਣੀਆਂ ਚੜ੍ਹਦੀ ਕਲਾ ਵਿਚ ਰਹਿ ਕੇ ਗਾਂਦੇ ਹਨ :

ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ।
ਜਿਉਂ ਜਿਉਂ ਮਨੂੰ ਵਢਦਾ ਅਸੀਂ ਦੂਣ ਸਵਾਏ ਹੋਏ।

ਫਿਰ ਸਿੰਘ ਇਕੱਠੇ ਹੋਏ ਤੇ ਉਹ ਲਾਹੌਰ ਤੇ ਬੜੇ ਜ਼ੋਰ ਨਾਲ ਹਮਲਾ ਕਰ ਕੇ ਬਹੁਤ ਸਾਰੀਆਂ ਜ਼ਨਾਨੀਆਂ ਤੇ ਬੱਚਿਆਂ ਨੂੰ ਛੁਡਾ ਕੇ ਲੈ ਗਏ। ਜਿਨ੍ਹਾਂ ਜਾਗੀਰਦਾਰਾਂ ਤੇ ਸ਼ਾਹੂਕਾਰਾਂ ਜਾਂ ਹੋਰ ਸਰਕਾਰੀ ਏਜੰਟਾਂ ਨੇ ਜ਼ਨਾਨੀਆਂ ਗ੍ਰਿਫਤਾਰ ਕਰਾਈਆਂ ਸਨ ਉਹਨਾਂ ਨੂੰ ਫੜ ਕੇ ਪਾਰ ਕੀਤਾ। ਨੂਰਦੀਨ ਦੀ ਸਰਾਏ ਨੂੰ ਸਾੜ ਦਿੱਤਾ ਗਿਆ। ਪਠਾਨਕੋਟ ਦੇ ਤੁਰਕਾਂ, ਮਜੀਠੇ ਦੇ ਇਕ ਜੱਟ ਤੇ ਜੰਡਿਆਲੇ ਦੇ ਮਹੰਤ ਅਕਲ ਦਾਸ ਨੂੰ ਕੀਤੇ ਦੀ ਸਜ਼ਾ ਦਿੱਤੀ। ਮੀਰ ਮਨੂੰ ਘਬਰਾ ਗਿਆ ਤੇ ਉਹਨੂੰ ਆਪਣੀ ਜਾਨ ਦਾ ਖ਼ਤਰਾ ਅਨੁਭਵ ਹੋਣ ਲਗ ਪਿਆ। 1756 ਈਸਵੀ ਨੂੰ ਉਹ ਆਪ ਘੋੜੇ ਤੋਂ ਡਿਗ ਕੇ ਬੁਰੀ ਤਰ੍ਹਾਂ ਘਸੀਟਦਾ ਘਸੀਟਦਾ ਮਰ ਗਿਆ ਪਰ ਜਿਹਨਾਂ ਨੂੰ ਮਾਰਨ ਲਈ ਉਹਨੇ ਪੂਰਾ ਟਿਲ ਲਾਇਆ ਉਹ ਕੌੜੀ ਵੇਲ ਵਾਂਗ ਵਧਦੇ ਗਏ ਤੇ ਅਖ਼ੀਰ ਦੇਸ਼ ਦੇ ਮਾਲਕ ਬਣ ਗਏ।

ਮੀਰ ਮਨੂੰ ਤੋਂ ਪਿਛੋਂ ਉਹਦਾ ਪੁੱਤਰ ਛੋਟਾ ਸੀ, ਇਸ ਲਈ ਪੁੱਤਰ ਦੇ ਨਾਮ ਤੇ ਉਹਦੀ ਵਹੁਟੀ, ਬੇਗਮ ਮੁਰਾਦ ਲਾਹੌਰ ਦੀ ਹਾਕਮ ਬਣ ਗਈ। ਕਈਆਂ ਦਾ ਖ਼ਿਆਲ ਸੀ ਕਿ ਸ਼ਾਇਦ ਇਹ ਜ਼ਨਾਨੀ ਹੋਣ ਕਰਕੇ ਬਹੁਤੇ ਅਤਿਆਚਾਰ ਨਾ ਕਰੇ ਤੇ ਤਰੀਮਤਪਨ ਇਹਨੂੰ ਨਰਮੀ ਕਰਨ ਤੇ ਮਜਬੂਰ ਕਰ ਦੇਵੇ ਪਰ ਅਜਿਹਾ ਨਾ ਹੋਇਆ। ਉਹਨੇ ਆਪਣੇ ਪਤੀ ਦੇ ਸ਼ੁਰੂ ਕੀਤੇ ਅਤਿਆਚਾਰਾਂ ਨੂੰ ਬੰਦ ਕਰਨ ਦੀ ਥਾਂ ਹੋਰ ਤੇਜ਼ ਕਰ ਦਿੱਤਾ। ਇਸ ਕੰਮ ਵਿਚ ਉਹਦਾ ਵੱਡਾ ਸਲਾਹਕਾਰ ਤੇ ਸਹਾਇਕ ਕਸੂਰ ਦਾ ਹਾਕਮ ਮੋਮਨ ਖ਼ਾਨ ਬਣ ਗਿਆ। ਮੋਮਨ ਖ਼ਾਨ ਦੀ ਅਗਵਾਈ ਵਿਚ ਬਹੁਤ ਸਾਰੀ ਗਸ਼ਤੀ ਫ਼ੌਜ ਤਿਆਰ ਕਰ ਕੇ ਸਿੰਘਾਂ ਦੀ ਭਾਲ ਤੇ ਲਾ ਦਿੱਤੀ ਗਈ ਤੇ ਜਿਥੇ ਵੀ ਕੋਈ ਸਿੱਖ ਮਿਲਿਆ ਉਹਨੂੰ ਤਸੀਹੇ ਦੇ ਕੇ ਮਾਰਿਆ ਗਿਆ। ਜ਼ਨਾਨੀਆਂ ਤੇ ਬੱਚਿਆਂ ਨੂੰ ਪਹਿਲਾਂ ਵਾਂਗ ਹੀ ਆਪਣਾ ਧਰਮ ਛੱਡਣ ਤੇ ਮਜਬੂਰ ਕੀਤਾ ਗਿਆ ਤੇ ਜਦ ਉਹਨਾਂ ਨਾਂਹ ਕੀਤੀ ਤਾਂ ਉਹਨਾਂ ਨੂੰ ਸ਼ਹੀਦ ਕੀਤਾ ਗਿਆ। ਇਸ ਤਰ੍ਹਾਂ ਮੁਰਾਦ ਬੇਗ਼ਮ ਦੀ ਹਦਾਇਤ ਤੇ ਮੋਮਨ ਖ਼ਾਨ ਨੇ ਹਜ਼ਾਰਾਂ ਸਿੰਘਾਂ, ਸਿੰਘਣੀਆਂ ਤੇ ਬੱਚਿਆਂ ਨੂੰ ਸ਼ਹੀਦ ਕੀਤਾ। ਕੁਝ ਅਜਿਹੀਆਂ ਸਖ਼ਤੀਆਂ ਵਰਤੀਆਂ ਗਈਆਂ, ਜਿਨ੍ਹਾਂ ਨਾਲ ਪਿਛਲੇ ਜ਼ਾਲਮ ਹਾਕਮਾਂ ਦੇ ਅਤਿਆਚਾਰ ਵੀ ਮਾਤ ਪੈ ਗਏ।

ਦਿੱਲੀ ਦੀ ਕੇਂਦਰੀ ਸਰਕਾਰ ਦੇ ਇਕ ਵਜ਼ੀਰ ਗਾਜ਼ੀ-ਉਦ-ਦੀਨ ਨੇ ਬੇਗ਼ਮ ਮੁਰਾਦ ਦੀ ਸੁੰਦਰ ਮੁਟਿਆਰ ਧੀ ਨੂੰ ਵਿਆਹੁਣ ਦਾ ਜਤਨ ਕੀਤਾ। ਜਦ ਬੇਗ਼ਮ ਨੇ ਨਾਂਹ ਨੁਕਰ ਕੀਤੀ ਤਾਂ ਉਹ ਵਜ਼ੀਰ ਦਿੱਲੀ ਤੋਂ ਚਲ ਕੇ ਲਾਹੌਰ ਆ ਗਿਆ ਤੇ ਬੇਗ਼ਮ ਨੂੰ ਲਾਹੌਰ ਦੀ ਗੱਦੀ ਤੋਂ ਲਾਹ ਦਿੱਤਾ। ਬੇਗ਼ਮ ਦੌੜ ਕੇ ਕਾਬਲ ਚਲੀ ਗਈ ਤੇ ਉਥੋਂ ਅਹਿਮਦ ਸ਼ਾਹ ਅਬਦਾਲੀ ਨੂੰ ਪੰਜਾਬ ਤੇ ਹਮਲਾ ਕਰਨ ਲਈ ਸੱਦ ਲਿਆਈ। ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਤੇ ਹਮਲਾ ਕਰ ਦਿੱਤਾ ਤੇ ਬਿਨਾਂ ਬਹੁਤੀ ਰੁਕਾਵਟ ਦੇ ਲਾਹੌਰ ਉਤੇ ਕਬਜ਼ਾ ਕਰ ਲਿਆ। ਕੁਝ ਦਿਨ ਇਥੇ ਰਹਿ ਕੇ ਆਪਣੇ ਪੁੱਤਰ ਤੈਮੂਰ ਤੇ ਆਪਣੇ ਇਕ ਫ਼ੌਜਦਾਰ ਜਹਾਨ ਖ਼ਾਨ ਨੂੰ ਇਥੇ ਛੱਡ ਕੇ ਵਾਪਸ ਕਾਬਲ ਪਰਤ ਗਿਆ। ਇਨ੍ਹਾਂ ਨੇ ਵੀ ਦੇਖਿਆ ਕਿ ਪੰਜਾਬ ਵਿਚ ਸਿੰਘ

ਇਤਨੀ ਵੱਡੀ ਤਾਕਤ ਬਣ ਗਏ ਹਨ ਕਿ ਉਹਨਾਂ ਦੇ ਹੁੰਦਿਆਂ ਸਾਡੇ ਪੈਰ ਨਹੀਂ ਲਗ ਸਕਦੇ। ਇਸ ਲਈ ਨਵੇਂ ਅਫ਼ਗਾਨ ਹਾਕਮਾਂ ਨੇ ਵੀ ਸਿੱਖਾਂ ਨੂੰ ਖ਼ਤਮ ਕਰਨ ਲਈ ਇਹਨਾਂ ਵਿਰੁੱਧ ਮੁਹਿੰਮ ਸ਼ੁਰੂ ਕਰ ਦਿੱਤੀ। ਉਹਨਾਂ ਸ੍ਰੀ ਦਰਬਾਰ ਸਾਹਿਬ ਦਾ ਸਰੋਵਰ ਪੂਰ ਦਿੱਤਾ ਤੇ ਸਿੰਘਾਂ ਦਾ ਕਿਲ੍ਹਾ ਰਾਮ ਰੌਣੀ ਵੀ ਕਬਜ਼ੇ ਵਿਚ ਕਰ ਕੇ ਬਰਬਾਦ ਕਰ ਦਿੱਤਾ। ਸਿੰਘਾਂ ਨੂੰ ਜਦ ਇਸ ਬਾਰੇ ਸੂਚਨਾ ਮਿਲੀ ਤਾਂ ਉਹਨਾਂ ਨੇ ਤੁਰਤ ਆਪਣੇ ਸਾਰੇ ਜਥੇ ਲਾਹੌਰ ਦੁਆਲੇ ਲਿਆ ਇਕੱਠੇ ਕੀਤੇ। ਜਹਾਨ ਖ਼ਾਨ ਵੀ ਮੁਕਾਬਲੇ ਲਈ ਫ਼ੌਜ ਲੈ ਕੇ ਨਿਕਲਿਆ ਤੇ ਪਹਿਲੀ ਵਾਰ ਸਿੰਘਾਂ ਨੇ ਪੂਰੀ ਤਾਕਤ ਨਾਲ ਟੱਕਰ ਲਈ ਤਾਂ ਅਫ਼ਗਾਨਾਂ ਦੇ ਪੈਰ ਉਖੜ ਗਏ। ਉਹਨਾਂ ਦਾ ਬੜਾ ਨੁਕਸਾਨ ਹੋਇਆ। ਸਿੰਘ ਵੀ ਕਾਫ਼ੀ ਸ਼ਹੀਦ ਹੋਏ ਪਰ ਅਖ਼ੀਰ ਅਫ਼ਗਾਨ ਰਾਤੋ ਰਾਤ ਲਾਹੌਰ ਛੱਡ ਕੇ ਦੌੜ ਗਏ। ਸਿੰਘਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ। ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਸਿੰਘਾਂ ਦੀ ਇਹ ਸ਼ਾਨਦਾਰ ਜਿੱਤ ਹੋਈ।

ਸਿੰਘਾਂ ਦਾ ਬਾਹਰ ਇਕ ਜੰਗਲ ਵਿਚ ਇਕੱਠ ਹੋਇਆ ਜਿਸ ਵਿਚ ਫ਼ੈਸਲਾ ਕੀਤਾ ਗਿਆ ਕਿ ਮੋਮਨ ਖ਼ਾਨ ਕਸੂਰੀਏ ਨੇ ਸਿੰਘਾਂ ਤੇ ਬਹੁਤ ਅਤਿਆਚਾਰ ਕੀਤੇ ਹਨ, ਇਸ ਲਈ ਕੋਈ ਬਹਾਦਰ ਉਹਦਾ ਸਿਰ ਵੱਢ ਕੇ ਲਿਆਏ। ਸ: ਮੱਘਰ ਸਿੰਘ ਇਸ ਕੰਮ ਲਈ ਮੈਦਾਨ ਵਿਚ ਨਿਤਰਿਆ। ਉਹ ਤੁਰਕਾਂ ਦਾ ਵੇਸ ਧਾਰ ਕੇ ਪਹੁੰਚਿਆ। ਮੋਮਨ ਖ਼ਾਨ ਨੂੰ ਵੀ ਇਸ ਬਾਰੇ ਪਹਿਲਾਂ ਪਤਾ ਲਗ ਚੁਕਿਆ ਸੀ, ਇਸ ਲਈ ਉਹਨੇ ਆਪਣੀ ਸੁਰਖਿਆ ਦੇ ਪ੍ਰਬੰਧ ਪੱਕੇ ਕਰ ਲਏ। ਫਿਰ ਵੀ ਮੱਘਰ ਸਿੰਘ ਨੇ ਉਹਨੂੰ ਮੌਕਾ ਤਾੜ ਕੇ ਲਲਕਾਰਿਆ ਤੇ ਉਹਦੇ ਰਾਖੇ ਫ਼ੌਜੀਆਂ ਨਾਲ ਲੜਦਾ ਮੋਮਨ ਖ਼ਾਨ ਤਕ ਪਹੁੰਚ ਗਿਆ ਤੇ ਤਲਵਾਰ ਨਾਲ ਉਹਦਾ ਸਿਰ ਵੱਢ ਕੇ ਲੈ ਆਇਆ।

ਇਉਂ ਅਸੀ ਵੇਖਦੇ ਹਾਂ ਕਿ ਮੀਰ ਮਨੂੰ ਤੋਂ ਪਿਛੋਂ ਵੀ ਸਿੱਖਾਂ ਨੂੰ ਅਤਿ ਮੁਸੀਬਤਾਂ ਦਾ ਟਾਕਰਾ ਕਰਨਾ ਪਿਆ ਤੇ ਅਨਗਿਣਤ ਸਿੰਘ ਮੁਰਾਦ ਬੇਗ਼ਮ ਦੇ ਰਾਜ ਸਮੇਂ, ਮੋਮਨ ਖ਼ਾਨ ਤੇ ਅਫ਼ਗਾਨਾਂ ਦੇ ਸਮੇਂ, ਤੈਮੂਰ ਤੇ ਜਹਾਨ ਖ਼ਾਨ ਦੇ ਅਤਿਆਚਾਰਾਂ ਨਾਲ ਸ਼ਹੀਦ ਹੋਏ।

ਮੀਰ ਮੁਹੰਮਦ ਦੇ ਸਮੇਂ ਸ਼ਹੀਦੀਆਂ

ਅਹਿਮਦ ਸ਼ਾਹ ਅਬਦਾਲੀ ਨਜੀਬ-ਉਲ-ਦੌਲਾ ਦੇ ਸੱਦੇ ਤੇ ਜਦੋਂ ਅਫ਼ਗਾਨੀ ਫ਼ੌਜਾਂ ਲੈ ਕੇ ਆਇਆ ਤਾਂ ਮਰਹੱਟਿਆਂ ਨਾਲ ਉਹਦੀ ਜ਼ਬਰਦਸਤ ਲੜਾਈ ਹੋਈ। ਮਰਹੱਟੇ ਹਾਰ ਗਏ ਤੇ ਹਜ਼ਾਰਾਂ ਆਦਮੀ ਮਾਰੇ ਗਏ। ਅਬਦਾਲੀ ਦੀ ਅਫ਼ਗਾਨੀ ਫ਼ੌਜ ਨੇ ਕ੍ਰੋੜਾਂ ਰੁਪੈ, 50 ਹਜ਼ਾਰ ਘੋੜੇ ਤੇ 20 ਹਜ਼ਾਰ ਹਿੰਦੂ ਮੁਟਿਆਰਾਂ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਤੇ ਜਿੱਤ ਦੀਆਂ ਖ਼ੁਸ਼ੀਆਂ ਮਨਾਂਦੇ ਤੇ ਤਾਕਤ ਦੇ ਹੰਕਾਰ ਵਿਚ ਜਦ ਵਾਪਸ ਪਰਤੇ ਤਾਂ ਪੰਜਾਬ ਵਿਚ ਸਿੰਘਾਂ ਨੂੰ ਪਤਾ ਲਗ ਗਿਆ ਕਿ ਉਹ ਦੇਸ਼ ਦਾ ਧਨ ਤੇ ਇਜ਼ਤ ਲੁਟ ਕੇ ਲਿਜਾ ਰਹੇ ਹਨ। ਸਿੰਘਾਂ ਦੇ ਜਥੇ ਝਟ ਇਕੱਠੇ ਹੋਏ ਤੇ ਗੋਇੰਦਵਾਲ ਦੇ ਨੇੜੇ ਅਫ਼ਗਾਨ ਫ਼ੌਜਾਂ ਤੇ ਅਚਾਨਕ ਹਮਲਾ ਕਰ ਦਿੱਤਾ। ਬਹੁਤੀਆਂ ਮੁਟਿਆਰਾਂ ਉਨ੍ਹਾਂ ਜ਼ਾਲਮਾਂ ਤੋਂ ਛੁਡਾ ਲਈਆਂ ਤੇ ਬਹੁਤ ਸਾਰਾ ਧਨ ਮਾਲ

ਵੀ ਲੁਟ ਲਿਆ। ਜਾਨੀ ਨੁਕਸਾਨ ਵੀ ਕਾਫ਼ੀ ਕਰ ਦਿੱਤਾ।

ਇਹ ਇਤਲਾਹ ਅਹਿਮਦ ਸ਼ਾਹ ਅਬਦਾਲੀ ਨੂੰ ਲਾਹੌਰ ਵਿਚ ਮਿਲੀ ਤਾਂ ਉਸ ਨੇ ਬੜੇ ਗੁੱਸੇ ਨਾਲ ਸਰਬੁਲੰਦ ਖ਼ਾਨ ਕਾਬਲੀ ਨੂੰ ਮੁਲਤਾਨ ਦਾ ਗਵਰਨਰ ਨਿਯਤ ਕਰ ਕੇ ਉਹਦੇ ਜ਼ਿਮੇ ਸਿੱਖਾਂ ਨੂੰ ਖ਼ਤਮ ਕਰਨ ਦਾ ਕੰਮ ਲਾਇਆ। ਅਗੋਂ ਸਰਬੁਲੰਦ ਖ਼ਾਨ ਨੇ ਗਸ਼ਤੀ ਫ਼ੌਜ ਨਿਯਤ ਕਰ ਕੇ ਇਕ ਰਾਜਪੂਤ ਸੂਰਤ ਸਿੰਘ ਨੂੰ ਸਿੱਖਾਂ ਨੂੰ ਮੁਕਾਉਣ ਦੇ ਕੰਮ ਤੇ ਲਾਇਆ ਪਰ ਉਹ ਸਫ਼ਲ ਨਾ ਹੋ ਸਕਿਆ।

ਉਹਦੇ ਪਿਛੋਂ ਅਮੀਰ ਮੁਹੰਮਦ ਨਾਮ ਦੇ ਜਰਨੈਲ ਨੂੰ ਇਹ ਕੰਮ ਸੌਂਪਿਆ ਗਿਆ ਪਰ ਉਹ ਵੀ ਫੇਲ੍ਹ ਹੋ ਗਿਆ। ਅਹਿਮਦ ਸ਼ਾਹ ਆਪ ਕਾਬਲ ਚਲਾ ਗਿਆ ਪਰ ਸਖ਼ਤ ਹੁਕਮ ਦੇ ਗਿਆ ਕਿ ਜੇ ਸਿੱਖ ਖ਼ਤਮ ਨਾ ਕੀਤੇ ਗਏ ਤਾਂ ਲਾਹੌਰ, ਮੁਲਤਾਨ ਤੇ ਹੋਰ ਸਭ ਇਲਾਕਿਆਂ ਦੇ ਮੁਖੀ ਬਦਲ ਦਿਤੇ ਜਾਣਗੇ।

ਸਿੰਘਾਂ ਨੇ ਅਬਦਾਲੀ ਦੇ ਜਾਂਦਿਆਂ ਹੀ ਸਾਰੇ ਪੰਜਾਬ ਵਿਚ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ। ਸਾਰੇ ਜ਼ਾਲਮ ਹਾਕਮਾਂ ਨੂੰ ਸੋਧ ਦਿੱਤਾ। ਕਈਆਂ ਨੂੰ ਮਾਰ ਦਿੱਤਾ ਤੇ ਕਈ ਆਪੇ ਹੀ ਡਰਦੇ ਮਾਰੇ ਭੱਜ ਗਏ। ਜਦ ਅਬਦਾਲੀ ਨੂੰ ਕਾਬਲ ਖ਼ਬਰ ਪਹੁੰਚੀ ਕਿ ਸਿੱਖ ਤਾਂ ਸਾਰੇ ਪੰਜਾਬ ਵਿਚ ਛਾ ਗਏ ਹਨ ਤਾਂ ਉਹਨੇ ਜ਼ਾਲਮ ਖ਼ਾਨ ਤੇ ਨੂਰ-ਉਲ-ਦੀਨ ਦੋ ਜਰਨੈਲਾਂ ਨੂੰ ਬਹੁਤ ਸਾਰੀ ਅਫ਼ਗਾਨ ਫ਼ੌਜ ਦੇ ਕੇ ਭੇਜਿਆ ਪਰ ਅਗੋਂ ਸ: ਚੜ੍ਹਤ ਸਿੰਘ ਗੁਜਰਾਂਵਾਲੀਏ (ਜੋ ਕਿ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਜੀ ਸਨ) ਨੇ ਅਜੇਹਾ ਮੂੰਹ ਭੰਨਿਆ ਤੇ ਟਾਕਰਾ ਕੀਤਾ ਕਿ ਨੂਰ-ਉਲ-ਦੀਨ ਜੰਮੂ ਦੀਆਂ ਪਹਾੜੀਆਂ ਵਿਚ ਜਾ ਲੁਕਿਆ। ਬਹੁਤ ਸਾਰੀਆਂ ਤੋਪਾਂ ਤੇ ਧਨ ਮਾਲ ਵੀ ਚੜ੍ਹਤ ਸਿੰਘ ਨੇ ਖੋਹ ਲਿਆ ਤੇ ਉਸੇ ਮਾਲ ਨਾਲ ਗੁਜਰਾਂਵਾਲੇ ਵਿਚ ਇਕ ਛੋਟਾ ਜਿਹਾ ਕਿਲ੍ਹਾ ਉਸਾਰ ਦਿੱਤਾ। ਲਾਹੌਰ ਤੋਂ ਹਮੀਦ ਖ਼ਾਨ, ਗੁਜਰਾਂਵਾਲੇ ਦਾ ਕਿਲ੍ਹਾ ਢਾਹੁਣ ਲਈ ਗਿਆ ਪਰ ਬੁਰੀ ਤਰ੍ਹਾਂ ਮਾਰ ਖਾ ਕੇ ਪਰਤ ਆਇਆ।

ਸਿੰਘਾਂ ਦੀ ਚੜ੍ਹਦੀ ਕਲਾ ਵੇਖ ਕੇ ਪੰਜਾਬ ਦੇ ਸਾਰੇ ਮੁਸਲਮਾਨ, ਅਫ਼ਗਾਨ ਹਾਕਮ ਘਬਰਾ ਗਏ। ਜ਼ੈਨ ਖ਼ਾਨ ਸਰਹੰਦ ਤੋਂ, ਸਰਬੁਲੰਦ ਖ਼ਾਨ ਮੁਲਤਾਨ ਤੋਂ, ਨੂਰ-ਉਲ-ਦੀਨ ਤੇ ਜ਼ਾਲਮ ਖ਼ਾਨ ਕਾਬਲ ਤੋਂ ਆਏ। ਮੀਰ ਮੁਹੰਮਦ ਤੇ ਮੋਮਨ ਖ਼ਾਨ ਲਾਹੌਰ ਤੋਂ ਇਕੱਠੇ ਹੋਏ। ਸਾਰੇ ਫ਼ੌਜੀ ਮੁਖੀਆਂ ਤੇ ਗਵਰਨਰਾਂ ਨੇ ਰਲ ਕੇ ਸਿੰਘਾਂ ਦਾ ਟਾਕਰਾ ਕਰਨ ਲਈ ਵਿਉਂਤ ਤਿਆਰ ਕੀਤੀ ਤੇ ਸਾਰਿਆਂ ਦੀ ਮਿਲਵੀਂ ਫ਼ੌਜੀ ਤਾਕਤ ਨਾਲ ਸਿੰਘਾਂ ਦਾ ਸਫ਼ਾਇਆ ਕਰਨ ਵਾਸਤੇ ਸੋਚਿਆ ਗਿਆ।

ਪੱਟੀ ਦੇ ਨੇੜੇ ਸਿੰਘਾਂ ਨਾਲ ਇਸ ਮਿਲਵੀਂ ਤਾਕਤ ਦੀ ਫ਼ੌਜ ਦੀ ਪਹਿਲੀ ਟੱਕਰ ਹੋਈ। ਸਿੰਘਾਂ ਨੇ ਡਟ ਕੇ ਮੁਕਾਬਲਾ ਕੀਤਾ ਪਰ ਆਪਣਾ ਬਹੁਤ ਸਾਰਾ ਨੁਕਸਾਨ ਕਰਾ ਕੇ ਜੰਗਲਾਂ ਵਿਚ ਜਾ ਛੁਪੇ। ਹੁਣ ਜੰਗਲਾਂ ਵਿਚ ਵੀ ਜੀਵਨ ਬਹੁਤ ਔਖਾ ਹੋ ਗਿਆ। ਉਧਰ ਅਫ਼ਗਾਨਾਂ ਦੀ ਮਿਲਵੀਂ ਤਾਕਤ ਨੇ ਪਿੰਡ ਪਿੰਡ ਜਾ ਕੇ ਬਿਰਧ ਸਿੰਘ ਸਿੰਘਣੀਆਂ ਤੇ ਬੱਚਿਆਂ ਨੂੰ ਫੜ ਫੜ ਕੇ ਕਤਲ ਕਰਨਾ ਸ਼ੁਰੂ ਕਰ ਦਿੱਤਾ। ਇਸ ਸਾਰੀ ਮੁਹਿਮ ਦਾ ਇੰਚਾਰਜ ਮੀਰ ਮੁਹੰਮਦ ਬਣ ਗਿਆ ਤੇ ਉਹਨੇ ਸਿੰਘਾਂ ਦੇ

ਪਰਿਵਾਰਾਂ ਤੇ ਉਸੇ ਤਰ੍ਹਾਂ ਜ਼ੁਲਮ ਸ਼ੁਰੂ ਕਰ ਦਿੱਤਾ ਜਿਸ ਤਰ੍ਹਾਂ ਮੀਰ ਮਨੂੰ ਕੀਤਾ ਕਰਦਾ ਸੀ। ਮੀਰ ਮਨੂੰ ਦੇ ਸਮੇਂ ਲਾਹੌਰ ਕਤਲਗਾਹ ਬਣੀ ਸੀ ਪਰ ਹੁਣ ਪੱਟੀ ਵਿਚ ਡੇਰੇ ਲਾ ਕੇ ਉਹਨੇ ਇਸ ਇਲਾਕੇ ਨੂੰ ਸਾਫ਼ ਕਰਨ ਲਈ ਇਥੇ ਸਿੰਘਾਂ ਦੀ ਕਤਲਗਾਹ ਖੋਲ੍ਹ ਲਈ। ਜਦ ਵੀ ਕਿਸੇ ਸਿੱਖ ਬੀਬੀ ਜਾਂ ਬਿਰਧ ਨੂੰ ਫੜ ਕੇ ਲਿਆਉਂਦੇ ਤਾਂ ਉਹਨੂੰ ਪਹਿਲਾਂ ਇਸਲਾਮ ਕਬੂਲ ਕਰਨ ਦੀ ਪੇਸ਼ਕਸ਼ ਕੀਤੀ ਜਾਂਦੀ। ਜਦੋਂ ਇਨਕਾਰ ਕਰ ਦਿਤਾ ਜਾਂਦਾ ਤਾਂ ਉਨ੍ਹਾਂ ਨੂੰ ਸ਼ਹੀਦ ਕੀਤਾ ਜਾਂਦਾ। ਇਉਂ ਬਹੁਤ ਵੱਡੀ ਗਿਣਤੀ ਵਿਚ ਸਿੰਘਣੀਆਂ ਸ਼ਹੀਦ ਹੋ ਗਈਆਂ।

ਜਦੋਂ ਇਹ ਅਤਿਆਚਾਰ ਹੁੰਦੇ ਪਏ ਸਨ ਤਾਂ ਮੀਰਾਂ ਕੋਟ ਦੇ ਨੇੜੇ ਇਕ ਪਿੰਡ ਪੰਡੋਰੀ ਦੀਆਂ ਜ਼ਨਾਨੀਆਂ ਜੋ ਸਿੱਖ ਪਰਿਵਾਰਾਂ ਵਿਚੋਂ ਸਨ, ਆਪਣੇ ਘਰਾਂ ਨੂੰ ਛਡ ਕੇ ਬਾਹਰ ਦੂਰ ਇਕ ਸੰਤ ਦਾਦੂ ਰਾਮ ਦੇ ਡੇਰੇ ਜਾ ਲੁਕੀਆਂ। ਇਹ ਸੰਤ ਦਾਦੂ ਰਾਮ ਸਿੱਖੀ ਖ਼ਿਆਲਾਂ ਦਾ ਪਰਉਪਕਾਰੀ ਜੀਵ ਸੀ। ਇਸ ਨੇ ਆਪਣੇ ਡੇਰੇ ਸਭ ਨੂੰ ਪਨਾਹ ਦਿੱਤੀ। ਜਦੋਂ ਅਫ਼ਗਾਨਾਂ ਨੂੰ ਪਤਾ ਲੱਗਾ ਤਾਂ ਮੀਰ ਮੁਹੰਮਦ ਫ਼ੌਜ ਲੈ ਕੇ ਉਹਦੇ ਡੇਰੇ ਤੇ ਚੜ੍ਹ ਪਿਆ। ਸੰਤ ਨੂੰ ਫ਼ੌਜ ਦੀ ਚੜ੍ਹਾਈ ਦਾ ਪਹਿਲਾਂ ਪਤਾ ਲਗ ਗਿਆ ਤੇ ਉਸ ਨੇ ਸਭ ਜ਼ਨਾਨੀਆਂ ਡੇਰੇ 'ਚੋਂ ਕਢ ਕੇ ਖੇਤਾਂ ਵਿਚ ਫ਼ਸਲਾਂ ਦੇ ਅੰਦਰ ਲੁਕਾ ਦਿੱਤੀਆਂ। ਮੀਰ ਮੁਹੰਮਦ ਨੇ ਆ ਕੇ ਡੇਰੇ ਦੀ ਤਲਾਸ਼ੀ ਲਈ। ਜਦ ਕੁਝ ਵੀ ਨਾ ਮਿਲਿਆ ਤਾਂ ਸੰਤ ਦਾਦੂ ਰਾਮ ਨੂੰ ਫੜ ਲਿਆ ਗਿਆ। ਉਹਨੂੰ ਤੰਗ ਕੀਤਾ ਤੇ ਕਸ਼ਟ ਦੇ ਕੇ ਫਿਰ ਪੁਛਿਆ ਕਿ ਦੱਸ ਉਹ ਜ਼ਨਾਨੀਆਂ ਕਿਧਰ ਗਈਆਂ? ਉਸ ਨੇ ਦੱਸਣ ਤੋਂ ਇਨਕਾਰ ਕਰ ਦਿੱਤਾ। ਅਖ਼ੀਰ ਤਸੀਹੇ ਦੇ ਕੇ ਉਹਨੂੰ ਸ਼ਹੀਦ ਕਰ ਦਿੱਤਾ ਗਿਆ, ਪਰ ਉਹਨੇ ਜ਼ਨਾਨੀਆਂ ਦਾ ਭੇਦ ਨਾ ਦਿੱਤਾ।

ਜਦ ਡੇਰੇ ਤੋਂ ਵਾਪਸ ਪਰਤੇ ਤਾਂ ਰਾਹ ਵਿਚ ਖੇਤਾਂ ਵਿਚੋਂ ਬੱਚਿਆਂ ਦੇ ਰੋਣ ਦੀ ਆਵਾਜ਼ ਸੁਣ ਕੇ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਜ਼ਨਾਨੀਆਂ ਇਥੇ ਲੁਕੀਆਂ ਹੋਈਆਂ ਹਨ। ਉਨ੍ਹਾਂ ਖੇਤਾਂ ਦੀ ਤਲਾਸ਼ੀ ਲੈ ਕੇ ਸਭ ਜ਼ਨਾਨੀਆਂ ਫੜ ਲਈਆਂ ਤੇ ਪੱਟੀ ਲਿਆ ਕੇ ਉਨ੍ਹਾਂ ਵਿਚੋਂ ਕੁਝ ਕੁ ਨੂੰ ਸ਼ਹੀਦ ਕਰ ਦਿੱਤਾ ਤੇ ਬਾਕੀ ਨੂੰ ਲਾਹੌਰ ਭੇਜ ਦਿੱਤਾ। ਮੀਰ ਮੁਹੰਮਦ ਵੀ ਲਾਹੌਰ ਨਾਲ ਟੁਰ ਪਿਆ। ਸਿੰਘਾਂ ਨੂੰ ਸਿੰਘਣੀਆਂ ਦੀ ਗ੍ਰਿਫ਼ਤਾਰੀ ਦੀ ਸੂਚਨਾ ਮਿਲੀ ਤਾਂ ਉਨ੍ਹਾਂ ਨੇ ਜੰਗਲਾਂ ਵਿਚੋਂ ਨਿਕਲ ਕੇ ਦੋ ਹੱਥ ਕਰਨ ਦਾ ਫ਼ੈਸਲਾ ਕਰ ਲਿਆ ਤੇ ਫ਼ੌਜ ਤੇ ਹਮਲਾ ਕਰ ਦਿੱਤਾ।

ਬੜੀ ਜ਼ਬਰਦਸਤ ਲੜਾਈ ਹੋਈ। ਸਿੰਘਾਂ ਦਾ ਵੀ ਕਾਫ਼ੀ ਨੁਕਸਾਨ ਹੋਇਆ ਪਰ ਉਨ੍ਹਾਂ ਜ਼ਾਲਮ ਹਤਿਆਰੇ ਤੇ ਹਜ਼ਾਰਾਂ ਸਿੰਘਾਂ ਸਿੰਘਣੀਆਂ ਦੇ ਕਾਤਲ ਮੀਰ ਮੁਹੰਮਦ ਨੂੰ ਫੜ ਲਿਆ ਤੇ ਉਹਦਾ ਸਿਰ ਵਢ ਕੇ ਬਦਲਾ ਲੈ ਲਿਆ। ਮੀਰ ਮੁਹੰਮਦ ਨੇ ਦੋ ਸਾਲ ਸਿੰਘਾਂ 'ਤੇ ਅਤਿ ਚੁਕੀ ਰਖੀ ਪਰ ਸਿੰਘਾਂ ਨੇ ਉਹਨੂੰ ਮਾਰ ਕੇ ਇਕ ਵਾਰ ਫਿਰ ਅਬਦਾਲੀ ਨੂੰ ਚੈਲੰਜ ਕਰ ਦਿਖਾਇਆ ਕਿ ਖ਼ਾਲਸਾ ਅਮਰ ਰਹੇਗਾ ਤੇ ਉਹਨੂੰ ਮਿਟਾਣ ਵਾਲੇ ਆਪ ਖ਼ਤਮ ਹੋ ਜਾਣਗੇ।

ਸ: ਗੁਰਬਖ਼ਸ਼ ਸਿੰਘ

ਸਿੱਖ ਇਤਿਹਾਸ ਵਿਚ 1760 ਈਸਵੀ ਦਾ ਸਾਲ ਵੀ ਬਹੁਤ ਹੀ ਕੁਰਬਾਨੀਆਂ ਤੇ ਸ਼ਹੀਦੀਆਂ ਦਾ ਸਾਲ ਬਣ ਗਿਆ ਸੀ, ਕਿਉਂਕਿ ਇਸ ਸਾਲ ਅਹਿਮਦ ਸ਼ਾਹ ਅਬਦਾਲੀ ਤੇ ਉਹਦੇ ਨਿਯਤ ਕੀਤੇ ਹਾਕਮਾਂ ਨੇ ਸਿੱਖਾਂ ਦਾ ਨਾਮ ਨਿਸ਼ਾਨ ਮਿਟਾਣ ਲਈ ਆਪਣੀ ਪੂਰੀ ਤਾਕਤ ਨਾਲ ਹੱਲਾ ਬੋਲਿਆ ਤੇ ਜਿਥੇ ਕਿਧਰੇ ਵੀ ਕੋਈ ਸਿੱਖ ਹੋਣ ਦਾ ਸ਼ੱਕ ਪਿਆ, ਉਥੇ ਹੀ ਫ਼ੌਜ ਦੀ ਚੜ੍ਹਾਈ ਕਰਵਾ ਦਿੱਤੀ ਗਈ। ਜ਼ਨਾਨੀਆਂ, ਬੱਚਿਆਂ ਤੇ ਬੁੱਢਿਆਂ ਨੂੰ ਫੜ ਫੜ ਕੇ ਬਹੁਤ ਤਸੀਹੇ ਦਿਤੇ ਤੇ ਉਹਨਾਂ ਨੂੰ ਸ਼ਹੀਦ ਕੀਤਾ ਗਿਆ। ਸਭ ਤੋਂ ਵੱਧ ਮਾੜੀ ਗੱਲ ਇਹ ਕੀਤੀ ਕਿ ਸਿੱਖਾਂ ਦੇ ਆਪਣੀ ਜਾਨ ਤੋਂ ਵੱਧ ਪਿਆਰੇ ਗੁਰਦਵਾਰੇ ਢਾਹ ਦਿਤੇ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਇਮਾਰਤ ਨੂੰ ਨੁਕਸਾਨ ਪਹੁੰਚਾਇਆ ਤੇ ਪਵਿੱਤਰ ਸਰੋਵਰ ਨੂੰ ਪੂਰ ਦਿਤਾ। ਸਿੱਖ ਇਹ ਕਦੇ ਨਹੀਂ ਸਨ ਬਰਦਾਸ਼ਤ ਕਰ ਸਕਦੇ ਤੇ ਇਸੇ ਲਈ ਉਹ ਦੂਰੋਂ ਦੂਰੋਂ ਬਹੁਤ ਥੋੜ੍ਹੇ ਥੋੜ੍ਹੇ ਜਥੇ ਹੋਣ ਦੇ ਬਾਵਜੂਦ ਆਪਣੀ ਜਾਨ ਤਲੀ ਤੇ ਰੱਖ ਕੇ ਅੰਮ੍ਰਿਤਸਰ ਪਹੁੰਚੇ ਤੇ ਜਹਾਨ ਖ਼ਾਨ ਤੇ ਦੂਜੇ ਜ਼ਾਲਮਾਂ ਨਾਲ ਲੋਹਾ ਲਿਆ, ਉਹਨਾਂ ਨੂੰ ਭਜਾਇਆ ਤੇ ਮਾਰਿਆ ਜਾਂ ਆਪ ਸ਼ਹੀਦੀਆਂ ਪ੍ਰਾਪਤ ਕਰ ਗਏ।

ਬਾਬਾ ਦੀਪ ਸਿੰਘ ਜੀ ਇਸ ਸਮੇਂ ਹੋਈਆਂ ਸ਼ਹੀਦੀਆਂ ਵਿਚੋਂ ਸਭ ਤੋਂ ਮਹਾਨ ਸ਼ਖ਼ਸੀਅਤ ਤੇ ਬਜ਼ੁਰਗ ਜਰਨੈਲ ਸਨ। ਹੋਰ ਵੀ ਅਨੇਕਾਂ ਪਤਵੰਤੇ ਸਿੱਖ ਇਸ ਧੱਕੇ ਵਿਰੁੱਧ ਲੜਦੇ ਆਪਾ ਵਾਰ ਗਏ। ਬਾਬਾ ਦੀਪ ਸਿੰਘ ਜੀ ਦੇ ਜਥੇ ਤੋਂ ਇਲਾਵਾ ਇਕ ਜਥਾ ਸ੍ਰੀ ਅਨੰਦਪੁਰ ਸਾਹਿਬ ਤੋਂ ਵੀ ਆਇਆ ਸੀ, ਜਿਸ ਦੇ ਮੋਹਰੀ ਬਾਬਾ ਗੁਰਬਖ਼ਸ਼ ਸਿੰਘ ਜੀ ਸਨ, ਜਿਨ੍ਹਾਂ ਬੜੀ ਸੂਰਬੀਰਤਾ ਨਾਲ ਜ਼ਾਲਮ ਦਾ ਟਾਕਰਾ ਕੀਤਾ ਤੇ ਦੱਸ ਦਿੱਤਾ ਕਿ ਸਿੱਖ ਅਜੇ ਜ਼ਿੰਦਾ ਹਨ ਤੇ ਉਹਨਾਂ ਦੇ ਹੁੰਦਿਆਂ ਦਰਬਾਰ ਸਾਹਿਬ ਦਾ ਅਪਮਾਨ ਕਰਨ ਵਾਲਾ ਸੁਖ ਦੀ ਨੀਂਦਰ ਨਹੀਂ ਸੌਂ ਸਕਦਾ। ਇਹ ਭੁਲੇਖਾ ਵੀ ਅਫ਼ਗਾਨਾਂ ਦੇ ਦਿਲ ਵਿਚੋਂ ਕੱਢ ਦਿੱਤਾ ਕਿ ਸਿੱਖ ਖ਼ਤਮ ਹੋ ਗਏ ਹਨ ਜਾਂ ਖ਼ਤਮ ਕੀਤੇ ਜਾ ਸਕਦੇ ਹਨ। ਅਜੇਹੀ ਮਾਰ ਦਿੱਤੀ ਕਿ ਅਫ਼ਗਾਨਾਂ ਨੂੰ ਕਦੇ ਨਹੀਂ ਭੁਲੇਗੀ।

ਸ: ਗੁਰਬਖ਼ਸ਼ ਸਿੰਘ ਦਾ ਜਨਮ ਖੇਮਕਰਨ ਦੇ ਨੇੜੇ ਪਿੰਡ ਲੀਲ ਵਿਚ ਹੋਇਆ। ਨਿੱਕੇ ਹੁੰਦਿਆਂ ਹੀ ਸਿੱਖ ਧਰਮ ਬਾਰੇ ਵਿਸ਼ਵਾਸ ਪੱਕਾ ਹੋ ਗਿਆ ਤੇ ਜਦ ਜਵਾਨੀ ਵਿਚ ਪਹੁੰਚੇ ਤਾਂ ਭਾਈ ਮਨੀ ਸਿੰਘ ਜੀ ਦੇ ਪਵਿੱਤਰ ਹੱਥਾਂ ਤੋਂ ਪੰਜ ਪਿਆਰਿਆਂ ਰਾਹੀਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤੇ ਆਪਣੇ ਜੀਵਨ ਨੂੰ ਪੂਰਨ ਗੁਰਸਿੱਖਾਂ ਵਾਲਾ ਬਣਾ ਲਿਆ। ਇਹ ਇਲਾਕਾ ਮਾਝੇ ਦੇ ਕੇਂਦਰ ਵਿਚ ਸੀ ਤੇ ਇਸ ਇਲਾਕੇ ਵਿਚ ਨਿਤ ਲਾਹੌਰ ਦੇ ਹਾਕਮਾਂ ਦੀ ਫ਼ੌਜ ਸਿੱਖਾਂ ਦੀ ਭਾਲ ਵਿਚ ਤੁਰੀ ਫਿਰਦੀ ਸੀ। ਸ਼ਖ਼ਸੀਅਤ ਛੁਪ ਨਹੀਂ ਸਕਦੀ। ਇਹਨਾਂ ਦੀ ਵਿਦਵਤਾ, ਗੁਣਾਂ ਤੇ ਮਿਠੇ ਸੁਭਾ ਦਾ ਆਸ ਪਾਸ ਦੂਰ ਦੂਰ ਤਕ ਚਰਚਾ ਸੀ। ਇਸ ਲਈ ਇਹ ਗੁੰਮਨਾਮ ਜੀਵਨ ਨਹੀਂ

ਸੀ ਬਿਤਾ ਸਕਦੇ। ਉਂਜ ਵੀ ਸਰਕਾਰ ਨੂੰ ਖ਼ੁਸ਼ ਕਰਨ ਦੇ ਚਾਹਵਾਨਾਂ, ਚੁਗਲਖੋਰਾਂ ਤੇ ਇਨਾਮ ਦੇ ਭੁਖਿਆਂ ਤੋਂ ਬਚ ਕੇ ਰਹਿਣਾ ਮੁਸ਼ਕਲ ਸੀ, ਇਸ ਲਈ ਅਤਿ ਕਰੜਾਈ ਦੇ ਸਮੇਂ ਸ: ਗੁਰਬਖ਼ਸ਼ ਸਿੰਘ ਨੇ ਵੀ ਘਰ ਬਾਰ ਛੱਡ ਦਿੱਤਾ ਤੇ ਚਕਰਵਤੀ ਜੀਵਨ ਅਪਨਾ ਲਿਆ। ਕੁਝ ਸਮਾਂ ਜੰਗਲਾਂ ਵਿਚ ਕਈ ਜਥਿਆਂ ਨਾਲ ਰਹੇ। ਜਿਥੇ ਵੀ ਆਪ ਗਏ, ਆਪਣੇ ਗੁਣਾਂ ਨਾਲ ਮਾਣ ਪ੍ਰਾਪਤ ਕੀਤਾ। ਸਿੱਖ ਮਿਸਲਾਂ ਵਿਚ ਆਪ ਦਾ ਬਹੁਤ ਸਤਿਕਾਰ ਹੋਣ ਲੱਗ ਪਿਆ।

ਸ੍ਰੀ ਅਨੰਦਪੁਰ ਸਾਹਿਬ ਸਿੱਖਾਂ ਦਾ ਕੇਂਦਰੀ ਸਥਾਨ ਸੀ ਜਿਥੇ ਕਿਸੇ ਚੰਗੇ ਵਿਦਵਾਨ ਤੇ ਗੁਣੀ ਗਿਆਨੀ ਨੂੰ ਰੱਖਣਾ ਜ਼ਰੂਰੀ ਸੀ। ਸਮੇਂ ਦੇ ਮੁਖੀ ਸਿੱਖ ਆਗੂਆਂ ਨੇ ਫ਼ੈਸਲਾ ਕੀਤਾ ਕਿ ਸ: ਗੁਰਬਖ਼ਸ਼ ਸਿੰਘ ਨੂੰ ਅਨੰਦਪੁਰ ਸਾਹਿਬ ਭੇਜ ਦਿੱਤਾ ਜਾਏ। ਆਪ ਨੂੰ ਕਿਹਾ ਗਿਆ ਤਾਂ ਆਪ ਤੁਰਤ ਤਿਆਰ ਹੋ ਗਏ ਕਿਉਂਕਿ ਆਪਣਾ ਜੀਵਨ ਤਾਂ ਸਿੱਖੀ ਪਰਚਾਰ ਲਈ ਅਰਪਨ ਕਰ ਚੁਕੇ ਸਨ। ਅਨੰਦਪੁਰ ਸਾਹਿਬ ਵਿਚ ਆਪ ਬਹੁਤ ਸਾਰਾ ਸਮਾਂ ਰਹੇ ਤੇ ਇਥੋਂ ਦੇ ਇਤਿਹਾਸਕ ਅਸਥਾਨਾਂ ਦੀ ਦੇਖ ਭਾਲ, ਸੇਵਾ ਸੰਭਾਲ ਤੇ ਆਏ ਸਿੰਘਾਂ ਦੀ ਸੇਵਾ ਦੀ ਜ਼ਿੰਮੇਵਾਰੀ ਨਿਭਾਂਦੇ ਰਹੇ। ਜਿਵੇਂ ਦਮਦਮਾ ਸਾਹਿਬ ਵਿਚ ਬਾਬਾ ਦੀਪ ਸਿੰਘ ਜੀ ਸਨ, ਇਸੇ ਤਰ੍ਹਾਂ ਅਨੰਦਪੁਰ ਸਾਹਿਬ ਵਿਚ ਸ: ਗੁਰਬਖ਼ਸ਼ ਸਿੰਘ ਜੀ ਸਨ।

ਜਦ ਅਬਦਾਲੀ ਦੇ ਨਿਯਤ ਕੀਤੇ ਹਾਕਮ ਜਹਾਨ ਖ਼ਾਨ ਨੇ ਅੰਮ੍ਰਿਤਸਰ ਵਿਚ ਡੇਰਾ ਲਾ ਕੇ ਸ੍ਰੀ ਦਰਬਾਰ ਸਾਹਿਬ ਨੂੰ ਢਾਹ ਦਿੱਤਾ ਤੇ ਸਰੋਵਰ ਨੂੰ ਪੂਰਨਾ ਸ਼ੁਰੂ ਕੀਤਾ ਤਾਂ ਉਸ ਸਮੇਂ ਕਿਸੇ ਨੇ ਸ: ਗੁਰਬਖ਼ਸ਼ ਸਿੰਘ ਨੂੰ ਅਨੰਦਪੁਰ ਸਾਹਿਬ ਵਿਚ ਇਸ ਬਾਰੇ ਸੂਚਨਾ ਦਿੱਤੀ ਤੇ ਸ: ਗੁਰਬਖ਼ਸ਼ ਸਿੰਘ ਨੇ ਉਸੇ ਸਮੇਂ ਅਜਿਹੇ ਜ਼ਾਲਮਾਂ ਦਾ ਟਾਕਰਾ ਕਰਨ ਦੀ ਧਾਰ ਲਈ ਤੇ ਹਜ਼ਾਰਾਂ ਸਿੰਘਾਂ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਵਲ ਚਾਲੇ ਪਾ ਦਿਤੇ। ਰਾਹ ਵਿਚ ਜਿਥੇ ਜਿਥੇ ਵੀ ਸਿੰਘਾਂ ਨੂੰ ਪਤਾ ਲਗਾ ਕਿ ਸ: ਗੁਰਬਖ਼ਸ਼ ਸਿੰਘ ਅੰਮ੍ਰਿਤਸਰ ਜਾ ਰਹੇ ਹਨ, ਉਹ ਵੀ ਨਾਲ ਮਿਲਦੇ ਗਏ। ਸਾਰੇ ਸਿੰਘ ਲੈ ਕੇ ਸਰਦਾਰ ਗੁਰਬਖ਼ਸ਼ ਸਿੰਘ ਦੁਆਬੇ ਵਿਚੋਂ ਹੁੰਦੇ ਹੋਏ ਦਰਿਆ ਬਿਆਸ ਟਪ ਕੇ ਮਾਝੇ ਵਿਚੋਂ ਹੁੰਦੇ ਹੋਏ ਅੰਮ੍ਰਿਤਸਰ ਪਹੁੰਚ ਗਏ। ਸ਼ਹਿਰ ਦੇ ਬਾਹਰ ਜਹਾਨ ਖ਼ਾਨ ਦੀਆਂ ਫ਼ੌਜਾਂ ਉਹਨਾਂ ਦੇ ਟਾਕਰੇ ਲਈ ਆ ਗਈਆਂ। ਇਹਨਾਂ ਅਫ਼ਗਾਨੀ ਫ਼ੌਜਾਂ ਦੇ ਕੋਲ ਤੋਪਾਂ, ਬੰਦੂਕਾਂ, ਬੇਅੰਤ ਘੋੜੇ ਤੇ ਹਾਥੀ ਸਨ, ਪਰ ਮੁਕਾਬਲੇ ਤੇ ਸਿੰਘਾਂ ਪਾਸ ਨਵੀਨ ਹਥਿਆਰ ਨਹੀਂ ਸਨ। ਪਿੰਡਾਂ ਦੇ ਲੋਕੀਂ ਕੇਵਲ ਜਜ਼ਬੇ ਅਧੀਨ ਆਪਣੇ ਗੁਰਧਾਮਾਂ ਦੀ ਪਵਿੱਤਰਤਾ ਦੀ ਰਾਖੀ ਲਈ ਆਏ ਸਨ। ਰਾਮਸਰ ਦੇ ਕੰਢੇ ਸ਼ਹਿਰ ਦੇ ਬਾਹਰਵਾਰ ਜ਼ਬਰਦਸਤ ਲੜਾਈ ਹੋਈ। ਸਿੰਘਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਲਾਂਦਿਆਂ ਅਫ਼ਗਾਨਾਂ ਤੇ ਅਜੇਹੇ ਵਾਰ ਕੀਤੇ ਕਿ ਉਹਨਾਂ ਨੂੰ ਪਤਾ ਲਗ ਗਿਆ ਕਿ ਉਹਨਾਂ ਦਾ ਵਾਹ ਕਿਨ੍ਹਾਂ ਕੌਮੀ ਪ੍ਰਵਾਨਿਆਂ ਨਾਲ ਪਿਆ ਹੈ। ਬਾਬਾ ਗੁਰਬਖ਼ਸ਼ ਸਿੰਘ ਨੇ ਬੜੇ ਉਤਸ਼ਾਹ, ਜੋਸ਼ ਤੇ ਗੁੱਸੇ ਨਾਲ ਸਿੰਘਾਂ ਦੀ ਅਗਵਾਈ ਕੀਤੀ ਤੇ ਆਪ ਤਲਵਾਰ ਚਲਾਂਦਿਆਂ ਅੰਤ ਸ਼ਹੀਦ ਹੋ ਗਏ।

ਸਿੱਖ ਇਤਿਹਾਸ ਵਿਚ ਬਾਬਾ ਗੁਰਬਖ਼ਸ਼ ਸਿੰਘ ਦਾ ਨਾਂ ਮਹਾਨ ਕੁਰਬਾਨੀ ਤੇ ਸ਼ਹੀਦੀ ਸਦਕਾ ਸਦਾ ਯਾਦ ਰਹੇਗਾ।

ਬਾਬਾ ਦੀਪ ਸਿੰਘ ਜੀ

ਗੁਰਦਵਾਰਿਆਂ ਦੀਂ ਆਜ਼ਾਦੀ ਤੇ ਪਵਿੱਤਰਤਾ ਲਈ ਅਨੇਕਾਂ ਸਿੰਘਾਂ ਨੇ ਆਪਣੇਂ ਜੀਵਨ ਲੇਖੇ ਲਾਏ ਹਨ ਤੇ ਅਮਰ ਪਦਵੀ ਪਾ ਗਏ ਹਨ। ਇਹਨਾਂ ਸ਼ਹੀਦਾਂ ਵਿਚੋਂ ਬਾਬਾ ਦੀਪ ਸਿੰਘ ਜੀ ਉਹ ਮਹਾਨ ਸ਼ਹੀਦ ਹਨ ਜਿਨ੍ਹਾਂ 80 ਸਾਲ ਦੀ ਬਿਰਧ ਆਯੂ ਵਿਚ ਅਜਿਹੀ ਤਲਵਾਰ ਚਲਾਈ, ਸ੍ਰੀ ਦਰਬਾਰ ਸਾਹਿਬ ਤਕ ਅਪੜਨ ਦਾ ਪ੍ਰਣ ਅਨੋਖੇ ਢੰਗ ਨਾਲ ਪੂਰਾ ਕਰ ਕੇ ਦਿਖਾਇਆ ਤੇ ਇਤਿਹਾਸ ਵਿਚ ਇਕ ਅਜੇਹੇ ਕਾਂਡ ਦਾ ਵਾਧਾ ਕੀਤਾ ਜਿਸ ਵਰਗੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ।

ਅਹਿਮਦ ਸ਼ਾਹ ਅਬਦਾਲੀ ਨੇ ਕਈ ਵਾਰ ਭਾਰਤ ਤੇ ਹਮਲਾ ਕੀਤਾ ਤੇ ਹਰ ਵਾਰ ਉਹਦਾ ਰਾਹ ਰੋਕਣ ਵਾਲੇ, ਉਹਦੀ ਫ਼ੌਜ ਨੂੰ ਨੁਕਸਾਨ ਪਹੁੰਚਾਣ ਵਾਲੇ ਤੇ ਉਹਦੇ ਨਿਯਤ ਕੀਤੇ ਹਾਕਮਾਂ ਦੀ ਅਥਾਰਟੀ ਨੂੰ ਚੈਲੰਜ ਕਰਨ ਵਾਲੇ ਸਿੱਖਾਂ ਤੋਂ ਉਹ ਬਹੁਤ ਦੁਖੀ ਸੀ। ਪੰਜਾਬ ਵਿਚ ਥਾਂ ਥਾਂ ਸਿੱਖਾਂ ਦੇ ਜਥੇ (ਮਿਸਲਾਂ) ਛਾ ਗਏ ਸਨ ਤੇ ਉਨ੍ਹਾਂ ਨੇ ਅਮਲੀ ਤੌਰ ਤੇ ਇਥੋਂ ਦੀ ਹਕੂਮਤ ਨੂੰ ਨਕਾਰਾ ਕਰ ਦਿੱਤਾ ਸੀ। ਰਾਖੀ ਸਿਸਟਮ ਚਾਲੂ ਕਰ ਕੇ ਸਿੱਖਾਂ ਨੇ ਲੋਕਾਂ ਨੂੰ ਸਰਕਾਰ ਦੀ ਥਾਂ ਆਪਣੀ ਅਗਵਾਈ ਵਿਚ ਆਉਣ ਲਈ ਰਾਹ ਬਣਾ ਦਿੱਤਾ।

ਅਹਿਮਦ ਸ਼ਾਹ ਅਬਦਾਲੀ ਨੇ ਇਹ ਹਾਲਤ ਦੇਖ ਕੇ ਕਰੜੇ ਤੇ ਜ਼ਾਲਮ ਇਨਸਾਨ ਜਹਾਨ ਖ਼ਾਨ ਨੂੰ ਲਾਹੌਰ ਦਾ ਗਵਰਨਰ ਨਿਯਤ ਕੀਤਾ ਤੇ ਉਸ ਨੂੰ ਇਸ ਗੱਲ ਦੀ ਪੱਕੀ ਕੀਤੀ ਕਿ ਉਹ ਸਿੱਖਾਂ ਦੀ ਹਸਤੀ ਤੇ ਨਾਮ ਨਿਸ਼ਾਨ ਖ਼ਤਮ ਕਰਨ ਲਈ ਆਪਣੀ ਪੂਰੀ ਵਾਹ ਲਾ ਦੇਵੇ। ਜਹਾਨ ਖ਼ਾਨ ਨੇ ਵੀ ਅਜਿਹੇ ਫ਼ੌਜੀ ਦਸਤੇ ਪਿੰਡਾਂ ਵਿਚ ਭੇਜ ਦਿਤੇ ਜਿਨ੍ਹਾਂ ਘਰ ਘਰ ਪੁਛ ਪੜਤਾਲ ਕਰ ਕੇ ਸਿੱਖਾਂ ਨੂੰ ਖ਼ਤਮ ਕਰਨ ਦੇ ਪ੍ਰੋਗਰਾਮ ਤੇ ਅਮਲ ਸ਼ੁਰੂ ਕਰ ਦਿੱਤਾ। ਇਸ ਹਤਿਆਰੇ ਕਦਮ ਨਾਲ ਪਿੰਡਾਂ ਵਿਚ ਸਿੱਖ ਨਜ਼ਰ ਆਉਣੇ ਬੰਦ ਹੋ ਗਏ ਤੇ ਸਭ ਦੂਰ ਦੁਰਾਡੇ ਜੰਗਲਾਂ ਵਿਚ ਚਲੇ ਗਏ।

ਜਹਾਨ ਖ਼ਾਨ ਨੂੰ ਕਿਸੇ ਨੇ ਦਸਿਆ ਕਿ ਜਦ ਤਕ ਅੰਮ੍ਰਿਤਸਰ ਵਿਚ ਸਿੱਖਾਂ ਦਾ ਸਰੋਵਰ ਤੇ ਦਰਬਾਰ ਸਾਹਿਬ ਕਾਇਮ ਹੈ, ਇਹ ਖ਼ਤਮ ਨਹੀਂ ਹੋ ਸਕਦੇ। ਕਿਤਨੀ ਵੀ ਸਖ਼ਤੀ ਕਰ ਲਈਏ, ਇਹ ਦਿਲ ਨਹੀਂ ਹਾਰਨਗੇ। ਇਥੇ ਸਰੋਵਰ ਵਿਚ ਇਸ਼ਨਾਨ ਕਰ ਕੇ ਤੇ ਦਰਬਾਰ ਸਾਹਿਬ ਮੱਥਾ ਟੇਕ ਕੇ ਇਹਨਾਂ ਨੂੰ ਨਵਾਂ ਜੀਵਨ, ਨਵਾਂ ਉਤਸ਼ਾਹ ਤੇ ਨਵਾਂ ਜੋਸ਼ ਮਿਲ ਜਾਂਦਾ ਹੈ, ਇਸ ਲਈ ਇਹ ਜੀਵਨ-ਸੋਮਾ ਖ਼ਤਮ ਕੀਤਾ ਜਾਏ। ਜਹਾਨ ਖ਼ਾਨ ਨੇ ਅੰਮ੍ਰਿਤਸਰ ਨੂੰ ਆਪਣਾ ਹੈੱਡ ਕੁਆਰਟੈਰ ਬਣਾ ਲਿਆ ਤੇ ਸਿੱਖਾਂ ਦੇ ਜਜ਼ਬਾਤ ਕੁਚਲਣ ਲਈ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ ਦਿੱਤਾ

ਤੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ। ਇਹ ਗੱਲ 1760 ਈਸਵੀ ਦੀ ਹੈ।

ਜਹਾਨ ਖ਼ਾਨ ਦੀ ਇਸ ਕਾਰਵਾਈ ਦੀ ਖ਼ਬਰ ਸਿੱਖਾਂ ਨੂੰ ਦੂਰ ਦੁਰਾਡੇ ਜੰਗਲਾਂ ਵਿਚ ਵੀ ਜਾ ਪਹੁੰਚੀ ਤੇ ਸਾਰੀ ਸਿੱਖ ਕੌਮ ਵਿਚ ਗ਼ਮ ਤੇ ਗੁੱਸੇ ਦੀ ਲਹਿਰ ਫੈਲ ਗਈ। ਇਹਨਾਂ ਦਿਨਾਂ ਵਿਚ ਬਾਬਾ ਦੀਪ ਸਿੰਘ ਜੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ (ਬਠਿੰਡਾ) ਵਿਚ ਰਹਿੰਦੇ ਹੁੰਦੇ ਸਨ। ਬਾਬਾ ਦੀਪ ਸਿੰਘ ਜੀ ਦੀ ਜਮਪਲ ਇਸ ਥਾਂ ਦੀ ਨਹੀਂ ਸੀ। ਆਪ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਪਾਹੂਵਿੰਡ ਦੇ ਰਹਿਣ ਵਾਲੇ ਸਨ ਤੇ ਜਦ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਖੰਡੇ ਦਾ ਅੰਮ੍ਰਿਤ ਬਖ਼ਸ਼ਿਆ ਤਾਂ ਉਸ ਸਮੇਂ ਬਾਬਾ ਦੀਪ ਸਿੰਘ ਨੇ ਵੀ ਆਪਣੀ ਭਰ ਜਵਾਨੀ ਦੇ ਦਿਨਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਹੱਥਾਂ ਤੋਂ ਹੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਆਪਣੇ ਸਮੇਂ ਦੇ ਉੱਘੇ ਵਿਦਵਾਨ ਸਨ। ਭਾਈ ਮਨੀ ਸਿੰਘ ਜੀ ਨਾਲ ਮਿਲ ਕੇ ਦਸਮ ਪਾਤਸ਼ਾਹ ਦੇ ਹੁਕਮ ਅਨੁਸਾਰ ਲਿਖਾਈ ਦਾ ਕੰਮ ਕਰਦੇ ਰਹੇ।

ਜਦ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਬੀੜ ਦੀ ਤਿਆਰੀ ਦਾ ਕੰਮ ਮੁੜ ਕੇ ਅਰੰਭਿਆ ਤਾਂ ਉਸ ਸਮੇਂ ਨਾਲ ਸੇਵਾ ਕਰਨ ਦਾ ਬਾਬਾ ਦੀਪ ਸਿੰਘ ਜੀ ਨੂੰ ਵੀ ਮੌਕਾ ਮਿਲਿਆ। ਸੁੰਦਰ ਲਿਖਾਈ ਤੇ ਵਿਦਵਤਾ ਕਰਕੇ ਆਪ ਦੀਆਂ ਲਿਖੀਆਂ ਬੀੜਾਂ ਦਾ ਪ੍ਰਕਾਸ਼ ਉਸ ਸਮੇਂ ਚਾਰੇ ਤਖ਼ਤ ਸਾਹਿਬ ਤੇ ਕੀਤਾ ਗਿਆ। ਜਦ ਗੁਰੂ ਗੋਬਿੰਦ ਸਿੰਘ ਜੀ ਦੱਖਣ ਵਲ ਗਏ ਤਾਂ ਬਾਬਾ ਦੀਪ ਸਿੰਘ ਜੀ ਨੂੰ ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ ਦੀ ਸੇਵਾ ਦਾ ਕੰਮ ਸੌਂਪ ਗਏ ਤੇ ਉਸ ਸਮੇਂ ਤੋਂ ਲੈ ਕੇ 1760 ਤਕ ਬਾਬਾ ਦੀਪ ਸਿੰਘ ਜੀ ਇਸੇ ਥਾਂ ਠਹਿਰੇ ਤੇ ਸਿੱਖੀ ਦਾ ਪ੍ਰਚਾਰ ਤੇ ਗੁਰਮਤਿ ਦੀ ਵਿਆਖਿਆ ਕਰ ਕੇ ਇਸ ਸਿੱਖ ਕੇਂਦਰ ਦਮਦਮਾ ਸਾਹਿਬ ਨੂੰ ਚਲਾਂਦੇ ਰਹੇ। ਕਿਹਾ ਜਾਂਦਾ ਹੈ ਕਿ ਭਾਈ ਮਨੀ ਸਿੰਘ ਦੀ ਸ਼ਹਾਦਤ ਪਿਛੋਂ ਬਾਬਾ ਦੀਪ ਸਿੰਘ ਜੀ ਹੀ ਵੱਡੇ ਸਿੱਖ ਵਿਦਵਾਨ ਸਨ।

ਜਦ ਸ੍ਰੀ ਦਰਬਾਰ ਸਾਹਿਬ ਦੇ ਹੋਏ ਅਪਮਾਨ ਦੀ ਖ਼ਬਰ ਆਪ ਨੂੰ ਪਹੁੰਚੀ ਤਾਂ ਦਿਲ ਤੇ ਅਕਹਿ ਸੱਟ ਵੱਜੀ। ਅੰਦਰੋਂ ਦਿਲ ਨੇ ਟੁੰਬਿਆ ਤੇ ਉਸੇ ਵੇਲੇ ਆਪ ਨੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫ਼ੈਸਲਾ ਕਰ ਲਿਆ ਤੇ ਆਸ ਪਾਸ ਦੇ ਸਿੱਖ ਟਿਕਾਣਿਆਂ ਤੇ ਇਤਲਾਹ ਭੇਜ ਦਿੱਤੀ। ਆਪ ਦੀ ਸ਼ਖ਼ਸੀਅਤ ਦਾ ਬੜਾ ਸਤਿਕਾਰ ਤੇ ਪ੍ਰਭਾਵ ਸੀ, ਇਸ ਲਈ ਝਟਪਟ ਹੀ ਸਿੰਘ ਆਪ ਦੀ ਅਗਵਾਈ ਹੇਠ ਇਕੱਠੇ ਹੋਣੇ ਸ਼ੁਰੂ ਹੋ ਗਏ ਤੇ ਮਾਲਵੇ ਵਿਚੋਂ ਕੂਚ ਕਰਦਿਆਂ ਕਰਦਿਆਂ, ਖ਼ਾਲਸਾ ਦਲ ਦੀ ਗਿਣਤੀ ਪੰਜ ਹਜ਼ਾਰ ਤੋਂ ਵਧ ਗਈ।

ਦਰਿਆ ਪਾਰ ਕਰ ਕੇ ਸਿੰਘ ਮਾਝੇ ਵਿਚ ਦਾਖ਼ਲ ਹੋ ਗਏ ਤੇ ਇਥੇ ਮਝੈਲ ਸਿੰਘ ਵੀ ਉਹਨਾਂ ਨਾਲ ਮਿਲ ਗਏ। ਸਿਧੇ ਤਰਨ ਤਾਰਨ ਪਹੁੰਚੇ ਤੇ ਇਥੇ ਗੁਰਦਵਾਰੇ ਦੇ ਦਰਸ਼ਨ ਕਰ ਕੇ ਅਰਦਾਸਾ ਕੀਤਾ। ਸੁੰਦਰ ਪੁਸ਼ਾਕਾ ਪਾ ਕੇ ਸ਼ਹੀਦੀ ਗਾਨੇ ਬੰਨ੍ਹ ਲਏ ਅਤੇ ਬਾਬਾ ਦੀਪ ਸਿੰਘ ਨੇ ਇਕ ਲਕੀਰ ਖਿਚੀ ਕਿ ਜੋ ਸ਼ਹੀਦੀ ਪਾਣ ਲਈ ਤਿਆਰ ਏ ਉਹ ਇਸ ਲਕੀਰ ਨੂੰ ਪਾਰ ਕਰੇ। ਸਭ ਸਿੰਘ ਲਕੀਰ ਟਪ ਗਏ ਤੇ ਜੈਕਾਰੇ ਛਡਦੇ ਅੰਮ੍ਰਿਤਸਰ ਵਲ ਵਧਣ ਲਗ ਪਏ।

ਅੰਮ੍ਰਿਤਸਰ ਸ਼ਹਿਰ ਤੋਂ ਪੰਜ ਮੀਲ ਬਾਹਰ ਪਿੰਡ ਗੋਹਰਵਾਲ ਵਿਚ ਜਹਾਨ ਖ਼ਾਨ 20 ਹਜ਼ਾਰ ਫ਼ੌਜ ਲੈ ਕੇ ਆ ਮਿਲਿਆ। ਬੜੀ ਜ਼ਬਰਦਸਤ ਲੜਾਈ ਹੋਈ। ਗੁੱਸੇ ਤੇ ਜੋਸ਼ ਵਿਚ ਸਿੰਘਾਂ ਨੇ ਅਜੇਹਾ ਹਮਲਾ ਕੀਤਾ ਕਿ ਜਹਾਨ ਖ਼ਾਨ ਦੀ ਫ਼ੌਜ ਮੁਕਾਬਲੇ ਤੇ ਖੜੇ ਹੋਣ ਦਾ ਹੌਸਲਾ ਨਾ ਕਰ ਸਕੀ। ਉਹਦੀ ਫ਼ੌਜ ਪਿਛੇ ਹਟਦੀ ਗਈ ਤੇ ਸਿੰਘ ਤਲਵਾਰ ਵਾਂਹਦੇ ਸ਼ਹਿਰ ਦੇ ਨੇੜੇ ਆ ਗਏ।

ਬਾਬਾ ਦੀਪ ਸਿੰਘ ਜੀ ਦੇ ਸਹਾਇਕ ਸ: ਦਿਆਲ ਸਿੰਘ ਜੀ ਨੇ ਇਸ ਸਮੇਂ ਕਮਾਲ ਬੀਰਤਾ ਦਿਖਾਈ। ਆਪਣੇ 50 ਜਵਾਨਾਂ ਦਾ ਜਥਾ ਲੈ ਕੇ ਇਹ ਸ਼ੇਰ ਮਰਦ ਪਠਾਣੀ ਫ਼ੌਜ ਨੂੰ ਚੀਰਦਾ ਹੋਇਆ ਜਹਾਨ ਖ਼ਾਨ ਦੇ ਹਾਥੀ ਪਾਸ ਪਹੁੰਚ ਗਿਆ ਤੇ ਅੱਖ ਦੇ ਝਮਕਾਰੇ ਨਾਲੋਂ ਵੀ ਘੱਟ ਸਮੇਂ ਵਿਚ ਘੋੜੇ ਤੋਂ ਛਾਲ ਮਾਰ ਕੇ ਹਾਥੀ ਤੇ ਚੜ੍ਹ ਗਿਆ ਤੇ ਜਹਾਨ ਖ਼ਾਨ ਦਾ ਸਿਰ ਵਢ ਲਿਆ। ਇਹ ਘਟਨਾ ਭਗਤ ਲਛਮਣ ਸਿੰਘ ਨੇ ਆਪਣੀ ਪੁਸਤਕ 'ਸਿੱਖ ਮਾਰਟਰਜ਼' ਵਿਚ ਦੱਸੀ ਹੈ। ਕਈ ਇਤਿਹਾਸਕਾਰ ਲਿਖਦੇ ਹਨ ਕਿ ਜਹਾਨ ਖ਼ਾਨ ਇਸ ਸਮੇਂ ਨਹੀਂ ਮਾਰਿਆ ਗਿਆ ਸੀ।

ਸ਼ਹਿਰ ਦੇ ਦਰਵਾਜ਼ੇ ਨੇੜੇ ਰਾਮਸਰ ਪਾਸ ਫਿਰ ਬਹੁਤ ਸਖ਼ਤ ਲੜਾਈ ਹੋਈ। ਇਥੇ ਪਠਾਣੀ ਫ਼ੌਜ ਦੇ ਦੂਜੇ ਕਮਾਂਡਰ ਜਮਾਲ ਸ਼ਾਹ ਨੇ ਬਾਬਾ ਦੀਪ ਸਿੰਘ ਜੀ ਨੂੰ ਚੈਲਿੰਜ ਕੀਤਾ ਕਿ ਉਹਦੇ ਨਾਲ ਇਕੱਲੇ ਮੁਕਾਬਲਾ ਕਰ ਲੈਣ। ਜਮਾਲ ਸ਼ਾਹ ਅਜੇ ਜਵਾਨ ਸੀ ਤੇ ਬਾਬਾ ਦੀਪ ਸਿੰਘ ਜੀ 80 ਸਾਲ ਦੀ ਉਮਰ ਦੇ ਬਿਰਧ, ਪਰ ਉਹਨਾਂ ਤੁਰਤ ਚੈਲਿੰਜ ਪ੍ਰਵਾਨ ਕਰ ਲਿਆ ਤੇ ਜ਼ਬਰਦਸਤ ਲੜਾਈ ਕੀਤੀ। ਇਸ ਸਮੇਂ ਸ਼ਹਿਰ ਦੀਆਂ ਗਲੀਆਂ ਖ਼ੂਨ ਤੇ ਲੋਥਾਂ ਨਾਲ ਭਰੀਆਂ ਗਈਆਂ। ਬਾਬਾ ਦੀਪ ਸਿੰਘ ਜੀ ਦੇ ਸਾਥੀ ਮੁਖੀ ਸ: ਧਰਮ ਸਿੰਘ, ਸ: ਖੇਮ ਸਿੰਘ, ਸ: ਮਾਨ ਸਿੰਘ ਤੇ ਸ: ਰਾਮ ਸਿੰਘ ਵੀ ਅਨੇਕਾਂ ਸਿੰਘਾਂ ਸਮੇਤ ਸ਼ਹੀਦ ਹੋ ਗਏ। ਬਾਬਾ ਦੀਪ ਸਿੰਘ ਜੀ ਸਖ਼ਤ ਜ਼ਖ਼ਮੀ ਹੋ ਗਏ ਪਰ ਉਹ ਲੜਦੇ ਲੜਦੇ ਅੱਗੇ ਵਧਦੇ ਗਏ। ਕੁਝ ਇਤਿਹਾਸਕਾਰਾਂ ਦੀ ਲਿਖਤ ਅਨੁਸਾਰ ਉਹਨਾਂ ਦਾ ਸੀਸ ਧੜ ਤੋਂ ਵਖ ਹੋ ਗਿਆ ਪਰ ਆਪਣਾ ਪ੍ਰਣ ਨਿਭਾਣ ਲਈ ਉਹਨਾਂ ਅੰਦਰ ਅਜੇਹੀ ਸ਼ਕਤੀ ਜਾਗੀ ਕਿ ਉਹਨਾਂ ਆਪਣਾ ਸੀਸ ਖੱਬੇ ਹੱਥ ਦੀ ਤਲੀ ਤੇ ਰਖ ਲਿਆ ਤੇ ਬਿਨਾਂ ਸੀਸ ਲੜਦੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਤਕ ਜਾ ਪਹੁੰਚੇ। ਇਥੇ ਅਪੜਦਿਆਂ ਤਕ ਹੋਰ ਪਠਾਣ ਜਰਨੈਲਾਂ ਵਿਚੋਂ ਸਾਬਰ ਅਲੀਖ਼ਾਨ, ਰੁਸਤਮ ਅਲੀ ਖ਼ਾਨ ਤੇ ਜ਼ਬਰਦਸਤ ਖ਼ਾਨ ਵੀ ਮਾਰੇ ਗਏ। ਇਹਨਾਂ ਜਰਨੈਲਾਂ ਨੂੰ ਮਾਰਨ ਵਾਲੇ ਅਣਖੀਲੇ ਸਿੰਘ ਸਰਦਾਰ, ਸ: ਹੀਰਾ ਸਿੰਘ ਤੇ ਸ: ਬਲਵੰਤ ਸਿੰਘ ਸਨ। ਜਦ ਇਤਨੇ ਜਰਨੈਲ ਮਾਰੇ ਗਏ ਤਾਂ ਪਠਾਣੀ, ਅਫ਼ਗਾਨੀ ਤੇ ਮੁਸਲਮਾਨ ਫ਼ੌਜ ਦੇ ਹੌਸਲੇ ਟੁਟ ਗਏ ਤੇ ਉਹ ਦਰਬਾਰ ਸਾਹਿਬ ਦਾ ਘੇਰਾ ਛਡ ਕੇ ਭੱਜ ਉਠੇ। ਬਾਬਾ ਦੀਪ ਸਿੰਘ ਜੀ ਤਾਂ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਤਕ ਅਪੜ ਕੇ ਸ਼ਹੀਦੀ ਪਾ ਗਏ ਪਰ ਬਾਕੀ ਸਿੰਘਾਂ ਨੇ ਅਟਾਰੀ ਤਕ ਪਿੱਛਾ ਕੀਤਾ ਤੇ ਪਠਾਣੀ ਫ਼ੌਜ ਤੋਂ ਸ੍ਰੀ ਦਰਬਾਰ ਸਾਹਿਬ ਦੀ ਬੇ-ਅਦਬੀ ਦਾ ਬਦਲਾ ਲਿਆ। ਉਹਨਾਂ ਦਾ ਬੇ-ਹੱਦ ਜਾਨੀ ਨੁਕਸਾਨ ਕੀਤਾ ਤੇ ਬਹੁਤ ਸਾਰਾ ਅਸਲਾ ਤੇ ਸਾਮਾਨ ਖੋਹ ਲਿਆ।

ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਅਸਥਾਨ ਤੇ ਉਹਨਾਂ ਦੀ ਯਾਦਗਾਰ ਬਣੀ ਹੋਈ ਹੈ। ਬਾਬਾ ਜੀ ਦੇ ਸਾਥੀ ਸ਼ਹੀਦਾਂ ਦੀਆਂ ਯਾਦਗਾਰਾਂ ਦੇ ਵੀ ਗੁਰਦਵਾਰੇ

ਅੰਮ੍ਰਿਤਸਰ ਵਿਚ ਹਨ। ਬਬੇਕਸਰ ਦੇ ਕੰਢੇ ਸ: ਧਰਮ ਸਿੰਘ ਜੀ ਦੀ ਯਾਦ ਵਿਚ ਗੁਰਦਵਾਰਾ ਹੈ। ਇਸ ਤਰ੍ਹਾਂ ਕਟੜਾ ਰਾਮਗੜ੍ਹੀਆ ਤੇ ਅਖਾੜਾ ਮਗਨੌਂ ਰਾਮ ਨੇੜੇ ਗੁਰਦਵਾਰੇ ਉਹਨਾਂ ਬਹਾਦਰਾਂ ਦੀ ਲਾਮਿਸਾਲ ਕੁਰਬਾਨੀ ਤੇ ਸ਼ਹੀਦੀ ਦੀਆਂ ਯਾਦਗਾਰਾਂ ਹਨ।

ਬਾਬਾ ਦੀਪ ਸਿੰਘ ਜੀ ਦੀ ਉਮਰ ਦਾ ਬੁੱਢਾ ਜਰਨੈਲ ਇਤਿਹਾਸ ਵਿਚ ਹੋਰ ਕੋਈ ਨਹੀਂ ਮਿਲਦਾ ਤੇ ਨਾ ਹੀ ਜਿਵੇਂ ਆਪ ਨੇ ਸ਼ਹੀਦੀ ਪਾਈ ਉਸ ਤਰ੍ਹਾਂ ਦੀ ਕੋਈ ਮਿਸਾਲ ਕਿਸੇ ਵੀ ਦੇਸ਼ ਦੇ ਇਤਿਹਾਸ ਵਿਚੋਂ ਮਿਲਦੀ ਹੈ।

ਵੱਡੇ ਘਲੂਘਾਰੇ ਦੇ ਸ਼ਹੀਦ

ਸਿੱਖ ਇਤਿਹਾਸ ਵਿਚ ਦੋ ਘਲੂਘਾਰੇ ਪ੍ਰਸਿੱਧ ਹਨ, ਜੋ ਦੋਵੇਂ ਅਠਾਰ੍ਹਵੀਂ ਸਦੀ ਵਿਚ ਵਾਪਰੇ। ਪਹਿਲਾਂ 1746 ਵਿਚ ਸਿੰਘਾਂ ਦਾ ਨਾਮ ਨਿਸ਼ਾਨ ਮਿਟਾਣ ਲਈ ਯਹੀਆ ਖ਼ਾਨ ਤੇ ਲਖਪਤ ਰਾਏ ਨੇ ਸਿੰਘਾਂ ਦਾ ਪਿੱਛਾ ਆਪਣੀ ਸਾਰੀ ਤਾਕਤ ਨਾਲ ਕੀਤਾ ਤੇ ਕਾਹਨੂੰਵਾਨ ਤੇ ਉਸ ਦੇ ਨਾਲ ਲਗਦੇ ਇਲਾਕੇ ਵਿਚ ਹਜ਼ਾਰਾਂ ਸਿੰਘਾਂ ਨੂੰ ਸ਼ਹੀਦ ਕੀਤਾ। ਇਹ ਛੋਟਾ ਘਲੂਘਾਰਾ ਅਖਵਾਂਦਾ ਹੈ, ਜਿਸ ਬਾਰੇ ਵਿਸਥਾਰ ਨਾਲ ਅਸੀਂ ਪਿਛੇ ਦੱਸ ਆਏ ਹਾਂ। ਵੱਡਾ ਘਲੂਘਾਰਾ 1762 ਈਸਵੀ ਨੂੰ ਵਾਪਰਿਆ, ਜਦ ਕਿ ਅਹਿਮਦ ਸ਼ਾਹ ਅਬਦਾਲੀ ਨੇ ਮਲੇਰਕੋਟਲਾ ਦੇ ਨੇੜੇ ਸਿੰਘਾਂ ਤੇ ਹਮਲਾ ਕੀਤਾ ਤੇ 10 ਹਜ਼ਾਰ ਤੋਂ ਵੱਧ ਗਿਣਤੀ ਵਿਚ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ।

ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਤੇ ਭਾਰਤ ਦੇ ਦੂਜੇ ਹਿਸਿਆਂ ਤੇ ਜਦ ਹਮਲੇ ਕਰਨੇ ਸ਼ੁਰੂ ਕੀਤੇ ਤਾਂ ਉਸ ਸਮੇਂ ਸਿੰਘ ਵੀ ਪੰਜਾਬ ਵਿਚ ਆਪਣੀ ਚੰਗੀ ਤਾਕਤ ਬਣਾ ਚੁਕੇ ਸਨ। 12 ਮਿਸਲਾਂ ਵੱਖ ਵੱਖ ਇਲਾਕਿਆਂ ਵਿਚ ਛਾਈਆਂ ਹੋਈਆਂ ਸਨ। ਰਾਖੀ ਸਿਸਟਮ ਦੇ ਪ੍ਰਚਲਤ ਹੋਣ ਨਾਲ ਅਮਲੀ ਤੌਰ ਤੇ ਪੰਜਾਬ ਦੇ ਕਈ ਇਲਾਕਿਆਂ ਵਿਚ ਸਿੰਘਾਂ ਦੀ ਹਕੂਮਤ ਬਣ ਚੁਕੀ ਸੀ। ਅਬਦਾਲੀ ਦਾ ਰਾਹ ਰੋਕਣ ਵਾਲੀ ਤੇ ਉਹਦੀ ਸ਼ਕਤੀ ਨੂੰ ਚੈਲਿੰਜ ਕਰਨ ਵਾਲੀ ਹੋਰ ਕੋਈ ਤਾਕਤ ਇਥੇ ਨਹੀਂ ਸੀ। ਸਿੰਘਾਂ ਨੇ ਕਈ ਵਾਰ ਉਹਦੇ ਨਾਲ ਟੱਕਰ ਲਈ। ਉਹਦੇ ਜਰਨੈਲਾਂ ਨੂੰ ਭਜਾਇਆ ਤੇ ਉਹਦੇ ਨਿਯਤ ਕੀਤੇ ਹਾਕਮਾਂ ਨੂੰ ਹਾਰ ਦਿੱਤੀ। ਇਸ ਲਈ ਅਹਿਮਦ ਸ਼ਾਹ ਅਬਦਾਲੀ ਇਸ ਉਭਰ ਰਹੀ ਤਾਕਤ ਤੋਂ ਬੜਾ ਦੁਖੀ ਸੀ। ਪੰਜ ਵਾਰ ਉਹ ਹਮਲਾ ਕਰ ਕੇ ਆਇਆ, ਪਰ ਹਾਲਾਤ ਨੇ ਉਹਨੂੰ ਵਾਪਸ ਚਲੇ ਜਾਣ ਲਈ ਹਰ ਵਾਰੀ ਮਜਬੂਰ ਕਰ ਦਿਤਾ। ਉਹਦੇ ਜਾਣ ਪਿਛੋਂ ਫਿਰ ਗੜਬੜ ਹੋ ਜਾਂਦੀ ਤੇ ਸਿੰਘ ਉਹਦੇ ਨਿਯਤ ਕੀਤੇ ਕਰਮਚਾਰੀਆਂ ਦਾ ਪ੍ਰਬੰਧ ਉਖੇੜ ਕੇ ਰੱਖ ਦੇਂਦੇ।

ਛੇਵੀਂ ਵਾਰ ਅਹਿਮਦ ਸ਼ਾਹ ਅਬਦਾਲੀ 1762 ਦੇ ਸ਼ੁਰੂ ਵਿਚ ਫਿਰ ਚੜ੍ਹਾਈ ਕਰ ਕੇ ਆਇਆ। ਰੁਹਤਾਸ ਵਿਚ ਉਹਨੂੰ ਪੰਜਾਬ ਵਿਚ ਆਪਣੇ ਖ਼ੁਸ਼ਾਮਦੀ ਕਰਮਚਾਰੀ ਤੇ ਚੌਧਰੀ ਮਿਲੇ ਤੇ ਉਹਨਾਂ ਨੇ ਸਿੰਘਾਂ ਵਿਰੁੱਧ ਉਹਦੇ ਕੰਨ ਭਰੇ। ਸਿੰਘਾਂ ਨੂੰ ਵੀ ਪਤਾ ਲਗ ਗਿਆ ਸੀ ਕਿ ਇਸ ਵਾਰ ਅਹਿਮਦ ਸ਼ਾਹ ਬਹੁਤ ਤਿਆਰੀ ਨਾਲ ਆ ਰਿਹਾ ਹੈ ਤੇ ਉਹਦਾ ਮੈਦਾਨ ਵਿਚ ਟਾਕਰਾ ਕਰਨਾ ਮੁਸ਼ਕਲ ਹੈ। ਇਹ ਵੀ ਪਤਾ ਲਗ ਗਿਆ ਕਿ ਉਹ ਇਸ ਵਾਰ ਸਿੱਖ ਬੱਚਿਆਂ ਤੇ ਜ਼ਨਾਨੀਆਂ ਦਾ ਵੀ ਕਤਲੇ-ਆਮ ਕਰੇਗਾ। ਇਸ ਲਈ ਇਹਨਾਂ ਨੂੰ ਵੀ ਬਚਾਣਾ ਚਾਹੀਦਾ ਹੈ। ਸਿੰਘ ਆਪਣੇ ਪਰਿਵਾਰਾਂ ਸਮੇਤ ਮਾਝਾ ਛੱਡ ਕੇ ਸਤਲੁਜ ਤੋਂ ਵੀ ਪਾਰ ਮਾਲਵੇ ਵਿਚ ਅੱਪੜ ਗਏ ਤਾਂ ਕਿ ਪਰਿਵਾਰਾਂ ਨੂੰ ਸੁਰੱਖਿਅਤ ਥਾਂਵਾਂ ਤੇ ਪਹੁੰਚਾ ਆਉਣ।

ਸਿੰਘ ਮਲੇਰਕੋਟਲੇ ਨੇੜੇ ਪਿੰਡਾਂ ਵਿਚ ਸਨ, ਜਦੋਂ ਕਿ ਭੀਖਣ ਖ਼ਾਨ ਤੇ ਸਰਹੰਦ ਦੇ ਗਵਰਨਰ ਨੂੰ ਸੱਦ ਕੇ ਅਹਿਮਦ ਸ਼ਾਹ ਅਬਦਾਲੀ 3 ਫ਼ਰਵਰੀ 1762 ਈਸਵੀ ਨੂੰ ਲਾਹੌਰ ਤੋਂ ਸਾਰੀ ਫ਼ੌਜੀ ਤਾਕਤ ਨਾਲ ਤੁਰ ਪਿਆ। ਮੁਲਤਾਨ, ਲਾਹੌਰ ਤੇ ਹੋਰ ਇਲਾਕਿਆਂ ਦੇ ਮੁਖੀਆਂ ਦੀਆਂ ਫ਼ੌਜਾਂ ਵੀ ਉਹਦੇ ਨਾਲ ਸਨ। ਦੋ ਦਿਨਾਂ ਵਿਚ ਤੇਜ਼ੀ ਨਾਲ ਸਫ਼ਰ ਮੁਕਾ ਕੇ ਅਬਦਾਲੀ ਮਲੇਰਕੋਟਲਾ ਨੇੜੇ ਪਿੰਡ ਕੁਪ ਵਿਚ ਪਹੁੰਚ ਗਿਆ। ਇਥੇ ਨੇੜੇ ਹੀ 30 ਹਜ਼ਾਰ ਸਿੰਘ ਆਪਣੇ ਪਰਿਵਾਰਾਂ ਤੇ ਸਾਮਾਨ ਨਾਲ ਠਹਿਰੇ ਹੋਏ ਸਨ। ਇਹਨਾਂ ਸਿੰਘਾਂ ਤੇ ਇਕ ਪਾਸਿਉਂ ਅਬਦਾਲੀ ਦੀ ਫ਼ੌਜ ਨੇ ਤੇ ਦੂਜੇ ਪਾਸਿਉਂ ਸਰਹੰਦ ਦੇ ਗਵਰਨਰ ਜ਼ੈਨ ਖ਼ਾਨ ਦੀ ਫ਼ੌਜ ਨੇ ਚੜ੍ਹਾਈ ਕਰ ਦਿੱਤੀ। ਅਬਦਾਲੀ ਨੇ ਆਪਣੀ ਫ਼ੌਜ ਨੂੰ ਹੁਕਮ ਦੇ ਦਿੱਤਾ ਕਿ ਪੰਜਾਬੀ ਪੁਸ਼ਾਕ ਵਿਚ ਨਜ਼ਰ ਆਉਂਦੇ ਹਰ ਆਦਮੀ ਨੂੰ ਮਾਰ ਦਿੱਤਾ ਜਾਏ। ਜ਼ੈਨ ਖ਼ਾਨ ਨੂੰ ਕਿਹਾ ਗਿਆ ਕਿ ਉਹ ਆਪਣੀ ਫ਼ੌਜ ਦੀਆਂ ਪਗੜੀਆਂ ਤੇ ਸਾਵੀ ਪੱਟੀ ਬੰਨ੍ਹਾ ਦੇਵੇ ਤਾਂ ਕਿ ਉਹ ਵੀ ਨਾ ਮਾਰੇ ਜਾਣ। ਇਥੇ ਕਈ ਹਜ਼ਾਰ ਸਿੰਘ, ਜ਼ਨਾਨੀਆਂ ਤੇ ਬੱਚੇ ਮਾਰੇ ਗਏ।

ਅਚਾਨਕ ਹਮਲਾ ਹੋਇਆ ਸੀ। ਸਿੰਘਾਂ ਦੇ ਮੁਖੀਆਂ ਨੇ ਉਸੇ ਵੇਲੇ ਸੰਖੇਪ ਜਿਹੀ ਮੀਟਿੰਗ ਕੀਤੀ, ਜਿਸ ਵਿਚ ਫ਼ੈਸਲਾ ਕੀਤਾ ਗਿਆ ਕਿ ਦੁਸ਼ਮਣ ਅੱਗੇ ਹਥਿਆਰ ਨਹੀਂ ਸੁਟਣੇ ਤੇ ਲੜਦੇ ਲੜਦੇ ਸ਼ਹੀਦ ਹੋ ਜਾਣਾ ਚੰਗਾ ਹੈ। ਇਹ ਫ਼ੈਸਲਾ ਹੁੰਦਿਆਂ ਸਿੰਘਾਂ ਨੇ ਆਪਣੇ ਬਾਲ ਬੱਚਿਆਂ ਦੁਆਲੇ ਘੇਰਾ ਪਾ ਲਿਆ ਤੇ ਚਾਰੇ ਪਾਸਿਆਂ ਤੋਂ ਹੋ ਰਹੇ ਹਮਲੇ ਦਾ ਟਾਕਰਾ ਕਰਨ ਲਗ ਪਏ। ਸਿੰਘਾਂ ਦੀ ਅਗਵਾਈ ਇਸ ਸਮੇਂ ਮਹਾਨ ਹਸਤੀਆਂ ਸ: ਜੱਸਾ ਸਿੰਘ ਆਹਲੂਵਾਲੀਆ, ਸ: ਚੜ੍ਹਤ ਸਿੰਘ ਸ਼ੁਕਰਚਕੀਆ (ਮਹਾਰਾਜਾ ਰਣਜੀਤ ਸਿੰਘ ਦਾ ਦਾਦਾ) ਤੇ ਸ: ਸ਼ਾਮ ਸਿੰਘ ਕ੍ਰੋੜ ਸਿੰਘੀਆ ਮਿਸਲ ਵਾਲੇ ਕਰ ਰਹੇ ਸਨ।

ਇਹਨਾਂ ਪ੍ਰੋਗਰਾਮ ਬਣਾਇਆ ਕਿ ਲੜਦੇ ਲੜਦੇ ਇਕ ਪਾਸੇ ਵਧਦੇ ਚਲੀਏ ਤੇ ਕਿਸੇ ਤਰ੍ਹਾਂ ਘੇਰਾ ਤੋੜ ਕੇ ਬਰਨਾਲੇ ਵਲ ਚਲੀਏ। ਉਸ ਇਲਾਕੇ ਵਿਚ ਮਹਾਰਾਜਾ ਬਾਬਾ ਆਲਾ ਸਿੰਘ ਵਲੋਂ ਸਿੰਘਾਂ ਨੂੰ ਮਦਦ ਮਿਲ ਜਾਣ ਦੀ ਆਸ ਸੀ। ਪਿੰਡ ਪਿੰਡ ਲੜਦੇ ਸਿੰਘ ਵਧਦੇ ਗਏ। ਸਿੰਘ ਕੁਤਬ ਬ੍ਰਾਹਮਣੀ ਤੇ ਗਾਹਲ ਅੱਪੜ ਗਏ। ਇਨ੍ਹਾਂ ਪਿੰਡ ਵਾਲਿਆਂ ਨੇ ਮੁਸ਼ਕਲ ਵਿਚ ਘਿਰੇ ਸਿੰਘਾਂ ਦੀ ਮਦਦ ਕਰਨ ਦੀ ਥਾਂ ਅਬਦਾਲੀ ਤੋਂ ਡਰਦੇ ਮਾਰੇ ਸਿੰਘਾਂ ਤੇ ਉਲਟਾ ਹਮਲਾ ਕਰ ਦਿੱਤਾ। ਇਥੇ ਸਿੰਘਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ, ਪਰ ਸਿੰਘਾਂ ਨੇ ਦਿਲ ਨਾ ਛਡਿਆ ਤੇ ਚੌਤਰਫ਼ੇ ਹਮਲੇ ਦਾ ਟਾਕਰਾ ਕਰਦੇ ਚਲੇ ਗਏ। ਜਦ ਹਥਿਆਰ ਮੁਕ ਗਏ ਤਾਂ ਤਲਵਾਰਾਂ ਧੂਹ ਕੇ ਪੈ ਗਏ। ਇਸ ਝੜਪ ਵਿਚ ਦਸ ਹਜ਼ਾਰ ਤੋਂ ਵੱਧ ਸਿੰਘ ਸ਼ਹੀਦ ਹੋ ਗਏ। ਸਾਰੇ ਮੁਕਾਬਲੇ ਵਿਚ ਕਿਤਨੀਆਂ ਸ਼ਹੀਦੀਆਂ ਹੋਈਆਂ, ਉਨ੍ਹਾਂ ਦਾ ਅਨੁਮਾਨ ਲਾਣਾ ਮੁਸ਼ਕਲ ਹੈ। ਇਸੇ ਲੜਾਈ ਵਿਚ ਸਿੰਘਾਂ ਪਾਸੋਂ ਗੁਰੂ ਗ੍ਰੰਥ ਸਾਹਿਬ ਦੀ ਉਹ ਬੀੜ ਗੁੰਮ ਹੋ ਗਈ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਚ ਬੈਠ ਕੇ ਤਿਆਰ ਕਰਵਾਈ ਸੀ।

ਇਸ ਝੜਪ ਵਿਚ ਕੋਈ ਵਿਰਲਾ ਹੀ ਸਿੰਘ ਬਚ ਸਕਿਆ ਤੇ ਉਹ ਵੀ ਜਿਹੜਾ ਬਠਿੰਡੇ ਦੇ ਮਾਰੂਥਲਾਂ ਵਿਚੋਂ ਹੁੰਦਾ ਹੋਇਆ ਬੀਕਾਨੇਰ ਵਲ ਲੰਘ ਗਿਆ ਸੀ। ਸਿੱਖ

ਕੌਮ ਦਾ ਇਤਨੀ ਵੱਧ ਗਿਣਤੀ ਵਿਚ ਇਕੱਠਾ ਕਦੇ ਨੁਕਸਾਨ ਨਹੀਂ ਹੋਇਆ, ਜਿਤਨਾ 1762 ਦੇ ਘਲੂਘਾਰੇ ਵਿਚ ਹੋ ਗਿਆ, ਪਰ ਕੌਮ ਦੀ ਚੜ੍ਹਦੀ ਕਲਾ ਤੇ ਦ੍ਰਿੜ੍ਹਤਾ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਕਿਸੇ ਇਕ ਨੇ ਵੀ ਹਥਿਆਰ ਨਹੀਂ ਸੁਟੇ, ਦੀਨ ਨਹੀਂ ਮੰਨੀ ਤੇ ਅਬਦਾਲੀ ਅੱਗੇ ਜਾਨ ਬਖ਼ਸ਼ੀ ਲਈ ਤਰਲੇ ਨਹੀਂ ਕਢੇ, ਸਗੋਂ ਜੇ ਸਿਰ ਤੇ ਆ ਬਣੀ ਤਾਂ ਲੜਦੇ ਲੜਦੇ ਸ਼ਹੀਦ ਹੋ ਗਏ। ਇਸ ਜਜ਼ਬੇ ਤੇ ਚੜ੍ਹਦੀ ਕਲਾ ਨੇ ਕੌਮ ਨੂੰ ਅਖ਼ੀਰ ਮਹਾਨ ਜੱਦੋ-ਜਹਿਦ ਵਿਚ ਸਫ਼ਲਤਾ ਬਖ਼ਸ਼ੀ।

ਅਸਲ ਵਿਚ ਉਸ ਸਮੇਂ ਕੌਮ ਨੂੰ ਨਿਸਚਾ ਸੀ ਕਿ ਭਾਵੇਂ ਕੁਝ ਹੋ ਜਾਏ, ਰਾਜ ਅਖ਼ੀਰ ਖ਼ਾਲਸੇ ਨੇ ਕਰਨਾ ਹੈ। ਇਹ ਨਿਸਚਾ ਉਦੋਂ ਵੀ ਨਾ ਟੁਟਾ ਜਦੋਂ ਘਰ ਬਾਰ ਛਡ ਕੇ ਜੰਗਲਾਂ ਵਿਚ ਘੋੜਿਆਂ ਦੀਆਂ ਕਾਠੀਆਂ ਤੇ ਦਿਨ ਕਟਣੇ ਪਏ ਤੇ ਨਾ ਹੀ ਉਸ ਸਮੇਂ ਇਹ ਯਕੀਨ ਕਮਜ਼ੋਰ ਹੋਇਆ ਜਦੋਂ ਅਬਦਾਲੀ ਦਾ ਟਾਕਰਾ ਕਰਦਿਆਂ ਵੱਡੇ ਘਲੂਘਾਰੇ ਵਿਚ ਹਜ਼ਾਰਾਂ ਸਿੰਘਾਂ ਦਾ ਬਲੀਦਾਨ ਦੇਣਾ ਪਿਆ। ਜੋ ਥੋੜ੍ਹੇ ਜਿਹੇ ਬਚ ਗਏ ਉਹ 'ਰਾਜ ਕਰੇਗਾ ਖ਼ਾਲਸਾ' ਦਾ ਨਾਹਰਾ ਲਾਂਦੇ ਅਗਲੀ ਜੱਦੋ-ਜਹਿਦ ਲਈ ਕਮਰਕਸੇ ਕਰਨ ਲਗ ਪਏ।

ਦੁਰਾਨੀ ਹਮਲੇ ਦੇ ਸ਼ਹੀਦ

ਦੂਜੇ ਵੱਡੇ ਘਲੂਘਾਰੇ ਤੋਂ ਪਿਛੋਂ ਬਹੁਤ ਛੇਤੀ ਸਿੰਘਾਂ ਨੇ ਮੁੜ ਕੇ ਜਥੇਬੰਦ ਹੋ ਕੇ ਸਾਰੇ ਪੰਜਾਬ ਵਿਚ ਆਪਣੀ ਤਾਕਤ ਪੈਦਾ ਕਰ ਲਈ ਤੇ ਉਹਨਾਂ ਸਾਰਿਆਂ ਨੂੰ ਚੰਗੀ ਤਰ੍ਹਾਂ ਸੋਧਿਆ ਤੇ ਉਹਨਾਂ ਤੋਂ ਬਦਲਾ ਲਿਆ ਜਿਨ੍ਹਾਂ ਨੇ ਅਬਦਾਲੀ ਦੀ ਸਿੰਘਾਂ ਵਿਰੁੱਧ ਚੜ੍ਹਾਈ ਵਿਚ ਮਦਦ ਕੀਤੀ ਸੀ । ਬਹੁਤ ਸਾਰੇ ਇਲਾਕਿਆਂ ਨੂੰ ਸਿੱਖ ਮਿਸਲਾਂ ਨੇ ਆਪਣੇ ਅਧੀਨ ਕਰ ਲਿਆ ਤੇ ਆਪਣੀ ਸੁਰੱਖਿਆ ਲਈ ਅਨੇਕਾਂ ਨਵੇਂ ਕਿਲ੍ਹੇ ਤਿਆਰ ਕਰ ਲਏ ਗਏ । ਪੰਜਾਬ ਵਿਚ ਅਹਿਮਦ ਸ਼ਾਹ ਦੁਰਾਨੀ ਦੇ ਨਿਯਤ ਕੀਤੇ ਹਾਕਮ ਜਹਾਨ ਖ਼ਾਨ ਤੇ ਸਰ ਬੁਲੰਦ ਖ਼ਾਨ ਸਿੰਘਾਂ ਦਾ ਟਾਕਰਾ ਕਰਨ ਦੇ ਅਸਮਰਥ ਸਨ ।

ਇਹ ਖ਼ਬਰਾਂ ਜਦ ਕਾਬਲ ਵਿਚ ਅਹਿਮਦ ਸ਼ਾਹ ਦੁਰਾਨੀ ਨੂੰ ਪਹੁੰਚੀਆਂ ਤਾਂ ਉਹਨੇ ਸਿੰਘਾਂ ਨੂੰ ਦਬਾਉਣ ਲਈ ਤੇ ਬਾਕੀ ਦੇਸ਼ ਨੂੰ ਅਧੀਨ ਕਰਨ ਲਈ ਸਤਵਾਂ ਹਮਲਾ ਕਰਨ ਦਾ ਮਨ ਬਣਾ ਲਿਆ । ਉਹਨੂੰ ਪਹਿਲੇ ਛੇ ਹਮਲਿਆਂ ਦਾ ਤਜਰਬਾ ਸੀ ਕਿ ਉਹ ਆਪਣੀ ਸ਼ਕਤੀ ਨਾਲ ਸਿੱਖਾਂ ਨੂੰ ਖ਼ਤਮ ਨਹੀਂ ਕਰ ਸਕਦਾ ਤੇ ਵੱਡੇ ਘਲੂਘਾਰੇ ਸਮੇਂ ਜਿਤਨੀ ਤਾਕਤ ਮੁੜ ਇਕੱਠੀ ਨਹੀਂ ਕਰ ਸਕਦਾ, ਇਸ ਲਈ ਉਹਨੇ ਬਲੋਚਾਂ ਦੀ ਸਹਾਇਤਾ ਲੈਣ ਦਾ ਫ਼ੈਸਲਾ ਕੀਤਾ ਤੇ ਬਲੋਚ ਹਾਕਮ ਮੀਰ ਨਸੀਰ ਖ਼ਾਨ ਕਲਾਤ ਨੂੰ ਮਿੱਤਰਤਾ ਦੇ ਨਾਤੇ ਮਦਦ ਲਈ ਸੱਦ ਲਿਆ ।

ਕਾਜ਼ੀ ਨੂਰ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਅਹਿਮਦ ਸ਼ਾਹ ਦੁਰਾਨੀ ਦੇ ਸਤਵੇਂ ਹਮਲੇ ਤੋਂ ਪਹਿਲਾਂ ਬਲੋਚ ਆਗੂ ਨੂੰ ਲਿਖਿਆ ਕਿ ਤੁਸੀਂ ਮੱਕੇ ਜਾਣ ਦੀ ਤਿਆਰੀ ਕਰ ਰਹੇ ਹੋ ਤੇ ਪੰਜਾਬ ਵਿਚ ਕਾਫ਼ਰ ਸਿੱਖ ਅਜਿਹੀ ਤਰਥੱਲੀ ਮਚਾ ਰਹੇ ਹਨ ਕਿ ਉਹਨਾਂ ਨੂੰ ਦਬਾਣਾ ਮੱਕੇ ਜਾਣ ਨਾਲੋਂ ਬਹੁਤ ਵੱਡਾ ਪੁੰਨ ਹੈ । ਮੀਰ ਕਲਾਤ ਨੇ ਕਾਜ਼ੀਆਂ ਤੋਂ ਫ਼ਤਵਾ ਲਿਆ ਤੇ ਉਹਨਾਂ ਵੀ ਇਹੋ ਰਾਏ ਦਿੱਤੀ ।

ਅਕਤੂਬਰ 1764 ਵਿਚ ਅਹਿਮਦ ਸ਼ਾਹ ਦੁਰਾਨੀ ਨੇ 18 ਹਜ਼ਾਰ ਫ਼ੌਜ ਨਾਲ ਚੜ੍ਹਾਈ ਕਰ ਦਿਤੀ । ਐਮਨਾਬਾਦ ਨੇੜੇ ਕਲਾਤ ਦਾ ਮੀਰ ਨਸੀਰ ਖ਼ਾਨ ਵੀ 12 ਹਜ਼ਾਰ ਫ਼ੌਜੀ ਲੈ ਕੇ ਉਹਦੇ ਨਾਲ ਸ਼ਾਮਲ ਹੋ ਗਿਆ । ਲਾਹੌਰ ਦੇ ਹਾਕਮ ਕਾਬਲੀ ਨੇ ਵੀ ਆਪਣੀ ਫ਼ੌਜ ਨੂੰ ਅਹਿਮਦ ਸ਼ਾਹ ਦੁਰਾਨੀ ਦੇ ਨਾਲ ਮਿਲਾ ਦਿਤਾ । ਲਾਹੌਰ ਅੱਪੜ ਕੇ ਅਹਿਮਦ ਸ਼ਾਹ ਦੁਰਾਨੀ ਨੇ ਆਪਣੀ ਜੰਗੀ ਕੌਂਸਲ ਦੀ ਮੀਟਿੰਗ ਸੱਦੀ ਤੇ ਪਤਾ ਲੱਗਾ ਕਿ ਸਿੰਘਾਂ ਦਾ ਬਹੁਤ ਵੱਡਾ ਇਕੱਠ ਲੱਖੀ ਜੰਗਲ ਵਿਚ ਹੈ । ਬਾਕੀ ਵੱਡੀ ਸੜਕ ਤੇ ਆਸ ਪਾਸ ਦੇ ਸਾਰੇ ਇਲਾਕਿਆਂ ਵਿਚ ਕੋਈ ਸਿੱਖ ਨਹੀਂ ।

ਜਦ ਨਸੀਰ ਖ਼ਾਨ ਦੀ ਅਗਵਾਈ ਵਿਚ ਲਾਹੌਰ ਤੋਂ ਫ਼ੌਜ ਚੱਲੀ ਤਾਂ ਰਾਹ ਵਿਚ ਸਿੰਘਾਂ ਦੇ ਉਸ ਜਥੇ ਨਾਲ ਟੱਕਰ ਹੋ ਗਈ, ਜਿਸ ਦੀ ਅਗਵਾਈ ਮਹਾਰਾਜਾ

ਰਣਜੀਤ ਸਿੰਘ ਦੇ ਦਾਦਾ ਚੜ੍ਹਤ ਸਿੰਘ ਕਰ ਰਹੇ ਸਨ। ਕਾਜ਼ੀ ਨੂਰ ਮੁਹੰਮਦ, ਜੋ ਇਸ ਸਮੇਂ ਮੌਕੇ ਤੇ ਮੌਜੂਦ ਸੀ, ਲਿਖਦਾ ਹੈ ਕਿ ਸਿੱਖਾਂ ਦੇ ਜਥੇ ਦੂਰੋਂ ਆਉਂਦੇ ਤੇ ਕੁਝ ਗੋਲੀਆਂ ਚਲਾ ਕੇ ਫਿਰ ਨੱਸ ਜਾਂਦੇ, ਝਟ ਪਿਛੋਂ ਹੋਰ ਕੋਈ ਜਥਾ ਆ ਕੇ ਝਪਟਾ ਮਾਰਦਾ। ਅਖੀਰ ਕੁਝ ਚਿਰ ਪਿਛੋਂ ਹੱਥੋ-ਹੱਥੀ ਲੜਾਈ ਤਕ ਨੌਬਤ ਆ ਗਈ। ਸਾਰੀ ਦਿਹਾੜੀ ਇਕ ਨਿੱਕਾ ਜਿਹਾ ਜਥਾ ਅਹਿਮਦ ਸ਼ਾਹ ਦੁਰਾਨੀ ਦੇ ਜਥੇ ਨਾਲ ਟੱਕਰ ਲੈਂਦਾ ਰਿਹਾ। ਰਾਤ ਦਾ ਹਨੇਰਾ ਪੈ ਜਾਣ ਤੇ ਲੜਾਈ ਬੰਦ ਹੋ ਗਈ ਪਰ ਦੂਜੇ ਦਿਨ ਸਵੇਰ ਨੂੰ ਕੋਈ ਸਿੰਘ ਨਜ਼ਰ ਨਾ ਪਿਆ। ਇਸ ਝੜਪ ਵਿਚ ਕੁਝ ਸਿੱਖ ਸ਼ਹੀਦ ਹੋ ਗਏ, ਪਰ ਉਹਨਾਂ ਨੇ ਦੁਸ਼ਮਣ ਦਾ ਬਹੁਤ ਜ਼ਿਆਦਾ ਨੁਕਸਾਨ ਕੀਤਾ।

ਅਹਿਮਦ ਸ਼ਾਹ ਦੁਰਾਨੀ ਨੂੰ ਪਤਾ ਲੱਗਾ ਕਿ ਸਿੰਘ ਹੁਣ ਅੰਮ੍ਰਿਤਸਰ ਇਕੱਠੇ ਹੋ ਰਹੇ ਹਨ। ਇਹ ਇਤਲਾਹ ਮਿਲਦੇ ਹੀ ਬਹੁਤ ਸਾਰੀ ਫ਼ੌਜ ਲੈ ਕੇ ਦੁਰਾਨੀ ਪਹਿਲੀ ਦਸੰਬਰ, 1764 ਈਸਵੀ ਨੂੰ ਲਾਹੌਰ ਤੋਂ ਅੰਮ੍ਰਿਤਸਰ ਪਹੁੰਚ ਗਿਆ। ਉਥੇ ਉਹਨੂੰ ਸਿੱਖਾਂ ਦਾ ਕੋਈ ਇਕੱਠ ਨਾ ਮਿਲਿਆ। ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ 30 ਸਿੰਘ ਰਖਵਾਲੀ ਲਈ ਠਹਿਰੇ ਹੋਏ ਸਨ। ਇਹ ਸਿੰਘ ਆਪਣੇ ਜੀਵਨ ਪੂਰੀ ਤਰ੍ਹਾਂ ਗੁਰੂ ਅਰਪਨ ਕਰ ਚੁਕੇ ਸਨ। ਇਹਨਾਂ ਫ਼ੈਸਲਾ ਕੀਤਾ ਹੋਇਆ ਸੀ ਕਿ ਇਹਨਾਂ ਦੇ ਜੀਊਂਦੇ ਜੀਅ ਦੁਰਾਨੀ ਦੀ ਫ਼ੌਜ ਕਬਜ਼ਾ ਨਹੀਂ ਕਰ ਸਕਦੀ। ਜਦ ਦੁਰਾਨੀ ਦੀ ਫ਼ੌਜ ਦਰਬਾਰ ਸਾਹਿਬ ਦੇ ਇਲਾਕੇ ਵਿਚ ਪਹੁੰਚੀ ਤਾਂ ਸਿੰਘ ਉਹਦੇ ਮੁਕਾਬਲੇ ਤੇ ਡਟ ਗਏ। ਬੜਾ ਨੁਕਸਾਨ ਕਰ ਕੇ 30 ਦੇ 30 ਸਿੰਘ ਸ਼ਹੀਦ ਹੋ ਗਏ। ਅਹਿਮਦ ਸ਼ਾਹ ਦੁਰਾਨੀ ਦੀ ਸੈਨਾ ਨੇ ਸ੍ਰੀ ਦਰਬਾਰ ਸਾਹਿਬ ਨੂੰ ਫਿਰ ਢਾਹ ਦਿਤਾ ਤੇ ਵਾਪਸ ਲਾਹੌਰ ਪਰਤ ਗਈ।

ਲਾਹੌਰ ਅਹਿਮਦ ਸ਼ਾਹ ਦੁਰਾਨੀ ਨੇ ਆਪਣੇ ਸਾਥੀ ਸਲਾਹਕਾਰਾਂ ਨਾਲ ਪ੍ਰੋਗਰਾਮ ਬਣਾ ਕੇ ਸਿੰਘਾਂ ਵਿਰੁੱਧ ਵੱਡਾ ਹਮਲਾ ਬੋਲ ਦਿਤਾ ਤੇ ਪੰਜਾਬ ਦੀ ਚੱਪਾ ਚੱਪਾ ਧਰਤੀ ਛਾਨਣ ਦਾ ਵਿਚਾਰ ਬਣਾ ਲਿਆ। ਫ਼ੌਜ ਰੋਜ਼ਾਨਾ ਚਾਰ ਮੀਲ ਦਾ ਸਫ਼ਰ ਕਰਦੀ ਤੇ 56 ਮੀਲ ਦਾ ਸਫ਼ਰ 15 ਦਿਨਾਂ ਵਿਚ ਕਰ ਕੇ ਬਟਾਲੇ ਪਹੁੰਚੀ। ਦੇਸ਼ ਵਿਚ ਉਹ ਲੁਟਮਾਰ ਕੀਤੀ ਕਿ ਲੋਕੀਂ ਇਹ ਕਹਿਣ ਲਗ ਪਏ :

ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ।

ਪ੍ਰਗਟ ਤੌਰ ਤੇ ਚੜ੍ਹਾਈ ਸਿੱਖਾਂ ਵਿਰੁੱਧ ਸੀ, ਪਰ ਕੀਤੀ ਗਈ ਤਬਾਹੀ ਸਾਰੀ ਦੁਨੀਆਂ ਦੀ। ਜੋ ਸਾਹਮਣੇ ਆਇਆ, ਉਹਨੂੰ ਹੀ ਲੁਟ ਕੇ ਮਾਰ ਦਿਤਾ ਗਿਆ। ਲੋਕੀਂ ਡਰ ਦੇ ਮਾਰੇ ਘਰ ਬਾਰ ਛਡ ਕੇ ਜਿਥੇ ਲੁਕਣ ਦੀ ਥਾਂ ਮਿਲੀ, ਜਾ ਲੁਕੇ। ਜਦ ਬਿਆਸ ਦਰਿਆ ਪਾਰ ਕਰ ਕੇ ਸ਼ਾਹ ਦੁਰਾਨੀ ਦੀ ਫ਼ੌਜ ਦੁਆਬੇ ਵਿਚ ਜਾ ਅੱਪੜੀ ਤਾਂ ਸਿੰਘਾਂ ਦੇ ਇਕ ਜੱਥੇ ਨੇ ਡਟ ਕੇ ਮੁਕਾਬਲਾ ਕੀਤਾ ਤੇ ਕਈ ਸਿੰਘ ਸ਼ਹੀਦੀਆਂ ਪਾ ਗਏ।

15 ਹਜ਼ਾਰ ਸਿੰਘ ਭਰਤਪੁਰ ਦੇ ਮਹਾਨ ਦੇਸ਼ ਭਗਤ ਸੂਰਜ ਮੱਲ ਦੇ ਪੁੱਤਰ ਜਵਾਹਰ ਸਿੰਘ ਦੀ ਮਦਦ ਲਈ ਗਏ ਹੋਏ ਸਨ, ਜੋ ਰੋਹੇਲਾ ਮੁਖੀ ਨਜੀਬ-ਉਦ-ਦੌਲਾ ਵਿਰੁੱਧ ਲੜ ਰਿਹਾ ਸੀ। ਉਹ ਸਿੰਘ ਵੇਹਲੇ ਹੋ ਕੇ ਜਦ ਪੰਜਾਬ ਵਲ ਪਰਤਣ ਲੱਗੇ

ਤਾਂ ਅਹਿਮਦ ਸ਼ਾਹ ਦੁਰਾਨੀ ਨੇ ਅੱਗੇ ਦਿੱਲੀ ਵਲ ਜਾਣ ਦਾ ਖ਼ਿਆਲ ਛੱਡ ਕੇ ਵਾਪਸ ਕਾਬਲ ਜਾਣ ਦਾ ਫ਼ੈਸਲਾ ਕਰ ਲਿਆ। ਇਸ ਸਮੇਂ ਮਹਾਰਾਜਾ ਆਲਾ ਸਿੰਘ ਦੁਰਾਨੀ ਨੂੰ ਮਿਲਿਆ ਤੇ ਉਹਨੇ ਦਸਿਆ ਕਿ ਸਿੱਖਾਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਗੁਰੂ ਦੀ ਕਿਰਪਾ ਇਹਨਾਂ ਤੇ ਹੈ। ਜੇ ਇਕ ਮਾਰੋਗੇ ਤਾਂ ਦੋ ਹੋਰ ਪੈਦਾ ਹੋ ਜਾਣਗੇ।

ਦੁਰਾਨੀ ਰੋਪੜ ਨੇੜੇ ਦਰਿਆ ਸਤਲੁਜ ਪਾਰ ਕਰ ਕੇ ਜਦ ਦੁਆਬੇ ਵਿਚ ਦਾਖ਼ਲ ਹੋਇਆ ਤਾਂ ਸਿੰਘਾਂ ਨੇ ਪੂਰੀ ਤਾਕਤ ਨਾਲ ਉਹਦਾ ਰਾਹ ਘੇਰ ਲਿਆ। 30 ਹਜ਼ਾਰ ਦੁਰਾਨੀ ਅਫ਼ਗਾਨ ਤੇ ਬਲੋਚ ਫ਼ੌਜ ਸ਼ਾਹ ਦੇ ਨਾਲ ਸੀ। ਦੂਜੇ ਪਾਸੇ ਸਿੰਘਾਂ ਦੀ ਅਗਵਾਈ ਸ: ਜੱਸਾ ਸਿੰਘ ਆਹਲੂਵਾਲੀਆ, ਸ: ਜੱਸਾ ਸਿੰਘ ਰਾਮਗੜ੍ਹੀਆ, ਚੜ੍ਹਤ ਸਿੰਘ ਸ਼ੁਕਰਚਕੀਆ, ਝੰਡਾ ਸਿੰਘ, ਲਹਿਣਾ ਸਿੰਘ ਭੰਗੀ, ਜੈ ਸਿੰਘ ਘਨੱਈਆ, ਹਰੀ ਸਿੰਘ ਭੰਗੀ ਤੇ ਗੁੱਜਰ ਸਿੰਘ ਕਰ ਰਹੇ ਸਨ। ਸਤ ਦਿਨ ਲਗਾਤਾਰ ਲੜਾਈ ਹੁੰਦੀ ਰਹੀ। ਅਖ਼ੀਰ ਦੁਰਾਨੀ ਨੇ ਤੰਗ ਆ ਕੇ ਲਾਹੌਰ ਨੂੰ ਫ਼ੌਜ ਮੋੜ ਲਈ ਤੇ ਉਥੇ ਠਹਿਰੇ ਬਿਨਾਂ ਕਾਬਲ ਨੂੰ ਚਲਾ ਗਿਆ।

ਇਸ ਸਤਵੇਂ ਹਮਲੇ ਸਮੇਂ ਅਹਿਮਦ ਸ਼ਾਹ ਦੁਰਾਨੀ ਨਾਲ ਸਿੰਘਾਂ ਨੇ ਕਈ ਵਾਰ ਝੜਪ ਲਈ ਤੇ ਅਨੇਕ ਸਿੰਘ ਸ਼ਹੀਦ ਹੋਏ, ਪਰ ਉਹਨਾਂ ਦੁਰਾਨੀ ਦੀ ਈਨ ਨਾ ਮੰਨੀ ਤੇ ਅਖ਼ੀਰ ਅਜੇਹਾ ਮੁਕਾਬਲਾ ਦੁਆਬੇ ਵਿਚ ਕੀਤਾ ਕਿ ਦੁਰਾਨੀ ਦੇ ਛੱਕੇ ਛੁਡਾ ਦਿੱਤੇ ਤੇ ਉਹ ਵਾਪਸ ਪਰਤ ਗਿਆ। ਇਹਨਾਂ ਕੁਰਬਾਨੀਆਂ ਨਾਲ ਸਿੱਖ ਲਹਿਰ ਹੋਰ ਮਜ਼ਬੂਤ ਹੋਈ ਤੇ ਸ਼ਹੀਦੀਆਂ ਦੇ ਫਲਸਰੂਪ ਸਿੱਖ ਪੰਜਾਬ ਦੇ ਮਾਲਕ ਬਣ ਗਏ।

ਕੁਝ ਗੁੰਮਨਾਮ ਸ਼ਹੀਦ

ਸਾਰੀ ਅਠਾਰ੍ਹਵੀਂ ਸਦੀ ਵਿਚ ਸਿੱਖ ਕੌਮ ਨੇ ਆਪਣੇ ਧਰਮ ਤੇ ਦੇਸ਼ ਦੀ ਅਜ਼ਾਦੀ ਲਈ ਜਿਤਨੀਆਂ ਮਹਾਨ ਕੁਰਬਾਨੀਆਂ, ਅਕਹਿ ਤੇ ਅਸਹਿ ਕਸ਼ਟ ਸਹਾਰ ਕੇ ਸ਼ਹੀਦੀਆਂ ਪਾਈਆਂ, ਉਸਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ। ਬੰਦਾ ਸਿੰਘ ਬਹਾਦਰ, ਭਾ: ਤਾਰਾ ਸਿੰਘ ਵਾਂ, ਭਾ: ਸੁੱਖਾ ਸਿੰਘ, ਸ: ਮਹਿਤਾਬ ਸਿੰਘ, ਸ: ਸੁਬੇਗ ਸਿੰਘ, ਸ: ਸ਼ਾਹਬਾਜ਼ ਸਿੰਘ, ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਬਾਬਾ ਗੁਰਬਖ਼ਸ਼ ਸਿੰਘ, ਭਾਈ ਬੋਤਾ ਸਿੰਘ, ਗਰਜਾ ਸਿੰਘ, ਹਕੀਕਤ ਰਾਏ ਆਦਿਕ ਸ਼ਹੀਦਾਂ ਦੇ ਜੀਵਨ ਬਹੁਤ ਪ੍ਰਸਿੱਧ ਹਨ। ਇਹਨਾਂ ਤੋਂ ਛੁਟ ਹਜ਼ਾਰਾਂ ਨਹੀਂ, ਲੱਖਾਂ ਸਿੰਘ ਹੋਰ ਇਸ ਸਮੇਂ ਸ਼ਹੀਦ ਹੋਏ। ਜਿਵੇਂ ਬਾਬਾ ਬੰਦਾ ਸਿੰਘ ਬਹਾਦਰ ਨਾਲ ਯੁਧਾਂ ਵਿਚ ਸ਼ਹੀਦ ਹੋਣ ਵਾਲੇ ਤੇ ਅਖ਼ੀਰ ਦਿੱਲੀ ਜਾ ਕੇ ਆਪਾ ਵਾਰਨ ਵਾਲਿਆਂ ਸਾਰਿਆਂ ਦੇ ਨਾਮ ਵੀ ਅਸੀਂ ਨਹੀਂ ਜਾਣਦੇ, ਇਸੇ ਤਰ੍ਹਾਂ ਜ਼ਕਰੀਆ ਖ਼ਾਨ, ਮੀਰ ਮਨੂੰ, ਮੱਸਾ ਰੰਘੜ, ਮੋਮਨ ਖ਼ਾਨ, ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਦੇ ਜ਼ੁਲਮ ਦਾ ਟਾਕਰਾ ਕਰਦਿਆਂ ਸ਼ਹੀਦ ਹੋਣ ਵਾਲੇ ਸਿੰਘਾਂ ਸਿੰਘਣੀਆਂ ਤੇ ਭੁਝੰਗੀਆਂ ਭੁਝੰਗਣਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਦੋਹਾਂ ਘਲੂਘਾਰਿਆਂ ਵਿਚ ਆਪਾ ਵਾਰਨ ਵਾਲੇ ਸਿੰਘਾਂ ਦੀ ਗਿਣਤੀ 20 ਹਜ਼ਾਰ ਤੋਂ ਉਤੇ ਹੈ। ਸਿੱਖ ਮਿਸਲਾਂ ਦੇ ਜਵਾਨਾਂ ਵਿਚੋਂ ਕਿਤਨੇ ਹੀ ਦੇਸ਼ ਆਜ਼ਾਦ ਕਰਾਉਂਦਿਆਂ ਤੇ ਧਰਮ ਦੀ ਰਾਖੀ ਕਰਦਿਆਂ ਸ਼ਹੀਦ ਹੋ ਗਏ।

ਇਸ ਤਰ੍ਹਾਂ ਗਿਣਤੀ ਕੀਤਿਆਂ ਪਤਾ ਲਗਦਾ ਹੈ ਕਿ ਅਠਾਰ੍ਹਵੀਂ ਸਦੀ ਵਿਚ ਹਜ਼ਾਰਾਂ ਨਹੀਂ ਲੱਖ ਤਕ ਸ਼ਹੀਦਾਂ ਦੀ ਗਿਣਤੀ ਜਾ ਪਹੁੰਚਦੀ ਹੈ। ਸਾਨੂੰ ਅਫ਼ਸੋਸ ਹੈ ਕਿ ਇਤਿਹਾਸ ਦੇ ਪੰਨੇ ਉਹਨਾਂ ਸਾਰੇ ਸ਼ਹੀਦਾਂ ਦੇ ਨਾਮ ਵੀ ਸੰਭਾਲ ਨਹੀਂ ਸਕੇ। ਉਹਨਾਂ ਗੁੰਮਨਾਮ ਸ਼ਹੀਦਾਂ ਨੂੰ ਅਸੀਂ ਪ੍ਰਣਾਮ ਕਰਦੇ ਹਾਂ। ਜਿਹਨਾਂ ਸ਼ਹੀਦਾਂ ਦਾ ਅਸੀਂ ਲੇਖ ਲੜੀ ਵਿਚ ਪਹਿਲਾਂ ਜ਼ਿਕਰ ਨਹੀਂ ਕਰ ਸਕੇ, ਉਹਨਾਂ ਵਿਚੋਂ ਕੁਝ ਕੁ ਬਾਰੇ ਇਥੇ ਜਾਣ ਪਛਾਣ ਦੇ ਰਹੇ ਹਾਂ।

ਸ਼ਹੀਦ ਭਾਈ ਆਲੀ ਸਿੰਘ

ਸ਼ਹੀਦ ਭਾਈ ਆਲੀ ਸਿੰਘ ਤੇ ਮਾਲੀ ਸਿੰਘ ਪਟਿਆਲੇ ਦੇ ਇਕ ਪਿੰਡ ਸਲੌਦੀ ਦੇ ਰਹਿਣ ਵਾਲੇ ਬੜੇ ਸੂਰਬੀਰ, ਬਹਾਦਰ ਤੇ ਅਣਖੀ ਸਨ। ਸਮੇਂ ਦੀ ਹਕੂਮਤ ਨੇ ਇਹਨਾਂ ਨੂੰ ਫ਼ੌਜ ਵਿਚ ਭਰਤੀ ਕਰ ਲਿਆ ਤੇ ਕੁਝ ਸਮਾਂ ਫ਼ੌਜ ਵਿਚ ਰਹੇ, ਪਰ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਦਸਮੇਸ਼ ਪਿਤਾ ਦਾ ਥਾਪੜਾ ਲੈ ਕੇ ਪੰਜਾਬ ਵਲ ਵਹੀਰਾਂ ਪਾਈਆਂ ਤਾਂ ਇਹ ਦੋਵੇਂ ਵੀਰ ਵੀ ਆਪਣੇ ਇਲਾਕੇ ਦੇ ਬਹੁਤ ਸਾਰੇ ਸਿੰਘਾਂ ਨੂੰ ਨਾਲ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਅਗੋਂ ਜਾ ਮਿਲੇ ਤੇ ਆਪਣੀ

ਸੇਵਾ ਉਹਨਾਂ ਦੇ ਹਵਾਲੇ ਕਰ ਦਿੱਤੀ।

ਬੰਦਾ ਸਿੰਘ ਬਹਾਦਰ ਨੇ ਭਾਈ ਆਲੀ ਸਿੰਘ ਜੀ ਨੂੰ ਮਾਲਵੇ ਵਿਚੋਂ ਇਕੱਠੇ ਹੋ ਕੇ ਆਏ ਸਿੰਘਾਂ ਦੇ ਇਕ ਤਕੜੇ ਜਥੇ ਦਾ ਜਥੇਦਾਰ ਥਾਪ ਦਿੱਤਾ। ਥੋੜ੍ਹੇ ਦਿਨਾਂ ਵਿਚ ਭਾਈ ਆਲੀ ਸਿੰਘ ਨੇ ਆਪਣੀ ਸਿਆਣਪ, ਵਿਦਵਤਾ ਤੇ ਪ੍ਰਬੰਧਕ ਸ਼ਕਤੀ ਦੀ ਧਾਂਕ ਬਿਠਾ ਲਈ। ਜਦ ਬੰਦਾ ਸਿੰਘ ਬਹਾਦਰ ਨੇ ਸਰਹੰਦ ਤੇ ਪਹਿਲੀ ਵਾਰ ਹਮਲਾ ਕਰ ਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਜ਼ਿੰਮੇਵਾਰਾਂ ਨੂੰ ਸੋਧਿਆ ਤਾਂ ਉਸ ਲੜਾਈ ਵਿਚ ਭਾਈ ਆਲੀ ਸਿੰਘ ਦੇ ਜਥੇ ਨੇ ਬੜੀ ਬੀਰਤਾ ਵਿਖਾਈ। ਸਾਰਾ ਪੰਥ ਉਹਨਾਂ ਦੀ ਇਸ ਸਮੇਂ ਕੁਰਬਾਨੀ ਦੀ ਪ੍ਰਸੰਸਾ ਕਰਨ ਲਗ ਪਿਆ। ਜਦ ਸਰਹੰਦ ਫ਼ਤਹਿ ਕਰ ਲਈ ਗਈ ਤਾਂ ਇਸ ਪ੍ਰਾਂਤ ਦਾ ਪਹਿਲਾ ਸਿੱਖ ਗਵਰਨਰ ਭਾਈ ਆਲੀ ਸਿੰਘ ਜੀ ਨੂੰ ਬਣਾਇਆ ਗਿਆ। ਇਸ ਤੋਂ ਹੀ ਪਤਾ ਲਗਦਾ ਹੈ ਕਿ ਉਸ ਸਮੇਂ ਪੰਥ ਵਿਚ ਆਪ ਕਿਤਨੀ ਉਚ ਹਸਤੀ ਸਮਝੇ ਜਾਂਦੇ ਸਨ।

ਜਦ ਫਿਰ ਮੁਗ਼ਲਾਂ ਦਾ ਜ਼ੋਰ ਪੈ ਗਿਆ ਤਾਂ ਭਾਈ ਆਲੀ ਸਿੰਘ ਜੀ ਬੰਦਾ ਸਿੰਘ ਬਹਾਦਰ ਦੇ ਨਾਲ ਹੀ ਪਹਾੜਾਂ ਵਲ ਚਲੇ ਗਏ। ਅਖ਼ੀਰ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਵਿਚ ਗ੍ਰਿਫ਼ਤਾਰ ਕਰ ਲਏ ਗਏ। ਉਸ ਸਮੇਂ ਭਾਈ ਆਲੀ ਸਿੰਘ ਵੀ ਉਹਨਾਂ ਦੇ ਨਾਲ ਸਨ। ਦਿੱਲੀ ਵਿਚ ਲਿਜਾ ਕੇ ਪਹਿਲਾਂ ਦੂਜੇ ਸਾਥੀਆਂ ਨੂੰ ਸ਼ਹੀਦ ਕੀਤਾ ਗਿਆ ਤੇ ਫਿਰ ਭਾਈ ਆਲੀ ਸਿੰਘ ਜੀ ਨੂੰ ਬੰਦਾ ਬਹਾਦਰ ਦੇ ਨਾਲ ਹੀ ਸ਼ਹੀਦ ਕਰ ਦਿੱਤਾ। ਆਪ ਨੇ ਜਿਸ ਦ੍ਰਿੜ੍ਹਤਾ ਤੇ ਸਿਦਕ ਨਾਲ ਆਪਾ ਵਾਰਿਆ ਉਸ ਨਾਲ ਭਾਈ ਆਲੀ ਸਿੰਘ ਜੀ ਦਾ ਨਾਮ ਅਮਰ ਹੋ ਗਿਆ।

ਸ਼ਹੀਦ ਗੁਲਜ਼ਾਰਾ ਸਿੰਘ

ਸ਼ਹੀਦ ਗੁਲਜ਼ਾਰਾ ਸਿੰਘ ਜੀ ਉਹਨਾਂ ਪਵਿੱਤਰ ਵਿਅਕਤੀਆਂ ਵਿਚੋਂ ਸਨ, ਜਿਹਨਾਂ ਨੇ ਦਸਮੇਸ਼ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਾਵਨ ਹੱਥਾਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਇਹਨਾਂ ਦੇ ਪਿਛਲੇ ਜੀਵਨ ਬਾਰੇ ਹੋਰ ਜਾਣਕਾਰੀ ਨਹੀਂ ਮਿਲ ਸਕੀ। ਸਿਰਫ਼ ਇਹੋ ਪਤਾ ਲੱਗਾ ਹੈ ਕਿ ਬੰਦਾ ਸਿੰਘ ਬਹਾਦਰ ਦੇ ਸਮੇਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਪ ਉਪਰਾਲੇ ਕਰਦੇ ਰਹੇ ਤੇ ਇਸ ਤੋਂ ਬਾਦ ਜਦ ਭਾਈ ਮਨੀ ਸਿੰਘ ਜੀ, ਮਾਤਾ ਸੁੰਦਰੀ ਜੀ ਦੇ ਭੇਜੇ ਹੋਏ ਅੰਮ੍ਰਿਤਸਰ ਆਏ ਤੇ ਤੱਤ ਖ਼ਾਲਸਾ ਤੇ ਬੰਦਈ ਖ਼ਾਲਸਾ ਦੇ ਮਤ-ਭੇਦ ਦੂਰ ਕਰਾਏ ਤਾਂ ਭਾਈ ਗੁਲਜ਼ਾਰਾ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਿਚ ਹੀ ਸਨ। ਆਪ ਭਾਈ ਮਨੀ ਸਿੰਘ ਦੇ ਸਹਾਇਕ ਦੇ ਰੂਪ ਵਿਚ ਸੇਵਾ ਕਰਦੇ ਰਹੇ।

ਜਦੋਂ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਜ਼ਕਰੀਆ ਖ਼ਾਨ ਨੇ ਬੰਦ ਬੰਦ ਕਟਣ ਦਾ ਹੁਕਮ ਦਿੱਤਾ ਤਾਂ ਉਸ ਸਮੇਂ ਸ਼ਹੀਦ ਗੁਲਜ਼ਾਰਾ ਸਿੰਘ ਜੀ ਨੂੰ ਪੇਸ਼ਕਸ਼ ਕੀਤੀ ਗਈ ਕਿ ਇਸਲਾਮ ਕਬੂਲ ਕਰ ਲਓ। ਇਹਨਾਂ ਦੇ ਇਨਕਾਰ ਕਰਨ ਤੇ ਲਾਹੌਰ ਵਿਚ ਸ਼ਹੀਦ ਕਰ ਦਿੱਤਾ ਗਿਆ। ਇਸ ਸ਼ਹੀਦ ਦੀ ਸਮਾਧ ਲਾਹੌਰ ਦੇ ਕਿਲ੍ਹੇ ਦੇ ਨੇੜੇ ਹੈ। ਸ: ਜੱਸਾ ਸਿੰਘ ਆਹਲੂਵਾਲੀਆ ਨੇ ਜਦੋਂ ਲਾਹੌਰ ਤੇ ਕਬਜ਼ਾ ਕੀਤਾ ਤਾਂ ਉਸ ਸਮੇਂ ਪਹਿਲੀ ਵਾਰ ਇਸ ਸੂਰਮੇ ਦੀ ਯਾਦਗਾਰ ਕਾਇਮ ਕੀਤੀ ਗਈ।

ਸ: ਗੁਲਜ਼ਾਰਾ ਸਿੰਘ ਆਪਣੇ ਸਮੇਂ ਦੇ ਪ੍ਰਸਿਧ ਸੂਰਬੀਰ ਤੇ ਮੁਖੀ ਸਿੱਖ ਸਨ।

ਸ਼ਹੀਦ ਭਾਈ ਹਾਠੂ ਸਿੰਘ

ਅਹਿਮਦ ਸ਼ਾਹ ਅਬਦਾਲੀ ਜਦ ਪਹਿਲੀ ਵਾਰ ਭਾਰਤ ਤੇ ਹਮਲਾ ਕਰ ਕੇ ਆਇਆ ਤਾਂ ਉਹਨੂੰ ਸਿੱਖਾਂ ਬਾਰੇ ਬਹੁਤ ਘੱਟ ਪਤਾ ਸੀ, ਪਰ ਜਦੋਂ ਪੰਜਾਬ ਦੇ ਸੂਰਬੀਰ ਸਿੰਘਾਂ ਨੇ ਉਹਨੂੰ ਆਪਣੇ ਹੱਥ ਵਿਖਾਏ ਤਾਂ ਪੰਜਾਬ ਦੇ ਹਾਕਮਾਂ ਨੇ ਸਿੱਖਾਂ ਦੀ ਬਗ਼ਾਵਤ ਬਾਰੇ ਦਸਿਆ ਤਾਂ ਉਹਨੇ ਸਿੱਖਾਂ ਨੂੰ ਫੜਨ ਜਾਂ ਮਾਰਨ ਦਾ ਹੁਕਮ ਦੇ ਦਿਤਾ। ਬਹੁਤ ਸਾਰੇ ਸਿੰਘਾਂ ਨੂੰ, ਜੋ ਪਿੰਡਾਂ ਵਿਚ ਸ਼ਾਂਤਮਈ ਜੀਵਨ ਬਿਤਾ ਰਹੇ ਸਨ, ਗ੍ਰਿਫ਼ਤਾਰ ਕਰ ਕੇ ਲਾਹੌਰ ਲੈ ਆਂਦਾ ਗਿਆ। ਅਹਿਮਦ ਸ਼ਾਹ ਅਬਦਾਲੀ ਦੇ ਸਾਹਮਣੇ ਸਿੰਘਾਂ ਨੂੰ ਪੇਸ਼ ਕੀਤਾ ਗਿਆ। ਅਬਦਾਲੀ ਨੇ ਜਿਨ੍ਹਾਂ ਸਿੰਘਾਂ ਦੇ ਆਪਣੇ ਜੀਵਨ ਵਿਚ ਸਭ ਤੋਂ ਪਹਿਲਾਂ ਦਰਸ਼ਨ ਕੀਤੇ, ਉਹਨਾਂ ਵਿਚੋਂ ਇਕ ਸਿੰਘ ਹਾਠੂ ਸਿੰਘ ਵੀ ਸੀ। ਅਬਦਾਲੀ ਨੇ ਉਹਨਾਂ ਨੂੰ ਪੁਛਿਆ ਕਿ "ਤੁਸੀਂ ਸਰਕਾਰ ਦੇ ਵਿਰੁੱਧ ਹੋ"

"ਜੀਆ", ਹਾਠੂ ਸਿੰਘ ਨੇ ਉਤਰ ਦਿੱਤਾ।

"ਕਿਉਂ ?" ਅਬਦਾਲੀ ਨੇ ਪੁਛਿਆ।

"ਇਹ ਸਰਕਾਰ ਜ਼ਾਲਮ ਏ", ਹਾਠੂ ਸਿੰਘ ਨੇ ਬਿਨਾਂ ਕਿਸੇ ਝਿੱਜਕ ਤੋਂ ਕਹਿਣਾ ਸ਼ੁਰੂ ਕਰ ਦਿੱਤਾ, "ਇਹ ਹਾਕਮ ਜ਼ਬਰਦਸਤੀ ਲੋਕਾਂ ਨੂੰ ਆਪਣਾ ਧਰਮ ਤੇ ਈਮਾਨ ਛੱਡਣ ਲਈ ਕਹਿੰਦੇ ਹਨ। ਜੋ ਨਹੀਂ ਮੰਨਦੇ ਉਨ੍ਹਾਂ ਤੇ ਸਖ਼ਤੀ ਕਰਦੇ ਹਨ। ਲੋਕਾਂ ਦੇ ਦੁਖ ਸੁਖ ਦਾ ਕੋਈ ਖ਼ਿਆਲ ਨਹੀਂ ਕਰਦੇ। ਆਰਾਮ ਤਲਬ ਹਾਕਮ ਆਪ ਐਸ਼ ਉਡਾ ਰਹੇ ਹਨ ਤੇ ਲੋਕੀਂ ਨਪੀੜੇ ਤੇ ਲਤਾੜੇ ਜਾ ਰਹੇ ਹਨ। ਅਜਿਹੀ ਹਾਲਤ ਵਿਚ ਅਸੀਂ ਚੁਪ ਕਰ ਕੇ ਬੈਠੇ ਰਹੀਏ, ਇਹ ਕਿਵੇਂ ਹੋ ਸਕਦਾ ਹੈ। ਸਿੰਘ ਸ਼ੇਰ ਹੁੰਦੇ ਹਨ।"

ਹਾਠੂ ਸਿੰਘ ਦਾ ਧੜੱਲੇਦਾਰ ਉਤਰ ਸੁਣ ਅਬਦਾਲੀ ਨੇ ਕਿਹਾ, "ਸ਼ੇਰ ਹਾਥੀ ਦਾ ਮੁਕਾਬਲਾ ਕਰ ਸਕਦਾ ਏ, ਤੂੰ ਕਰੇਂਗਾ।"

"ਕਿਉਂ ਨਹੀਂ", ਹਾਠੂ ਸਿੰਘ ਨੇ ਗਰਜ ਕੇ ਕਿਹਾ। ਉਸੇ ਵੇਲੇ ਜੰਗੀ ਹਾਥੀ ਨੂੰ ਸ਼ਰਾਬ ਪਿਆ ਕੇ ਲਿਆਂਦਾ ਗਿਆ ਤੇ ਹਾਠੂ ਸਿੰਘ ਵਲ ਛਡ ਦਿੱਤਾ ਗਿਆ। ਹਾਠੂ ਸਿੰਘ ਨੇ ਇਕ ਮਿੰਟ ਨੇਤਰ ਬੰਦ ਕਰ ਕੇ ਅਰਦਾਸ ਕੀਤੀ ਤੇ ਆਪਣੀ ਕਿਰਪਾਨ ਸੰਭਾਲ ਕੇ ਹਾਥੀ ਦੇ ਮੁਕਾਬਲੇ ਲਈ ਮੈਦਾਨ ਵਿਚ ਨਿਕਲ ਪਿਆ। ਹਾਥੀ, ਸਿੰਘ ਵਲ ਵਧਿਆ; ਸਿੰਘ ਨੇ ਸਤਿਨਾਮ ਕਹਿ ਕੇ ਪਹਿਲਾ ਵਾਰ ਅਜਿਹਾ ਟਿਕਵਾਂ ਕੀਤਾ ਕਿ ਹਾਥੀ ਦੀ ਸੁੰਢ ਵਢ ਸੁਟੀ। ਫੁਰਤੀ ਨਾਲ ਸਿੰਘ ਹਾਥੀ ਦੇ ਪਿਛੇ ਹੋ ਗਿਆ ਤੇ ਦੂਜਾ ਵਾਰ ਕਰ ਦਿੱਤਾ।

ਹਾਥੀ ਘਬਰਾ ਕੇ ਚੰਘਾੜਦਾ ਹੋਇਆ ਮੈਦਾਨ ਵਿਚੋਂ ਨੱਸ ਗਿਆ, ਅਬਦਾਲੀ ਬਹੁਤ ਪ੍ਰਭਾਵਤ ਹੋ ਗਿਆ। ਪਰ ਸਲਾਹਕਾਰਾਂ ਮੁਲਾਣਿਆਂ ਨੇ ਕਿਹਾ, "ਅਜਿਹੇ ਖ਼ਤਰਨਾਕ ਬੰਦਿਆਂ ਨੂੰ ਖੁਲ੍ਹਾ ਫਿਰਨ ਦੀ ਆਗਿਆ ਦੇਣੀ ਆਪਣੇ ਲਈ ਖ਼ਤਰਾ ਖੜ੍ਹਾ ਰਖਣਾ ਹੋਵੇਗਾ।" ਅਬਦਾਲੀ ਦੇ ਹੁਕਮ ਨਾਲ ਹੋਰ ਸਿੰਘਾਂ ਦੇ ਨਾਲ ਸਰਦਾਰ ਹਾਠੂ ਸਿੰਘ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ।

ਮਿਸਲਾਂ ਦੇ ਸ਼ਹੀਦ ਆਗੂ

ਅਠਾਰ੍ਹਵੀਂ ਸਦੀ ਦੇ ਸਿੱਖ ਸ਼ਹੀਦਾਂ ਦਾ ਜ਼ਿਕਰ ਕਰਦਿਆਂ ਮਿਸਲਾਂ ਦੇ ਉਹਨਾਂ ਆਗੂਆਂ ਦਾ ਜ਼ਿਕਰ ਨਾ ਕਰਨਾ ਸਖ਼ਤ ਬੇਇਨਸਾਫ਼ੀ ਹੈ, ਜਿਨ੍ਹਾਂ ਨੇ ਮਿਸਲਾਂ ਦੀ ਅਗਵਾਈ ਕਰਦਿਆਂ ਜ਼ੁਲਮ ਦੇ ਟਾਕਰੇ ਲਈ ਆਪਾ ਵਾਰਿਆ ਸੀ । ਬਾਰਾਂ ਮਿਸਲਾਂ ਦੇ ਹਜ਼ਾਰਾਂ ਸਿੰਘ ਜੰਗ ਦੇ ਮੈਦਾਨ ਵਿਚ ਸ਼ਹੀਦ ਹੋਏ, ਇਹਨਾਂ ਵਿਚੋਂ ਕੁਝ ਬਹੁਤ ਵੱਡੀਆਂ ਸ਼ਖ਼ਸੀਅਤਾਂ ਤੇ ਕੁਰਬਾਨੀ ਵਾਲੇ ਵਿਅਕਤੀ ਸਨ ।

1708 ਤੋਂ 1715 ਈਸਵੀ ਤਕ ਬੰਦਾ ਸਿੰਘ ਬਹਾਦਰ ਪੰਜਾਬ ਵਿਚ ਰਿਹਾ ਤੇ ਉਹਨਾਂ ਦੇਸ਼ ਆਜ਼ਾਦ ਕਰਾਣ ਲਈ ਕੁਰਬਾਨੀਆਂ ਕੀਤੀਆਂ । ਉਹਨਾਂ ਪਿਛੋਂ ਸਿੱਖ ਕੌਮ ਵਿਚ ਨਿਰਾਸਤਾ ਤੇ ਫੁਟ ਦਾ ਦੌਰ ਆਇਆ, ਪਰ ਜ਼ਕਰੀਆ ਖ਼ਾਨ ਦੇ ਪੰਜਾਬ ਦਾ ਗਵਰਨਰ ਬਣ ਜਾਣ ਤੇ ਸਿੱਖਾਂ ਵਿਰੁੱਧ ਜ਼ੁਲਮ ਸ਼ੁਰੂ ਕਰਨ ਤੇ ਸਿੱਖ ਕੌਮ ਵਿਚ ਨਵਾਂ ਜੋਸ਼ ਤੇ ਜਜ਼ਬਾ ਪੈਦਾ ਹੋ ਗਿਆ । ਭਾਈ ਤਾਰਾ ਸਿੰਘ ਵਾਂ ਦੀ ਸ਼ਹੀਦੀ ਨੇ ਕੌਮ ਨੂੰ ਝੰਜੋੜ ਦਿੱਤਾ ਤੇ ਕੌਮ ਜ਼ਾਲਮ ਦਾ ਟਾਕਰਾ ਕਰਨ ਲਗ ਪਈ ।

ਜਿਉਂ ਜਿਉਂ ਜ਼ੁਲਮ ਤੇ ਅਤਿਆਚਾਰ ਵਧਦੇ ਗਏ, ਤਿਉਂ ਤਿਉਂ ਸਿੱਖ ਕੌਮ ਵਧੇਰੇ ਜਥੇਬੰਦ ਹੁੰਦੀ ਗਈ । ਜਦ ਗਿਣਤੀ ਵਧ ਗਈ ਤਾਂ ਦੋ ਜਥੇ ਬਣ ਗਏ । 40 ਸਾਲ ਤੋਂ ਉਪਰ ਦੇ ਬੁੱਢਾ ਦਲ ਵਿਚ ਤੇ ਜਵਾਨ ਤਰਨਾ ਦਲ ਵਿਚ ਸ਼ਾਮਲ ਹੋ ਗਏ । ਇਹ ਦੋ ਜਥੇ ਵਧ ਕੇ 12 ਮਿਸਲਾਂ ਬਣ ਗਏ । ਮੁਢਲੇ ਤੌਰ ਤੇ ਇਹੀ ਮਿਸਲਾਂ ਅਠਾਰ੍ਹਵੀਂ ਸਦੀ ਦੀ ਪਹਿਲੀ ਚੁਥਾਈ ਤੋਂ ਪਿਛੋਂ ਹੋਂਦ ਵਿਚ ਆ ਗਈਆਂ ।

1748 ਵਿਚ 12 ਮਿਸਲਾਂ ਵੱਖਰੇ ਵੱਖਰੇ ਨਾਮ ਨਾਲ ਪ੍ਰਚਲਤ ਹੋ ਗਈਆਂ ਤੇ ਇਹਨਾਂ ਮਿਸਲਾਂ ਨੇ 50 ਸਾਲ ਦੁਸ਼ਮਣ ਦਾ ਟਾਕਰਾ ਕਰਨ, ਦੇਸ਼ ਦੀ ਆਜ਼ਾਦੀ ਲਈ ਬਦੇਸ਼ੀਆਂ ਨਾਲ ਲੜਨ ਤੇ ਦੀਨ ਦੁਖੀਆਂ ਦੀ ਮਦਦ ਦਾ ਅਜਿਹਾ ਪ੍ਰਵਾਹ ਚਲਾਇਆ ਕਿ ਲੋਕਾਂ ਦੇ ਦਿਲ ਜਿਤ ਲਏ ਤੇ ਅਖ਼ੀਰ ਇਨ੍ਹਾਂ ਮਿਸਲਾਂ ਦੀ ਖਿੰਡਵੀਂ ਤਾਕਤ ਨੂੰ ਇਕੱਠਾ ਕਰ ਕੇ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਖ਼ਾਲਸਾ ਰਾਜ ਕਾਇਮ ਕਰ ਲਿਆ ।

ਅਠਾਰ੍ਹਵੀਂ ਸਦੀ ਦਾ ਅਜੇ ਇਕ ਸਾਲ ਰਹਿੰਦਾ ਸੀ, ਜਦੋਂ ਕੌਮ ਬੇਹੱਦ ਕੁਰਬਾਨੀਆਂ ਦੇ ਕੇ ਤੇ ਕਸ਼ਟ ਸਹਿ ਕੇ ਅਖ਼ੀਰ ਦੇਸ਼ ਦੀ ਮਾਲਕ ਬਣ ਗਈ ਤੇ ਸਾਬਤ ਕਰ ਦਿੱਤਾ ਕਿ ਸਬਰ, ਸਿਦਕ ਤੇ ਕੁਰਬਾਨੀਆਂ ਜ਼ੁਲਮ ਤੇ ਜਬਰ ਦੇ ਟਾਕਰੇ ਤੇ ਫ਼ਤਹਿ ਪਾਂਦੀਆਂ ਹਨ । ਸਿੱਖ ਰਾਜ ਦੀ ਨੀਂਹ ਅਸਲ ਵਿਚ ਮਿਸਲਾਂ ਨੇ ਰੱਖੀ ਸੀ । ਕੌਮ ਦਾ ਸਿਰ ਉਚਾ ਕੀਤਾ ਸੀ ਉਹਨਾਂ ਮਹਾਨ ਸੂਰਬੀਰਾਂ ਨੇ, ਜਿਨ੍ਹਾਂ ਮਿਸਲਾਂ ਦੀ ਅਗਵਾਈ ਕੀਤੀ । ਸ: ਜੱਸਾ ਸਿੰਘ ਆਹਲੂਵਾਲੀਆ, ਨਵਾਬ ਕਪੂਰ ਸਿੰਘ, ਸ: ਜੱਸਾ ਸਿੰਘ ਰਾਮਗੜ੍ਹੀਆ, ਸ: ਚੜ੍ਹਤ ਸਿੰਘ ਸ਼ੁਕਰਚਕੀਆ, ਸ: ਬਘੇਲ ਸਿੰਘ ਆਦਿ

ਅਨੇਕਾਂ ਸੂਰਬੀਰਾਂ ਨੇ ਉਸ ਸਮੇਂ ਕੌਮ ਦੀ ਅਗਵਾਈ ਕੀਤੀ। ਉਹਨਾਂ ਵਿਚੋਂ ਕੁਝ ਸ਼ਹੀਦ ਆਗੂਆਂ ਦਾ ਮੈਂ ਜ਼ਿਕਰ ਕਰਨ ਲੱਗਾ ਹਾਂ। ਸਿੱਖਾਂ ਦੀਆਂ 12 ਮਿਸਲਾਂ ਦੇ ਨਾਮ ਇਸ ਪ੍ਰਕਾਰ ਹਨ :

ਮਿਸਲ ਸ਼ਹੀਦਾਂ, ਮਿਸਲ ਭੰਗੀਆਂ, ਮਿਸਲ ਕਰੋੜ ਸਿੰਘੀਆਂ, ਮਿਸਲ ਨਿਸ਼ਾਨਾਂ ਵਾਲੀ, ਮਿਸਲ ਡਲੇ ਵਾਲੀ, ਮਿਸਲ ਫੂਲਕੀਆਂ, ਮਿਸਲ ਰਾਮਗੜ੍ਹੀਆ, ਮਿਸਲ ਕਨ੍ਹਈਆ, ਮਿਸਲ ਸਿੰਘ ਪੁਰੀਆ, ਮਿਸਲ ਆਹਲੂਵਾਲੀਆ, ਮਿਸਲ ਸ਼ੁਕਰਚਕੀਆ, ਮਿਸਲ ਨਕੱਈ।

ਸ਼ਹੀਦ ਬਾਬਾ ਦੀਪ ਸਿੰਘ ਜੀ ਮਿਸਲ ਸ਼ਹੀਦਾਂ ਦੇ ਜਥੇਦਾਰ ਸਨ ਜਿਨ੍ਹਾਂ ਦੀ ਸ਼ਹੀਦੀ ਦਾ ਵਰਣਨ ਅਸੀਂ ਪਹਿਲਾਂ ਕਰ ਚੁਕੇ ਹਾਂ। ਇਸ ਮਿਸਲ ਦੇ ਦੂਜੇ ਆਗੂ ਬਾਬਾ ਗੁਰਬਖ਼ਸ਼ ਸਿੰਘ ਜੀ ਬਾਰੇ ਵੀ ਵੱਖਰਾ ਲੇਖ ਦਿੱਤਾ ਜਾ ਚੁਕਿਆ ਹੈ। ਇਸੇ ਮਿਸਲ ਦੇ ਹੋਰ ਆਗੂ ਸ: ਕਰਮ ਸਿੰਘ ਸੰਧੂ ਤੇ ਸ: ਸੁਧਾ ਸਿੰਘ ਦਕੋਹਾ ਸਨ। ਇਸ ਮਿਸਲ ਨੇ ਸਿਆਲਕੋਟ ਦਾ ਇਲਾਕਾ ਜਦ ਫ਼ਤਹਿ ਕੀਤਾ ਤਾਂ ਉਥੋਂ ਦਾ ਪ੍ਰਬੰਧਕ ਭਾਈ ਨੱਥਾ ਸਿੰਘ ਨੂੰ ਬਣਾਇਆ ਗਿਆ। ਇਹਨਾਂ ਨੂੰ ਆਪਣੇ ਗੁਜ਼ਾਰੇ ਲਈ ਜਾਗੀਰ ਵੀ ਦਿੱਤੀ ਗਈ ਸੀ, ਪਰ ਸ: ਨੱਥਾ ਸਿੰਘ ਨੇ ਉਹ ਸਾਰੀ ਜਾਗੀਰ ਗੁਰਦਵਾਰਾ ਬਾਬੇ ਦੀ ਬੇਰ ਸਿਆਲਕੋਟ ਦੇ ਨਾਮ ਲਗਵਾ ਦਿੱਤੀ। ਆਪ ਬਹੁਤ ਬਹਾਦਰ ਸਨ। ਸਾਰੀ ਆਯੂ ਵਿਆਹ ਨਹੀਂ ਕਰਵਾਇਆ ਤੇ ਜੀਵਨ ਕੌਮ ਦੀ ਸੇਵਾ ਵਿਚ ਹੀ ਅਰਪਨ ਕੀਤੀ ਰਖਿਆ।

ਜਦ 1757 ਈਸਵੀ ਵਿਚ ਅਹਿਮਦ ਸ਼ਾਹ ਅਬਦਾਲੀ ਭਾਰਤ ਤੇ ਹਮਲਾ ਕਰ ਕੇ ਆਇਆ ਤਾਂ ਅੰਮ੍ਰਿਤਸਰ ਵਿਚ ਸਿੰਘਾਂ ਨਾਲ ਉਸ ਦਾ ਟਾਕਰਾ ਹੋਇਆ। ਸ: ਨੱਥਾ ਸਿੰਘ ਨੇ ਸਿੰਘਾਂ ਦੀ ਇਸ ਸਮੇਂ ਅਗਵਾਈ ਕੀਤੀ ਤੇ ਸ਼ਹੀਦ ਹੋ ਗਏ। ਆਪ ਦਮਦਮਾ ਸਾਹਿਬ ਦੇ ਪ੍ਰਬੰਧਕ ਵੀ ਰਹੇ ਸਨ। ਇਸ ਮਿਸਲ ਵਿਚ ਬਾਬਾ ਦੀਪ ਸਿੰਘ ਤੇ ਬਾਬਾ ਗੁਰਬਖ਼ਸ਼ ਸਿੰਘ ਤੋਂ ਪਿਛੋਂ ਨੱਥਾ ਸਿੰਘ ਜੀ ਮਹਾਨ ਸ਼ਹੀਦ ਹੋਏ ਹਨ। ਬਾਬਾ ਦੀਪ ਸਿੰਘ ਪਿਛੋਂ ਸ਼ਹੀਦੀ ਮਿਸਲ ਦੇ ਵੱਡੇ ਜਥੇਦਾਰ ਸ: ਸੁਧਾ ਸਿੰਘ ਜੀ ਥਾਪੇ ਗਏ। ਉਹਨਾਂ ਕੁਝ ਚਿਰ ਬਹੁਤ ਮੱਲਾਂ ਮਾਰੀਆਂ ਤੇ ਕਈ ਥਾਂ ਸਿੰਘਾਂ ਨੇ ਵੈਰੀਆਂ ਨੂੰ ਹਾਰ ਦਿੱਤੀ। ਅਖ਼ੀਰ ਸ: ਸੁਧਾ ਸਿੰਘ ਜੀ ਵੀ ਦਕੋਹੇ (ਜਲੰਧਰ) ਦੇ ਨੇੜੇ ਪਠਾਣਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ।

ਅੰਮ੍ਰਿਤਸਰ ਦੀ ਪਵਿੱਤਰਤਾ ਲਈ ਜਿਤਨੀਆਂ ਕੁਰਬਾਨੀਆਂ ਇਸ ਮਿਸਲ ਨੇ ਦਿੱਤੀਆਂ, ਉਨੀਆਂ ਹੋਰ ਕਿਸੇ ਨਹੀਂ ਦਿੱਤੀਆਂ। ਸ਼ਹਿਰ ਦੇ ਆਸ ਪਾਸ ਚੱਪਾ ਚੱਪਾ ਥਾਂ ਸ਼ਹੀਦਾਂ ਦੇ ਖ਼ੂਨ ਨਾਲ ਛੋਹ ਕੇ ਪਵਿਤ੍ਰ ਹੋਈ ਸੀ। ਸ: ਬਸੰਤ ਸਿੰਘ ਥੜ੍ਹੇ ਸਾਹਿਬ ਪਾਸ ਤੇ ਸ: ਨਿਹਾਲ ਸਿੰਘ ਚੁਰਸਤੀ ਅਟਾਰੀ ਪਾਸ ਸ਼ਹੀਦ ਹੋਏ। ਜਿਥੇ ਕੋਈ ਸ਼ਹੀਦ ਹੋਇਆ, ਉਥੇ ਸ਼ਹੀਦ ਗੰਜ ਕਾਇਮ ਹੋ ਗਿਆ।

ਦੂਜੀ ਪ੍ਰਸਿਧ ਮਿਸਲ ਭੰਗੀਆਂ ਦੀ ਸੀ। ਇਸ ਮਿਸਲ ਦਾ ਪਹਿਲਾ ਜਥੇਦਾਰ ਛੱਜੂ ਸਿੰਘ ਹੋਇਆ ਹੈ, ਪਰ ਦੂਜੇ ਤੇ ਸਭ ਤੋਂ ਵੱਧ ਪ੍ਰਸਿਧ ਆਗੂ ਸ: ਹਰੀ ਸਿੰਘ ਦਾ ਜਨਮ ਚੌਧਰੀ ਭੂਮਾ ਸਿੰਘ ਦੇ ਘਰ ਪਿੰਡ ਚੂੰਘ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਹੋਇਆ।

ਸ: ਭੂਮਾ ਸਿੰਘ ਜੀ ਆਪ ਬੜੇ ਸੂਰਮੇ ਸਨ। ਉਹਨਾਂ ਨੂੰ ਇਸ ਗੱਲ ਦਾ ਮਾਣ ਪ੍ਰਾਪਤ ਸੀ ਕਿ ਉਹਨਾਂ ਦਸਮੇਸ਼ ਪਿਤਾ ਦੇ ਪਾਵਨ ਹੱਥਾਂ ਤੋਂ ਅੰਮ੍ਰਿਤ ਛਕਿਆ ਸੀ। ਜਦ ਸ: ਹਰੀ ਸਿੰਘ ਨੇ ਸੁਰਤ ਸੰਭਾਲੀ ਤਾਂ ਬਹਾਦਰ ਪਿਤਾ ਦਾ ਸੂਰਬੀਰ ਪੁੱਤਰ ਮੈਦਾਨ ਵਿਚ ਕੁਰਬਾਨੀਆਂ ਕਰਨ ਲਈ ਨਿਤਰਿਆ। ਬਾਬਾ ਦੀਪ ਸਿੰਘ ਜੀ ਦੇ ਹੱਥੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਫਿਰ ਮਿਸਲ ਭੰਗੀਆਂ ਵਿਚ ਸ਼ਾਮਲ ਹੋ ਗਏ ਤੇ ਆਪਣੀ ਬਹਾਦਰੀ ਤੇ ਸੂਰਮਗਤੀ ਨਾਲ ਮਿਸਲ ਦੇ ਮੁਖੀ ਬਣ ਗਏ।

ਇਕ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਦੀਵਾਨ ਲੱਗਾ ਸੀ ਜਦੋਂ ਇਕ ਗਰੀਬ ਬ੍ਰਾਹਮਣ ਨੇ ਆ ਕੇ ਅਰਜ਼ ਕੀਤੀ ਕਿ ਮੇਰੀ ਬੇਟੀ ਕਸੂਰ ਦਾ ਪਠਾਣ ਹਾਕਮ ਜ਼ਬਰਦਸਤੀ ਲੈ ਗਿਆ ਹੈ। ਸ: ਹਰੀ ਸਿੰਘ ਨੇ ਉਸੇ ਵੇਲੇ ਗੁੱਸੇ ਨਾਲ ਮਿਆਨ ਵਿਚੋਂ ਤਲਵਾਰ ਕਢ ਲਈ ਤੇ ਕਿਹਾ ਕਿ ਇਹ ਜ਼ਾਲਮ ਪਠਾਣ ਰਹੇਗਾ ਜਾਂ ਸਿੰਘ ਰਹੇਗਾ। ਪੰਜ ਹਜ਼ਾਰ ਜਵਾਨਾਂ ਨੂੰ ਲੈ ਕੇ ਤੁਰ ਪਏ। ਦੂਜੀਆਂ ਮਿਸਲਾਂ ਦੇ ਜਿਹੜੇ ਦਸਤੇ ਨੇੜੇ ਨੇੜੇ ਸਨ, ਉਹ ਵੀ ਅਠ ਕੁ ਹਜ਼ਾਰ ਪਹੁੰਚ ਗਏ ਤੇ 13 ਹਜ਼ਾਰ ਸਿੰਘ ਕਸੂਰ ਤੇ ਜਾ ਪਏ। ਕਸੂਰ ਬਹੁਤ ਬਲਵਾਨ ਰਿਆਸਤ ਸੀ। ਬੜਾ ਭਿਆਨਕ ਜੰਗ ਹੋਇਆ, ਜਿਸ ਵਿਚ ਸੈਂਕੜੇ ਸਿੰਘ ਸ਼ਹੀਦ ਹੋ ਗਏ। ਬ੍ਰਾਹਮਣ ਦੀ ਲੜਕੀ ਛੁਡਾਈ ਤੇ ਜ਼ਾਲਮ ਨੂੰ ਗ੍ਰਿਫ਼ਤਾਰ ਕਰ ਕੇ ਉਸਨੂੰ ਕੀਤੇ ਦੀ ਸਜ਼ਾ ਦਿੱਤੀ।

1762 ਈਸਵੀ ਨੂੰ ਸਿੰਘਾਂ ਨੇ ਜਦ ਲਾਹੌਰ ਤੇ ਹਮਲਾ ਕੀਤਾ ਤਾਂ ਉਸ ਸਮੇਂ ਸ: ਹਰੀ ਸਿੰਘ ਆਪਣੀ ਮਿਸਲ ਸਮੇਤ ਮੋਹਰੀਆਂ ਵਿਚ ਸੀ ਤੇ ਇਹਨਾਂ ਹਿੰਮਤ ਕਰ ਕੇ ਖ਼ੁਆਜਾ ਉਬੇਦ ਬੇਗ ਪਾਸੋਂ ਉਹ ਇਤਿਹਾਸਕ ਤੋਪ ਖੋਹ ਲਈ ਜੋ ਇਤਿਹਾਸ ਵਿਚ ਫਿਰ ਭੰਗੀਆਂ ਦੀ ਤੋਪ ਦੇ ਨਾਮ ਨਾਲ ਮਸ਼ਹੂਰ ਹੋਈ। ਜਦ ਰਾਜਾ ਅਮਰ ਸਿੰਘ ਪਟਿਆਲੇ ਵਾਲੇ ਦੀ ਲੜਾਈ ਭੱਟੀਆਂ ਨਾਲ ਸ਼ੁਰੂ ਹੋਈ ਤਾਂ ਉਹਨੇ ਆਪਣੀ ਸਹਾਇਤਾ ਲਈ ਸਿੱਖ ਮਿਸਲਾਂ ਨੂੰ ਸੱਦਾ ਦਿੱਤਾ। ਸ: ਹਰੀ ਸਿੰਘ ਆਪਣੀ ਮਿਸਲ ਦੇ ਜਵਾਨਾਂ ਨੂੰ ਲੈ ਕੇ ਉਹਨਾਂ ਦੀ ਮਦਦ 'ਤੇ ਪਹੁੰਚੇ ਤੇ ਜੰਗ ਵਿਚ ਭੱਟੀਆਂ ਦਾ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ। ਸਿੱਖ ਮਿਸਲਾਂ ਵਿਚ ਦੂਰ ਦੂਰ ਤੱਕ ਮਾਰ ਕਰਨ ਵਾਲੀ ਇਹੋ ਮਿਸਲ ਸੀ। ਇਕ ਪਾਸੇ ਮੁਲਤਾਨ ਤੇ ਦੂਜੇ ਪਾਸੇ ਜੰਮੂ ਕਸ਼ਮੀਰ ਤਕ ਇਹਨਾਂ ਨੇ ਜਾ ਕੇ ਇਲਾਕੇ ਮੱਲ ਲਏ ਸਨ ਪਰ ਹਰੀ ਸਿੰਘ ਵਰਗਾ ਬਹਾਦਰ ਇਸ ਮਿਸਲ ਦਾ ਹੋਰ ਕੋਈ ਸਰਦਾਰ ਨਹੀਂ ਹੋਇਆ।

ਨਿਸ਼ਾਨਾਂ ਵਾਲੀ ਮਿਸਲ ਦੇ ਮੋਢੀਆਂ ਵਿਚੋਂ ਸ: ਦਸੋਂਧਾ ਸਿੰਘ ਜੀ ਵੀ ਸਨ। ਇਹ ਸ਼ੇਰਗਿਲ ਜੱਟਾਂ ਵਿਚੋਂ ਬੜੇ ਬਹਾਦਰ ਤੇ ਸੂਰਮੇ ਹੋਏ ਹਨ। ਸਿੰਘਾਂ ਦੇ ਸਾਂਝੇ ਮਾਰਚ ਵੇਲੇ ਦਲ ਖ਼ਾਲਸਾ ਦੇ ਅੱਗੇ ਇਹ ਨਿਸ਼ਾਨ ਸਾਹਿਬ ਚੁਕ ਕੇ ਤੁਰਿਆ ਕਰਦੇ ਸਨ ਜਿਸ ਕਰਕੇ ਇਹਨਾਂ ਦੀ ਮਿਸਲ ਨੂੰ ਹੀ ਨਿਸ਼ਾਨਾਂ ਵਾਲੀ ਮਿਸਲ ਕਿਹਾ ਜਾਣ ਲਗ ਪਿਆ। ਲੁਧਿਆਣੇ ਤੇ ਅੰਬਾਲੇ ਦੇ ਇਲਾਕੇ ਵਿਚ ਇਹਨਾਂ ਕਬਜ਼ਾ ਕੀਤਾ। ਰਾਣੀਆਂ ਵਾਲੇ ਦੇ ਹਾਕਮ ਜ਼ਾਬਤਾ ਖ਼ਾਨ ਨਾਲ ਸਿੰਘਾਂ ਦਾ ਜੰਗ ਛਿੜਿਆ ਤਾਂ ਉਸ ਸਮੇਂ ਨਿਸ਼ਾਨਾਂ ਵਾਲੀ ਮਿਸਲ ਆਪਣੀ ਪੂਰੀ ਤਾਕਤ ਨਾਲ ਇਸ ਵਿਚ ਸ਼ਾਮਲ ਹੋਈ। ਸ: ਦਸੋਂਧਾ ਸਿੰਘ ਨੇ ਅੱਗੇ ਵਧ ਵਧ ਕੇ ਵਾਰ ਕੀਤੇ ਤੇ ਅਖ਼ੀਰ ਆਪ ਜੰਗ ਦੇ ਮੈਦਾਨ ਵਿਚ ਸ਼ਹੀਦ ਹੋ ਗਏ। ਸ: ਦਸੋਂਧਾ ਸਿੰਘ ਪਿੰਡ ਮਨਸੂਰ ਵਾਲੇ ਜ਼ਿਲਾ

ਫ਼ਿਰੋਜ਼ਪੁਰ ਦੇ ਚੌਧਰੀ ਸਾਹਿਬ ਰਾਏ ਦੇ ਪੁੱਤਰ ਸਨ। ਚੌਧਰੀ ਸਾਹਿਬ ਗੁਰੂ ਘਰ ਦੇ ਬਹੁਤ ਪ੍ਰੇਮੀ ਸਨ ਤੇ ਉਹਨਾਂ ਆਪਣੇ ਪੁੱਤਰ ਨੂੰ ਸਿੰਘ ਸਜਾ ਕੇ ਕੌਮ ਦੀ ਸੇਵਾ ਲਈ ਲਾ ਦਿੱਤਾ।

ਮਿਸਲ ਕਰੋੜੀਆਂ ਦੇ ਮੁਖੀ ਸ: ਕਰੋੜਾ ਸਿੰਘ ਸਨ ਜੋ ਪਿੰਡ ਬਰਕੀ ਦੇ ਕਿਸਾਨ ਸਨ। ਪਹਿਲਾਂ ਇਹਨਾਂ ਦਾ ਨਾਮ ਕਰੋੜੀ ਮਲ ਸੀ। ਜ਼ਕਰੀਆ ਖ਼ਾਨ ਨੇ ਇਨ੍ਹਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਣ ਦਾ ਯਤਨ ਕੀਤਾ ਪਰ ਇਹ ਸਿੰਘ ਸਜ ਗਏ ਤੇ ਸਿੰਘਾਂ ਦੇ ਜਥੇ ਵਿਚ ਸ਼ਾਮਲ ਹੋ ਗਏ। ਜਦ ਨਾਦਰ ਸ਼ਾਹ ਨੇ ਹਮਲਾ ਕੀਤਾ ਤੇ ਸਿੰਘਾਂ ਨੇ ਉਸ ਨਾਲ ਟੱਕਰ ਲਈ ਤਾਂ ਸ: ਕਰੋੜਾ ਸਿੰਘ ਨੇ ਨਾਦਰ ਸ਼ਾਹ ਦੇ ਉਘੇ ਜਰਨੈਲ ਸ਼ਮਸ ਦੀਨ ਨੂੰ ਜੰਗ ਦੇ ਮੈਦਾਨ ਵਿਚ ਮਾਰਿਆ। ਜਲੰਧਰ ਦੇ ਅਦੀਨਾ ਬੇਗ ਨੂੰ ਵੀ ਇਸੇ ਸੂਰਬੀਰ ਨੇ ਹਰਾਇਆ। ਅਖ਼ੀਰ ਸ: ਕਰੋੜਾ ਸਿੰਘ 1761 ਈਸਵੀ ਵਿਚ ਗ਼ੁਲਾਮ ਕਾਦਰ ਰੁਹੇਲੇ ਨਾਲ ਜੰਗ ਕਰਦੇ ਤਰਾਵੜੀ ਦੇ ਮੈਦਾਨ ਵਿਚ ਬਹਾਦਰੀ ਨਾਲ ਸ਼ਹੀਦ ਹੋ ਗਏ।

ਅਕਾਲੀ ਫੂਲਾ ਸਿੰਘ

ਸਿੱਖ ਰਾਜ ਦੇ ਸਮੇਂ ਜਿਹੜੇ ਉੱਘੇ ਜਰਨੈਲ ਤੇ ਮਹਾਨ ਵਿਅਕਤੀ ਕੇਵਲ ਦੇਸ਼ ਪਿਆਰ ਤੇ ਪੰਥਕ ਜਜ਼ਬੇ ਨਾਲ ਕੌਮੀ ਸੇਵਾ ਦੇ ਮੈਦਾਨ ਵਿਚ ਆਏ ਤੇ ਅਖ਼ੀਰ ਸ਼ਹੀਦੀਆਂ ਪ੍ਰਾਪਤ ਕਰ ਗਏ, ਉਹਨਾਂ ਵਿਚ ਅਕਾਲੀ ਫੂਲਾ ਸਿੰਘ ਜੀ ਦਾ ਨਾਮ ਵਰਣਨ ਯੋਗ ਹੈ। ਸ: ਹਰੀ ਸਿੰਘ ਨਲਵੇ ਵਾਂਗ ਆਪ ਵੀ ਖ਼ਾਲਸਾ ਫ਼ੌਜ ਦੇ ਬਾਕਾਇਦਾ ਮੁਲਾਜ਼ਮ ਰਹਿਣ ਦੀ ਥਾਂ ਉਸ ਸਮੇਂ ਦੇ ਲੋਕ-ਆਗੂ ਦੀ ਹੈਸੀਅਤ ਵਿਚ ਲੜਦੇ ਰਹੇ। ਅਕਾਲੀ ਫੂਲਾ ਸਿੰਘ ਨਾਲੋਂ ਵੱਧ ਉਸ ਸਮੇਂ ਸ਼ਾਇਦ ਹੀ ਹੋਰ ਕਿਸੇ ਦਾ ਲੋਕਾਂ ਵਿਚ ਸਤਿਕਾਰ ਹੋਵੇ। ਇਕ ਪਾਸੇ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ, ਇਸੇ ਲਈ ਮਹਾਰਾਜਾ ਰਣਜੀਤ ਸਿੰਘ ਤਕ ਨੂੰ ਸਜ਼ਾ ਦੇਣ ਦੇ ਸਮਰਥ ਸਨ। ਆਪ ਦੀ ਸ਼ਹੀਦੀ, ਸਿੱਖ ਆਚਰਣ ਦੀ ਦ੍ਰਿੜ੍ਹਤਾ, ਪਕਿਆਈ ਤੇ ਅਰਦਾਸ ਦੀ ਮਹਾਨਤਾ ਨੂੰ ਪ੍ਰਗਟ ਕਰਦੀ ਹੈ।

ਇਲਾਕਾ ਬਾਂਗਰ ਦੇ ਇਕ ਨਿਕੇ ਜਿਹੇ ਪਿੰਡ ਸ਼ੀਹਾਂ ਵਿਚ ਇਕ ਸਾਧਾਰਨ ਘਰ ਦੇ ਸ: ਈਸ਼ਰ ਸਿੰਘ ਜੀ ਦੇ ਘਰ ਅਕਾਲੀ ਫੂਲਾ ਸਿੰਘ ਦਾ ਜਨਮ ਹੋਇਆ। ਸ: ਈਸ਼ਰ ਸਿੰਘ ਨਿਸ਼ਾਨਾਂ ਵਾਲੀ ਮਿਸਲ ਵਿਚ ਸ਼ਾਮਲ ਹੋ ਕੇ ਕਈ ਕੌਮੀ ਯੁੱਧਾਂ ਵਿਚ ਲੜੇ। ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਹੋ ਰਹੇ ਸਨ ਜਦੋਂ 1761 ਵਿਚ ਅਕਾਲੀ ਫੂਲਾ ਸਿੰਘ ਨੇ ਜਨਮ ਧਾਰਿਆ। ਵੱਡੇ ਘਲੂਘਾਰੇ ਵਿਚ ਨਿਸ਼ਾਨਾਂ ਵਾਲੀ ਮਿਸਲ ਵਲੋਂ ਲੜਦਿਆਂ ਸ: ਈਸ਼ਰ ਸਿੰਘ ਸਖ਼ਤ ਜ਼ਖ਼ਮੀ ਹੋ ਗਏ ਤੇ ਕੁਝ ਚਿਰ ਪਿਛੋਂ ਘਰ ਆ ਕੇ ਅਕਾਲ ਚਲਾਣਾ ਕਰ ਗਏ। ਚਲਾਣੇ ਤੋਂ ਪਹਿਲਾਂ ਆਪ ਨੇ ਫੂਲਾ ਸਿੰਘ ਦੀ ਬਾਂਹ ਆਪਣੇ ਬਹੁਤ ਹੀ ਨਿਕਟਵਰਤੀ ਮਿੱਤਰ ਸ: ਨਰਾਇਣ ਸਿੰਘ ਨੂੰ ਫੜਾਈ ਤੇ ਕਿਹਾ ਕਿ ਇਹਨੂੰ ਪੰਥਕ ਸੇਵਾ ਦੇ ਮੈਦਾਨ ਵਿਚ ਲਾ ਦੇਣਾ। ਸ: ਨਰਾਇਣ ਸਿੰਘ ਆਪ ਮਿਸਲ ਸ਼ਹੀਦਾਂ ਵਿਚ ਸ਼ਾਮਲ ਸਨ।

ਪਿਤਾ ਦੇ ਚਲਾਣੇ ਪਿਛੋਂ ਆਪ ਨੇ ਆਪਣੀ ਮਾਤਾ ਤੇ ਸ: ਨਰਾਇਣ ਸਿੰਘ ਦੇ ਉਦਮ ਨਾਲ ਗੁਰਬਾਣੀ ਪੜ੍ਹੀ ਤੇ ਕੰਠ ਕੀਤੀ। ਫਿਰ ਸ਼ਸਤਰ ਵਿਦਿਆ ਪ੍ਰਾਪਤ ਕੀਤੀ। ਘੋੜ ਸਵਾਰੀ ਤੇ ਤਲਵਾਰ ਚਲਾਣ ਆਦਿ ਵਿਚ ਤਾਂ ਆਪ ਦਾ ਟਾਕਰਾ ਕਰਨਾ ਮੁਸ਼ਕਲ ਸੀ। ਫਿਰ ਮਾਤਾ ਦੇ ਚਲਾਣੇ ਪਿਛੋਂ ਫੂਲਾ ਸਿੰਘ ਨੇ ਅਕਾਲੀ ਬਾਣਾ ਪਾ ਲਿਆ ਤੇ ਸ਼ਹੀਦਾਂ ਦੀ ਮਿਸਲ ਵਿਚ ਸ਼ਾਮਲ ਹੋ ਗਏ। ਆਪਣੀ ਜ਼ਮੀਨ ਤੇ ਜਾਇਦਾਦ ਲੋੜਵੰਦਾਂ ਵਿਚ ਵੰਡ ਦਿਤੀ। ਆਪ ਅਨੰਦਪੁਰ ਸਾਹਿਬ ਚਲੇ ਗਏ ਤੇ ਗੁਰਦਵਾਰਿਆਂ ਦੀ ਸੇਵਾ ਸੰਭਾਲ ਵਿਚ ਜੁਟ ਪਏ।

ਮਿਸਲ ਸ਼ਹੀਦਾਂ ਵਿਚ ਬਾਬਾ ਨਰਾਇਣ ਸਿੰਘ ਨੂੰ ਉਚ ਪਦਵੀ ਪ੍ਰਾਪਤ ਸੀ

ਜੋ ਉਹਨਾਂ ਦੇ ਚਲਾਣੇ ਪਿਛੋਂ ਅਕਾਲੀ ਫੂਲਾ ਸਿੰਘ ਨੂੰ ਮਿਲ ਗਈ। ਆਪ ਕੁਝ ਲੜਾਈਆਂ ਵਿਚ ਸ਼ਾਮਲ ਹੋਏ ਤੇ ਬੜੀ ਬੀਰਤਾ ਨਾਲ ਲੜੇ। ਪੰਥ ਵਿਚ ਆਪ ਦਾ ਸਤਿਕਾਰ ਤੇ ਸਨਮਾਨ ਦਿਨ ਬਦਿਨ ਵਧਦਾ ਚਲਾ ਗਿਆ। 1800 ਈਸਵੀ ਨੂੰ ਅਕਾਲੀ ਫੂਲਾ ਸਿੰਘ ਜੀ ਅਨੰਦਪੁਰ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਆ ਗਏ ਤੇ ਇਥੇ ਗੁਰਦੁਆਰਾ ਪ੍ਰਬੰਧ ਵਿਚ ਪੈਦਾ ਹੋ ਚੁਕੀਆਂ ਤਰੁਟੀਆਂ ਨੂੰ ਦੂਰ ਕਰਨ ਵਿਚ ਜੁਟ ਗਏ। ਆਪ ਨੇ ਸਰੋਵਰ ਦੀ ਸੇਵਾ ਕਰਵਾਈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਆਪਣੇ ਹੱਥ ਵਿਚ ਲੈ ਲਿਆ।

1802 ਈਸਵੀ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਵਿਚ ਸ਼ਾਮਲ ਕਰਨ ਲਈ ਅੰਮ੍ਰਿਤਸਰ ਤੇ ਚੜ੍ਹਾਈ ਕਰ ਦਿੱਤੀ। ਇਥੇ ਬਹੁਤ ਸਾਰੇ ਨਿੱਕੇ ਨਿੱਕੇ ਸਰਦਾਰ ਕਾਬਜ਼ ਸਨ, ਜੋ ਭੰਗੀਆਂ ਦੀ ਮਿਸਲ ਵਿਚੋਂ ਸਨ। ਅਕਾਲੀ ਫੂਲਾ ਸਿੰਘ ਨੇ ਵਿਚ ਪੈ ਕੇ ਲੜਾਈ ਨਾ ਹੋਣ ਦਿੱਤੀ ਤੇ ਸੁਲਹ ਸਫ਼ਾਈ ਨਾਲ ਮਾਮਲਾ ਨਿਬੇੜ ਦਿੱਤਾ ਤੇ ਅੰਮ੍ਰਿਤਸਰ ਉਤੇ ਮਹਾਰਾਜਾ ਰਣਜੀਤ ਸਿੰਘ ਦਾ ਕਬਜ਼ਾ ਕਰਵਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਜਥੇ ਦੇ ਲੰਗਰ ਲਈ ਬਹੁਤ ਸਾਰੀ ਜਾਗੀਰ ਦੇ ਦਿੱਤੀ।

1807 ਈਸਵੀ ਨੂੰ ਕਸੂਰ ਤੇ ਚੜ੍ਹਾਈ ਹੋਈ। ਕਸੂਰ ਦਾ ਪਠਾਣ ਹਾਕਮ ਕੁਤਬਦੀਨ ਬਹੁਤ ਤਿਆਰੀਆਂ ਕਰ ਕੇ ਮੁਕਾਬਲੇ ਲਈ ਡਟਿਆ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਦੇ ਦਲ ਨੂੰ ਮਦਦ ਲਈ ਬੁਲਾ ਲਿਆ। ਇਸ ਲੜਾਈ ਵਿਚ ਅਕਾਲੀ ਫੂਲਾ ਸਿੰਘ ਦੀ ਬੀਰਤਾ ਦੇਖ ਕੇ ਸਾਰੇ ਜਰਨੈਲ ਅਸ਼ ਅਸ਼ ਕਰ ਉਠੇ। ਮਹਾਰਾਜਾ ਰਣਜੀਤ ਸਿੰਘ ਨੇ ਦਲ ਅਕਾਲੀ ਲਈ ਹੋਰ ਜਾਗੀਰ ਦੇ ਦਿੱਤੀ। ਇਸ ਪਿਛੋਂ ਅਕਾਲੀ ਫੂਲਾ ਸਿੰਘ ਜੀ ਕੁਝ ਚਿਰ ਦਮਦਮਾ ਸਾਹਿਬ ਤੇ ਫਿਰ ਅਨੰਦਪੁਰ ਚਲੇ ਗਏ। ਫਿਰ ਆ ਕੇ ਮੁਲਤਾਨ, ਬਹਾਵਲਪੁਰ ਤੇ ਸਿੰਘਾਂ ਦੀਆਂ ਚੜ੍ਹਾਈਆਂ ਵਿਚ ਹਿੱਸਾ ਲਿਆ ਤੇ ਮੁਲਤਾਨ ਦੀ ਅੰਤਮ ਲੜਾਈ, ਜੋ 1817 ਤੇ 1818 ਵਿਚ ਜਾਰੀ ਰਹੀ, ਉਸ ਨੂੰ ਖ਼ਤਮ ਕਰਨ ਤੇ ਮੁਲਤਾਨ ਦਾ ਪ੍ਰਸਿਧ ਕਿਲ੍ਹਾ ਫ਼ਤਹਿ ਕਰਨ ਦਾ ਸਿਹਰਾ ਅਕਾਲੀ ਫੂਲਾ ਸਿੰਘ ਦੇ ਸਿਰ ਹੈ।

ਕਿਹਾ ਜਾਂਦਾ ਹੈ ਕਿ ਤੋਪਾਂ ਦੀ ਮਾਰ ਨਾਲ ਜਦ ਮੁਲਤਾਨ ਦੇ ਕਿਲ੍ਹੇ ਦੀ ਇਕ ਕੰਧ ਡਿਗ ਗਈ ਤਾਂ ਸਭ ਤੋਂ ਪਹਿਲਾਂ ਜੈਕਾਰੇ ਛਡਦੇ ਤੇ ਤਲਵਾਰ ਘੁਮਾਂਦੇ ਅਕਾਲੀ ਸਿੰਘ ਹੀ ਅਕਾਲੀ ਫੂਲਾ ਸਿੰਘ ਜੀ ਦੀ ਅਗਵਾਈ ਵਿਚ ਅੰਦਰ ਵੜੇ ਤੇ ਹੱਥੋ ਹੱਥੀ ਲੜਾਈ ਵਿਚ ਨਵਾਬ ਮੁਜ਼ੱਫਰ ਖ਼ਾਨ ਨੂੰ ਮਾਰਿਆ। ਇਸ ਤੋਂ ਅਗਲੇ ਸਾਲ ਕਸ਼ਮੀਰ ਦੀ ਫ਼ਤਹਿ ਸਮੇਂ ਪਹਾੜੀਆਂ ਤੇ ਚੜ੍ਹਨ ਤੇ ਉਪਰਲੇ ਮੋਰਚਿਆਂ ਵਿਚ ਬੈਠੇ ਵੈਰੀਆਂ ਨੂੰ ਜਾ ਕੇ ਸਿਰੀਆਂ ਤੋਂ ਫੜ ਕੇ ਮਾਰਨ ਦਾ ਕੰਮ ਅਕਾਲੀ ਫੂਲਾ ਸਿੰਘ ਤੇ ਉਹਨਾਂ ਦੇ ਬਹਾਦਰ ਜਥੇ ਨੇ ਕੀਤਾ। ਭਾਵੇਂ ਸਾਰੀ ਖ਼ਾਲਸਾ ਫ਼ੌਜ ਹੀ ਬੜੀ ਦਲੇਰ, ਸੂਰਬੀਰ ਤੇ ਜੰਗ ਦੀ ਮਾਹਿਰ ਸੀ, ਪਰ ਅਕਾਲੀ ਫੂਲਾ ਸਿੰਘ ਦੇ ਜਥੇ ਦੀ ਦ੍ਰਿੜ੍ਹਤਾ ਤੇ ਸਿੱਧੀ ਟੱਕਰ ਲੈਣ ਦੇ ਹੌਸਲੇ ਦਾ ਕੋਈ ਮੁਕਾਬਲਾ ਨਹੀਂ ਸੀ ਕਰ ਸਕਦਾ।

ਕਸ਼ਮੀਰ ਦੀ ਫ਼ਤਹਿ ਤੋਂ ਪਿਛੋਂ ਅਕਾਲੀ ਫੂਲਾ ਸਿੰਘ ਜੀ ਵੀ ਸ: ਹਰੀ ਸਿੰਘ ਨਲਵੇ ਦੇ ਨਾਲ ਸੂਬਾ ਸਰਹੱਦ ਵਲ ਤੁਰ ਪਏ ਤੇ ਉਸ ਪਾਸੇ ਦੀ ਸੁਧਾਈ ਵਿਚ

ਬੜੀ ਸੇਵਾ ਕੀਤੀ। ਮੁਹੰਮਦ ਅਜ਼ੀਮ ਖ਼ਾਨ ਬਾਰਕਜ਼ਈ ਕਾਬਲ ਦਾ ਹਾਕਮ ਸੀ, ਉਸ ਨੇ 1823 ਈਸਵੀ ਵਿਚ ਬਹੁਤ ਸਾਰੀ ਫ਼ੌਜ ਇਕੱਠੀ ਕੀਤੀ ਤੇ ਸੂਬਾ ਸਰਹੱਦ ਵਲ ਚੜ੍ਹਾਈ ਕਰ ਕੇ ਆ ਗਿਆ। 12 ਫ਼ਰਵਰੀ ਨੂੰ ਉਸ ਨੇ ਪਿਸ਼ਾਵਰ ਤੇ ਕਬਜ਼ਾ ਕਰ ਲਿਆ ਤੇ ਖ਼ਾਲਸਾ ਰਾਜ ਵਿਰੁੱਧ ਜਹਾਦ ਦਾ ਝੰਡਾ ਖੜਾ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਉਸ ਦੇ ਟਾਕਰੇ ਲਈ ਇਕ ਦਿਨ ਪਹਿਲਾਂ ਦੋ ਹਜ਼ਾਰ ਘੋੜ ਸਵਾਰ ਕੰਵਰ ਸ਼ੇਰ ਸਿੰਘ ਦੀ ਅਗਵਾਈ ਵਿਚ ਭੇਜੇ ਤੇ ਦੂਜੇ ਦਿਨ ਅਕਾਲੀ ਫੂਲਾ ਸਿੰਘ, ਸ: ਦੇਸਾ ਸਿੰਘ ਮਜੀਠੀਆ, ਸ: ਫ਼ਤਹਿ ਸਿੰਘ ਆਹਲੂਵਾਲੀਆ ਆਦਿ ਬਹੁਤ ਸਾਰੀ ਫ਼ੌਜ ਲੈ ਕੇ ਆਪ ਚੱਲ ਪਏ।

ਮੁਹੰਮਦ ਅਜ਼ੀਮ ਖ਼ਾਨ ਬਾਰਕਜ਼ਈ ਨੇ ਨੁਸ਼ਹਿਰੇ ਦੇ ਮੈਦਾਨ ਵਿਚ ਲਸ਼ਕਰ ਲਿਆ ਖੜਾ ਕੀਤਾ। ਉਹਨਾਂ 'ਤੇ ਸ: ਸ਼ੇਰ ਸਿੰਘ ਤੇ ਸ: ਹਰੀ ਸਿੰਘ ਨਲਵੇ ਨੇ ਹਮਲਾ ਕਰ ਦਿੱਤਾ। ਵੈਰੀ ਨੇ ਅਟਕ ਦਾ ਪੁਲ ਤੋੜ ਦਿੱਤਾ ਪਰ ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਤੇ ਅਕਾਲੀ ਫੂਲਾ ਸਿੰਘ ਜੀ ਨੇ ਦਰਿਆ ਦੀ ਪ੍ਰਵਾਹ ਨਾ ਕੀਤੀ ਤੇ ਅਟਕ ਪਾਰ ਕਰ ਕੇ ਮੈਦਾਨੇ ਜੰਗ ਵਿਚ ਪਹੁੰਚ ਗਏ। ਵੈਰੀ ਨਿੱਕੀ ਜਿਹੀ ਝੜਪ ਪਿਛੋਂ ਹੀ ਨੱਸ ਕੇ ਨੁਸ਼ਹਿਰੇ ਅੱਪੜ ਗਿਆ। ਸਿੰਘਾਂ ਨੇ ਖੈਰਾਬਾਦ ਤੇ ਜਹਾਂਗੀਰੇ ਦੇ ਕਿਲ੍ਹਿਆਂ ਨੂੰ ਕਾਬੂ ਕੀਤਾ।

ਖ਼ਬਰਾਂ ਆਈਆਂ ਕਿ ਅਜ਼ੀਮ ਖ਼ਾਨ ਪਾਸ ਹੋਰ ਲਸ਼ਕਰ ਪੁਜ ਰਿਹਾ ਹੈ ਤੇ ਉਹ ਵੱਡੀ ਪੱਧਰ ਤੇ ਤਿਆਰੀਆਂ ਕਰ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਜਰਨੈਲਾਂ ਦੀ ਮੀਟਿੰਗ ਸੱਦੀ ਜਿਸ ਵਿਚ ਪਹਿਲਾਂ ਹੀ ਚੜ੍ਹਾਈ ਕਰਨ ਦਾ ਫ਼ੈਸਲਾ ਕੀਤਾ ਗਿਆ। 14 ਮਾਰਚ 1823 ਈਸਵੀ ਨੂੰ ਅਕਾਲੀ ਫੂਲਾ ਸਿੰਘ ਦੇ ਸਾਹਮਣੇ ਗੁਰਮਤਾ ਹੋਇਆ ਤੇ ਅਰਦਾਸਾ ਸੋਧਿਆ ਗਿਆ। ਫਿਰ ਖ਼ਬਰ ਆਈ ਕਿ ਵੈਰੀ ਦਾ ਵੱਡਾ ਤੋਪਖ਼ਾਨਾ ਆ ਗਿਆ ਹੈ। ਇਸ ਤੇ ਆਪਣੇ ਤੋਪਖਾਨੇ ਦੀ ਉਡੀਕ ਲਈ ਪ੍ਰੋਗਰਾਮ ਬਦਲਣ ਦੀ ਸਲਾਹ ਬਣੀ ਪਰ ਅਕਾਲੀ ਫੂਲਾ ਸਿੰਘ ਨੇ ਕਿਹਾ ਕਿ ਇਕ ਵਾਰ ਫ਼ੈਸਲਾ ਕਰ ਕੇ ਅਰਦਾਸਾ ਸੋਧ ਚੁਕੇ ਹਾਂ, ਇਸ ਲਈ ਰੁਕਿਆ ਨਹੀਂ ਜਾ ਸਕਦਾ ਤੇ ਹੁਣੇ ਹਮਲਾ ਕੀਤਾ ਜਾਵੇਗਾ। ਆਪ ਤੁਰ ਪਏ ਤੇ ਪਿਛੇ ਸਾਰੀ ਖ਼ਾਲਸਾ ਫ਼ੌਜ ਲੱਗ ਗਈ। ਨੁਸ਼ਹਿਰੇ ਦੇ ਮੈਦਾਨ ਵਿਚ ਜ਼ਬਰਦਸਤ ਲੜਾਈ ਹੋਈ। ਇਤਨੀ ਵੱਡੀ ਤੇ ਭਿਆਨਕ ਲੜਾਈ ਸਾਰੇ ਰਾਜ ਵਿਚ ਕਦੇ ਨਹੀਂ ਹੋਈ ਸੀ। ਇਸ ਜੰਗ ਵਿਚ ਹੀ ਹਾਥੀ ਤੇ ਸਵਾਰ ਲੜਦੇ ਹੋਏ ਅਕਾਲੀ ਫੂਲਾ ਸਿੰਘ ਜੀ ਦੁਸ਼ਮਣ ਦੀ ਗੋਲੀ ਦਾ ਸ਼ਿਕਾਰ ਹੋ ਕੇ ਸ਼ਹੀਦ ਹੋ ਗਏ।

ਬਾਬਾ ਪ੍ਰੇਮ ਸਿੰਘ ਹੋਤੀ ਨੇ ਅਕਾਲੀ ਫੂਲਾ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਲਿਖਿਆ ਹੈ ਕਿ ਅਕਾਲੀ ਫੂਲਾ ਸਿੰਘ ਜੀ ਦੀ ਬੇਮਿਸਾਲ ਬੀਰਤਾ ਤੇ ਦਬਦਬੇ ਅੱਗੇ ਬੜੇ ਤਾਜਵਰਾਂ ਦੇ ਮੁਕਟ ਵੀ ਝੁਕੇ ਤੇ ਰਹਿੰਦੀ ਦੁਨੀਆਂ ਤਕ ਜਿਨ੍ਹਾਂ ਦੇ ਨਾਮ ਦਾ ਡੰਕਾ ਵੱਜਦਾ ਰਹੇਗਾ।

ਸ: ਹਰੀ ਸਿੰਘ ਨਲਵਾ

ਸ: ਹਰੀ ਸਿੰਘ ਨਲਵੇ ਦਾ ਨਾਮ ਸਿੱਖ ਜਰਨੈਲਾਂ ਤੇ ਮਹਾਨ ਸ਼ਖ਼ਸੀਅਤਾਂ ਦੀ ਪਹਿਲੀ ਕਤਾਰ ਵਿਚ ਹੈ ਤੇ ਅੱਜ ਵੀ ਕੌਮ ਦੇ ਬੱਚੇ ਬੱਚੇ ਦੀ ਜ਼ਬਾਨ ਤੇ ਸ: ਹਰੀ ਸਿੰਘ ਨਲਵੇ ਦੀ ਬੀਰਤਾ, ਕੁਰਬਾਨੀ ਤੇ ਤਿਆਗ ਦੀ ਗੱਲ ਚਲ ਰਹੀ ਹੈ। ਸਿੱਖ ਸ਼ਹੀਦਾਂ ਦੀ ਲੜੀ ਦਾ ਇਹ ਬਹੁਮੁਲਾ ਮੋਤੀ ਕੌਮ ਲਈ ਇਕ ਰੌਸ਼ਨ ਮੁਨਾਰਾ ਬਣ ਗਿਆ ਹੈ ਤੇ ਬੀਰਤਾ ਦੀ ਜਿਥੇ ਵੀ ਗੱਲ ਹੁੰਦੀ ਹੈ ਉਥੇ ਸ: ਹਰੀ ਸਿੰਘ ਨਲਵੇ ਨੂੰ ਜ਼ਰੂਰ ਯਾਦ ਕੀਤਾ ਜਾਂਦਾ ਹੈ।

ਸ਼ੁਕਰਚਕੀਆ ਮਿਸਲ ਦੇ ਇਕ ਕੁਮੇਦਾਨ ਸ: ਗੁਰਦਿਆਲ ਸਿੰਘ ਉਪਲ ਦੇ ਘਰ 1791 ਈਸਵੀ ਨੂੰ ਸ: ਹਰੀ ਸਿੰਘ ਦਾ ਜਨਮ ਹੋਇਆ। ਪਿਤਾ ਨੇ ਬੜੇ ਲਾਡ ਨਾਲ ਪਾਲਿਆ ਤੇ ਪੰਜਾਬੀ ਤੇ ਫ਼ਾਰਸੀ ਪੜ੍ਹਾਉਣ ਲਈ ਦੋ ਅਧਿਆਪਕ ਨਿਯਤ ਕਰ ਦਿਤੇ। ਸੱਤ ਸਾਲਾਂ ਦੀ ਉਮਰ ਵਿਚ ਹੀ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ ਤੇ ਮਾਂ ਸਰਦਾਰਨੀ ਧਰਮ ਕੌਰ ਇਹਨਾਂ ਨੂੰ ਲੈ ਕੇ ਆਪਣੇ ਭਰਾ ਪਾਸ ਚਲੀ ਗਈ ਤੇ ਉਥੇ ਹੀ ਸ: ਹਰੀ ਸਿੰਘ ਦੀ ਪਾਲਣਾ ਹੋਈ। ਸਾਰੇ ਜੰਗੀ ਕਰਤਵ ਸਿਖ ਲਏ ਤੇ ਹੋਣਹਾਰ ਇਤਨੇ ਸਨ ਕਿ ਜਿਸ ਵੀ ਮੁਕਾਬਲੇ ਵਿਚ ਜਾਂਦੇ ਸਦਾ ਜਿੱਤ ਕੇ ਆਉਂਦੇ। ਫ਼ਾਰਸੀ ਲਿਖਣ ਪੜ੍ਹਨ ਵਿਚ ਵੀ ਆਪ ਨੇ ਕਮਾਲ ਹਾਸਲ ਕਰ ਲਿਆ।

1805 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਵਿਚ ਆਪਣਾ ਬਸੰਤੀ ਦਰਬਾਰ ਲਾਇਆ ਤਾਂ ਉਸ ਵਿਚ ਸ: ਹਰੀ ਸਿੰਘ ਨੇ ਪਹਿਲੀ ਵਾਰ ਆ ਕੇ ਆਪਣੇ ਜੰਗੀ ਕਰਤਵ ਦਿਖਾਏ। 14 ਸਾਲਾਂ ਦੇ ਗਭਰੂ ਦੀ ਸ਼ਸਤਰ ਵਿਦਿਆ ਵਿਚ ਨਿਪੁੰਨਤਾ ਦੇਖ ਕੇ ਮਹਾਰਾਜਾ ਰਣਜੀਤ ਸਿੰਘ ਬਹੁਤ ਖ਼ੁਸ਼ ਹੋਏ ਤੇ ਆਪਣਾ ਕੈਂਠਾ ਭਰੇ ਦਰਬਾਰ ਵਿਚ ਸ: ਹਰੀ ਸਿੰਘ ਨੂੰ ਪਾ ਦਿੱਤਾ। ਮਹਾਰਾਜੇ ਦੇ ਐਡੀਕਾਂਗ (ਹਜ਼ੂਰੀ ਖ਼ਿਦਮਤਗਾਰ) ਦੀ ਪਦਵੀ ਦੇ ਦਿੱਤੀ। ਇਸ ਤਰ੍ਹਾਂ 14 ਸਾਲਾਂ ਦੀ ਉਮਰ ਵਿਚ ਹੀ ਸ: ਹਰੀ ਸਿੰਘ ਨੇ ਫ਼ੌਜੀ ਜੀਵਨ ਵਿਚ ਪ੍ਰਵੇਸ਼ ਕਰ ਲਿਆ। ਥੋੜ੍ਹੇ ਜਿਹੇ ਮਹੀਨਿਆਂ ਪਿਛੋਂ ਹੀ ਇਕ ਦਿਨ ਸ਼ਿਕਾਰ ਖੇਡਦਿਆਂ ਸ: ਹਰੀ ਸਿੰਘ ਤੇ ਇਕ ਸ਼ੇਰ ਨੇ ਹਮਲਾ ਕਰ ਦਿਤਾ ਤੇ ਆਪ ਨੇ ਉਸ ਸ਼ੇਰ ਨੂੰ ਹੱਥਾਂ ਨਾਲ ਹੀ ਜਬਾੜੇ ਤੋਂ ਫੜ ਕੇ ਅਜਿਹਾ ਪਟਕਾ ਦਿੱਤਾ ਕਿ ਉਹ ਜ਼ਮੀਨ ਤੇ ਡਿਗ ਪਿਆ ਤੇ ਫਿਰ ਤਲਵਾਰ ਨਾਲ ਸ਼ੇਰ ਨੂੰ ਮਾਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਆਪ ਇਹ ਦ੍ਰਿਸ਼ ਦੇਖਿਆ ਤੇ ਏਸੇ ਕਰਕੇ ਸ: ਹਰੀ ਸਿੰਘ ਦਾ ਉਪਨਾਂਵ ਨਲਵਾ ਪ੍ਰਸਿਧ ਹੋ ਗਿਆ। ਇਸ ਬਹਾਦਰੀ ਤੋਂ ਖ਼ੁਸ਼ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੇ ਸ: ਹਰੀ ਸਿੰਘ ਨੂੰ ਸ਼ੇਰ-ਦਿਲ ਰਜਮੈਂਟ ਦਾ ਜਰਨੈਲ ਨਿਯਤ ਕਰ ਦਿੱਤਾ।

1807 ਵਿਚ ਖ਼ਾਲਸਾ ਫ਼ੌਜ ਨੇ ਕਸੂਰ ਨੂੰ ਫ਼ਤਹਿ ਕਰਨ ਲਈ ਚੜ੍ਹਾਈ ਕੀਤੀ।

ਕਸੂਰ ਉਸ ਸਮੇਂ ਬਹੁਤ ਸ਼ਕਤੀਸ਼ਾਲੀ ਪਠਾਣ ਰਿਆਸਤ ਸੀ। ਨਵਾਬ ਕੁਤਬ ਦੀਨ ਖ਼ਾਨ ਕਸੂਰੀਆ ਨੇ ਮੁਕਾਬਲੇ ਦੀ ਪੂਰੀ ਤਿਆਰੀ ਕੀਤੀ ਹੋਈ ਸੀ, ਜਿਸ ਕਰਕੇ ਇਹ ਲੜਾਈ ਖ਼ਾਸ ਮਹੱਤਤਾਪੂਰਨ ਬਣ ਗਈ। ਸ: ਹਰੀ ਸਿੰਘ ਨਲਵੇ ਦੇ ਜੀਵਨ ਵਿਚ ਪਹਿਲਾ ਮੌਕਾ ਇਸੇ ਜੰਗ ਵਿਚ ਲੜਨ ਦਾ ਆਇਆ ਤੇ ਉਹਨਾਂ ਨੇ ਅਜਿਹੀ ਸੂਰਮਗਤੀ ਦਾ ਸਬੂਤ ਦਿਤਾ ਕਿ ਸਾਰੀ ਖ਼ਾਲਸਾ ਫ਼ੌਜ ਤੇ ਸਾਰੇ ਜਰਨੈਲ ਵਾਹ ਵਾਹ ਕਰ ਉਠੇ। ਮਹਾਰਾਜਾ ਰਣਜੀਤ ਸਿੰਘ ਨੇ 30 ਹਜ਼ਾਰ ਰੁਪਏ ਦੀ ਆਮਦਨ ਵਾਲੀ ਜਾਗੀਰ ਆਪ ਨੂੰ ਦੇ ਦਿੱਤੀ।

ਮੁਲਤਾਨ ਦੀ ਪਹਿਲੀ ਲੜਾਈ 1810 ਈਸਵੀ ਨੂੰ ਹੋਈ। ਉਸ ਵਿਚ ਸ: ਹਰੀ ਸਿੰਘ ਨੇ ਜੋ ਬੀਰਤਾ ਦਿਖਾਈ ਉਹਦੀ ਮਿਸਾਲ ਕਿਧਰੇ ਵੀ ਨਹੀਂ ਮਿਲਦੀ। ਮੁਲਤਾਨ ਦੇ ਹਾਕਮ ਮੁਜ਼ੱਫਰ ਖ਼ਾਨ ਨੇ ਬਹੁਤ ਤਿਆਰੀਆਂ ਕਰ ਕੇ ਆਪਣੇ ਆਪ ਨੂੰ ਮੁਲਤਾਨ ਦੇ ਮਜ਼ਬੂਤ ਕਿਲ੍ਹੇ ਵਿਚ ਬੰਦ ਕਰ ਲਿਆ। ਜਦ ਤੋਪਾਂ ਦੀ ਮਾਰ ਨਾਲ ਵੀ ਕਿਲ੍ਹੇ ਦੀ ਕੰਧ ਨਾ ਡਿਗੀ ਤਾਂ ਬਾਰੂਦ ਨਾਲ ਕੰਧ ਉਡਾਣ ਦਾ ਫ਼ੈਸਲਾ ਕੀਤਾ ਗਿਆ। ਸ: ਹਰੀ ਸਿੰਘ ਨਲਵੇ ਨੇ ਆਪਣੇ ਆਪ ਨੂੰ ਪਹਿਲਾਂ ਪੇਸ਼ ਕੀਤਾ ਤੇ ਉਹਨਾਂ ਜਵਾਨਾਂ ਵਿਚ ਸ਼ਾਮਲ ਹੋਇਆ ਜੋ ਆਪਣੀ ਜਾਨ ਤਲੀ ਤੇ ਰੱਖ ਕੇ ਵਰ੍ਹਦੀਆਂ ਗੋਲੀਆਂ ਵਿਚ ਸਾਹਮਣੇ ਛਾਤੀ ਤਾਣ ਕੇ ਕਿਲ੍ਹੇ ਦੀ ਕੰਧ ਤਕ ਗਏ ਤੇ ਉਸ ਵਿਚ ਬਾਰੂਦ ਭਰ ਕੇ ਕੰਧ ਨੂੰ ਉਡਾ ਦਿੱਤਾ। ਇਸ ਸਮੇਂ ਸ: ਹਰੀ ਸਿੰਘ ਨਲਵਾ ਸਖ਼ਤ ਜ਼ਖ਼ਮੀ ਹੋ ਗਏ। ਆਪ ਦੀ ਵਰਦੀ ਨੂੰ ਅੱਗ ਲੱਗ ਗਈ ਤੇ ਸਰੀਰ ਝੁਲਸ ਗਿਆ, ਪਰ ਜਾਨ ਬਚ ਗਈ। ਮੁਲਤਾਨ ਦੀ ਲੜਾਈ ਜਿਤੀ ਗਈ ਤੇ ਸ: ਹਰੀ ਸਿੰਘ ਨਲਵੇ ਦੀ ਹਰ ਪਾਸੇ ਧਾਂਕ ਬੈਠ ਗਈ।

ਸਿੰਘਾਂ ਤੇ ਅਫ਼ਗਾਨਾਂ ਦੀ ਪਹਿਲੀ ਜੰਗ ਸੰਨ 1813 ਈਸਵੀ ਨੂੰ ਅਟਕ ਦੇ ਮੈਦਾਨ ਵਿਚ ਹੋਈ। ਇਸ ਲੜਾਈ ਵਿਚ ਸ: ਹਰੀ ਸਿੰਘ ਨਲਵਾ ਆਪਣੀ ਸਾਰੀ ਸ਼ੇਰ-ਦਿਲ ਰਜਮੈਂਟ ਸਮੇਤ ਸ਼ਾਮਲ ਹੋਏ ਤੇ ਬੀਰਤਾ ਦਿਖਾਈ। ਸਾਰੀ ਫ਼ੌਜ ਤਾਂ ਆਪ ਦੇ ਨਾਂ ਤੋਂ ਸਦਕੇ ਜਾਣ ਲਗ ਪਈ। ਫ਼ੌਜ ਵਿਚ ਆਪ ਦਾ ਸਤਿਕਾਰ ਇਤਨਾ ਵਧ ਗਿਆ ਕਿ ਹਰ ਕੋਈ ਆਪ ਦੇ ਨਾਲ ਰਹਿ ਕੇ ਲੜਨ ਵਿਚ ਖ਼ੁਸ਼ਕਿਸਮਤੀ ਅਨੁਭਵ ਕਰਦਾ ਸੀ।

ਇਸ ਪਿਛੋਂ 1818 ਈਸਵੀ ਨੂੰ ਮੁਲਤਾਨ ਖ਼ਾਲਸਾ ਰਾਜ ਵਿਚ ਸ਼ਾਮਲ ਕਰਨ ਲਈ ਤੇ 1819 ਨੂੰ ਕਸ਼ਮੀਰ ਫ਼ਤਹਿ ਕਰਨ ਸਮੇਂ ਹੋਈਆਂ ਲੜਾਈਆਂ ਵਿਚ ਵੀ ਸ: ਹਰੀ ਸਿੰਘ ਨਲਵੇ ਨੇ ਹਿੱਸਾ ਲਿਆ ਤੇ ਯੁੱਧ ਨੀਤੀ ਦਾ ਪ੍ਰਭਾਵ ਪਾਇਆ। ਕਸ਼ਮੀਰ ਫ਼ਤਹਿ ਕਰ ਕੇ ਉਥੇ ਵਖ ਵਖ ਟਿਕਾਣਿਆਂ ਤੇ ਕੁਝ ਸਮਾਂ ਫ਼ੌਜ ਰਖੀ ਗਈ ਤੇ ਸਾਰੀ ਫ਼ੌਜ ਦੇ ਨਿਗਰਾਨ ਸ: ਹਰੀ ਸਿੰਘ ਨਲਵਾ ਨਿਯਤ ਕੀਤੇ ਗਏ। 1820 ਈਸਵੀ ਨੂੰ ਸ: ਹਰੀ ਸਿੰਘ ਨਲਵਾ ਕਸ਼ਮੀਰ ਦੇ ਗਵਰਨਰ ਨਿਯਤ ਕੀਤੇ ਗਏ। ਦੋ ਸਾਲ ਆਪ ਨੇ ਗਵਰਨਰ ਰਹਿ ਕੇ ਇਕ ਚੰਗੇ ਪ੍ਰਬੰਧਕ ਹੋਣ ਦਾ ਸਬੂਤ ਦਿੱਤਾ। ਬੜੀ ਸੁਚੱਜਤਾ, ਦਲੇਰੀ, ਬਹਾਦਰੀ ਤੇ ਅਨੇਕਾਂ ਗੁਣਾਂ ਨਾਲ ਲੋਕਾਂ ਦਾ ਦਿਲ ਜਿੱਤ ਲਿਆ। ਉਹਨਾਂ ਦੇ ਮਸਲੇ ਹਲ ਕੀਤੇ। ਔਕੜਾਂ ਦੂਰ ਕਰਵਾਈਆਂ ਤੇ ਆਰਥਕ ਹਾਲਤ ਸੁਧਾਰੀ। ਜਿਤਨਾ ਪ੍ਰਬੰਧ ਪਹਿਲਾਂ ਵਿਗੜਿਆ ਹੋਇਆ ਸੀ ਉਹ ਠੀਕ ਕੀਤਾ

ਤੇ ਜਦ ਮਹਾਰਾਜਾ ਰਣਜੀਤ ਸਿੰਘ ਨੇ ਨਲਵੇ ਸਰਦਾਰ ਨੂੰ ਵਾਪਸ ਬੁਲਾਇਆ ਤਾਂ ਕਸ਼ਮੀਰੀਆਂ ਨੇ ਰੋਂਦਿਆਂ ਵਿਦਾ ਕੀਤਾ। ਅਨੇਕਾਂ ਦਰਖ਼ਾਸਤਾਂ ਲਾਹੌਰ ਆਈਆਂ ਕਿ ਨਲਵੇ ਨੂੰ ਕਸ਼ਮੀਰ ਰਹਿਣ ਦਿੱਤਾ ਜਾਏ।

1822 ਵਿਚ ਕਸ਼ਮੀਰ ਤੋਂ ਵਾਪਸ ਆ ਕੇ ਸ: ਹਰੀ ਸਿੰਘ ਨਲਵੇ ਨੂੰ ਹਜ਼ਾਰੇ ਦੇ ਇਲਾਕੇ ਦਾ ਗਵਰਨਰ ਨਿਯਤ ਕਰ ਦਿੱਤਾ ਗਿਆ। ਇਹ ਉਹ ਇਲਾਕਾ ਸੀ, ਜਿਸ ਨੂੰ ਕਾਬੂ ਕਰਨਾ ਅਤਿ ਕਠਨ ਸੀ ਪਰ ਸ: ਹਰੀ ਸਿੰਘ ਨਲਵਾ ਨੇ ਬੜੀ ਸਿਆਣਪ ਨਾਲ ਇਸ ਇਲਾਕੇ ਨੂੰ ਠੀਕ ਕਰ ਲਿਆ। 1823 ਵਿਚ ਸ: ਹਰੀ ਸਿੰਘ ਨਲਵਾ ਨੁਸ਼ਹਿਰੇ ਦੀ ਉਸ ਲੜਾਈ ਵਿਚ ਵੀ ਫ਼ੌਜ ਦੀ ਅਗਵਾਈ ਕਰ ਰਹੇ ਸਨ, ਜਿਸ ਲੜਾਈ ਵਿਚ ਅਕਾਲੀ ਫੂਲਾ ਸਿੰਘ ਜੀ ਸ਼ਹੀਦ ਹੋ ਗਏ ਸਨ। ਇਸ ਲੜਾਈ ਵਿਚ ਫ਼ਤਹ ਖ਼ਾਨ ਬਾਰਕਜ਼ਈ ਨੂੰ ਅਜਿਹੀ ਹਾਰ ਦਿੱਤੀ ਕਿ ਉਹ ਫਿਰ ਸ: ਹਰੀ ਸਿੰਘ ਨਲਵੇ ਦੇ ਨਾਮ ਤੋਂ ਵੀ ਕੰਬਣ ਲਗ ਪਿਆ।

ਦੇਸ਼ ਦੇ ਸਾਰੇ ਹਮਲੇ ਸੂਬਾ ਸਰਹੱਦ ਵਲੋਂ ਹੁੰਦੇ ਸਨ ਤੇ ਉਹ ਪੰਜਾਬ ਤੇ ਭਾਰਤ ਤੇ ਹਮਲਿਆਂ ਦਾ ਰਾਹ ਸੀ। ਸ: ਹਰੀ ਸਿੰਘ ਨਲਵਾ ਇਸ ਰਾਹ ਤੇ ਰਖਵਾਲਾ ਬਣ ਗਿਆ ਤੇ 1823 ਤੋਂ ਪਿਛੋਂ ਆਪਣੀ ਉਮਰ ਦੇ ਆਖ਼ਰੀ 14 ਸਾਲ ਇਸੇ ਇਲਾਕੇ ਵਿਚ ਬਿਤਾਏ। ਪਹਿਲਾਂ ਪਿਸ਼ਾਵਰ ਫ਼ਤਹਿ ਕਰ ਕੇ ਉਥੋਂ ਦੇ ਪਠਾਣ ਹਾਕਮ ਨੂੰ ਦੇ ਦਿਤਾ ਪਰ ਫਿਰ 1834 ਵਿਚ ਬਾਕਾਇਦਾ ਤੌਰ ਤੇ ਪਿਸ਼ਾਵਰ ਵੀ ਪੰਜਾਬ ਰਾਜ ਵਿਚ ਸ਼ਾਮਲ ਕਰ ਲਿਆ। ਸੂਬਾ ਸਰਹੱਦ ਵਿਚ ਥਾਂ ਥਾਂ ਕਿਲ੍ਹੇ ਉਸਾਰ ਲਏ ਤੇ ਅੱਗੇ ਵਧ ਕੇ ਦਰਾ ਖ਼ੈਬਰ ਤਕ ਰਾਹ ਰੋਕਣ ਲਈ ਜਮਰੌਦ ਦੇ ਅਸਥਾਨ ਤਕ ਕਬਜ਼ਾ ਕਰ ਲਿਆ ਤੇ ਜਮਰੌਦ ਵਿਚ ਸ਼ਾਨਦਾਰ ਕਿਲ੍ਹਾ ਉਸਾਰ ਕੇ ਉਸ ਤੇ ਖ਼ਾਲਸਈ ਨਿਸ਼ਾਨ ਝੁਲਾ ਦਿੱਤਾ।

1837 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੇ ਵਿਆਹ ਕਰਕੇ ਬਹੁਤ ਸਾਰੀ ਫ਼ੌਜ ਤੇ ਮੁਖੀ ਲਾਹੌਰ ਆ ਗਏ। ਸ: ਹਰੀ ਸਿੰਘ ਨਲਵਾ ਪਿਸ਼ਾਵਰ ਵਿਚ ਬਿਮਾਰ ਪੈ ਗਏ, ਇਹ ਦੇਖ ਕੇ ਅਫ਼ਗਾਨਾਂ ਨੇ ਜਮਰੌਦ ਦੇ ਕਿਲ੍ਹੇ ਤੇ ਹਮਲਾ ਕਰ ਦਿੱਤਾ, ਜਿਥੇ ਸ: ਮਹਾਂ ਸਿੰਘ ਕੁਝ ਸੌ ਜਵਾਨਾਂ ਨਾਲ ਠਹਿਰੇ ਹੋਏ ਸਨ। ਜਦ ਸ: ਹਰੀ ਸਿੰਘ ਨੂੰ ਇਸ ਹਮਲੇ ਦੀ ਸੂਚਨਾ ਮਿਲੀ ਤਾਂ ਬਿਮਾਰੀ ਦੀ ਪ੍ਰਵਾਹ ਨਾ ਕਰਦਿਆਂ ਦੇਸ਼ ਦੀ ਰਾਖੀ ਤੇ ਕੌਮੀ ਅਣਖ ਦੀ ਖ਼ਾਤਰ ਉਠ ਕੇ ਜਮਰੌਦ ਵਲ ਚਲ ਪਏ ਤੇ ਇਥੇ ਆ ਕੇ ਦੁਸ਼ਮਣ ਨੂੰ ਮਾਰ ਭਜਾਇਆ। ਪਰ ਆਪ ਵੀ ਇਕ ਪਹਾੜੀ ਦੇ ਪੱਥਰ ਉਹਲੇ ਲੁਕੇ ਪਠਾਣ ਦੀਆਂ ਗੋਲੀਆਂ ਲੱਗਣ ਨਾਲ ਸ਼ਹੀਦ ਹੋ ਗਏ। ਜਮਰੌਦ ਦੇ ਕਿਲ੍ਹੇ ਦੇ ਵਿਚ ਆਪ ਦੀ ਸਮਾਧ ਹੈ। ਦੂਜੀ ਸਮਾਧ ਆਪ ਦੀ ਸਰਦਾਰਨੀ ਨੇ ਕੁਝ ਬਿਭੂਤੀ ਲਿਜਾ ਕੇ ਗੁਜਰਾਂਵਾਲੇ ਵਿਚ ਬਣਾਈ।

ਸ: ਹਰੀ ਸਿੰਘ ਨਲਵੇ ਦੀਆਂ ਮੱਲਾਂ, ਬਹਾਦਰੀ, ਸੂਰਮਗਤੀ ਤੇ ਜੰਗ ਵਿਚ ਦਿਖਾਏ ਕਮਾਲ ਦੇਖ ਕੇ ਹਰ ਆਦਮੀ ਦਾ ਸਿਰ ਸਤਿਕਾਰ ਨਾਲ ਝੁਕ ਜਾਂਦਾ ਏ। ਸ: ਹਰੀ ਸਿੰਘ ਵਰਗੇ ਦਲੇਰ ਆਗੂ ਦੀ ਕੌਮ ਤੇ ਦੇਸ਼ ਨੂੰ ਸਦਾ ਲੋੜ ਹੈ ਤੇ ਸਦਾ ਰਹੇਗੀ।

ਅਟਾਰੀ ਦੇ ਸ਼ਹੀਦ ਸਰਦਾਰ

ਅਟਾਰੀ ਵਾਲੇ ਸਰਦਾਰਾਂ ਨੇ ਸਿੱਖ ਕੌਮ ਦੀ ਆਨ ਤੇ ਸ਼ਾਨ ਲਈ ਉਹ ਕੁਰਬਾਨੀਆਂ ਕੀਤੀਆਂ ਹਨ ਕਿ ਸਿੱਖ ਕੌਮ ਇਹਨਾਂ ਦੀ ਸਦਾ ਰਿਣੀ ਰਹੇਗੀ। ਇਹਨਾਂ ਸੂਰਬੀਰ ਸਰਦਾਰਾਂ ਨੇ ਸਿੱਖ ਰਾਜ ਦੀ ਕਾਇਮੀ, ਬਦੇਸ਼ੀ ਜ਼ਾਲਮ ਰਾਜ ਦੇ ਖ਼ਾਤਮੇ ਤੇ ਫਿਰ ਸਿੱਖ ਰਾਜ ਨੂੰ ਮਜ਼ਬੂਤ ਕਰਨ ਤੇ ਅੰਤ ਅੰਗਰੇਜ਼ਾਂ ਨਾਲ ਟੱਕਰ ਸਮੇਂ ਜਿਸ ਬਹਾਦਰੀ ਦਾ ਸਬੂਤ ਦਿੱਤਾ ਤੇ ਸ਼ਹੀਦੀਆਂ ਪਾਈਆਂ, ਇਹਨਾਂ ਦਾ ਨਾਮ ਸਦਾ ਇਤਿਹਾਸ ਵਿਚ ਚਮਕਦਾ ਰਹੇਗਾ। ਅੱਜ ਕਿਹੜਾ ਪੰਜਾਬੀ ਏ ਜਿਸ ਨੂੰ ਸ: ਸ਼ਾਮ ਸਿੰਘ ਅਟਾਰੀ ਵਾਲੇ ਦੀ ਸਭਰਾਵਾਂ ਦੇ ਮੈਦਾਨ ਵਿਚ ਕੀਤੀ ਕੁਰਬਾਨੀ ਦਾ ਪਤਾ ਨਹੀਂ। ਕਿਹੜਾ ਦੇਸ਼ ਵਾਸੀ ਏ ਜੋ ਚੇਲਿਆਂ ਵਾਲੇ ਦੇ ਮੈਦਾਨ ਵਿਚ ਸ: ਚਤਰ ਸਿੰਘ ਤੇ ਸ: ਸ਼ੇਰ ਸਿੰਘ ਦੀ ਸੂਰਮਤਾਈ ਨਹੀਂ ਜਾਣਦਾ। ਇਹ ਸ਼ਹੀਦਾਂ ਦਾ ਖ਼ਾਨਦਾਨ ਸੀ। ਇਹਨਾਂ ਦੇ ਵੱਡੇ ਵਡੇਰੇ ਕੌਮ ਤੋਂ ਆਪਾ ਵਾਰਦੇ ਰਹੇ ਸਨ। ਉਹਨਾਂ ਸ਼ਹੀਦਾਂ ਦੇ ਇਸ ਖ਼ੂਨ ਨੇ ਹੀ ਸ: ਸ਼ਾਮ ਸਿੰਘ ਅਟਾਰੀ ਵਾਲੇ ਨੂੰ ਕੌਮ ਤੋਂ ਆਪਾ ਵਾਰਨ ਦੀ ਗੁੜ੍ਹਤੀ ਦਿਤੀ ਸੀ। ਮੈਂ ਇਸ ਲੜੀ ਵਿਚ ਸੂਰਬੀਰਾਂ ਦੇ ਇਸ ਸ਼ਹੀਦੀ ਖ਼ਾਨਦਾਨ ਦੇ ਦੋ ਹੀਰਿਆਂ ਸ: ਗੌਹਰ ਸਿੰਘ ਤੇ ਸ: ਨਿਹਾਲ ਸਿੰਘ ਦਾ ਜ਼ਿਕਰ ਕਰਨ ਲੱਗਾ ਹਾਂ।

ਇਤਿਹਾਸਕਾਰ ਇਸ ਖ਼ਾਨਦਾਨ ਦਾ ਪਿੱਛਾ ਜੈਸਲਮੇਰ ਦੇ ਰਾਜਪੂਤਾਂ ਨਾਲ ਜਾ ਜੋੜਦੇ ਹਨ। ਸ: ਸ਼ਾਮ ਸਿੰਘ ਅਟਾਰੀ ਦੇ ਦਾਦਾ ਸ: ਗੌਹਰ ਸਿੰਘ ਦੇ ਪਿਤਾ ਚੌਧਰੀ ਕਾਹਨ ਚੰਦ ਜੀ ਮਾਝੇ ਦੇ ਪਿੰਡ ਕਾਉਂਕੇ ਵਿਚ ਆ ਵਸੇ। ਚੌਧਰੀ ਕਾਹਨ ਚੰਦ ਦੇ ਦੋ ਪੁੱਤਰ ਗੌਹਰ ਸਿੰਘ ਤੇ ਕੌਰ ਸਿੰਘ ਸਨ। ਉਸ ਸਮੇਂ ਦੇਸ਼ ਵਿਚ ਜ਼ੁਲਮ ਹੋ ਰਹੇ ਸਨ। ਸਿੱਖੀ ਲੋਕ-ਲਹਿਰ ਦਾ ਰੂਪ ਧਾਰ ਕੇ ਉਭਰ ਰਹੀ ਸੀ। ਦੁਖੀਆਂ, ਦਰਦੀਆਂ ਤੇ ਗ਼ਰੀਬਾਂ ਦੇ ਸਾਥੀ ਸਿੱਖਾਂ ਲਈ ਲੋਕਾਂ ਵਿਚ ਪਿਆਰ ਤੇ ਸਤਿਕਾਰ ਵਧ ਰਿਹਾ ਸੀ ਤੇ ਗਭਰੂ ਧੜਾ ਧੜ ਸਿੰਘ ਸਜ ਰਹੇ ਸਨ। ਜ਼ਾਲਮ ਹਾਕਮ ਦਸ ਸਿੰਘਾਂ ਨੂੰ ਮਾਰਦੇ ਸਨ ਤੇ ਜਨਤਾ ਵੀਹ ਹੋਰ ਗਭਰੂ ਸਿੰਘ ਸਜਾ ਕੇ ਜੱਦੋ-ਜਹਿਦ ਨੂੰ ਹੋਰ ਤੇਜ਼ ਕਰ ਦਿੰਦੀ ਸੀ। ਇਸ ਸਮੇਂ ਚੌਧਰੀ ਕਾਹਨ ਚੰਦ ਦੇ ਦੋਵੇਂ ਪੁੱਤਰ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਤੇ ਕੁਝ ਹੋਰ ਸੂਰਬੀਰਾਂ ਨੂੰ ਮਿਲਾ ਕੇ ਇਕ ਜਥਾ ਬਣਾ ਲਿਆ। ਇਲਾਕੇ ਵਿਚ ਜਿਥੇ ਕਿਧਰੇ ਕਿਸੇ ਨਾਲ ਵਧੀਕੀ ਹੁੰਦੀ, ਉਥੇ ਹੀ ਇਹ ਮਦਦ ਲਈ ਪਹੁੰਚ ਜਾਂਦੇ।

ਜਿਥੇ ਅੱਜ ਕਲ੍ਹ ਅਟਾਰੀ ਨਗਰ ਅਬਾਦ ਹੈ ਇਥੇ ਇਕ ਉੱਚਾ ਟਿੱਬਾ ਹੁੰਦਾ ਸੀ, ਜਿਥੇ ਸਾਧੂ ਰਹਿੰਦੇ ਸਨ। ਉਹਨਾਂ ਦੇ ਕਹਿਣ ਤੇ ਸ: ਗੌਹਰ ਸਿੰਘ ਨੇ ਉਚੀ ਅਟਾਰੀ ਤਿਆਰ ਕੀਤੀ ਤੇ ਇਸ ਨਵੀਂ ਅਬਾਦੀ ਦਾ ਨਾਮ ਅਟਾਰੀ ਪ੍ਰਚਲਤ ਹੋ ਗਿਆ। ਸ: ਰੰਡਾ ਸਿੰਘ ਦੀ ਖੋਜ ਅਨੁਸਾਰ ਸ: ਗੌਹਰ ਸਿੰਘ ਜੀ, ਸ: ਗੁਰਬਖ਼ਸ਼ ਸਿੰਘ ਰੋੜਾਂਵਾਲੇ ਦੇ ਜਥੇ ਵਿਚ ਸ਼ਾਮਲ ਹੋ ਗਏ ਜਿਨ੍ਹਾਂ ਦਾ ਸੰਬੰਧ ਸ: ਹਰੀ ਸਿੰਘ

ਭੰਗੀ ਨਾਲ ਸੀ । ਸ: ਗੋਹਰ ਸਿੰਘ ਨੇ ਅਟਾਰੀ ਦੇ ਆਸ ਪਾਸ ਦੇ ਪਿੰਡਾਂ ਤੇ ਕਬਜ਼ਾ ਕਰ ਲਿਆ । ਗੁਰਬਖ਼ਸ਼ ਸਿੰਘ ਦੇ ਚਲਾਣਾ ਕਰ ਜਾਣ ਪਿਛੋਂ ਸ: ਗੋਹਰ ਸਿੰਘ ਦਾ ਜਥਾ ਸ: ਗੁਜਰ ਸਿੰਘ ਭੰਗੀ ਦੀ ਮਿਸਲ ਨਾਲ ਰਲ ਕੇ ਦੇਸ਼ ਤੇ ਕੌਮ ਦੀ ਸੇਵਾ ਕਰਦਾ ਰਿਹਾ ।

ਜ਼ਕਰੀਆ ਖ਼ਾਨ ਗਵਰਨਰ ਲਾਹੌਰ ਨਾਲ ਸਿੰਘਾਂ ਦੇ ਟਾਕਰਿਆਂ ਵਿਚ ਸ: ਗੋਹਰ ਸਿੰਘ ਜੀ ਸ਼ਾਮਲ ਹੁੰਦੇ ਰਹੇ ਤੇ ਨਾਦਰ ਸ਼ਾਹ ਨਾਲ ਦੋ ਦੋ ਹੱਥ ਕਰਨ ਵਾਲਿਆਂ ਵਿਚ ਵੀ ਸ਼ਾਮਲ ਸਨ । ਜਦ ਅਹਿਮਦ ਸ਼ਾਹ ਅਬਦਾਲੀ ਭਾਰਤ ਉਤੇ ਚੜ੍ਹਾਈ ਕਰ ਕੇ ਆਇਆ ਤਾਂ ਦੇਸ਼ ਨੂੰ ਉਸ ਹਮਲਾਵਰ ਤੋਂ ਬਚਾਉਣ ਲਈ ਸ: ਗੋਹਰ ਸਿੰਘ ਨੇ ਪੂਰਾ ਤਰਾਣ ਲਾਇਆ ਤੇ ਦਲ ਖ਼ਾਲਸੇ ਦੇ ਮੂਹਰੇ ਹੋ ਕੇ ਤਲਵਾਰ ਚਲਾਈ । ਅਖ਼ੀਰ ਮਜੀਠੇ ਦੇ ਨੇੜੇ ਦੁਰਾਨੀਆਂ ਨਾਲ ਟੱਕਰ ਵਿਚ ਸ: ਗੋਹਰ ਸਿੰਘ ਨੇ ਸੂਰਬੀਰਾਂ ਵਾਂਗ ਦੁਸ਼ਮਣ ਦਾ ਮੁਕਾਬਲਾ ਕੀਤਾ ਤੇ ਕਈ ਵੈਰੀ ਮਾਰ ਕੇ ਆਪ ਵੀ ਸ਼ਹੀਦ ਹੋ ਗਏ । ਇਹ ਅਟਾਰੀ ਵਾਲੇ ਸਰਦਾਰਾਂ ਦੇ ਖ਼ਾਨਦਾਨ ਵਿਚੋਂ ਪਹਿਲਾ ਮਹਾਨ ਸ਼ਹੀਦ ਸੀ ।

ਸ: ਗੋਹਰ ਸਿੰਘ ਦੇ ਤਿੰਨ ਸਪੁੱਤਰ ਦਲ ਸਿੰਘ, ਦਿਆਲ ਸਿੰਘ ਤੇ ਨਿਹਾਲ ਸਿੰਘ ਸਨ । ਸ: ਸ਼ਾਮ ਸਿੰਘ ਅਟਾਰੀ ਵਾਲੇ, ਸਰਦਾਰ ਗੋਹਰ ਸਿੰਘ ਦੇ ਸਪੁੱਤਰ ਸਰਦਾਰ ਨਿਹਾਲ ਸਿੰਘ ਦਾ ਸਪੁੱਤਰ ਸੀ ਤੇ ਸ: ਚਤਰ ਸਿੰਘ ਤੇ ਸ਼ੇਰ ਸਿੰਘ ਕੌਰ ਸਿੰਘ ਦੀ ਸੰਤਾਨ ਵਿਚੋਂ ਸਨ । ਸ: ਨਿਹਾਲ ਸਿੰਘ ਆਪਣੇ ਪਿਤਾ ਦੀ ਥਾਂ ਭੰਗੀ ਮਿਸਲ ਵਿਚ ਉਚ ਪਦਵੀ ਤੇ ਲਾ ਦਿੱਤੇ ਗਏ ਤੇ ਜਦੋਂ ਸਿੰਘਾਂ ਨੇ 1764 ਈਸਵੀ ਵਿਚ ਲਾਹੌਰ ਤੇ ਕਬਜ਼ਾ ਕੀਤਾ ਤਾਂ ਉਸ ਸਮੇਂ ਸ: ਨਿਹਾਲ ਸਿੰਘ ਨੇ ਅਜੇਹੀ ਬਹਾਦਰੀ ਦਿਖਾਈ ਕਿ ਜੰਗ ਪਿਛੋਂ ਡੇਢ ਲੱਖ ਰੁਪਏ ਦੀ ਸਾਲਾਨਾ ਆਮਦਨ ਦੀ ਜਾਗੀਰ ਮਿਸਲ ਦੇ ਮੁਖੀਆਂ ਨੇ ਸ: ਨਿਹਾਲ ਸਿੰਘ ਨੂੰ ਦਿੱਤੀ । ਗੁਜਰ ਸਿੰਘ ਭੰਗੀ ਦੇ ਚਲਾਣਾ ਕਰ ਜਾਣ ਪਿਛੋਂ ਸ: ਨਿਹਾਲ ਸਿੰਘ ਅਟਾਰੀ ਵਾਲੇ ਸ: ਸਾਹਿਬ ਸਿੰਘ ਪਾਸ ਜਾ ਰਹੇ । ਇਸ ਸਮੇਂ ਸਾਰੇ ਪੰਜਾਬ ਵਿਚ ਸ: ਨਿਹਾਲ ਸਿੰਘ ਦੀ ਸੂਰਬੀਰਤਾ ਤੇ ਸਿਆਣਪ ਦਾ ਚਰਚਾ ਸੀ । ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ ਕਬਜ਼ਾ ਕੀਤਾ ਤਾਂ ਉਹਨਾਂ ਦੀ ਪਾਰਖੂ ਨਜ਼ਰ ਨੇ ਸ: ਨਿਹਾਲ ਸਿੰਘ ਦੇ ਗੁਣਾਂ ਨੂੰ ਦੇਖ ਲਿਆ ਤੇ ਉਹਨਾਂ ਨੇ ਸੱਦ ਭੇਜਿਆ ਕਿ ਸ: ਨਿਹਾਲ ਸਿੰਘ ਉਹਨਾਂ ਪਾਸ ਆ ਜਾਣ, ਪਰ ਸ: ਨਿਹਾਲ ਸਿੰਘ ਨੇ ਉਸ ਸਮੇਂ ਸ: ਸਾਹਿਬ ਸਿੰਘ ਦਾ ਸਾਥ ਛੱਡਣ ਤੋਂ ਇਨਕਾਰ ਕਰ ਦਿੱਤਾ । ਇਹ ਉਹਨਾਂ ਦੇ ਆਚਰਣ ਦੀ ਉਚਤਾ ਦੀ ਸੁੰਦਰ ਮਿਸਾਲ ਹੈ । ਸ: ਨਿਹਾਲ ਸਿੰਘ ਦੀ ਚੜ੍ਹਦੀ ਕਲਾ ਤੇ ਵਧ ਰਹੇ ਪ੍ਰਭਾਵ ਤੋਂ ਕੁਝ ਸਾਥੀ ਸਰਦਾਰ ਈਰਖਾ ਖਾਣ ਲੱਗ ਪਏ ਤੇ ਉਹਨਾਂ ਨੇ ਸ: ਸਾਹਿਬ ਸਿੰਘ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ । ਸ: ਸਾਹਿਬ ਸਿੰਘ ਨੇ ਸ: ਨਿਹਾਲ ਸਿੰਘ ਦੀ ਕੁਝ ਜਾਗੀਰ ਇਸੇ ਗਲਤ ਪ੍ਰਭਾਵ ਥਲੇ ਕਟ ਲਈ, ਜਿਸ ਤੇ ਸ: ਨਿਹਾਲ ਸਿੰਘ ਨੇ ਉਹਦਾ ਸਾਥ ਛਡ ਦਿੱਤਾ ਤੇ ਆਪਣੇ ਪਿੰਡ ਆ ਕੇ ਆਰਾਮ ਨਾਲ ਟਿਕ ਗਏ ।

ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲਗ ਗਿਆ ਕਿ ਸ: ਨਿਹਾਲ ਸਿੰਘ ਅਟਾਰੀ ਚਲੇ ਗਏ ਹਨ । ਉਹਨਾਂ ਨੇ ਫਿਰ ਕੁਝ ਪਤਵੰਤੇ ਮੁਖੀ ਅਟਾਰੀ ਭੇਜੇ ਤੇ ਸ: ਨਿਹਾਲ ਸਿੰਘ ਨੂੰ ਇਸ ਗੱਲ ਲਈ ਰਾਜ਼ੀ ਕਰ ਲਿਆ ਕਿ ਉਹ ਲਾਹੌਰ ਦਰਬਾਰ

ਦਾ ਸਾਥ ਦੇਣਗੇ। ਸ: ਨਿਹਾਲ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਪਾਸ ਆ ਕੇ ਆਪਣਾ ਜੀਵਨ ਇਕ ਸਾਂਝੇ ਰਾਜ ਦੀ ਉਸਾਰੀ ਲਈ ਲਾ ਦਿੱਤਾ ਤੇ ਕਈ ਮੁਹਿੰਮਾਂ ਵਿਚ ਆਪਣੀ ਸੂਰਮਗਤੀ ਦੀ ਧਾਂਕ ਬਿਠਾਈ। ਖ਼ਾਸ ਕਰਕੇ 1807 ਈਸਵੀ ਨੂੰ ਕਸੂਰ ਫ਼ਤਹਿ ਕਰਨ ਸਮੇਂ ਤੇ 1810 ਈਸਵੀ ਨੂੰ ਮੁਲਤਾਨ ਦੀ ਲੜਾਈ ਸਮੇਂ ਸ: ਨਿਹਾਲ ਸਿੰਘ ਦੇਸ਼ ਤੇ ਕੌਮ ਦੀ ਖ਼ਾਤਰ ਬਹੁਤ ਬਹਾਦਰੀ ਨਾਲ ਲੜੇ। ਸ: ਗੰਡਾ ਸਿੰਘ ਜੀ ਨੇ ਲਿਖਿਆ ਹੈ ਕਿ ਸੰਨ 1801 ਤੋਂ 1816 ਤਕ ਸ਼ਾਇਦ ਹੀ ਕੋਈ ਐਸੀ ਮੁਹਿੰਮ ਹੋਵੇ ਜਿਥੇ ਸ: ਨਿਹਾਲ ਸਿੰਘ ਨੇ ਵਧ ਚੜ੍ਹ ਕੇ ਬਹਾਦਰੀ ਨਾ ਦਿਖਾਈ ਹੋਵੇ। ਕਸ਼ਮੀਰ, ਪਿੰਡ ਦਾਦਨ ਖ਼ਾਨ, ਨੀਲਾ ਚਕਵਾਲ, ਸੈਕਪੁਰ, ਨਰਾਇਣਗੜ੍ਹ, ਪਾਕ ਪਟਨ ਤੇ ਮੁਲਤਾਨ ਆਦਿ ਹਰ ਵੱਡੀ ਜੰਗ ਵਿਚ ਮੋਹਰੇ ਹੋ ਕੇ ਸੂਰਮਿਆਂ ਵਾਂਗ ਤਲਵਾਰ ਦੇ ਜੌਹਰ ਵਿਖਾਏ।

ਸੰਨ 1817 ਵਿਚ ਮਹਾਰਾਜਾ ਰਣਜੀਤ ਸਿੰਘ ਸਖ਼ਤ ਬੀਮਾਰ ਹੋ ਗਏ। ਹਾਲਤ ਇਥੋਂ ਤਕ ਔਂਪੜ ਗਈ ਕਿ ਉਹਨਾਂ ਦੇ ਬਚਣ ਦੀ ਕੋਈ ਆਸ ਨਾ ਰਹੀ। ਇਸ ਸਮੇਂ ਸ: ਨਿਹਾਲ ਸਿੰਘ ਨੇ ਸੋਚਿਆ ਕਿ ਮਹਾਰਾਜਾ ਰਣਜੀਤ ਸਿੰਘ ਸਾਰੀ ਲਹਿਰ ਦਾ ਧੁਰਾ ਹਨ। ਅਜਿਹੇ ਬਹੁਤ ਸਾਰੇ ਕੰਮ ਹਨ ਜੋ ਰਣਜੀਤ ਸਿੰਘ ਦੀ ਅਣਹੋਂਦ ਵਿਚ ਸਿਰੇ ਨਹੀਂ ਚੜ੍ਹ ਸਕਦੇ। ਇਸ ਲਈ ਦੇਸ਼ ਤੇ ਕੌਮ ਦੇ ਲਾਭ ਮੰਗ ਕਰਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਬਚਾਇਆ ਜਾਵੇ। ਜਦ ਕਿਸੇ ਦਵਾ ਦਾਰੂ ਤੇ ਆਸ ਨਾ ਰਹੀ ਤਾਂ ਆਖ਼ਰੀ ਹਥਿਆਰ ਵਰਤਣ ਦਾ ਦ੍ਰਿੜ੍ਹ ਨਿਸਚਾ ਕਰ ਕੇ ਸ: ਨਿਹਾਲ ਸਿੰਘ ਨੇ ਸੱਚੇ ਦਿਲੋਂ ਅਰਦਾਸ ਕੀਤੀ ਕਿ ਹੇ ਅਕਾਲ ਪੁਰਖ! ਇਸ ਸਮੇਂ ਦੇਸ਼ ਤੇ ਕੌਮ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਅਤਿਅੰਤ ਲੋੜ ਹੈ, ਇਸ ਲਈ ਇਹਨਾਂ ਨੂੰ ਜੀਵਨ ਦਾਨ ਦਿਤਾ ਜਾਏ ਤੇ ਮੈਂ ਆਪਣੇ ਆਪ ਨੂੰ ਰਣਜੀਤ ਸਿੰਘ ਦੀ ਥਾਂ ਪੇਸ਼ ਕਰਦਾ ਹਾਂ। ਮੈਂ ਬੇਸ਼ਕ ਮਰ ਜਾਵਾਂ ਪਰ ਰਣਜੀਤ ਸਿੰਘ ਨਾ ਮਰੇ। ਕਿਹਾ ਜਾਂਦਾ ਹੈ ਕਿ ਇਵੇਂ ਹੀ ਹੋਇਆ। ਸ: ਨਿਹਾਲ ਸਿੰਘ ਬੀਮਾਰ ਹੁੰਦੇ ਗਏ ਤੇ ਮਹਾਰਾਜਾ ਰਣਜੀਤ ਸਿੰਘ ਦੀ ਹਾਲਤ ਠੀਕ ਹੁੰਦੀ ਗਈ। ਮਹਾਰਾਜਾ ਰਣਜੀਤ ਸਿੰਘ ਠੀਕ ਹੋ ਗਏ ਤੇ ਸ: ਨਿਹਾਲ ਸਿੰਘ ਅਟਾਰੀ ਵਾਲੇ ਆਪਾ ਵਾਰ ਗਏ। ਉਹ ਜਨਵਰੀ 1818 ਨੂੰ ਚੜ੍ਹਾਈ ਕਰ ਗਏ।

ਸ: ਨਿਹਾਲ ਸਿੰਘ ਨੇ ਆਪਾ ਵਾਰਿਆ ਤੇ ਦੇਸ਼ ਕੌਮ ਦੇ ਲਾਭਾਂ ਦੀ ਖ਼ਾਤਰ ਆਪਣਾ ਆਪ ਮਹਾਰਾਜਾ ਰਣਜੀਤ ਸਿੰਘ ਤੋਂ ਨਿਛਾਵਰ ਕੀਤਾ, ਇਸ ਲਈ ਉਹ ਸ਼ਹੀਦ ਹਨ ਤੇ ਸ਼ਹੀਦ ਮਾਲਾ ਦੇ ਇਕ ਕੀਮਤੀ ਤੇ ਬਿਲਕੁਲ ਅਨੋਖੇ ਮੋਤੀ ਹਨ।

ਸ: ਸ਼ਾਮ ਸਿੰਘ ਅਟਾਰੀ ਵਾਲਾ

ਅਟਾਰੀ ਵਾਲੇ ਸਰਦਾਰਾਂ ਵਿਚੋਂ ਸਭ ਤੋਂ ਉੱਘੀ ਸ਼ਖ਼ਸੀਅਤ ਸਰਦਾਰ ਸ਼ਾਮ ਸਿੰਘ ਜੀ ਹਨ। ਅੰਗਰੇਜ਼ਾਂ ਨਾਲ ਸਿੱਖ ਰਾਜ ਦੀਆਂ ਫ਼ੌਜਾਂ ਦੀ ਸਭਰਾਵਾਂ ਦੇ ਮੈਦਾਨ ਵਿਚ ਹੋਈ ਲੜਾਈ ਸਮੇਂ ਜਦੋਂ ਸਰਦਾਰ ਸ਼ਾਮ ਸਿੰਘ ਜੀ ਰਣ-ਭੂਮੀ ਵਿਚ ਆ ਉਤਰੇ ਤਾਂ ਜਿਸ ਅਡੋਲਤਾ ਤੇ ਬਹਾਦਰੀ ਨਾਲ ਉਹਨਾਂ ਤੇਗ਼ ਵਾਹੀ ਅਤੇ ਅੰਤ ਆਪਣੀ ਜਾਨ ਵੀ ਘੋਲ ਘੁਮਾਈ, ਉਸ ਨੇ ਇਸ ਕੌਮੀ ਸੂਰਬੀਰ ਨੂੰ ਅਮਰ ਕਰ ਦਿੱਤਾ ਹੈ।

ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਉਸ ਸਰਦਾਰ ਨਿਹਾਲ ਸਿੰਘ ਅਟਾਰੀ ਦੇ ਸਪੁੱਤਰ ਸਨ ਜਿਹਨਾਂ ਨੇ 1817 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਖ਼ਤ ਬੀਮਾਰ ਹੋਣ ਤੇ ਉਹਨਾਂ ਤੋਂ ਆਪਾ ਵਾਰ ਦਿੱਤਾ ਤੇ ਬਾਬਰ ਤੇ ਹਮਾਯੂੰ ਦੀ ਪੁਰਾਣੀ ਘਟਨਾ ਨੂੰ ਦੁਹਰਾਇਆ। ਸਰਦਾਰ ਸ਼ਾਮ ਸਿੰਘ ਦਾ ਜਨਮ ਕਦੋਂ ਹੋਇਆ ? ਇਹਨਾਂ ਨੇ ਬਚਪਨ ਦੇ ਦਿਨ ਕਿਵੇਂ ਬਿਤਾਏ ? ਇਸ ਬਾਰੇ ਕੁਝ ਵੀ ਪਤਾ ਨਹੀਂ ਲਗਦਾ। ਡਾਕਟਰ ਚੋਪੜਾ ਨੇ ਆਪਣੀ ਪੁਸਤਕ 'ਪੰਜਾਬ ਐਜ਼ ਏ ਸੋਵਰੇਨ ਸਟੇਟ' ਵਿਚ ਲਿਖਿਆ ਹੈ ਕਿ ਸਰਦਾਰ ਸ਼ਾਮ ਸਿੰਘ ਪਹਿਲੇ ਪਹਿਲ 1818 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਵਿਚ ਆਏ ਸਨ। ਡਾ: ਗੰਡਾ ਸਿੰਘ ਨੇ ਲਿਖਿਆ ਹੈ ਕਿ ਇਸ ਵਾਕੇ (ਮੁਲਤਾਨ ਦੀ ਆਖ਼ਰੀ ਲੜਾਈ) ਤੋਂ ਥੋੜ੍ਹਾ ਚਿਰ ਪਹਿਲਾਂ ਸਰਦਾਰ ਨਿਹਾਲ ਸਿੰਘ ਨੇ ਆਪਣੇ ਪੁੱਤਰ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਮਹਾਰਾਜੇ ਦੀ ਫ਼ੌਜ ਵਿਚ ਭਰਤੀ ਕਰਵਾ ਦਿੱਤਾ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦਾ ਪਹਿਲਾ ਮਹਾਨ ਕਾਰਨਾਮਾ ਤੇ ਇਤਿਹਾਸਕ ਲੜਾਈ ਮੁਲਤਾਨ ਦੀ ਜੰਗ ਹੀ ਸੀ ਜੋ 1818 ਵਿਚ ਲੜੀ ਗਈ ਤੇ ਜਿਸ ਪਿਛੋਂ ਮੁਲਤਾਨ ਨੂੰ ਪੂਰਨ ਤੌਰ ਤੇ ਖ਼ਾਲਸਾ ਰਾਜ ਵਿਚ ਸ਼ਾਮਲ ਕਰ ਲਿਆ ਗਿਆ। ਖ਼ਾਲਸਾ ਦਰਬਾਰ ਨੇ ਮੁਲਤਾਨ ਦੇ ਹਾਕਮ ਮੁਜ਼ੱਫ਼ਰ ਖ਼ਾਨ ਉਤੇ ਪਹਿਲਾਂ 1810, 1816 ਤੇ 1817 ਈਸਵੀ ਵਿਚ ਤਿੰਨ ਵਾਰ ਹਮਲਾ ਕੀਤਾ ਪਰ ਉਹ ਹਰ ਵਾਰੀ ਮਾਫ਼ੀ ਮੰਗ ਲੈਂਦਾ ਤੇ ਅਗੋਂ ਵਫ਼ਾਦਾਰ ਰਹਿਣ ਦਾ ਵਿਸ਼ਵਾਸ ਦਵਾਂਦਾ ਪਰ ਕੁਝ ਸਮੇਂ ਪਿਛੋਂ ਬਾਗ਼ੀ ਹੋ ਜਾਂਦਾ। ਅਖ਼ੀਰ ਫ਼ੈਸਲਾ ਕੀਤਾ ਗਿਆ ਕਿ ਮੁਲਤਾਨ ਨੂੰ ਖ਼ਾਲਸਾ ਰਾਜ ਵਿਚ ਸ਼ਾਮਲ ਕਰ ਕੇ ਟੰਟਾ ਮੁਕਾ ਦਿੱਤਾ ਜਾਏ। ਪਹਿਲਾਂ ਮਿਸਰ ਦੀਵਾਨ ਚੰਦ ਨੂੰ ਫ਼ੌਜ ਦੇ ਕੇ ਭੇਜਿਆ ਗਿਆ ਪਰ ਸਫ਼ਲਤਾ ਨਾ ਹੋਈ। ਫਿਰ ਕੰਵਰ ਖੜਕ ਸਿੰਘ ਦੀ ਅਗਵਾਈ ਵਿਚ ਹੋਰ ਫ਼ੌਜ ਭੇਜੀ ਗਈ ਜਿਸ ਨਾਲ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦਾ ਜਥਾ ਸ਼ਾਮਲ ਸੀ।

ਕਈ ਮਹੀਨਿਆਂ ਤੋਂ ਮੁਲਤਾਨ ਦੇ ਕਿਲ੍ਹੇ ਨੂੰ ਸਿੰਘਾਂ ਨੇ ਘੇਰਾ ਪਾਇਆ ਹੋਇਆ ਸੀ ਪਰ ਜਦ ਨਵੀਂ ਫ਼ੌਜ ਪਹੁੰਚੀ ਤਾਂ ਇਹਨਾਂ ਨੇ ਤੋਪਾਂ ਦੀ ਮਾਰ ਨਾਲ ਕਿਲ੍ਹੇ ਦੀ ਕੰਧ ਢਾਹ ਲਈ ਤੇ ਜੋ ਸਿੰਘ ਸਭ ਤੋਂ ਪਹਿਲਾਂ ਦੌੜ ਕੇ ਕਿਲ੍ਹੇ ਦੇ ਅੰਦਰ ਦਾਖ਼ਲ ਹੋਏ ਉਹਨਾਂ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਮੋਹਰੀ ਸਨ। ਅੰਦਰ ਮੁਜ਼ੱਫ਼ਰ ਖ਼ਾਨ ਦੀ ਫ਼ੌਜ ਨਾਲ ਗੁੱਥਮ-ਗੁੱਥਾ ਲੜਾਈ ਹੋਈ ਤੇ ਮੁਜ਼ੱਫ਼ਰ ਖ਼ਾਨ ਆਪਣੇ ਪੰਜ ਪੁੱਤਰਾਂ ਸਮੇਤ ਲੜਦਾ ਹੋਇਆ ਮਾਰਿਆ ਗਿਆ। ਸਰਦਾਰ ਸ਼ਾਮ ਸਿੰਘ ਵੀ ਬਹੁਤ ਜ਼ਖ਼ਮੀ ਹੋ ਗਿਆ ਤੇ ਇਹਨਾਂ ਨੂੰ ਲਾਹੌਰ ਹਸਪਤਾਲ ਵਿਚ ਭੇਜ ਦਿੱਤਾ ਗਿਆ। ਇਸ ਸ਼ਾਨਦਾਰ ਕੁਰਬਾਨੀ ਤੇ ਮੁਲਤਾਨ ਦੀ ਫ਼ਤਹਿ ਵਿਚ ਸਰਦਾਰ ਸ਼ਾਮ ਸਿੰਘ ਦੀ ਹਿੰਮਤ ਬਦਲੇ ਉਹਨਾਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਰੰਗਪੁਰੇ ਦੇ ਇਲਾਕੇ ਦਾ ਸਰਦਾਰ ਬਣਾ ਦਿੱਤਾ ਤੇ ਉਹਨਾਂ ਦੀ ਕੁਰਬਾਨੀ ਦੀ ਬਹੁਤ ਪ੍ਰਸੰਸਾ ਕੀਤੀ।

ਅਗਲੇ ਸਾਲ ਸੰਨ 1819 ਈਸਵੀ ਨੂੰ ਕਸ਼ਮੀਰ ਨੂੰ ਖ਼ਾਲਸਾ ਰਾਜ ਵਿਚ ਮਿਲਾਣ ਲਈ ਕਾਰਵਾਈ ਕਰਨੀ ਪਈ ਕਿਉਂਕਿ ਉਥੋਂ ਦੀ ਜਨਤਾ ਹਾਕਮ ਸ਼੍ਰੇਣੀ ਤੋਂ ਬਹੁਤ ਦੁਖੀ ਸੀ ਤੇ ਮਹਾਰਾਜਾ ਰਣਜੀਤ ਸਿੰਘ ਪਾਸ ਫਰਿਆਦ ਕਰਨ ਆ ਰਹੀ

ਸੀ । ਮਹਾਰਾਜਾ ਰਣਜੀਤ ਸਿੰਘ ਨੇ ਪੂਰੀ ਤਿਆਰੀ ਕਰ ਕੇ ਵਿਉਂਤ ਨਾਲ ਲੜਾਈ ਕੀਤੀ । ਫ਼ੌਜ ਨੂੰ ਦੋ ਹਿਸਿਆਂ ਵਿਚ ਵੰਡਿਆ । ਇਕ ਹਿੱਸਾ ਮਿਸਰ ਦੀਵਾਨ ਚੰਦ ਤੇ ਸਰਦਾਰ ਸ਼ਾਮ ਸਿੰਘ ਦੀ ਅਗਵਾਈ ਵਿਚ ਭੇਜਿਆ ਗਿਆ । ਇਹਨਾਂ ਨੇ ਤੁਰਤ ਹੀ ਰਾਜੌਰੀ ਤੇ ਪੁਣਛ ਨੂੰ ਫ਼ਤਹਿ ਕਰ ਲਿਆ ਤੇ ਸ੍ਰੀ ਨਗਰ ਵਲ ਵਧੇ ।

ਸ੍ਰੀ ਨਗਰ ਵਿਚ ਉਸ ਸਮੇਂ ਜਬਾਰ ਖ਼ਾਨ ਹਾਕਮ ਸੀ । ਉਹਨੇ ਆਪਣੀ ਫ਼ੌਜੀ ਤਾਕਤ ਬਹੁਤ ਬਣਾਈ ਹੋਈ ਸੀ, ਉਹ ਆਪਣਾ ਲਸ਼ਕਰ ਲੈ ਕੇ ਮੁਕਾਬਲੇ ਤੇ ਆ ਗਿਆ ਪਰ ਸਿੰਘਾਂ ਦਾ ਟਾਕਰਾ ਕਰਨਾ ਸੌਖਾ ਨਹੀਂ ਸੀ, ਖ਼ਾਸ ਕਰਕੇ ਉਸ ਸਮੇਂ ਜਦੋਂ ਕਿ ਸਿੰਘਾਂ ਦੀ ਅਗਵਾਈ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਵਰਗਾ ਦਲੇਰ ਆਗੂ ਕਰ ਰਿਹਾ ਸੀ । ਜਬਾਰ ਖ਼ਾਨ ਲੜਾਈ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਤੇ ਦਿਲ ਹਾਰ ਕੇ ਮੈਦਾਨ ਵਿਚੋਂ ਅਜਿਹਾ ਨਸਿਆ ਕਿ ਪਿਸ਼ੌਰ ਵਲ ਚਲਾ ਗਿਆ । ਕਸ਼ਮੀਰ ਤੇ ਖ਼ਾਲਸੇ ਦਾ ਕਬਜ਼ਾ ਹੋ ਗਿਆ । ਕਸ਼ਮੀਰ ਨੂੰ ਖ਼ਾਲਸਾ ਰਾਜ ਵਿਚ ਸ਼ਾਮਲ ਕਰ ਲਿਆ ਗਿਆ । ਇਸ ਲੜਾਈ ਵਿਚ ਵੀ ਸਰਦਾਰ ਸ਼ਾਮ ਸਿੰਘ ਅਟਾਰੀ ਦੀ ਬਹਾਦਰੀ ਦੀ ਹਰ ਪਾਸਿਉਂ ਪ੍ਰਸੰਸਾ ਹੋਈ । ਇਸ ਪਿਛੋਂ ਅਹਿਮਦ ਸ਼ਾਹ ਬਰੇਵਲੀ ਨਾਲ ਟੱਕਰ ਸਮੇਂ ਵੀ ਸਰਦਾਰ ਸ਼ਾਮ ਸਿੰਘ ਨੇ ਉਹਨੂੰ ਕਰਾਰੇ ਹੱਥ ਦਿਖਾਏ ਤੇ ਮੈਦਾਨ ਵਿਚੋਂ ਭਜਾਇਆ । ਪਿਸ਼ਾਵਰ ਤੇ ਸਿੰਘਾਂ ਦੇ ਕਬਜ਼ੇ ਸਮੇਂ 1834 ਵਿਚ ਵੀ ਸਰਦਾਰ ਸ਼ਾਮ ਸਿੰਘ ਨੇ ਬਹੁਤ ਕੰਮ ਕੀਤਾ ।

1835 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀ ਮੰਗਣੀ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੀ ਸਪੁੱਤਰੀ ਬੀਬੀ ਨਾਨਕੀ ਨਾਲ ਕਰ ਦਿੱਤੀ ਤੇ ਇਉਂ ਪੁਰਾਣੀ ਮਿੱਤਰਤਾ ਤੇ ਸਾਂਝ ਨੂੰ ਪੂਰਨ ਤੌਰ ਤੇ ਰਿਸ਼ਤੇਦਾਰੀ ਵਿਚ ਬਦਲ ਲਿਆ ਗਿਆ । 1837 ਵਿਚ ਕੰਵਰ ਜੀ ਤੇ ਬੀਬੀ ਨਾਨਕੀ ਦਾ ਵਿਆਹ ਕਰ ਦਿੱਤਾ ਗਿਆ । ਜਿਤਨੀ ਸ਼ਾਨ ਨਾਲ ਵਿਆਹ ਹੋਇਆ, ਦੁਨੀਆਂ ਵਿਚ ਸ਼ਾਇਦ ਹੀ ਕਿਧਰੇ ਹੋਇਆ ਹੋਵੇ । ਅੰਮ੍ਰਿਤਸਰ ਵਿਚ ਜੰਞ ਚੜ੍ਹਨ ਸਮੇਂ ਪੰਜ ਲੱਖ ਦਾ ਇਕੱਠ ਹੋ ਗਿਆ ਤੇ ਦੇਸ਼ ਦੇ ਬਹੁਤ ਸਾਰੇ ਰਾਜੇ ਮਹਾਰਾਜੇ ਵਿਆਹ ਵਿਚ ਸ਼ਾਮਲ ਹੋਏ । ਸ: ਸ਼ਾਮ ਸਿੰਘ ਅਟਾਰੀ ਵਾਲੇ ਦਾ ਉਸ ਭਲਿਆਂ ਸਮਿਆਂ ਵਿਚ 15 ਲੱਖ ਰੁਪਿਆ ਵਿਆਹ ਤੇ ਖ਼ਰਚ ਹੋ ਗਿਆ ।

1837 ਵਿਚ ਦੋਸਤ ਮੁਹੰਮਦ ਖ਼ਾਨ ਨੇ ਜਮਰੌਦ ਦੇ ਕਿਲ੍ਹੇ ਤੇ ਹਮਲਾ ਕਰ ਦਿੱਤਾ । ਸ: ਹਰੀ ਸਿੰਘ ਨਲਵਾ ਪਿਸ਼ਾਵਰ ਵਿਚ ਸਖ਼ਤ ਬੀਮਾਰ ਪਏ ਸਨ, ਪਰ ਹਮਲੇ ਦੀ ਖ਼ਬਰ ਮਿਲਦਿਆਂ ਜਮਰੌਦ ਪਹੁੰਚ ਗਏ ਤੇ ਦੁਸ਼ਮਣ ਦੀਆਂ ਆਸਾਂ ਮਿੱਟੀ ਵਿਚ ਮਿਲਾ ਦਿੱਤੀਆਂ । ਮਹਾਰਾਜਾ ਰਣਜੀਤ ਸਿੰਘ ਨੂੰ ਜਮਰੌਦ ਤੇ ਹਮਲੇ ਦੀ ਸੂਚਨਾ ਮਿਲੀ ਤਾਂ ਉਹਨਾਂ ਕੰਵਰ ਨੌਨਿਹਾਲ ਸਿੰਘ ਤੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੀ ਅਗਵਾਈ ਵਿਚ ਬਹੁਤ ਸਾਰੀ ਫ਼ੌਜ ਦਿੱਤੀ ਪਰ ਇਸ ਫ਼ੌਜ ਦੇ ਪਹੁੰਚਣ ਤੋਂ ਪਹਿਲਾਂ ਲੜਾਈ ਖ਼ਤਮ ਹੋ ਚੁਕੀ ਸੀ ਤੇ ਸਰਦਾਰ ਹਰੀ ਸਿੰਘ ਨਲਵਾ ਸ਼ਹੀਦ ਹੋ ਚੁਕੇ ਸਨ । ਸਰਦਾਰ ਸ਼ਾਮ ਸਿੰਘ ਨੇ ਅਫ਼ਗਾਨਾਂ ਦਾ ਦੂਰ ਤਕ ਪਿਛਾ ਕੀਤਾ ਤੇ ਉਹਨਾਂ ਨੂੰ ਕੀਤੇ ਦੀ ਸਜ਼ਾ ਦੇ ਕੇ ਤੇ ਜਮਰੌਦ ਪ੍ਰਬੰਧ ਪੱਕਾ ਕਰ ਕੇ ਵਾਪਸ ਪਰਤ ਆਏ ।

ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਚਲਾਣਾ ਕਰ ਗਏ। ਉਹਨਾਂ ਦੀ ਮੌਤ ਪਿਛੋਂ ਰਾਜ ਦਰਬਾਰ ਸਾਜ਼ਸ਼ਾਂ ਦਾ ਗੜ੍ਹ ਬਣ ਗਿਆ। ਇਕ ਸਾਲ ਪਿਛੋਂ ਹੀ ਮਹਾਰਾਜਾ ਖੜਕ ਸਿੰਘ ਨੂੰ ਮਾਰ ਦਿੱਤਾ ਗਿਆ ਤੇ ਉਸੇ ਦਿਨ ਹੀ ਡੋਗਰਿਆਂ ਨੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੇ ਜਵਾਈ ਕੰਵਰ ਨੌਨਿਹਾਲ ਸਿੰਘ ਨੂੰ ਚਾਲ ਨਾਲ ਮਾਰ ਦਿੱਤਾ। ਇਸ ਤੋਂ ਪਿਛੋਂ ਸਰਦਾਰ ਸ਼ਾਮ ਸਿੰਘ ਦਰਬਾਰ ਤੋਂ ਨਿਰਾਸ ਹੋ ਕੇ ਤੇ ਆਪਣੇ ਵਸ ਤੋਂ ਬਾਹਰੀ ਹੋ ਗਈ ਬੀਮਾਰੀ ਦੇਖ ਕੇ ਪਿਛੇ ਹਟ ਗਏ। ਰਾਜ ਦਰਬਾਰ ਦੇ ਕੰਮਾਂ ਵਿਚ ਸਰਗਰਮੀ ਘਟ ਗਈ ਪਰ ਜਦੋਂ 1845 ਈਸਵੀ ਨੂੰ ਅੰਗਰੇਜ਼ਾਂ ਨਾਲ ਸਿੰਘਾਂ ਦੀ ਲੜਾਈ ਸ਼ੁਰੂ ਹੋ ਗਈ ਤੇ ਤੇਜਾ ਸਿੰਘ ਤੇ ਲਾਲ ਸਿੰਘ ਦੀ ਗ਼ੱਦਾਰੀ ਨਾਲ ਮੁਦਕੀ ਤੇ ਭਾਈ ਫੇਰੂ ਦੀਆਂ ਲੜਾਈਆਂ ਮਹਾਰਾਜਾ ਰਣਜੀਤ ਸਿੰਘ ਦੀ ਅਜਿੱਤ ਫ਼ੌਜ ਹਾਰ ਗਈ ਤਾਂ ਮਹਾਰਾਣੀ ਜਿੰਦ ਕੌਰ ਨੇ ਸਰਦਾਰ ਸ਼ਾਮ ਸਿੰਘ ਨੂੰ ਇਕ ਚਿੱਠੀ ਲਿਖ ਕੇ ਅਟਾਰੀ ਭੇਜੀ ਜਿਸ ਵਿਚ ਜੰਗ ਦੇ ਮੈਦਾਨ ਵਿਚ ਪਹੁੰਚਣ ਲਈ ਕਿਹਾ। ਚਿੱਠੀ ਪੜ੍ਹਦਿਆਂ ਸਿੰਘ ਦੇ ਖ਼ੂਨ ਨੇ ਜੋਸ਼ ਖਾਧਾ ਤੇ ਕੁਦ ਕੇ ਮੈਦਾਨ ਵਿਚ ਆ ਗਿਆ। ਘਰ ਤੋਂ ਤੁਰਨ ਸਮੇਂ ਇਕ-ਮਨ ਇਕ-ਚਿਤ ਹੋ ਕੇ ਅਰਦਾਸ ਕੀਤੀ ਤੇ ਪ੍ਰਣ ਕੀਤਾ ਕਿ ਜਾਂ ਤਾਂ ਅੰਗਰੇਜ਼ਾਂ ਪਾਸੋਂ ਫ਼ਤਹਿ ਲੈ ਕੇ ਆਵਾਂਗਾ ਨਹੀਂ ਤਾਂ ਜੀਊਂਦਾ ਨਹੀਂ ਮੁੜਾਂਗਾ।

ਸਰਦਾਰ ਸ਼ਾਮ ਸਿੰਘ ਉਦੋਂ ਸਿੱਖ ਫ਼ੌਜ ਵਿਚ ਅਪੜਿਆ ਜਦੋਂ ਕਿ ਫ਼ੌਜਾਂ ਦਰਿਆਉਂ ਪਾਰ ਹੋ ਕੇ ਸਭਰਾਵਾਂ ਪਾਸ ਆ ਗਈਆਂ ਸਨ। ਸਿੱਖ ਫ਼ੌਜਾਂ ਚਾਹੁੰਦੀਆਂ ਸਨ ਕਿ ਅੰਗਰੇਜ਼ਾਂ ਤੇ ਹੱਲਾ ਬੋਲਿਆ ਜਾਏ ਪਰ ਸੈਨਾਪਤੀ ਮਿਸਰ ਤੇਜਾ ਸਿਹੁੰ ਕਹਿੰਦਾ ਸੀ ਕਿ ਹਮਲਾ ਨਹੀਂ ਕਰਨਾ ਕਿਉਂਕਿ ਅੰਗਰੇਜ਼ਾਂ ਦਾ ਸਿੱਕਾ ਬਾਰੂਦ ਮੁੱਕਾ ਪਿਆ ਸੀ ਤੇ ਉਹਨਾਂ ਹਾਰ ਜਾਣਾ ਸੀ। ਮਿਸਰ ਲਾਲ ਸਿੰਘ ਨੇ ਗ਼ੱਦਾਰੀ ਕਰ ਕੇ ਜੰਗ ਦਾ ਨਕਸ਼ਾ ਫ਼ਰੰਗੀਆਂ ਨੂੰ ਭੇਜ ਦਿੱਤਾ ਤੇ ਫ਼ਰੰਗੀਆਂ ਨੇ 10 ਫ਼ਰਵਰੀ 1846 ਨੂੰ ਸਵੇਰੇ ਹੀ ਹਮਲਾ ਕਰ ਦਿੱਤਾ। ਸਿੰਘ ਮੁਕਾਬਲੇ ਲਈ ਤਿਆਰ ਹੋ ਗਏ। ਸ: ਸ਼ਾਮ ਸਿੰਘ ਨੇ ਬੜੀ ਜੋਸ਼ੀਲੀ ਤਕਰੀਰ ਕੀਤੀ ਜਿਸ ਵਿਚ ਸਿੰਘਾਂ ਨੂੰ ਕਿਹਾ ਕਿ ਜੇਕਰ ਕਲਗੀਧਰ ਦੇ ਪੁੱਤਰ ਹੋ ਤਾਂ ਪੁਰਜਾ ਪੁਰਜਾ ਕਟ ਜਾਣਾ ਪਰ ਪਿੱਠ ਨਾ ਦੇਣੀ। ਪਹਿਲਾਂ ਤੋਪਾਂ ਚਲੀਆਂ, ਫਿਰ ਘੋੜ ਚੜ੍ਹੀਆਂ ਰਜਮੈਂਟਾਂ ਵਿਚ ਮੁਕਾਬਲਾ ਹੋਇਆ ਪਰ ਸਿੰਘਾਂ ਨੇ ਸ: ਸ਼ਾਮ ਸਿੰਘ ਦੀ ਹੱਲਾ ਸ਼ੇਰੀ ਤੇ ਸੁਚੱਜੀ ਅਗਵਾਈ ਨਾਲ ਫ਼ਰੰਗੀਆਂ ਦਾ ਭਾਰੀ ਨੁਕਸਾਨ ਕੀਤਾ ਤੇ ਉਹਨਾਂ ਨੂੰ ਪਿਛੇ ਧੱਕ ਦਿਤਾ। ਸ਼ਾਹ ਮੁਹੰਮਦ ਕਵੀ ਇਸ ਸਮੇਂ ਦਾ ਵਰਣਨ ਇਉਂ ਕਰਦਾ ਹੈ:

ਆਈਆਂ ਪਲਟਣਾਂ ਬੀੜ ਕੇ ਤੋਪਖਾਨੇ,
ਅਗੋਂ ਸਿੰਘਾਂ ਨੇ ਪਾਸੜੇ ਮੋੜ ਸੁਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿਧੇ,
ਹੱਲੇ ਤਿੰਨ ਫ਼ਰੰਗੀ ਦੇ ਤੋੜ ਸੁਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਸਤਰੀ ਜੋੜ ਵਿਛੋੜ ਸੁਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਚੋੜ ਸੁਟੇ।

ਪਰ ਸਿੰਘਾਂ ਦੀ ਇਸ ਬੀਰਤਾ ਤੇ ਸ਼ਾਨਦਾਰ ਲੜਾਈ ਦੇ ਬਾਵਜੂਦ ਸਿੱਖ ਫ਼ੌਜ ਹਾਰ ਗਈ। ਤੇਜਾ ਸਿਹੁੰ, ਲਾਲ ਸਿੰਘ ਨੇ ਗ਼ੱਦਾਰੀ ਕੀਤੀ ਤੇ ਸਤਲੁਜ ਦਾ ਪੁਲ ਤੋੜ ਕੇ ਪਿਛੋਂ ਅਸਲਾ ਬਾਰੂਦ ਭੇਜਣਾ ਬੰਦ ਕਰ ਦਿੱਤਾ। ਜਦ ਸਿੱਕਾ ਬਾਰੂਦ ਮੁਕ ਗਿਆ ਤਾਂ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਤਲਵਾਰ ਕਢ ਲਈ ਤੇ ਸ਼ੇਰਾਂ ਵਾਂਗ ਅੰਗਰੇਜ਼ਾਂ ਤੇ ਹਮਲਾ ਕਰ ਦਿੱਤਾ। ਕਾਫ਼ੀ ਸਮਾਂ ਤਲਵਾਰ ਨਾਲ ਵੱਢਾ ਟੁਕੀ ਕੀਤੀ ਤੇ ਅਖ਼ੀਰ ਗੋਲੀਆਂ ਨਾਲ ਸਰੀਰ ਛਾਨਣੀ ਛਾਨਣੀ ਹੋ ਗਿਆ ਤੇ ਰਣ-ਭੂਮੀ ਵਿਚ ਹੀ ਸ਼ਹੀਦ ਹੋ ਗਏ ਪਰ ਇਕ ਵਾਰ ਅੰਗਰੇਜ਼ਾਂ ਨੂੰ ਵੀ ਦੱਸ ਦਿੱਤਾ ਕਿ ਸਿੱਖ ਕੌਮ ਵਿਚ ਇਤਨੇ ਬਹਾਦਰ ਵੀ ਹਨ। ਇਸ ਸ਼ਹੀਦ ਸੂਰਬੀਰ ਦੀ ਦੇਹ ਨੂੰ ਅਟਾਰੀ ਲੈ ਜਾਇਆ ਗਿਆ ਤੇ 12 ਫ਼ਰਵਰੀ 1846 ਈਸਵੀ ਨੂੰ ਅਟਾਰੀ ਵਿਚ ਸਸਕਾਰ ਕੀਤਾ ਗਿਆ।

ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੀ ਅਦੁੱਤੀ ਕੁਰਬਾਨੀ ਤੇ ਸਭਰਾਵਾਂ ਦੇ ਮੈਦਾਨ ਵਿਚ ਪਰਾਪਤ ਕੀਤੀ ਸ਼ਹਾਦਤ ਇਤਿਹਾਸ ਦੇ ਪੰਨਿਆਂ ਵਿਚ ਸੁਨਹਿਰੀ ਅੱਖਰਾਂ ਨਾਲ ਲਿਖੇ ਜਾਣ ਵਾਲੀ ਘਟਨਾ ਹੈ। ਪੰਜਾਬ ਆਪਣੇ ਅਜੇਹੇ ਬਹਾਦਰ, ਸੂਰਬੀਰ ਤੇ ਦੇਸ਼-ਭਗਤ ਜਰਨੈਲ ਨੂੰ ਕਦੇ ਨਹੀਂ ਭੁਲ ਸਕਦਾ।

ਬਾਬਾ ਰਾਮ ਸਿੰਘ

ਪੰਜਾਬ ਤੇ ਅੰਗਰੇਜ਼ਾਂ ਦੇ ਕਬਜ਼ੇ ਉੱਤੇ 1857 ਵਿਚ ਭਾਰਤ ਵਿਚ ਹੋਏ ਗ਼ਦਰ ਪਿਛੋਂ ਅੰਗਰੇਜ਼ਾਂ ਦੀ ਗ਼ੁਲਾਮੀ ਵਿਰੁੱਧ ਆਵਾਜ਼ ਉਠਾਨ ਵਾਲੇ ਤੇ ਲੋਕਾਂ ਨੂੰ ਨਿਰਾਸਤਾ ਤੇ ਮਾਯੂਸੀ ਦੇ ਵਾਯੂ-ਮੰਡਲ ਵਿਚੋਂ ਕਢ ਕੇ ਚੜ੍ਹਦੀ ਕਲਾ ਵਿਚ ਲਿਜਾਣ ਤੇ ਅੰਗਰੇਜ਼ ਸਾਮਰਾਜ ਨਾਲ ਟੱਕਰ ਲੈਣ ਲਈ ਤਿਆਰ ਕਰਨ ਵਾਲੇ ਪਹਿਲੇ ਵਿਅਕਤੀ ਬਾਬਾ ਰਾਮ ਸਿੰਘ ਜੀ ਸਨ ਜੋ ਨਾਮਧਾਰੀ ਕੂਕਾ ਲਹਿਰ ਦੇ ਚਾਲਕ ਬਣੇ ਅਤੇ ਅੱਜ ਨਾਮਧਾਰੀ ਜਿਨ੍ਹਾਂ ਨੂੰ ਆਪਣਾ 'ਗੁਰੂ' ਸਮਝਦੇ ਹਨ। ਇਹਨਾਂ ਦੀ ਕੁਰਬਾਨੀ, ਉਪਦੇਸ਼ ਤੇ ਉਦਮ ਸਦਕਾ ਸਾਰਾ ਦੇਸ਼ ਜਾਗ ਪਿਆ ਤੇ ਆਜ਼ਾਦੀ ਦੀ ਲਹਿਰ ਦਾ ਮੁਢ ਬੱਝ ਗਿਆ।

ਭਾਰਤ ਵਾਸੀਆਂ ਨੂੰ ਜਗਾਣ ਤੇ ਸਿੱਖ ਕੌਮ ਨੂੰ ਉਭਾਰਨ ਲਈ ਬਾਬਾ ਰਾਮ ਸਿੰਘ ਜੀ ਦੇ ਚੁਕੇ ਇਨਕਲਾਬੀ ਕਦਮ ਸਦਕਾ ਉਹਨਾਂ ਨੂੰ ਦੇਸ਼ ਨਿਕਾਲਾ ਮਿਲ ਗਿਆ ਤੇ ਅਖ਼ੀਰ ਉਹ ਸ਼ਹੀਦ ਹੋ ਗਏ। ਸਿੱਖ ਸ਼ਹੀਦਾਂ ਦੀ ਲੜੀ ਵਿਚ ਬਾਬਾ ਰਾਮ ਸਿੰਘ ਜੀ ਇੱਕ ਬਹੁਮੁੱਲਾ ਮੋਤੀ ਹਨ ਜਿਸ ਦੀ ਚਮਕ, ਡਲ੍ਹਕ ਤੇ ਸ਼ਾਨ ਕੌਮ ਨੂੰ ਸਦਾ ਅਗਵਾਈ ਦਿੰਦੀ ਰਹੇਗੀ।

ਬਾਬਾ ਰਾਮ ਸਿੰਘ ਜੀ ਦਾ ਜਨਮ 3 ਫ਼ਰਵਰੀ ਸੰਨ 1816 ਈਸਵੀ ਨੂੰ ਮਾਈ ਸਦਾ ਕੌਰ ਦੀ ਕੁਖੋਂ ਪਿੰਡ ਭੈਣੀ ਰਾਈਆਂ ਜ਼ਿਲ੍ਹਾ ਲੁਧਿਆਣਾ ਵਿਚ ਭਾਈ ਜੱਸਾ ਸਿੰਘ ਤਰਖਾਣ ਦੇ ਘਰ ਹੋਇਆ। ਛੋਟੀ ਉਮਰ ਵਿਚ ਹੀ ਆਪ ਦੀ ਰੁਚੀ ਭਜਨ ਬੰਦਗੀ ਵਲ ਸੀ, ਇਸ ਵਿਚ ਪੰਜਾਬੀ ਪੜ੍ਹ ਕੇ ਸਿੱਖ ਧਾਰਮਕ ਵਿਦਿਆ ਕਿਸੇ ਵਿਦਵਾਨ ਤੋਂ ਲਈ। ਵੱਡੇ ਹੋ ਕੇ ਆਪਣੇ ਖ਼ਾਨਦਾਨੀ ਪੇਸ਼ੇ ਤਰਖਾਣੇ, ਲੁਹਾਰੇ ਤੇ ਰਾਜਗੀਰੀ ਦੇ ਕੰਮ ਵਿਚ ਜੁਟ ਗਏ। ਮਾਪਿਆਂ ਨੇ ਆਪਣੇ ਲਾਡਲੇ ਪੁੱਤਰ ਦਾ ਵਿਆਹ ਛੋਟੀ ਉਮਰੇ ਹੀ ਬੀਬੀ ਜੱਸਾਂ ਨਾਲ ਕਰ ਦਿੱਤਾ।

20 ਸਾਲ ਦੀ ਉਮਰ ਵਿਚ ਬਾਬਾ ਰਾਮ ਸਿੰਘ ਜੀ ਲਾਹੌਰ ਗਏ ਤੇ ਆਪਣੇ ਇਕ ਰਿਸ਼ਤੇਦਾਰ ਭਾਈ ਕਾਬਲ ਸਿੰਘ ਜੀ ਦੀ ਪ੍ਰੇਰਨਾ ਨਾਲ ਖ਼ਾਲਸਾ ਰਾਜ ਦੀ ਫ਼ੌਜ ਵਿਚ ਭਰਤੀ ਹੋ ਗਏ। ਆਪ ਨੂੰ ਕੰਵਰ ਨੌਨਿਹਾਲ ਸਿੰਘ ਦੇ ਤੋਪਖ਼ਾਨੀ ਡੇਰੇ ਵਿਚ ਰਖ ਲਿਆ ਗਿਆ। ਫ਼ੌਜੀ ਜੀਵਨ ਵਿਚ ਜਿਹੜਾ ਵੀ ਵਿਹਲਾ ਵਕਤ ਮਿਲਦਾ, ਉਸਨੂੰ ਭਜਨ ਬੰਦਗੀ ਵਿਚ ਹੀ ਬਿਤਾਂਦੇ। ਪਹਿਲੇ ਉਦਾਸੀ ਤੇ ਫਿਰ ਕਿਸੇ ਨਿਰਮਲੇ ਸਾਧ ਦੇ ਡੇਰੇ ਨਾਲ ਜੁੜੇ ਪਰ ਆਪ ਨੂੰ ਇਥੋਂ ਮਾਨਸਕ ਸੰਤੁਸ਼ਟਤਾ ਨਾ ਮਿਲੀ। ਸੰਨ 1841 ਵਿਚ ਆਪ ਦੀ ਫ਼ੌਜੀ ਪਲਟਣ ਹਜ਼ਰੋ ਗਈ ਤਾਂ ਉਥੇ ਆਪ ਦਾ ਮੇਲ ਬਾਬਾ ਬਾਲਕ ਸਿੰਘ ਨਾਲ ਹੋਇਆ ਜੋ ਜਗਿਆਸੀ ਅਭਿਆਸੀ ਲਹਿਰ ਦੇ ਮੁਖੀ ਸਾਈਂ ਸਾਹਿਬ ਭਗਤ ਜਵਾਹਰ ਮਲ ਜੀ ਦੇ ਡੇਰੇ ਦੇ ਕਰਤਾ ਧਰਤਾ ਸਨ

ਤੇ ਜਿਨ੍ਹਾਂ ਨੇ ਨਾਮ ਅਭਿਆਸ ਤੇ ਸਿੱਖੀ ਪ੍ਰਚਾਰ ਦਾ ਸਦਕਾ ਬੜੀ ਪ੍ਰਸਿੱਧਤਾ ਪ੍ਰਾਪਤ ਕੀਤੀ ਹੋਈ ਸੀ। ਬਾਬਾ ਰਾਮ ਸਿੰਘ ਦੇ ਮਨ ਉਤੇ ਬਾਬਾ ਬਾਲਕ ਸਿੰਘ ਦਾ ਅਜਿਹਾ ਪ੍ਰਭਾਵ ਪਿਆ ਕਿ ਉਹਨਾਂ ਦੇ ਚੇਲੇ ਬਣ ਗਏ ਤੇ ਉਹਨਾਂ ਪਾਸੋਂ ਹੀ ਅੰਮ੍ਰਿਤ ਛਕਿਆ।

ਦਸੰਬਰ 1845 ਵਿਚ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਸ਼ੁਰੂ ਹੋਣ ਤੋਂ ਕੁਝ ਹੀ ਦਿਨ ਪਹਿਲਾਂ ਬਾਬਾ ਰਾਮ ਸਿੰਘ ਦੇ ਮਨ ਨੇ ਅਜਿਹਾ ਪਲਟਾ ਖਾਧਾ ਕਿ ਫ਼ੌਜੀ ਜੀਵਨ ਤਿਆਗ ਕੇ ਆਪਣੇ ਪਿੰਡ ਭੈਣੀ ਵਾਪਸ ਆ ਗਏ। ਇਥੇ ਕੁਝ ਸਮਾਂ ਆਪਣਾ ਪੁਰਾਣਾ ਖ਼ਾਨਦਾਨੀ ਪੇਸ਼ਾ ਅਪਣਾਈ ਰਖਿਆ, ਫਿਰ ਲੁਧਿਆਣੇ ਇਕ ਕਾਰਖਾਨੇ ਵਿਚ ਕੁਝ ਸਮਾਂ ਕੰਮ ਕੀਤਾ ਤੇ ਇਥੋਂ ਕੰਮ ਛਡ ਕੇ ਵਾਪਸ ਪਿੰਡ ਜਾ ਕੇ ਲੋਹੇ ਤੇ ਕਪੜੇ ਦੀ ਦੁਕਾਨ ਖੋਲ੍ਹ ਲਈ। ਉਹ ਨਾ ਚਲੀ ਕਿਉਂਕਿ ਭਾਈਵਾਲ ਬੇਈਮਾਨ ਨਿਕਲਿਆ। ਆਪ ਨੇ ਦੁਕਾਨਦਾਰੀ ਵੀ ਛੱਡ ਦਿੱਤੀ ਤੇ ਭਾਈ ਬਾਲਕ ਸਿੰਘ ਦੇ ਦਰਸ਼ਨ ਕਰਨ ਲਈ ਹਜ਼ਰੋ ਚਲੇ ਗਏ। ਕੁਝ ਸਮਾਂ ਉਥੇ ਹੀ ਰਹੇ ਤੇ ਉਨ੍ਹਾਂ ਪਾਸੋਂ ਵੀ ਬਹੁਤ ਕੁਝ ਸਿਖਿਆ।

ਵਾਪਸ ਭੈਣੀ ਸਾਹਿਬ ਆ ਕੇ ਫਿਰ ਦੁਕਾਨ ਸ਼ੁਰੂ ਕਰ ਲਈ, ਪਰ ਨਾਲ ਹੀ ਸਿੱਖੀ ਪਰਚਾਰ ਦਾ ਕੰਮ ਸ਼ੁਰੂ ਕਰ ਦਿੱਤਾ। 1857 ਦੀ ਵਿਸਾਖੀ ਦੀ ਗੱਲ ਹੈ ਕਿ ਭੈਣੀ ਸਾਹਿਬ ਵਿਚ ਆਪ ਨੇ ਸਤਿ ਸੰਗੀਆਂ ਦਾ ਇਕੱਠ ਬੁਲਾਇਆ ਤੇ ਉਸ ਸਮੇਂ ਅੰਮ੍ਰਿਤ ਪਰਚਾਰ ਕੀਤਾ। ਇਸ ਮੌਕੇ ਤੇ ਜਿਨ੍ਹਾਂ ਨੇ ਅੰਮ੍ਰਿਤ ਪਾਨ ਕੀਤਾ ਉਹ ਬਾਬਾ ਰਾਮ ਸਿੰਘ ਦੇ ਮੁਢਲੇ ਸੇਵਕ ਤੇ ਸਾਥੀ ਬਣੇ।

ਇਸ ਪਿਛੋਂ ਅੰਮ੍ਰਿਤ ਪਰਚਾਰ ਦੀ ਲਹਿਰ ਸ਼ੁਰੂ ਕਰ ਦਿੱਤੀ। ਧਾਰਮਕ ਤੌਰ ਤੇ ਡਾਵਾਂਡੋਲ ਹੋ ਰਹੇ ਸਿੱਖਾਂ ਦੇ ਮਨਾਂ ਵਿਚ ਸਿੱਖੀ ਲਈ ਉਤਸ਼ਾਹ ਤੇ ਲਗਨ ਪੈਦਾ ਕਰ ਕੇ ਤੇ ਕੁਰੀਤੀਆਂ ਦੂਰ ਕਰ ਕੇ ਗੁਰਸਿਖੀ ਦਾ ਪਰਚਾਰ ਕੀਤਾ ਤੇ ਆਪ ਸੁਧਾਰਕ ਗੁਰਸਿਖ ਆਗੂ ਬਣ ਗਏ। ਆਪ ਦੀ ਸ਼ਖ਼ਸੀਅਤ, ਰਹਿਣੀ ਬਹਿਣੀ, ਅਮਲ, ਬੋਲਣ ਢੰਗ, ਵਰਤਾਉ ਤੇ ਸਮਝਾਣ ਦੀ ਸ਼ਕਤੀ ਵਿਚ ਬਹੁਤ ਹੀ ਅਸਰ ਸੀ। ਸਿੱਖਾਂ ਤੋਂ ਛੁਟ ਹਿੰਦੂਆਂ ਤੇ ਮੁਸਲਮਾਨਾਂ ਵਿਚ ਵੀ ਆਪ ਦਾ ਪ੍ਰਭਾਵ ਪਹੁੰਚ ਗਿਆ। ਲੋਕ ਗੁਰਮਤ ਦੇ ਧਾਰਨੀ ਹੋਣ ਲਗ ਪਏ। ਵਾਹਿਗੁਰੂ ਤੇ ਨਾਮ ਬਾਣੀ ਵਿਚ ਜੁੜਨ ਵਾਲੀ ਇਕ ਨਵੀਂ ਸ਼੍ਰੇਣੀ ਪੈਦਾ ਹੋ ਗਈ ਜਿਸ ਨੂੰ ਲੋਕੀਂ ਨਾਮਧਾਰੀਏ ਕਹਿਣ ਲਗ ਪਏ। ਕਿਉਂਕਿ ਸ਼ਬਦ ਪੜ੍ਹਦੇ ਨਾਮਧਾਰੀ ਰਸ ਵਿਚ ਮਸਤਾਨੇ ਹੋ ਕੇ ਕੂਕਾਂ ਮਾਰਨ ਲਗ ਪੈਂਦੇ ਸਨ, ਇਸ ਲਈ ਇਨ੍ਹਾਂ ਦਾ ਨਾਮ ਨਾਮਧਾਰੀਏ ਤੋਂ ਛੁੱਟ 'ਕੂਕੇ' ਵੀ ਪ੍ਰਚਲਤ ਹੋ ਗਿਆ।

ਮੁੱਢ ਵਿਚ ਬਾਬਾ ਰਾਮ ਸਿੰਘ ਜੀ ਦੀ ਚਲਾਈ ਸੰਪਰਦਾਇ ਦੇ ਨਿਯਮ ਉਹੀ ਸਨ ਜੋ ਬਾਬਾ ਬਾਲਕ ਸਿੰਘ ਜੀ ਨੇ ਜਗਿਆਸੀ ਅਭਿਆਸੀ ਲਹਿਰ ਲਈ ਨਿਯਤ ਕੀਤੇ ਸਨ ਪਰ ਪਿਛੋਂ ਜਾ ਕੇ ਨਾਮਧਾਰੀ ਸੰਪਰਦਾ ਦਾ ਰੁਖ਼ ਬਦਲ ਗਿਆ ਤੇ ਇਹ ਪੁਰਾਣੀ ਲਹਿਰ ਨਾਲੋਂ ਟੁਟ ਕੇ ਇਕ ਨਵੀਂ ਲਹਿਰ ਬਣ ਗਈ।

ਸੰਨ 1860 ਵਿਚ ਆਪ ਨੇ ਭਾਈ ਦੀ ਪਦਵੀ ਧਾਰਨ ਕੀਤੀ। ਅਖ਼ੀਰ ਤਕ ਉਹ ਆਪਣੇ ਆਪ ਨੂੰ ਭਾਈ ਹੀ ਲਿਖਦੇ ਤੇ ਅਖਵਾਂਦੇ ਰਹੇ। ਪਿਛੋਂ ਉਹਨਾਂ ਦੇ

ਸ਼ਰਧਾਲੂ ਉਹਨਾਂ ਨੂੰ 'ਗੁਰੂ' ਕਹਿਣ ਲਗ ਪਏ ਹਾਲਾਂ ਕਿ ਬਾਬਾ ਰਾਮ ਸਿੰਘ ਜੀ ਨੇ ਆਪਣੇ ਸਾਰੇ ਜੀਵਨ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਕੋਈ ਦੇਹਧਾਰੀ ਗੁਰੂ ਨਹੀਂ ਹੋ ਸਕਦਾ। ਗੁਰੂ ਕਹਾਉਣ ਵਾਲਿਆਂ ਨੂੰ ਬਾਬਾ ਰਾਮ ਸਿੰਘ ਜੀ 'ਪਾਖੰਡੀ ਬਹੁਰੂਪੀਏ' ਕਿਹਾ ਕਰਦੇ ਸਨ ਪਰ ਪਿਛੋਂ ਆਪ ਦੇ ਸੇਵਕਾਂ ਨੇ ਦੇਹਧਾਰੀ ਗੁਰੂਆਂ ਦਾ ਸਿਲਸਲਾ ਤੋਰ ਦਿੱਤਾ।

ਬਾਬਾ ਰਾਮ ਸਿੰਘ ਜੀ ਦੇ ਸ਼ਰਧਾਲੂਆਂ ਤੇ ਸੇਵਕਾਂ ਦੀ ਗਿਣਤੀ ਬਹੁਤ ਵਧ ਗਈ। ਇਹ ਲਹਿਰ ਸਾਰੇ ਪੰਜਾਬ ਵਿਚ ਹੀ ਖਿਲਰ ਗਈ ਤੇ ਬਾਬਾ ਰਾਮ ਸਿੰਘ ਜੀ ਭੈਣੀ ਤੋਂ ਬਾਹਰ ਦੂਰ ਦੂਰ ਪਰਚਾਰ ਲਈ ਪਹੁੰਚਣ ਲਗ ਪਏ। ਇਕ ਵਾਰ ਆਪ ਅੰਮ੍ਰਿਤਸਰ ਵੀ ਗਏ। ਉਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਆਪ ਦਾ ਪ੍ਰਸ਼ਾਦਿ ਪਰਵਾਨ ਨਾ ਕੀਤਾ ਗਿਆ ਤੇ ਪੁਜਾਰੀਆਂ ਨੇ ਅਰਦਾਸ ਨਾ ਕੀਤੀ। ਉਸ ਸਮੇਂ ਪੁਜਾਰੀਆਂ ਨੇ ਇਤਰਾਜ਼ ਕੀਤਾ ਕਿ ਨਾਮਧਾਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਨੰਗੇ ਸਿਰ, ਵਾਲ ਖਿਲਰੇ ਨਚਦੇ ਤੇ ਭੁੜਕਦੇ ਹਨ। ਇਹ ਗੁਰੂ ਸਾਹਿਬ ਦੀ ਬੇਅਦਬੀ ਕਰਦੇ ਹਨ।

1863 ਈਸਵੀ ਦੀ ਗੱਲ ਹੈ ਕਿ ਬਾਬਾ ਰਾਮ ਸਿੰਘ ਜੀ ਨੇ ਫ਼ੀਰੋਜ਼ਪੁਰ ਦੇ ਇਲਾਕੇ ਵਿਚ ਪਰਚਾਰ ਦੌਰਾ ਕੀਤਾ। ਉਸ ਸਮੇਂ ਪਹਿਲੀ ਵਾਰ ਅੰਗਰੇਜ਼ ਸਰਕਾਰ ਨੂੰ ਇਤਲਾਹ ਮਿਲੀ ਕਿ ਆਪ ਸਰਕਾਰ ਅੰਗਰੇਜ਼ੀ ਵਿਰੁੱਧ ਲੋਕਾਂ ਨੂੰ ਭੜਕਾ ਰਹੇ ਹਨ। ਲੋਕਾਂ ਨੂੰ ਕਹਿ ਰਹੇ ਹਨ ਕਿ ਫ਼ਰੰਗੀਆਂ ਦਾ ਰਾਜ ਖ਼ਤਮ ਹੋ ਰਿਹਾ ਹੈ ਤੇ ਸਾਡਾ ਰਾਜ ਕਾਇਮ ਹੋਣ ਵਾਲਾ ਹੈ। ਸਰਕਾਰ ਨੇ ਇਹਨਾਂ ਰਿਪੋਰਟਾਂ ਦੀ ਪੜਤਾਲ ਕੀਤੀ ਤਾਂ ਠੀਕ ਸਾਬਤ ਹੋਣ ਤੇ ਜ਼ਿਲ੍ਹਾ ਫ਼ੀਰੋਜ਼ਪੁਰ ਵਿਚ ਨਾਮਧਾਰੀਆਂ ਦੇ ਦੀਵਾਨਾਂ 'ਤੇ ਇਕੱਠਾਂ ਤੇ ਪਾਬੰਦੀ ਲਾ ਦਿੱਤੀ ਗਈ ਤੇ ਬਾਬਾ ਰਾਮ ਸਿੰਘ ਜੀ ਨੂੰ ਜ਼ਿਲ੍ਹਾ ਫ਼ੀਰੋਜ਼ਪੁਰ ਵਿਚੋਂ ਚਲੇ ਜਾਣ ਲਈ ਕਿਹਾ ਗਿਆ। ਫਿਰ ਆਪ ਹੀ ਉਸ ਸਮੇਂ ਦੇ ਜ਼ਿਲ੍ਹਾ ਅਧਿਕਾਰੀਆਂ ਨੇ ਬਾਬਾ ਰਾਮ ਸਿੰਘ ਜੀ ਨੂੰ ਵਾਪਸ ਉਹਨਾਂ ਦੇ ਪਿੰਡ ਭੈਣੀ ਪਹੁੰਚਾ ਦਿੱਤਾ।

ਇਹ ਪਹਿਲੀ ਘਟਨਾ ਹੈ ਜਦ ਕਿ ਅੰਗਰੇਜ਼ਾਂ ਨੇ ਬਾਬਾ ਰਾਮਸਿੰਘ ਜੀ ਦੀ ਚਲਾਈ ਲਹਿਰ ਵਿਰੁੱਧ ਕਾਰਵਾਈ ਕੀਤੀ ਤੇ ਬਾਬਾ ਜੀ ਨਾਲ ਟੱਕਰ ਲੈਣੀ ਸ਼ੁਰੂ ਕੀਤੀ।

1863 ਈਸਵੀ ਵਿਚ ਅੰਗਰੇਜ਼ਾਂ ਨੂੰ ਇਹ ਮਹਿਸੂਸ ਹੋਇਆ ਕਿ ਬਾਬਾ ਰਾਮ ਸਿੰਘ ਜੀ ਤੇ ਉਹਨਾਂ ਦੀ ਚਲਾਈ ਨਾਮਧਾਰੀ ਲਹਿਰ ਕੇਵਲ ਸਿੱਖਾਂ ਵਿਚ ਧਾਰਮਕ ਤੇ ਸੁਧਾਰਕ ਲਹਿਰ ਹੀ ਨਹੀਂ, ਇਹ ਤਾਂ ਅੰਗਰੇਜ਼ ਨੂੰ ਖ਼ਤਮ ਕਰਨ ਲਈ ਇਕ ਵਿਉਂਤ ਵੀ ਹੈ। ਸਰਕਾਰ ਅੰਗਰੇਜ਼ੀ ਨੇ ਇਸੇ ਕਰਕੇ ਬਾਬਾ ਰਾਮ ਸਿੰਘ ਜੀ ਨੂੰ ਫ਼ੀਰੋਜ਼ਪੁਰ ਜ਼ਿਲ੍ਹੇ ਵਿਚੋਂ ਕਢਿਆ ਤੇ ਉਹਨਾਂ ਦੇ ਦੀਵਾਨਾਂ ਤੇ ਪਾਬੰਦੀ ਲਾ ਦਿੱਤੀ, ਨਾਲ ਹੀ ਆਪਣੇ ਸੀ.ਆਈ.ਡੀ. ਦੇ ਵਿਸ਼ੇਸ਼ ਕਰਮਚਾਰੀਆਂ ਨੂੰ ਬਾਬਾ ਜੀ ਦੇ ਸੇਵਕ ਬਣਾ ਕੇ ਭੇਜ ਦਿੱਤਾ ਤਾਂ ਕਿ ਉਹ ਸਾਰੇ ਭੇਦ ਕਢਣ। ਉਹਨਾਂ ਨੇ ਸਰਕਾਰ ਨੂੰ ਸੂਚਨਾ ਦਿੱਤੀ ਕਿ ਨਾਮਧਾਰੀ ਜੰਗ ਲਈ ਤਿਆਰੀਆਂ ਕਰ ਰਹੇ ਹਨ। ਰੋਜ਼ ਰਾਤ ਨੂੰ ਡਾਂਗਾਂ ਹੱਥਾਂ ਵਿਚ ਲੈ ਕੇ ਪਰੇਡ ਕਰਦੇ ਹਨ। ਬਾਬਾ ਰਾਮ ਸਿੰਘ ਜੀ ਉਹਨਾਂ

ਨੂੰ ਦਸਦੇ ਹਨ ਕਿ ਅੰਗਰੇਜ਼ਾਂ ਦਾ ਰਾਜ ਬਹੁਤ ਛੇਤੀ ਖ਼ਤਮ ਹੋ ਜਾਵੇਗਾ। ਇਹ ਵੀ ਨਾਮਧਾਰੀਆਂ ਨੂੰ ਵਿਸ਼ਵਾਸ ਹੈ ਕਿ ਉਹਨਾਂ ਦਾ ਬਹੁਤ ਛੇਤੀ ਰਾਜ ਹੋ ਜਾਵੇਗਾ। ਦੀਵਾਲੀ 1863 ਈਸਵੀ ਨੂੰ ਨਾਮਧਾਰੀਆਂ ਦਾ ਅੰਮ੍ਰਿਤਸਰ ਵਿਚ ਇਕੱਠ ਸਦਿਆ ਜਾ ਰਿਹਾ ਹੈ ਉਸ ਸਮੇਂ ਨਾਮਧਾਰੀ ਬਗ਼ਾਵਤ ਕਰ ਦੇਣਗੇ।

ਇਹਨਾਂ ਰਿਪੋਰਟਾਂ ਤੇ ਇਤਲਾਹਾਂ ਦੇ ਆਧਾਰ ਤੇ ਅੰਗਰੇਜ਼ ਸਰਕਾਰ ਨੇ 1863 ਈਸਵੀ ਦੇ ਜੁਲਾਈ ਦੇ ਮਹੀਨੇ ਬਾਬਾ ਰਾਮ ਸਿੰਘ ਜੀ ਨੂੰ ਉਹਨਾਂ ਦੇ ਪਿੰਡ ਭੈਣੀ ਵਿਚ ਨਜ਼ਰਬੰਦ ਕਰ ਦਿੱਤਾ। ਉਹਨਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਪਿੰਡ ਤੋਂ ਬਾਹਰ ਨਹੀਂ ਜਾ ਸਕਦੇ। ਸਾਰੇ ਪੰਜਾਬ ਵਿਚ ਨਾਮਧਾਰੀਆਂ ਦੇ ਦੀਵਾਨ ਵੀ ਬੰਦ ਕਰ ਦਿੱਤੇ ਗਏ। ਇਸ ਤਰ੍ਹਾਂ 1863 ਦੀ ਦੀਵਾਲੀ ਦੇ ਸਮੇਂ ਜੋ ਕੁਝ ਪ੍ਰੋਗਰਾਮ ਸੀ ਉਹ ਸਭ ਵਿਚੇ ਰਹਿ ਗਿਆ।

ਨਾਮਧਾਰੀਆਂ ਵਿਚ ਇਕ ਪਾਸੇ ਸੁਧਾਰ ਦਾ ਜੋਸ਼ ਤੇ ਜਜ਼ਬਾ ਸੀ, ਦੂਜੇ ਅੰਗਰੇਜ਼ ਸਰਕਾਰ ਦੀਆਂ ਪਾਬੰਦੀਆਂ ਵਿਰੁੱਧ ਨਫ਼ਰਤ ਸੀ ਜੋ ਕਿਧਰੇ ਨਾ ਕਿਧਰੇ ਨਿਕਲਣੀ ਸੀ। ਅੰਗਰੇਜ਼ ਸਰਕਾਰ ਵਿਰੁੱਧ ਖੁਲ੍ਹੀ ਬਗ਼ਾਵਤ ਦੀ ਨਾ ਅਜੇ ਤਿਆਰੀ ਸੀ ਤੇ ਨਾ ਹੀ ਕੋਈ ਮੌਕਾ ਸੀ, ਇਸ ਲਈ ਉਹ ਨਫ਼ਰਤ, ਸੁਧਾਰ ਦੇ ਖੇਤਰ ਵਿਚ ਗਰਮੀ ਲੈ ਆਈ। ਨਾਮਧਾਰੀ ਮੜ੍ਹੀ ਮਸਾਣਾਂ ਤੇ ਕਬਰਾਂ ਦੀ ਪੂਜਾ ਦੇ ਵਿਰੁੱਧ ਸਨ, ਇਸ ਲਈ ਸਾਰੇ ਜ਼ਿਲ੍ਹਿਆਂ ਵਿਚ ਹੀ ਨਾਮਧਾਰੀਆਂ ਨੇ ਕਈ ਮੜ੍ਹੀਆਂ, ਕਬਰਾਂ ਤੇ ਮੂਰਤੀਆਂ ਭੰਨ ਤੋੜ ਦਿੱਤੀਆਂ।

ਚਾਰ ਸਾਲ ਨਾਮਧਾਰੀਆਂ ਦੀਆਂ ਸਰਕਾਰ ਵਿਰੁੱਧ ਸਰਗਰਮੀਆਂ ਜਾਂ ਤਾਂ ਬੰਦ ਰਹੀਆਂ ਤੇ ਜਾਂ ਉਹ ਗੁਪਤ ਤੌਰ ਤੇ ਕਰਦੇ ਰਹੇ। ਸਰਕਾਰ ਨੂੰ ਉਹਨਾਂ ਦੀਆਂ ਖ਼ਤਰਨਾਕ ਸਰਗਰਮੀਆਂ ਬੰਦ ਹੋ ਗਈਆਂ ਜਾਪੀਆਂ ਜਿਸ ਕਰਕੇ ਬਾਬਾ ਰਾਮ ਸਿੰਘ ਜੀ ਦੇ ਕਹਿਣ ਤੇ 1867 ਵਿਚ ਉਹਨਾਂ ਨੂੰ ਹੋਲੇ ਮਹੱਲੇ ਤੇ ਸ੍ਰੀ ਅਨੰਦਪੁਰ ਸਾਹਿਬ ਜਾਣ ਦੀ ਆਗਿਆ ਮਿਲ ਗਈ। ਨਾਲ ਹੀ ਉਹਨਾਂ ਨੂੰ ਨਜ਼ਰਬੰਦੀ ਤੋਂ ਆਜ਼ਾਦ ਕਰ ਦਿੱਤਾ ਗਿਆ।

ਉਸ ਸਾਲ 1867 ਵਿਚ ਹੀ ਦੀਵਾਲੀ ਸਮੇਂ ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀਆਂ ਦਾ ਬਹੁਤ ਵੱਡਾ ਇਕੱਠ ਕੀਤਾ। ਇਸ ਸਮੇਂ ਤਕ ਕੂਕਿਆਂ ਦੀ ਰਹੁਰੀਤੀ ਗੁਰਮਤਿ ਤੋਂ ਕਾਫ਼ੀ ਦੂਰ ਜਾ ਚੁਕੀ ਸੀ ਤੇ ਆਮ ਸਿੱਖਾਂ ਵਿਚ ਇਹਨਾਂ ਦੇ ਮਨ-ਮਤੀਏ ਹੋਣ ਬਾਰੇ ਚਰਚਾ ਚਲਣ ਲਗ ਪਈ ਸੀ। ਨਾਮਧਾਰੀ ਖੁਲ੍ਹੇ ਤੌਰ ਤੇ ਬਾਬਾ ਰਾਮ ਸਿੰਘ ਜੀ ਨੂੰ ਗੁਰੂ ਤੇ ਅਕਾਲ ਪੁਰਖ ਕਹਿਣ ਲਗ ਪਏ ਸਨ, ਇਸ ਲਈ ਸਿੱਖਾਂ ਵਿਚ ਇਹਨਾਂ ਦੀ ਜ਼ਬਰਦਸਤ ਵਿਰੋਧਤਾ ਹੋਣ ਲਗ ਪਈ। ਪਹਿਲਾਂ ਵਰਗਾ ਉਤਸ਼ਾਹ ਤੇ ਲੋਕ ਮਿਲਵਰਤਣ ਨਾ ਰਿਹਾ।

1869 ਵਿਚ ਕੁਝ ਨਾਮਧਾਰੀਆਂ ਨੇ ਫ਼ੀਰੋਜ਼ਪੁਰ ਜੇਲ੍ਹ ਵਿਚ ਬਗ਼ਾਵਤ ਕਰ ਦਿੱਤੀ ਪਰ ਸਰਕਾਰ ਨੇ ਸਖ਼ਤੀ ਨਾਲ ਦਬਾ ਦਿੱਤੀ ਤੇ ਬਾਹਰਲੀ ਨਾਮਧਾਰੀ ਲਹਿਰ ਤੇ ਉਸਦਾ ਬਹੁਤਾ ਅਸਰ ਨਾ ਪਿਆ। ਇਸੇ ਸਾਲ ਹੀ ਬਾਬਾ ਰਾਮ ਸਿੰਘ ਜੀ ਨੇ ਮਹਾਰਾਜਾ ਕਸ਼ਮੀਰ ਪਾਸ ਕੁਝ ਕੂਕੇ ਨੌਜਵਾਨ ਭੇਜੇ ਤੇ ਕਸ਼ਮੀਰ ਵਿਚ ਕੂਕਾ ਫ਼ੌਜੀ

ਪਲਟਨ ਖੜੀ ਹੋ ਗਈ। 1869 ਵਿਚ ਬਾਬਾ ਜੀ ਨੇ ਨੇਪਾਲ ਦੇ ਰਾਜੇ ਵਲ ਵੀ ਇਕ ਮਿੱਤਰਤਾ ਮਿਸ਼ਨ ਭੇਜ ਕੇ ਉਹਨਾਂ ਨਾਲ ਸੰਬੰਧ ਬਣਾਣ ਦਾ ਯਤਨ ਕੀਤਾ।

ਗਊ ਹਤਿਆ ਦੇ ਮਾਮਲੇ ਵਿਚ ਨਾਮਧਾਰੀ ਹਿੰਦੂਆਂ ਨਾਲੋਂ ਵੀ ਬਹੁਤੇ ਕੱਟੜ ਸਨ, ਇਸੇ ਲਈ ਉਹਨਾਂ ਨੇ ਬੁੱਚੜਾਂ ਨੂੰ ਮਾਰਨ ਦੀ ਮੁਹਿੰਮ ਚਾਲੂ ਕਰ ਦਿੱਤੀ। 14 ਜੂਨ ਸੰਨ 1870 ਈਸਵੀ ਨੂੰ ਅੰਮ੍ਰਿਤਸਰ ਵਿਚ ਖੁਲ੍ਹੇ ਬੁੱਚੜਖਾਨੇ ਤੇ ਹਮਲਾ ਕਰ ਕੇ ਨਾਮਧਾਰੀਆਂ ਨੇ ਚਾਰ ਬੁੱਚੜ ਮਾਰ ਦਿੱਤੇ ਤੇ ਤਿੰਨ ਸਖ਼ਤ ਜ਼ਖ਼ਮੀ ਕਰ ਦਿੱਤੇ। ਇਸ ਤਰ੍ਹਾਂ 15 ਜੁਲਾਈ 1871 ਈਸਵੀ ਨੂੰ ਰਾਏਕੋਟ ਜ਼ਿਲ੍ਹਾ ਲੁਧਿਆਣਾ ਦੇ ਬੁੱਚੜਖਾਨੇ ਤੇ ਹਮਲਾ ਕੀਤਾ ਗਿਆ ਤੇ ਇਕ ਮਰਦ, ਇਕ ਜ਼ਨਾਨੀ ਤੇ ਇਕ ਬੱਚੇ ਨੂੰ ਮਾਰ ਦਿੱਤਾ ਗਿਆ। ਤਿੰਨ ਨਾਮਧਾਰੀਆਂ ਨੂੰ ਇਸ ਮੁਕੱਦਮੇ ਵਿਚ ਫਾਂਸੀ ਦੀ ਸਜ਼ਾ ਹੋਈ। ਇਕ ਨਾਮਧਾਰੀ ਨੇ ਅੰਮ੍ਰਿਤਸਰ ਦੇ ਬੁੱਚੜਾਂ ਦੇ ਕਾਤਲਾਂ ਦਾ ਵੀ ਪਤਾ ਦੱਸ ਦਿੱਤਾ, ਹਾਲਾਂਕਿ ਪਹਿਲਾਂ ਸਰਕਾਰ ਦੋਸ਼ੀ ਨਹੀਂ ਸੀ ਫੜ ਸਕੀ। ਅੰਮ੍ਰਿਤਸਰ ਵਾਲੇ ਮੁਕੱਦਮੇ ਵਿਚ ਚਾਰ ਨੂੰ ਫਾਂਸੀ ਤੇ ਦੋ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ।

1872 ਈਸਵੀ ਨੂੰ ਬਾਬਾ ਰਾਮ ਸਿੰਘ ਜੀ ਨੇ ਮਾਘੀ ਸਮੇਂ ਭੈਣੀ ਸਾਹਿਬ ਵਿਚ ਇਕੱਠ ਸਦਿਆ। ਇਹ ਨਾਮਧਾਰੀਆਂ ਦਾ ਆਖ਼ਰੀ ਇਕੱਠ ਕਿਹਾ ਜਾ ਸਕਦਾ ਹੈ। ਇਸ ਸਮੇਂ ਕੂਕੇ ਬਹੁਤ ਜੋਸ਼ ਵਿਚ ਆ ਗਏ ਤੇ ਉਹਨਾਂ ਮਲੇਰਕੋਟਲੇ ਦੇ ਬੁੱਚੜਾਂ ਨੂੰ ਮਾਰਨ ਦਾ ਐਲਾਨ ਕਰ ਦਿੱਤਾ। ਬਾਬਾ ਰਾਮ ਸਿੰਘ ਜੀ ਨੂੰ ਨਾਲ ਚਲਣ ਲਈ ਕਿਹਾ ਗਿਆ ਪਰ ਉਹ ਨਾ ਮੰਨੇ ਤਾਂ ਉਹਨਾਂ ਦਾ ਭੀ ਅਪਮਾਨ ਕਰ ਕੇ ਇਹ ਬਾਗ਼ੀ ਭੜਕੇ ਹੋਏ ਨਾਮਧਾਰੀ ਮਲੇਰਕੋਟਲੇ ਵਲ ਤੁਰ ਪਏ। ਰਾਹ ਵਿਚ ਮਲੌਦ ਦੇ ਸਰਦਾਰ ਬਚਨ ਸਿੰਘ ਦਾ ਘਰ ਲੁਟਿਆ ਤੇ 15 ਜਨਵਰੀ 1872 ਈਸਵੀ ਨੂੰ ਮਲੇਰਕੋਟਲੇ ਉਤੇ ਜਾ ਪਏ।

ਸਵਾ ਸੌ ਨਾਮਧਾਰੀਆਂ ਦਾ ਮਲੇਰਕੋਟਲੇ ਦੇ ਲੋਕਾਂ ਨਾਲ ਟਾਕਰਾ ਹੋਇਆ। ਅਠ ਬੰਦੇ ਦੂਜੇ ਪਾਸਿਓਂ ਤੇ ਸੱਤ ਨਾਮਧਾਰੀ ਮਾਰੇ ਗਏ। 68 ਨਾਮਧਾਰੀ, ਜਿਨ੍ਹਾਂ ਵਿਚ ਦੋ ਜ਼ਨਾਨੀਆਂ ਵੀ ਸਨ, ਗ੍ਰਿਫ਼ਤਾਰ ਕਰ ਲਏ ਗਏ। ਡਿਪਟੀ ਕਮਿਸ਼ਨਰ ਲੁਧਿਆਣਾ ਦੇ ਹੁਕਮ ਨਾਲ 17 ਜਨਵਰੀ 1872 ਈਸਵੀ ਨੂੰ 50 ਨਾਮਧਾਰੀ ਤੋਪਾਂ ਅੱਗੇ ਰਖ ਕੇ ਉਡਾਏ ਗਏ। ਇਹਨਾਂ ਵਿਚੋਂ ਇਕ ਨੇ ਦੌੜ ਕੇ ਡਿਪਟੀ ਕਮਿਸ਼ਨਰ ਨੂੰ ਧੌਣ ਤੋਂ ਫੜ ਲਿਆ। ਇਸ ਤੇ ਉਸ ਕੂਕੇ ਨੂੰ ਤਲਵਾਰ ਨਾਲ ਟੋਟੇ ਟੋਟੇ ਕਰ ਦਿੱਤਾ ਗਿਆ। ਡਿਪਟੀ ਕਮਿਸ਼ਨਰ ਨੂੰ ਇਹ ਸਜ਼ਾ ਦੇਣ ਦਾ ਅਧਿਕਾਰ ਨਹੀਂ ਸੀ ਪਰ ਉਸ ਨੇ ਕੀਤਾ।

ਉਸੇ ਦਿਨ ਅੰਬਾਲੇ ਦੇ ਕਮਿਸ਼ਨਰ ਫੋਰਸਾਈਥ ਨੇ ਲੁਧਿਆਣੇ ਵਿਚ ਬਾਬਾ ਰਾਮ ਸਿੰਘ ਜੀ ਨੂੰ ਸੱਦ ਕੇ ਉਹਨਾਂ ਦੇ ਦੇਸ਼ ਨਿਕਾਲੇ ਦਾ ਹੁਕਮ ਦੇ ਦਿੱਤਾ ਤੇ ਸਵੇਰੇ ਚਾਰ ਵਜੇ ਦੀ ਗੱਡੀ ਚੜ੍ਹਾ ਦੇ ਅਲਾਹਾਬਾਦ ਨੂੰ ਤੋਰ ਦਿੱਤਾ। ਕਮਿਸ਼ਨਰ ਆਪ ਮਲੇਰਕੋਟਲੇ ਗਿਆ ਤੇ ਜਿਹੜੇ 16 ਕੂਕੇ ਅਜੇ ਕੈਦ ਵਿਚ ਸਨ ਉਹਨਾਂ ਨੂੰ ਵੀ ਤੋਪ ਨਾਲ ਉਡਾਣ ਦਾ ਹੁਕਮ ਦੇ ਦਿੱਤਾ। ਫਿਰ ਉਹਨੇ ਸਰਕਾਰ ਨੂੰ ਜੋ ਰਿਪੋਰਟ ਦਿੱਤੀ ਉਸ ਵਿਚ ਲਿਖਿਆ ਕਿ ਬੁੱਚੜਾਂ ਦੇ ਸਭ ਥਾਂ ਕਤਲਾਂ ਵਿਚ ਬਾਬਾ ਰਾਮ

ਸਿੰਘ ਜੀ ਦਾ ਹੱਥ ਹੈ ਤੇ ਇਹਨਾਂ ਦੀ ਉਕਸਾਹਟ ਨਾਲ ਹੀ ਸਭ ਕੁਝ ਹੋਇਆ ਹੈ। ਇਨ੍ਹਾਂ ਨੇ ਸਭ ਕੁਝ ਕਰਾਇਆ ਹੈ। ਇਹਨਾਂ ਨੂੰ ਸਭ ਦੋਸ਼ੀਆਂ ਦਾ ਪਤਾ ਸੀ ਪਰ ਇਹਨਾਂ ਜਾਣ ਬੁੱਝ ਕੇ ਇਤਲਾਹ ਨਹੀਂ ਦਿੱਤੀ।

ਪਹਿਲਾਂ ਤਾਂ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਅਲਾਹਾਬਾਦ ਰਖਿਆ ਗਿਆ, ਪਰ ਪੰਜ ਮਹੀਨਿਆਂ ਪਿਛੋਂ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਤੇ ਉਹਨਾਂ ਦੇ ਸਾਥੀਆਂ ਨੂੰ ਹੋਰ ਥਾਂਵਾਂ ਤੇ ਭੇਜ ਦਿੱਤਾ ਗਿਆ। ਨਾਲ ਹੀ ਸਾਰੇ ਦੇਸ਼ ਵਿਚ ਨਾਮਧਾਰੀਆਂ ਤੇ ਕਰੜੀਆਂ ਪਾਬੰਦੀਆਂ ਲਾ ਦਿੱਤੀਆਂ ਗਈਆਂ। ਆਪ ਦੇ ਸ਼ਰਧਾਲੂ ਲੁਕ ਛਿਪ ਕੇ ਰੰਗੂਨ ਵਿਚ ਵੀ ਆਪ ਨੂੰ ਮਿਲ ਆਇਆ ਕਰਦੇ ਸਨ ਤੇ ਲੋੜ ਅਨੁਸਾਰ ਚੀਜ਼ਾਂ ਵੀ ਪਹੁੰਚਾ ਜਾਇਆ ਕਰਦੇ ਸਨ। ਉਥੋਂ ਆਪ 'ਦਿਆਲ ਸਿੰਘ' ਦੇ ਬਨਾਉਟੀ ਨਾਂ ਹੇਠ ਚਿਠੀਆਂ ਲਿਖਦੇ ਰਹੇ ਤਾਂ ਕਿ ਸਰਕਾਰ ਨੂੰ ਪਤਾ ਨਾ ਲੱਗੇ ਤੇ ਕੋਈ ਸ਼ੱਕ ਨਾ ਪਵੇ। ਉਹਨਾਂ ਹੋਰ ਸੁਚੇਤ ਹੋ ਕੇ ਰਹਿਣਾ ਸ਼ੁਰੂ ਕਰ ਦਿੱਤਾ ਤਾਂ ਕਿ ਕਿਧਰੇ ਅੰਗਰੇਜ਼ ਸਰਕਾਰ ਹੋਰ ਦੂਰ ਕਿਸੇ ਟਾਪੂ ਤੇ ਨਾ ਭੇਜ ਦੇਵੇ। ਆਪ ਨੇ ਆਪਣੇ ਸੇਵਕਾਂ ਨੂੰ ਕਿਹਾ ਕਿ ਲੰਡਨ ਵਿਚ ਮਹਾਰਾਜਾ ਦਲੀਪ ਸਿੰਘ ਨਾਲ ਕਿਸੇ ਤਰ੍ਹਾਂ ਸੰਬੰਧ ਬਣਾਉ। ਅਖ਼ੀਰ ਇਸ ਜਲਾਵਤਨੀ ਦੇ ਸਮੇਂ ਵਿਚ ਸੰਨ 1885 ਈ: ਨੂੰ ਆਪ ਚਲਾਣਾ ਕਰ ਗਏ।

ਨਾਮਧਾਰੀ ਸੰਪਰਦਾਇ ਇਹ ਨਹੀਂ ਮੰਨਦੀ ਕਿ ਉਹ ਚਲਾਣਾ ਕਰ ਗਏ ਹਨ। ਉਹਨਾਂ ਦਾ ਵਿਸ਼ਵਾਸ ਹੈ ਕਿ ਉਹ ਜੰਗਲਾਂ ਵਿਚ ਅਲੋਪ ਹੋ ਗਏ ਹਨ ਅਤੇ ਅਮਰ ਹਨ।

ਬਾਬਾ ਰਾਮ ਸਿੰਘ ਦੇ ਪਰਚਾਰ ਦੀ ਨੀਂਹ ਉਹ ਅਸੂਲ ਤੇ ਸਿਧਾਂਤ ਹਨ ਜੋ ਬਾਬਾ ਬਾਲਕ ਸਿੰਘ ਜੀ ਨੇ ਪਰਚਾਰੇ ਸਨ। ਆਪ ਦੇ ਪਰਚਾਰ ਦਾ ਮੁਖ ਮੰਤਵ ਧਾਰਮਕ ਤੇ ਸਮਾਜਕ ਸੁਧਾਰ ਸੀ। ਸਿੱਖਾਂ ਨੂੰ ਰਹਿਤ ਵਿਚ ਢਿਲੇ ਦੇਖ ਕੇ ਇਸਤ੍ਰੀਆਂ ਤੇ ਮਰਦਾਂ ਨੂੰ ਖੰਡੇ ਦਾ ਅੰਮ੍ਰਿਤਪਾਨ ਕਰਨ, ਪੰਜ ਕਕਾਰਾਂ ਦੀ ਰਹਿਤ ਰਖਣ ਦਾ ਉਪਦੇਸ਼ ਦਿੱਤਾ। ਆਪ ਦੇ ਦੇਸ਼ ਪਿਆਰ ਨਾਲ ਭਰੇ ਹੋਏ ਹਿਰਦੇ ਵਿਚ ਅੰਗਰੇਜ਼ੀ ਰਾਜ ਵਿਰੁੱਧ ਡੂੰਘੇ ਤੇ ਜ਼ੋਰਦਾਰ ਵਲਵਲੇ ਸਨ। ਇਸੇ ਕਰਕੇ ਆਪ ਦੇ ਪਰਚਾਰ ਦਾ ਰਾਜਸੀ ਤੇ ਆਰਥਕ ਪੱਖ ਵੀ ਬੜੀ ਮਹਾਨਤਾ ਵਾਲਾ ਸੀ। ਆਪ ਨੇ ਅੰਗਰੇਜ਼ ਸਰਕਾਰ ਨਾਲ ਸਾਰੇ ਭਾਰਤ ਵਿਚ ਸਭ ਤੋਂ ਪਹਿਲਾਂ ਨਾ-ਮਿਲਵਰਤਣ ਦੀ ਲਹਿਰ ਤੋਰੀ ਅਤੇ ਆਪਣੇ ਸ਼ਰਧਾਲੂਆਂ ਨੂੰ ਹੁਕਮ ਦਿੱਤਾ ਕਿ ਅੰਗਰੇਜ਼ ਸਰਕਾਰ ਦੇ ਸਕੂਲਾਂ, ਅਦਾਲਤਾਂ ਤੇ ਦਫ਼ਤਰਾਂ ਦਾ ਬਾਈਕਾਟ ਕਰੋ। ਕੋਈ ਨਾਮਧਾਰੀ ਫ਼ਰੰਗੀ ਦੀ ਨੌਕਰੀ ਨਾ ਕਰੇ। ਆਪਣੇ ਮੁੱਕਦਮੇ ਸੁਣਨ ਲਈ ਪੰਚਾਇਤਾਂ ਬਣਾਈਆਂ ਤੇ ਡਾਕ ਦਾ ਆਪਣਾ ਵੱਖਰਾ ਪ੍ਰਬੰਧ ਚਲਾਇਆ। ਨਾਲ ਹੀ ਆਪ ਨੇ ਸੁਦੇਸ਼ੀ ਦੀ ਲਹਿਰ ਤੋਰੀ ਅਤੇ ਖੱਦਰ ਪਾਣ ਤੇ ਜ਼ੋਰ ਦਿੱਤਾ। ਹਰ ਇਕ ਨੂੰ ਹਥਿਆਰਬੰਦ ਕਰਨ ਲਈ ਹੁਕਮ ਦਿੱਤਾ ਤੇ ਹਰ ਨਾਮਧਾਰੀ ਲਈ ਲਾਠੀ ਕੋਲ ਰਖਣੀ ਜ਼ਰੂਰੀ ਕਰਾਰ ਦਿੱਤੀ।

ਇਸ ਤਰ੍ਹਾਂ ਪਿਛੋਂ ਰਾਜਸੀ ਮੈਦਾਨ ਵਿਚ ਦੇਸ਼ ਨੂੰ ਆਜ਼ਾਦ ਕਰਾਉਣ ਲਈ ਚਲੀ ਲਹਿਰ ਵਿਚ ਉਹੀ ਕੁਝ ਕੀਤਾ ਗਿਆ ਜੋ ਉਨ੍ਹੀਵੀਂ ਸਦੀ ਵਿਚ ਬਾਬਾ ਰਾਮ ਸਿੰਘ ਜੀ ਨੇ ਕੀਤਾ।

ਆਪ ਦੀ ਜਲਾਵਤਨੀ ਤੇ ਇਤਨੀਆਂ ਸਖ਼ਤੀਆਂ ਕੇਵਲ ਨਾਮਧਾਰੀਆਂ ਦੀ ਬਦ-ਅਮਨੀ ਕਰਕੇ ਨਹੀਂ ਸਨ ਸਗੋਂ ਅੰਗਰੇਜ਼ ਸਰਕਾਰ ਨੂੰ ਪਤਾ ਲਗ ਗਿਆ ਸੀ ਕਿ ਬਾਬਾ ਰਾਮ ਸਿੰਘ ਵਲੋਂ ਦਿੱਤੀ ਜਾ ਰਹੀ ਰਾਜਸੀ ਰੋਸ਼ਨੀ ਜੇ ਸਾਰੇ ਭਾਰਤ ਵਿਚ ਖਿਲਰ ਗਈ ਤਾਂ ਅੰਗਰੇਜ਼ ਦਾ ਰਾਜ ਨਹੀਂ ਰਹਿ ਸਕੇਗਾ।

ਬਾਬਾ ਰਾਮ ਸਿੰਘ ਜੀ ਸਾਡੀ ਆਜ਼ਾਦੀ ਦੀ ਲਹਿਰ ਦੇ ਪਹਿਲੇ ਮਹਾਨ ਸੰਗਰਾਮੀਏਂ, ਫ਼ਰੰਗੀ ਦਾ ਬਾਈਕਾਟ ਕਰਨ ਦੀ ਮੁਹਿੰਮ ਚਲਾਣ ਵਾਲੇ ਤੇ ਦੇਸ਼ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਲਈ ਕੁਰੀਤੀਆਂ ਵਿਰੁੱਧ ਲੜਨ ਵਾਲੇ ਮਹਾਂਪੁਰਸ਼ ਸਨ।

ਹੋਰ ਨਾਮਧਾਰੀ ਸ਼ਹੀਦ

ਬਾਬਾ ਰਾਮ ਸਿੰਘ ਜੀ ਦੀ ਨਾਮਧਾਰੀ ਲਹਿਰ ਇਕ ਪਾਸੇ ਧਰਮ ਪ੍ਰਚਾਰ, ਸਮਾਜ ਸੁਧਾਰ ਤੇ ਕੁਰੀਤੀਆਂ ਵਿਰੁੱਧ ਇਕ ਅੰਦੋਲਨ ਸੀ ਤੇ ਦੂਜੇ ਪਾਸੇ ਅੰਗਰੇਜ਼ ਰਾਜ ਵਿਰੁੱਧ ਲੋਕਾਂ ਵਿਚ ਨਵਾਂ ਜੋਸ਼, ਨਵਾਂ ਉਤਸ਼ਾਹ ਤੇ ਨਵੀਂ ਲਹਿਰ ਪੈਦਾ ਕਰਨ ਦਾ ਵੀ ਵਸੀਲਾ ਸੀ। 1857 ਦੇ ਗ਼ਦਰ ਦੀ ਅਸਫਲਤਾ ਪਿਛੋਂ ਸਾਰੇ ਦੇਸ਼ ਵਿਚ ਅਜਿਹੀ ਨਿਰਾਸਤਾ ਦੀ ਲਹਿਰ ਦੌੜ ਗਈ ਤੇ ਆਮ ਲੋਕਾਂ ਨੂੰ ਇਹ ਮਹਿਸੂਸ ਹੋਣ ਲੱਗ ਪਿਆ ਕਿ ਅੰਗਰੇਜ਼ਾਂ ਦਾ ਰਾਜ ਹੁਣ ਖ਼ਤਮ ਨਹੀਂ ਹੋ ਸਕਦਾ ਤੇ ਅਸੀਂ ਸਦਾ ਗ਼ੁਲਾਮ ਹੀ ਰਹਾਂਗੇ। ਇਹ ਮਾਯੂਸੀ ਦੀ ਉਪਜ ਵਿਚਾਰਧਾਰਾ ਸੀ ਜਿਸ ਨੂੰ ਬਾਬਾ ਰਾਮ ਸਿੰਘ ਜੀ ਨੇ ਬਦਲ ਕੇ ਰੱਖ ਦਿੱਤਾ ਤੇ ਆਪਣੇ ਸੇਵਕਾਂ ਨਾਮਧਾਰੀਆਂ ਵਿਚ ਇਹ ਵਿਚਾਰ ਪੱਕਾ ਕਰਾ ਦਿੱਤਾ ਕਿ ਅੰਗਰੇਜ਼ਾਂ ਦਾ ਰਾਜ ਛੇਤੀ ਖ਼ਤਮ ਹੋਣ ਵਾਲਾ ਹੈ ਤੇ ਅਸੀਂ ਆਪ ਰਾਜ ਕਰਾਂਗੇ। ਇਹੋ ਕਾਰਨ ਹੈ ਕਿ ਅੰਗਰੇਜ਼ਾਂ ਨੂੰ ਨਾਮਧਾਰੀ ਲਹਿਰ ਖ਼ਤਰਨਾਕ ਪ੍ਰਤੀਤ ਹੋਣ ਲਗ ਪਈ ਤੇ ਉਹਨਾਂ ਨੇ ਨਾਮਧਾਰੀਆਂ ਦੇ ਦੀਵਾਨਾਂ ਤੇ ਇਕੱਠਾਂ ਤੇ ਪਾਬੰਦੀਆਂ ਲਾ ਦਿੱਤੀਆਂ ਤੇ ਸਖ਼ਤ ਨਿਗਰਾਨੀ ਕਰਨ ਲੱਗ ਪਏ।

ਨਾਮਧਾਰੀ ਲਹਿਰ ਵਿਚ ਸੌ ਦੇ ਲਗਪਗ ਬੰਦੇ ਮਾਰੇ ਗਏ। 65 ਆਦਮੀਆਂ ਨੂੰ ਮਲੇਰਕੋਟਲਾ ਤੇ ਮਲੌਟ ਵਿਚ ਤੋਪਾਂ ਅੱਗੇ ਖੜ੍ਹੇ ਕਰ ਕੇ ਸ਼ਹੀਦ ਕੀਤਾ ਗਿਆ ਤੇ ਇਕ ਨੂੰ ਇਸੇ ਸਮੇਂ ਤਲਵਾਰ ਨਾਲ ਮਾਰਿਆ ਗਿਆ। ਕੁਝ ਨਾਮਧਾਰੀਆਂ ਨੂੰ ਅੰਮ੍ਰਿਤਸਰ ਤੇ ਰਾਏਕੋਟ ਵਿਚ ਬੁੱਚੜਾਂ ਨੂੰ ਮਾਰਨ ਦੇ ਇਲਜ਼ਾਮ ਵਿਚ ਫਾਂਸੀ ਦੀ ਸਜ਼ਾ ਦਿੱਤੀ ਗਈ ਤੇ ਕੁਝ ਮਲੌਟ ਤੇ ਮਲੇਰਕੋਟਲੇ ਵਿਚ ਉਂਜ ਲੜਦੇ ਹੋਏ ਮਾਰੇ ਗਏ। ਬਾਬਾ ਰਾਮ ਸਿੰਘ ਜੀ ਦੇ ਨਾਲ ਹੀ ਕੁਝ ਹੋਰ ਨਾਮਧਾਰੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਤੇ ਉਹ ਵਿਚਾਰੇ ਪ੍ਰਦੇਸਾਂ ਵਿਚ ਹੀ ਮਾਰੇ ਗਏ। ਇਸ ਤਰ੍ਹਾਂ ਸਭ ਰਲ ਕੇ ਗਿਣਤੀ ਸੌ ਕੁ ਦੇ ਕਰੀਬ ਹੋ ਜਾਂਦੀ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਉਹ ਨਾਮਧਾਰੀ ਸ਼ਹੀਦ ਕਿਵੇਂ ਬਣੇ? ਉਹ ਤਾਂ ਬੁੱਚੜਾਂ ਨੂੰ ਮਾਰਨ ਕਰਕੇ ਫਾਂਸੀਆਂ ਤੇ ਚਾੜ੍ਹੇ ਗਏ ਜਾਂ ਬੁੱਚੜਾਂ ਨੂੰ ਮਾਰਨ ਗਏ ਆਪ ਟਾਕਰਾ ਕਰਦੇ ਮਾਰੇ ਗਏ। ਮੇਰਾ ਵਿਚਾਰ ਹੈ ਕਿ ਬੁੱਚੜਾਂ ਨੂੰ ਮਾਰਨ ਵਾਲੀਆਂ ਘਟਨਾਵਾਂ ਦਾ ਪਿਛੋਕੜ ਕੇਵਲ ਗਊ-ਰਖਿਆ ਦਾ ਜਜ਼ਬਾ ਹੀ ਨਹੀਂ, ਅੰਗਰੇਜ਼ਾਂ ਵਿਰੁੱਧ ਨਫ਼ਰਤ ਵੀ ਹੈ। ਅੰਗਰੇਜ਼ਾਂ ਨੇ ਹੀ ਹੁਕਮ ਦੇ ਕੇ ਇਹ ਬੁੱਚੜਖਾਨੇ ਖੁਲ੍ਹਵਾਏ

ਤੇ ਬੁੱਚੜਾਂ ਨੂੰ ਸਰਕਾਰ ਦੀ ਸ਼ਹਿ ਸੀ ਜਿਸ ਕਰਕੇ ਕੂਕੇ ਉਹਨਾਂ ਨੂੰ ਮਾਰਨ ਨੂੰ ਪਏ। ਦੂਜੀ ਗੱਲ ਇਹ ਹੈ ਕਿ ਕੂਕਿਆਂ ਵਿਚ ਸਰਕਾਰ ਵਿਰੁੱਧ ਜਜ਼ਬਾ ਸੀ ਇਸੇ ਲਈ ਉਹਨਾਂ ਨੇ ਅੰਗਰੇਜ਼ ਰਾਜ ਦੇ ਖ਼ਾਤਮੇ ਦੇ ਸੁਪਨੇ ਲਏ ਤੇ ਅਖ਼ੀਰ ਅੰਗਰੇਜ਼ਾਂ ਨੇ ਉਹਨਾਂ ਦੇ ਦੀਵਾਨਾਂ ਤੇ ਇਕੱਠਾਂ ਤੇ ਪਾਬੰਦੀ ਲਾ ਦਿੱਤੀ। ਬਾਬਾ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਇਸ ਤਰ੍ਹਾਂ ਕੂਕਿਆਂ ਦੇ ਅੰਦਰ ਗੁੱਸਾ ਵਧਿਆ। ਉਹ ਗੁੱਸਾ ਫਿਰ ਬੁੱਚੜਾਂ ਵਿਰੁੱਧ ਮੁਹਿੰਮ ਦੇ ਰੂਪ ਵਿਚ ਨਿਕਲਿਆ। ਜਿਵੇਂ ਪਿਛੋਂ ਜਾ ਕੇ ਅੰਗਰੇਜ਼ ਸਰਕਾਰ ਵਿਰੁੱਧ ਨਫ਼ਰਤ ਕਰਕੇ ਬੱਬਰ ਅਕਾਲੀਆਂ ਨੇ ਸਰਕਾਰੀ ਏਜੰਟਾਂ ਤੇ ਝੋਲੀ-ਚੁਕਾਂ ਨੂੰ ਸੋਧਿਆ, ਜਿਵੇਂ ਬੱਬਰ ਦਾ ਕਰਮ ਦੇਸ਼-ਭਗਤੀ ਸੀ, ਇਸੇ ਤਰ੍ਹਾਂ ਬੁੱਚੜਾਂ ਵਿਰੁੱਧ ਉਸ ਸਮੇਂ ਦਾ ਅੰਦੋਲਨ ਵੀ ਅੰਗਰੇਜ਼ਾਂ ਵਿਰੁੱਧ ਹੀ ਲੜਾਈ ਦਾ ਇਕ ਤਰੀਕਾ ਸੀ। ਜਦ ਮਲੇਰਕੋਟਲੇ ਦੀ ਘਟਨਾ ਵਿਰੁੱਧ ਕੂਕੇ ਗ੍ਰਿਫ਼ਤਾਰ ਕਰ ਲਏ ਗਏ ਤਾਂ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿ: ਕਾਵਨ ਨੇ ਕੂਕਿਆਂ ਦੇ ਜਥੇ ਦੇ ਆਗੂ ਸ: ਹੀਰਾ ਸਿੰਘ ਤੋਂ ਗੜਬੜ ਦਾ ਕਾਰਨ ਪੁਛਿਆ ਤਾਂ ਸ: ਹੀਰਾ ਸਿੰਘ ਨੇ ਜੋ ਉਤਰ ਦਿੱਤਾ ਉਸ ਨੂੰ ਸੰਤ ਨਿਧਾਨ ਸਿੰਘ ਦੀ ਰਚਨਾ 'ਸਤਿਗੁਰੂ ਬਿਲਾਸ' ਵਿਚ ਇਉਂ ਦਰਜ ਕੀਤਾ ਗਿਆ ਹੈ—

"ਬਿਲੇ ਨੇ ਹੀਰਾ ਸਿੰਘ ਸੇ ਪੁਛਿਆ, 'ਤੁਮ ਨੇ ਕਿਉਂ ਗ਼ਦਰ ਮਚਾਇਆ ਹੈ?' ਹੀਰਾ ਸਿੰਘ ਨੇ ਕਿਹਾ, 'ਅਸੀਂ ਫ਼ਰੰਗੀਆਂ ਦਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਜਦ ਤਕ ਥੋੜਾ ਰਾਜ ਨਹੀਂ ਮੁਕਦਾ, ਗ਼ਦਰ ਮਚਾਵਾਂਗੇ। ਸਿਰ ਲਵਾਂਗੇ ਤੇ ਦੇਵਾਂਗੇ। ਤੁਹਾਨੂੰ ਇਥੋਂ ਕਢ ਕੇ ਸਾਹ ਲਵਾਂਗੇ। ਮੁੜ ਜੰਮਾਂਗੇ ਤੇ ਤੁਹਾਨੂੰ ਮਾਰਾਂਗੇ।'"

ਇਸ ਤੋਂ ਸਾਫ਼ ਸਪੱਸ਼ਟ ਹੈ ਕਿ ਨਾਮਧਾਰੀਆਂ ਦੀ ਬੁੱਚੜਾਂ ਵਿਰੁੱਧ ਕਾਰਵਾਈ ਅਸਲ ਵਿਚ ਅੰਗਰੇਜ਼ਾਂ ਵਿਰੁੱਧ ਹੀ ਇਕ ਅੰਦੋਲਨ ਸੀ।

14 ਜੂਨ 1871 ਈਸਵੀ ਨੂੰ ਦਸ ਨਾਮਧਾਰੀਆਂ ਨੇ ਅੰਮ੍ਰਿਤਸਰ ਦੇ ਬੁੱਚੜਾਂ ਤੇ ਹਮਲਾ ਕੀਤਾ ਤੇ ਚਾਰ ਥਾਂ ਤੇ ਮਾਰ ਦਿਤੇ, ਤਿੰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਫਿਰ 15 ਜੁਲਾਈ ਨੂੰ ਰਾਏਕੋਟ ਜ਼ਿਲ੍ਹਾ ਲੁਧਿਆਣਾ ਵਿਚ ਬੁੱਚੜਾਂ ਤੇ ਹਮਲਾ ਕੀਤਾ। ਦੋਸ਼ੀ ਫੜੇ ਗਏ ਤੇ ਇਸੇ ਸਮੇਂ ਅੰਮ੍ਰਿਤਸਰ ਦੇ ਹਮਲੇ ਦੇ ਦੋਸ਼ੀਆਂ ਦਾ ਵੀ ਪਤਾ ਲਗ ਗਿਆ। ਇਕ ਮੁਕੱਦਮੇ ਵਿਚ ਬਹਿਲਾ ਸਿੰਘ ਨਾਰਲੀ ਜ਼ਿਲ੍ਹਾ ਲਾਹੌਰ, ਫ਼ਤਹਿ ਸਿੰਘ ਦੁਕਾਨਦਾਰ ਅੰਮ੍ਰਿਤਸਰ, ਹਾਕਮ ਸਿੰਘ ਪਟਵਾਰੀ ਪਿੰਡ ਮੌੜੇ ਜ਼ਿਲ੍ਹਾ ਅੰਮ੍ਰਿਤਸਰ, ਸਰਦਾਰ ਲਹਿਣਾ ਸਿੰਘ ਪਿੰਡ ਰੰਧਾਵਾ ਪਖੋਕੇ ਜ਼ਿਲ੍ਹਾ ਗੁਰਦਾਸਪੁਰ ਤੇ ਸ: ਝੰਡਾ ਸਿੰਘ ਚਟੇਵਾਲਾ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਹੋਰ ਦੋ ਸਿੰਘਾਂ ਨੂੰ ਉਮਰ ਕੈਦ ਹੋ ਗਈ। ਦੂਜੇ ਕੇਸ ਵਿਚ ਮਸਤਾਨ ਸਿੰਘ, ਮੰਗਲ ਸਿੰਘ ਤੇ ਗੁਰਮੁਖ ਸਿੰਘ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਇਸੇ ਕੇਸ ਵਿਚ ਗਿਆਨੀ ਰਤਨ ਸਿੰਘ ਜੀ ਨੂੰ ਫਾਂਸੀ ਲਾਇਆ ਗਿਆ ਜੋ ਬਿਲਕੁਲ ਨਿਰਦੋਸ਼ ਸਨ।

15 ਜਨਵਰੀ 1872 ਈ: ਨੂੰ ਸਵਾ ਸੌ ਨਾਮਧਾਰੀਆਂ ਦੇ ਜਥੇ ਨੇ ਮਲੇਰਕੋਟਲੇ ਤੇ ਹਮਲਾ ਕੀਤਾ ਤੇ ਇਥੇ ਲੜਾਈ ਵਿਚ ਵੀ ਸੱਤ ਨਾਮਧਾਰੀ ਮਾਰੇ ਗਏ ਪਰ ਇਹਨਾਂ ਨੇ ਮਲੇਰਕੋਟਲੇ ਦੇ ਕੋਤਵਾਲ ਅਹਿਮਦ ਖ਼ਾਨ ਤੇ ਇਕ ਹੋਰ ਆਗੂ ਸਮੁੰਦ ਖ਼ਾਨ

ਨੂੰ ਵੀ ਮਾਰ ਦਿੱਤਾ। ਅਖ਼ੀਰ ਫ਼ੌਜ ਤੇ ਪੁਲਸ ਨੇ ਰਲ ਕੇ ਪਿੰਡ ਰੜ ਨੇੜੇ 68 ਨਾਮਧਾਰੀ ਗ੍ਰਿਫ਼ਤਾਰ ਕਰ ਲਏ। ਇਹਨਾਂ ਵਿਚ ਜ਼ਨਾਨੀਆਂ ਵੀ ਸਨ, ਜੋ ਪਟਿਆਲੇ ਭੇਜ ਦਿੱਤੀਆਂ ਗਈਆਂ। 66 ਨੂੰ ਮਲੇਰਕੋਟਲੇ ਲੈ ਆਂਦਾ ਗਿਆ ਤੇ ਇਥੇ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿ: ਕਾਵਨ ਨੇ ਬਿਨਾ ਮੁਕੱਦਮਾ ਚਲਾਏ ਇਹਨਾਂ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾਣ ਦਾ ਹੁਕਮ ਦੇ ਦਿੱਤਾ।

ਪਹਿਲੇ ਦਿਨ 7 ਤੋਪਾਂ ਬੀੜੀਆਂ ਗਈਆਂ ਤੇ ਉਹਨਾਂ ਨਾਲ 50 ਨਾਮਧਾਰੀ ਉਡਾਣ ਦਾ ਹੁਕਮ ਹੋਇਆ। ਨਾਮਧਾਰੀਆਂ ਨੇ ਬਿਨਾਂ ਡਰ ਦੇ ਛਾਤੀਆਂ ਖੋਹਲ ਕੇ ਖ਼ੁਸ਼ੀ ਖ਼ੁਸ਼ੀ ਤੋਪਾਂ ਦੇ ਗੋਲੇ ਸਹਾਰੇ ਤੇ ਸ਼ਹੀਦ ਹੋ ਗਏ। ਇਕ ਬਿਸ਼ਨ ਸਿੰਘ ਨਾਮੀ ਨੌਜਵਾਨ ਪੁਲਸ ਤੋਂ ਛੁਟ ਕੇ ਡਿਪਟੀ ਕਮਿਸ਼ਨਰ ਮਿ: ਕਾਵਨ ਨੂੰ ਜਾ ਪਿਆ ਤੇ ਦਾੜ੍ਹੀ ਤੋਂ ਫੜ ਕੇ ਉਸ ਨੂੰ ਧਰੂਹ ਲਿਆ। ਸਿਪਾਹੀਆਂ ਨੇ ਉਸ ਸਿੰਘ ਨੂੰ ਤਲਵਾਰ ਨਾਲ ਟੋਟੇ ਟੋਟੇ ਕਰ ਦਿੱਤਾ। ਇਸੇ ਤਰ੍ਹਾਂ ਦੂਜੇ ਦਿਨ ਕਮਿਸ਼ਨਰ ਨੇ ਆ ਕੇ 16 ਬਾਕੀ ਨਾਮਧਾਰੀਆਂ ਨੂੰ ਵੀ ਤੋਪਾਂ ਨਾਲ ਉਡਾ ਦਿੱਤਾ ਤੇ ਉਹਨਾਂ ਲੋਕਾਂ ਵਿਰੁੱਧ ਆਪਣੇ ਗੁੱਸੇ ਦੀ ਅੱਗ ਕਢੀ ਜੋ ਅੰਗਰੇਜ਼ ਨੂੰ ਆਪਣੇ ਦੇਸ਼ ਵਿਚ ਵੇਖਣਾ ਨਹੀਂ ਸਨ ਚਾਹੁੰਦੇ। ਨਾਮਧਾਰੀਆਂ ਦੀ ਇਹ ਕੁਰਬਾਨੀ ਵੀ ਸਦਾ ਆਪਾ ਵਾਰਨ ਵਾਲਿਆਂ ਲਈ ਉਤਸ਼ਾਹ ਦਾ ਸੋਮਾ ਬਣੀ ਰਹੇਗੀ।

ਬਜਬਜ ਘਾਟ ਦੇ ਸ਼ਹੀਦ

ਕਾਮਾਗਾਟਾਮਾਰੂ ਜਹਾਜ਼ ਦੀ ਬਜਬਜ ਘਾਟ ਤੇ ਵਾਪਰੀ ਦੁਖਾਂਤ ਘਟਨਾ ਇਸ ਗੱਲ ਦਾ ਸਬੂਤ ਹੈ ਕਿ ਪੰਜਾਬੀਆਂ, ਤੇ ਖ਼ਾਸ ਕਰਕੇ ਸਿੱਖਾਂ ਨੇ ਕਿਵੇਂ ਅੰਗਰੇਜ਼ ਸਰਕਾਰ ਤੇ ਇਸ ਦੇ ਪਿਠੂਆਂ ਵਿਰੁੱਧ ਘੋਲ ਕੀਤਾ ਤੇ ਕੁਰਬਾਨੀਆਂ ਦਿੱਤੀਆਂ। ਸਿੱਖਾਂ ਨੇ ਇਸ ਸੰਬੰਧ ਵਿਚ ਬਹੁਮੁੱਲੀਆਂ ਕੁਰਬਾਨੀਆਂ ਦੇ ਕੇ ਆਪਣੀ ਅਦੁੱਤੀ ਸੂਰਬੀਰਤਾ ਦਾ ਸਬੂਤ ਦਿੱਤਾ। ਇਥੋਂ ਦੇ ਸ਼ਹੀਦੀ ਖ਼ੂਨ ਦੀ ਧਾਰਾ ਨੇ ਸਾਰੇ ਭਾਰਤ ਦੇ ਖ਼ੂਨ ਨੂੰ ਗਰਮਾਉਣ ਦਾ ਕੰਮ ਕੀਤਾ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਪੰਜਾਬੀ ਕਿਸਾਨਾਂ ਦੀ ਹਾਲਤ ਬਹੁਤ ਭੈੜੀ ਹੋ ਗਈ। ਅੰਗਰੇਜ਼ਾਂ ਦੇ ਨਵੇਂ ਨਵੇਂ ਕਾਨੂੰਨਾਂ ਨੇ ਲੋਕਾਂ ਦਾ ਕਚੂਮਰ ਕਢ ਦਿੱਤਾ। ਜਿਸ ਕਰਕੇ 1905 ਈਸਵੀ ਵਿਚ ਲੋਕ ਚੀਨ, ਕੈਨੇਡਾ, ਮਲਾਇਆ ਤੇ ਅਮਰੀਕਾ ਆਦਿ ਵਲ ਜਾਣੇ ਸ਼ੁਰੂ ਹੋ ਗਏ। ਕੈਨੇਡਾ ਤੇ ਅਮਰੀਕਾ ਵਿਚ ਉਸ ਸਮੇਂ ਨਵੇਂ ਨਵੇਂ ਕਾਰਖ਼ਾਨੇ ਲਗ ਰਹੇ ਸਨ। ਜ਼ਮੀਨ ਬੀਜਣ ਜੋਗ ਕੀਤੀ ਜਾ ਰਹੀ ਸੀ ਤੇ ਇਸ ਕੰਮ ਲਈ ਪੰਜਾਬੀਆਂ ਤੇ ਖ਼ਾਸ ਕਰ ਕੇ ਸਿੱਖਾਂ ਨਾਲੋਂ ਵੱਧ ਮਿਹਨਤੀ ਹੋਰ ਕਿਹੜਾ ਹੋ ਸਕਦਾ ਸੀ। ਧੜਾ ਧੜ ਪੰਜਾਬੀ ਜਿਨ੍ਹਾਂ ਵਿਚ ਬਹੁ-ਗਿਣਤੀ ਸਿੱਖਾਂ ਦੀ ਸੀ, ਬਾਹਰਲੇ ਦੇਸ਼ਾਂ ਵਿਚ ਪਹੁੰਚਣ ਲਗ ਪਏ। ਇਹਨਾਂ ਬਾਹਰ ਜਾ ਕੇ ਉਥੋਂ ਦੇ ਅਸਲ ਵਸਨੀਕਾਂ ਨਾਲੋਂ ਬਹੁਤੀ ਮਿਹਨਤ ਕਰਕੇ ਆਪਣਾ ਸਿੱਕਾ ਜਮਾ ਲਿਆ। 1906, 1907 ਤੇ 1908 ਵਿਚ ਬਹੁਤ ਸਾਰੇ ਪੰਜਾਬੀ ਕਿਸਾਨ ਕੈਨੇਡਾ ਵੀ ਅਪੜ ਗਏ। 1910 ਤਕ 10 ਹਜ਼ਾਰ ਹਿੰਦੁਸਤਾਨੀ ਕੈਨੇਡਾ ਤੇ ਅਮਰੀਕਾ ਪਹੁੰਚ ਚੁਕੇ ਸਨ ਤੇ ਉਹਨਾਂ ਵਿਚੋਂ 90 ਫ਼ੀ ਸਦੀ ਪੰਜਾਬੀ ਸਿੱਖ ਸਨ।

ਕੈਨੇਡਾ ਦੀ ਅੰਗਰੇਜ਼ ਸਰਕਾਰ ਨੂੰ ਇਹ ਚੰਗਾ ਨਹੀਂ ਲੱਗਾ ਕਿ ਉਥੇ ਜਾ ਕੇ ਹਿੰਦੁਸਤਾਨੀ ਸੁਖ ਦੀ ਰੋਟੀ ਖਾਣ ਜੋਗੇ ਹੋ ਜਾਣ। ਇਸ ਲਈ ਬਰਤਾਨਵੀ ਸਾਮਰਾਜ ਦੀ ਬਸਤੀ ਕੈਨੇਡਾ ਸਰਕਾਰ ਨੇ ਹਿੰਦੀਆਂ ਤੇ ਪਾਬੰਦੀਆਂ ਲਾ ਦਿੱਤੀਆਂ ਤੇ ਹਿੰਦੁਸਤਾਨੀਆਂ ਨੂੰ ਬੜੇ ਕੋਝੇ ਢੰਗ ਨਾਲ ਕੈਨੇਡਾ ਤੋਂ ਬਾਹਰ ਕਢਣ ਤੇ ਕੁਚਲਣ ਦੇ ਯਤਨ ਅਰੰਭ ਦਿੱਤੇ।

ਕੈਨੇਡਾ ਦਾ ਰਕਬਾ ਭਾਰਤ ਤੋਂ ਦੂਣਾ ਹੈ ਪਰ ਵਸੋਂ ਭਾਰਤ ਤੋਂ ਵੀਹਵਾਂ ਹਿੱਸਾ ਵੀ ਨਹੀਂ। ਜਦੋਂ ਭਾਰਤ ਦੀ ਵਸੋਂ 21 ਕਰੋੜ ਸੀ ਉਸ ਸਮੇਂ ਕੈਨੇਡਾ ਦੀ ਵਸੋਂ ਮੁਸ਼ਕਲ ਨਾਲ ਇਕ ਕਰੋੜ ਸੀ। ਪਾਬੰਦੀਆਂ ਲੱਗਣ ਤਕ ਪੰਜਾਬੀਆਂ ਨੇ ਉਥੇ ਬਹੁਤ ਵੱਡੀਆਂ ਵੱਡੀਆਂ ਜਾਇਦਾਦਾਂ ਵੀ ਬਣਾ ਲਈਆਂ ਸਨ ਤੇ ਵੈਨਕੋਵਰ ਵਿਚ ਉਸ ਸਮੇਂ 70 ਹਜ਼ਾਰ ਰੁਪੈ ਦੇ ਖ਼ਰਚ ਨਾਲ ਸਿੱਖਾਂ ਨੇ ਇਕ ਸ਼ਾਨਦਾਰ ਗੁਰਦੁਆਰਾ ਵੀ ਤਿਆਰ ਕਰ ਲਿਆ ਸੀ। 1914 ਤਕ ਪੰਜਾਬੀਆਂ ਨੇ ਕੈਨੇਡਾ ਵਿਚ 2 ਕਰੋੜ 15 ਲੱਖ ਰੁਪਏ ਦੀ ਜਾਇਦਾਦ ਬਣਾ ਲਈ ਸੀ।

ਕੈਨੇਡਾ ਦੀ ਗੋਰਾ ਸਰਕਾਰ ਨੇ ਪਹਿਲਾਂ ਯਤਨ ਕੀਤਾ ਕਿ ਸਾਰੇ ਹਿੰਦੁਸਤਾਨੀ ਨਿਕਲ ਕੇ ਹੰਡੋਰਾਸ ਦੇ ਗੰਦੇ ਟਾਪੂ ਵਿਚ ਚਲੇ ਜਾਣ ਪਰ ਹਿੰਦੁਸਤਾਨੀਆਂ ਨੇ ਇਹ ਸਾਜ਼ਸ਼ ਸਿਰੇ ਨਾ ਚੜ੍ਹਨ ਦਿੱਤੀ। ਫਿਰ 1910 ਵਿਚ ਕਾਲਾ ਕਾਨੂੰਨ ਪਾਸ ਕਰ ਕੇ ਹਿੰਦੁਸਤਾਨੀਆਂ ਲਈ ਕੈਨੇਡਾ ਦੇ ਦਰਵਾਜ਼ੇ ਬਿਲਕੁਲ ਹੀ ਬੰਦ ਕਰ ਦਿੱਤੇ। ਇਕ ਸ਼ਰਤ ਲਾ ਦਿੱਤੀ ਗਈ ਕਿ ਉਹੀ ਲੋਕ ਕੈਨੇਡਾ ਆ ਸਕਣਗੇ, ਜੋ ਆਪਣੇ ਦੇਸ਼ ਦੀ ਕਿਸੇ ਬੰਦਰਗਾਹ ਤੋਂ ਚਲੇ ਹੋਏ, ਸਿੱਧੇ, ਜਹਾਜ਼ ਵਿਚ ਬੈਠ ਕੇ ਕੈਨੇਡਾ ਆਉਣਗੇ। ਉਹਨਾਂ ਕੋਲ 800 ਰੁਪਏ ਨਕਦ ਵੀ ਹਰ ਕਿਸੇ ਪਾਸ ਹੋਣੇ ਜ਼ਰੂਰੀ ਹਨ। ਇਸ ਵਿਰੁੱਧ ਕੈਨੇਡਾ, ਇੰਗਲੈਂਡ, ਤੇ ਭਾਰਤ ਵਿਚ ਜੱਦੋ-ਜਹਿਦ ਹੋਈ। ਸਰਕਾਰ ਅੰਗਰੇਜ਼ੀ ਤੇ ਬਾਦਸ਼ਾਹ ਤਕ ਪਹੁੰਚ ਕੀਤੀ ਗਈ ਪਰ ਕੋਈ ਸੁਣਵਾਈ ਨਾ ਹੋਈ।

24 ਜਨਵਰੀ 1913 ਨੂੰ ਕੈਨੇਡਾ ਦੀ ਹਾਈਕੋਰਟ ਨੇ ਪਾਬੰਦੀਆਂ ਵਾਲਾ ਕਾਨੂੰਨ ਰੱਦ ਕਰ ਦਿੱਤਾ। ਜਦ ਇਹ ਖ਼ਬਰ ਪੰਜਾਬ ਦੀਆਂ ਅਖ਼ਬਾਰਾਂ ਵਿਚ ਛਪੀ ਤਾਂ ਬਹੁਤ ਸਾਰੇ ਲੋਕਾਂ ਨੇ ਕਲਕੱਤਾ, ਸਿੰਘਾਪੁਰ ਤੇ ਹਾਂਗਕਾਂਗ ਦੀਆਂ ਬੰਦਰਗਾਹਾਂ ਵਲ ਵਹੀਰਾਂ ਪਾ ਦਿੱਤੀਆਂ। ਕੈਨੇਡਾ ਸਰਕਾਰ ਦਾ ਅਦਾਲਤੀ ਫ਼ੈਸਲੇ ਦੇ ਬਾਵਜੂਦ ਵਤੀਰਾ ਨਾ ਬਦਲਿਆ, ਜਿਸ ਕਰਕੇ ਕੋਈ ਜਹਾਜ਼ੀ ਕੰਪਨੀ ਇਹ ਜ਼ਿੰਮੇਵਾਰੀ ਲੈ ਕੇ ਮੁਸਾਫ਼ਰ ਨਹੀਂ ਸੀ ਲਿਆਂਦੀ ਕਿ ਉਹ ਕੈਨੇਡਾ ਉਤਾਰ ਦੇਵੇਗੀ। ਪਿਛੇ ਜ਼ਮੀਨਾਂ ਤੇ ਹੋਰ ਜਾਇਦਾਦ ਵੇਚ ਕੇ ਗਏ ਲੋਕੀਂ ਬੰਦਰਗਾਹ ਤੇ ਰੁਲ ਰਹੇ ਸਨ। ਨਾ ਅੱਗੇ ਲਈ ਟਿਕਟ ਮਿਲਦਾ ਸੀ ਤੇ ਨਾ ਪਿਛੇ ਮੁੜਨ ਜੋਗੇ ਹੀ ਸਨ।

ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ਦੇ ਬਾਬਾ ਗੁਰਦਿਤ ਸਿੰਘ ਜੀ ਮਲਾਇਆ ਵਿਚ ਉਸ ਸਮੇਂ ਠੇਕੇਦਾਰੀ ਕਰਦੇ ਸਨ। ਉਹਨਾਂ ਦਿਨਾਂ ਵਿਚ ਹਜ਼ਾਰਾਂ ਪੰਜਾਬੀ, ਜਿਹਨਾਂ ਵਿਚ ਸਿੱਖਾਂ ਦੀ ਬਹੁ-ਗਿਣਤੀ ਸੀ, ਕਈ ਬੰਦਰਗਾਹਾਂ ਤੇ ਦੁਖੀ ਫਿਰ ਰਹੇ ਸਨ। ਬਾਬਾ ਗੁਰਦਿਤ ਸਿੰਘ ਜੀ ਦੇ ਦਿਮਾਗ ਨੇ ਸੋਚਿਆ ਕਿ ਬਾਹਰਲੀਆਂ ਕੰਪਨੀਆਂ ਲਿਜਾਂਦੀਆਂ ਨਹੀਂ, ਇਸ ਲਈ ਕਿਉਂ ਨਾ ਹਿੰਦੁਸਤਾਨੀਆਂ ਦੀ ਵੱਖਰੀ ਜਹਾਜ਼ੀ ਕੰਪਨੀ ਤਿਆਰ ਕਰ ਲਈ ਜਾਏ, ਇਸ ਨਾਲ ਦੁਖੀ ਲੋਕ ਟਿਕਾਣੇ ਅੱਪੜ ਸਕਦੇ ਹਨ। ਆਪ ਹਾਂਗਕਾਂਗ ਗਏ ਤੇ ਉਥੇ ਨਵੰਬਰ 1913 ਵਿਚ ਇਕ ਵੱਡਾ ਦੀਵਾਨ ਕਰ ਕੇ ਆਪਣੀ ਤਜਵੀਜ਼ ਸਭ ਅੱਗੇ ਰੱਖੀ ਕਿ ਅਸੀਂ ਆਪਣੀ ਜਹਾਜ਼ੀ ਕੰਪਨੀ ਬਣਾ ਕੇ ਸਿੱਧਾ ਜਹਾਜ਼ ਕਲਕੱਤੇ ਤੋਂ ਕੈਨੇਡਾ ਲੈ ਜਾ ਸਕਾਂਗੇ।

ਸਭ ਨੇ ਇਸ ਤਜਵੀਜ਼ ਨੂੰ ਪਸੰਦ ਕੀਤਾ ਤੇ ਗੁਰੂ ਨਾਨਕ ਨੈਵੀਗੇਸ਼ਨ ਕੰਪਨੀ ਬਣਾ ਲਈ। 24 ਮਾਰਚ 1914 ਨੂੰ ਬਾਬਾ ਗੁਰਦਿਤ ਸਿੰਘ ਜੀ ਦੀ ਅਗਵਾਈ ਵਿਚ ਇਸ ਕੰਪਨੀ ਨੇ 'ਕਾਮਾਗਾਟਾਮਾਰੂ' ਨਾਮ ਦਾ ਇਕ ਜਾਪਾਨੀ ਜਹਾਜ਼ ਕਿਰਾਏ ਤੇ ਲੈ ਲਿਆ ਤੇ ਹਾਂਗਕਾਂਗ ਸਰਕਾਰ ਦੇ ਕਾਨੂੰਨ ਅਨੁਸਾਰ ਸਭ ਲਿਖਤ ਪੜ੍ਹਤ ਤਿਆਰ ਕਰ ਲਈ ਗਈ। ਇਸ ਕਾਮਾਗਾਟਾਮਾਰੂ ਜਾਪਾਨੀ ਜਹਾਜ਼ ਦਾ ਨਾਮ 'ਗੁਰੂ ਨਾਨਕ ਜਹਾਜ਼' ਰਖਿਆ ਗਿਆ।

ਜਦੋਂ ਬਾਬਾ ਗੁਰਦਿਤ ਸਿੰਘ ਜੀ ਨੇ ਉਦਮ ਨਾਲ ਇਕ ਜਹਾਜ਼ੀ ਕੰਪਨੀ ਬਣਾ ਲਈ ਤੇ ਕਾਮਾਗਾਟਾਮਾਰੂ ਜਹਾਜ਼ ਕਿਰਾਏ ਤੇ ਲੈ ਕੇ ਉਹਦਾ ਨਾਮ 'ਗੁਰੂ ਨਾਨਕ

ਜਹਾਜ਼' ਰਖ ਲਿਆ ਗਿਆ ਤਾਂ 500 ਤੋਂ ਉਪਰ ਮੁਸਾਫ਼ਰ ਹਾਂਗਕਾਂਗ ਤੋਂ ਹੀ ਮਿਲ ਗਏ। ਹਾਂਗਕਾਂਗ ਵਿਚ ਵੀ ਉਹਨਾਂ ਦਿਨਾਂ ਵਿਚ ਅੰਗਰੇਜ਼ ਸਰਕਾਰ ਸੀ ਤੇ ਉਹਨਾਂ ਨੂੰ ਇਹ ਨਹੀਂ ਸੀ ਪਸੰਦ ਕਿ ਭਾਰਤੀ ਕੈਨੇਡਾ ਜਾ ਕੇ ਰੋਜ਼ੀ ਕਮਾਣ ਤੇ ਸੁਖ ਦਾ ਸਾਹ ਲੈਣ। ਉਹਨਾਂ ਨੇ ਕਾਮਾਗਾਟਾਮਾਰੂ ਜਹਾਜ਼ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦਾ ਯਤਨ ਕੀਤਾ ਪਰ ਸਭ ਕੁਝ ਸਰਕਾਰੀ ਨਿਯਮਾਂ ਅਨੁਸਾਰ ਸੀ ਇਸ ਲਈ ਕੁਝ ਨਾ ਕਰ ਸਕੇ। ਅਖ਼ੀਰ ਬਾਬਾ ਗੁਰਦਿਤ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਜਹਾਜ਼ ਕੰਪਨੀ ਦੇ ਦਫ਼ਤਰ ਤੇ ਕਬਜ਼ਾ ਕਰ ਲਿਆ। ਦੂਜੇ ਦਿਨ ਭਾਵੇਂ ਉਹਨਾਂ ਨੂੰ ਜ਼ਮਾਨਤ ਤੇ ਛੱਡ ਦਿੱਤਾ ਗਿਆ ਪਰ ਮੁਸਾਫ਼ਰਾਂ ਵਿਚ ਘਬਰਾਹਟ ਪੈਦਾ ਹੋ ਗਈ ਤੇ ਉਹ ਖਿੰਡ ਪੁੰਡ ਗਏ। ਕੇਵਲ 135 ਮੁਸਾਫ਼ਰ ਰਹਿ ਗਏ। ਕਾਫ਼ੀ ਜੱਦੋ-ਜਹਿਦ ਪਿਛੋਂ ਜਹਾਜ਼ ਨੂੰ ਕੈਨੇਡਾ ਲਈ ਹਾਂਗਕਾਂਗ ਤੋਂ ਤੁਰਨ ਦੀ ਆਗਿਆ ਮਿਲ ਗਈ ਤੇ ਜਹਾਜ਼ ਤੁਰ ਪਿਆ। ਰਾਹ ਵਿਚ ਸ਼ੰਘਾਈ ਤੇ ਕੋਬੇ ਦੀਆਂ ਬੰਦਰਗਾਹਾਂ ਤੋਂ ਹੋਰ ਮੁਸਾਫ਼ਰ ਚੜ੍ਹ ਪਏ ਤੇ ਕੁਲ ਗਿਣਤੀ 360 ਹੋ ਗਈ।

ਡੇਢ ਮਹੀਨਾ ਸਫ਼ਰ ਕਰਦਾ ਗੁਰੂ ਨਾਨਕ ਜਹਾਜ਼ ਕੈਨੇਡਾ ਦੀ ਬੰਦਰਗਾਹ ਵਿਕਟੋਰੀਆ ਦੀ ਗੋਦੀ ਵਿਚ ਪਹੁੰਚ ਗਿਆ। ਕੈਨੇਡਾ ਸਰਕਾਰ ਹਰ ਯੋਗ ਤੇ ਅਯੋਗ ਢੰਗ ਨਾਲ ਭਾਰਤੀਆਂ ਨੂੰ ਕੈਨੇਡਾ ਦੀ ਧਰਤੀ ਤੇ ਪੈਰ ਧਰਨ ਤੋਂ ਰੋਕਣ ਲਈ ਡਟੀ ਹੋਈ ਸੀ। ਜਹਾਜ਼ ਵਿਚ ਲੋਕਾਂ ਦਾ ਡਾਕਟਰੀ ਮੁਆਇਨਾ ਹੋ ਗਿਆ ਤੇ ਸਰਟੀਫ਼ਿਕੇਟ ਮਿਲ ਗਿਆ। ਇਥੋਂ ਤੁਰ ਕੇ ਜਹਾਜ਼ 22 ਮਈ 1914 ਈਸਵੀ ਨੂੰ ਵੈਨਕੋਵਰ ਦੀ ਬੰਦਰਗਾਹ ਤੇ ਪਹੁੰਚ ਗਿਆ। ਹੁਣ ਕਾਨੂੰਨੀ ਤੌਰ ਤੇ ਜਹਾਜ਼ ਨੂੰ ਅੰਦਰ ਲੰਘਣ ਤੇ ਮੁਸਾਫ਼ਰਾਂ ਦੇ ਉਤਰਨ ਤੇ ਕੋਈ ਪਾਬੰਦੀ ਨਹੀਂ ਸੀ ਪਰ ਕੈਨੇਡਾ ਦੀ ਅੰਗਰੇਜ਼ ਸਰਕਾਰ ਨੇ ਸਾਰੇ ਕਾਨੂੰਨਾਂ ਨੂੰ ਛਿਕੇ ਤੇ ਟੰਗ ਕੇ ਕੋਈ ਕਾਰਨ ਦੱਸੇ ਤੋਂ ਬਿਨਾਂ ਹੀ ਜਹਾਜ਼ ਨੂੰ ਗੋਦੀ ਤੋਂ ਬਾਹਰ ਕੈਦੀ ਬਣਾ ਲਿਆ। ਜਹਾਜ਼ ਦੁਆਲੇ ਕਰੜਾ ਪਹਿਰਾ ਲਾ ਦਿਤਾ ਗਿਆ ਤਾਂ ਕਿ ਨਾ ਕੋਈ ਉਤਰੇ ਤੇ ਨਾ ਹੀ ਵੈਨਕੋਵਰ ਵਿਚ ਰਹਿੰਦਾ ਕੋਈ ਭਾਰਤੀ ਜਹਾਜ਼ ਤੇ ਜਾ ਕੇ ਕਿਸੇ ਦੇਸ਼ ਵਾਸੀ ਨੂੰ ਮਿਲ ਸਕੇ।

ਡੇਢ ਮਹੀਨੇ ਦੇ ਸਫ਼ਰ ਪਿਛੋਂ ਵੀ ਮੁਸਾਫ਼ਰਾਂ ਨੂੰ ਜਹਾਜ਼ ਤੋਂ ਨਾ ਉਤਰਨ ਦਿੱਤਾ ਗਿਆ। ਇਸ ਤਰ੍ਹਾਂ ਕੈਦੀ ਬਣੇ ਰਹਿਣਾ ਅਤਿ ਕਠਨ ਸੀ। ਮੁਸਾਫ਼ਰਾਂ ਪਾਸ ਰਸਦ ਪਾਣੀ ਵੀ ਮੁਕਣ ਲੱਗਾ। ਅਖ਼ੀਰ ਇਕ ਦਿਨ ਕੈਨੇਡਾ ਸਰਕਾਰ ਦੇ ਇਕ ਅਫ਼ਸਰ ਨੇ ਸਾਫ਼ ਕਹਿ ਦਿੱਤਾ ਕਿ ਕੈਨੇਡਾ ਸਰਕਾਰ ਤੁਹਾਨੂੰ ਉਤਰਨ ਨਹੀਂ ਦੇਵੇਗੀ ਭਾਵੇਂ ਤੁਸੀਂ ਕਿਤਨੀਆਂ ਵੀ ਕਾਨੂੰਨੀ ਗੱਲਾਂ ਕਰ ਲਓ।

ਜਹਾਜ਼ ਦੇ ਕਿਰਾਏ ਦੀ ਦੂਜੀ ਕਿਸ਼ਤ 22 ਹਜ਼ਾਰ ਡਾਲਰ ਤਾਰਨੀ ਸੀ। ਜਹਾਜ਼ ਰੁਕਿਆ ਖੜਾ ਸੀ, ਨਾ ਕੋਈ ਉਤਰ ਸਕਦਾ ਸੀ ਤੇ ਨਾ ਹੀ ਚੜ੍ਹ ਸਕਦਾ ਸੀ। ਇਸ ਲਈ ਮੁਸ਼ਕਲ ਬਣ ਗਈ। ਆਖ਼ਰ ਕੈਨੇਡਾ ਨਿਵਾਸੀ ਭਾਰਤੀਆਂ ਨੇ ਸਾਰੇ ਖ਼ਰਚ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਉਹਨਾਂ ਜਹਾਜ਼ ਦੇ ਠੇਕੇ ਦੇ ਸਾਰੇ ਹੱਕ ਖ਼ਰੀਦ ਲਏ। ਜਹਾਜ਼ ਦਾ ਚਾਰਟਰ ਬਾਬਾ ਗੁਰਦਿਤ ਸਿੰਘ ਜੀ ਦੇ ਨਾਮ ਤੋਂ ਬਦਲ ਕੇ ਭਾਈ ਭਾਗ ਸਿੰਘ ਤੇ ਮਿ: ਰਹੀਮ ਦੇ ਨਾਮ ਕਰਵਾ ਦਿੱਤਾ ਗਿਆ। ਕੈਨੇਡਾ ਸਰਕਾਰ ਦੇ ਇਸ਼ਾਰੇ ਤੇ ਜਹਾਜ਼ੀ ਕੰਪਨੀ ਦੇ ਏਜੰਟ ਨੇ ਕਿਸ਼ਤ ਲੈਣ ਤੋਂ ਇਨਕਾਰ

ਕਰ ਦਿੱਤਾ। ਅਖ਼ੀਰ ਮੁਕੱਦਮਾ ਅਦਾਲਤ ਵਿਚ ਗਿਆ ਤਾਂ ਜਾ ਕੇ ਕਿਸ਼ਤ ਤਾਰਨ ਦੀ ਆਗਿਆ ਮਿਲੀ। ਕੈਨੇਡਾ ਸਰਕਾਰ ਨੇ ਜਹਾਜ਼ ਦੇ ਮੁਸਾਫ਼ਰਾਂ ਨੂੰ ਫਿਰ ਵੀ ਨਾ ਉਤਰਨ ਦਿੱਤਾ। ਨਵੇਂ ਠੇਕੇਦਾਰਾਂ 22 ਹਜ਼ਾਰ ਡਾਲਰ ਰਕਮ ਤਾਰ ਦਿੱਤੀ ਪਰ ਉਨ੍ਹਾਂ ਨੂੰ ਜਹਾਜ਼ ਦਾ ਕਬਜ਼ਾ ਫਿਰ ਵੀ ਨਾ ਮਿਲਿਆ। ਨਵੇਂ ਠੇਕੇਦਾਰਾਂ ਦੀ ਪ੍ਰਵਾਨਗੀ ਤੇ ਇਤਲਾਹ ਬਿਨਾਂ ਹੀ ਕੈਨੇਡਾ ਦੀ ਅੰਗਰੇਜ਼ ਸਰਕਾਰ ਨੇ ਹੁਕਮ ਜਾਰੀ ਕਰ ਦਿੱਤਾ ਕਿ ਜਹਾਜ਼ ਨੂੰ ਵਾਪਸ ਹਾਂਗਕਾਂਗ ਭੇਜ ਦਿਤਾ ਜਾਏ। ਬਾਬਾ ਗੁਰਦਿਤ ਸਿੰਘ ਤੇ ਜਹਾਜ਼ ਦੇ ਨਵੇਂ ਠੇਕੇਦਾਰਾਂ ਨੇ ਦਰਖ਼ਾਸਤ ਕੀਤੀ ਕਿ ਉਹ ਪ੍ਰੀਵੀ ਕੌਂਸਲ ਵਿਚ ਅਪੀਲ ਕਰਨਾ ਚਾਹੁੰਦੇ ਹਨ। ਅਪੀਲ ਦੇ ਫ਼ੈਸਲੇ ਤਕ ਮੁਸਾਫ਼ਰਾਂ ਨੂੰ ਜ਼ਮਾਨਤ ਤੇ ਉਤਰਨ ਦੀ ਆਗਿਆ ਦਿੱਤੀ ਜਾਏ। ਜਿੰਨੀ ਜ਼ਮਾਨਤ ਮੰਗੋ ਉਹ ਦੇਣ ਲਈ ਤਿਆਰ ਹਨ। ਜੇ ਜਹਾਜ਼ ਨੂੰ ਹਰ ਕੀਮਤ ਤੇ ਵਾਪਸ ਭੇਜਣਾ ਹੀ ਹੈ ਤਾਂ ਮੁਸਾਫ਼ਰਾਂ ਨੂੰ ਰਸਦ ਪਾਣੀ ਤੇ ਸਫ਼ਰ ਖ਼ਰਚ ਦਿੱਤਾ ਜਾਏ, ਪਰ ਕਿਸੇ ਗੱਲ ਦੀ ਸੁਣਵਾਈ ਨਾ ਹੋਈ।

ਮੁਸਾਫ਼ਰਾਂ ਦਾ ਬੁਰਾ ਹਾਲ ਹੋ ਗਿਆ। ਅਤਿ ਨਿਰਦਈ ਤੇ ਅਣ-ਮਨੁੱਖੀ ਵਰਤਾਉ ਕਾਰਨ ਲੋਕ ਦੁਖੀ ਹੋ ਗਏ। ਸਤ ਦਿਨ ਮੁਸਾਫ਼ਰਾਂ ਨੂੰ ਖਾਣ ਲਈ ਕੁਝ ਨਾ ਮਿਲਿਆ ਜਿਸ ਕਾਰਨ ਕਈਆਂ ਨੂੰ ਗਸ਼ੀਆਂ ਪੈਣੀਆਂ ਸ਼ੁਰੂ ਹੋ ਗਈਆਂ। ਅਖ਼ੀਰ ਮੁਸਾਫ਼ਰਾਂ ਨੇ ਜਹਾਜ਼ ਦੇ ਅਮਲੇ ਦੀਆਂ ਚੀਜ਼ਾਂ ਵਰਤਣੀਆਂ ਸ਼ੁਰੂ ਕਰ ਦਿੱਤੀਆਂ। ਉਹ ਬਹੁਤ ਔਖੇ ਹੋਏ ਤੇ ਉਹਨਾਂ ਵੈਨਕੋਵਰ ਵਿਚ ਜਾਪਾਨੀ ਕੌਂਸਲ ਨੂੰ ਸ਼ਕਾਇਤ ਕੀਤੀ।

ਗੁਰੂ ਨਾਨਕ ਜਹਾਜ਼ ਦੇ ਕਪਤਾਨ ਤੇ ਜਾਪਾਨੀ ਮਲਾਹਾਂ ਦੀ ਰਿਪੋਰਟ ਤੇ ਜਾਪਾਨੀ ਕੌਂਸਲ ਨੇ ਉਸੇ ਵੇਲੇ ਸ਼ਾਂਤ ਮਹਾਂ ਸਾਗਰ ਤੋਂ ਇਕ ਜਾਪਾਨੀ ਜੰਗੀ ਜਹਾਜ਼ ਬੁਲਾ ਲਿਆ। ਉਸ ਜੰਗੀ ਜਹਾਜ਼ ਨੇ ਆ ਕੇ ਗੁਰੂ ਨਾਨਕ ਜਹਾਜ਼ ਨੂੰ ਘੇਰ ਲਿਆ। ਅਖ਼ਬਾਰਾਂ ਵਿਚ ਇਸ ਘਟਨਾ ਨਾਲ ਰੌਲਾ ਪੈ ਗਿਆ। ਕੈਨੇਡਾ ਸਰਕਾਰ ਨੇ ਇਕ ਹਫ਼ਤੇ ਲਈ ਰਾਸ਼ਨ-ਪਾਣੀ ਜਹਾਜ਼ ਤੇ ਭੇਜਿਆ। ਫਿਰ 15 ਦਿਨ ਕਿਸੇ ਨੇ ਕੁਝ ਨਾ ਜਾਣ ਦਿਤਾ। ਅਖ਼ੀਰ ਕੈਨੇਡਾ ਸਰਕਾਰ ਨੇ ਇਕ ਅਗਨ ਬੋਟ, ਜਿਸ ਵਿਚ ਸੌ ਕੈਨੇਡੀਅਨ ਸਿਪਾਹੀ ਸਨ, ਇਸ ਲਈ ਭੇਜ ਦਿਤਾ ਤਾਂ ਕਿ ਗੁਰੂ ਨਾਨਕ ਜਹਾਜ਼ ਨੂੰ ਜ਼ਬਰਦਸਤੀ ਧਰੂਹ ਕੇ ਡੂੰਘੇ ਸਮੁੰਦਰ ਵਿਚ ਧੱਕ ਆਵੇ। ਇਕ ਅੰਗਰੇਜ਼ ਨੇ ਆਪਣੀ ਅਗਨਬੋਟ ਦਾ ਰੱਸਾ ਕਾਮਾਗਾਟਾਮਾਰੂ ਜਹਾਜ਼ ਨਾਲ ਬੰਨ੍ਹਣ ਦਾ ਯਤਨ ਕੀਤਾ ਪਰ ਹਿੰਦੁਸਤਾਨੀਆਂ ਨੇ ਰੋਕ ਦਿਤਾ। ਕੈਨੇਡੀਅਨ ਸਿਪਾਹੀਆਂ ਨੇ ਗੋਲੀ ਚਲਾ ਦਿਤੀ। ਉਤੋਂ ਮੁਸਾਫ਼ਰਾਂ ਨੇ ਕੋਲਿਆਂ ਦਾ ਮੀਂਹ ਵਸਾਣਾ ਸ਼ੁਰੂ ਕਰ ਦਿਤਾ। ਕਈ ਸਿਪਾਹੀ ਜ਼ਖ਼ਮੀ ਹੋ ਗਏ ਤੇ ਅਖ਼ੀਰ ਨੱਸ ਗਏ।

ਇਸ ਤੋਂ ਪਿਛੋਂ ਦੋ ਕੈਨੇਡੀਅਨ ਜੰਗੀ ਜਹਾਜ਼ ਆ ਗਏ ਤੇ ਉਹਨਾਂ ਨੇ ਤੋਪਾਂ ਦੇ ਮੂੰਹ ਗੁਰੂ ਨਾਨਕ ਜਹਾਜ਼ ਵਲ ਕਰ ਦਿਤੇ। ਨਾਲ ਹੀ 30 ਹਜ਼ਾਰ ਕੈਨੇਡੀਅਨ ਫ਼ੌਜ ਸਮੁੰਦਰੀ ਕੰਢੇ ਤੇ ਖੜੀ ਕਰ ਦਿਤੀ। ਹਜ਼ਾਰਾਂ ਲੋਕੀਂ ਸਮੁੰਦਰ ਦੇ ਕੰਢੇ ਕਾਮਾਗਾਟਾਮਾਰੂ ਜਹਾਜ਼ ਦੀ ਤਬਾਹੀ ਦੇਖਣ ਲਈ ਆ ਜੁੜੇ। ਜਹਾਜ਼ ਦੇ ਮੁਸਾਫ਼ਰਾਂ ਨੇ ਫ਼ੈਸਲਾ ਕੀਤਾ ਕਿ ਜਦੋਂ ਕੈਨੇਡੀਅਨ ਗੋਰੇ ਗੁਰੂ ਨਾਨਕ ਜਹਾਜ਼ ਵਿਚ ਚੜ੍ਹਨ

ਤਾਂ ਪਹਿਲਾਂ ਉਹਨਾਂ ਨਾਲ ਸੋਟਿਆਂ, ਕੋਲਿਆਂ ਨਾਲ ਟਾਕਰਾ ਕੀਤਾ ਜਾਏ। ਲਾਲ ਮਿਰਚਾਂ ਪੀਹ ਕੇ ਉਹਨਾਂ ਤੇ ਸੁਟੀਆਂ ਜਾਣ। ਫਿਰ ਕੋਲਿਆਂ ਤੇ ਤੇਲ ਪਾ ਕੇ ਜਹਾਜ਼ ਨੂੰ ਅੱਗ ਲਾ ਦਿੱਤੀ ਜਾਏ ਤੇ ਗੋਰਿਆਂ ਸਮੇਤ ਇਥੇ ਹੀ ਮਰ ਜਾਈਏ।

ਕੈਨੇਡਾ ਦੇ ਜੰਗੀ ਜਹਾਜ਼ ਤੋਂ ਇਕ ਫ਼ੌਜੀ ਅਫ਼ਸਰ ਨੇ ਹੁਕਮ ਦਿਤਾ ਕਿ ਜਹਾਜ਼ ਨੂੰ ਲੈ ਜਾਓ, ਨਹੀਂ ਤਾਂ ਤੋਪਾਂ ਨਾਲ ਉਡਾ ਦਿਆਂਗੇ। ਇਹਨਾਂ ਮੁਸਾਫ਼ਰਾਂ ਨੇ ਉੱਤਰ ਦਿਤਾ ਕਿ ਜਦ ਤਕ ਰਸਦ ਪਾਣੀ ਤੇ ਰਾਹ ਦਾ ਖ਼ਰਚ ਨਹੀਂ ਮਿਲਦਾ ਉਸ ਸਮੇਂ ਤਕ ਉਹ ਨਹੀਂ ਜਾ ਸਕਦੇ।

ਉਧਰ ਵੈਨਕੋਵਰ ਦੇ ਵਾਸੀ ਹਿੰਦੁਸਤਾਨੀਆਂ ਦੇ ਸਾਰੇ ਯਤਨ ਫ਼ੇਲ ਹੋ ਗਏ ਤੇ ਉਹ ਜਹਾਜ਼ ਤੋਂ ਆਪਣੇ ਦੇਸ਼ ਵਾਸੀਆਂ ਨੂੰ ਨਾ ਉਤਾਰ ਸਕੇ। ਉਹਨਾਂ ਨੇ ਇਕ ਗੁਪਤ ਮੀਟਿੰਗ ਕਰ ਕੇ ਫ਼ੈਸਲਾ ਕਰ ਲਿਆ ਕਿ ਜੇ ਸਰਕਾਰ 'ਗੁਰੂ ਨਾਨਕ ਜਹਾਜ਼' ਨੂੰ ਤਬਾਹ ਕਰ ਦੇਵੇ ਤਾਂ ਉਹਦਾ ਬਦਲਾ ਲਿਆ ਜਾਏ ਤੇ ਵੈਨਕੋਵਰ ਸ਼ਹਿਰ ਨੂੰ ਅੱਗ ਲਾ ਕੇ ਸਾੜ ਦਿਤਾ ਜਾਏ। ਇਹਦੀ ਸੂਚਨਾ ਕੈਨੇਡਾ ਸਰਕਾਰ ਨੂੰ ਵੀ ਮਿਲ ਗਈ ਤੇ ਉਸ ਨੇ ਆਪਣਾ ਵਤੀਰਾ ਕੁਝ ਨਰਮ ਕਰ ਲਿਆ। ਉਸ ਨੇ ਕੈਨੇਡਾ ਦੇ ਵੈਨਕੋਵਰ ਵਾਸੀ ਭਾਰਤੀਆਂ ਦੀ ਇਕ ਕਮੇਟੀ ਦੇ ਮੈਂਬਰਾਂ ਨੂੰ ਜਹਾਜ਼ ਤੇ ਜਾ ਕੇ ਆਪਣੇ ਦੇਸ਼ ਵਾਸੀਆਂ ਨੂੰ ਮਿਲਣ ਦੀ ਆਗਿਆ ਦੇ ਦਿਤੀ। ਉਹ ਰਸਦ ਪਾਣੀ ਲੈ ਕੇ ਆਏ ਤੇ ਦੋ ਮਹੀਨੇ ਤੋਂ ਭੁੱਖੇ ਪਿਆਸੇ ਤੇ ਮੁਸੀਬਤ ਵਿਚ ਫਸੇ ਭਰਾਵਾਂ ਨੂੰ ਮਿਲੇ।

23 ਜੁਲਾਈ 1914 ਨੂੰ ਕਾਮਾਗਾਟਾਮਾਰੂ ਜਹਾਜ਼ ਵੈਨਕੋਵਰ ਤੋਂ ਵਾਪਸ ਦੇਸ਼ ਲਈ ਚਲ ਪਿਆ। ਦੋ ਜੰਗੀ ਜਹਾਜ਼ ਨਾਲ ਆਏ ਤੇ ਕੈਨੇਡਾ ਦੀ ਹੱਦ ਤਕ ਛੱਡ ਕੇ ਪਰਤੇ। ਜਹਾਜ਼ ਨੂੰ ਕਲਕੱਤੇ ਦਾ ਰਵਾਨਗੀ ਪੱਤਰ ਮਿਲਿਆ ਸੀ। ਰਾਹ ਵਿਚ ਹਾਂਗਕਾਂਗ ਤੇ ਸਿੰਘਾਪੁਰ ਦੀਆਂ ਬੰਦਰਗਾਹਾਂ ਤੇ ਮੁਸਾਫ਼ਰ ਉਤਰ ਸਕਦੇ ਸਨ, ਪਰ ਉਹਨਾਂ ਦੇ ਜਹਾਜ਼ ਨੂੰ ਕੰਢੇ ਨਾ ਲਗਣ ਦਿਤਾ ਗਿਆ। ਹਰ ਥਾਂ ਕਰੜਾ ਪਹਿਰਾ ਹੁੰਦਾ ਸੀ। ਮੁਸਾਫ਼ਰ ਹੈਰਾਨ ਸਨ ਕਿ ਸਾਨੂੰ ਕਿਧਰੇ ਵੀ ਰੁਕਣ ਕਿਉਂ ਨਹੀਂ ਦਿਤਾ ਜਾਂਦਾ। ਅਖ਼ੀਰ ਜਹਾਜ਼ ਬੰਗਾਲ ਦੀ ਖਾੜੀ ਵਿਚ ਪਹੁੰਚ ਗਿਆ। ਛੇ ਮਹੀਨੇ ਮੁਸਾਫ਼ਰਾਂ ਨੂੰ ਜਹਾਜ਼ ਵਿਚ ਅਤਿ ਕਠਨਾਈਆਂ ਦੇ ਬਿਤਾਣੇ ਪਏ। ਜਹਾਜ਼ ਹੁਗਲੀ ਦਰਿਆ ਵਿਚ ਆ ਗਿਆ। ਇਥੇ ਇਕ ਅਗਨਬੋਟ ਵਿਚ ਲਾਹੌਰ ਦਾ ਅੰਗਰੇਜ਼ ਡਿਪਟੀ ਕਮਿਸ਼ਨਰ ਸੀ, ਤੇ ਉਸ ਦੇ ਨਾਲ 20 ਹੋਰ ਪੰਜਾਬੀ ਪੁਲਸ ਵਾਲੇ ਸਨ। ਉਹਨਾਂ ਜਹਾਜ਼ ਦੀ ਤਲਾਸ਼ੀ ਲਈ ਤੇ ਕਲਕੱਤੇ ਤੋਂ 17 ਮੀਲ ਹੇਠਾਂ ਬਜਬਜ ਘਾਟ ਤੇ ਜਹਾਜ਼ ਦੀ ਚਾਲ ਮਧਮ ਕਰ ਕੇ ਜਹਾਜ਼ ਖੜ੍ਹਾ ਕਰ ਦਿੱਤਾ ਗਿਆ। ਅਫ਼ਸਰਾਂ ਨੇ ਦਸਿਆ ਕਿ ਸਰਕਾਰ ਦਾ ਹੁਕਮ ਹੈ ਕਿ ਤੁਹਾਨੂੰ ਇਥੇ ਲਾਹ ਦਿਤਾ ਜਾਏ। ਅਗੋਂ ਰੇਲ ਰਾਹੀਂ ਤੁਹਾਨੂੰ ਪੰਜਾਬ ਭੇਜਿਆ ਜਾਏਗਾ।

ਬਾਬਾ ਗੁਰਦਿਤ ਸਿੰਘ ਜੀ ਨੇ ਕਿਹਾ ਕਿ ਮੈਂ ਵਪਾਰੀ ਹਾਂ, ਕਲਕੱਤੇ ਜਾ ਕੇ ਜਹਾਜ਼ ਖ਼ਰੀਦਣਾ ਏ ਤੇ ਮੁਸਾਫ਼ਰਾਂ ਦਾ ਲੈਣ ਦੇਣ ਵੀ ਮੁਕਾਣਾ ਏ। ਮੁਸਾਫ਼ਰ ਵੀ ਪੰਜਾਬ ਨਹੀਂ ਜਾਣਾ ਚਾਹੁੰਦੇ। ਇਹ ਕਲਕੱਤੇ ਜਾ ਕੇ ਕੋਈ ਕੰਮ ਲੱਭਣਗੇ, ਪਰ ਕਿਸੇ ਇਕ ਨਾ ਸੁਣੀ ਤੇ ਸਭ ਮੁਸਾਫ਼ਰਾਂ ਨੂੰ ਜਹਾਜ਼ ਤੋਂ ਉਤਾਰ ਦਿਤਾ ਗਿਆ।

ਮੁਸਾਫ਼ਰਾਂ ਨੇ ਗੱਡੀ ਵਿਚ ਚੜ੍ਹਨ ਤੋਂ ਇਨਕਾਰ ਕਰ ਦਿਤਾ। ਬਾਬਾ ਗੁਰਦਿਤ ਸਿੰਘ ਨੇ ਕਿਹਾ ਕਿ ਤੁਹਾਡੇ ਪਾਸ ਵਾਰੰਟ ਹਨ ਤਾਂ ਅਸੀਂ ਪੰਜਾਬ ਜਾਣ ਲਈ ਤਿਆਰ ਹਾਂ, ਨਹੀਂ ਤਾਂ ਅਸੀਂ ਗੱਡੀ ਤੇ ਨਹੀਂ ਜਾਂਦੇ।

ਮੁਸਾਫ਼ਰ ਗੁਰੂ ਗ੍ਰੰਥ ਸਾਹਿਬ ਦੀ ਬੀੜ ਸਿਰ ਤੇ ਚੁਕ ਕੇ ਪੈਦਲ ਹੀ ਕਲਕੱਤੇ ਵਲ ਤੁਰ ਪਏ। ਫ਼ੈਸਲਾ ਇਹ ਹੋਇਆ ਕਿ ਗੁਰਦਵਾਰੇ ਬੀੜ ਛੱਡ ਕੇ ਸਰਕਾਰ ਨਾਲ ਜਹਾਜ਼ ਬਾਰੇ ਕਾਨੂੰਨੀ ਝਗੜਾ ਕਰਾਂਗੇ। ਇਕ ਅਫ਼ਸਰ ਪਸਤੌਲ ਕਢ ਕੇ ਖੜਾ ਹੋ ਗਿਆ, ਪਰ ਮੁਸਾਫ਼ਰਾਂ ਨੇ ਉਹਦੀ ਕੋਈ ਪਰਵਾਹ ਨਾ ਕੀਤੀ ਤੇ ਤੁਰੇ ਗਏ। ਅਗੋਂ ਜੀਪ ਤੇ ਕੁਝ ਗੋਰੇ ਅਫ਼ਸਰ ਮਿਲੇ। ਉਹ ਮੁਸਾਫ਼ਰਾਂ ਨੂੰ ਇਹ ਕਹਿ ਕੇ ਵਾਪਸ ਲੈ ਆਏ ਕਿ ਬਜਬਜ ਵਾਪਸ ਚਲ ਕੇ ਤੁਹਾਡੀ ਸਾਰੀ ਗੱਲ ਸੁਣ ਕੇ ਮਸਲਾ ਹਲ ਕੀਤਾ ਜਾਏਗਾ। ਮੁਸਾਫ਼ਰ ਵਾਪਸ ਬਜਬਜ ਘਾਟ ਤੇ ਆ ਗਏ।

ਰੇਲਵੇ ਸਟੇਸ਼ਨ ਤੇ ਮੁਸਾਫ਼ਰ ਬੈਠੇ ਸ਼ਾਮ ਵੇਲੇ ਰਹਿਰਾਸ ਦਾ ਪਾਠ ਕਰ ਰਹੇ ਸਨ। ਇਕ ਪੁਲਸ ਵਾਲੇ ਨੇ ਆ ਕੇ ਕਿਹਾ ਕਿ ਝਟਪਟ ਜਹਾਜ਼ ਵਿਚ ਬੈਠੋ। ਮੁਸਾਫ਼ਰਾਂ ਨੂੰ ਸ਼ੱਕ ਪੈ ਗਿਆ ਕਿ ਮਾਮਲਾ ਕੁਝ ਵਿਗੜ ਗਿਆ ਹੈ। ਪਹਿਲਾਂ ਬਾਬਾ ਗੁਰਦਿਤ ਸਿੰਘ ਜੀ ਦੇ ਸੱਤ ਸਾਲ ਦੇ ਬੱਚੇ ਨੂੰ ਧਰੂਹ ਕੇ ਇਕ ਅੰਗਰੇਜ਼ ਲੈ ਗਿਆ। ਫਿਰ ਬਾਬਾ ਜੀ ਨੂੰ ਆਵਾਜ਼ ਦਿਤੀ। ਇਕ ਸਿਪਾਹੀ ਨੇ ਇਕ ਮੁਸਾਫ਼ਰ ਨੂੰ ਡਾਂਗ ਮਾਰੀ ਜੋ ਉਸਨੇ ਅੱਗੋਂ ਫੜ ਲਈ। ਇਸ ਤੇ ਪੁਲਸ ਨੇ ਗੋਲੀ ਚਲਾ ਦਿਤੀ। ਝਟਪਟ ਹੀ ਬੇ-ਹਥਿਆਰੇ ਤੇ ਦੁਖੀ ਮੁਸਾਫ਼ਰਾਂ ਦੇ ਖ਼ੂਨ ਦੀ ਨਦੀ ਵਗਣ ਲਗ ਪਈ। 40 ਆਦਮੀ ਸ਼ਹੀਦ ਹੋ ਗਏ, ਜਿਨ੍ਹਾਂ ਵਿਚ ਬਹੁਤੇ ਸਿੱਖ ਸਨ। ਕੁਝ ਫੱਟੜ ਹੋ ਗਏ, ਜੋ ਗ੍ਰਿਫ਼ਤਾਰ ਕਰ ਕੇ ਪੰਜਾਬ ਲੈ ਆਂਦੇ ਗਏ। ਬਾਬਾ ਗੁਰਦਿਤ ਸਿੰਘ ਜੰਗਲ ਵਲ ਨੱਸ ਗਏ ਤੇ ਸੱਤ ਸਾਲ ਅਲੋਪ ਰਹੇ। ਅਖ਼ੀਰ 1920 ਵਿਚ ਪ੍ਰਗਟ ਹੋ ਕੇ ਗ੍ਰਿਫ਼ਤਾਰ ਹੋਏ।

ਭਾਈ ਮੇਵਾ ਸਿੰਘ

ਭਾਈ ਮੇਵਾ ਸਿੰਘ ਉਹ ਮਝੈਲ ਸੂਰਮਾ ਸੀ ਜਿਸ ਨੇ ਕੈਨੇਡਾ ਵਿਚ ਗ਼ਦਰ ਲਹਿਰ ਵਿਚ ਬਹੁਤ ਵਧ ਚੜ੍ਹ ਕੇ ਹਿੱਸਾ ਲਿਆ ਤੇ ਲਹਿਰ ਦੇ ਵਿਰੋਧੀ ਬਦਨਾਮ ਅੰਗਰੇਜ਼ ਪੁਲਸ ਅਫ਼ਸਰ ਹਾਪਕਿਨਸਨ ਨੂੰ ਕਚਹਿਰੀ ਜਾਂਦਿਆਂ ਗੋਲੀ ਮਾਰ ਕੇ ਇਹ ਸਾਬਤ ਕਰ ਦਿਤਾ ਕਿ ਸਿੰਘ ਧੱਕੇ ਅਗੇ ਝੁਕਣਾ ਨਹੀਂ ਜਾਣਦੇ ਸਗੋਂ ਜ਼ਾਲਮਾਂ ਦਾ ਨਾਸ ਕਰਨ ਲਈ ਸਦਾ ਤੱਤਪਰ ਰਹਿੰਦੇ ਹਨ ਤੇ ਦੇਸ਼ ਭਗਤੀ ਵਿਚ ਉਹ ਕਿਸੇ ਤੋਂ ਪਿਛੇ ਨਹੀਂ।

ਭਾਈ ਮੇਵਾ ਸਿੰਘ ਪਿੰਡ ਲੋਪੋਕੇ ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ। ਜ਼ਮੀਨ ਘੱਟ ਹੋਣ ਕਰ ਕੇ ਉਸ ਸਮੇਂ ਕੈਨੇਡਾ ਚਲੇ ਗਏ ਜਦੋਂ ਕੈਨੇਡਾ ਜਾਣ ਦੀ ਖੁਲ੍ਹ ਸੀ ਤੇ ਬਹੁਤ ਸਾਰੇ ਹਿੰਦੁਸਤਾਨੀ, ਜਿਨ੍ਹਾਂ ਵਿਚ ਸਿੱਖਾਂ ਦੀ ਬਹੁਤ ਗਿਣਤੀ ਸੀ, ਦੇਸ਼ ਛਡ ਕੇ ਰੋਜ਼ੀ ਦੀ ਖਾਤਰ ਪ੍ਰਦੇਸ਼ ਚਲੇ ਗਏ ਸਨ। ਕੈਨੇਡਾ ਜਾ ਕੇ ਦੇਖਿਆ ਕਿ ਅੰਗਰੇਜ਼ ਹਿੰਦੁਸਤਾਨੀਆਂ ਨੂੰ ਆਪਣਾ ਗੁਲਾਮ ਤੇ ਨੀਵਾਂ ਸਮਝਦੇ ਹਨ। ਇਹਨਾਂ ਦਾ ਵਰਤਾਉ ਚੰਗਾ ਨਹੀਂ, ਸਹੂਲਤਾਂ ਦੇਣ ਲਈ ਤਿਆਰ ਨਹੀਂ। ਕੈਨੇਡਾ ਗਏ ਦੇਸ਼ ਵਾਸੀਆਂ ਵਿਚ ਦੇਸ਼ ਭਗਤੀ ਤੇ ਅਣਖ ਜਾਗੀ ਤੇ ਉਹਨਾਂ ਇਕੱਠੇ ਹੋ ਕੇ ਆਪਣੇ ਲਈ ਅਧਿਕਾਰ ਪ੍ਰਾਪਤ ਕਰਨ ਤੇ ਭਾਰਤ ਨੂੰ ਆਜ਼ਾਦ ਕਰਾਉਣ ਦਾ ਬੀੜਾ ਚੁਕ ਲਿਆ। ਗ਼ਦਰ ਪਾਰਟੀ ਬਣ ਗਈ ਤੇ ਸਾਰੇ ਦੇਸ਼ ਭਗਤ ਉਸ ਝੰਡੇ ਹੇਠ ਇਕੱਠੇ ਹੋ ਗਏ। ਭਾਈ ਮੇਵਾ ਸਿੰਘ ਵੀ ਇਸ ਲਹਿਰ ਨਾਲ ਸੰਬੰਧਤ ਹੋ ਗਏ ਤੇ ਯਥਾ ਸ਼ਕਤ ਸੇਵਾ ਕਰਦੇ ਰਹੇ।

ਜਦ ਕੈਨੇਡਾ ਵਿਚ ਭਾਰਤੀਆਂ ਦੇ ਦਾਖ਼ਲੇ ਤੇ ਪਾਬੰਦੀ ਲਗ ਗਈ ਤੇ ਫਿਰ ਕਾਮਾਗਾਟਾਮਾਰੂ ਜਹਾਜ਼ ਨੂੰ ਵੈਨਕੋਵਰ ਵਿਚ ਕੰਢੇ ਨਾ ਲਗਣ ਦਿਤਾ ਗਿਆ ਤਾਂ ਕੈਨੇਡਾ ਦੇ ਹਿੰਦੁਸਤਾਨੀਆਂ ਵਿਚ ਗ਼ਮ ਤੇ ਗੁਸੇ ਦੀ ਲਹਿਰ ਹੋਰ ਵਧ ਗਈ ਤੇ ਉਹਨਾਂ ਆਪਣਾ ਅੰਦੋਲਨ ਹੋਰ ਤੇਜ਼ ਕਰ ਦਿਤਾ। ਅੰਗਰੇਜ਼ਾਂ ਨੇ ਵੀ ਹਿੰਦੁਸਤਾਨੀਆਂ ਨੂੰ ਦਬਾਣ ਲਈ ਆਪਣੀ ਤਾਕਤ ਲਾਣੀ ਸ਼ੁਰੂ ਕਰ ਦਿਤੀ। ਕਿਉਂਕਿ ਕੈਨੇਡਾ ਵਿਚ ਗਏ ਬਹੁਤੇ ਭਾਰਤੀ ਪੰਜਾਬੀ ਹੀ ਸਨ ਇਸ ਲਈ ਕੈਨੇਡਾ ਸਰਕਾਰ ਨੇ ਕੁਝ ਅਜਿਹੇ ਅਫ਼ਸਰ ਮੰਗਵਾ ਲਏ ਜੋ ਭਾਰਤ ਵਿਚ ਤੇ ਖ਼ਾਸ ਕਰਕੇ ਪੰਜਾਬ ਵਿਚ ਹੀ ਨੌਕਰੀ ਕਰ ਗਏ ਸਨ ਤਾਂ ਕਿ ਉਹ ਪੰਜਾਬੀਆਂ ਨੂੰ ਕਾਬੂ ਕਰਨ ਦਾ ਯਤਨ ਕਰਨ। ਇਹਨਾਂ ਅਫ਼ਸਰਾਂ ਵਿਚ ਇਕ ਬਦਨਾਮ ਪੁਲਸੀਆ ਹਾਪਕਿਨਸਨ ਵੀ ਸੀ ਜੋ ਇਸੇ ਕੰਮ ਲਈ ਲਿਆਂਦਾ ਗਿਆ ਸੀ।

ਹਾਪਕਿਨਸਨ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਹਿੰਦੁਸਤਾਨੀਆਂ ਵਿਚ ਫੁਟ ਪੁਆਈ। ਕੁਝ ਖ਼ੁਦਗਰਜ਼, ਕਮਜ਼ੋਰ ਤੇ ਲਾਲਚੀ ਬੰਦਿਆਂ ਨੂੰ ਖ਼ਰੀਦ

ਲਿਆ ਤੇ ਉਨ੍ਹਾਂ ਰਾਹੀਂ ਦੇਸ਼ ਭਗਤਾਂ ਦੇ ਹਰ ਕਦਮ ਦੀ ਵਿਰੋਧਤਾ ਕਰਵਾਈ ਗਈ। ਇਥੋਂ ਤਕ ਕਿ ਉਹਨਾਂ ਨੂੰ ਆਪਣੇ ਦੇਸ਼ ਭਗਤ ਦੇਸ਼ ਵਾਸੀਆਂ ਦੇ ਗਲੇ ਵੀ ਪੁਆਇਆ। ਇਕ ਆਦਮੀ ਬੇਲਾ ਸਿੰਘ ਤੋਂ ਭਾ: ਭਾਗ ਸਿੰਘ ਭਿਖੀਵਿੰਡ, ਪ੍ਰਧਾਨ ਖ਼ਾਲਸਾ ਦੀਵਾਨ ਸੁਸਾਇਟੀ ਤੇ ਸ: ਬਤਨ ਸਿੰਘ ਨੂੰ ਕਤਲ ਕਰਵਾਇਆ। ਕਤਲ ਗੁਰਦਵਾਰੇ ਵਿਚ ਦੀਵਾਨ ਲਗੇ ਹੋਏ ਸਮੇਂ ਕੀਤੇ ਗਏ ਪਰ ਅਦਾਲਤ ਨੇ ਇਹ ਕਹਿ ਕੇ ਦੋਸ਼ੀਆਂ ਨੂੰ ਛਡ ਦਿਤਾ ਕਿ ਇਹਨਾਂ ਨੇ ਸ੍ਵੈ-ਰਖਿਆ ਲਈ ਗੋਲੀ ਚਲਾਈ ਸੀ। ਇਸ ਕਤਲ ਸਾਜ਼ਸ਼ ਵਿਚ ਤੇ ਹਿੰਦੁਸਤਾਨੀਆਂ ਵਿਰੁਧ ਹੋ ਰਹੀਆਂ ਕਾਰਵਾਈਆਂ ਵਿਚ ਮਿਸਟਰ ਹਾਪਕਿਨਸਨ ਦਾ ਬਹੁਤਾ ਹੱਥ ਸੀ, ਇਸ ਲਈ ਕੌਮੀ ਲਹਿਰ ਦੇ ਗੁਸੇ ਦਾ ਸਾਰੇ ਦਾ ਸਾਰਾ ਰੁਖ਼ ਇਸੇ ਅਫ਼ਸਰ ਵਲ ਸੀ। ਇਹਨੂੰ ਖ਼ਤਮ ਕਰਨ ਲਈ ਕਈ ਦੇਸ਼ ਭਗਤ ਹਿੰਦੁਸਤਾਨੀ ਸੋਚਣ ਲਗ ਪਏ।

ਭਾਈ ਮੇਵਾ ਸਿੰਘ ਲੋਪੋਕੇ ਜੋ ਇਕ ਗੁਰਮੁਖ, ਪਰਉਪਕਾਰੀ, ਕਿਰਤੀ, ਦੇਸ਼ ਭਗਤ ਤੇ ਜੋਸ਼ੀਲੇ ਵਿਅਕਤੀ ਸਨ, ਉਹਨਾਂ ਨੇ ਇਹ ਕੰਮ ਆਪਣੇ ਜ਼ਿੰਮੇ ਲੈ ਲਿਆ। ਆਪਣੇ ਕੁਝ ਦੋਸਤਾਂ ਨਾਲ ਸਲਾਹ ਕੀਤੀ ਕਿ ਜੇਕਰ ਮੈਂ ਇਸ ਬਦਨਾਮ ਅਫ਼ਸਰ ਨੂੰ ਖ਼ਤਮ ਕਰ ਦਿਆਂ ਤਾਂ ਅਗੋਂ ਲਈ ਦੂਜੇ ਅਫ਼ਸਰਾਂ ਨੂੰ ਕੰਨ ਹੋ ਸਕਦੇ ਹਨ ਤੇ ਉਹ ਉਹਨਾਂ ਵਲ ਆਪਣਾ ਵਤੀਰਾ ਬਦਲਣਗੇ। ਇਸ ਲਈ ਸਾਡੇ ਅੰਦੋਲਨ ਵਿਚ ਇਹਨੂੰ ਰਾਹ ਤੋਂ ਹਟਾਣਾ ਜ਼ਰੂਰੀ ਹੈ। ਇਸ ਵਿਚਾਰ ਦੀ ਦੂਜੇ ਸਾਥੀਆਂ ਨੇ ਹਮਾਇਤ ਕੀਤੀ ਤੇ ਇਹਨੂੰ ਹਰ ਤਰ੍ਹਾਂ ਨਾਲ ਸਿਰੇ ਚਾੜ੍ਹਨ ਲਈ ਸਾਥ ਦੇਣ ਦਾ ਯਕੀਨ ਦਵਾਇਆ।

21 ਅਕਤੂਬਰ 1914 ਈਸਵੀ ਨੂੰ ਸਵੇਰੇ ਭਾਈ ਮੇਵਾ ਸਿੰਘ ਜੀ ਉਠੇ, ਇਸ਼ਨਾਨ ਕੀਤਾ ਤੇ ਨਿਤਨੇਮ ਕਰ ਕੇ ਅਰਦਾਸ ਕੀਤੀ। ਫਿਰ ਪਸਤੌਲ ਲੈ ਕੇ ਕਚਹਿਰੀ ਵਿਚ ਆ ਗਏ। ਉਸ ਦਿਨ ਹਾਪਕਿਨਸਨ ਨੇ ਕਿਸੇ ਮੁਕੱਦਮੇ ਦੇ ਸਿਲਸਿਲੇ ਵਿਚ ਕਚਹਿਰੀ ਵਿਚ ਜ਼ਰੂਰ ਆਉਣਾ ਸੀ। ਭਾਈ ਸਾਹਿਬ ਉਹਨੂੰ ਉਡੀਕਦੇ ਰਹੇ।

ਸਵੇਰ ਦੇ ਪੌਣੇ ਨੌਂ ਵਜੇ ਸਨ ਕਿ ਹਾਪਕਿਨਸਨ ਆ ਗਿਆ। ਉਹਨੂੰ ਖ਼ਾਬੋ ਖ਼ਿਆਲ ਵੀ ਨਹੀਂ ਸੀ ਕਿ ਅੱਜ ਉਹਦੇ ਨਾਲ ਭਾਣਾ ਵਰਤ ਜਾਣਾ ਹੈ। ਜਦ ਉਹ ਕਚਹਿਰੀਆਂ ਦੀ ਹੇਠਲੀ ਛਤ ਤੋਂ ਉਪਰ ਆ ਗਿਆ ਜਿਥੇ ਕਿ ਬਰਾਂਡੇ ਵਿਚ ਭਾਈ ਮੇਵਾ ਸਿੰਘ ਟਹਿਲ ਰਹੇ ਸਨ ਤਾਂ ਉਹਨਾਂ ਦੇਖਦੇ ਸਾਰ ਹੀ ਪਸਤੌਲ ਕਢ ਲਿਆ ਤੇ 'ਠਹਿਰੋ' ਦੀ ਆਵਾਜ਼ ਦਿਤੀ। ਹਾਪਕਿਨਸਨ ਆਪਣੀ ਪਸਤੌਲ ਤੇ ਹੱਥ ਰੱਖਣ ਹੀ ਵਾਲਾ ਸੀ ਕਿ ਭਾਈ ਮੇਵਾ ਸਿੰਘ ਨੇ ਉਸ ਨੂੰ ਗੋਲੀ ਮਾਰ ਦਿੱਤੀ। ਹਾਪਕਿਨਸਨ ਸਖ਼ਤ ਜ਼ਖ਼ਮੀ ਹੋ ਗਿਆ ਪਰ ਉਹਨੇ ਦਿਲ ਨਾ ਛਡਿਆ ਤੇ ਦੌੜ ਕੇ ਭਾਈ ਮੇਵਾ ਸਿੰਘ ਦੇ ਲੱਤੀਂ ਪੈ ਗਿਆ। ਉਹ ਇਹਨਾਂ ਨੂੰ ਚੁਕ ਕੇ ਪਟਕਾ ਕੇ ਮਾਰਨਾ ਚਾਹੁੰਦਾ ਸੀ, ਪਰ ਮੇਵਾ ਸਿੰਘ ਨੇ ਪਸਤੌਲ ਨਾਲ ਉਹਦਾ ਸਿਰ ਪਾੜ ਦਿੱਤਾ ਤੇ ਉਹ ਡਿਗ ਪਿਆ ਪਰ ਡਿਗਦੇ ਡਿਗਦੇ ਨੇ ਫੇਰ ਆਪਣਾ ਪਸਤੌਲ ਲੱਕ ਨਾਲੋਂ ਖੋਹਲਣ ਦਾ ਯਤਨ ਕੀਤਾ।

ਇਹ ਦੇਖ ਕੇ ਭਾਈ ਮੇਵਾ ਸਿੰਘ ਨੇ ਹੋਰ ਪੰਜ ਗੋਲੀਆਂ ਚਲਾ ਦਿਤੀਆਂ ਤੇ ਉਹਨੂੰ ਉਥੇ ਹੀ ਢੇਰੀ ਕਰ ਦਿਤਾ। ਪੁਲਸ ਮੌਕੇ ਤੇ ਪਹੁੰਚ ਗਈ ਤੇ ਉਹਨਾਂ

ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ।

ਇਥੇ ਇਹ ਗੱਲ ਖ਼ਾਸ ਤੌਰ ਤੇ ਦੱਸਣ ਵਾਲੀ ਹੈ ਕਿ ਹਾਪਕਿਨਸਨ ਤੇ ਭਾਈ ਮੇਵਾ ਸਿੰਘ ਇਕ ਦੂਜੇ ਦੇ ਪੁਰਾਣੇ ਮਿੱਤਰ ਤੇ ਜਾਣੂ ਸਨ। ਭਾਰਤ ਵਿਚ ਵੀ ਉਹ ਮਿਲਦੇ ਰਹੇ ਸਨ ਤੇ ਕੈਨੇਡਾ ਵਿਚ ਵੀ ਉਹ ਇਕ ਦੂਜੇ ਨੂੰ ਕਦੇ ਕਦੇ ਮਿਲਦੇ ਸਨ। ਮਿ: ਹਾਪਕਿਨਸਨ ਨੇ ਯਤਨ ਕੀਤਾ ਕਿ ਭਾਈ ਮੇਵਾ ਸਿੰਘ ਉਸ ਦੇ ਜਾਲ ਵਿਚ ਫਸ ਜਾਣ, ਪਰ ਉਹਨੂੰ ਸਫ਼ਲਤਾ ਨਾ ਹੋਈ ਤੇ ਉਹਨੇ ਇਸ ਗੱਲ ਨੂੰ ਬੜਾ ਮਹਿਸੂਸ ਕੀਤਾ। ਭਾਈ ਮੇਵਾ ਸਿੰਘ ਬਹੁਤ ਸਰਗਰਮ ਦੇਸ਼ ਭਗਤ ਸਨ। ਜਦੋਂ ਕੈਨੇਡਾ ਵਿਚ ਗ਼ਦਰ ਪਾਰਟੀ ਲਈ ਹਥਿਆਰ ਤੇ ਅਸਲਾ ਇਕੱਠਾ ਕਰਨ ਦੀ ਮੁਹਿੰਮ ਚਲੀ ਤਾਂ ਆਪ ਉਸ ਵਿਚ ਵੀ ਸ਼ਾਮਲ ਸਨ ਤੇ ਇਹਨਾਂ ਨੇ ਉਚੇਚੇ ਜਾ ਕੇ ਇਕ ਬੰਦੂਕ ਤੇ ਛੇ ਗੋਲੀਆਂ ਅਮਰੀਕਾ ਤੋਂ ਲਿਆਂਦੀਆਂ ਸਨ। ਰਾਹ ਵਿਚ ਫੜੇ ਗਏ ਸਨ ਪਰ ਫਿਰ ਮੁਕੱਦਮੇ ਵਿਚੋਂ ਹੁਸ਼ਿਆਰੀ ਨਾਲ ਬਚ ਗਏ ਸਨ।

ਹੁਣ ਹਾਪਕਿਨਸਨ ਦੇ ਕਤਲ ਦੇ ਸਿਲਸਿਲੇ ਵਿਚ ਜਦ ਗ੍ਰਿਫ਼ਤਾਰ ਕਰ ਕੇ ਹਵਾਲਾਤ ਵਿਚ ਬੰਦ ਕੀਤਾ ਗਿਆ ਤਾਂ ਆਪ ਬੜੀਆਂ ਚੜ੍ਹਦੀਆਂ ਕਲਾਂ ਵਿਚ ਸਨ। ਕੈਨੇਡਾ ਦੇ ਰੋਜ਼ਾਨਾ ਅਖ਼ਬਾਰ 'ਪਰਾਵਿਨਸ' ਨੇ ਲਿਖਿਆ ਸੀ ਕਿ ਮੇਵਾ ਸਿੰਘ ਹਵਾਲਾਤ ਵਿਚ ਬੜੀਆਂ ਚੜ੍ਹਦੀਆਂ ਕਲਾਂ ਵਿਚ ਹੈ। ਭਜਨ ਬੰਦਗੀ ਕਰਦਾ ਤੇ ਗੀਤ ਗਾ ਰਿਹਾ ਹੈ।

ਦੋ ਦਿਨ ਪਿਛੋਂ 23 ਅਕਤੂਬਰ ਨੂੰ ਹੋਰ ਚਾਰ ਆਦਮੀਆਂ ਸ੍ਰੀ ਹਸਨ ਰਹੀਮ, ਸ: ਕਰਤਾਰ ਸਿੰਘ ਚੰਨ, ਸ: ਬਲਵੰਤ ਸਿੰਘ ਖੁਰਦਪੁਰ ਤੇ ਸ: ਮਿਤ ਸਿੰਘ ਪੰਡੋਰੀ ਨੂੰ ਮਿ: ਹਾਪਕਿਨਸਨ ਦੇ ਕਤਲ ਦੀ ਸਾਜ਼ਸ਼ ਦੇ ਸੰਬੰਧ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਤੁਰਤ ਮੁਕੱਦਮਾ ਸ਼ੁਰੂ ਕਰ ਦਿੱਤਾ ਗਿਆ। ਸਰਕਾਰ ਨੇ ਫ਼ੈਸਲਾ ਕੀਤਾ ਕਿ ਮੁਕੱਦਮੇ ਦੀ ਸੁਣਵਾਈ ਹਫ਼ਤੇ ਵਿਚ ਮੁਕਾ ਕੇ ਸਜ਼ਾਵਾਂ ਦੇ ਦਿਤੀਆਂ ਜਾਣ ਤਾਂ ਕਿ ਅਗੋਂ ਦਹਿਸ਼ਤ ਫੈਲ ਜਾਏ।

ਸ਼ਹੀਦ ਭਾਈ ਮੇਵਾ ਸਿੰਘ ਨੇ ਅਦਾਲਤ ਵਿਚ ਬਿਆਨ ਦਿਤਾ ਕਿ ਮੇਰੇ ਨਾਲ ਇਸ ਸਾਜ਼ਸ਼ ਵਿਚ ਹੋਰ ਕੋਈ ਵੀ ਸ਼ਾਮਲ ਨਹੀਂ, ਮੈਂ ਹੀ ਮਾਰਿਆ ਤੇ ਇਕੱਲੇ ਨੇ ਇਹ ਸਾਰਾ ਕੁਝ ਕੀਤਾ ਹੈ। ਭਾਈ ਮੇਵਾ ਸਿੰਘ ਨੇ ਗੱਜ ਕੇ ਅਦਾਲਤ ਵਿਚ ਆਖਿਆ ਕਿ ਭਾਰਤ ਦੀ ਆਜ਼ਾਦੀ ਦੇ ਦੁਸ਼ਮਣਾਂ ਦਾ ਇਹੋ ਹਾਲ ਹੋਣਾ ਚਾਹੀਦਾ ਹੈ ਜੋ ਦੇਸ਼ ਤੇ ਕੌਮ ਦੇ ਮੇਰੇ ਜਿਹੇ ਨਿਰਮਾਣ ਸੇਵਕ ਦੇ ਹਥੋਂ ਹੋਇਆ ਹੈ। ਮੈਨੂੰ ਮਾਣ ਹੈ ਕਿ ਮੈਂ ਸਾਮਰਾਜ ਦੇ ਇਸ ਜ਼ਹਿਰੀਲੇ ਸੱਪ ਨੂੰ ਮਾਰਿਆ ਹੈ।

30 ਅਕਤੂਬਰ 1914 ਨੂੰ ਅਦਾਲਤ ਨੇ ਭਾਈ ਮੇਵਾ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਦਿਤੀ ਤੇ ਬਾਕੀ ਸਾਰੇ ਬਰੀ ਕਰ ਦਿਤੇ। ਭਾਈ ਮੇਵਾ ਸਿੰਘ ਦਾ ਚਿਹਰਾ ਇਹ ਹੁਕਮ ਸੁਣ ਕੇ ਖਿੜ ਗਿਆ ਤੇ ਮੁਸਕਰਾ ਪਏ। ਅਖ਼ੀਰ ਇਸ ਫ਼ੈਸਲੇ ਅਨੁਸਾਰ 11 ਜਨਵਰੀ 1915 ਨੂੰ ਸਵੇਰੇ ਭਾਈ ਮੇਵਾ ਸਿੰਘ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿਤਾ ਗਿਆ।

ਕਰਤਾਰ ਸਿੰਘ ਸਰਾਭਾ

ਦੇਸ਼ ਦੀ ਆਜ਼ਾਦੀ ਲਈ ਜਿਤਨੀਆਂ ਕੁਰਬਾਨੀਆਂ ਪੰਜਾਬੀਆਂ ਨੇ ਦਿਤੀਆਂ, ਸ਼ਾਇਦ ਬਾਕੀ ਸਾਰੇ ਭਾਰਤ ਨੇ ਰਲ ਕੇ ਵੀ ਨਹੀਂ ਦਿਤੀਆਂ ਤੇ ਸਿੱਖ ਕੌਮ ਨੂੰ ਇਸ ਗੱਲ ਦਾ ਮਾਣ ਪ੍ਰਾਪਤ ਹੈ ਕਿ ਉਨ੍ਹਾਂ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਸਭ ਤੋਂ ਵੱਧ ਗੋਲੀਆਂ ਖਾਧੀਆਂ, ਫਾਂਸੀਆਂ ਤੇ ਚੜ੍ਹੇ, ਕਾਲੇ ਪਾਣੀ ਦੀ ਸਜ਼ਾ ਭੁਗਤੀ ਤੇ ਆਪਣੀਆਂ ਸੈਂਕੜੇ ਜਵਾਨੀਆਂ ਜੇਲ੍ਹਾਂ ਵਿਚ ਬੁਢੇਪੇ ਵਿਚ ਬਦਲੀਆਂ। ਸਿੱਖ ਕੌਮ ਨੇ ਕਿਸੇ ਸਿਰ ਅਹਿਸਾਨ ਨਹੀਂ ਕੀਤਾ, ਸਗੋਂ ਇਹ ਉਹਨਾਂ ਦਾ ਫ਼ਰਜ਼ ਸੀ। ਉਹਨਾਂ ਨੂੰ ਫ਼ਖ਼ਰ ਹੈ ਕਿ ਉਹਨਾਂ ਆਪਣਾ ਫ਼ਰਜ਼ ਪੂਰੀ ਸ਼ਾਨ ਨਾਲ ਨਿਭਾਇਆ।

ਸਭ ਤੋਂ ਪਹਿਲਾਂ ਆਜ਼ਾਦੀ ਦੀ ਲਹਿਰ ਬਾਬਾ ਰਾਮ ਸਿੰਘ ਜੀ ਨੇ ਸ਼ੁਰੂ ਕੀਤੀ ਤੇ ਭਾਵੇਂ ਉਸ ਦਾ ਰੂਪ ਕੁਝ ਵੀ ਸੀ, ਉਹ ਅਸਲ ਵਿਚ ਸਿੱਖਾਂ ਦੀ ਅੰਗਰੇਜ਼ਾਂ ਵਿਰੁੱਧ ਇਕ ਲਹਿਰ ਸੀ। ਫਿਰ ਉਸ ਪਿਛੋਂ ਦੂਜੀ ਵੱਡੀ ਕੌਮੀ ਲਹਿਰ ਗ਼ਦਰ ਪਾਰਟੀ ਦਾ ਅੰਦੋਲਨ ਸੀ, ਜਿਸ ਦਾ ਮੁਢ ਅਮਰੀਕਾ ਤੇ ਕੈਨੇਡਾ ਵਿਚ ਬੱਝਾ। ਕਾਮਾਗਾਟਾਮਾਰੂ ਜਹਾਜ਼ ਦੇ ਕੈਨੇਡਾ ਤੋਂ ਪਰਤਣ ਨਾਲ ਲਹਿਰ ਨੂੰ ਹੁਲਾਰਾ ਮਿਲਿਆ ਤੇ 1914-15 ਵਿਚ ਭਾਰਤ ਵਿਚੋਂ ਅੰਗਰੇਜ਼ਾਂ ਨੂੰ ਹਥਿਆਰਬੰਦ ਤਾਕਤ ਨਾਲ ਭਜਾਣ ਲਈ ਉਪਰਾਲਾ ਹੋਇਆ। ਸੈਂਕੜੇ ਗ਼ਦਰੀਆਂ ਨੇ ਬਦੇਸ਼ਾਂ ਵਿਚੋਂ ਆਪਣੇ ਕਮਾਈ ਦੇ ਸਾਧਨ ਛਡ ਕੇ ਭਾਰਤ ਆ ਕੇ ਆਜ਼ਾਦੀ ਦੀ ਜੋਤਿ ਜਗਾਈ ਤੇ ਇਸ ਜੋਤ ਨੂੰ ਜਗਦੇ ਰਖਣ ਲਈ ਆਪਣਾ ਲਹੂ ਦਿਤਾ।

ਕਾਂਗਰਸ ਦੇ ਆਜ਼ਾਦੀ ਦੀ ਲੜਾਈ ਲਈ ਮੈਦਾਨ ਵਿਚ ਆਉਣ ਤੋਂ ਪਹਿਲਾਂ ਇਹ ਆਜ਼ਾਦੀ ਲਈ ਇਕ ਬਹੁਤ ਵੱਡਾ ਹੰਭਲਾ ਸੀ ਤੇ ਸਿੱਖ ਕੌਮ ਨੂੰ ਫ਼ਖ਼ਰ ਹੈ ਕਿ ਸਿਰਲੱਥ ਸੂਰਬੀਰ ਸਿੰਘਾਂ ਨੇ ਇਸ ਲਹਿਰ ਵਿਚ ਵੀ ਵੱਡਾ ਨਹੀਂ, ਸਗੋਂ ਬਹੁਤ ਵੱਡਾ ਹਿੱਸਾ ਪਾਇਆ। ਕੌਮ ਦੇ ਜਿਨ੍ਹਾਂ ਬਹਾਦਰ ਸਪੁੱਤਰਾਂ ਨੇ ਇਸ ਲਹਿਰ ਵਿਚ ਆਪਾ ਵਾਰਿਆ, ਉਹਨਾਂ ਵਿਚੋਂ ਨੌਜਵਾਨ ਕਰਤਾਰ ਸਿੰਘ ਸਰਾਭਾ ਵੀ ਸੀ ਜਿਸ ਨੇ ਛੋਟੀ ਉਮਰ ਵਿਚ ਇਕ ਬਹੁਤ ਵੱਡੀ ਲਹਿਰ ਦੀ ਅਗਵਾਈ ਕੀਤੀ ਤੇ ਜਿਸ ਦਾ ਨਾਮ ਆਜ਼ਾਦੀ ਦੀ ਲਹਿਰ ਵਿਚ ਚੋਟੀ ਦੇ ਵਿਅਕਤੀਆਂ ਵਿਚ ਗਿਣਿਆ ਜਾਂਦਾ ਹੈ।

ਸ: ਕਰਤਾਰ ਸਿੰਘ ਦਾ ਜਨਮ 1896 ਈਸਵੀ ਨੂੰ ਮੰਗਲ ਸਿੰਘ ਦੇ ਘਰ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣੇ ਵਿਚ ਹੋਇਆ। ਮਾਪਿਆਂ ਨੇ ਨਿੱਕੇ ਜਿਹੇ ਬੱਚੇ ਨੂੰ ਬੜਾ ਹੁਸ਼ਿਆਰ, ਚੁਸਤ ਤੇ ਸਮਝਦਾਰ ਅਨੁਭਵ ਕਰ ਕੇ ਨਿੱਕੀ ਉਮਰ ਵਿਚ ਹੀ ਪਿੰਡ ਦੇ ਸਕੂਲ ਵਿਚ ਪੜ੍ਹਨ ਲਈ ਬਿਠਾ ਦਿੱਤਾ। ਝਟਪਟ ਹੀ ਕਰਤਾਰ ਸਿੰਘ ਨੇ ਪਿੰਡ ਦੇ ਸਕੂਲ ਵਿਚ ਨਾਮ ਪੈਦਾ ਕਰ ਲਿਆ ਤੇ ਇਥੋਂ ਪ੍ਰਾਇਮਰੀ ਪਾਸ ਕਰਨ

ਤੇ ਮਾਪਿਆਂ ਨੇ ਲੁਧਿਆਣੇ ਸ਼ਹਿਰ ਭੇਜ ਦਿਤਾ। ਪਿਤਾ ਜੀ ਬਹੁਤ ਘੱਟ ਸਾਲ ਆਪਣੇ ਹੋਣਹਾਰ ਪੁੱਤਰ ਨੂੰ ਵਧਦਾ ਫੁਲਦਾ ਵੇਖ ਸਕੇ ਤੇ ਬਚਪਨ ਵਿਚ ਹੀ ਇਹਨੂੰ ਛੱਡ ਕੇ ਪਰਲੋਕ ਸਿਧਾਰ ਗਏ।

ਲੁਧਿਆਣੇ ਵਿਚ ਮਿਡਲ ਪਾਸ ਕਰ ਲਈ ਤੇ ਫਿਰ ਆਪਣੇ ਰਿਸ਼ਤੇਦਾਰਾਂ ਨਾਲ ਪੰਜਾਬ ਛੱਡ ਕੇ ਉੜੀਸਾ ਚਲੇ ਗਏ। ਉੜੀਸਾ ਵਿਚ ਵੀ ਪੜ੍ਹਾਈ ਜਾਰੀ ਰਖੀ ਤੇ ਮੈਟਰਿਕ ਪਾਸ ਕਰ ਲਈ। ਪੜ੍ਹਾਈ ਤਾਂ ਅਗੋਂ ਜਾਰੀ ਰੱਖਣ ਦਾ ਮੌਕਾ ਨਾ ਮਿਲ ਸਕਿਆ ਪਰ ਉਂਜ ਅੰਗਰੇਜ਼ੀ ਦੀਆਂ ਕਿਤਾਬਾਂ ਤੇ ਅਖ਼ਬਾਰਾਂ ਰਸਾਲੇ ਪੜ੍ਹ ਕੇ ਸ: ਕਰਤਾਰ ਸਿੰਘ ਨੇ ਆਪਣੀ ਯੋਗਤਾ ਹੋਰ ਵਧਾ ਲਈ। ਉੜੀਸਾ ਤੇ ਬੰਗਾਲ ਵਿਚ ਉਹਨਾਂ ਦਿਨਾਂ ਵਿਚ ਕਾਫ਼ੀ ਜਾਗਰਤ ਆ ਚੁਕੀ ਸੀ ਤੇ ਇਸ ਦਾ ਕਰਤਾਰ ਸਿੰਘ ਤੇ ਵੀ ਛੋਟੀ ਉਮਰ ਵਿਚ ਹੀ ਬਹੁਤ ਪ੍ਰਭਾਵ ਪਿਆ।

ਉਨ੍ਹਾਂ ਦਿਨਾਂ ਵਿਚ ਸਾਰੇ ਭਾਰਤ ਵਿਚੋਂ ਪ੍ਰਦੇਸ਼ਾਂ ਨੂੰ ਜਾਣ ਲਈ ਬਹੁਤ ਲੋਕ ਤਿਆਰ ਹੋ ਰਹੇ ਸਨ ਕਿਉਂਕਿ ਜਿਹੜੇ ਪਹਿਲਾਂ ਗਏ ਸਨ, ਉਹਨਾਂ ਨੇ ਬਹੁਤ ਕਮਾਈ ਕੀਤੀ ਸੀ। ਕਰਤਾਰ ਸਿੰਘ ਦੇ ਮਾਪਿਆਂ ਨੇ ਇਸ ਨੂੰ ਅਮਰੀਕਾ ਜਾ ਕੇ ਬਹੁਤ ਸਾਰਾ ਧਨ ਕਮਾ ਕੇ ਲਿਆਉਣ ਲਈ ਕਿਹਾ। ਕਰਤਾਰ ਸਿੰਘ ਪਹਿਲਾਂ ਹੀ ਪ੍ਰਦੇਸ਼ ਯਾਤਰਾ ਕਰਨ ਦਾ ਚਾਹਵਾਨ ਸੀ, ਇਸ ਨੇ ਤੁਰਤ ਤਿਆਰੀ ਕਰ ਲਈ ਤੇ 1911 ਦੇ ਅਖ਼ੀਰ ਵਿਚ ਜਦੋਂ ਕਿ ਅਜੇ 15 ਸਾਲਾਂ ਦਾ ਸੀ, ਅਮਰੀਕਾ ਚਲਾ ਗਿਆ।

ਜਨਵਰੀ 1912 ਈਸਵੀ ਨੂੰ ਕਰਤਾਰ ਸਿੰਘ ਅਮਰੀਕਾ ਦੀ ਬੰਦਰਗਾਹ ਸਾਨਫ਼ਰਾਂਸਿਸਕੋ ਜਾ ਉਤਰਿਆ। ਇਥੇ ਅਜਿਹੀ ਘਟਨਾ ਵਾਪਰੀ ਜਿਸ ਨੇ ਕਰਤਾਰ ਸਿੰਘ ਸਰਾਭਾ ਦੇ ਕੋਮਲ ਤੇ ਨੌਜਵਾਨ ਮਨ ਨੂੰ ਬੜੀ ਸੱਟ ਮਾਰੀ ਤੇ ਉਸ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਉਪਰਾਲਾ ਕਰਨ ਦਾ ਪ੍ਰਣ ਕਰ ਲਿਆ।

ਜਹਾਜ਼ ਵਿਚੋਂ ਸਾਰੇ ਮੁਸਾਫ਼ਰਾਂ ਦੀ ਪੁਛ ਪੜਤਾਲ ਹੋਈ। ਅਮਰੀਕਾ ਸਰਕਾਰ ਦੇ ਕਰਮਚਾਰੀਆਂ ਨੇ ਹੋਰਾਂ ਨੂੰ ਤਾਂ ਕੁਝ ਨਾ ਕਿਹਾ ਪਰ ਭਾਰਤ ਵਿਚੋਂ ਗਏ ਮੁਸਾਫ਼ਰਾਂ ਨੂੰ ਬਹੁਤ ਤੰਗ ਕੀਤਾ। ਆਜ਼ਾਦ ਦੇਸ਼ਾਂ ਦੇ ਮੁਸਾਫ਼ਰ ਛੇਤੀ ਵਿਹਲੇ ਕਰ ਕੇ ਤੋਰ ਦਿਤੇ ਪਰ ਇਹਨਾਂ ਭਾਰਤੀਆਂ ਨੂੰ ਬਹੁਤ ਖੱਜਲ ਕੀਤਾ। ਕਰਤਾਰ ਸਿੰਘ ਸਰਾਭਾ ਨੇ ਪੁਛਿਆ ਕਿ ਸਾਡੇ ਨਾਲ ਅਜਿਹਾ ਵਰਤਾਉ ਕਿਉਂ ਕੀਤਾ ਜਾ ਰਿਹਾ ਹੈ ਤਾਂ ਇਕ ਹੋਰ ਮੁਸਾਫ਼ਰ ਨੇ, ਜੋ ਕਿਸੇ ਹੋਰ ਦੇਸ਼ ਦਾ ਸੀ, ਵਿਅੰਗ ਨਾਲ ਕਿਹਾ, 'ਤੁਸੀਂ ਗ਼ੁਲਾਮ ਭਾਰਤ ਦੇ ਵਸਨੀਕ ਹੋ, ਇਸ ਲਈ।'

ਬਸ ਉਸ ਦਾ ਇਹ ਵਾਕ ਕਰਤਾਰ ਸਿੰਘ ਸਰਾਭੇ ਦੇ ਮਨ ਤੇ ਤੀਰ ਵਾਂਗ ਵੱਜਾ। ਉਹਨੇ ਸੋਚਿਆ ਕਿ ਗ਼ੁਲਾਮ ਦੇਸ਼ ਦੇ ਵਸਨੀਕਾਂ ਦੀ ਕਿਧਰੇ ਵੀ ਇਜ਼ਤ ਨਹੀਂ। ਫਿਰ ਗ਼ੁਲਾਮੀ ਦੇ ਸੰਗਲ ਪਹਿਲਾਂ ਤੋੜਨੇ ਚਾਹੀਦੇ ਹਨ ਤੇ ਕੁਝ ਹੋਰ ਪਿਛੋਂ ਕਰਨਾ ਚਾਹੀਦਾ ਹੈ। ਗ਼ੁਲਾਮੀ ਦੀ ਲਾਹਨਤ ਖ਼ਤਮ ਕਰਨ ਲਈ ਜੇ ਖ਼ੂਨ ਦੇਣਾ ਪਵੇ ਤਾਂ ਇਸ ਤੋਂ ਵੀ ਸੰਕੋਚ ਨਹੀਂ ਕਰਨਾ ਚਾਹੀਦਾ।

ਯੂਲੋਕਾਉਂਟੀ ਵਿਚ ਬਹੁਤ ਬਾਗ਼ ਸਨ, ਜਿਥੇ ਹਿੰਦੁਸਤਾਨੀਆਂ ਨੂੰ ਫਲ ਤੋੜਨ ਦਾ ਕੰਮ ਆਮ ਕਰਕੇ ਮਿਲ ਜਾਂਦਾ ਸੀ ਤੇ ਇਸ ਕੰਮ ਵਿਚ ਕਮਾਈ ਵੀ ਚੰਗੀ

ਹੋ ਜਾਂਦੀ ਸੀ। ਕਰਤਾਰ ਸਿੰਘ ਸਰਾਭਾ ਪਹਿਲਾਂ ਹੀ ਉਥੇ ਜਾਣ ਲਈ ਤੁਰਿਆ ਸੀ, ਇਸ ਲਈ ਉਥੇ ਹੀ ਸਿਧਾ ਗਿਆ ਤੇ ਜਾਂਦਿਆਂ ਇਸ ਨੂੰ ਕੰਮ ਮਿਲ ਗਿਆ, ਪਰ ਉਹਦਾ ਜੀਅ ਹੁਣ ਕੰਮ ਕਰਨ ਦੀ ਥਾਂ ਆਜ਼ਾਦੀ ਲਈ ਕੁਝ ਕਰਨ ਨੂੰ ਲੋਚਦਾ ਸੀ। ਕੁਝ ਜਾਗਰਤੀ ਬੰਗਾਲ ਤੇ ਉੜੀਸਾ ਨੇ ਪੈਦਾ ਕੀਤੀ ਸੀ, ਕੁਝ ਸਾਨਫਰਾਂਸਿਸਕੋ ਵਿਚ ਅਮਰੀਕਨ ਅਫ਼ਸਰਾਂ ਦੇ ਵਤੀਰੇ ਨੇ ਹਲੂਣਿਆ ਸੀ ਤੇ ਬਾਕੀ ਅਮਰੀਕਾ ਦੇ ਲੋਕਾਂ ਦੀ ਆਜ਼ਾਦੀ ਤੇ ਚੋਣ ਨਾਲ ਪ੍ਰਧਾਨ ਤਕ ਸਭ ਪਦਵੀਆਂ ਦੇ ਚੁਣੇ ਜਾਣ ਦੇ ਰਿਵਾਜ ਨੇ ਟੁੰਬਿਆ।

ਕਰਤਾਰ ਸਿੰਘ ਨੇ ਆਪਣੇ ਕੁਝ ਸਾਥੀ ਹਿੰਦੁਸਤਾਨੀਆਂ ਨਾਲ ਗੱਲ ਕੀਤੀ ਤੇ ਉਹਨਾਂ ਨੂੰ ਆਪਣੇ ਜਜ਼ਬਾਤ ਦਸੇ। ਉਹ ਵੇਖ ਕੇ ਹੈਰਾਨ ਹੋ ਗਿਆ ਕਿ ਬਹੁਤ ਸਾਰੇ ਉਸੇ ਵਾਂਗ ਹੀ ਮਹਿਸੂਸ ਕਰਦੇ ਤੇ ਸੋਚਦੇ ਹਨ, ਪਰ ਮੂੰਹੋਂ ਗੱਲਾਂ ਘੱਟ ਕਰਦੇ ਹਨ। ਉਹਨੂੰ ਕੁਝ ਅਜਿਹੇ ਬੰਦਿਆਂ ਦਾ ਵੀ ਪਤਾ ਲਗ ਗਿਆ ਜੋ ਅੰਦਰੋ ਅੰਦਰੀ ਕੁਝ ਕਰਨ ਲਈ ਸੋਚ ਰਹੇ ਸਨ। ਉਸ ਨੇ ਉਹਨਾਂ ਦੇਸ਼ ਭਗਤਾਂ ਨਾਲ ਮੇਲ ਜੋਲ ਪੈਦਾ ਕਰਨਾ ਸ਼ੁਰੂ ਕਰ ਦਿਤਾ।

ਸ: ਭਗਵਾਨ ਸਿੰਘ ਜਲਾਵਤਨ ਹੋ ਕੇ ਇਹਨਾਂ ਦਿਨਾਂ ਵਿਚ ਹੀ ਅਮਰੀਕਾ ਪਹੁੰਚ ਗਏ। ਜਦੋਂ ਕਰਤਾਰ ਸਿੰਘ ਨੂੰ ਉਹਨਾਂ ਦਾ ਪਤਾ ਲਗਾ ਤਾਂ ਉਚੇਚਾ ਉਹਨਾਂ ਨਾਲ ਸੰਪਰਕ ਕਾਇਮ ਕੀਤਾ। ਉਹਨਾਂ ਨਾਲ ਮੇਲ-ਮਿਲਾਪ ਨਾਲ ਆਜ਼ਾਦੀ ਦੀ ਜੋਤ ਹੋਰ ਉਭਰੀ ਤੇ ਕੁਝ ਕਰਨ ਦਾ ਜਜ਼ਬਾ ਹੋਰ ਪ੍ਰਬਲ ਹੋਇਆ।

ਅਖ਼ੀਰ ਜੂਨ 1912 ਨੂੰ ਜਦੋਂ ਕਿ ਕਰਤਾਰ ਸਿੰਘ ਸਰਾਭਾ ਨੂੰ ਅਮਰੀਕਾ ਆਇਆਂ ਅਜੇ 6 ਮਹੀਨੇ ਵੀ ਪੂਰੇ ਨਹੀਂ ਸਨ ਹੋਏ, ਹਿੰਦੁਸਤਾਨੀ ਨੌਜਵਾਨਾਂ ਦੀ ਇਕ ਮੀਟਿੰਗ ਬੁਲਾ ਲਈ ਜਿਸ ਵਿਚ ਕਰਤਾਰ ਸਿੰਘ ਨੇ ਦਸਿਆ ਕਿ ਸਾਡੇ ਨਾਲ ਪਰਦੇਸ ਵਿਚ ਮਾੜਾ ਵਰਤਾਉ ਇਸ ਲਈ ਹੈ ਕਿਉਂਕਿ ਅਸੀਂ ਗ਼ੁਲਾਮ ਦੇਸ਼ ਦੇ ਵਸਨੀਕ ਸਮਝੇ ਜਾਂਦੇ ਹਾਂ। ਅਮਰੀਕਾ ਦੀ ਜ਼ਿੰਦਗੀ ਨਾਲ ਆਪਣੇ ਦੇਸ਼ ਦੀ ਜ਼ਿੰਦਗੀ ਦਾ ਟਾਕਰਾ ਕਰ ਕੇ ਸਮਝਾਇਆ ਕਿ ਇਤਨਾ ਵੱਡਾ ਫ਼ਰਕ ਇਸੇ ਕਰਕੇ ਹੈ ਕਿ ਅਸੀਂ ਅੰਗਰੇਜ਼ਾਂ ਦੇ ਗ਼ੁਲਾਮ ਹਾਂ ਤੇ ਇਹ ਆਜ਼ਾਦ ਦੇਸ਼ ਦੇ ਵਸਨੀਕ ਆਪਣੀ ਕਿਸਮਤ ਦੇ ਆਪ ਮਾਲਕ ਹਨ।

ਕਿਹਾ ਜਾਂਦਾ ਹੈ ਕਿ ਕਰਤਾਰ ਸਿੰਘ ਜੀ ਦੀ ਇਹ ਪਹਿਲੀ ਰਾਜਸੀ ਤਕਰੀਰ ਸੀ ਜੋ ਉਸ ਨੇ ਭਾਰਤੀਆਂ ਦੇ ਇਕੱਠ ਵਿਚ ਕੀਤੀ। ਇਕ ਨੌਜਵਾਨ ਅਨ-ਦਾਹੜੀਏ ਗਭਰੂ ਦੇ ਜਜ਼ਬਾਤ ਤੇ ਦਲੀਲਾਂ ਭਰੇ ਵਿਚਾਰ ਸੁਣ ਕੇ ਸਾਰੇ ਝੰਜੋੜੇ ਗਏ ਤੇ ਉਹਨਾਂ ਨੇ ਸਰਾਭੇ ਨਾਲ ਇਸ ਗੱਲ ਤੇ ਸੰਮਤੀ ਪ੍ਰਗਟ ਕੀਤੀ ਕਿ ਸਾਨੂੰ ਅਮਰੀਕਾ ਆ ਕੇ ਨਿਰਾ ਆਪਣੇ ਲਈ ਧਨ ਕਮਾਉਣ ਵਿਚ ਨਹੀਂ ਜੁਟੇ ਰਹਿਣਾ ਚਾਹੀਦਾ, ਸਗੋਂ ਦੇਸ਼ ਆਜ਼ਾਦ ਕਰਾਉਣ ਲਈ ਵੀ ਕੁਝ ਉਪਰਾਲਾ ਕਰਨਾ ਚਾਹੀਦਾ ਹੈ।

ਇਸੇ ਮੀਟਿੰਗ ਵਿਚ ਹੀ ਫ਼ੈਸਲਾ ਕੀਤਾ ਗਿਆ ਕਿ ਜਿਹੜੇ ਭਾਰਤੀ ਪ੍ਰਦੇਸ ਵਿਚ ਰਹਿੰਦੇ ਹਨ, ਉਹਨਾਂ ਵਿਚ ਆਜ਼ਾਦੀ ਦਾ ਪਰਚਾਰ ਕੀਤਾ ਜਾਏ। ਉਹਨਾਂ ਨੂੰ ਆਜ਼ਾਦ ਕਰਾਉਣ ਤੇ ਗ਼ੁਲਾਮ ਦੇਸ਼ ਦੇ ਜੀਵਨ ਵਿਚ ਟਾਕਰਾ ਕਰ ਕੇ ਆਜ਼ਾਦੀ

ਲਈ ਕੁਝ ਕਰਨ ਵਾਸਤੇ ਪ੍ਰੇਰਿਆ ਜਾਏ। ਇਕ ਪਾਸੇ ਪ੍ਰਚਾਰ ਦੀ ਲਹਿਰ ਸ਼ੁਰੂ ਕੀਤੀ ਜਾਏ ਤੇ ਦੂਜੇ ਪਾਸੇ ਹਿੰਦੁਸਤਾਨੀਆਂ ਨੂੰ ਪਹਿਲਾਂ ਅਮਰੀਕਾ ਵਿਚ ਤੇ ਫਿਰ ਦੂਜੇ ਦੇਸ਼ਾਂ ਵਿਚ ਜਥੇਬੰਦ ਕਰ ਕੇ ਸਾਰੀ ਲਹਿਰ ਨੂੰ ਇਕ ਮੁੱਠ ਕੀਤਾ ਜਾਏ। ਦੂਜੇ ਦੇਸ਼ਾਂ ਵਿਚ ਵੀ ਆਜ਼ਾਦੀ ਦੀ ਪ੍ਰਾਪਤੀ ਦੀ ਇੱਛਾ ਰੱਖਣ ਵਾਲੇ ਹਿੰਦੁਸਤਾਨੀਆਂ ਤੇ ਜਥੇਬੰਦੀਆਂ ਨਾਲ ਸੰਪਰਕ ਕਾਇਮ ਕੀਤਾ ਜਾਏ ਤੇ ਸਾਂਝਾ ਉੱਦਮ ਕਰਨ ਲਈ ਰਾਹ ਕਢਿਆ ਜਾਏ। ਇਸੇ ਤਰ੍ਹਾਂ ਇਕ ਮੀਟਿੰਗ ਨਾਲ ਯੂਲੋਕਾਊਂਟੀ ਦੇ ਹਿੰਦੁਸਤਾਨੀ ਜਥੇਬੰਦ ਹੋ ਗਏ ਤੇ ਆਜ਼ਾਦੀ ਦੀ ਲਹਿਰ ਦਾ ਮੁੱਢ ਬੱਝ ਗਿਆ।

ਆਸਟੋਰੀਆ ਵਿਚ 21 ਅਪਰੈਲ 1913 ਈਸਵੀ ਨੂੰ ਭਾਈ ਕੇਸਰ ਸਿੰਘ ਦੀ ਆਰਾ ਮਿੱਲ ਵਿਚ ਬਹੁਤ ਵੱਡਾ ਇਕੱਠ ਹੋਇਆ, ਜਿਸ ਵਿਚ ਲਾਲਾ ਹਰਦਿਆਲ ਤੇ ਹੋਰ ਆਗੂਆਂ ਨੇ ਲੈਕਚਰ ਦਿਤੇ ਤੇ ਹਿੰਦੀ ਪੈਸਿਫ਼ਿਕ ਐਸੋਸੀਏਸ਼ਨ ਨਾਮ ਦੀ ਜਥੇਬੰਦੀ ਕਾਇਮ ਕੀਤੀ ਗਈ। ਇਸ ਜਥੇਬੰਦੀ ਦਾ ਮਨੋਰਥ ਭਾਰਤ ਵਿਚ ਹਥਿਆਰਬੰਦ ਇਨਕਲਾਬ ਲਿਆਉਣ ਦਾ ਯਤਨ ਨਿਸਚਿਤ ਕੀਤਾ ਗਿਆ। ਇਸ ਪਾਰਟੀ ਦੇ ਪਰਚਾਰ ਲਈ ਇਕ ਹਫ਼ਤਾਵਾਰ ਅਖ਼ਬਾਰ 'ਗ਼ਦਰ' ਕੱਢਣ ਦਾ ਵੀ ਇਸੇ ਮੀਟਿੰਗ ਵਿਚ ਫ਼ੈਸਲਾ ਹੋਇਆ।

ਸ: ਕਰਤਾਰ ਸਿੰਘ ਸਰਾਭਾ ਨੇ ਇਸ ਇਕੱਤਰਤਾ ਵਿਚ ਬਹੁਤ ਵਧ ਚੜ੍ਹ ਕੇ ਹਿੱਸਾ ਲਿਆ ਤੇ ਪਹਿਲੀ ਵਾਰ ਹੀ ਉਹ ਅਮਰੀਕਾ ਦੇ ਸਾਰੇ ਟਾਪੂਆਂ ਦੇ ਭਾਰਤੀਆਂ ਦੀਆਂ ਨਜ਼ਰਾਂ ਵਿਚ ਉੱਘਾ ਹੋ ਗਿਆ। ਜਦੋਂ ਅਖ਼ਬਾਰ ਸ਼ੁਰੂ ਕੀਤਾ ਗਿਆ ਤਾਂ ਪੰਜਾਬੀ ਵਿਚ ਅਖ਼ਬਾਰ ਨੂੰ ਤਿਆਰ ਕਰਨ, ਸਾਈਕਲੋਸਟਾਈਲ ਕਰਨ ਤੇ ਫਿਰ ਪਿਛੋਂ ਜਾ ਕੇ ਛਾਪਣ ਦਾ ਸਾਰਾ ਕੰਮ ਵੀ ਸ: ਕਰਤਾਰ ਸਿੰਘ ਸਰਾਭਾ ਨੂੰ ਸੌਂਪਿਆ ਗਿਆ। ਆਪ ਨੇ ਬੜੀ ਮਿਹਨਤ ਕੀਤੀ ਤੇ ਅਖ਼ਬਾਰ ਕੇਵਲ ਅਮਰੀਕਾ ਵਿਚ ਹੀ ਨਹੀਂ, ਸਾਰੀ ਦੁਨੀਆਂ ਵਿਚ ਜਿਥੇ ਵੀ ਭਾਰਤੀ ਵਸਦੇ ਸਨ, ਪਹੁੰਚਣ ਲਗ ਪਿਆ।

ਦਸੰਬਰ 1913 ਵਿਚ ਸੈਕਰਾਮੈਂਟ ਵਿਚ ਹਿੰਦੁਸਤਾਨੀਆਂ ਦੀ ਇਕ ਬਹੁਤ ਵੱਡੀ ਕਾਨਫ਼ਰੰਸ ਸੱਦੀ ਗਈ। ਕਾਨਫ਼ਰੰਸ ਵਿਚ ਪਾਰਟੀ ਨੂੰ ਸਰਬ ਅਮਰੀਕੀ ਬਣਾਉਣ ਦਾ ਫ਼ੈਸਲਾ ਹੋਇਆ ਤੇ ਇਸ ਸਮੇਂ ਜੋ ਅਹੁਦੇਦਾਰ ਆਗੂ ਚੁਣੇ ਗਏ ਉਹਨਾਂ ਵਿਚ ਸਭ ਤੋਂ ਛੋਟੀ ਉਮਰ ਦਾ ਕਰਤਾਰ ਸਿੰਘ ਸਰਾਭਾ ਸੀ। ਇਸ ਨੂੰ ਵਰਕਿੰਗ ਕਮੇਟੀ ਦਾ ਮੈਂਬਰ ਲਿਆ ਗਿਆ। ਗ਼ਦਰ ਅਖ਼ਬਾਰ ਕੱਢਣ ਕਰਕੇ ਪਾਰਟੀ ਦਾ ਨਾਮ ਹਿੰਦੀ ਪੈਸਿਫ਼ਿਕ ਐਸੋਸੀਏਸ਼ਨ ਦੀ ਥਾਂ ਗ਼ਦਰ ਪਾਰਟੀ ਮਸ਼ਹੂਰ ਹੋ ਗਿਆ ਤੇ ਇਹਨਾਂ ਦੀ ਲਹਿਰ ਗ਼ਦਰ ਲਹਿਰ ਅਖਵਾਉਣ ਲਗ ਪਈ।

ਗ਼ਦਰ ਪਾਰਟੀ ਨਾਲ ਕੰਮ ਕਰਨ ਵਾਲੇ ਵਿਦਿਆਰਥੀਆਂ ਨੇ ਹੋਰਨਾਂ ਹਿੰਦੀ ਵਿਦਿਆਰਥੀਆਂ ਨਾਲੋਂ ਵੱਖਰਾ ਰਹਿਣਾ ਸ਼ੁਰੂ ਕਰ ਦਿੱਤਾ। ਆਪਣੇ ਵੱਖਰੇ ਹੋਸਟਲ ਦਾ ਨਾਮ ਨਾਲੰਦਾ ਹੋਸਟਲ ਰਖਿਆ। ਸ: ਕਰਤਾਰ ਸਿੰਘ ਸਰਾਭਾ ਇਕ ਪਾਸੇ ਆਪ ਕਿਰਤ ਵੀ ਕਰਦਾ ਸੀ, ਨਾਲ ਨਾਲ ਉਹ ਗ਼ਦਰ ਲਹਿਰ ਦੀਆਂ ਜ਼ਿੰਮੇਵਾਰੀਆਂ ਵੀ ਨਿਭਾ ਰਿਹਾ ਸੀ। ਲਾਲਾ ਹਰਦਿਆਲ ਦਾ ਆਪਣਾ ਹੈੱਡਕੁਆਟਰ ਕਰਤਾਰ ਸਿੰਘ ਸਰਾਭੇ ਦਾ ਨਾਲੰਦਾ ਹੋਸਟਲ ਦਾ ਕਮਰਾ ਹੀ ਹੁੰਦਾ ਸੀ। ਇਥੇ ਹੀ ਅਖ਼ਬਾਰ

ਲਿਖਿਆ ਜਾਂਦਾ ਤੇ ਫਿਰ ਛਪਣ ਲਈ ਭੇਜ ਦਿਤਾ ਜਾਂਦਾ। ਡਾਕ ਵੀ ਸਾਰੀ ਵਿਦਿਆਰਥੀ ਹੀ ਲਿਖਦੇ। ਗੱਲ ਕੀ ਪਾਰਟੀ ਦਾ ਦਫ਼ਤਰ ਤਾਂ ਭਾਵੇਂ ਸਾਨਫ਼ਰਾਂਸਿਸਕੋ ਵਿਚ ਹੋਰ ਥਾਂ ਸੀ, ਪਰ ਅਮਲੀ ਤੌਰ ਤੇ ਸਾਰਾ ਕੰਮ ਇਥੇ ਹੀ ਹੁੰਦਾ ਸੀ।

ਜਦ ਗ਼ਦਰ ਪਾਰਟੀ ਨੇ ਇਨਕਲਾਬ ਦੀ ਤਿਆਰੀ ਸ਼ੁਰੂ ਕੀਤੀ ਤਾਂ ਹਥਿਆਰਬੰਦ ਬਗ਼ਾਵਤ ਤੇ ਲੜਾਈ ਦੇ ਹਰ ਖੇਤਰ ਲਈ ਕੰਮ ਕਰਨਾ ਜ਼ਰੂਰੀ ਸੀ। ਹਵਾਈ ਲੜਾਈ ਦਾ ਕੰਮ ਸ: ਕਰਤਾਰ ਸਿੰਘ ਸਰਾਭੇ ਨੂੰ ਸੌਂਪਿਆ ਗਿਆ ਤੇ ਇਸ ਕੰਮ ਲਈ ਉਹਨੂੰ ਅਮਰੀਕਾ ਦੇ ਪੂਰਬੀ ਕੰਢੇ ਵਲ ਭੇਜਿਆ ਗਿਆ।

ਕਰਤਾਰ ਸਿੰਘ ਸਰਾਭਾ ਨਿਊਯਾਰਕ ਦੀ ਇਕ ਹਵਾਈ ਜਹਾਜ਼ਾਂ ਦੀ ਕੰਪਨੀ ਵਿਚ ਦਾਖ਼ਲ ਹੋ ਗਿਆ ਤੇ ਜਹਾਜ਼ ਉਡਾਣ ਤੇ ਮੁਰੰਮਤ ਕਰਨ ਦਾ ਕੰਮ ਸਿਖ ਕੇ ਆਇਆ। ਇਸ ਪਿਛੋਂ ਹੋਰ ਵਰਕਰਾਂ ਨੇ ਵੀ ਜਾਣਾ ਸੀ ਪਰ ਨਾ ਜਾ ਸਕੇ। ਇਸ ਤਰ੍ਹਾਂ ਗ਼ਦਰ ਪਾਰਟੀ ਵਿਚੋਂ ਹਵਾਈ ਜਹਾਜ਼ ਚਲਾਉਣ ਤੇ ਠੀਕ ਕਰਨ ਦਾ ਕੰਮ ਕੇਵਲ ਕਰਤਾਰ ਸਿੰਘ ਸਰਾਭੇ ਨੂੰ ਹੀ ਆਉਂਦਾ ਸੀ।

1914 ਵਿਚ ਪਹਿਲਾ ਸੰਸਾਰ ਯੁਧ ਸ਼ੁਰੂ ਹੋ ਗਿਆ। ਪਾਰਟੀ ਨੇ ਇਹ ਵਿਚਾਰ ਕੇ ਕਿ ਅੰਗਰੇਜ਼ ਦੇ ਜੰਗ ਵਿਚ ਫਸ ਜਾਣ ਨੂੰ ਹੀ ਆਪਣੀ ਸੱਟ ਮਾਰਨ ਦਾ ਵੱਡਾ ਮੌਕਾ ਬਣਾ ਲਿਆ ਜਾਏ, ਫ਼ੈਸਲਾ ਕੀਤਾ ਕਿ ਅੰਗਰੇਜ਼ਾਂ ਨੂੰ ਹਥਿਆਰਬੰਦ ਲੜਾਈ ਨਾਲ ਦੇਸ਼ ਵਿਚੋਂ ਕਢਣ ਲਈ ਛੇਤੀ ਹਿੰਦੁਸਤਾਨ ਪਹੁੰਚਣਾ ਚਾਹੀਦਾ ਹੈ। ਇਹ ਵਿਚਾਰ ਪਾਸ ਕਰ ਕੇ ਪਾਰਟੀ ਨੇ ਅੰਗਰੇਜ਼ ਰਾਜ ਵਿਰੁੱਧ ਐਲਾਨਿ-ਜੰਗ ਕਰਨ ਦਾ ਫ਼ੈਸਲਾ ਕੀਤਾ ਜੋ 5 ਅਗਸਤ 1914 ਦੇ ਗ਼ਦਰ ਅਖ਼ਬਾਰ ਵਿਚ ਛਾਪ ਦਿਤਾ ਗਿਆ। ਇਸ ਪਿਛੋਂ ਮੀਟਿੰਗ ਸੱਦ ਕੇ ਵਾਪਸ ਦੇਸ਼ ਪਰਤਣ ਦੀ ਵਿਉਂਤ ਬਣਾਈ ਜਾਣੀ ਸੀ, ਪਰ ਸ: ਕਰਤਾਰ ਸਿੰਘ ਸਰਾਭਾ ਤਾਂ ਇਤਨਾ ਉਤਾਵਲਾ ਸੀ ਕਿ ਉਸ ਨੇ ਕਿਸੇ ਮੀਟਿੰਗ ਜਾਂ ਹੋਰ ਫ਼ੈਸਲੇ ਨੂੰ ਨਾ ਉਡੀਕਿਆ ਤੇ ਰਘੁਵਰ ਦਿਆਲ ਗੁਪਤਾ ਨੂੰ ਨਾਲ ਲੈ ਕੇ 7 ਅਗਸਤ ਨੂੰ ਹੀ ਤੁਰ ਪਿਆ।

ਗ਼ਦਰੀਆਂ ਵਿਚੋਂ ਅਮਰੀਕਾ ਤੇ ਕੈਨੇਡਾ ਤੋਂ ਵਾਪਸ ਦੇਸ਼ ਪਰਤਣ ਵਾਲਿਆਂ ਵਿਚ ਸਭ ਤੋਂ ਪਹਿਲਾ ਕਰਤਾਰ ਸਿੰਘ ਸੀ ਜੋ ਉਸ ਸਮੇਂ 18 ਸਾਲ ਦੀ ਉਮਰ ਦਾ ਲੰਮਾ ਪਤਲਾ ਜਵਾਨ ਸੀ। ਉਹ ਬੜਾ ਮਨਚਲਾ, ਨਿਡਰ ਤੇ ਅਣਥੱਕ ਵਰਕਰ ਸੀ। ਲੁਧਿਆਣੇ ਪਹੁੰਚ ਕੇ ਘਰ ਨਾ ਠਹਿਰਿਆ ਤੇ ਆਉਂਦਿਆਂ ਹੀ ਕੰਮ ਵਿਚ ਜੁਟ ਗਿਆ। ਇਸ ਤੋਂ ਪਿਛੋਂ ਆਉਣ ਵਾਲੇ ਬਹੁਤ ਸਾਰੇ ਗ਼ਦਰੀ ਆਗੂ ਸਰਕਾਰ ਨੇ ਬੰਦਰਗਾਹਾਂ ਤੇ ਹੀ ਗ੍ਰਿਫ਼ਤਾਰ ਕਰ ਲਏ। ਕਰਤਾਰ ਸਿੰਘ ਸਰਾਭਾ ਨੇ ਇਕ ਸਿਆਣਪ ਕੀਤੀ ਤੇ ਰਾਹ ਬਦਲ ਕੇ ਕੋਲੰਬੋ ਵਲੋਂ ਹੋ ਕੇ ਆਇਆ, ਜਿਸ ਕਰਕੇ ਪਤਾ ਹੀ ਨਾ ਲੱਗਾ।

ਲੁਧਿਆਣੇ ਬਹੁਤ ਸਾਰੇ ਗ਼ਦਰੀ ਗ੍ਰਿਫ਼ਤਾਰ ਕਰ ਕੇ ਲਿਆਂਦੇ ਗਏ। ਕਰਤਾਰ ਸਿੰਘ ਸਰਾਭਾ ਇਹਨਾਂ ਨੂੰ ਸੜਕਾਂ ਤੇ ਸਟੇਸ਼ਨਾਂ ਤੇ ਮਿਲ ਪੈਂਦਾ ਤੇ ਕਈ ਗੱਲਾਂ ਕਰ ਲੈਂਦਾ। ਜਿਥੇ ਇਹਨਾਂ ਨੂੰ ਰਖਿਆ ਜਾਂਦਾ ਉਥੇ ਵੀ ਲੁਕ ਛਿਪ ਕੇ ਪਹੁੰਚ ਜਾਂਦਾ ਤੇ ਕਈ ਪ੍ਰਕਾਰ ਦੀਆਂ ਸਲਾਹਵਾਂ ਕਰ ਕੇ ਤੁਰ ਜਾਂਦਾ ਪਰ ਪੁਲਸ ਨੂੰ ਕਦੇ ਸ਼ੱਕ

ਨਾ ਪੈਣ ਦਿੰਦਾ। ਸ: ਸੋਹਣ ਸਿੰਘ ਭਕਨਾ, ਜੋ ਉਸ ਸਮੇਂ ਗ਼ਦਰ ਪਾਰਟੀ ਦੇ ਪ੍ਰਧਾਨ ਸਨ, ਨੂੰ ਵੀ ਮਿਲਿਆ, ਹਾਲਾਂਕਿ ਉਹ ਪੁਲਸ ਦੇ ਕਰੜੇ ਪਹਿਰੇ ਵਿਚ ਸਨ। ਉਹਨਾਂ ਨਾਲ ਸਲਾਹ ਕਰ ਕੇ ਪਾਰਟੀ ਦੇ ਪਰੋਗਰਾਮ ਨੂੰ ਸਿਰੇ ਚਾੜ੍ਹਨ ਲਈ ਭੱਜ ਨੱਠ ਸ਼ੁਰੂ ਕਰ ਦਿਤੀ।

ਗ਼ਦਰ ਪਾਰਟੀ ਦੇ ਜਿਹੜੇ ਲੀਡਰ ਬਚ ਕੇ ਹਿੰਦੁਸਤਾਨ ਆਏ ਸਨ, ਉਹਨਾਂ ਦੀ ਇਕੱਤਰਤਾ ਸੱਦ ਕੇ ਇਕ ਕਮੇਟੀ ਨਿਯਤ ਕੀਤੀ ਗਈ ਜਿਸ ਦੇ ਮੁਖੀਆਂ ਵਿਚ ਸ: ਕਰਤਾਰ ਸਿੰਘ ਸਰਾਭਾ ਵੀ ਇਕ ਸੀ। ਫ਼ੈਸਲਾ ਕੀਤਾ ਗਿਆ ਕਿ ਥਾਂ ਥਾਂ ਮੀਟਿੰਗਾਂ ਕਰ ਕੇ ਬਾਹਰੋਂ ਆਏ ਲੋਕਾਂ ਨੂੰ ਜਥੇਬੰਦ ਕੀਤਾ ਜਾਏ ਤੇ ਇਲਾਕੇ ਵਾਰ ਜ਼ਿੰਮੇਵਾਰ ਨਿਯਤ ਕੀਤੇ ਜਾਣ। ਕਰਤਾਰ ਸਿੰਘ ਸਰਾਭਾ ਨੇ ਬੰਗਾਲ ਦੇ ਇਨਕਲਾਬੀਆਂ ਨਾਲ ਵੀ ਸਾਂਝ ਤੇ ਵਾਕਫ਼ੀਅਤ ਪੈਦਾ ਕੀਤੀ। ਭਾਈ ਪਰਮਾਨੰਦ ਝਾਂਸੀ ਨਾਲ ਸੰਬੰਧ ਕਾਇਮ ਕੀਤੇ। ਬਨਾਰਸ ਵਿਚ ਸ੍ਰੀ ਰਾਸ ਬਿਹਾਰੀ ਬੋਸ ਦੇ ਲੁਕਵੇਂ ਅੱਡੇ ਦਾ ਪਤਾ ਕਰ ਕੇ ਉਹਨਾਂ ਨਾਲ ਵੀ ਸੰਪਰਕ ਕਾਇਮ ਕੀਤਾ।

ਕਰਤਾਰ ਸਿੰਘ ਸਰਾਭਾ ਤੇ ਭਾਈ ਨਿਧਾਨ ਸਿੰਘ ਚੁਘ ਨੇ ਇਸਲਾਮੀਆ ਹਾਈ ਸਕੂਲ ਲੁਧਿਆਣੇ ਦੇ ਵਿਦਿਆਰਥੀਆਂ ਵਿਚ ਵੀ ਬੜਾ ਕੰਮ ਕੀਤਾ। ਉਥੋਂ ਬਹੁਤ ਸਾਰੇ ਵਿਦਿਆਰਥੀ ਪਾਰਟੀ ਦੇ ਕੰਮ ਵਿਚ ਆਏ, ਜੋ ਪਾਰਟੀ ਦੀਆਂ ਲਿਖਤਾਂ ਛਾਪਣ, ਵੰਡਣ ਵਾਲੀਆਂ ਥਾਂਵਾਂ ਤੇ ਪਹੁੰਚਾਣ ਤੇ ਸੁਨੇਹੇ ਪਤੇ ਲੈ ਜਾਣ ਵਿਚ ਪਾਰਟੀ ਨੂੰ ਬੜਾ ਕੰਮ ਦਿੰਦੇ ਰਹੇ। ਫਿਰ ਸ: ਕਰਤਾਰ ਸਿੰਘ ਸਰਾਭਾ ਨੇ ਛਾਉਣੀਆਂ ਵਿਚ ਕੰਮ ਕੀਤਾ। ਇਕ ਵਿਦਿਆਰਥੀ ਨੂੰ ਨਾਲ ਲੈ ਕੇ ਕਰਤਾਰ ਸਿੰਘ ਸਰਾਭੇ ਨੇ ਅੰਬਾਲਾ, ਮੇਰਠ, ਕਾਨ੍ਹਪੁਰ, ਆਗਰਾ, ਅਲਾਹਾਬਾਦ, ਦੀਨਾਪੁਰ, ਬਨਾਰਸ ਤੇ ਲਖਨਊ ਆਦਿ ਥਾਂਵਾਂ ਤੇ ਫ਼ੌਜ ਨਾਲ ਸੰਬੰਧ ਬਣਾਏ ਤੇ ਉਨ੍ਹਾਂ ਅੰਦਰ ਆਜ਼ਾਦੀ ਲਈ ਉਤਸ਼ਾਹ ਤੇ ਜੋਸ਼ ਪੈਦਾ ਕੀਤਾ। ਫਿਰ ਲਾਲਾ ਰਾਮ ਸਰਨ ਦਾਸ ਕਪੂਰਥਲੇ ਨਾਲ ਮਿਲ ਕੇ ਪ੍ਰੈੱਸ ਚਾਲੂ ਕਰਨ ਦਾ ਯਤਨ ਕੀਤਾ ਪਰ ਸਫ਼ਲਤਾ ਨਾ ਹੋਈ।

ਪਹਿਲਾਂ ਲੁਧਿਆਣੇ ਤੇ ਫਿਰ ਲਾਹੌਰ ਤੋਂ ਭੜਥੂ ਪ੍ਰੈੱਸ (ਸਾਈਕਲੋਸਟਾਈਲ) ਉਤੇ 'ਗ਼ਦਰ ਦੀ ਗੂੰਜ' ਦੀਆਂ ਜੰਗੀ ਰੋਹ ਚੜ੍ਹਾਉਣ ਵਾਲੀਆਂ ਕਵਿਤਾਵਾਂ ਛਾਪੀਆਂ ਗਈਆਂ। 5 ਅਗਸਤ 1914 ਨੂੰ ਅਮਰੀਕਾ ਵਿਚ ਗ਼ਦਰ ਪਾਰਟੀ ਵਲੋਂ ਕੀਤਾ ਐਲਾਨਿ-ਜੰਗ ਹਜ਼ਾਰਾਂ ਦੀ ਗਿਣਤੀ ਵਿਚ ਛਪ ਕੇ ਫ਼ੌਜਾਂ, ਪਿੰਡਾਂ ਤੇ ਸ਼ਹਿਰਾਂ ਵਿਚ ਵੰਡਿਆ ਗਿਆ। ਇਹ ਕੰਮ ਕਰਤਾਰ ਸਿੰਘ ਸਰਾਭਾ ਦੀ ਨਿਗਰਾਨੀ ਹੇਠ ਹੁੰਦਾ ਰਿਹਾ ਤੇ ਲੁਧਿਆਣੇ ਦੇ ਵਿਦਿਆਰਥੀਆਂ ਨੇ ਇਸ ਵਿਚ ਬੜਾ ਕੰਮ ਕੀਤਾ।

ਲੋਕਾਂ ਨੂੰ ਜਦ ਦੇਸ਼ ਵਿਚ ਇਨਕਲਾਬ ਲਈ ਤਿਆਰ ਕਰ ਲਿਆ ਗਿਆ ਤਾਂ ਫ਼ੌਜੀ ਕਾਰਵਾਈ ਲਈ ਹਥਿਆਰ ਇਕੱਠੇ ਕਰਨੇ ਤੇ ਮਾਇਆ ਦਾ ਪ੍ਰਬੰਧ ਕਰਨਾ ਰਹਿ ਗਿਆ ਸੀ। ਰਕਮ ਇਕੱਠੀ ਕਰਨ ਲਈ ਡਾਕੇ ਮਾਰਨ ਦੀ ਵਿਉਂਤ ਤਿਆਰ ਕੀਤੀ ਗਈ। ਇਹ ਡਾਕੇ ਉਹਨਾਂ ਸਰਮਾਏਦਾਰਾਂ ਦੇ ਘਰ ਮਾਰੇ ਜਾਣੇ ਸਨ, ਜੋ ਅੰਗਰੇਜ਼ ਦੇ ਝੋਲੀਚੁਕ ਤੇ ਦੇਸ਼ ਦੇ ਗ਼ੱਦਾਰ ਸਨ। ਡਾਕਟਰ ਮਥਰਾ ਸਿੰਘ ਕੋਹਲੀ ਨੂੰ ਬੰਬ ਬਣਾਉਣ ਦਾ ਇਨਚਾਰਜ ਨਿਯਤ ਕੀਤਾ ਗਿਆ। ਇਸ ਤਰ੍ਹਾਂ ਹੋਰ ਹਥਿਆਰ ਲੈਣ ਲਈ ਥਾਣੇ ਲੁਟਣ ਤੇ ਮੇਗਜ਼ੀਨਾਂ ਤੇ ਕਬਜ਼ਾ ਕਰਨ ਦੀ ਵਿਉਂਤ ਬਣਾਈ

ਗਈ। ਇਹ ਬੰਬ ਪਹਿਲਾਂ ਪਿੰਡ ਝਬੇਵਾਲ ਤੇ ਫਿਰ ਨਾਭੇ ਦੀ ਰਿਆਸਤ ਦੇ ਇਕ ਪਿੰਡ ਵਿਚ ਬਣਦੇ ਰਹੇ।

ਬੰਗਾਲ ਦੇ ਇਨਕਲਾਬੀਆਂ ਨਾਲ ਤਾਲ ਮੇਲ ਪੈਦਾ ਹੋ ਚੁਕਿਆ ਸੀ। ਸਚਿੰਦਰ ਨਾਥ ਸਾਨਿਆਲ ਨੂੰ ਸ੍ਰੀ ਰਾਸ ਬਿਹਾਰੀ ਨੇ ਪੰਜਾਬ ਦੇ ਹਾਲਾਤ ਦਾ ਜਾਇਜ਼ਾ ਲੈਣ ਲਈ ਭੇਜਿਆ। ਉਹਨੇ ਆ ਕੇ ਸਾਰੇ ਹਾਲਾਤ ਵੇਖੇ ਤੇ ਦਸਿਆ ਕਿ ਅਜੇ ਤਕ ਪੰਜਾਬ ਦੇ ਇਨਕਲਾਬੀਆਂ ਨੇ ਆਪਣਾ ਹੈੱਡਕੁਆਟਰ ਕਾਇਮ ਨਹੀਂ ਕੀਤਾ। ਇਹ ਗੁਪਤ ਹੈੱਡਕੁਆਟਰ ਛੇਤੀ ਬਣਨਾ ਚਾਹੀਦਾ ਹੈ। ਅੰਮ੍ਰਿਤਸਰ ਵਿਚ ਦੋ ਗੁਪਤ ਟਿਕਾਣੇ ਹੈੱਡਕੁਆਟਰ ਬਣਾ ਲਏ ਗਏ। ਇਹ ਕੰਮ ਸ: ਕਰਤਾਰ ਸਿੰਘ ਸਰਾਭਾ ਨੇ ਤੁਰਤ ਕੀਤਾ।

25 ਜਨਵਰੀ 1915 ਈਸਵੀ ਨੂੰ ਸ੍ਰੀ ਰਾਸ ਬਿਹਾਰੀ ਬੋਸ ਇਸ ਲਹਿਰ ਦੀ ਅਗਵਾਈ ਲਈ ਬਨਾਰਸ ਤੋਂ ਅੰਮ੍ਰਿਤਸਰ ਆ ਗਏ। ਉਹਨਾਂ ਦੇ ਨਾਲ ਸ੍ਰੀ ਪਿੰਗਲੇ ਤੇ ਸ੍ਰੀ ਸਾਨਿਆਲ ਵੀ ਸੀ। ਉਹ ਪਾਰਟੀ ਦਾ ਮੁਖ ਦਫ਼ਤਰ ਅੰਮ੍ਰਿਤਸਰ ਦੀ ਥਾਂ ਲਾਹੌਰ ਲੈ ਗਏ।

12 ਫ਼ਰਵਰੀ 1915 ਈਸਵੀ ਨੂੰ ਫ਼ੈਸਲਾ ਕੀਤਾ ਗਿਆ ਕਿ 21 ਫ਼ਰਵਰੀ ਨੂੰ ਗ਼ਦਰ ਮਚਾ ਦਿਤਾ ਜਾਏ। ਵਿਉਂਤ ਇਹ ਬਣਾਈ ਗਈ ਕਿ 21 ਫ਼ਰਵਰੀ ਰਾਤ ਨੂੰ ਮੀਆਂ ਮੀਰ ਤੇ ਫ਼ੀਰੋਜ਼ਪੁਰ ਦੀਆਂ ਛਾਉਣੀਆਂ ਤੇ ਕਬਜ਼ਾ ਕਰ ਲਿਆ ਜਾਏ। ਉਧਰ ਮੇਰਠ ਛਾਉਣੀ ਵਿਚ ਬਗ਼ਾਵਤ ਕਰਾ ਦਿਤੀ ਜਾਏ ਤੇ ਉਥੋਂ ਦੀ ਫ਼ੌਜ ਨੂੰ ਨਾਲ ਲੈ ਕੇ ਦਿੱਲੀ ਤੇ ਕਬਜ਼ਾ ਕਰ ਲਿਆ ਜਾਏ।

ਇਹ ਦਿਨ ਮਿਥ ਕੇ ਸ: ਕਰਤਾਰ ਸਿੰਘ ਸਰਾਭਾ, ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਨਾਲ ਲੈ ਕੇ ਅੰਬਾਲਾ, ਮੇਰਠ, ਲਖਨਊ, ਅਲਾਹਾਬਾਦ, ਬਨਾਰਸ, ਦੀਨਾਪੁਰ ਤੇ ਫ਼ੈਜ਼ਾਬਾਦ ਗਏ। ਇਸ ਸਮੇਂ ਆਜ਼ਾਦ ਭਾਰਤ ਲਈ ਇਕ ਝੰਡਾ ਨਿਸਚਿਤ ਕੀਤਾ ਗਿਆ ਜੋ ਸਰਾਭਾ ਜੀ ਨੇ ਸਭ ਥਾਂਵਾਂ ਤੇ ਵੰਡਿਆ। ਇਸ ਤਰੰਗੇ ਝੰਡੇ ਵਿਚ ਤਿੰਨ ਰੰਗ ਲਾਲ, ਪੀਲਾ ਤੇ ਸਾਵਾ ਸਨ। ਉਪਰ ਦੋ ਕ੍ਰਿਪਾਨਾਂ ਦੇ ਨਿਸ਼ਾਨ ਸਨ। ਇਉਂ ਸਾਰਾ ਕੁਝ ਕੀਤਾ ਗਿਆ ਕਿ ਪੰਜਾਬ ਵਿਚ ਬਲਿਆ ਇਨਕਲਾਬ ਦਾ ਇਹ ਭਾਂਬੜ ਪਿਸ਼ਾਵਰ ਤੋਂ ਲੈ ਕੇ ਹਾਂਗਕਾਂਗ ਤਕ ਬਲ ਉਠੇ।

ਇਕ ਰਾਤ ਨੂੰ ਚੱਬੇ ਪਿੰਡ ਵਿਚ ਡਾਕਾ ਮਾਰਿਆ ਗਿਆ ਤੇ ਸਾਰਾ ਕੰਮ ਵਿਗੜ ਗਿਆ। ਸਰਕਾਰ ਨੂੰ ਪਤਾ ਲਗ ਗਿਆ ਕਿ ਇਹ ਡਾਕੇ ਬਾਹਰੋਂ ਆਏ ਗ਼ਦਰੀ ਮਾਰ ਰਹੇ ਹਨ। ਡਾਕੇ ਵਿਚ ਫੜੇ ਕਾਲਾ ਸਿੰਘ ਲੁਹਾਰ ਨੇ ਸਾਰਾ ਕੁਝ ਦੱਸ ਦਿਤਾ ਤੇ ਪੁਲਸ ਨੂੰ ਗ਼ਦਰੀਆਂ ਦੇ ਅੰਮ੍ਰਿਤਸਰ ਕੇਂਦਰ ਦਾ ਵੀ ਇਸ ਤੋਂ ਪਤਾ ਲੱਗ ਗਿਆ।

ਪੁਲਸ ਨੇ ਆਪਣਾ ਖ਼ਾਸ ਜਾਸੂਸ ਕਿਰਪਾਲ ਸਿੰਘ ਗ਼ਦਰੀਆਂ ਵਿਚ ਰਲਾ ਦਿਤਾ ਤੇ ਉਹ ਪਾਰਟੀ ਦਾ ਵਰਕਰ ਬਣ ਕੇ ਕੰਮ ਕਰਨ ਲਗ ਪਿਆ। ਇਹਨੂੰ 14 ਫ਼ਰਵਰੀ ਨੂੰ ਜਾ ਕੇ ਪਤਾ ਲਗਾ ਕਿ 21 ਫ਼ਰਵਰੀ ਨੂੰ ਗ਼ਦਰ ਮਚਾਇਆ ਜਾਣਾ ਹੈ। ਉਸ ਨੇ ਅੰਮ੍ਰਿਤਸਰ ਦੀ ਪੁਲਸ ਨੂੰ ਇਤਲਾਹ ਦਿਤੀ ਕਿ ਮੋਚੀ ਦਰਵਾਜ਼ੇ ਲਾਹੌਰ ਦੇ ਨਾਲ ਇਕ ਮਕਾਨ ਵਿਚ ਇਸ ਸਮੇਂ ਕਰਤਾਰ ਸਿੰਘ ਸਰਾਭਾ ਤੇ ਸਾਰੇ ਹੋਰ ਲੀਡਰ

ਬੈਠੇ ਮੀਟਿੰਗ ਕਰ ਰਹੇ ਹਨ, ਉਹਨਾਂ ਨੂੰ ਫੜਿਆ ਜਾ ਸਕਦਾ ਹੈ। ਉਹ 21 ਫ਼ਰਵਰੀ ਨੂੰ ਗ਼ਦਰ ਮਚਾਣ ਲਈ ਪ੍ਰੋਗਰਾਮ ਤਿਆਰ ਕਰ ਰਹੇ ਹਨ। ਪੁਲਸ ਝਟਪਟ ਆ ਗਈ, ਪਰ ਸਾਰੇ ਲੀਡਰ ਜਾ ਚੁਕੇ ਸਨ। ਇਸ ਲਈ ਪੁਲਸ ਨੇ ਛਾਪਾ ਨਾ ਮਾਰਿਆ। 19 ਫ਼ਰਵਰੀ ਨੂੰ ਇਕ ਮਕਾਨ ਵਿਚੋਂ ਕਿਰਪਾਲ ਸਿੰਘ ਨੇ ਬਹੁਤ ਸਾਰੇ ਗ਼ਦਰੀ ਗ੍ਰਿਫ਼ਤਾਰ ਕਰਵਾ ਦਿੱਤੇ। ਇਹਨਾਂ ਗ੍ਰਿਫ਼ਤਾਰ ਹੋਣ ਵਾਲਿਆਂ ਵਿਚ ਭਾਈ ਪਰਮਾਨੰਦ ਝਾਂਸੀ ਵੀ ਸ਼ਾਮਲ ਸੀ।

ਉਧਰ 19 ਫ਼ਰਵਰੀ ਦੀ ਰਾਤ ਨੂੰ ਸ: ਕਰਤਾਰ ਸਿੰਘ ਸਰਾਭਾ ਬਹੁਤ ਸਾਰੇ ਬੰਦੇ ਨਾਲ ਲੈ ਕੇ ਫ਼ੀਰੋਜ਼ਪੁਰ ਗੱਡੀ ਤੋਂ ਉਤਰਿਆ। ਸਾਰਾ ਜਥਾ ਚਾਂਦ-ਮਾਰੀ ਵਲ ਚਲ ਪਿਆ। ਇਹਨਾਂ ਪਾਸ ਹਾਰਮੋਨੀਅਮ ਸੀ। ਰਾਹ ਵਿਚ ਉਹ ਪਹਿਰੇ ਦੀ ਇਕ ਗਸ਼ਤੀ ਗਾਰਦ ਨੂੰ ਮਿਲੇ ਜੋ ਉਚੇਚੀ ਗ਼ਦਰੀਆਂ ਨੂੰ ਫੜਨ ਲਈ ਫਿਰ ਰਹੀ ਸੀ। ਫ਼ੌਜ ਨੇ ਪੁਛਿਆ ਤਾਂ ਦਸਿਆ ਗਿਆ ਕਿ ਇਹ ਤਾਂ ਰਾਗੀ ਜਥਾ ਹੈ ਜੋ ਕਿਸੇ ਵਿਆਹ ਤੇ ਕੀਰਤਨ ਕਰਨ ਲਈ ਜਾ ਰਿਹਾ ਹੈ।

ਜਥਾ ਇਕ ਥਾਂ ਤੇ ਛੱਡ ਕੇ ਕਰਤਾਰ ਸਿੰਘ ਸਰਾਭਾ, ਭਾਈ ਅਰਜਨ ਸਿੰਘ ਖੁਖਰਾਣਾ ਤੇ ਹਰਨਾਮ ਸਿੰਘ ਸਿਆਲਕੋਟੀ ਪਤਾ ਕਰਨ ਲਈ ਛਾਉਣੀ ਗਏ ਕਿ ਫ਼ੌਜ ਹੁਣ ਤਿਆਰ ਏ ਕਿ ਨਹੀਂ। ਉਹਨਾਂ ਨੂੰ ਪਤਾ ਲਗਾ ਕਿ ਸਰਕਾਰ ਨੂੰ ਇਸ ਵਿਉਂਤ ਦੀ ਖ਼ਬਰ ਮਿਲ ਗਈ ਏ, ਜਿਸ ਕਰਕੇ ਸਭ ਦੇਸੀ ਫ਼ੌਜਾਂ ਤੋਂ ਹਥਿਆਰ ਲੈ ਲਏ ਗਏ ਹਨ ਤੇ ਉਹਨਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ।

ਇਸ ਤਰ੍ਹਾਂ 19 ਫ਼ਰਵਰੀ ਨੂੰ ਫ਼ੀਰੋਜ਼ਪੁਰ ਤੋਂ ਨਾ-ਕਾਮਯਾਬ ਹੋ ਕੇ ਸ: ਕਰਤਾਰ ਸਿੰਘ ਸਰਾਭਾ 20 ਫ਼ਰਵਰੀ ਨੂੰ ਲਾਹੌਰ ਸ੍ਰੀ ਰਾਸ ਬਿਹਾਰੀ ਬੋਸ ਦੀ ਰਿਹਾਇਸ਼ ਵਾਲੀ ਥਾਂ ਪੁਜੇ। ਫ਼ੈਸਲਾ ਹੋਇਆ ਕਿ ਰਾਸ ਬਿਹਾਰੀ ਬੋਸ ਨੂੰ ਲਾਹੌਰ ਤੋਂ ਬਾਹਰ ਕਢ ਕੇ ਯੂ. ਪੀ. ਭੇਜ ਦਿਤਾ ਜਾਏ। ਇਹ ਕੰਮ ਵੀ ਸ: ਕਰਤਾਰ ਸਿੰਘ ਸਰਾਭੇ ਨੂੰ ਸੌਂਪਿਆ ਗਿਆ। 20 ਦੀ ਰਾਤ ਨੂੰ ਸ: ਕਰਤਾਰ ਸਿੰਘ ਸਰਾਭਾ, ਸ੍ਰੀ ਰਾਸ ਬਿਹਾਰੀ ਬੋਸ ਨੂੰ ਪੰਜਾਬੀ ਪੁਸ਼ਾਕ ਪੁਆ ਕੇ ਲਾਹੌਰ ਸਟੇਸ਼ਨ ਤੋਂ ਬਨਾਰਸ ਦੀ ਗੱਡੀ ਚਾੜ੍ਹ ਆਇਆ।

ਆਪ ਕਰਤਾਰ ਸਿੰਘ ਸਰਾਭਾ ਹੋਰ ਮਕਾਨ ਵਿਚ ਜਾ ਸੁੱਤਾ। ਉਥੇ ਹੀ ਹੋਰ ਵੀ ਕਈ ਗ਼ਦਰੀ ਪਹੁੰਚ ਗਏ ਤੇ ਫ਼ੈਸਲਾ ਕੀਤਾ ਗਿਆ ਕਿ ਇਹ ਯਤਨ ਫ਼ੇਲ੍ਹ ਹੋ ਗਿਆ ਹੈ ਤੇ ਪੰਜਾਬ ਭਰ ਵਿਚ ਪੁਲਸ ਨੇ ਬਹੁਤ ਸਾਰੇ ਵਰਕਰ ਫੜ ਲਏ ਹਨ, ਇਸ ਲਈ ਬਾਹਰ ਨਿਕਲ ਚਲੀਏ। ਫ਼ੈਸਲਾ ਕੀਤਾ ਗਿਆ ਕਿ ਸੂਬਾ ਸਰਹੱਦ ਦੇ ਆਜ਼ਾਦ ਇਲਾਕੇ ਵਿਚ ਨਿਕਲ ਚਲੀਏ। ਫਿਰ ਜਦੋਂ ਸ਼ਾਂਤੀ ਹੋ ਜਾਏਗੀ ਤਾਂ ਆ ਕੇ ਕੰਮ ਸ਼ੁਰੂ ਕਰ ਦਿਆਂਗੇ। ਰਾਤ ਨੂੰ ਗੱਡੀ ਚੜ੍ਹ ਕੇ ਸ: ਕਰਤਾਰ ਸਿੰਘ ਸਰਾਭਾ ਤੇ ਦੋ ਸਾਥੀ ਲਾਇਲਪੁਰ ਚਲੇ ਗਏ। ਉਥੋਂ ਕੁਝ ਪੈਸੇ ਲੈ ਕੇ ਸੂਬਾ ਸਰਹੱਦ ਵਿਚ ਚਲੇ ਗਏ ਤੇ ਅਫ਼ਗਾਨਿਸਤਾਨ ਦੀ ਸਰਹੱਦ ਨੇੜੇ ਮਿਚਨੀ ਜਾ ਡੇਰੇ ਲਾਏ।

ਅਜੇ ਇਹ ਮਿਚਨੀ ਪਹੁੰਚੇ ਸਨ ਕਿ ਅਖ਼ਬਾਰਾਂ ਵਿਚ ਪੜ੍ਹ ਲਿਆ ਕਿ ਅਫ਼ਗਾਨਿਸਤਾਨ ਦੀ ਸਰਕਾਰ ਨੇ ਅੰਗਰੇਜ਼ਾਂ ਦੇ ਕਹਿਣ ਤੇ ਲਾਹੌਰ ਤੋਂ ਨੱਸ ਕੇ ਗਏ ਕੁਝ ਮੁਸਲਮਾਨ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤਾਂ ਉਹਨਾਂ ਨੇ ਅੱਗੇ ਜਾਣ ਦਾ ਪ੍ਰੋਗਰਾਮ ਛੱਡ ਦਿੱਤਾ। ਤਿੰਨਾਂ ਨੇ ਬੈਠ ਕੇ ਸਲਾਹ ਕੀਤੀ ਕਿ

ਅਸੀਂ ਅਮਰੀਕਾ ਤੋਂ ਇਸ ਲਈ ਆਏ ਸਾਂ ਕਿ ਦੇਸ਼ ਵਿਚ ਇਨਕਲਾਬ ਲਿਆਉਣਾ ਹੈ ਪਰ ਹੁਣ ਬਾਹਰ ਜਾਣ ਦਾ ਕੀ ਲਾਭ ? ਕਿਉਂ ਨਾ ਪਿਛੇ ਪਰਤ ਚਲੀਏ। ਅਜੇ ਬਹੁਤ ਸਾਰੇ ਬੰਦੇ ਅਜੇਹੇ ਹਨ ਜੋ ਗ੍ਰਿਫ਼ਤਾਰ ਨਹੀਂ ਹੋਏ, ਉਹਨਾਂ ਨੂੰ ਇਕੱਠੇ ਕਰ ਕੇ ਨਵੇਂ ਸਿਰਿਓਂ ਵਿਉਂਤ ਬਣਾ ਕੇ ਕਿਉਂ ਨਾ ਉਪਰਾਲਾ ਕੀਤਾ ਜਾਏ ?

ਮਿਚਨੀ ਤੋਂ ਹੀ ਸ: ਕਰਤਾਰ ਸਿੰਘ ਸਰਾਭਾ ਵਾਪਸ ਪਰਤ ਪਏ। ਇਥੋਂ ਸਿੱਧੇ ਸਰਗੋਧੇ ਦੀ ਬਾਰ ਦੇ ਚੱਕ ਨੰਬਰ ਪੰਜ ਵਿਚ ਪਹੁੰਚ ਗਏ। ਇਥੇ ਉਹਨਾਂ ਨੇ ਕਿਸੇ ਤੋਂ ਬੰਦੂਕਾਂ ਲੈਣ ਦੀ ਗੱਲ ਪਹਿਲਾਂ ਕੀਤੀ ਸੀ, ਇਸ ਲਈ ਇਸ ਆਸ ਤੇ ਆਏ ਕਿ ਬੰਦੂਕਾਂ ਮਿਲ ਜਾਣਗੀਆਂ। ਬੰਦੂਕਾਂ ਫ਼ੌਜ ਦੇ ਕਿਸੇ ਆਦਮੀ ਨੇ ਦੇਣੀਆਂ ਸਨ। ਇਥੇ ਫ਼ੌਜ ਦਾ ਰਸਾਲਦਾਰ ਗੰਡਾ ਸਿੰਘ ਸੀ। ਉਸ ਨੂੰ ਸਾਰੀ ਗੱਲ ਦਾ ਪਤਾ ਲਗ ਗਿਆ ਤੇ ਉਸ ਨੇ ਪੁਲਸ ਨੂੰ ਇਤਲਾਹ ਦੇ ਕੇ ਸੱਦ ਲਿਆ ਤੇ ਇਕ ਮਕਾਨ ਵਿਚ ਬੈਠੇ ਸ: ਕਰਤਾਰ ਸਿੰਘ ਸਰਾਭਾ, ਸ: ਹਰਨਾਮ ਸਿੰਘ ਟੁੰਡੀਲਾਟ ਤੇ ਸ: ਜਗਤ ਸਿੰਘ ਗ੍ਰਿਫ਼ਤਾਰ ਕਰ ਲਏ ਗਏ।

ਇਸ ਸਮੇਂ ਅੰਗਰੇਜ਼ ਸਰਕਾਰ ਨੇ ਓਡਵਾਇਰ ਦੇ ਕਹਿਣ ਅਤੇ ਜ਼ੋਰ ਦੇਣ ਤੇ 'ਹਿੰਦੁਸਤਾਨ ਦੀ ਰਖਸ਼ਾ' ਦਾ ਕਾਨੂੰਨ ਪਾਸ ਕੀਤਾ, ਜਿਸ ਅਧੀਨ ਦੇਸ਼ ਭਗਤਾਂ ਨੂੰ ਵੱਧ ਤੋਂ ਵੱਧ ਸਜ਼ਾ ਦਿਤੀ ਜਾ ਸਕਦੀ ਸੀ। ਲਾਹੌਰ ਵਿਚ ਇਕ ਸਪੈਸ਼ਲ ਟਰੀਬਿਊਨਲ ਨਿਯਤ ਕੀਤਾ ਗਿਆ, ਜਿਸ ਦੇ ਤਿੰਨ ਜੱਜ ਸਨ। ਦੋ ਅੰਗਰੇਜ਼ ਮਿ: ਇਰਵਿਨ ਤੇ ਮਿ: ਐਲਿਸ ਤੇ ਤੀਜਾ ਹਿੰਦੁਸਤਾਨੀ ਸ਼ਿਵ ਨਰਾਇਣ ਸੀ। ਟਰੀਬਿਊਨਲ ਗ਼ਦਰੀਆਂ ਦੇ ਮੁਕੱਦਮੇ ਲਾਹੌਰ ਸੈਂਟਰਲ ਜੇਲ੍ਹ ਵਿਚ ਹੀ ਸੁਣਦਾ ਸੀ।

ਅਖ਼ਬਾਰਾਂ ਵਾਲਿਆਂ ਨੂੰ ਕਾਰਵਾਈ ਨੋਟ ਕਰਨ ਦੀ ਆਗਿਆ ਨਹੀਂ ਸੀ। ਪੁਲਸ ਹੀ ਇਕ ਕਹਾਣੀ ਜਿਹੀ ਬਣਾ ਕੇ ਪ੍ਰੈੱਸ ਨੂੰ ਖ਼ਬਰ ਦੇ ਦਿੰਦੀ। 81 ਆਦਮੀਆਂ ਦੇ ਕੇਸ ਇਸ ਅਦਾਲਤ ਸਾਹਮਣੇ ਪੇਸ਼ ਕੀਤੇ ਗਏ। ਸੰਖੇਪ ਜਿਹੀ ਕਾਰਵਾਈ ਵਿਚ ਪੁਲਸ ਨੇ ਜਿਹੜੇ ਗਵਾਹ ਪੇਸ਼ ਕੀਤੇ, ਉਹਨਾਂ ਦੇ ਬਿਆਨਾਂ ਨੂੰ ਠੀਕ ਮੰਨ ਕੇ ਅਦਾਲਤ ਸਜ਼ਾਵਾਂ ਦਿੰਦੀ ਗਈ।

ਭਾਈ ਕਰਤਾਰ ਸਿੰਘ ਸਰਾਭਾ ਨੂੰ ਇਸ ਸਮੇਂ ਕਿਹਾ ਗਿਆ ਕਿ ਉਹ ਅਜੇ ਬੱਚਾ ਹੈ ਤੇ ਇਕਬਾਲ ਨਾ ਕਰੇ ਤਾਂ ਉਸ ਨੂੰ ਛੱਡ ਦਿੱਤਾ ਜਾਵੇਗਾ। ਸ: ਕਰਤਾਰ ਸਿੰਘ ਸਰਾਭਾ ਨੇ ਜੱਜ ਨੂੰ ਉੱਤਰ ਦਿੱਤਾ ਕਿ ਮੈਂ ਇਸ ਦੁਸ਼ਟ ਬਿਗਾਨੀ ਹਕੂਮਤ ਨੂੰ ਉਲਟਾਉਣ ਲਈ ਕੀਤੇ ਹੋਏ ਕਾਰਨਾਮੇ ਲੁਕਾ ਕੇ ਆਪਣੀ ਚੰਮੜੀ ਨਹੀਂ ਬਚਾਉਣੀ ਚਾਹੁੰਦਾ। ਜੱਜਾਂ ਨੇ ਉਸ ਨੂੰ ਸੋਚਣ ਦਾ ਮੌਕਾ ਦੇਣ ਲਈ ਫ਼ੈਸਲਾ ਸੁਣਾਨਾ ਇਕ ਦਿਨ ਪਿਛੇ ਪਾ ਦਿਤਾ।

ਦੂਜੇ ਦਿਨ ਕਰਤਾਰ ਸਿੰਘ ਸਰਾਭਾ ਨੇ ਇਕ ਬਿਆਨ ਵਿਚ ਕਿਹਾ, 'ਮੈਂ ਰਾਸ ਬਿਹਾਰੀ ਬੋਸ: ਨੂੰ ਮਿਲਿਆ ਸਾਂ ਤੇ ਅਸਾਂ ਰਲ ਕੇ ਬਗ਼ਾਵਤ ਦੀ ਸਕੀਮ ਬਣਾਈ ਸੀ। ਮੇਰਾ ਸੰਬੰਧ ਗ਼ਦਰ ਪਾਰਟੀ ਨਾਲ ਹੈ ਤੇ ਅਸਾਂ ਰਲ ਕੇ ਬਗ਼ਾਵਤ ਦੀ ਸਕੀਮ ਬਣਾਈ। ਮੈਂ ਕਈ ਡਾਕਿਆਂ ਵਿਚ ਸ਼ਾਮਲ ਹੁੰਦਾ ਰਿਹਾ ਹਾਂ। ਮੈਨੂੰ ਪਤਾ ਹੈ ਕਿ ਮੈਨੂੰ ਫਾਂਸੀ ਜਾਂ ਉਮਰ ਕੈਦ ਦੀ ਸਜ਼ਾ ਮਿਲੇਗੀ। ਮੈਂ ਚਾਹੁੰਦਾ ਹਾਂ ਕਿ ਮੈਨੂੰ ਫਾਂਸੀ

ਲਾਇਆ ਜਾਏ ਤਾਂ ਕਿ ਮੈਂ ਫਿਰ ਜਨਮ ਲੈ ਕੇ ਗੋਰਿਆਂ ਦੀ ਗ਼ੁਲਾਮੀ ਤੋਂ ਛੁਟਕਾਰਾ ਦਵਾਣ ਲਈ ਉਪਰਾਲਾ ਕਰ ਸਕਾਂ। ਜੇ ਮੈਨੂੰ ਅਗਲਾ ਜਨਮ ਇਸਤਰੀ ਦਾ ਮਿਲਿਆ ਤਾਂ ਮੈਂ ਸ਼ੇਰਾਂ ਵਰਗੇ ਪੁੱਤਰਾਂ ਨੂੰ ਜਨਮ ਦੇ ਕੇ ਅੰਗਰੇਜ਼ ਦੀ ਹਕੂਮਤ ਦੀਆਂ ਧੱਜੀਆਂ ਉਡਾਣ ਲਈ ਲਾ ਦਿਆਂਗਾ।'

ਕਿਹਾ ਜਾਂਦਾ ਹੈ ਕਿ ਗ਼ਦਰੀਆਂ ਵਿਚ ਸਭ ਤੋਂ ਵੱਧ ਜੋਸ਼ ਨਾਲ ਬਿਆਨ ਦੇਣ ਵਾਲਾ ਕਰਤਾਰ ਸਿੰਘ ਸਰਾਭਾ ਹੀ ਸੀ।

ਟਰੀਬਿਊਨਲ ਨੇ ਇਸ ਮੁਕੱਦਮੇ ਦਾ ਫ਼ੈਸਲਾ ਸੁਣਾਂਦਿਆਂ ਲਿਖਿਆ ਸੀ ਕਿ ਕਰਤਾਰ ਸਿੰਘ ਸਰਾਭਾ ਨੇ ਕੋਈ ਸਫ਼ਾਈ ਪੇਸ਼ ਨਹੀਂ ਕੀਤੀ ਤੇ ਨਾ ਹੀ ਉਸ ਨੇ ਪੁਲਸ ਦੇ ਕਿਸੇ ਗਵਾਹ ਤੇ ਬਹਿਸ ਕੀਤੀ ਹੈ। ਜਿਹੜਾ ਵਕੀਲ ਸਰਾਭਾ ਲਈ ਪੇਸ਼ ਹੋਇਆ ਉਸ ਨੂੰ ਵੀ ਸਰਾਭਾ ਨੇ ਬਹਿਸ ਕਰਨ ਦੀ ਆਗਿਆ ਨਹੀਂ ਦਿਤੀ। ਇਸ ਤੋਂ ਸਿਧ ਹੁੰਦਾ ਹੈ ਕਿ ਸਰਕਾਰੀ ਗਵਾਹਾਂ ਦੇ ਬਿਆਨ ਠੀਕ ਹਨ। ਅਗੇ ਜਾ ਕੇ ਅਦਾਲਤ ਨੇ ਲਿਖਿਆ ਕਿ ਇਹ (ਕਰਤਾਰ ਸਿੰਘ ਸਰਾਭਾ) ਸਾਰੇ ਬਾਗ਼ੀਆਂ ਨਾਲੋਂ ਖ਼ਤਰਨਾਕ ਹੈ। ਇਹ ਆਪਣੇ ਕੀਤੇ ਕੰਮਾਂ ਤੇ ਬੜਾ ਫ਼ਖ਼ਰ ਕਰਦਾ ਹੈ ਇਸ ਲਈ ਇਸ ਤੇ ਤਰਸ ਨਹੀਂ ਕੀਤਾ ਜਾ ਸਕਦਾ। ਇਸ ਨੂੰ ਮੌਤ ਦੀ ਸਜ਼ਾ ਦਿਤੀ ਜਾਂਦੀ ਹੈ।

ਮੌਤ ਦੀ ਸਜ਼ਾ ਦਾ ਹੁਕਮ ਸੁਣ ਕੇ ਸ: ਕਰਤਾਰ ਸਿੰਘ ਸਰਾਭਾ ਦਾ ਚਿਹਰਾ ਇਕ ਦਮ ਖਿੜ ਗਿਆ। ਉਹਨੂੰ ਖ਼ੁਸ਼ੀ ਹੋਈ ਕਿ ਉਹ ਭਾਰਤ ਮਾਂ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਕਟਦਿਆਂ ਆਪਾ ਵਾਰ ਚਲਿਆ ਹੈ। ਉਹਨੂੰ ਇਸ ਗੱਲ ਦੀ ਵੀ ਖ਼ੁਸ਼ੀ ਸੀ ਕਿ ਉਹ ਕੁਰਬਾਨੀ ਕਰਨ ਵਾਲਿਆਂ ਵਿਚੋਂ ਸਭ ਤੋਂ ਛੋਟੀ ਉਮਰ ਦਾ ਸੀ ਤੇ ਉਹਨੇ ਆਪਣੇ ਜੀਵਨ ਦੇ ਸਾਲ ਐਵੇਂ ਨਹੀਂ ਗੁਆਏ, ਸਗੋਂ ਲੇਖੇ ਲਾਏ ਹਨ।

16 ਨਵੰਬਰ 1915 ਨੂੰ ਸ: ਕਰਤਾਰ ਸਿੰਘ ਸਰਾਭਾ ਨੂੰ ਲਾਹੌਰ ਦੀ ਜੇਲ੍ਹ ਵਿਚ ਫਾਂਸੀ ਤੇ ਲਟਕਾ ਕੇ ਸ਼ਹੀਦ ਕਰ ਦਿਤਾ ਗਿਆ। ਇਸੇ ਦਿਨ ਹੀ ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ, ਭਾਈ ਜਗਤ ਸਿੰਘ, ਭਾਈ ਹਰਨਾਮ ਸਿੰਘ ਸਿਆਲਕੋਟੀ, ਸ: ਬਖ਼ਸ਼ੀਸ਼ ਸਿੰਘ ਤੇ ਸ: ਸੁਰੈਣ ਸਿੰਘ ਨੂੰ ਵੀ ਫਾਂਸੀ ਦੀ ਸਜ਼ਾ ਦਿਤੀ ਗਈ। ਗ਼ਦਰ ਲਹਿਰ ਵਿਚ ਭਾਵੇਂ ਹੋਰ ਅਨੇਕਾਂ ਦੇਸ਼ ਭਗਤਾਂ ਨੂੰ ਮੌਤ ਦੀ ਸਜ਼ਾ ਮਿਲੀ ਪਰ ਸਰਾਭਾ ਜੀ ਦੀ ਕੁਰਬਾਨੀ ਨੂੰ ਦੇਸ਼ ਕਦੇ ਨਹੀਂ ਭੁਲ ਸਕੇਗਾ।

ਭਾਈ ਜਗਤ ਸਿੰਘ

ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਪ੍ਰਕਾਸ਼ਤ ਕੀਤੇ ਗਏ ਗ਼ਦਰ ਪਾਰਟੀ ਦੇ ਇਤਿਹਾਸ ਵਿਚ ਦਸਿਆ ਗਿਆ ਹੈ ਕਿ ਸੁਰ ਸਿੰਘ ਪਿੰਡ ਜ਼ਿਲ੍ਹਾ ਲਾਹੌਰ ਵੀ ਗ਼ਦਰੀਆਂ ਦਾ ਇਕ ਬਹੁਤ ਵੱਡਾ ਗੜ੍ਹ ਸੀ। ਦੋ ਵੱਡੇ ਲੀਡਰ ਭਾ: ਜਗਤ ਸਿੰਘ ਤੇ ਭਾ: ਪਰੇਮ ਸਿੰਘ ਇਸੇ ਪਿੰਡ ਦੇ ਸਨ। ਬਾਕੀ ਗ਼ਦਰੀਆਂ ਵਿਚੋਂ ਸ: ਬੁਢਾ ਸਿੰਘ, ਸ: ਗੰਡਾ ਸਿੰਘ, ਸ: ਹਰਨਾਮ ਸਿੰਘ, ਸ: ਕੇਸਰ ਸਿੰਘ, ਸ: ਮੰਗਲ ਸਿੰਘ, ਸ: ਸਾਧੂ ਸਿੰਘ, ਸ: ਗੁਰਦਿਤ ਸਿੰਘ, ਸ: ਜਵੰਦ ਸਿੰਘ, ਸ: ਕਾਲਾ ਸਿੰਘ ਤੇ ਸ: ਹਿੰਮਤ ਸਿੰਘ ਆਦਿ ਵੀ ਇਸੇ ਪਿੰਡ ਸੁਰ ਸਿੰਘ ਦੇ ਸਨ। ਇਨ੍ਹਾਂ ਦਾ ਆਪਣੇ ਨਾਲ ਦੇ ਪਿੰਡਾਂ ਵਿਚ ਦੂਰ ਦੂਰ ਅਸਰ ਸੀ। ਕੱਕੜਾਂ ਵਿਚ ਅੱਡਾ ਵੀ ਇਹਨਾਂ ਦੇ ਅਸਰ ਹੇਠ ਸੀ, ਗੱਲ ਕੀ ਇਸ ਸਾਰੇ ਵਿਸ਼ਾਲ ਇਲਾਕੇ ਵਿਚ ਇਹ ਪਿੰਡ ਉਸ ਸਮੇਂ ਇਨਕਲਾਬੀਆਂ ਦਾ ਬਹੁਤ ਵੱਡਾ ਅੱਡਾ ਬਣਿਆ ਹੋਇਆ ਸੀ।

ਭਾਈ ਜਗਤ ਸਿੰਘ ਸੁਰ ਸਿੰਘੀਆ ਵੀ ਉਨ੍ਹਾਂ ਪੰਜਾਬੀਆਂ ਵਿਚੋਂ ਸੀ, ਜਿਨ੍ਹਾਂ ਨੂੰ ਵੀਹਵੀਂ ਸਦੀ ਦੇ ਸ਼ੁਰੂ ਵਿਚ ਆਪਣੀ ਉਪਜੀਵਕਾ ਲਈ ਪਿਆਰੇ ਦੇਸ਼ ਨੂੰ ਛੱਡ ਕੇ ਬਾਹਰਲੇ ਦੇਸ਼ ਨੂੰ ਜਾਣਾ ਪਿਆ। ਬਾਹਰ ਜਾ ਕੇ ਦੁਨੀਆਂ ਦੀ ਆਜ਼ਾਦੀ ਦੇਖੀ, ਆਜ਼ਾਦੀ ਬਾਰੇ ਗੱਲਾਂ ਸੁਣੀਆਂ ਤੇ ਗ਼ੁਲਾਮ ਕੌਮਾਂ ਨਾਲ ਕੀਤੀ ਜਾਂਦੀ ਨਫ਼ਰਤ, ਵਿਤਕਰਾ ਤੇ ਵਰਤਾਉ ਦੇਖਿਆ ਤਾਂ ਆਪ ਦਾ ਦਿਲ ਵੀ ਭਾਰਤ ਨੂੰ ਆਜ਼ਾਦ ਕਰਾਉਣ ਲਈ ਉਤਾਵਲਾ ਹੋ ਗਿਆ, ਪਰ ਰਾਹ ਕੁਝ ਨਹੀਂ ਸੀ ਸੁਝਦਾ। ਸੋਚਦੇ ਸਨ ਕਿ ਕਦੋਂ ਦੇਸ਼ ਵਾਸੀ ਇਸ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਉਠਣਗੇ।

ਜਦੋਂ ਇਨ੍ਹਾਂ ਨੂੰ ਪਤਾ ਲੱਗਾ ਕਿ ਬਦੇਸ਼ਾਂ ਵਿਚ ਵਸਦੇ ਅਨੇਕਾਂ ਹੋਰ ਦੇਸ਼ ਵਾਸੀ ਆਜ਼ਾਦੀ ਲਈ ਕੁਝ ਕਰਨਾ ਚਾਹੁੰਦੇ ਹਨ ਤਾਂ ਭਾਈ ਜਗਤ ਸਿੰਘ ਸੁਰ ਸਿੰਘੀਆ ਵੀ ਗ਼ਦਰ ਪਾਰਟੀ ਨਾਲ ਜੁੜ ਗਏ। ਆਪ ਪਾਸ ਜਦੋਂ 'ਗ਼ਦਰ' ਅਖ਼ਬਾਰ ਆਉਣ ਲਗ ਪਿਆ ਤਾਂ ਉਸ ਨਾਲ ਹੋਰ ਵੀ ਵਧੇਰੇ ਦਿਲਚਸਪੀ ਜਾਗੀ ਤੇ ਉਤਸ਼ਾਹ ਵਧਿਆ। ਜਦੋਂ ਸਾਰਿਆਂ ਨੇ ਫ਼ੈਸਲਾ ਕੀਤਾ ਕਿ ਆਜ਼ਾਦੀ ਲਈ ਦੇਸ਼ ਵਿਚ ਚਲ ਕੇ ਅੰਦੋਲਨ ਕੀਤਾ ਜਾਏ ਤਾਂ ਭਾਈ ਜਗਤ ਸਿੰਘ ਨੇ ਵੀ ਆਪਣਾ ਕੰਮ ਕਾਜ ਛੱਡ ਦਿਤਾ। ਉਪਜੀਵਕਾ ਨਾਲੋਂ ਦੇਸ਼ ਪਿਆਰ ਦਾ ਜਜ਼ਬਾ ਪ੍ਰਬਲ ਹੋ ਗਿਆ ਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਦੂਜੇ ਗ਼ਦਰੀਆਂ ਨਾਲ ਰਲ ਕੇ ਵਹੀਰਾਂ ਪਾ ਦਿਤੀਆਂ।

ਅੰਗਰੇਜ਼ ਸਰਕਾਰ ਨੂੰ ਪਤਾ ਲਗ ਗਿਆ ਸੀ ਕਿ ਕੁਝ ਹਿੰਦੁਸਤਾਨੀ ਇਨਕਲਾਬ ਲਿਆਉਣ ਲਈ ਕੈਨੇਡਾ ਤੇ ਦੂਜੇ ਹੋਰ ਕਈ ਦੇਸ਼ਾਂ ਤੋਂ ਵਾਪਸ ਭਾਰਤ ਆ ਰਹੇ ਹਨ, ਇਸ ਲਈ ਬੰਦਰਗਾਹਾਂ ਤੇ ਨਿਗਰਾਨੀਆਂ ਤੇ ਗ੍ਰਿਫ਼ਤਾਰੀਆਂ ਹੋਣ

ਲਗ ਪਈਆਂ। ਬਾਹਰੋਂ ਆਏ ਭਾਰਤੀਆਂ ਨੂੰ ਫੜਨ ਲਈ ਅਨੇਕਾਂ ਪ੍ਰਬੰਧਾਂ ਦੇ ਬਾਵਜੂਦ ਅਨੇਕਾਂ ਵਰਕਰ ਨਾ ਫਸੇ ਤੇ ਕਈ ਫਸੇ ਹੋਏ ਵੀ ਨਿਕਲ ਗਏ। ਭਾਈ ਪਰਮਾਨੰਦ ਝਾਂਸੀ, ਪੰਡਤ ਜਗਤ ਰਾਮ, ਭਾਈ ਪ੍ਰਿਥਵੀ ਸਿੰਘ, ਭਾਈ ਪਰੇਮ ਸਿੰਘ, ਭਾਈ ਗੁਜਰ ਸਿੰਘ ਭਨਕਾ ਤੇ ਭਾਈ ਜਗਤ ਸਿੰਘ ਸੁਰ ਸਿੰਘੀਆ ਵੀ ਪੁਲਸ ਦੀ ਨਿਗਾਹ ਵਿਚ ਨਾ ਆਏ ਤੇ ਇਹ ਕਲਕੱਤੇ ਦੀ ਬੰਦਰਗਾਹ ਤੋਂ ਉਤਰ ਕੇ ਗੱਡੀ ਰਾਹੀਂ ਬਚ ਕੇ ਪੰਜਾਬ ਪਹੁੰਚ ਗਏ।

ਇਥੇ ਆ ਕੇ ਗ਼ਦਰੀਆਂ ਨੂੰ ਮੁੜ ਕੇ ਜਥੇਬੰਦ ਕਰਨ ਦਾ ਬਹੁਤ ਵੱਡਾ ਕੰਮ ਸੀ। ਸ: ਕਰਤਾਰ ਸਿੰਘ ਸਰਾਭਾ ਤੇ ਹੋਰ ਅਨੇਕਾਂ ਲੀਡਰ ਇਸ ਕੰਮ ਵਿਚ ਜੁਟ ਗਏ। ਭਾਈ ਜਗਤ ਸਿੰਘ ਸੁਰਸਿੰਘੀਆ ਨੇ ਇਸ ਸਮੇਂ ਬਹੁਤ ਕੰਮ ਕੀਤਾ। 'ਗ਼ਦਰ ਪਾਰਟੀ ਦੇ ਇਤਿਹਾਸ' ਅਨੁਸਾਰ ਪਾਰਟੀ ਨੂੰ ਆਉਂਦਿਆਂ ਹੀ ਪੰਜਾਬ ਵਿਚ ਇਕ ਸਾਕਾ ਕਰਨਾ ਪੈ ਗਿਆ। ਅਕਤੂਬਰ 1914 ਦੇ ਦੂਸਰੇ ਹਫ਼ਤੇ ਫ਼ੀਰੋਜ਼ਪੁਰ-ਲੁਧਿਆਣੇ ਰੇਲ ਦੀ ਲਾਈਨ ਦੇ ਇਕ ਸਟੇਸ਼ਨ ਉਤੇ ਪਾਰਟੀ ਦੀ ਕਿਸੇ ਦੇ ਨਾਂ ਉਤੇ ਸਮਾਨ ਦੀ ਬਿਲਟੀ ਆਉਣੀ ਸੀ। ਜਦ ਪਾਰਟੀ ਵਾਲੇ ਬਿਲਟੀ ਲੈਣ ਗਏ ਤਾਂ ਅਗੇ ਸਟੇਸ਼ਨ ਤੇ ਇਕ ਬਾਵਰਦੀ ਪੁਲਸੀਆ ਖੜ੍ਹਾ ਸੀ। ਪਾਰਟੀ ਵਾਲਿਆਂ ਨੇ ਸਮਝਿਆ ਕਿ ਸਟੇਸ਼ਨ ਮਾਸਟਰ ਨੇ ਗ਼ਦਰੀਆਂ ਨੂੰ ਫੜਾਉਣ ਲਈ ਪੁਲਸ ਸੱਦੀ ਹੈ। ਗ਼ਦਰ ਪਾਰਟੀ ਦੇ ਵਰਕਰ ਪਰਤ ਗਏ।

ਕੁਝ ਦਿਨ ਪਿਛੋਂ 16 ਅਕਤੂਬਰ ਨੂੰ ਮੁੜ ਆਏ ਤੇ ਮੁਖ਼ਬਰੀ ਦੀ ਸਜ਼ਾ ਦੇਣ ਲਈ ਸਟੇਸ਼ਨ ਮਾਸਟਰ ਤੇ ਵਾਰ ਕੀਤਾ। ਸਟੇਸ਼ਨ ਮਾਸਟਰ ਪਸਤੌਲ ਦੀ ਗੋਲੀ ਖਾ ਕੇ ਡਿਗ ਪਿਆ। ਗ਼ਦਰੀ ਇਹ ਸਜ਼ਾ ਕਾਫ਼ੀ ਸਮਝ ਕੇ ਚਲੇ ਗਏ। ਫੇਰ ਜਦ ਅਗਲੇ ਸਾਲ ਗ੍ਰਿਫ਼ਤਾਰੀਆਂ ਸ਼ੁਰੂ ਹੋਈਆਂ ਤਾਂ ਵਾਇਦਾ ਮੁਆਫ਼ ਗੁਆਹਾਂ ਤੋਂ ਪਤਾ ਲੱਗਾ ਕਿ ਸਟੇਸ਼ਨ ਮਾਸਟਰ ਨੂੰ ਸਜ਼ਾ ਦੇਣ ਵਾਲੇ ਤਿੰਨ ਗ਼ਦਰੀ ਸਨ ਤੇ ਉਹਨਾਂ ਵਿਚ ਇਕ ਭਾਈ ਜਗਤ ਸਿੰਘ ਸੁਰ ਸਿੰਘੀਏ ਵੀ ਸਨ।

ਜਦੋਂ ਫ਼ੈਸਲਾ ਕੀਤਾ ਗਿਆ ਕਿ ਫ਼ੀਰੋਜ਼ਪੁਰ ਦੀ ਛਾਉਣੀ ਤੇ ਹਮਲਾ ਕੀਤਾ ਜਾਏ ਤੇ ਉਧਰ ਮੀਆਂ ਮੀਰ ਛਾਉਣੀ ਤੇ ਕਬਜ਼ਾ ਕੀਤਾ ਜਾਏ ਤੇ ਉਸ ਸਮੇਂ ਜਿਨ੍ਹਾਂ ਦੀ ਡਿਊਟੀ ਫ਼ੀਰੋਜ਼ਪੁਰ ਛਾਉਣੀ ਲੱਗੀ, ਉਨ੍ਹਾਂ ਵਿਚ ਭਾਈ ਜਗਤ ਸਿੰਘ ਸੁਰ ਸਿੰਘੀਏ ਵੀ ਸੀ।

26 ਨਵੰਬਰ ਨੂੰ ਫ਼ੀਰੋਜ਼ਪੁਰ ਸ਼ਹਿਰ ਤੋਂ ਬਾਹਰ ਜਲਾਲਾਬਾਦ ਵਾਲੀ ਸੜਕ ਉਤੇ ਗ਼ਦਰੀਆਂ ਦਾ ਇਕੱਠ ਹੋਇਆ, ਪਰ ਅੰਮ੍ਰਿਤਸਰ ਤੋਂ ਸੁਨੇਹਾ ਆ ਗਿਆ ਕਿ ਮੀਆਂ ਮੀਰ ਛਾਉਣੀ ਤੇ ਹਮਲਾ ਨਹੀਂ ਹੋ ਸਕਿਆ। ਦੂਜਾ ਫ਼ੀਰੋਜ਼ਪੁਰ ਛਾਉਣੀ ਦੀ ਇਕ ਪਠਾਣ ਰਜਮੈਂਟ ਤੋਂ 30 ਨਵੰਬਰ ਨੂੰ ਹਥਿਆਰ ਲੈਣ ਦਾ ਪ੍ਰਬੰਧ ਕੀਤਾ ਗਿਆ ਸੀ, ਇਸ ਲਈ ਫ਼ੀਰੋਜ਼ਪੁਰ ਤੇ ਹਮਲੇ ਦੀ ਵਿਉਂਤ ਰਹਿ ਗਈ, ਤੇ ਸਭ ਨੂੰ ਵਾਪਸ ਜਾਣਾ ਪਿਆ। ਇਥੇ ਇਕ ਹੋਰ ਘਟਨਾ ਵਾਪਰ ਗਈ ਜਿਸ ਨਾਲ ਇਕ ਥਾਣੇਦਾਰ ਤੇ ਕੁਝ ਹੋਰ ਆਦਮੀ ਮਾਰੇ ਗਏ। ਫੇਰ ਪੁਲਸ ਮੁਕਾਬਲੇ ਵਿਚ ਦੋ ਗ਼ਦਰੀ ਮਾਰੇ ਗਏ।

ਜਦੋਂ 21 ਫ਼ਰਵਰੀ ਗ਼ਦਰ ਲਿਆਉਣ ਦਾ ਦਿਨ ਮਿਥਿਆ ਗਿਆ ਤਾਂ ਭਾਈ ਜਗਤ ਸਿੰਘ ਆਪਣੇ ਨਾਲ ਭਾਈ ਖੜਕ ਸਿੰਘ ਨੂੰ ਲੈ ਕੇ ਆਪਣੇ ਪਿੰਡ ਤੋਂ ਬੰਦੇ ਇਕੱਠੇ ਕਰਨ ਲਈ ਚਲੇ ਗਏ, ਪਰ ਜਦੋਂ ਵਾਪਸ ਆਏ ਤਾਂ ਮਾਮਲਾ ਵਿਗੜ ਚੁਕਿਆ ਸੀ। ਪੁਲਸ ਨੂੰ ਗ਼ਦਰ ਦੀ ਤਾਰੀਖ਼ ਦਾ ਪਤਾ ਲਗ ਗਿਆ ਸੀ ਤੇ ਬਹੁਤ ਸਾਰੇ ਆਦਮੀ ਫੜੇ ਜਾ ਚੁਕੇ ਸਨ।

ਲਾਹੌਰ ਵਿਚ ਥਾਂ ਥਾਂ ਪੁਲਸ ਗ਼ਦਰੀਆਂ ਦੀ ਭਾਲ ਕਰ ਰਹੀ ਸੀ ਤਾਂ ਉਸ ਸਮੇਂ ਇਕ ਮਕਾਨ ਵਿਚ ਤਿੰਨ ਆਦਮੀ ਸ: ਕਰਤਾਰ ਸਿੰਘ ਸਰਾਭਾ, ਸ: ਹਰਨਾਮ ਸਿੰਘ ਟੁੰਡੀਲਾਟ ਤੇ ਭਾਈ ਜਗਤ ਸਿੰਘ ਸੁਰ ਸਿੰਘੀਏ ਇਕੱਠੇ ਹੋਏ। ਤਿੰਨਾਂ ਨੇ ਸਲਾਹ ਕੀਤੀ ਕਿ ਸੂਬਾ ਸਰਹੱਦ ਵਲ ਚੱਲੀਏ। ਸਰਾਭਾ, ਟੁੰਡੀਲਾਟ ਤੇ ਭਾਈ ਜਗਤ ਸਿੰਘ ਤਿੰਨੇ ਲਾਹੌਰ ਤੋਂ ਲਾਇਲਪੁਰ ਗਏ ਤੇ ਉਥੋਂ ਸੂਬਾ ਸਰਹੱਦ ਵਲ ਨਿਕਲ ਗਏ। ਅਗੋਂ ਪਤਾ ਲੱਗਾ ਕਿ ਅਫ਼ਗਾਨਿਸਤਾਨ ਸਰਕਾਰ ਵੀ ਭਾਰਤ ਦੇ ਦੇਸ਼ ਭਗਤਾਂ ਨੂੰ ਅੰਗਰੇਜ਼ਾਂ ਦੀ ਸ਼ਹਿ ਤੇ ਗ੍ਰਿਫ਼ਤਾਰ ਕਰ ਰਹੀ ਹੈ ਤਾਂ ਤਿੰਨੇ ਆਗੂ ਵਾਪਸ ਪੰਜਾਬ ਪਰਤ ਆਏ। ਹੁਣ ਸਵਾਲ ਸੀ ਕਿ ਜਾਣ ਕਿਥੇ? ਥਾਂ ਥਾਂ ਪੁਲਸ ਦੇ ਪਹਿਰੇ ਤੇ ਕਰੜਾਈਆਂ ਸਨ, ਭਾਈ ਜਗਤ ਸਿੰਘ ਸੁਰ ਸਿੰਘੀਏ ਦਾ ਇਕ ਟਿਕਾਣਾ ਸਰਗੋਧਾ ਜ਼ਿਲ੍ਹੇ ਦੇ ਚੱਕ ਨੰਬਰ ਪੰਜ ਵਿਚ ਸੀ। ਇਥੇ ਇਕ ਪੈਨਸ਼ਨੀ ਸਿਪਾਹੀ ਨੇ ਭਾਈ ਜਗਤ ਸਿੰਘ ਨੂੰ ਬੰਦੂਕਾਂ ਦੇਣ ਦਾ ਇਕਰਾਰ ਕੀਤਾ ਹੋਇਆ ਸੀ, ਇਹ ਇਥੇ ਬੰਦੂਕਾਂ ਲੈਣ ਹੀ ਆਏ ਸਨ। ਉਹ ਸਿਪਾਹੀ ਇਕ ਰਸਾਲਦਾਰ ਨਾਲ ਗੱਲ ਕਰ ਬੈਠਾ ਤੇ ਰਸਾਲਦਾਰ ਨੇ ਪੁਲਸ ਬੁਲਾ ਕੇ ਤਿੰਨਾਂ ਹੀ ਆਦਮੀਆਂ ਜਗਤ ਸਿੰਘ, ਸਰਾਭਾ ਤੇ ਟੁੰਡੀਲਾਟ ਨੂੰ ਪਕੜਵਾ ਦਿਤਾ।

26 ਅਪਰੈਲ 1915 ਨੂੰ ਲਾਹੌਰ ਸਾਜ਼ਸ਼ ਕੇਸ ਸ਼ੁਰੂ ਹੋ ਗਿਆ, ਜਿਸ ਵਿਚ 82 ਗ਼ਦਰੀ ਦੋਸ਼ੀ ਦਸੇ ਗਏ। ਲਾਹੌਰ ਸੈਂਟਰਲ ਜੇਲ੍ਹ ਵਿਚ ਇਸ ਮੁਕੱਦਮੇ ਦੀ ਸੁਣਵਾਈ ਹੁੰਦੀ ਰਹੀ। ਸਭ ਤੋਂ ਪਹਿਲਾਂ ਜਿਸ ਗਰੁਪ ਦੇ ਮੁਕੱਦਮੇ ਦਾ ਫ਼ੈਸਲਾ ਸੁਣਾਇਆ ਗਿਆ, ਉਸ ਵਿਚ ਭਾਈ ਜਗਤ ਸਿੰਘ ਵੀ ਸ਼ਾਮਲ ਸੀ। ਇਹਨਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਤੇ ਇਸ ਤੋਂ ਪਹਿਲਾਂ ਭਾਈ ਜਗਤ ਸਿੰਘ ਨੇ ਜੋ ਧੜੱਲੇਦਾਰ ਬਿਆਨ ਦਿਤਾ, ਉਸ ਨੇ ਅੰਗਰੇਜ਼ਾਂ ਦੇ ਕਪਾਟ ਖੋਲ੍ਹ ਦਿਤੇ ਤੇ ਉਹਨਾਂ ਨੂੰ ਦੱਸ ਦਿਤਾ ਕਿ ਦੇਸ਼ ਲਈ ਮਰਨ ਵਾਲੇ ਪਰਵਾਨਿਆਂ ਨੂੰ ਤੁਹਾਡੀ ਕੋਈ ਕਰੜੀ ਤੋਂ ਕਰੜੀ ਸਜ਼ਾ ਵੀ ਰੋਕ ਨਹੀਂ ਸਕਦੀ ਤੇ ਇਹ ਆਜ਼ਾਦੀ ਦੀ ਅੱਗ ਹੁਣ ਭੜਕ ਕੇ ਰਹੇਗੀ ਤੇ ਦੇਸ਼ ਆਜ਼ਾਦ ਹੋ ਕੇ ਰਹੇਗਾ। ਅਖ਼ੀਰ ਕਰਤਾਰ ਸਿੰਘ ਸਰਾਭੇ ਦੇ ਨਾਲ ਹੀ 16 ਨਵੰਬਰ 1915 ਈਸਵੀ ਨੂੰ ਭਾਈ ਜਗਤ ਸਿੰਘ ਸੁਰ ਸਿੰਘੀਏ ਨੂੰ ਫਾਂਸੀ ਤੇ ਲਟਕਾ ਕੇ ਸ਼ਹੀਦ ਕਰ ਦਿਤਾ ਗਿਆ।

ਭਾਈ ਜਗਤ ਸਿੰਘ ਬੜੇ ਦੀਦਾਰੀ ਸਿੰਘ ਸਨ। ਬੜਾ ਪ੍ਰਭਾਵਸ਼ਾਲੀ ਵੱਡਾ ਚਿਹਰਾ, ਜਾਲੀ ਨਾਲ ਪੁੱਠਾ ਚਾੜ੍ਹਿਆ ਦਾਹੜਾ ਤੇ ਸਿਰ ਤੇ ਦੂਹਰੀ ਵੱਡੀ ਸੋਹਣੀ ਘੋਟਵੀਂ ਦਸਤਾਰ ਨਾਲ ਵੱਡੀ ਸ਼ਖ਼ਸੀਅਤ ਪ੍ਰਤੀਤ ਹੁੰਦੇ ਸਨ।

ਡਾ: ਮਥਰਾ ਸਿੰਘ

20ਵੀਂ ਸਦੀ ਦੇ ਸ਼ੁਰੂ ਵਿਚ ਦੇਸ਼ ਨੂੰ ਆਜ਼ਾਦ ਕਰਾਉਣ ਲਈ ਚਲੀ ਸਭ ਤੋਂ ਵੱਡੀ ਲਹਿਰ ਗ਼ਦਰ ਪਾਰਟੀ ਦੀ ਸੀ, ਜਿਸ ਵਿਚ 145 ਆਦਮੀਆਂ ਨੂੰ ਸ਼ਹੀਦ ਕੀਤਾ ਗਿਆ ਤੇ 306 ਆਦਮੀਆਂ ਨੂੰ ਉਮਰ ਕੈਦ ਦੀ ਸਜ਼ਾ ਹੋਈ। ਗ਼ਦਰ ਪਾਰਟੀ ਦੇ ਸ਼ਹੀਦ ਲੀਡਰਾਂ ਵਿਚੋਂ ਇਕ ਡਾ: ਮਥਰਾ ਸਿੰਘ ਜੀ ਸਨ ਜਿਨ੍ਹਾਂ ਨੇ ਪਹਿਲਾਂ ਬਦੇਸ਼ਾਂ ਵਿਚ ਤੇ ਫੇਰ ਪੰਜਾਬ ਵਿਚ ਆ ਕੇ ਅੰਗਰੇਜ਼ ਸਰਕਾਰ ਦਾ ਤਖ਼ਤਾ ਉਲਟਾਉਣ ਲਈ ਬਹੁਤ ਯਤਨ ਕੀਤੇ, ਅਖ਼ੀਰ ਗ੍ਰਿਫ਼ਤਾਰ ਹੋਏ। ਇਹਨਾਂ ਤੇ ਮੁਕੱਦਮਾ ਚਲਿਆ ਤੇ ਫਾਂਸੀ ਤੇ ਲਟਕਾ ਦਿਤੇ ਗਏ।

ਡਾ: ਮਥਰਾ ਸਿੰਘ ਦੇ ਮੁਢਲੇ ਜੀਵਨ ਤੇ ਬਚਪਨ ਦਾ ਕੁਝ ਵੀ ਪਤਾ ਨਹੀਂ ਲੱਗਾ। ਸਿਰਫ਼ ਇਤਨਾ ਕੁ ਪਤਾ ਲੱਗਾ ਹੈ ਕਿ ਆਪ ਢੁਡਿਆਲ ਜ਼ਿਲ੍ਹਾ ਜੇਹਲਮ ਦੇ ਵਸਨੀਕ ਸਨ। ਗ਼ਦਰ ਪਾਰਟੀ ਵਿਚ ਬਹੁਤ ਘੱਟ ਆਦਮੀ ਧਨੀ ਪੋਠੋਹਾਰ ਦੇ ਸ਼ਾਮਲ ਹੋਏ ਪਰ ਡਾ: ਮਥਰਾ ਸਿੰਘ ਨੇ ਉਹ ਕੰਮ ਕੀਤੇ, ਜੋ ਸ਼ਾਇਦ ਹੋਰ ਕੋਈ ਵੀ ਨਹੀਂ ਸੀ ਕਰ ਸਕਦਾ। ਜਿਵੇਂ ਦੇਸ਼ ਵਿਚੋਂ ਹੋਰ ਅਨੇਕਾਂ ਲੋਕ ਪੜ੍ਹਨ ਲਈ ਜਾਂ ਕਮਾਈ ਲਈ ਬਾਹਰ ਗਏ ਸਨ, ਇਸੇ ਤਰ੍ਹਾਂ ਡਾ: ਮਥਰਾ ਸਿੰਘ ਵੀ ਆਪਣਾ ਵਤਨ ਛਡ ਕੇ ਅਮਰੀਕਾ ਦੇ ਇਲਾਕੇ ਕੈਲੇਫੋਰਨੀਆ ਵਿਚ ਜਾ ਆਬਾਦ ਹੋਏ। ਇਸ ਇਲਾਕੇ ਵਿਚ ਹੋਰ ਬਹੁਤ ਸਾਰੇ ਪੰਜਾਬੀ ਤੇ ਹਿੰਦੁਸਤਾਨੀ ਵਸੇ ਹੋਏ ਸਨ। ਇਹਨਾਂ ਵਿਚ ਹੀ ਸਭ ਤੋਂ ਪਹਿਲਾਂ ਜਾਗਰਤ ਪੈਦਾ ਹੋਈ ਤੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਲਹਿਰ ਉਭਰੀ। ਡਾ: ਮਥਰਾ ਸਿੰਘ ਬੜੇ ਪੱਕੇ ਦੇਸ਼ ਭਗਤ ਤੇ ਦ੍ਰਿੜ੍ਹ ਇਰਾਦੇ ਵਾਲੇ ਸਨ। ਇਹਨਾਂ ਨੇ ਵੀ ਬਾਹਰ ਜਾ ਕੇ ਮਹਿਸੂਸ ਕੀਤਾ ਕਿ ਗ਼ੁਲਾਮਾਂ ਦਾ ਕੋਈ ਜੀਵਨ ਨਹੀਂ। ਆਜ਼ਾਦ ਕੌਮਾਂ ਬਹੁਤ ਤਰੱਕੀ ਕਰ ਗਈਆਂ ਹਨ। ਇਸ ਲਈ ਡਾ: ਮਥਰਾ ਸਿੰਘ ਝਟਪਟ ਹੀ ਉਹਨਾਂ ਲੋਕਾਂ ਵਿਚ ਸ਼ਾਮਲ ਹੋ ਗਏ, ਜਿਹੜੇ ਦੇਸ਼ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਾਉਣ ਲਈ ਕੁਝ ਕਰਨਾ ਚਾਹੁੰਦੇ ਸਨ। ਡਾ: ਮਥਰਾ ਸਿੰਘ ਚੰਗੇ ਪੜ੍ਹੇ ਲਿਖੇ ਸੂਝਵਾਨ, ਦਲੀਲ ਨਾਲ ਗੱਲ ਕਰਨ ਵਾਲੇ ਤੇ ਦਲੇਰ ਸਨ। ਇਸ ਲਈ ਆਪਣੇ ਗੁਣਾਂ ਸਦਕੇ ਬਹੁਤ ਛੇਤੀ ਚੋਟੀ ਦੇ ਲੀਡਰਾਂ ਵਿਚ ਗਿਣੇ ਜਾਣ ਲਗ ਪਏ।

ਜਦੋਂ ਅਮਰੀਕਾ ਤੇ ਕੈਨੇਡਾ ਵਿਚ ਗ਼ਦਰ ਪਾਰਟੀ ਬਹੁਤ ਮਜ਼ਬੂਤ ਹੋ ਗਈ ਤਾਂ ਇਸ ਲਹਿਰ ਨੂੰ ਦੂਜੇ ਦੇਸ਼ਾਂ ਵਿਚ ਫੈਲਾਉਣ ਲਈ ਲੀਡਰਾਂ ਨੂੰ ਵਖ ਵਖ ਪਾਸੇ ਭੇਜ ਦਿਤਾ ਗਿਆ। ਗ਼ਦਰ ਪਾਰਟੀ ਦੇ ਫ਼ੈਸਲੇ ਅਨੁਸਾਰ ਡਾ: ਮਥਰਾ ਸਿੰਘ ਪ੍ਰਚਾਰ ਕਰਨ ਲਈ ਕੈਲੇਫੋਰਨੀਆ ਤੋਂ ਹਾਂਗਕਾਂਗ ਆ ਗਏ। ਹਾਂਗਕਾਂਗ ਸ਼ਾਂਤ ਸਾਗਰ ਦੇ ਏਸ਼ੀਆਈ ਕੰਢੇ ਉਤੇ ਇਕ ਬਹੁਤ ਵੱਡਾ ਸਮੁੰਦਰੀ ਅੱਡਾ ਹੈ ਤੇ ਪਰਚਾਰ ਦਾ

ਬਹੁਤ ਵੱਡਾ ਕੇਂਦਰ ਬਣ ਸਕਦਾ ਸੀ। ਡਾ: ਮਥਰਾ ਸਿੰਘ ਇਥੇ ਪਰਚਾਰ ਦੇ ਕੰਮ ਲਈ ਆਏ ਤੇ ਉਹਨਾਂ ਨੇ ਲੋਕਾਂ ਨੂੰ ਤਿਆਰ ਕੀਤਾ।

ਹਾਂਗਕਾਂਗ ਤੋਂ ਉਠ ਕੇ ਸ਼ੰਘਾਈ ਵਿਚ ਭੀ ਡਾ: ਮਥਰਾ ਸਿੰਘ ਨੇ ਇਹ ਲਹਿਰ ਜਾ ਫੈਲਾਈ। 29-30 ਜੁਲਾਈ 1914 ਨੂੰ ਡਾ: ਮਥਰਾ ਸਿੰਘ ਢੁਡਿਆਲ ਤੇ ਸੁੰਦਰ ਸਿੰਘ ਦੂਲੋਨੰਗਲ ਨੇ ਸ਼ੰਘਾਈ ਵਿਚ ਗ਼ਦਰ ਪਾਰਟੀ ਦੇ ਪ੍ਰੋਗਰਾਮ ਦਾ ਪਰਚਾਰ ਕੀਤਾ। ਇਥੇ ਗ਼ਦਰ ਅਖ਼ਬਾਰ ਵੰਡਿਆ ਤੇ ਬਹੁਤ ਸਾਰੇ ਬੰਦਿਆਂ ਨੂੰ ਗ਼ਦਰ ਪਾਰਟੀ ਦੇ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਤਿਆਰ ਕਰ ਲਿਆ।

ਅਗਸਤ ਦੇ ਚੌਥੇ ਹਫ਼ਤੇ ਸ: ਸੋਹਣ ਸਿੰਘ ਭਕਨਾ, ਜੋ ਗ਼ਦਰ ਪਾਰਟੀ ਦੇ ਪ੍ਰਧਾਨ ਸਨ, ਦੇਸ਼ ਵਾਪਸ ਪਰਤਦੇ ਹੋਏ ਸ਼ੰਘਾਈ ਉਤਰੇ ਅਤੇ ਇਥੋਂ ਗ਼ਦਰ ਪਾਰਟੀ ਦਾ ਪਰਚਾਰ ਕਰ ਕੇ ਹਾਂਗਕਾਂਗ ਪਹੁੰਚੇ ਤੇ ਉਨ੍ਹਾਂ ਡਾ: ਮਥਰਾ ਸਿੰਘ ਨਾਲ ਮਿਲ ਕੇ ਬਹੁਤ ਸਾਰੇ ਹਥਿਆਰ ਖ਼ਰੀਦੇ। ਹੁਣ ਅਗਲਾ ਸੁਆਲ ਇਹਨਾਂ ਹਥਿਆਰਾਂ ਨੂੰ ਦੇਸ਼ ਪੁਚਾਣ ਦਾ ਸੀ। ਕੁਦਰਤੀ ਇਕ ਗੋਰਾ ਪਲਟਣ ਪੀਕਿੰਗ ਤੋਂ ਕਲਕੱਤੇ ਜਾ ਰਹੀ ਸੀ। ਉਸ ਵਿਚ ਇਕ ਅੰਗਰੇਜ਼ ਅਫ਼ਸਰ ਦਾ ਚਪੜਾਸੀ ਸਿੱਖ ਸੀ। ਇਹ ਸਿੱਖ ਸਿਪਾਹੀ ਡਾ: ਮਥਰਾ ਸਿੰਘ ਦਾ ਦੋਸਤ ਸੀ। ਡਾ: ਮਥਰਾ ਸਿੰਘ ਨੇ 80 ਪਸਤੌਲਾਂ ਤੇ ਬਹੁਤ ਸਾਰੀਆਂ ਗੋਲੀਆਂ ਉਸ ਸਿਪਾਹੀ ਦੇ ਹਵਾਲੇ ਕੀਤੀਆਂ ਤੇ ਉਸ ਨਾਲ ਫ਼ੈਸਲਾ ਕੀਤਾ ਕਿ ਜਹਾਜ਼ ਦੇ ਕਲਕੱਤੇ ਪਹੁੰਚਣ ਤੇ ਉਸ ਤੋਂ ਲੈ ਲਈਆਂ ਜਾਣਗੀਆਂ।

ਸਿਪਾਹੀ ਨੇ ਇਹ ਸਾਰੇ ਅਸਲੇ ਵਾਲੀ ਪੇਟੀ ਆਪਣੇ ਕੋਲ ਰੱਖ ਲਈ ਪਰ ਬਦਕਿਸਮਤੀ ਨਾਲ ਗੋਰਾ ਪਲਟਣ ਵਾਲਾ ਜਹਾਜ਼ ਕਲਕੱਤੇ ਨਾ ਰੁਕਿਆ। ਉਸ ਨੂੰ ਰਸਤੇ ਵਿਚ ਹੀ ਫ਼ਰਾਂਸ ਜਾਣ ਦਾ ਹੁਕਮ ਹੋ ਗਿਆ ਤੇ ਉਹ ਸਿੱਧਾ ਹੀ ਫ਼ਰਾਂਸ ਚਲਾ ਗਿਆ। ਇਸੇ ਤਰ੍ਹਾਂ ਇਹ ਸਭ ਹਥਿਆਰ ਜਹਾਜ਼ ਦੇ ਨਾਲ ਹੀ ਫ਼ਰਾਂਸ ਚਲੇ ਗਏ। ਇਸ ਪਿਛੋਂ ਵਖ ਵਖ ਜਹਾਜ਼ਾਂ ਤੇ ਸਵਾਰ ਹੋ ਕੇ ਗ਼ਦਰੀਏ ਦੇਸ਼ ਆ ਗਏ। ਡਾ: ਮਥਰਾ ਸਿੰਘ ਭੀ ਦੇਸ਼ ਨੂੰ ਆਜ਼ਾਦ ਕਰਾਉਣ ਦੇ ਜਜ਼ਬੇ ਨਾਲ ਪੰਜਾਬ ਆ ਗਏ।

ਬਾਹਰੋਂ ਆਏ ਗ਼ਦਰ ਪਾਰਟੀ ਦੇ ਆਗੂਆਂ ਦੀ ਪਹਿਲੀ ਮੀਟਿੰਗ ਸਤੰਬਰ 1914 ਨੂੰ ਖੰਨੇ ਵਿਚ ਹੋਈ। ਦੂਜੀ ਮੀਟਿੰਗ 16 ਅਕਤੂਬਰ 1914 ਨੂੰ ਅੰਮ੍ਰਿਤਸਰ ਵਿਚ ਹੋਈ। ਇਸ ਮੀਟਿੰਗ ਵਿਚ ਡਾ: ਮਥਰਾ ਸਿੰਘ ਵੀ ਸ਼ਾਮਲ ਹੋਏ। ਇਸੇ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ ਪਿੰਡਾਂ ਵਿਚ ਫਿਰ ਕੇ ਪ੍ਰਚਾਰ ਕੀਤਾ ਜਾਏ ਅਤੇ ਬਾਹਰੋਂ ਆਏ ਦੇਸ਼ ਭਗਤਾਂ ਨੂੰ ਜਥੇਬੰਦ ਕੀਤਾ ਜਾਏ।

ਇਹਨਾਂ ਦਿਨਾਂ ਵਿਚ ਹੀ ਖ਼ਾਲਸਾ ਕਾਲਜ ਅੰਮ੍ਰਿਤਸਰ ਬਾਰੇ ਸਿੱਖਾਂ ਵਿਚ ਇਕ ਐਜੀਟੇਸ਼ਨ ਚਲ ਰਹੀ ਸੀ। ਇਸੇ ਦੇ ਆਗੂਆਂ ਵਿਚ ਇਕ ਮਿਸਟਰ ਸੁੰਦਰ ਸਿੰਘ ਨਾਲ ਡਾ: ਮਥਰਾ ਸਿੰਘ ਨੇ ਲਾਗੇ ਜਾ ਕੇ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਗ਼ਦਰ ਪਾਰਟੀ ਵਿਚ ਲੈ ਆਂਦਾ।

ਗ਼ਦਰ ਪਾਰਟੀ ਦੇ ਸਾਰੇ ਕੰਮ ਨੂੰ ਜਥੇਬੰਦ ਕਰਨ ਲਈ ਇਕ ਕੇਂਦਰੀ ਕਮੇਟੀ ਕਾਇਮ ਕੀਤੀ ਜਿਸ ਵਿਚ ਡਾ: ਮਥਰਾ ਸਿੰਘ ਜੀ ਭੀ ਲਏ ਗਏ। ਨਵੰਬਰ ਦੇ ਪਹਿਲੇ

ਹਫ਼ਤੇ ਵਿਚ ਇਸ ਕੇਂਦਰੀ ਕਮੇਟੀ ਦੀਆਂ ਕਈ ਮੀਟਿੰਗਾਂ ਹੋਈਆਂ ਤੇ ਗ਼ਦਰ ਦੀਆਂ ਤਿਆਰੀਆਂ ਨੂੰ ਤੇਜ਼ ਕੀਤਾ ਗਿਆ। ਗ਼ਦਰ ਪਾਰਟੀ ਨੇ ਫ਼ੈਸਲਾ ਕੀਤਾ ਕਿ ਵੱਧ ਤੋਂ ਵੱਧ ਗਿਣਤੀ ਵਿਚ ਹਥਿਆਰ ਇਕੱਠੇ ਕੀਤੇ ਜਾਣ। ਜੋ ਮੁੱਲ ਮਿਲ ਸਕਦੇ ਹਨ, ਉਹ ਮੁੱਲ ਲਏ ਜਾਣ, ਪਰ ਜਿਹੜੇ ਮੁੱਲ ਨਹੀਂ ਮਿਲ ਸਕਦੇ, ਉਹ ਬਣਾਏ ਜਾਣ।

ਡਾ: ਮਥਰਾ ਸਿੰਘ ਨੂੰ ਬੰਬ ਬਣਾਉਣ ਦੇ ਕੰਮ ਦਾ ਇਨਚਾਰਜ ਨਿਯਤ ਕੀਤਾ ਗਿਆ। ਡਾ: ਮਥਰਾ ਸਿੰਘ ਦੀ ਨਿਗਰਾਨੀ ਹੇਠ ਭਾਈ ਪਰਮਾਨੰਦ ਝਾਂਸੀ ਬੰਬ ਬਣਾਉਂਦਾ ਤੇ ਪੰਡਤ ਰਾਮ ਰੱਖਾ ਤੇ ਹਿਰਦੇ ਰਾਮ ਬੰਬ ਬਣਾਉਣ ਦਾ ਸਾਮਾਨ ਖ਼ਰੀਦ ਕੇ ਰਖਦੇ। ਇਹ ਬੰਬ ਪਹਿਲਾਂ ਲੁਧਿਆਣੇ ਦੇ ਨੇੜੇ ਇਕ ਪਿੰਡ ਝਾਬੇਵਾਲ ਵਿਚ ਤੇ ਫੇਰ ਨਾਭੇ ਰਿਆਸਤ ਦੇ ਇਕ ਪਿੰਡ ਵਿਚ ਬਣਦੇ ਰਹੇ। ਇਹ ਬੜਾ ਖ਼ਤਰਨਾਕ ਅਤੇ ਜ਼ਿਮੇਵਾਰੀ ਵਾਲਾ ਕੰਮ ਸੀ ਜਿਹੜਾ ਡਾ: ਮਥਰਾ ਸਿੰਘ ਨੇ ਬੜੀ ਕਾਮਯਾਬੀ ਨਾਲ ਨਿਭਾਇਆ। ਗ਼ਦਰ ਪਾਰਟੀ ਦੀ ਲਹਿਰ ਖ਼ਤਮ ਹੋਣ ਤਕ ਅੰਗਰੇਜ਼ ਸਰਕਾਰ ਨੂੰ ਪਤਾ ਹੀ ਨਹੀਂ ਲਗ ਸਕਿਆ ਕਿ ਇਹ ਬੰਬ ਕਿਥੇ ਬਣਦੇ ਹਨ ਤੇ ਕੌਣ ਬਣਾਉਂਦਾ ਹੈ।

ਗ਼ਦਰ ਪਾਰਟੀ ਨੇ 12 ਫ਼ਰਵਰੀ 1915 ਨੂੰ ਫ਼ੈਸਲਾ ਕੀਤਾ ਕਿ 21 ਫ਼ਰਵਰੀ ਨੂੰ ਗ਼ਦਰ ਮਚਾ ਦਿਤਾ ਜਾਏ। ਡਾ: ਮਥਰਾ ਸਿੰਘ ਨੂੰ ਇਸ ਸਮੇਂ ਸਰਹੱਦੀ ਸੂਬੇ ਵਲ ਭੇਜਿਆ ਗਿਆ ਤਾਂ ਕਿ ਪਠਾਣਾਂ ਨੂੰ ਗ਼ਦਰ ਵਿਚ ਸ਼ਾਮਲ ਹੋਣ ਲਈ ਤਿਆਰ ਕੀਤਾ ਜਾਏ। ਨਾਲ ਹੀ ਉਸ ਇਲਾਕੇ ਵਿਚੋਂ ਜਿਤਨੇ ਵੱਧ ਗਿਣਤੀ ਵਿਚ ਹਥਿਆਰ ਇਕੱਠੇ ਹੋ ਸਕਣ, ਉਹ ਲੈ ਲਏ ਜਾਣ। ਥੋੜ੍ਹੇ ਹੀ ਦਿਨਾਂ ਵਿਚ ਡਾ: ਮਥਰਾ ਸਿੰਘ ਇਹ ਕੰਮ ਮੁਕਾ ਕੇ ਵਾਪਸ ਆ ਗਿਆ। ਇਨ੍ਹਾਂ ਦਿਨਾਂ ਵਿਚ ਹੀ ਇਕ ਸਰਕਾਰੀ ਸੂਹੀਆ ਕਿਰਪਾਲ ਸਿੰਘ ਗ਼ਦਰੀਆਂ ਵਿਚ ਆ ਸ਼ਾਮਲ ਹੋਇਆ। ਡਾ: ਮਥਰਾ ਸਿੰਘ ਨੇ ਸਭ ਤੋਂ ਪਹਿਲਾਂ ਉਸ ਨੂੰ ਪੁਲਸ ਨੂੰ ਇਤਲਾਹ ਦੇਂਦਿਆਂ ਵੇਖਿਆ। ਇਸ ਕਿਰਪਾਲ ਸਿੰਘ ਨੇ ਗ਼ਦਰ ਪਾਰਟੀ ਦੇ ਬਹੁਤ ਸਾਰੇ ਲੀਡਰਾਂ ਨੂੰ ਪਕੜਵਾਇਆ ਪਰ ਡਾ: ਮਥਰਾ ਸਿੰਘ ਬਹੁਤ ਹੁਸ਼ਿਆਰ ਨਿਕਲਿਆ ਤੇ ਪੁਲਸ ਦੇ ਕਾਬੂ ਨਾ ਆਇਆ।

ਸਿਆਸੀ ਦੇਸ਼ ਭਗਤਾਂ ਵਿਰੁੱਧ ਲਾਹੌਰ ਸੈਂਟਰਲ ਜੇਲ੍ਹ ਵਿਚ 26 ਅਪ੍ਰੈਲ 1915 ਨੂੰ ਅੰਗਰੇਜ਼ ਰਾਜ ਵਿਰੁੱਧ ਸਾਜ਼ਸ਼ ਦਾ ਇਕ ਮੁਕੱਦਮਾ ਚਲਿਆ। ਸਿਆਸੀ ਦੋਸ਼ੀਆਂ ਵਿਚੋਂ 17 ਪੁਲਸ ਦੇ ਕਾਬੂ ਨਾ ਆਏ ਤੇ ਉਹਨਾਂ ਦੀ ਗੈਰਹਾਜ਼ਰੀ ਵਿਚ ਹੀ ਮੁਕੱਦਮੇ ਦੀ ਸੁਣਵਾਈ ਹੁੰਦੀ ਰਹੀ। ਇਨ੍ਹਾਂ ਸਤਾਰਾਂ ਵਿਚ ਹੀ ਡਾ: ਮਥਰਾ ਸਿੰਘ ਵੀ ਸਨ।

21 ਫ਼ਰਵਰੀ ਦਾ ਇਨਕਲਾਬ ਸਫ਼ਲ ਨਾ ਹੋਇਆ। ਅੰਗਰੇਜ਼ ਸਰਕਾਰ ਨੂੰ ਪਹਿਲਾਂ ਹੀ ਪਤਾ ਲਗ ਗਿਆ ਜਿਸ ਕਾਰਨ ਬਹੁਤ ਸਾਰੀਆਂ ਥਾਂਵਾਂ ਤੇ ਛਾਪੇ ਪਏ ਤੇ ਗ਼ਦਰ ਪਾਰਟੀ ਦੇ ਬਹੁਤ ਸਾਰੇ ਆਦਮੀ ਪਕੜੇ ਗਏ। ਡਾ: ਮਥਰਾ ਸਿੰਘ ਇਸ ਵੇਲੇ ਵੀ ਪੁਲਸ ਦੇ ਕਾਬੂ ਨਾ ਆਏ। ਇਹ ਉਹਨਾਂ ਦਿਨਾਂ ਵਿਚ ਸੂਬਾ ਸਰਹੱਦ ਵਿਚ ਸਨ। ਜਦੋਂ ਇਹਨਾਂ ਨੂੰ ਗ਼ਦਰ ਦੀ ਅਸਫ਼ਲਤਾ ਦੀ ਇਤਲਾਹ ਮਿਲੀ ਤਾਂ ਇਹ ਅਫ਼ਗਾਨਿਸਤਾਨ ਚਲੇ ਗਏ।

ਅੰਗਰੇਜ਼ ਸਰਕਾਰ ਨੂੰ ਪਤਾ ਲਗ ਗਿਆ। ਉਹਨਾਂ ਨੇ ਅਫ਼ਗਾਨਿਸਤਾਨ ਦੀ ਸਰਕਾਰ ਨੂੰ ਇਤਲਾਹ ਦਿਤੀ, ਜਿਸ ਕਰਕੇ ਡਾ: ਮਥਰਾ ਸਿੰਘ ਤੇ ਉਹਨਾਂ ਦੇ ਇਕ ਸਾਥੀ ਭਾਈ ਹਰਨਾਮ ਸਿੰਘ ਕਹੂਟਾ ਕਾਬਲ ਵਿਚ ਗ੍ਰਿਫ਼ਤਾਰ ਕਰ ਲਏ ਗਏ। ਇਨ੍ਹਾਂ ਦਿਨਾਂ ਵਿਚ ਹੀ ਭਾਰਤ ਦੇ ਇਕ ਬਹੁਤ ਵੱਡੇ ਇਨਕਲਾਬੀ ਆਗੂ ਰਾਜਾ ਮਹਿੰਦਰ ਪ੍ਰਤਾਪ ਕਾਬਲ ਆਏ ਤਾਂ ਉਹਨਾਂ ਨੇ ਮਿਲ ਮਿਲਾ ਕੇ ਇਹਨਾਂ ਨੂੰ ਰਿਹਾ ਕਰਵਾ ਦਿਤਾ।

ਜੇਲ੍ਹ ਤੋਂ ਬਾਹਰ ਆ ਕੇ ਡਾ: ਮਥਰਾ ਸਿੰਘ ਨੇ ਰਾਜਾ ਮਹਿੰਦਰ ਪ੍ਰਤਾਪ ਨਾਲ ਰਲ ਕੇ ਕੰਮ ਕਰਨਾ ਸ਼ੁਰੂ ਕਰ ਦਿਤਾ। ਹੋਰ ਵੀ ਬਹੁਤ ਸਾਰੇ ਇਨਕਲਾਬੀ ਪਹੁੰਚੇ ਹੋਏ ਸਨ। ਇਹਨਾਂ ਸਾਰਿਆਂ ਨੇ ਰਲ ਕੇ ਆਜ਼ਾਦ ਭਾਰਤ ਦੀ ਇਕ ਆਰਜ਼ੀ ਸਰਕਾਰ ਬਣਾ ਲਈ ਅਤੇ ਅੰਗਰੇਜ਼ਾਂ ਦੇ ਮੁਕਾਬਲੇ ਤੇ ਆਪਣੀ ਹਿੰਦੁਸਤਾਨੀ ਸਰਕਾਰ ਬਣਾਉਣ ਦਾ ਐਲਾਨ ਕਰ ਦਿਤਾ। ਇਸ ਹਕੂਮਤ ਵਿਚ ਰਾਜਾ ਮਹਿੰਦਰ ਪ੍ਰਤਾਪ ਨੂੰ ਰਾਸ਼ਟਰਪਤੀ ਤੇ ਮੌਲਵੀ ਬਰਕਤ ਉਲਾ ਨੂੰ ਪ੍ਰਧਾਨ ਮੰਤਰੀ ਚੁਣਿਆ ਗਿਆ। ਡਾ: ਮਥਰਾ ਸਿੰਘ ਵੀ ਇਸ ਮੰਤਰੀ ਮੰਡਲ ਵਿਚ ਲਏ ਗਏ। ਇਸ ਮੰਤਰੀ ਮੰਡਲ ਵਿਚ ਕਈ ਸਰਵ ਅਧਿਕਾਰੀ ਮੰਤਰੀ ਲਏ ਗਏ।

ਰਾਜਾ ਮਹਿੰਦਰ ਪ੍ਰਤਾਪ ਨੇ ਜ਼ਾਰ ਰੂਸ ਦੇ ਨਾਂ ਸੋਨੇ ਦੀ ਸਿਆਹੀ ਵਿਚ ਲਿਖੀ ਹੋਈ ਚਿੱਠੀ ਦੇ ਕੇ ਡਾ: ਮਥਰਾ ਸਿੰਘ ਤੇ ਇਕ ਹੋਰ ਆਗੂ ਨੂੰ ਤੁਰਕਿਸਤਾਨ ਦੇ ਰੂਸੀ ਗਵਰਨਰ ਪਾਸ ਭੇਜਿਆ ਤਾਂ ਕਿ ਉਹ ਅਗੋਂ ਇਹਨਾਂ ਨੂੰ ਜ਼ਾਰ ਪਾਸ ਭੇਜ ਦੇਵੇ। ਇਸ ਚਿੱਠੀ ਵਿਚ ਰੂਸ ਸਰਕਾਰ ਪਾਸੋਂ ਮੰਗ ਕੀਤੀ ਗਈ ਸੀ ਕਿ ਅੰਗਰੇਜ਼ ਸਰਕਾਰ ਵਿਰੁੱਧ ਇਹਨਾਂ ਦੀ ਬਣੀ ਸਰਕਾਰ ਨੂੰ ਮਦਦ ਦਿਤੀ ਜਾਏ। ਤੁਰਕਿਸਤਾਨ ਦਾ ਰੂਸੀ ਗਵਰਨਰ ਬੜਾ ਬੇਈਮਾਨ ਨਿਕਲਿਆ। ਉਸ ਨੇ ਡਾ: ਮਥਰਾ ਸਿੰਘ ਤੇ ਉਸ ਦੇ ਸਾਥੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਇਹਨਾਂ ਨੂੰ ਇਰਾਨ ਦੇ ਅੰਗਰੇਜ਼ ਕੌਂਸਲ ਖ਼ਾਨੇ ਦੇ ਹਵਾਲੇ ਕਰ ਦਿਤਾ। ਉਹਨਾਂ ਨੇ ਅਗੋਂ ਇਹ ਦੋਵੇਂ ਕੈਦੀ ਭਾਰਤ ਦੀ ਅੰਗਰੇਜ਼ ਸਰਕਾਰ ਨੂੰ ਭੇਜ ਦਿਤੇ।

ਡਾ: ਮਥਰਾ ਸਿੰਘ ਤੇ ਉਹਨਾਂ ਦੇ ਸਾਥੀ ਮੁਹੰਮਦ ਅਲੀ ਨੂੰ ਲਾਹੌਰ ਲਿਆਂਦਾ ਗਿਆ। ਲਾਹੌਰ ਦੇ ਕਿਲ੍ਹੇ ਵਿਚ ਗ਼ਦਰ ਲਹਿਰ ਦੇ ਦੋ ਮੁਕੱਦਮਿਆਂ ਦਾ ਫ਼ੈਸਲਾ ਹੋ ਚੁਕਾ ਸੀ। ਤੀਸਰੇ ਮੁਕੱਦਮੇ ਦੀ ਕਾਰਵਾਈ ਸ਼ੁਰੂ ਹੋਣੀ ਸੀ। ਡਾ: ਮਥਰਾ ਸਿੰਘ ਨੂੰ ਇਸ ਤੀਜੇ ਮੁਕੱਦਮੇ ਵਿਚ ਸ਼ਾਮਲ ਕਰ ਲਿਆ ਗਿਆ। ਇਸ ਮੁਕੱਦਮੇ ਦੇ 12 ਦੋਸ਼ੀ ਸਨ। ਡਾ: ਮਥਰਾ ਸਿੰਘ ਨੂੰ ਜਦੋਂ ਸਾਰੇ ਇਲਜ਼ਾਮ ਪੜ੍ਹ ਕੇ ਸੁਣਾਏ ਗਏ ਤਾਂ ਉਹਨਾਂ ਨੇ ਇਸ ਗੱਲ ਦਾ ਇਕਬਾਲ ਕੀਤਾ ਕਿ ਮੈਂ ਦੇਸ਼ ਵਿਚੋਂ ਅੰਗਰੇਜ਼ ਰਾਜ ਨੂੰ ਖ਼ਤਮ ਕਰਨ ਦਾ ਹਾਮੀ ਹਾਂ ਤੇ ਇਸ ਮੰਤਵ ਲਈ ਜੱਦੋ-ਜਹਿਦ ਕਰਦਾ ਰਿਹਾ ਹਾਂ। ਮੁਕੱਦਮੇ ਦੀ ਸਾਧਾਰਣ ਜਿਹੀ ਸੁਣਵਾਈ ਪਿਛੋਂ ਡਾ: ਮਥਰਾ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਤੇ ਥੋੜ੍ਹੇ ਦਿਨਾਂ ਪਿਛੋਂ ਫਾਂਸੀ ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ।

ਸ: ਜਵੰਦ ਸਿੰਘ

ਭਾਰਤ ਦੀ ਆਜ਼ਾਦੀ ਲਈ ਪਹਿਲਾ ਉਪਰਾਲਾ ਉਹਨਾਂ ਭਾਰਤੀਆਂ ਨੇ ਕੀਤਾ ਜੋ ਬਦੇਸ਼ਾਂ ਨੂੰ ਰੁਜ਼ਗਾਰ ਜਾਂ ਪੜ੍ਹਨ ਦੀ ਨੀਅਤ ਨਾਲ ਗਏ ਸਨ। ਬਾਹਰ ਜਾ ਕੇ ਉਹਨਾਂ ਨੂੰ ਆਪਣੀ ਤਰਸਯੋਗ ਹਾਲਤ ਤੇ ਗ਼ੁਲਾਮੀ ਦੇ ਪ੍ਰਤੀਕਰਮ ਦਾ ਪਤਾ ਲੱਗਾ ਤੇ ਛੇਰਨ ਉਹਨਾਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਜਥੇਬੰਦ ਹੋਣ ਦੇ ਉਪਰਾਲੇ ਕਰਨ ਦੀ ਸੋਚੀ। ਇਹਨਾਂ ਵਿਚੋਂ ਕੈਨੇਡਾ ਵਿਚ ਸਭ ਤੋਂ ਜ਼ਿਆਦਾ ਜੋਸ਼ ਪੈਦਾ ਹੋਇਆ ਤੇ ਉਹਨਾਂ ਨੇ ਪਹਿਲਾਂ ਅੰਗਰੇਜ਼ ਸਰਕਾਰ ਨਾਲ ਟੱਕਰ ਲੈਣ ਦੀ ਧਾਰੀ। ਕਾਮਾਗਾਟਾਮਾਰੂ ਜਹਾਜ਼ ਦੇ ਵਾਪਸ ਪਰਤਣ ਤੇ ਬਜਬਜ ਘਾਟ ਤੇ ਹੋਏ ਸਾਕੇ ਨੇ ਉਹਨਾਂ ਨੂੰ ਹਲੂਣ ਦਿਤਾ ਤੇ ਉਹ ਉਸ ਗ਼ਦਰ ਪਾਰਟੀ ਨਾਲ ਜੁੜ ਗਏ ਜੋ ਅਮਰੀਕਾ ਤੇ ਹੋਰ ਅਨੇਕਾਂ ਦੇਸ਼ਾਂ ਵਿਚ ਜਥੇਬੰਦ ਹੋ ਚੁਕੀ ਸੀ। ਗ਼ਦਰ ਪਾਰਟੀ ਦਾ ਮੁੱਢ ਅਮਰੀਕਾ ਤੇ ਕੈਨੇਡਾ ਦੇ ਦੇਸ਼ ਭਗਤ ਭਾਰਤੀਆਂ ਨੇ ਹੀ ਬੰਨ੍ਹਿਆ ਸੀ। ਕੈਨੇਡਾ ਤੋਂ ਉਠ ਕੇ ਭਾਰਤ ਪਰਤੇ ਦੇਸ਼ ਭਗਤਾਂ ਵਿਚੋਂ ਇਕ ਦਾ ਨਾਮ ਸ: ਜਵੰਦ ਸਿੰਘ ਸੀ।

ਸ: ਜਵੰਦ ਸਿੰਘ ਨੰਗਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਜੰਮਪਲ ਸਨ ਤੇ ਅਨੇਕਾਂ ਹੋਰ ਦੁਆਬੀਆਂ ਨਾਲ ਰਲ ਕੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਕੈਨੇਡਾ ਜਾ ਵਸੇ ਸਨ। ਜਦੋਂ ਉਥੇ ਅੰਗਰੇਜ਼ਾਂ ਨੇ ਭਾਰਤੀਆਂ ਦੇ ਦਾਖ਼ਲੇ ਤੇ ਪਾਬੰਦੀਆਂ ਲਾਈਆਂ ਤੇ ਭਾਰਤੀਆਂ ਨੂੰ ਗ਼ੁਲਾਮ ਦੇਸ਼ ਦੇ ਵਸਨੀਕ ਸਮਝ ਕੇ ਘਟੀਆ ਵਰਤਾਉ ਸ਼ੁਰੂ ਕੀਤਾ ਤਾਂ ਜਿਹਨਾਂ ਜਵਾਨਾਂ ਦੇ ਮਨ ਆਜ਼ਾਦੀ ਦੀ ਪ੍ਰਾਪਤੀ ਲਈ ਤੜਫ਼ ਉਠੇ ਉਹਨਾਂ ਵਿਚ ਭਾਈ ਜਵੰਦ ਸਿੰਘ ਨੰਗਲ ਵੀ ਸ਼ਾਮਲ ਸਨ। ਉਹਨਾਂ ਨੇ ਦੇਸ਼ ਭਗਤ ਭਾਰਤੀਆਂ ਦੀਆਂ ਮੀਟਿੰਗਾਂ ਵਿਚ ਜਾਣਾ ਸ਼ੁਰੂ ਕਰ ਦਿਤਾ ਤੇ ਆਪਣੇ ਕੰਮ ਤੋਂ ਜਿਹੜਾ ਵਕਤ ਵਾਧੂ ਮਿਲਦਾ, ਉਹ ਆਜ਼ਾਦੀ ਦੇ ਅੰਦੋਲਨਾਂ ਦੀ ਤਿਆਰੀ ਵਿਚ ਲਾ ਦਿੰਦੇ। ਕੈਨੇਡਾ ਵਿਚ ਗ਼ਦਰ ਪਾਰਟੀ ਦੇ ਮੋਢੀਆਂ ਵਿਚੋਂ ਆਪ ਇਕ ਸਨ।

ਜਦ ਦੇਸ਼ ਭਗਤਾਂ ਨੇ ਫ਼ੈਸਲਾ ਕੀਤਾ ਕਿ ਦੇਸ਼ ਵਾਪਸ ਚਲ ਕੇ ਆਜ਼ਾਦੀ ਦਾ ਜੰਗ ਲੜਿਆ ਜਾਵੇ ਤਾਂ ਹਜ਼ਾਰਾਂ ਭਾਰਤੀਆਂ ਨੇ, ਜਿਹਨਾਂ ਵਿਚ ਬਹੁਗਿਣਤੀ ਸਿੱਖਾਂ ਦੀ ਸੀ, ਆਪਣੇ ਕੰਮ ਛੱਡ ਦਿਤੇ ਤੇ ਦੇਸ਼ ਨੂੰ ਵਹੀਰਾਂ ਪਾ ਦਿਤੀਆਂ। ਗ਼ਦਰੀਆਂ ਦਾ ਸਭ ਤੋਂ ਪਹਿਲਾ ਜਹਾਜ਼ 12 ਅਕਤੂਬਰ 1914 ਈ: ਨੂੰ ਕਲਕੱਤੇ ਪਹੁੰਚਿਆ। ਇਸ ਜਹਾਜ਼ ਵਿਚ 57 ਭਾਰਤੀ ਸਨ। ਦੂਜਾ ਜਹਾਜ਼ ਅਗਲੇ ਦਿਨ 13 ਅਕਤੂਬਰ ਨੂੰ ਕਲਕੱਤੇ ਪਹੁੰਚ ਗਿਆ। ਇਸ ਜਹਾਜ਼ ਦਾ ਨਾਮ 'ਨਾਮਸੰਗ' ਸੀ। ਇਸ ਵਿਚ ਭਾਈ ਸੋਹਣ ਸਿੰਘ ਭਕਨਾ, ਭਾਈ ਜਵੰਦ ਸਿੰਘ ਨੰਗਲ ਸਮੇਤ 80 ਭਾਰਤੀ ਸਨ। ਅੰਗਰੇਜ਼ ਸਰਕਾਰ ਨੂੰ ਪਹਿਲਾਂ ਹੀ ਪਤਾ ਲਗ ਗਿਆ ਸੀ। ਇਸ ਲਈ ਜਹਾਜ਼ਾਂ ਨੂੰ ਕਲਕੱਤੇ ਰੋਕ ਕੇ ਉਹਨਾਂ ਦੀਆਂ ਤਲਾਸ਼ੀਆਂ ਲਈਆਂ ਗਈਆਂ ਤੇ ਸਭ ਨੂੰ

ਲੁਧਿਆਣੇ ਹਾਜ਼ਰ ਹੋਣ ਦਾ ਹੁਕਮ ਦੇ ਕੇ ਪੰਜਾਬ ਵਲ ਗੱਡੀਆਂ ਤੇ ਚਾੜ੍ਹ ਦਿਤੇ ਗਏ। ਫਿਰ ਉਥੇ ਹੀ ਬਹੁਤ ਸਾਰੇ ਆਗੂ ਇਸ ਸਮੇਂ ਗ੍ਰਿਫ਼ਤਾਰ ਕਰ ਲਏ, ਪਰ ਸ: ਜਵੰਦ ਸਿੰਘ ਨੰਗਲ ਬਚ ਕੇ ਪੰਜਾਬ ਅਪੜ ਗਏ।

ਪੰਜਾਬ ਵਿਚ ਗ਼ਦਰ ਪਾਰਟੀ ਦੇ ਵਰਕਰਾਂ ਨੇ ਜਥੇਬੰਦ ਹੋ ਕੇ ਪਿੰਡਾਂ ਵਿਚ ਪਹਿਲਾਂ ਲੋਕਾਂ ਨੂੰ ਇਨਕਲਾਬ ਲਈ ਤਿਆਰ ਕਰਨਾ ਸ਼ੁਰੂ ਕਰ ਦਿਤਾ। ਪਿੰਡਾਂ ਵਿਚ ਜਾ ਕੇ ਗ਼ਦਰ ਪਾਰਟੀ ਦਾ ਪ੍ਰੋਗਰਾਮ ਤੇ ਨਿਸ਼ਾਨਾ ਲੋਕਾਂ ਨੂੰ ਸਮਝਾਂਦੇ ਤੇ ਗ਼ਦਰ ਪਾਰਟੀ ਵਲੋਂ ਛਪਾਈਆਂ ਚੀਜ਼ਾਂ ਵੰਡਦੇ। ਜ਼ਿਲ੍ਹੇਵਾਰ ਇਸ ਕੰਮ ਦੇ ਇੰਚਾਰਜ ਨਿਯਤ ਕੀਤੇ ਗਏ। ਸ: ਜਵੰਦ ਸਿੰਘ ਨੰਗਲ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦਾ ਪ੍ਰਬੰਧਕ ਨਿਯਤ ਕੀਤਾ ਗਿਆ। ਉਹਨਾਂ ਨੇ ਜ਼ਿਲ੍ਹੇ ਵਿਚ ਥਾਂ ਥਾਂ ਫਿਰ ਕੇ ਦੱਸਿਆ ਕਿ ਗ਼ਦਰ ਪਾਰਟੀ ਕੀ ਧਾਰ ਕੇ ਬਾਹਰੋਂ ਵਰਕਰ ਲਿਆਈ ਏ ਤੇ ਕਿਵੇਂ ਐਲਾਨੇ-ਜੰਗ ਅੰਗਰੇਜ਼ ਸਰਕਾਰ ਵਿਰੁੱਧ ਕਰ ਦਿਤਾ ਗਿਆ ਹੈ। ਬੀਬੀ ਗੁਲਾਬ ਕੌਰ ਤੇ ਸ: ਜਵੰਦ ਸਿੰਘ ਨੇ ਹੁਸ਼ਿਆਰਪੁਰ ਵਿਚ ਬੜੀ ਰਾਜਸੀ ਜਾਗਰਤ ਲਿਆਂਦੀ।

ਜਦੋਂ ਗ਼ਦਰ ਪਾਰਟੀ ਨੂੰ ਮਾਇਆ ਦੀ ਤੰਗੀ ਆ ਗਈ ਤੇ ਉਧਰੋਂ ਖ਼ਰਚ ਬਹੁਤ ਵਧ ਗਏ ਤਾਂ ਆਗੂਆਂ ਨੇ ਸਲਾਹ ਬਣਾਈ ਕਿ ਡਾਕੇ ਮਾਰੇ ਜਾਣ। ਅਸਲਾ ਖ਼ਰੀਦਣ ਲਈ ਬਹੁਤ ਵੱਡੀਆਂ ਰਕਮਾਂ ਚਾਹੀਦੀਆਂ ਸਨ। ਸ਼ਹਿਰਾਂ ਵਿਚ ਲਏ ਮਕਾਨਾਂ ਦੇ ਕਿਰਾਏ ਦੇਣੇ ਸਨ। ਇਸ ਲਈ ਡਾਕੇ ਮਾਰਨ ਦਾ ਕੰਮ ਜਿਹਨਾਂ ਨੇ ਆਪਣੇ ਜ਼ਿੰਮੇ ਲਿਆ, ਉਹਨਾਂ ਵਿਚ ਸ: ਜਵੰਦ ਸਿੰਘ ਨੰਗਲ ਵੀ ਸਨ। ਇਹਨਾਂ ਨੇ ਜਿਥੇ ਵੀ ਡਾਕਾ ਮਾਰਿਆ ਉਥੇ ਯਤਨ ਕੀਤਾ ਕਿ ਜਾਨੀ ਨੁਕਸਾਨ ਨਾ ਹੋਵੇ। ਲੋਕਾਂ ਨੂੰ ਇਕਰਾਰ ਵੀ ਕੀਤੇ ਕਿ ਗਿਣ ਕੇ ਰਕਮ ਲਿਜਾ ਰਹੇ ਹਾਂ, ਅੰਦੋਲਨ ਸਫ਼ਲ ਹੋਣ ਪਿਛੋਂ ਰਕਮਾਂ ਮੋੜ ਦਿਤੀਆਂ ਜਾਣਗੀਆਂ।

ਜਦ 21 ਫ਼ਰਵਰੀ 1915 ਈ: ਨੂੰ ਇਨਕਲਾਬ ਦਾ ਦਿਨ ਨਿਯਤ ਕੀਤਾ ਗਿਆ ਤਾਂ ਸਾਰੇ ਮੁਖੀਆਂ ਨੇ ਵਖ ਵਖ ਛਾਉਣੀਆਂ ਵਿਚ ਜਾ ਕੇ ਫ਼ੌਜ ਨੂੰ ਜਥੇਬੰਦ ਕਰਨ ਦਾ ਫ਼ੈਸਲਾ ਕੀਤਾ। ਸ: ਜਵੰਦ ਸਿੰਘ ਨੰਗਲ ਦੇ ਜ਼ਿੰਮੇ ਕਪੂਰਥਲਾ ਲਾਇਆ ਗਿਆ। ਉਹਨਾਂ ਨੇ ਜਾ ਕੇ ਪਤਾ ਕੀਤਾ ਕਿ ਉਥੋਂ ਕਿੰਨੇ ਕੁ ਆਦਮੀ ਇਸ ਇਨਕਲਾਬ ਵਿਚ ਸਰਗਰਮ ਹੋ ਕੇ ਸ਼ਾਮਲ ਹੋਣ ਲਈ ਤਿਆਰ ਹਨ। ਇਥੋਂ ਪਰਤ ਕੇ ਆਪ ਲਾਹੌਰ ਗਏ। 14 ਫ਼ਰਵਰੀ ਨੂੰ ਗ਼ਦਰ ਪਾਰਟੀ ਦੀ ਹਾਈ ਕਮਾਨ ਦੀ ਅੰਤਿਮ ਮੀਟਿੰਗ ਹੋ ਰਹੀ ਸੀ। ਇਥੇ ਸਾਰੀ ਹਾਲਤ ਤੇ ਵਿਚਾਰ ਕੀਤਾ ਗਿਆ ਤੇ ਫੇਰ ਆਪਣੇ ਆਪਣੇ ਕੰਮ ਤੇ ਸਭ ਤੁਰ ਗਏ। ਫ਼ੈਸਲਾ ਕੀਤਾ ਗਿਆ ਕਿ ਸ: ਜਵੰਦ ਸਿੰਘ ਨੰਗਲ ਕੁਝ ਆਦਮੀਆਂ ਸਮੇਤ 20 ਫ਼ਰਵਰੀ ਨੂੰ ਦੁਰਾਹੇ ਦੀ ਨਹਿਰ ਦੇ ਪੁਲ ਤੇ ਲਗੀ ਪੁਲਸ ਗਾਰਦ ਤੋਂ ਬੰਦੂਕਾਂ ਖੋਹਣ। ਇਹ ਉਥੇ ਪਹੁੰਚ ਗਏ, ਪਰ ਅਗੋਂ ਪੁਲਸ ਬਹੁਤ ਹੀ ਸਾਵਧਾਨ ਹੋ ਕੇ ਖੜ੍ਹੀ ਸੀ ਜਿਸ ਕਰਕੇ ਹਮਲਾ ਸਫ਼ਲ ਨਹੀਂ ਸੀ ਹੋ ਸਕਦਾ, ਇਸ ਕਰਕੇ ਇਹ ਵਾਪਸ ਪਰਤ ਆਏ। ਉਧਰੋਂ 21 ਫ਼ਰਵਰੀ ਦਾ ਇਨਕਲਾਬ ਫੇਲ੍ਹ ਹੋ ਗਿਆ ਤੇ ਬਹੁਤ ਸਾਰੇ ਲੀਡਰ ਫੜੇ ਗਏ।

82 ਗ਼ਦਰੀ ਲੀਡਰਾਂ 'ਤੇ ਲਾਹੌਰ ਦਾ ਇਕ ਸਾਜ਼ਸ਼ ਕੇਸ ਚਲਿਆ। ਸ:

ਜਵੰਦ ਸਿੰਘ ਨੰਗਲ ਤੇ 16 ਹੋਰ ਵਰਕਰਾਂ ਨੂੰ ਮਫ਼ਰੂਰ ਕਰਾਰ ਦਿਤਾ ਗਿਆ ਤੇ ਮੁਕੱਦਮੇ ਦੀ ਕਾਰਵਾਈ ਸ਼ੁਰੂ ਕਰ ਦਿਤੀ ਗਈ। ਨੰਗਲ ਕਲਾਂ ਦੇ ਜ਼ੈਲਦਾਰ ਨੰਦਾ ਸਿੰਘ ਤੋਂ ਗ਼ਦਰੀ ਬਹੁਤ ਔਖੇ ਸਨ, ਕਿਉਂਕਿ ਉਹਨੇ ਭਾਈ ਪਿਆਰਾ ਸਿੰਘ ਲੰਗੇਰੀ ਨੂੰ ਗ੍ਰਿਫ਼ਤਾਰ ਕਰਵਾਇਆ ਸੀ। ਇਹਨੂੰ ਕੁਝ ਗ਼ਦਰੀਆਂ ਨੇ ਮਾਰ ਦਿਤਾ। ਇਸ ਦੋਸ਼ ਵਿਚ ਦੋ ਆਦਮੀ ਫੜ ਕੇ ਫਾਂਸੀ ਲਾ ਦਿਤੇ ਗਏ ਤੇ ਤੀਜੇ ਦੋਸ਼ੀ ਸ: ਜਵੰਦ ਸਿੰਘ ਨੰਗਲ ਨੂੰ ਮਫ਼ਰੂਰ ਕਰਾਰ ਦੇ ਦਿਤਾ ਗਿਆ।

ਫੇਰ ਅੰਮ੍ਰਿਤਸਰ ਵਾਲੀ ਨਹਿਰ ਦੇ ਪੁਲ ਤੋਂ ਫ਼ੌਜੀਆਂ ਤੋਂ ਹਥਿਆਰ ਖੋਹਣ ਦਾ ਮਤਾ ਪਕਾਇਆ ਗਿਆ। ਸ: ਜਵੰਦ ਸਿੰਘ ਤੇ ਬੰਤਾ ਸਿੰਘ ਦੀ ਅਗਵਾਈ ਵਿਚ ਇਕ ਰਾਤ ਸੰਤਰੀ ਨੂੰ ਮਾਰ ਕੇ ਗਾਰਦ ਦਾ ਅਸਲਾ ਖੋਹ ਲਿਆ ਗਿਆ। ਫਿਰ ਫ਼ੌਜੀ ਵਰਦੀਆਂ ਪਾ ਕੇ ਗ਼ਦਰੀ ਖਿੰਡ ਪੁੰਡ ਗਏ। ਉਸ ਤੋਂ ਪਿਛੋਂ ਕਈ ਥਾਂ ਪੁਲਸ ਨੇ ਘੇਰਿਆ ਪਰ ਹਰ ਵਾਰ ਉਹ ਬਚ ਕੇ ਨਿਕਲ ਜਾਂਦੇ ਰਹੇ।

ਅਖ਼ੀਰ ਸ: ਜਵੰਦ ਸਿੰਘ ਨੰਗਲ 28 ਮਾਰਚ 1917 ਈਸਵੀ ਨੂੰ ਕਲਵਾਲ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਗ੍ਰਿਫ਼ਤਾਰ ਕਰ ਲਏ ਗਏ। 21 ਮਈ ਨੂੰ ਪੰਜਵੇਂ ਲਾਹੌਰ ਸਾਜ਼ਸ਼ ਕੇਸ ਵਿਚ ਰਖ ਕੇ 26 ਮਈ 1917 ਈਸਵੀ ਨੂੰ ਫਾਂਸੀ ਤੇ ਘਰ ਘਾਟ ਜ਼ਬਤ ਕਰਨ ਦੀ ਸਜ਼ਾ ਦਿਤੀ ਗਈ। ਦੂਜੇ ਦਿਨ ਹੀ ਫਾਂਸੀ ਲਾ ਕੇ ਸ਼ਹੀਦ ਕਰ ਦਿਤਾ ਗਿਆ। ਗ਼ਦਰ ਲਹਿਰ ਦੇ ਇਤਿਹਾਸ ਵਿਚ ਸ: ਜਵੰਦ ਸਿੰਘ ਨੰਗਲ ਦਾ ਨਾਮ ਵੀ ਸਦਾ ਅਮਰ ਰਹੇਗਾ।

ਨਨਕਾਣਾ ਸਾਹਿਬ ਦੇ ਸ਼ਹੀਦ

ਵੀਹਵੀਂ ਸਦੀ ਦੇ ਸ਼ੁਰੂ ਤਕ ਪੰਜਾਬ ਦੇ ਸਾਰੇ ਵੱਡੇ ਵੱਡੇ ਇਤਿਹਾਸਕ ਗੁਰਦਵਾਰਿਆਂ ਤੇ ਮਹੰਤ ਕਾਬਜ਼ ਸਨ। ਜਦੋਂ ਮੁਗ਼ਲਾਂ ਵੇਲੇ ਆਮ ਸਿੱਖ ਰਾਜਸੀ ਸਰਗਰਮੀਆਂ ਕਾਰਨ ਗੁਰਦਵਾਰਿਆਂ ਦੀ ਸੇਵਾ ਸੰਭਾਲ ਨਹੀਂ ਸਨ ਕਰ ਸਕਦੇ ਉਦੋਂ ਉਦਾਸੀ ਤੇ ਨਿਰਮਲੇ ਸਾਧੂ ਸੇਵਾ ਸੰਭਾਲ ਕਰਦੇ ਰਹੇ। ਸਿੱਖ ਰਾਜ ਦੇ ਸਮੇਂ ਵੱਡੇ ਵੱਡੇ ਇਤਿਹਾਸਕ ਗੁਰਦਵਾਰਿਆਂ ਦੇ ਨਾਲ ਜ਼ਮੀਨਾਂ ਤੇ ਹੋਰ ਜਾਇਦਾਦਾਂ ਲਗ ਗਈਆਂ। ਇਹ ਜਾਇਦਾਦਾਂ ਤਾਂ ਗੁਰਦਵਾਰਿਆਂ ਦੀ ਯੋਗ ਆਮਦਨ ਲਈ ਲਾਈਆਂ ਸਨ ਪਰ ਅੰਗਰੇਜ਼ਾਂ ਦੇ ਸਮੇਂ ਇਹ ਸਾਰੇ ਮਹੰਤ ਗੁਰਮਰਯਾਦਾ ਛੱਡ ਕੇ ਵਿਭਚਾਰ ਤੇ ਐਸ਼ ਵਲ ਪੈ ਗਏ। ਇਹਨਾਂ ਦੇ ਕੁਕਰਮ ਸੁਣ ਕੇ ਸਿੱਖਾਂ ਦੇ ਲੂ ਕੰਡੇ ਖੜੇ ਹੋਣ ਲਗ ਪਏ।

ਸਮੇਂ ਦੀ ਅੰਗਰੇਜ਼ ਸਰਕਾਰ ਮਹੰਤਾਂ ਦੀ ਮਦਦ ਕਰਦੀ ਸੀ, ਕਿਉਂਕਿ ਉਹ ਨਹੀਂ ਸੀ ਚਾਹੁੰਦੀ ਕਿ ਗੁਰਦਵਾਰੇ ਉਹਨਾਂ ਦੇ ਝੋਲੀ-ਚੁਕ ਮਹੰਤਾਂ ਦੀ ਥਾਂ ਸਿੱਖ ਕੌਮ ਕੋਲ ਆ ਜਾਣ। ਇਉਂ ਸਿੱਖਾਂ ਦੀ ਰਾਜਸੀ ਤਾਕਤ ਬਣ ਜਾਣ ਦਾ ਡਰ ਸੀ। ਇਸ ਤਰ੍ਹਾਂ ਅੰਗਰੇਜ਼ ਸਰਕਾਰ ਨਾਲ ਟੱਕਰ ਲੈਂਦਿਆ ਤੇ ਗੁਰਦਵਾਰੇ ਮਹੰਤ ਸ਼ਾਹੀ ਤੋਂ ਆਜ਼ਾਦ ਕਰਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ।

ਇਹ ਲਹਿਰ 1921 ਤੋਂ 1925 ਤਕ ਚਲਦੀ ਰਹੀ। ਸਿੱਖਾਂ ਨੇ ਇਹ ਲਹਿਰ ਸ਼੍ਰੋਮਣੀ ਅਕਾਲੀ ਦਲ ਨਾਂ ਦੀ ਜਥੇਬੰਦੀ ਬਣਾ ਕੇ ਉਹਦੀ ਅਗਵਾਈ ਹੇਠ ਚਲਾਈ, ਇਸ ਲਈ ਇਹ ਅਕਾਲੀ ਲਹਿਰ ਵੀ ਅਖਵਾਂਦੀ ਹੈ। ਇਸ ਲਹਿਰ ਵਿਚ ਕਈ ਮੋਰਚੇ ਲਗੇ ; ਕਈ ਥਾਂ ਮਹੰਤਾਂ ਦਾ ਜ਼ੁਲਮ ਸਹਿਣਾ ਪਿਆ ਅਤੇ ਅੰਗਰੇਜ਼ ਸਰਕਾਰ ਨੂੰ ਚੈਲੰਜ ਕਰਨਾ ਪਿਆ। ਇਸ ਸਮੇਂ ਸਿਰਲੱਥ ਅਕਾਲੀ ਜੂਝਣ ਲਈ ਨਿਤਰੇ। ਉਹਨਾਂ ਗੁਰਦੁਆਰੇ ਆਜ਼ਾਦ ਕਰਾਏ ਤੇ ਆਦਰਸ਼ਕ ਸ਼ਾਂਤਮਈ ਸਤਿਆਗ੍ਰਹਿ ਦਾ ਸਫ਼ਲ ਤਜਰਬਾ ਕਰ ਕੇ ਸਾਰੇ ਦੇਸ਼ ਨੂੰ ਸਤਿਆਗ੍ਰਹਿ ਦੀ ਜਾਚ ਦਸੀ।

ਤਰਨ ਤਾਰਨ ਦੀਆਂ ਸ਼ਹੀਦੀਆਂ

ਜਦੋਂ ਅਕਾਲੀਆਂ ਨੇ ਮਹੰਤਾਂ ਤੋਂ ਧੜਾ ਧੜ ਗੁਰਦੁਆਰੇ ਆਜ਼ਾਦ ਕਰਾਉਣੇ ਸ਼ੁਰੂ ਕਰ ਦਿਤੇ ਤਾਂ ਤਰਨ ਤਾਰਨ ਦੇ ਪੁਜਾਰੀ ਵੀ ਘਬਰਾਏ। ਉਹਨਾਂ ਨੂੰ ਹਰ ਸਿੱਖ ਅਕਾਲੀ ਨਜ਼ਰ ਆਉਣ ਲਗ ਪਿਆ। ਉਹਨਾਂ ਨੇ ਕਈਆਂ ਦਾ ਅਪਮਾਨ ਕੀਤਾ ਤੇ ਕਈ ਜਥਿਆਂ ਨੂੰ ਦਰਬਾਰ ਸਾਹਿਬ ਤਰਨ ਤਾਰਨ ਵਿਚ ਕੀਰਤਨ ਕਰਨ ਤੋਂ ਰੋਕਿਆ। ਕੁਝ ਬੀਬੀਆਂ ਦਾ ਵੀ ਅਪਮਾਨ ਹੋਇਆ। ਜਦੋਂ ਮਹੰਤ-ਗ਼ਰਦੀ ਦੀ ਇਤਲਾਹ ਅੰਮ੍ਰਿਤਸਰ ਪਹੁੰਚੀ ਤਾਂ ਜਥਾ ਤਰਨ ਤਾਰਨ ਪਹੁੰਚ ਗਿਆ। ਜਥੇ ਦੇ

ਮੁਖੀਆਂ ਨੇ ਪਹਿਲਾਂ ਮਹੰਤਾਂ ਨੂੰ ਸਮਝਾਇਆ। ਮਹੰਤ ਇਕ ਪਾਸੇ ਅਕਾਲੀਆਂ ਨਾਲ ਸਮਝੌਤੇ ਦੀ ਗੱਲ-ਬਾਤ ਕਰਦੇ ਰਹੇ ਤੇ ਦੂਜੇ ਪਾਸੇ ਲੜਾਈ ਲਈ ਤਿਆਰ ਹੁੰਦੇ ਰਹੇ। ਤਰਕਾਲਾਂ ਵੇਲੇ ਜਦ ਅਕਾਲੀ ਗੁਰਦਵਾਰੇ ਮੱਥਾ ਟੇਕਣ ਗਏ ਤਾਂ ਪੁਜਾਰੀਆਂ ਨੇ ਟਕੂਏ, ਗੰਡਾਸਿਆਂ ਤੇ ਛਵੀਆਂ ਲੈ ਕੇ ਹਮਲਾ ਕਰ ਦਿਤਾ ਤੇ ਉਚੀਆਂ ਥਾਂਵਾਂ ਤੇ ਬੈਠ ਕੇ ਰੋੜੇ ਇੱਟਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ। 16 ਸਿੰਘ ਇਸ ਹਮਲੇ ਕਾਰਨ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਡਾ: ਹਜ਼ਾਰਾ ਸਿੰਘ ਤੇ ਭਾਈ ਹੁਕਮ ਸਿੰਘ ਵਸਾਊ ਕੋਟ ਸ਼ਹੀਦ ਹੋ ਗਏ।

ਤਰਨ ਤਾਰਨ ਗੁਰਦੁਆਰੇ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਂਦਿਆਂ ਅਕਾਲੀ ਲਹਿਰ ਦੇ ਇਹ ਪਹਿਲੇ ਦੋ ਬਲੀਦਾਨ ਸਨ। ਭਾਈ ਹਜ਼ਾਰਾ ਸਿੰਘ ਤੇ ਭਾਈ ਹੁਕਮ ਸਿੰਘ ਨੇ ਅਕਾਲੀਆਂ ਵਿਚ ਸ਼ਹੀਦੀਆਂ ਦੀ ਲੜੀ ਤੋਰੀ।

ਸਾਕਾ ਨਨਕਾਣਾ ਦੇ ਸ਼ਹੀਦ

ਨਨਕਾਣਾ ਸਾਹਿਬ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਹੈ। ਇਸ ਗੁਰਦੁਆਰੇ ਦੀ ਮਹੱਤਤਾ ਬਹੁਤ ਜ਼ਿਆਦਾ ਹੈ ਪਰ ਇਥੋਂ ਦੇ ਮਹੰਤ ਨਰਾਇਣ ਦਾਸ ਨੇ ਕੁਕਰਮਾਂ ਦੀ ਹੱਦ ਹੀ ਕਰ ਦਿਤੀ। ਇਸ ਨੇ ਇਕ ਵੇਸਵਾ ਐਲਾਨੀਆ ਆਪਣੇ ਘਰ ਰਖ ਲਈ। ਗੁਰਦੁਆਰੇ ਆਉਣ ਵਾਲੀਆਂ ਕਈ ਬੀਬੀਆਂ ਦੀ ਪੱਤ ਲੁਟੀ। ਇਸ ਸੰਬੰਧ ਵਿਚ ਇਲਾਕੇ ਵਿਚ ਕਈ ਦੀਵਾਨ ਹੋਏ ਜਿਨ੍ਹਾਂ ਵਿਚ ਮਹੰਤ ਤੋਂ ਗੁਰਦੁਆਰਾ ਆਜ਼ਾਦ ਕਰਾਉਣ ਲਈ ਐਲਾਨ ਕੀਤਾ ਗਿਆ। ਪਿੰਡ ਧਾਰੋਵਾਲੀ ਉਹਨਾਂ ਦਿਨਾਂ ਵਿਚ ਸਿੰਘਾਂ ਦੀਆਂ ਸਰਗਰਮੀਆਂ ਦਾ ਇਕ ਕੇਂਦਰ ਸੀ, ਕਿਉਂਕਿ ਇਸੇ ਪਿੰਡ ਦੇ ਸ: ਲਛਮਣ ਸਿੰਘ ਗੁਰਦੁਆਰਾ ਸੁਧਾਰ ਲਈ ਉਦਮ ਕਰ ਰਹੇ ਆਗੂਆਂ ਵਿਚੋਂ ਇਕ ਸਨ।

ਇਸ ਸਾਰੀ ਲਹਿਰ ਦੇ ਉਸ ਸਮੇਂ ਆਗੂ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ, ਸ: ਤੇਜਾ ਸਿੰਘ ਸਮੁੰਦਰੀ, ਸ: ਕਰਤਾਰ ਸਿੰਘ ਝੱਬਰ, ਸ: ਤੇਜਾ ਸਿੰਘ ਚੂਹੜਕਾਣਾ, ਸ: ਬਲਵੰਤ ਸਿੰਘ ਰਈਸ ਤੇ ਸ: ਲਛਮਣ ਸਿੰਘ,ਆਦਿ ਸਨ। ਇਸ ਸੰਬੰਧ ਵਿਚ ਅਕਤੂਬਰ 1920 ਨੂੰ ਪਿੰਡ ਧਾਰੋਵਾਲ ਵਿਚ ਬੜਾ ਭਾਰੀ ਦੀਵਾਨ ਹੋਇਆ। ਇਸ ਦੀਵਾਨ ਵਿਚ ਸਿੱਖ ਮੁਖੀਆਂ ਦੀਆਂ ਤਕਰੀਰਾਂ ਨੇ ਮਹੰਤ ਵਿਰੁੱਧ ਗੁੱਸੇ ਦਾ ਤੂਫ਼ਾਨ ਪੈਦਾ ਕਰ ਦਿਤਾ।

17 ਫ਼ਰਵਰੀ 1921 ਨੂੰ ਸਿੰਘ ਸਭਾ ਲਾਇਲਪੁਰ ਵਿਚ ਸੁਧਾਰਕ ਅਕਾਲੀਆਂ ਦੀ ਇਕੱਤਰਤਾ ਹੋਈ ਜਿਸ ਵਿਚ ਫ਼ੈਸਲਾ ਕੀਤਾ ਗਿਆ ਕਿ ਨਨਕਾਣਾ ਸਾਹਿਬ ਅਜੇ ਕੋਈ ਅਕਾਲੀ ਜਥਾ ਨਾ ਜਾਏ। ਇਥੇ ਹੀ ਅਕਾਲੀ ਆਗੂਆਂ ਨੂੰ ਪਤਾ ਲੱਗਾ ਕਿ ਸ: ਲਛਮਣ ਸਿੰਘ ਧਾਰੋਵਾਲੀ ਜਥਾ ਲੈ ਕੇ ਨਨਕਾਣਾ ਸਾਹਿਬ ਜਾ ਰਹੇ ਹਨ। ਇਨ੍ਹਾਂ ਦੋਹਾਂ ਜਥਿਆਂ ਨੂੰ ਰੋਕਣ ਲਈ ਬੰਦੇ ਭੇਜੇ ਗਏ। ਸ: ਕਰਤਾਰ ਸਿੰਘ ਝੱਬਰ ਤਾਂ ਚੰਦਰਕੋਟ ਦੀ ਝਾਲ ਤੇ ਹੀ ਰੋਕ ਲਏ ਗਏ ਪਰ ਰੋਕਣ ਵਾਲਿਆਂ ਨੂੰ ਭਾਈ ਲਛਮਣ ਸਿੰਘ ਦੇ ਜਥੇ ਦਾ ਕੋਈ ਪਤਾ ਨਾ ਲੱਗਾ। ਇਸ ਜਥੇ ਵਿਚ ਦੋ ਸੌ ਦੇ

ਲਗਪਗ ਸਿੰਘ ਸਨ। ਜਥਾ 21 ਫ਼ਰਵਰੀ ਸਵੇਰੇ ਹੀ ਨਨਕਾਣਾ ਸਾਹਿਬ ਗੁਰਦੁਆਰਾ ਜਨਮ ਅਸਥਾਨ ਪਹੁੰਚਿਆ ਤੇ ਸਭ ਸਿੰਘ ਮੱਥਾ ਟੇਕ ਕੇ ਬੈਠ ਗਏ।

ਮਹੰਤ ਨਰਾਇਣ ਦਾਸ ਨੇ ਪ੍ਰਸ਼ਾਦ ਤਿਆਰ ਕਰਵਾਉਣ ਦੇ ਬਹਾਨੇ ਰਖੇ ਹੋਏ ਬਦਮਾਸ਼ ਪਠਾਣਾਂ ਤੇ ਹੋਰ ਲੁਚਿਆਂ ਗੁੰਡਿਆਂ ਨੂੰ ਤਿਆਰੀ ਦਾ ਹੁਕਮ ਦਿਤਾ। ਸਿੰਘਾਂ ਤੇ ਗੋਲੀਆਂ ਚਲਣੀਆਂ ਸ਼ੁਰੂ ਹੋ ਗਈਆਂ। ਬਹੁਤ ਸਾਰੇ ਗੋਲੀਆਂ ਨਾਲ ਮਾਰੇ ਗਏ। ਜੋ ਤੜਫ ਰਹੇ ਸਨ ਉਹਨਾਂ ਨੂੰ ਟਕੂਏ ਤੇ ਟੋਕੇ ਲੈ ਕੇ ਟੋਟੇ ਟੋਟੇ ਕਰ ਦਿਤਾ। ਸ: ਲਛਮਣ ਸਿੰਘ ਧਾਰੋਵਾਲ, ਜੋ ਜਥੇ ਦੇ ਜਥੇਦਾਰ ਸਨ, ਨੂੰ ਕਈ ਗੋਲੀਆਂ ਲਗੀਆਂ। ਫਿਰ ਜ਼ਖ਼ਮੀ ਹਾਲਤ ਵਿਚ ਉਹਨਾਂ ਨੂੰ ਫੜ ਕੇ ਜੰਡ ਨਾਲ ਬੰਨ੍ਹ ਕੇ ਸਾੜ ਦਿਤਾ ਗਿਆ। ਇਕ ਇਤਲਾਹ ਇਹ ਵੀ ਹੈ ਕਿ ਜਥੇਦਾਰ ਲਛਮਣ ਸਿੰਘ ਧਾਰੋਵਾਲ ਦਾ ਸਿਰ ਵਢ ਕੇ ਬਦਮਾਸ਼ਾਂ ਨੇ ਮਹੰਤ ਨਰਾਇਣ ਦਾਸ ਦੇ ਪੇਸ਼ ਕੀਤਾ ਤੇ ਉਸ ਨੇ ਘੋੜੇ ਤੇ ਚੜ੍ਹ ਕੇ ਉਹ ਸਿਰ ਫੇਰਿਆ। ਫਿਰ ਧੜ ਨੂੰ ਜੰਡ ਨਾਲ ਬੰਨ੍ਹ ਕੇ ਸਾੜਿਆ। ਇਹ ਕਾਰਾ ਕਰ ਕੇ ਮਹੰਤ ਨੇ ਡੇਢ ਸੌ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਇਕੱਠੀਆਂ ਕਰਵਾਈਆਂ ਤੇ ਮਿੱਟੀ ਦੇ ਤੇਲ ਦੇ ਪੀਪੇ ਪਾ ਕੇ ਸਾੜਨ ਦਾ ਯਤਨ ਕੀਤਾ।

ਸ: ਦਲੀਪ ਸਿੰਘ ਦੀ ਸ਼ਹੀਦੀ

ਉਂਜ ਤਾਂ ਨਨਕਾਣੇ ਸਾਹਿਬ ਦੇ ਸਾਕੇ ਵਿਚ ਡੇਢ ਸੌ ਤੋਂ ਉਪਰ ਸਿੰਘ ਸ਼ਹੀਦ ਹੋਏ ਹਨ ਪਰ ਇਸ ਸੰਬੰਧ ਵਿਚ ਦੋ ਨਾਂ ਬਹੁਤ ਮਹੱਤਵਪੂਰਨ ਹਨ। ਇਕ ਸ: ਲਛਮਣ ਸਿੰਘ ਧਾਰੋਵਾਲ, ਜੋ ਜਥੇ ਦੇ ਜਥੇਦਾਰ ਬਣ ਕੇ ਗਏ ਸਨ ਤੇ ਜਿਨ੍ਹਾਂ ਨੂੰ ਜੰਡ ਨਾਲ ਬੰਨ੍ਹ ਕੇ ਸਾੜਿਆ ਗਿਆ ਸੀ। ਦੂਜਾ ਵਿਸ਼ੇਸ਼ ਨਾਂ ਭਾਈ ਦਲੀਪ ਸਿੰਘ ਸਾਹੋਵਾਲ ਦਾ ਹੈ। ਭਾਈ ਦਲੀਪ ਸਿੰਘ ਸਾਹੋਵਾਲ ਖ਼ਾਲਸਾ ਸਕੂਲ ਸਾਂਗਲਾ ਦੇ ਮੈਨੇਜਰ ਸਨ। ਜਦੋਂ ਭਾਈ ਲਛਮਣ ਸਿੰਘ ਸ਼ਹੀਦ ਦੇ ਪਿੰਡ ਧਾਰੋਵਾਲੀ ਵਿਚ ਸਿੰਘਾਂ ਦਾ ਧਾਰਮਕ ਦੀਵਾਨ ਸੀ ਤਾਂ ਉਸ ਸਮੇਂ ਖ਼ਾਲਸਾ ਸਕੂਲ ਸਾਂਗਲਾ ਦੇ ਹੈਡ-ਮਾਸਟਰ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਤਾੜਨਾ ਕੀਤੀ ਕਿ ਕੋਈ ਧਾਰੋਵਾਲੀ ਦੀਵਾਨ ਵਿਚ ਨਾ ਜਾਏ ਪਰ ਸਕੂਲ ਦੇ ਮੈਨੇਜਰ ਸ: ਦਲੀਪ ਸਿੰਘ ਉਸ ਦੀਵਾਨ ਵਿਚ ਗਏ। ਉਥੋਂ ਦੇ ਪਰਚਾਰ ਦਾ ਇੰਨਾ ਅਸਰ ਹੋਇਆ ਕਿ ਆਪ ਨੇ ਉਸੇ ਵੇਲੇ ਖੱਦਰ ਦੇ ਕਪੜੇ ਪਾ ਲਏ ਤੇ ਗੁਰਦੁਆਰਾ ਸੁਧਾਰ ਲਹਿਰ ਵਿਚ ਜੁਟ ਪਏ।

ਜਦੋਂ ਗੁਰਦੁਆਰੇ ਬਾਬੇ ਦੀ ਬੇਰ ਨੂੰ ਆਜ਼ਾਦ ਕਰਾਉਣ ਲਈ ਜਥਾ ਚਲਿਆ ਤਾਂ ਸ: ਦਲੀਪ ਸਿੰਘ ਉਸ ਨਾਲ ਗਏ ਅਤੇ ਆਪਣੇ ਪੱਲਿਉਂ ਹੋਰ ਦਸ ਸਿੰਘਾਂ ਦਾ ਕਿਰਾਇਆ ਖਰਚਿਆ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਦੋਂ ਕਬਜ਼ਾ ਕੀਤਾ ਗਿਆ ਤਾਂ ਉਸ ਸਮੇਂ ਸ: ਦਲੀਪ ਸਿੰਘ ਇਥੇ ਮੌਜੂਦ ਸਨ। ਇਸ ਪਿਛੋਂ ਹੋਰ ਵੀ ਗੁਰਦਵਾਰੇ ਆਜ਼ਾਦ ਕਰਾਉਣ ਵਿਚ ਭਾਈ ਦਲੀਪ ਸਿੰਘ ਉੱਦਮ ਕਰਦੇ ਰਹੇ।

ਜਦੋਂ ਇਹ ਫ਼ੈਸਲਾ ਹੋਇਆ ਕਿ ਕੋਈ ਜਥਾ ਨਨਕਾਣਾ ਸਾਹਿਬ ਨਾ ਜਾਏ ਤਾਂ ਇਹ ਸੁਨੇਹਾ ਪਹੁੰਚਾਣ ਦਾ ਕੰਮ ਭਾਈ ਦਲੀਪ ਸਿੰਘ ਨੂੰ ਸੌਂਪਿਆ ਗਿਆ ਕਿਉਂਕਿ ਭਾਈ ਦਲੀਪ ਸਿੰਘ ਉਸ ਸਮੇਂ ਜ਼ਿਲ੍ਹਾ ਅਕਾਲੀ ਜਥਾ ਸ਼ੇਖ਼ੂਪੁਰ ਦੇ ਜਥੇਦਾਰ ਸਨ

ਇਸ ਲਈ ਇਹ ਕੰਮ ਇਹਨਾਂ ਨੂੰ ਸੌਂਪਿਆ ਗਿਆ ਸੀ। ਸ: ਦਲੀਪ ਸਿੰਘ ਨੂੰ ਹੋਰ ਬੰਦੇ ਤਾਂ ਮਿਲ ਪਏ ਪਰ ਸਰਦਾਰ ਲਛਮਣ ਸਿੰਘ ਦਾ ਜਥਾ ਕਿਧਰੇ ਨਾ ਮਿਲਿਆ। ਇਹਨਾਂ ਨਨਕਾਣਾ ਸਾਹਿਬ ਆ ਕੇ ਵਖ ਵਖ ਰਾਹਾਂ ਤੇ ਬੰਦੇ ਭੇਜੇ ਤਾਂ ਕਿ ਲਛਮਣ ਸਿੰਘ ਦੇ ਜਥੇ ਨੂੰ ਰੋਕਿਆ ਜਾਏ। ਲਛਮਣ ਸਿੰਘ ਦੇ ਜਥੇ ਨੂੰ ਭਾਈ ਵਰਿਆਮ ਸਿੰਘ ਨੇ ਜਥਾ ਰੋਕਣ ਦੀ ਚਿੱਠੀ ਦਿਤੀ ਪਰ ਉਹ ਨਾ ਰੁਕੇ, ਝਟਪਟ ਗੁਰਦੁਆਰੇ ਚਲੇ ਗਏ। ਸ: ਵਰਿਆਮ ਸਿੰਘ ਦੌੜਿਆ ਦੌੜਿਆ ਜਥੇਦਾਰ ਦਲੀਪ ਸਿੰਘ ਪਾਸ ਪੁਜਾ ਤੇ ਉਹਨਾਂ ਨੂੰ ਸਾਰੀ ਘਟਨਾ ਦਸੀ।

ਸਰਦਾਰ ਦਲੀਪ ਸਿੰਘ ਉਸੇ ਵੇਲੇ ਗੁਰਦਵਾਰੇ ਵਲ ਦੌੜੇ ਪਰ ਉਹਨਾਂ ਦੇ ਪਹੁੰਚਣ ਤੋਂ ਪਹਿਲਾਂ ਗੋਲੀ ਚਲ ਚੁਕੀ ਸੀ ਤੇ ਮਹੰਤ ਆਪਣਾ ਕਾਰਾ ਕਰ ਚੁਕਾ ਸੀ। ਮਹੰਤ ਨਰਾਇਣ ਦਾਸ ਨੇ ਆਪ ਪਸਤੌਲ ਨਾਲ ਸ: ਦਲੀਪ ਸਿੰਘ ਤੇ ਸਰਦਾਰ ਵਰਿਆਮ ਸਿੰਘ ਨੂੰ ਮਾਰ ਦਿਤਾ। ਇਹਨਾਂ ਨੂੰ ਕਤਲ ਕਰ ਕੇ ਲਾਸ਼ਾਂ ਇੱਟਾਂ ਦੇ ਆਵੇ ਵਿਚ ਸੁਟ ਕੇ ਸਾੜ ਦਿਤੀਆਂ।

ਸ਼ਹੀਦ ਵਰਿਆਮ ਸਿੰਘ

ਨਨਕਾਣਾ ਸਾਹਿਬ ਦੇ ਸਾਕੇ ਦੇ ਸ਼ਹੀਦਾਂ ਵਿਚੋਂ ਇਕ ਹੋਰ ਉਘਾ ਨਾਂ ਸ: ਵਰਿਆਮ ਸਿੰਘ ਦਾ ਹੈ ਜੋ ਜ਼ਿਲ੍ਹਾ ਮਿੰਟਗੁਮਰੀ ਦੇ ਰਹਿਣ ਵਾਲੇ ਸਨ। ਇਹ ਵੀ ਗੁਰਦੁਆਰਾ ਸੁਧਾਰ ਲਹਿਰ ਸਮੇਂ ਜਜ਼ਬੇ ਨਾਲ ਘਰੋਂ ਆ ਕੇ ਅਕਾਲੀ ਬਣ ਗਏ। ਇਹਨਾਂ ਨੂੰ ਅਕਾਲੀ ਸਿੰਘਾਂ ਦੀ ਸੇਵਾ ਕਰਨ ਦਾ ਬੜਾ ਚਾਅ ਸੀ। ਬਹੁਤਾ ਕਰਕੇ ਲੰਗਰ ਵਿਚ ਫੁਲਕੇ ਪਕਾਉਣ ਦੀ ਸੇਵਾ ਕਰਦੇ ਸਨ। ਜਦੋਂ ਨਨਕਾਣਾ ਸਾਹਿਬ ਦੇ ਮਹੰਤ ਨਰਾਇਣ ਦਾਸ ਦੇ ਕੁਕਰਮ ਵਧੇ ਤਾਂ ਅਕਾਲੀ ਸਿੰਘਾਂ ਨੇ ਭਾਈ ਵਰਿਆਮ ਸਿੰਘ ਨੂੰ ਸੂਹੀਆ ਬਣਾ ਕੇ ਨਨਕਾਣੇ ਸਾਹਿਬ ਭੇਜਿਆ। ਭਾਈ ਵਰਿਆਮ ਸਿੰਘ ਨੇ ਗੇਰੂ ਰੰਗੇ ਕਪੜੇ ਪਾ ਲਏ ਤੇ ਉਦਾਸੀ ਸਾਧੂ ਬਣ ਕੇ ਨਨਕਾਣਾ ਸਾਹਿਬ ਚਲਾ ਗਿਆ। ਉਥੇ ਬਹੁਤਾ ਸਮਾਂ ਗੁਰਦੁਆਰੇ ਰਹਿੰਦਾ ਅਤੇ ਜੋ ਕੁਝ ਉਥੇ ਵਾਪਰਦਾ ਵੇਖਦਾ, ਉਹ ਰੋਜ਼ ਸ਼ਾਮ ਨੂੰ ਚਿੱਠੀ ਲਿਖ ਦਿੰਦਾ।

ਕੁਝ ਦਿਨਾਂ ਪਿਛੋਂ ਮਹੰਤ ਦੇ ਬੰਦਿਆਂ ਨੂੰ ਇਸ ਤੇ ਸ਼ੱਕ ਪੈ ਗਿਆ। ਇਸ ਲਈ ਇਸ ਨੂੰ ਗੁਰਦੁਆਰਾ ਛੱਡ ਕੇ ਸ਼ਹਿਰ ਜਾਣਾ ਪਿਆ। ਨਨਕਾਣਾ ਸਾਹਿਬ, ਅਕਾਲੀਆਂ ਦੇ ਹਾਮੀ ਤੇ ਸਹਾਇਕ ਉਤਮ ਸਿੰਘ ਕਾਰਖਾਨੇ ਵਾਲੇ ਸਨ। ਉਹਨਾਂ ਨੂੰ ਪਤਾ ਸੀ ਕਿ ਭਾਈ ਵਰਿਆਮ ਸਿੰਘ ਸੂਹੀਆ ਬਣ ਕੇ ਆਇਆ ਹੈ, ਇਸ ਲਈ ਸ: ਵਰਿਆਮ ਸਿੰਘ ਦੀ ਰੋਟੀ ਦਾ ਪ੍ਰਬੰਧ ਉਹਨਾਂ ਕੀਤੀ ਰਖਿਆ।

ਵਰਿਆਮ ਸਿੰਘ ਨੇ ਆਪਣੀਆਂ ਚਿੱਠੀਆਂ ਵਿਚ ਸਿੰਧੀ ਦੀ ਲੜਕੀ ਨਾਲ ਵਾਪਰੀ ਘਟਨਾ ਲਿਖੀ। ਮਹੰਤ ਨੇ ਲਾਲਾ ਲਾਜਪਤ ਨਾਲ ਰਲ ਕੇ ਜੋ ਸਾਜ਼ਸ਼ ਘੜੀ ਉਹ ਭੀ ਵਰਿਆਮ ਸਿੰਘ ਨੇ ਹੀ ਸਿਖ ਆਗੂਆਂ ਦੇ ਨੋਟਿਸ ਵਿਚ ਲਿਆਂਦੀ। ਜਦ 21 ਫ਼ਰਵਰੀ 1921 ਨੂੰ ਸ਼ਹੀਦ ਲਛਮਣ ਸਿੰਘ ਜਥਾ ਲੈ ਕੇ ਨਨਕਾਣਾ ਸਾਹਿਬ ਪਹੁੰਚਿਆ ਤਾਂ ਇਸ ਵਰਿਆਮ ਸਿੰਘ ਨੇ ਉਹਨਾਂ ਨੂੰ ਗੁਰਦਵਾਰੇ ਨਾ ਜਾਣ ਲਈ

ਪਰੇਰਿਆ ਪਰ ਉਹ ਨਾ ਰੁਕੇ। ਫਿਰ ਸ: ਦਲੀਪ ਸਿੰਘ ਨਾਲ ਸ: ਵਰਿਆਮ ਸਿੰਘ ਗਿਆ ਤੇ ਮਹੰਤ ਨੇ ਇਸ ਨੂੰ ਵੀ ਸ਼ਹੀਦ ਕਰ ਕੇ ਬਲਦੀ ਭੱਠੀ ਵਿਚ ਸੁਟ ਕੇ ਸਾੜ ਦਿਤਾ।

ਇਹਨਾਂ ਸ਼ਹੀਦੀਆਂ ਨੇ ਗੁਰਦਵਾਰੇ ਮਹੰਤਾਂ ਤੋਂ ਆਜ਼ਾਦ ਕਰਾ ਦਿਤੇ। ਗੁਰਧਾਮਾਂ ਦੇ ਸਤਿਕਾਰ ਤੇ ਪਵਿੱਤਰਤਾ ਲਈ ਸਿੰਘਾਂ ਨੇ ਜੋ ਅਨੇਕਾਂ ਕੁਰਬਾਨੀਆਂ ਕੀਤੀਆਂ ਹਨ, ਨਨਕਾਣਾ ਸਾਹਿਬ ਦਾ ਇਹ ਸਾਕਾ ਉਹਨਾਂ ਵਿਚੋਂ ਇਕ ਮਹੱਤਵਪੂਰਨ ਸਾਕਾ ਹੈ।

ਪੰਜਾ ਸਾਹਿਬ ਦੇ ਸ਼ਹੀਦ

1922 ਈਸਵੀ ਵਿਚ ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਇਕ ਮਹਾਨ ਘਟਨਾ ਵਾਪਰੀ ਜਦੋਂ ਕਿ ਸ੍ਰੀ ਪੰਜਾ ਸਾਹਿਬ ਦੇ ਅਸਥਾਨ ਤੇ ਸਿੰਘਾਂ ਨੇ ਆਪਣੀਆਂ ਜਵਾਨੀਆਂ ਭੇਟ ਕਰ ਕੇ ਉਹ ਰੇਲ ਗੱਡੀ ਰੋਕੀ ਜੋ ਕਿ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਗ੍ਰਿਫ਼ਤਾਰ ਹੋਏ ਸਿੰਘਾਂ ਨੂੰ ਅਟਕ ਤੇ ਕੈਮਲਪੁਰ ਦੀਆਂ ਜੇਲ੍ਹਾਂ ਵਲ ਲਿਜਾ ਰਹੀ ਸੀ। ਗੱਡੀ ਦੇ ਅਗੇ ਸਿੱਖ ਸੰਗਤਾਂ ਲੇਟ ਗਈਆਂ ਤੇ ਦੋ ਸਿੰਘ, ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਗੱਡੀ ਥਲੇ ਆ ਕੇ ਸ਼ਹੀਦ ਹੋ ਗਏ। ਅਸੀਂ ਸ਼ਹੀਦ ਪ੍ਰਤਾਪ ਸਿੰਘ ਦੀ ਸੁਪਤਨੀ, ਬੀਬੀ ਹਰਨਾਮ ਕੌਰ, ਜੋ ਅੱਜ ਕਲ੍ਹ ਜਲੰਧਰ ਵਿਚ ਰਹਿੰਦੇ ਹਨ, ਨਾਲ ਇਕ ਵਿਸ਼ੇਸ਼ ਇੰਟਰਵਿਊ ਕੀਤਾ ਤੇ ਗੱਡੀ ਰੋਕਣ ਦੀ ਘਟਨਾ ਦੇ ਅੱਖੀਂ ਦੇਖੇ ਹਾਲਾਤ ਸੁਣੇ। ਬੀਬੀ ਹਰਨਾਮ ਕੌਰ ਵੀ ਉਸ ਸਮੇਂ ਰੇਲ ਦੀ ਪਟੜੀ ਤੇ ਬੈਠਣ ਵਾਲਿਆਂ ਵਿਚ ਸੀ। ਉਹਨਾਂ ਜੋ ਜਾਣਕਾਰੀ ਦਿਤੀ, ਉਹ ਇਸ ਪ੍ਰਕਾਰ ਹੈ। ਇਹ ਸਾਰਾ ਇਤਿਹਾਸਕ ਸਾਕਾ ਪ੍ਰਸ਼ਨਾਂ ਉੱਤਰਾਂ ਦੇ ਰੂਪ ਵਿਚ ਦਿਤਾ ਜਾਂਦਾ ਹੈ।

ਸਵਾਲ—ਮਾਤਾ ਜੀ, ਤੁਸੀਂ ਸ੍ਰੀ ਪੰਜਾ ਸਾਹਿਬ ਗੱਡੀ ਰੋਕਣ ਵਾਲੀ ਘਟਨਾ ਬਾਰੇ ਕੁਝ ਦੱਸ ਸਕਦੇ ਹੋ? ਮੈਂ ਉਸ ਬਾਰੇ ਕੁਝ ਜਾਣਕਾਰੀ ਲੈਣ ਆਇਆ ਹਾਂ।

ਜਵਾਬ—ਦੱਸ ਕਿਉਂ ਨਹੀਂ ਸਕਦੀ? ਮੈਨੂੰ ਸਾਰੀ ਗੱਲ ਕਲ੍ਹ ਦੀ ਤਰ੍ਹਾਂ ਯਾਦ ਹੈ। ਮੈਂ ਤਾਂ ਆਪ ਉਹਨਾਂ ਲੋਕਾਂ ਵਿਚ ਸ਼ਾਮਲ ਸਾਂ ਜਿਨ੍ਹਾਂ ਨੇ ਗੱਡੀ ਰੋਕਣ ਲਈ ਲਾਈਨ ਤੇ ਡੇਰੇ ਲਾਏ ਸਨ। ਮੈਂ ਆਪਣੇ ਸ਼ਹੀਦ ਪਤੀ ਤੋਂ ਕੁਝ ਕੁ ਬੰਦੇ ਛਡ ਕੇ ਪਿਛੇ ਬੈਠੀ ਸਾਂ। ਇਸ ਬਾਰੇ ਮੈਂ ਪਿਛਲੇ ਕਈ ਸਾਲਾਂ ਤੋਂ ਅਸਲ ਹਾਲਾਤ ਦਸਣਾ ਚਾਹੁੰਦੀ ਸਾਂ ਪਰ ਕਿਸੇ ਨੇ ਸੁਣ ਕੇ ਲਿਖਣ ਦੀ ਖੇਚਲ ਨਹੀਂ ਕੀਤੀ। ਮੈਨੂੰ ਇਹ ਜਾਣ ਕੇ ਖ਼ੁਸ਼ੀ ਹੈ ਕਿ ਤੁਸੀਂ ਇਸ ਘਟਨਾ ਦਾ ਵਿਸਥਾਰ ਸੁਣਨ ਲਈ ਉਚੇਚੇ ਆਏ ਹੋ।

ਸ—ਘਟਨਾ ਕਿਵੇਂ ਵਾਪਰੀ ਸੀ? ਵਿਸਥਾਰ ਨਾਲ ਮੈਨੂੰ ਦਸੋ। ਇਉਂ ਸਮਝੋ ਕਿ ਮੈਨੂੰ ਪਹਿਲਾਂ ਕੁਝ ਵੀ ਨਹੀਂ ਪਤਾ।

ਜ—ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਦੀ ਗੱਲ ਹੈ, ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਗੱਡੀਆਂ ਭਰ ਕੇ ਕੈਮਲਪੁਰ ਤੇ ਅਟਕ ਦੀਆਂ ਜੇਲ੍ਹਾਂ ਵਿਚ ਭੇਜਿਆ ਜਾ ਰਿਹਾ ਸੀ। ਸ੍ਰੀ ਪੰਜਾ ਸਾਹਿਬ ਤੋਂ ਦੋ ਗੱਡੀਆਂ ਲੰਘ ਗਈਆਂ। ਮੇਰੇ ਸ਼ਹੀਦ ਪਤੀ ਨੇ ਸਟੇਸ਼ਨ ਮਾਸਟਰ ਨੂੰ, ਜੋ ਇਕ ਹਿੰਦੂ ਪਰ ਬੜਾ ਚੰਗਾ ਆਦਮੀ ਸੀ, ਕਿਹਾ ਕਿ ਤੁਸੀਂ ਸਾਨੂੰ ਪਤਾ ਕਿਉਂ ਨਹੀਂ ਦਿੰਦੇ ਜਦ ਗੱਡੀ ਨੇ ਲੰਘਣਾ ਹੁੰਦਾ ਹੈ। ਅਸੀਂ ਆਪਣੇ ਵੀਰਾਂ ਦੀ ਕੁਝ ਸੇਵਾ ਕੀਤਾ ਕਰੀਏ। ਉਦੋਂ ਮੇਰੇ ਪਤੀ ਸ੍ਰੀ ਪੰਜਾ ਸਾਹਿਬ ਦੇ ਗੁਰਦਵਾਰੇ ਵਿਚ ਪ੍ਰਬੰਧਕ ਸਨ। ਪਹਿਲਾਂ ਸੈਕਟਰੀ ਮੈਨੇਜਰ ਤੇ ਉਸ ਸਮੇਂ ਖਜ਼ਾਨਚੀ ਸਨ। ਇਕ ਦਿਨ ਸਟੇਸ਼ਨ ਮਾਸਟਰ ਨੇ ਇਤਲਾਹ ਦਿਤੀ ਕਿ ਸਵੇਰੇ ਅਠ ਵਜੇ ਨਾਲ ਅਕਾਲੀ

ਕੈਦੀਆਂ ਦੀ ਗੱਡੀ ਆ ਰਹੀ ਹੈ। ਇਧਰ ਇਤਲਾਹ ਮਿਲਦੇ ਸਾਰ ਹੀ ਸੰਗਤਾਂ ਨੇ ਲੰਗਰ ਤਿਆਰ ਕਰਨਾ ਸ਼ੁਰੂ ਕਰ ਦਿਤਾ। ਸਵੇਰੇ ਦੀਵਾਨ ਦੀ ਸਮਾਪਤੀ ਤੇ ਅਰਦਾਸਾ ਕੀਤਾ ਗਿਆ ਕਿ ਸਚੇ ਪਾਤਸ਼ਾਹ! ਅਸੀਂ ਗੁਰਸਿਖਾਂ ਲਈ ਪ੍ਰਸ਼ਾਦਿ ਤਿਆਰ ਕਰ ਕੇ ਲਿਜਾ ਰਹੇ ਹਾਂ। ਸਾਡੀ ਮੁਰਾਦ ਪੂਰੀ ਕਰੀਂ ਤੇ ਅਸੀਂ ਪ੍ਰਸ਼ਾਦਿ ਛਕਾ ਕੇ ਵਾਪਸ ਮੁੜੀਏ। ਜਦ ਸਟੇਸ਼ਨ ਤੇ ਪਹੁੰਚੇ ਤਾਂ ਸਟੇਸ਼ਨ ਮਾਸਟਰ ਨੇ ਦਸਿਆ ਕਿ ਪਿਛੋਂ ਇਤਲਾਹ ਆ ਗਈ ਹੈ ਕਿ ਗੱਡੀ ਇਥੇ ਖੜ੍ਹੀ ਨਹੀਂ ਹੋਵੇਗੀ ਤੇ ਸਿਧੀ ਅਗੇ ਲੰਘ ਜਾਏਗੀ। ਸੰਗਤਾਂ ਵਿਚ ਇਸ ਸਮੇਂ ਗ਼ਮ ਤੇ ਗ਼ੁੱਸੇ ਦੀ ਲਹਿਰ ਫੈਲ ਗਈ ਤੇ ਉਹਨਾਂ ਨੇ ਇਕੱਠ ਕਰ ਕੇ ਫ਼ੈਸਲਾ ਕੀਤਾ ਕਿ ਅਸੀਂ ਹਰ ਕੀਮਤ ਤੇ ਲੰਗਰ ਛਕਾਣਾ ਹੈ ਤੇ ਗੱਡੀ ਨੂੰ ਅਗੇ ਨਹੀਂ ਜਾਣ ਦਿਆਂਗੇ। ਇਸ ਫ਼ੈਸਲੇ ਨਾਲ ਪਹਿਲਾਂ ਪੈਦਾ ਹੋਈ ਨਿਰਾਸਤਾ ਇਕਦਮ ਜੋਸ਼ ਵਿਚ ਬਦਲ ਗਈ।

ਸ—ਸੰਗਤਾਂ ਦੀ ਉਸ ਸਮੇਂ ਕਿਤਨੀ ਕੁ ਗਿਣਤੀ ਸੀ?

ਜ—ਹੋਵੇਗੀ ਤਿੰਨ ਸੌ ਦੇ ਲਗਪਗ।

ਸ—ਫਿਰ ਕੀ ਹੋਇਆ?

ਜ—ਜਦ ਗੱਡੀ ਆਈ ਤਾਂ ਸਾਰੀਆਂ ਸੰਗਤਾਂ ਲਾਈਨ ਤੇ ਗੋਠ ਮਾਰ ਕੇ ਬੈਠ ਗਈਆਂ ਤੇ ਪਾਠ ਸ਼ੁਰੂ ਕਰ ਦਿਤਾ। ਕੁਝ ਬੰਦੇ ਅਗੇ ਸਿਗਨਲ ਤਕ ਜਾ ਬੈਠੇ।

ਸ—ਕੋਈ ਨਸਿਆ ਜਾਂ ਪਿਛੇ ਹਟਿਆ?

ਜ—ਸਵਾਲ ਹੀ ਪੈਦਾ ਨਹੀਂ ਹੁੰਦਾ। ਸਭ ਨੇ ਸਰਬ ਸੰਮਤੀ ਨਾਲ ਫ਼ੈਸਲਾ ਕੀਤਾ ਸੀ। ਉਸ ਸਮੇਂ ਉਥੇ ਹਾਜ਼ਰ ਕਿਸੇ ਨੂੰ ਮੌਤ ਦਾ ਭੈ ਨਹੀਂ ਸੀ। ਜੋਸ਼ੀਲੀਆਂ ਤਕਰੀਰਾਂ ਨੇ ਸਭ ਨੂੰ ਮਰਨ ਲਈ ਤਿਆਰ ਕੀਤਾ ਹੋਇਆ ਸੀ।

ਸ—ਅਗੋਂ ਕੀ ਵਾਪਰਿਆ?

ਜ—ਗੱਡੀ ਆਈ, ਡਰਾਈਵਰ ਨੇ ਸੀਟੀ ਮਾਰੀ ਪਰ ਕੋਈ ਨਾ ਉਠਿਆ। ਸਭ ਤੋਂ ਅੱਗੇ ਮੇਰੇ ਸ਼ਹੀਦ ਪਤੀ ਤੇ ਉਹਨਾਂ ਦੇ ਨਾਲ ਭਾਈ ਕਰਮ ਸਿੰਘ ਬੈਠੇ ਸਨ। ਉਹਨਾਂ ਦੇ ਉਤੋਂ ਗੱਡੀ ਲੰਘ ਗਈ ਤੇ ਕੁਝ ਜ਼ਖ਼ਮੀ ਹੋਏ ਜਿਹਨਾਂ ਨੂੰ ਇੰਜਨ ਦੇ ਛੱਜੇ ਨੇ ਚੁਕ ਕੇ ਪਰ੍ਹੇ ਸੁਟ ਦਿਤਾ।

ਮੇਰੇ ਪਤੀ ਤੇ ਸ: ਕਰਮ ਸਿੰਘ ਤਾਂ ਸ਼ਹੀਦ ਹੋ ਗਏ ਪਰ ਬਾਕੀ ਦੇ 6 ਜੋ ਗੱਡੀ ਥਲੇ ਆਏ ਸਨ, ਉਹਨਾਂ ਦੀਆਂ ਜਾਨਾਂ ਬਚ ਗਈਆ। ਕੇਵਲ ਲੱਤਾਂ ਬਾਂਹਵਾਂ ਕੱਟੀਆਂ ਗਈਆਂ। ਮੈਨੂੰ ਵੀ ਇਸ ਸਮੇਂ ਸੱਟਾਂ ਲਗੀਆਂ ਤੇ ਮੈਂ ਕਈ ਮਹੀਨੇ ਇਲਾਜ ਕਰਵਾਂਦੀ ਰਹੀ।

ਸ—ਉਨ੍ਹਾਂ ਦੀ ਸ਼ਹੀਦੀ ਮੌਕੇ ਤੇ ਹੋ ਗਈ ਸੀ ਕਿ ਪਿਛੋਂ? ਸਾਰਾ ਕੁਝ ਦਸੋ।

ਜ—ਸ਼ਹੀਦੀ ਮੌਕੇ ਤੇ ਨਹੀਂ ਹੋਈ। ਜਦ ਗੱਡੀ ਰੁਕ ਗਈ ਤਾਂ ਲੋਕੀ ਭੱਜ ਕੇ ਗੱਡੀ ਥੱਲੇ ਆਏ ਸਿੰਘਾਂ ਦੀ ਖ਼ਬਰ ਲੈਣ ਗਏ। ਮੇਰੇ ਸ਼ਹੀਦ ਪਤੀ ਨੇ ਜੋ ਸਖ਼ਤ

ਜ਼ਖ਼ਮੀ ਹਾਲਤ ਵਿਚ ਪਏ ਸਨ, ਕਿਹਾ ਕਿ ਪਹਿਲਾਂ ਗੁਰਸਿਖਾਂ ਨੂੰ ਪ੍ਰਸ਼ਾਦਿ ਛਕਾਓ ਫਿਰ ਸਾਡੀ ਸੁਰਤ ਲੈਣੀ। ਜੇ ਸਾਨੂੰ ਗੱਡੀ ਹੇਠੋਂ ਕਢ ਲਿਆ ਤਾਂ ਡਰਾਈਵਰ ਗੱਡੀ ਭਜਾ ਕੇ ਲੈ ਜਾਏਗਾ। ਇਸੇ ਤਰ੍ਹਾਂ ਕੀਤਾ ਗਿਆ। ਗੱਡੀ ਵਿਚ ਜਾ ਰਹੇ ਕੈਦੀ ਸਿੰਘਾਂ ਨੂੰ ਪ੍ਰਸ਼ਾਦਿ ਛਕਾ ਕੇ ਫਿਰ ਉਹਨਾਂ ਨੂੰ ਕਢਿਆ ਗਿਆ। ਸ਼ਹੀਦ ਭਾਈ ਕਰਮ ਸਿੰਘ ਤਾਂ ਕੁਝ ਘੰਟੇ ਪਿਛੋਂ ਹੀ ਪ੍ਰਾਣ ਤਿਆਗ ਗਏ ਪਰ ਮੇਰੇ ਪਤੀ ਨੇ ਦੂਜੇ ਦਿਨ ਅੰਮ੍ਰਿਤ ਵੇਲੇ ਜਾ ਕੇ ਸ਼ਹੀਦੀ ਪਾਈ।

ਸ—ਗੱਡੀ ਥਲੇ ਆਉਣ ਤੇ ਸ਼ਹੀਦੀ ਦੇ ਵਿਚਕਾਰਲੇ ਸਮੇਂ ਦੀ ਕੋਈ ਗੱਲ ਦਸੋ?

ਜ—ਮੈਂ ਜਦ ਉਹਨਾਂ ਦੇ ਜ਼ਖ਼ਮੀ ਹੋਣ ਪਿਛੋਂ ਉਹਨਾਂ ਨੇੜੇ ਜਾਣ ਲਗੀ ਤਾਂ ਉਹਨਾਂ ਪਹਿਲਾਂ ਕਿਹਾ ਕਿ ਮੇਰੀ ਪਤਨੀ ਏਂ ਤਾਂ ਰੋ ਕੇ ਨਾ ਆਈਂ, ਸਗੋਂ ਖ਼ੁਸ਼ ਹੋ ਕਿ ਮੈਂ ਸਿਖੀ ਦੀ ਪ੍ਰੀਖਿਆ ਵਿਚੋਂ ਪਾਸ ਹੋ ਕੇ ਜਾ ਰਿਹਾ ਹਾਂ। ਉਹਨਾਂ ਦੇ ਜਬਾੜੇ ਨੂੰ ਇਕ ਪਾਸਿਉਂ ਪਾੜ ਪੈ ਗਿਆ ਸੀ ਤੇ ਮੱਥੇ ਤੇ ਬੜੀ ਸਖ਼ਤ ਸੱਟ ਸੀ। ਉਹ ਆਪ ਅਕਾਲ ਪੁਰਖ ਦਾ ਧੰਨਵਾਦ ਕਰਦੇ ਰਹੇ ਕਿ ਉਨ੍ਹਾਂ ਨੇ ਪ੍ਰਸ਼ਾਦ ਛਕਾਣ ਦਾ ਪ੍ਰਣ ਪੂਰਾ ਕਰ ਲਿਆ ਹੈ। ਤੁਸੀਂ ਹੈਰਾਨ ਹੋਵੋਗੇ ਕਿ ਇਤਨੇ ਸਖ਼ਤ ਜ਼ਖ਼ਮੀ ਹੋਣ ਦੇ ਬਾਵਜੂਦ ਉਹਨਾਂ ਨੇ ਸ਼ਹੀਦੀ ਤੋਂ ਕੁਝ ਸਮਾਂ ਪਹਿਲਾਂ ਜਪੁਜੀ ਸਾਹਿਬ ਦਾ ਪਾਠ ਪੂਰਾ ਆਪ ਕੀਤਾ।

ਸ—ਸ਼ਹੀਦ ਪ੍ਰਤਾਪ ਸਿੰਘ ਜੀ ਦੇ ਜੀਵਨ ਦੀ ਕੋਈ ਗੱਲ ਦਸੋ। ਉਹਨਾਂ ਦੀ ਉਮਰ ਕਿੰਨੀ ਕੁ ਸੀ?

ਜ—ਸ਼ਹੀਦੀ ਸਮੇਂ ਉਹਨਾਂ ਦੀ ਉਮਰ 24-25 ਸਾਲ ਦੀ ਹੋਵੇਗੀ। ਸਾਡਾ ਵਿਆਹ ਹੋਇਆਂ ਚਾਰ ਸਾਲ ਹੀ ਹੋਏ ਸਨ। ਉਹ ਫ਼ੌਜ ਵਿਚ ਸਨ ਜਿਥੇ ਕਾਲੀ ਪਗੜੀ ਬੰਨ੍ਹਣ ਤੇ ਉਹਨਾਂ ਨੂੰ ਸਾਹਿਬ ਗੁਸੇ ਹੋਇਆ ਤੇ ਉਹਨਾਂ ਨੌਕਰੀ ਛੱਡ ਦਿਤੀ। ਰਾਵਲਪਿੰਡੀ ਆ ਕੇ ਰਹਿਣ ਲਗ ਪਏ। ਪੰਜਾ ਸਾਹਿਬ ਗੁਰਦੁਆਰਾ ਮਹੰਤਾਂ ਤੋਂ ਆਜ਼ਾਦ ਕਰਾਉਣ ਜਾਣ ਵਾਲੇ ਜਥੇ ਦੇ ਉਹ ਮੋਹਰੀ ਸਨ। ਗੁਰਦੁਆਰੇ ਦਾ ਕਬਜ਼ਾ ਲੈ ਕੇ ਉਹਨਾਂ ਨੂੰ ਪਹਿਲਾਂ ਮੈਨੇਜਰ ਸੈਕਟਰੀ ਲਾਇਆ ਗਿਆ। ਬਿਨਾਂ ਤਨਖ਼ਾਹ ਤੋਂ ਉਹ ਸੇਵਾ ਕਰਦੇ ਰਹੇ। ਅਸੀਂ ਇਸ ਸਮੇਂ ਸਾਰੇ ਜ਼ੇਵਰ ਵੇਚ ਕੇ ਸਮਾਂ ਬਿਤਾਇਆ। ਜਦ ਉਹਨਾਂ ਸ਼ਹੀਦੀ ਪਾਈ ਉਸ ਸਮੇਂ ਵੀ ਉਹ ਪ੍ਰਬੰਧਕ ਸਨ। ਸਾਡਾ ਪਹਿਲਾ ਲੜਕਾ ਹੋਇਆ ਸੀ ਜੋ ਦੋ ਸਾਲ ਦਾ ਹੋ ਕੇ ਅਕਾਲ ਚਲਾਣਾ ਕਰ ਗਿਆ। ਉਹਦੀ ਮੌਤ ਤੇ ਮੇਰੇ ਸ਼ਹੀਦ ਪਤੀ ਨੇ ਅਕਾਲ ਪੁਰਖ ਦਾ ਭਾਣਾ ਮੰਨਣ ਦਾ ਸਬੂਤ ਦਿੱਤਾ। ਬਿਲਕੁਲ ਨਾ ਰੋਏ ਸਗੋਂ ਵਾਜਿਆਂ ਨਾਲ ਉਹਨੂੰ ਸਸਕਾਰ ਕਰਨ ਲਈ ਲੈ ਕੇ ਗਏ। ਦੂਜਾ ਬੱਚਾ ਉਹਨਾਂ ਦੀ ਸ਼ਹੀਦੀ ਤੋਂ ਕੁਝ ਮਹੀਨੇ ਪਿਛੋਂ ਹੋਇਆ ਉਹ ਸਾਡੀ ਬੱਚੀ ਜੋਗਿੰਦਰ ਕੌਰ ਹੈ। (ਇਸ ਗੱਲ-ਬਾਤ ਸਮੇਂ ਬੀਬੀ ਜੋਗਿੰਦਰ ਕੌਰ ਕੋਲ ਹੀ ਬੈਠੀ ਸੀ।)

ਸ—ਇਸ ਸਾਰੇ ਸਾਕੇ ਦੀ ਕੋਈ ਹੋਰ ਵਿਸ਼ੇਸ਼ ਗੱਲ ਤੁਸੀਂ ਜਾਣਦੇ ਹੋ?

ਜ—ਗੱਡੀ ਦਾ ਡਰਾਈਵਰ ਜ਼ਿਲ੍ਹਾ ਗੁਜਰਾਤ ਦਾ ਇਕ ਅਰਾਂਈ ਮੁਸਲਮਾਨ

ਸੀ। ਮੈਨੂੰ ਉਹਦਾ ਨਾਮ ਯਾਦ ਨਹੀਂ ਰਿਹਾ। ਉਹਦੇ ਵਿਰੁਧ ਸਰਕਾਰ ਨੇ ਹਾਈਕੋਰਟ ਦੇ ਇਕ ਜੱਜ ਤੋਂ ਪੜਤਾਲ ਕਰਵਾਈ ਸੀ ਕਿ ਉਹਨੇ ਗੱਡੀ ਕਿਉਂ ਖੜੀ ਕੀਤੀ। ਉਸ ਡਰਾਈਵਰ ਦੇ ਜੱਜ ਦੇ ਸਾਹਮਣੇ ਦਿਤੇ ਬਿਆਨ ਬੜੇ ਇਤਿਹਾਸਕ ਮਹੱਤਤਾ ਵਾਲੇ ਹਨ। ਉਹਨੇ ਕਿਹਾ ਕਿ ਮੈਨੂੰ ਗੱਡੀ ਕਿਸੇ ਵੀ ਕੀਮਤ ਤੇ ਖੜੀ ਨਾ ਕਰਨ ਦਾ ਜ਼ਬਾਨੀ ਹੁਕਮ ਮਿਲਿਆ ਸੀ। ਮੈਂ ਉਸ ਹੁਕਮ ਅਨੁਸਾਰ ਗੱਡੀ ਖੜੀ ਨਹੀਂ ਸੀ ਕੀਤੀ ਤੇ ਪੂਰੀ ਰਫ਼ਤਾਰ ਨਾਲ ਲਿਜਾ ਰਿਹਾ ਸਾਂ। ਜਦ (ਸ਼ਹੀਦ) ਪ੍ਰਤਾਪ ਸਿੰਘ ਵਿਚ ਗੱਡੀ ਜਾ ਕੇ ਵੱਜੀ ਤਾਂ ਮੈਨੂੰ ਇਉਂ ਮਹਿਸੂਸ ਹੋਇਆ ਜਿਵੇਂ ਗੱਡੀ ਕਿਸੇ ਪਹਾੜ ਨਾਲ ਟਕਰਾਈ ਹੋਵੇ। ਫਿਰ ਮੇਰਾ ਹੱਥ ਵੈਕਮ ਤੋਂ ਛੁਟ ਗਿਆ ਤੇ ਗੱਡੀ ਖੜੀ ਹੋ ਗਈ। ਇੰਜਨ ਦੀ ਪੜਤਾਲ ਕਰਨ ਤੇ ਇਹੋ ਨਤੀਜਾ ਨਿਕਲਿਆ ਹੈ ਕਿ ਇਹਨੂੰ ਬਰੇਕ ਨਹੀਂ ਲਗੀ। ਮੈਨੂੰ ਤਾਂ ਇਉਂ ਲਗਾ ਜਿਵੇਂ ਕਿਸੇ ਗੁਪਤ ਤਾਕਤ ਨੇ ਆ ਕੇ ਗੱਡੀ ਰੋਕ ਦਿਤੀ ਹੋਵੇ। ਉਸ ਡਰਾਈਵਰ ਨੂੰ ਪਿਛੋਂ ਸਰਕਾਰ ਨੇ ਨੌਕਰੀ ਤੋਂ ਹਟਾ ਦਿਤਾ। ਉਹਦਾ ਬਿਆਨ ਦਸਦਾ ਹੈ ਕਿ ਸਤਿਗੁਰਾਂ ਦੀ ਅਪਾਰ ਸ਼ਕਤੀ ਨੇ ਉਸ ਸਮੇਂ ਗੱਡੀ ਰੋਕੀ।

ਸ਼ਹੀਦ ਪ੍ਰਤਾਪ ਸਿੰਘ

ਸ: ਪ੍ਰਤਾਪ ਸਿੰਘ ਜੀ ਦਾ ਜਨਮ ਜ਼ਿਲ੍ਹਾ ਗੁਜਰਾਂਵਾਲਾ ਦੇ ਸ਼ਹਿਰ ਅਕਾਲ ਗੜ੍ਹ ਵਿਚ 1898 ਈਸਵੀ ਦੇ ਸਤੰਬਰ ਦੀ 21 ਤਾਰੀਖ਼ ਨੂੰ ਹੋਇਆ। ਆਪ ਦੇ ਪਿਤਾ ਦਾ ਨਾਮ ਸ: ਸਰੂਪ ਸਿੰਘ ਤੇ ਮਾਤਾ ਦਾ ਨਾਮ ਪਰੇਮ ਕੌਰ ਸੀ। ਸ਼ੁਰੂ ਤੋਂ ਹੀ ਖ਼ਾਨਦਾਨੀ, ਗੁਰੂ ਘਰ ਦੇ ਪਿਆਰ ਤੇ ਗੁਰਸਿਖੀ ਵਿਚ ਪੂਰੇ ਸਨ। ਬਚਪਨ ਤੋਂ ਹੀ ਸ਼ਹੀਦ ਸਾਹਿਬ ਦਾ ਸਿਤਾਰਾ ਬੜਾ ਤੇਜ਼ ਸੀ। ਜੋ ਵੀ ਮਹਾਤਮਾ ਜਾਂ ਪੰਡਤ ਦੇਖਦਾ ਉਹ ਇਹ ਹੀ ਕਹਿੰਦਾ ਸੀ ਕਿ ਇਹ ਜਾਂ ਤਾਂ ਬਾਦਸ਼ਾਹ ਹੋਵੇਗਾ ਜਾਂ ਫ਼ਕੀਰ। ਬਚਪਨ ਤੋਂ ਗਤਕੇ ਦਾ ਸ਼ੌਕ ਸੀ। ਜਿਥੇ ਵੀ ਕੋਈ ਦੇਸ਼ ਵਾਸਤੇ ਗੱਲ ਕਰਦਾ ਸਭ ਤੋਂ ਅਗੇ ਵਧ ਕੇ ਹਿੱਸਾ ਲੈਂਦੇ।

ਦਸਵੀਂ ਪਾਸ ਕੀਤੀ। ਇਹਨਾਂ ਦਾ ਭਾਈ ਸ਼ਿਮਲੇ ਵਿਚ ਆਰਮੀ ਹੈੱਡਕਵਾਟਰ ਵਿਚ ਸੀ। ਉਨ੍ਹਾਂ ਆਪਣੇ ਪਾਸ ਬੁਲਾ ਲਿਆ, ਕਿਉਂਕਿ ਸਭ ਨੂੰ ਡਰ ਸੀ ਕਿ ਕਿਧਰੇ ਇਹ ਪੁਲੀਟੀਕਲ ਕੰਮਾਂ ਵਿਚ ਹਿਸਾ ਨਾ ਲੈਣ ਲਗ ਪੈਣ। ਸੋ ਉਥੇ ਇਨ੍ਹਾਂ ਨੂੰ ਵੀ ਆਰਮੀ ਹੈੱਡਕਵਾਟਰ ਵਿਚ ਨੌਕਰ ਕਰਵਾ ਦਿਤਾ। 19 ਸਾਲ ਦੀ ਉਮਰ ਵਿਚ ਸ਼ਾਦੀ ਹੋਈ। ਧਰਮ ਪਤਨੀ ਦਾ ਨਾਮ ਹਰਨਾਮ ਕੌਰ ਸੀ, ਜਿਸ ਦੀ ਉਮਰ ਉਸ ਵੇਲੇ 15 ਸਾਲ ਦੀ ਸੀ। ਸ਼ਿਮਲੇ ਵਿਚ ਇਕ ਇਹਨਾਂ ਦਾ ਦੋਸਤ ਡਾਕਟਰ ਸੀ, ਉਸ ਦਾ ਲੜਕਾ ਦੋ ਸਾਲ ਦਾ ਹੋ ਕੇ ਮਰ ਗਿਆ। ਉਸ ਨੇ ਕਿਸੇ ਨੂੰ ਰੋਣ ਨਾ ਦਿਤਾ ਤੇ ਪ੍ਰਮਾਤਮਾ ਦਾ ਭਾਣਾ ਮੰਨਿਆ। ਸ਼ਹੀਦ ਸਾਹਿਬ ਨੇ ਵੀ ਦਿਲ ਵਿਚ ਧਾਰ ਲਿਆ ਕਿ ਜੇ ਮੇਰੇ ਘਰ ਵਿਚ ਲੜਕਾ ਹੋਵੇ ਤੇ ਦੋ ਸਾਲ ਦਾ ਮਰੇ, ਮੈਂ ਵੀ ਭਾਣਾ ਮੰਨਾਂਗਾ। ਸੋ ਮਹਾਰਾਜ ਨੇ ਲੜਕਾ ਦੇ ਦਿਤਾ। ਲੜਕਾ ਬੜਾ ਹੋਣਹਾਰ ਸੀ। ਇਸ ਦੌਰਾਨ ਵਿਚ ਇਹਨਾਂ ਦੀ ਤਬਦੀਲੀ ਰਾਵਲਪਿੰਡੀ ਹੋ ਗਈ। ਇਸ ਸਮੇਂ ਵਿਚ ਅਕਾਲੀ ਲਹਿਰ ਚਲੀ ਤੇ ਸ: ਸਾਹਿਬ ਦਫ਼ਤਰ ਵਿਚ ਕਾਲੀ ਪਗੜੀ ਬੰਨ੍ਹ ਕੇ ਚਲੇ

ਗਏ। ਅੰਗਰੇਜ਼ ਅਫ਼ਸਰ ਸੀ। ਉਸ ਨੇ ਕਿਹਾ ਕਿ ਮਿਸਟਰ ਸਿੰਘ ਕਾਲੀ ਪਗ ਦਫ਼ਤਰ ਵਿਚ ਬੰਨ੍ਹ ਕੇ ਨਹੀਂ ਆ ਸਕਦੇ। ਸ਼ਹੀਦ ਪ੍ਰਤਾਪ ਸਿੰਘ ਦੀ ਉਸ ਨਾਲ ਬਹਿਸ ਹੋ ਗਈ। ਉਸ ਨੇ ਕਿਹਾ ਕਿ ਕਾਲੀ ਪਗੜੀ ਨਹੀਂ ਲਾਹੋਗੇ ਤਾਂ ਤੁਹਾਨੂੰ ਅਸਤੀਫ਼ਾ ਦੇਣਾ ਪਵੇਗਾ।

ਸਰਦਾਰ ਸਾਹਿਬ ਉਸੇ ਵਕਤ ਅਸਤੀਫ਼ਾ ਦੇ ਕੇ ਆ ਗਏ। ਉਸ ਤੋਂ ਪਹਿਲਾਂ ਥੋੜ੍ਹੀ ਦੇਰ ਜਲ੍ਹਿਆਂ ਵਾਲੇ ਬਾਗ਼ ਦੇ ਅੰਦੋਲਨ ਵਿਚ ਹਿਸਾ ਲਿਆ ਸੀ। ਫੇਰ ਗੁਰਦਵਾਰਾ ਪੰਜਾ ਸਾਹਿਬ ਆਜ਼ਾਦ ਕਰਾਉਣ ਵਿਚ ਸਭ ਤੋਂ ਪਹਿਲਾਂ ਹਿਸਾ ਲਿਆ। ਉਥੇ ਜਾ ਕੇ ਪੰਜਾ ਸਾਹਿਬ ਦੀ ਸੇਵਾ ਚੁਕ ਲਈ। ਥੋੜ੍ਹੀ ਦੇਰ ਮੈਨੇਜਰ ਦਾ ਕੰਮ ਕੀਤਾ। ਫੇਰ ਖ਼ਜ਼ਾਨਚੀ ਦਾ ਕੰਮ ਸੰਭਾਲਿਆ। 2 ਸਾਲ ਅਟੁਟ ਸੇਵਾ ਕੀਤੀ। ਸੂਟ ਆਦਿ ਸਾੜ ਕੇ ਖੱਦਰ ਦਾ ਚੋਲਾ ਪਹਿਨ ਲਿਆ।

1922 ਵਿਚ 1 ਜਨਵਰੀ ਨੂੰ ਬੱਚਾ ਵੀ ਦੋ ਸਾਲ ਦਾ ਹੋ ਗਿਆ। ਨਾਲ ਦੀ ਗੁਆਂਢਣ ਦੇ ਬੱਚੇ ਨੇ ਪਤਾ ਦਿਤਾ ਕਿ ਉਹ ਉਬਲਦੇ ਪਾਣੀ ਵਿਚ ਸੜ ਕੇ ਮਰ ਗਿਆ ਹੈ। ਭਾਈ ਸਾਹਿਬ ਨੂੰ ਆਪਣਾ ਵਾਹਿਦਾ ਯਾਦ ਸੀ। ਉਸੇ ਵੇਲੇ ਬੈਂਡ ਵਾਜਾ ਵਜਾ ਕੇ ਉਸ ਦਾ ਜਲੂਸ ਕਢਿਆ ਗਿਆ ਤੇ ਸਭ ਨੂੰ ਸਾਫ਼ ਸ਼ਬਦਾਂ ਵਿਚ ਕਿਹਾ ਕਿ ਅੱਜ ਮਹਾਰਾਜ ਨੇ ਮੇਰਾ ਇਮਤਿਹਾਨ ਲਿਆ ਹੈ। ਉਹ ਆਪਣੇ ਵਲੋਂ ਕੋਸ਼ਸ਼ ਇਹ ਕਰਨਾ ਚਾਹੁੰਦੇ ਸਨ ਕਿ ਮੈਂ ਪਾਸ ਨਿਕਲਾਂ। 16 ਨਵੰਬਰ 1922 ਨੂੰ ਸਟੇਸ਼ਨ ਮਾਸਟਰ ਨੇ ਕਿਹਾ ਕਿ ਸ: ਸਾਹਿਬ ਤੁਸੀਂ ਬੜਾ ਚੰਗਾ ਕਿਹਾ ਹੈ ਕਿ ਅਸੀਂ ਸਿੱਖਾਂ ਨੂੰ ਭੋਜਨ ਛਕਾਣਾ ਹੈ। ਸੋ ਅੱਜ ਅਕਾਲੀ ਵੀਰਾਂ ਦੀ ਗੱਡੀ ਅਟਕ ਜੇਲ੍ਹ ਜਾ ਰਹੀ ਹੈ। ਜੇ ਭੋਜਨ ਛਕਾਣਾ ਹੋਵੇ ਤਾਂ ਸਵੇਰੇ ਸਾਢੇ 8 ਵਜੇ ਪਹੁੰਚ ਜਾਣਾ। ਸਵੇਰੇ 4 ਵਜੇ ਲੰਗਰ ਪਕਣਾ ਸ਼ੁਰੂ ਹੋਇਆ। 8 ਵਜੇ ਅਰਦਾਸਾ ਕੀਤਾ ਕਿ ਮਹਾਰਾਜ ਸਾਡੇ ਵੀਰ ਭੋਜਨ ਛਕਣ ਤੇ ਅਸੀਂ ਵਾਪਸ ਆਈਏ। ਉਥੇ ਬਾਊ ਨੇ ਕਿਹਾ ਕਿ ਹੁਕਮ ਆ ਗਿਆ ਹੈ ਕਿ ਗੱਡੀ ਖੜੀ ਨਹੀਂ ਹੋ ਸਕਦੀ ਸੋ ਲੰਗਰ ਵਾਪਸ ਲੈ ਜਾਵੋ। ਸ਼ਹੀਦ ਸਾਹਿਬ ਨੇ ਕਿਹਾ ਕਿ ਅਸੀਂ ਅਰਦਾਸਾ ਸੋਧ ਕੇ ਆਏ ਹਾਂ ਹੁਣ ਗੁਰੂ ਆਪੇ ਗੱਡੀ ਖਲ੍ਹਾਰੇਗਾ। ਲਾਈਨ ਤੇ ਬੈਠ ਗਏ। ਸੰਗਤਾਂ ਸਭ ਨਾਲ ਸਨ। ਗੱਡੀ ਆਈ ਤੇ ਕੁਝ ਬੰਦਿਆਂ ਦੇ ਉਤੋਂ ਲੰਘ ਕੇ ਰੁਕ ਗਈ। ਸਿੰਘਾਂ ਨੇ ਕੈਦੀ ਵੀਰਾਂ ਨੂੰ ਪ੍ਰਸ਼ਾਦਿ ਛਕਾਇਆ। ਸ਼ਹੀਦ ਸ: ਪ੍ਰਤਾਪ ਸਿੰਘ ਆਪਣੀ ਜੀਵਨ ਯਾਤਰਾ ਇਉਂ ਸੰਪੂਰਨ ਕਰ ਕੇ ਚਲੇ ਗਏ ਪਰ ਉਹਨਾਂ ਦਾ ਨਾਂ ਰਹਿੰਦੀ ਦੁਨੀਆਂ ਤਕ ਰਹੇਗਾ।

ਸ਼ਹੀਦ ਸ: ਕਰਮ ਸਿੰਘ

ਪੰਜਾ ਸਾਹਿਬ ਦੇ ਇਸ ਸ਼ਹੀਦੀ ਸਾਕੇ ਦੇ ਦੂਜੇ ਸ਼ਹੀਦ ਸ: ਕਰਮ ਸਿੰਘ ਸਨ ਜੋ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਮਹੰਤ ਭਾਈ ਭਗਵਾਨ ਸਿੰਘ ਜੀ ਦੇ ਸਪੁੱਤਰ ਸਨ। ਮਾਤਾ ਦਾ ਨਾਮ ਰੂਪ ਕੌਰ ਸੀ। ਆਪ ਚਾਰ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ। ਪਹਿਲਾਂ ਨਾਮ ਸੰਤ ਸਿੰਘ ਸੀ ਪਰ ਜਦੋਂ ਅਬਚਲ ਨਗਰ, ਸ੍ਰੀ ਹਜ਼ੂਰ ਸਾਹਿਬ ਜਾ ਕੇ ਅੰਮ੍ਰਿਤ-ਪਾਨ ਕਰ ਲਿਆ ਤਾਂ ਗੁਰਮਰਯਾਦਾ ਅਨੁਸਾਰ ਗੁਰਵਾਕ ਤੋਂ ਨਵਾਂ ਨਾਮ ਕਰਮ ਸਿੰਘ ਰਖ ਲਿਆ। ਪਿਤਾ ਭਾਈ ਭਗਵਾਨ ਸਿੰਘ ਬੜੇ ਗੁਰਮੁਖ,

ਵਿਦਵਾਨ ਤੇ ਦੀਦਾਰੀ ਸਿੰਘ ਸਨ। ਮਹਾਰਾਜਾ ਪਟਿਆਲਾ ਨੇ ਉਨ੍ਹਾਂ ਨੂੰ ਪਟਿਆਲੇ ਸੱਦ ਲਿਆ ਤੇ ਇਥੇ ਗੁਰਮਤਿ ਪ੍ਰਚਾਰ ਕਰਵਾਇਆ। ਸ: ਕਰਮ ਸਿੰਘ ਨੇ ਆਪਣੇ ਪਿਤਾ ਤੋਂ ਗੁਰਬਾਣੀ ਕੰਠ ਕੀਤੀ, ਕੀਰਤਨ ਸਿਖਿਆ ਤੇ ਕਥਾ ਕਰਨ ਵਿਚ ਵਿਸ਼ੇਸ਼ ਦਿਲਚਸਪੀ ਲਈ। ਇਸੇ ਲਈ ਪਿਤਾ ਦੀ ਥਾਂ ਸ੍ਰੀ ਕੇਸਗੜ੍ਹ ਸਾਹਿਬ ਦੇ ਮਹੰਤ ਬਣ ਗਏ। ਜਦੋਂ ਗੁਰਦਵਾਰਾ ਸੁਧਾਰ ਲਹਿਰ ਚਲੀ ਤਾਂ ਭਾਈ ਕਰਮ ਸਿੰਘ ਨੇ ਆਪ ਮਹੰਤੀ ਛਡ ਦਿਤੀ ਤੇ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਪੁਰਦ ਕਰ ਦਿਤਾ।

ਫਿਰ ਸ੍ਰੀ ਅੰਮ੍ਰਿਤਸਰ ਆ ਗਏ ਤੇ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਪੰਥਕ ਸੇਵਾ ਨਿਭਾਉਣ ਲਗੇ। ਆਪ ਨੂੰ ਇਤਿਹਾਸਕ ਗੁਰ-ਅਸਥਾਨਾਂ ਦੀ ਸੇਵਾ ਤੇ ਦਰਸ਼ਨ ਦੀਦਾਰੇ ਕਰਨ ਦੀ ਲਗਨ ਸੀ, ਇਸ ਲਈ ਨਨਕਾਣਾ ਸਾਹਿਬ ਤੋਂ ਹੋ ਕੇ ਪੰਜਾ ਸਾਹਿਬ ਪੁਜ ਗਏ ਤੇ ਉਥੇ ਕੀਰਤਨ ਦੀ ਸੇਵਾ ਕਰਨ ਲਗੇ। 31 ਅਕਤੂਬਰ 1922 ਈਸਵੀ ਨੂੰ ਜਦੋਂ ਗੁਰੂ ਕੇ ਬਾਗ਼ ਦੇ ਕੈਦੀ ਸਿੰਘਾਂ ਦੀ ਭਰੀ ਗੱਡੀ ਹਸਨ ਅਬਦਾਲ ਸਟੇਸ਼ਨ ਤੋਂ ਲੰਘਣੀ ਸੀ ਤਾਂ ਵੀਰ ਕੈਦੀਆਂ ਨੂੰ ਲੰਗਰ ਛਕਾਣ ਵਾਲਿਆਂ ਵਿਚ ਆਪ ਵੀ ਸਟੇਸ਼ਨ ਤੇ ਪਹੁੰਚੇ। ਸਗੋਂ ਸਵੇਰ ਦੇ ਆਸਾ ਦੀ ਵਾਰ ਦੇ ਕੀਰਤਨ ਵਿਚ ਪ੍ਰੇਰਨਾ ਕਰ ਕੇ ਸੰਗਤਾਂ ਨੂੰ ਸਟੇਸ਼ਨ ਤੇ ਲੈ ਆਏ। ਆਪ ਦੀ ਆਯੂ ਉਸ ਸਮੇਂ 30 ਕੁ ਸਾਲ ਦੀ ਸੀ ਤੇ ਧਰਮਪਤਨੀ 20 ਕੁ ਸਾਲ ਦੀ ਸੀ। ਉਸ ਦੇ ਕੋਈ ਬੱਚਾ ਨਹੀਂ ਸੀ।

ਜਦ ਗੱਡੀ ਆਈ ਤੇ ਸਟੇਸ਼ਨ ਮਾਸਟਰ ਨੇ ਸਿੱਧੇ ਅਗ੍ਹਕ ਲੰਘ ਜਾਣ ਲਈ ਸਿਗਨਲ ਦੇ ਦਿਤਾ ਤਾਂ ਸੰਗਤਾਂ ਰੇਲ-ਪਟੜੀ 'ਤੇ ਬੈਠ ਗਈਆਂ। ਸਭ ਤੋਂ ਅਗੇ ਸ: ਕਰਮ ਸਿੰਘ ਤੇ ਸ: ਪ੍ਰਤਾਪ ਸਿੰਘ ਸਨ ਜਿਨ੍ਹਾਂ ਦੇ ਇੰਜਣ ਥਲੇ ਆ ਜਾਣ ਨਾਲ ਰੇਲ ਗੱਡੀ ਰੁਕ ਗਈ ਤੇ ਸੰਗਤਾਂ ਨੇ ਲੰਗਰ ਛਕਾ ਲਿਆ। ਪਿਛੋਂ ਸ਼ਹੀਦਾਂ ਦੇ ਸਰੀਰ ਇੰਜਣ ਹੇਠੋਂ ਕਢੇ ਗਏ।

ਜੈਤੋ ਦੇ ਸ਼ਹੀਦ

ਗੁਰਦਵਾਰਾ ਸੁਧਾਰ ਲਹਿਰ ਤੇ ਅਕਾਲੀ ਲਹਿਰ ਸਮੇਂ ਕਈ ਮੋਰਚੇ ਲਗੇ, ਜਿਨ੍ਹਾਂ ਵਿਚ ਸਿੱਖ ਕੌਮ ਨੇ ਗੁਰਦਵਾਰਿਆਂ ਦੀ ਪਵਿੱਤਰਤਾ, ਸਿੱਖੀ ਮਰਯਾਦਾ ਤੇ ਅਣਖ ਦੀ ਖ਼ਾਤਰ ਅਨੇਕਾਂ ਜਵਾਨੀਆਂ ਵਾਰੀਆਂ ਤੇ ਸ਼ਹੀਦਾਂ ਦੀ ਸੂਚੀ ਵਿਚ ਬਹੁਤ ਵੱਡਾ ਵਾਧਾ ਕੀਤਾ। ਅਕਾਲੀ ਲਹਿਰ ਸਮੇਂ ਹੀ ਜੈਤੋ ਵਿਖੇ ਗੁਰਦੁਆਰਾ ਗੰਗਸਰ ਦਾ ਮੋਰਚਾ ਸ਼ੁਰੂ ਹੋਇਆ, ਜਿਸ ਵਿਚ ਸ਼੍ਰੋਮਣੀ ਕਮੇਟੀ ਦੀ ਇਤਲਾਹ ਅਨੁਸਾਰ ਇਕ ਸੌ ਤੋਂ ਵੱਧ ਸਿੰਘ ਸਿੰਘਣੀਆਂ ਸ਼ਹੀਦ ਹੋਏ ਤੇ ਹਜ਼ਾਰਾਂ ਨੇ ਜੇਲ੍ਹਾਂ ਦੇ ਅਕਹਿ ਤੇ ਅਸਹਿ ਕਸ਼ਟ ਸਹਾਰੇ। ਗੁਰਦੁਆਰਾ ਗੰਗਸਰ ਵਿਖੇ ਅਖੰਡ ਪਾਠ ਰਖਣ ਲਈ ਸਿੱਖਾਂ ਨੇ ਜੋ ਸ਼ਹੀਦੀਆਂ ਦਿਤੀਆਂ ਉਹਨਾਂ ਕੁਰਬਾਨੀਆਂ ਨੇ ਸਾਰੀ ਕੌਮ ਦੀ ਕਦਰ ਭਾਰਤ ਵਿਚ ਹੀ ਨਹੀਂ, ਸਗੋਂ ਸਾਰੇ ਸੰਸਾਰ ਵਿਚ ਪੈਦਾ ਕਰ ਦਿਤੀ। ਇਸ ਦੇ ਨਾਲ ਹੀ ਦੇਸ਼ ਦੀ ਆਜ਼ਾਦੀ ਲਈ ਲੜਾਈ ਨੂੰ ਵੀ ਬੜੀ ਸਹਾਇਤਾ ਮਿਲੀ।

ਜੈਤੋ ਦਾ ਮੋਰਚਾ ਲੱਗਣ ਦਾ ਮੂਲ ਕਾਰਨ ਮਹਾਰਾਜਾ ਨਾਭੇ ਦਾ ਗੱਦੀਓਂ ਲਾਹਿਆ ਜਾਣਾ ਸੀ। ਮਹਾਰਾਜਾ ਨਾਭਾ, ਰਿਪਦੁਮਨ ਸਿੰਘ ਨੇ 1912 ਵਿਚ ਗੱਦੀ ਤੇ ਬੈਠਦਿਆਂ ਹੀ ਕੁਝ ਅਜਿਹੇ ਚੰਗੇ ਤੇ ਸ਼ਲਾਘਾਯੋਗ ਕੰਮ ਕੀਤੇ ਜਿਨ੍ਹਾਂ ਸਦਕਾ ਕੌਮ ਵਿਚ ਉਹਦਾ ਬੜਾ ਸਤਿਕਾਰ ਵਧ ਗਿਆ। ਮਹਾਰਾਜੇ ਨੇ ਗਵਰਨਰ ਜਨਰਲ ਦੀ ਕੌਂਸਲ ਦਾ ਮੈਂਬਰ ਬਣ ਕੇ ਅਨੰਦ ਮੈਰਿਜ ਬਿਲ ਪਾਸ ਕਰਵਾਇਆ ਤੇ ਗੁਰਦਵਾਰਾ ਰਕਾਬ ਗੰਜ ਦੇ ਮੋਰਚੇ ਸਮੇਂ ਕੌਮ ਦਾ ਸਾਥ ਦਿਤਾ। ਮਹਾਰਾਜਾ ਰਿਪਦੁਮਨ ਸਿੰਘ ਦੀ ਸਿੱਖ ਕੌਮ ਵਿਚ ਵਧ ਰਹੀ ਪ੍ਰਸਿੱਧਤਾ ਅੰਗਰੇਜ਼ਾਂ ਨੂੰ ਰੜਕਣ ਲਗ ਪਈ।

ਪਹਿਲੇ ਸੰਸਾਰ ਯੁਧ ਸਮੇਂ ਮਹਾਰਾਜਾ ਰਿਪਦੁਮਨ ਸਿੰਘ ਨੇ ਅੰਗਰੇਜ਼ ਸਰਕਾਰ ਨੂੰ ਫ਼ੌਜੀ ਮਦਦ ਦੇਣ ਤੋਂ ਇਨਕਾਰ ਕਰ ਦਿਤਾ। ਭਾਰਤ ਦੀ ਅੰਗਰੇਜ਼ ਸਰਕਾਰ ਨੇ ਮਹਾਰਾਜਾ ਰਿਪਦੁਮਨ ਸਿੰਘ ਨੂੰ ਗੱਦੀ ਤੋਂ ਲਾਹੁਣ ਲਈ ਸਾਜ਼ਸ਼ਾਂ ਸ਼ੁਰੂ ਕਰ ਦਿਤੀਆਂ। ਉਧਰੋਂ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਤੇ ਮਹਾਰਾਜਾ ਨਾਭਾ ਵਿਚਕਾਰ ਝਗੜਾ ਚਲ ਪਿਆ। ਅੰਗਰੇਜ਼ਾਂ ਨੇ ਮਹਾਰਾਜਾ ਪਟਿਆਲਾ ਰਾਹੀਂ ਮਹਾਰਾਜਾ ਨਾਭਾ ਵਿਰੁੱਧ ਕਈ ਮੁਕੱਦਮੇ ਬਣਾ ਦਿਤੇ। ਅਖ਼ੀਰ ਮਹਾਰਾਜਾ ਨਾਭਾ ਨੂੰ ਇਤਨਾ ਮਜਬੂਰ ਕਰ ਦਿਤਾ ਕਿ ਉਹ ਰਾਜ ਛਡ ਦੇਵੇ।

9 ਜੁਲਾਈ 1923 ਨੂੰ ਮਹਾਰਾਜਾ ਰਿਪਦੁਮਨ ਸਿੰਘ ਨੂੰ ਗੱਦੀ ਤੋਂ ਲਾਹ ਦਿਤਾ ਗਿਆ ਤੇ ਰਿਆਸਤ ਦਾ ਪ੍ਰਬੰਧ ਇਕ ਅੰਗਰੇਜ਼ ਪ੍ਰਬੰਧਕ ਦੇ ਹੱਥ ਦੇ ਦਿਤਾ ਗਿਆ। ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹ ਕੇ ਕੁਝ ਸਮਾਂ ਡੇਹਰਾਦੂਨ ਰਖਿਆ ਗਿਆ ਤੇ ਫਿਰ ਮਦਰਾਸ ਪ੍ਰਾਂਤ ਵਿਚ ਕਿਸੇ ਜੇਲ੍ਹ ਭੇਜ ਦਿਤਾ।

ਮਹਾਰਾਜਾ ਨਾਭਾ ਦੀ ਗ੍ਰਿਫ਼ਤਾਰੀ ਵਿਰੁੱਧ ਸਿੱਖਾਂ ਵਿਚ ਬੜਾ ਗੁੱਸਾ ਪੈਦਾ ਹੋ ਗਿਆ। ਸਿੱਖ ਜਨਤਾ ਵਿਚ ਜੋਸ਼ ਵਧ ਗਿਆ ਤੇ ਅਖ਼ੀਰ ਸ਼੍ਰੋਮਣੀ ਕਮੇਟੀ ਨੂੰ ਇਹ ਮਾਮਲਾ ਆਪਣੇ ਹੱਥ ਲੈਣਾ ਪਿਆ। 9 ਸਤੰਬਰ 1923 ਨੂੰ ਰੋਸ ਦਿਨ ਮਨਾਉਣ ਦਾ ਸਿੱਖ ਜਗਤ ਨੇ ਫ਼ੈਸਲਾ ਕੀਤਾ। ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੇ ਅਪੀਲ ਕੀਤੀ ਕਿ ਮਹਾਰਾਜੇ ਨਾਲ ਹਮਦਰਦੀ ਵਜੋਂ ਨੰਗੇ ਪੈਰੀਂ ਜਲੂਸ ਕਢੇ ਜਾਣ। ਇਸ ਵਿਸ਼ਾਲ ਪ੍ਰੋਗਰਾਮ ਦੀ ਤਿਆਰੀ ਲਈ ਥਾਂ-ਥਾਂ ਪਹਿਲਾਂ ਦੀਵਾਨ ਰਖੇ ਗਏ। ਇਸੇ ਸੰਬੰਧ ਵਿਚ 27 ਅਗਸਤ ਨੂੰ ਜੈਤੋ ਵਿਚ ਦੀਵਾਨ ਹੋਇਆ। ਪੁਲਸ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚੋਂ ਸ: ਇੰਦਰ ਸਿੰਘ ਮੌੜ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤੇ ਰੋਸ ਵਜੋਂ ਗੁਰਦੁਆਰਾ ਗੰਗਸਰ ਵਿਚ ਲਗਾਤਾਰ ਦੀਵਾਨ ਜਾਰੀ ਰਖਣ ਦਾ ਫ਼ੈਸਲਾ ਹੋ ਗਿਆ। ਪੁਲਸ ਨੇ ਕੁਝ ਹੋਰ ਬੰਦੇ ਗ੍ਰਿਫ਼ਤਾਰ ਕਰ ਲਏ।

13 ਸਤੰਬਰ 1923 ਨੂੰ ਪੁਲਸ ਨੇ ਗੁਰਦਵਾਰਾ ਗੰਗਸਰ ਤੇ ਕਬਜ਼ਾ ਕਰ ਲਿਆ। ਉਥੇ ਹਾਜ਼ਰ ਸੌ ਤੋਂ ਉਪਰ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਗੁਰਦਵਾਰੇ ਵਿਚ ਉਸ ਸਮੇਂ ਅਖੰਡ ਪਾਠ ਹੋ ਰਿਹਾ ਸੀ। ਪੁਲਸ ਪਾਠੀ ਸਿੰਘ ਨੂੰ ਵੀ ਘਸੀਟ ਕੇ ਬਾਹਰ ਲੈ ਗਈ ਤੇ ਅਖੰਡ ਪਾਠ ਖੰਡਤ ਹੋ ਗਿਆ। ਇਸ ਘਟਨਾ ਦੇ ਹੁੰਦੇ ਸਾਰ ਹੀ ਸਿੱਖਾਂ ਨੇ ਜੈਤੋ ਵਿਚ ਮੋਰਚਾ ਲਾਉਣ ਦਾ ਐਲਾਨ ਕਰ ਦਿਤਾ। ਇਉਂ ਅੰਗਰੇਜ਼ਾਂ ਤੇ ਸਿੱਖ ਕੌਮ ਵਿਚ ਸਿੱਧੀ ਟੱਕਰ ਦਾ ਮੌਕਾ ਬਣ ਗਿਆ।

ਅੰਗਰੇਜ਼ ਸਰਕਾਰ ਸਿੱਖ ਕੌਮ ਨੂੰ ਦਬਾ ਕੇ ਕੁਚਲ ਦੇਣਾ ਚਾਹੁੰਦੀ ਸੀ ਤੇ ਸਿੱਖ ਆਪਣੀਆਂ ਕੁਰਬਾਨੀਆਂ ਨਾਲ ਅੰਗਰੇਜ਼ ਸਰਕਾਰ ਨੂੰ ਝੁਕਾਉਣ 'ਤੇ ਤੁਲੇ ਹੋਏ ਸਨ। ਗੱਲ ਮਹਾਰਾਜਾ ਰਿਪਦੁਮਨ ਸਿੰਘ ਨਾਭਾ ਦੇ ਗੱਦੀਂ ਤੋਂ ਲਾਹੇ ਜਾਣ ਕਾਰਨ ਸ਼ੁਰੂ ਹੋਈ ਸੀ, ਪਰ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਖੰਡਤ ਹੋਣ ਨਾਲ ਇਸ ਅੰਦੋਲਨ ਨੇ ਨਵਾਂ ਰੂਪ ਧਾਰ ਲਿਆ ਤੇ ਸ਼੍ਰੋਮਣੀ ਕਮੇਟੀ ਨੇ ਸਤਿਆਗ੍ਰਹੀ ਜਥੇ ਭੇਜਣੇ ਸ਼ੁਰੂ ਕਰ ਦਿਤੇ।

15 ਸਤੰਬਰ ਨੂੰ ਪਹਿਲਾ 25 ਸਿੰਘਾਂ ਦਾ ਜਥਾ ਜੈਤੋ ਭੇਜਿਆ ਗਿਆ ਤੇ ਉਸ ਪਿਛੋਂ ਲਗਾਤਾਰ ਛੇ ਮਹੀਨੇ ਪੰਜੀ-ਪੰਜੀ ਸਿੰਘਾਂ ਦੇ ਜਥੇ ਜਾਂਦੇ ਰਹੇ। ਅੰਗਰੇਜ਼ਾਂ ਦੀ ਹਦਾਇਤ ਤੇ ਪੁਲਸ ਇਨ੍ਹਾਂ ਜਥਿਆਂ ਨੂੰ ਮਾਰਦੀ ਕੁਟਦੀ ਤੇ ਗ੍ਰਿਫ਼ਤਾਰ ਕਰ ਕੇ ਤਸੀਹੇ ਦੇਂਦੀ ਰਹੀ। ਫਿਰ ਦੂਰ ਲਿਜਾ ਕੇ ਜੰਗਲਾਂ ਵਿਚ ਛਡ ਦਿਤਾ ਜਾਂਦਾ। ਇਸ ਮੋਰਚੇ ਸਮੇਂ ਸਿੱਖਾਂ ਨੇ ਜਿਸ ਕੁਰਬਾਨੀ ਤੇ ਸ਼ਾਂਤਮਈ ਅੰਦੋਲਨ ਦੀ ਮਿਸਾਲ ਕਾਇਮ ਕੀਤੀ, ਉਸ ਨੂੰ ਇਤਿਹਾਸ ਵਿਚ ਖ਼ਾਸ ਮਹਾਨਤਾ ਪ੍ਰਾਪਤ ਹੈ।

.ਮੋਰਚਾ ਲੰਮਾ ਹੁੰਦਾ ਵੇਖ ਕੇ ਪੰਜ ਪੰਜ ਸੌ ਦੇ ਜਥੇ ਭੇਜਣ ਦਾ ਪ੍ਰੋਗਰਾਮ ਬਣ ਗਿਆ ਤੇ 9 ਫ਼ਰਵਰੀ 1924 ਨੂੰ ਪੰਜ ਸੌ ਦਾ ਪਹਿਲਾ ਸ਼ਹੀਦੀ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚਲਿਆ। ਇਸ ਜਥੇ ਦੇ ਜਥੇਦਾਰ ਸ: ਊਧਮ ਸਿੰਘ ਨਾਗੋਕੇ ਨਿਯਤ ਕੀਤੇ ਗਏ, ਪਰ ਉਹਨਾਂ ਨੂੰ ਪੁਲਸ ਨੇ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ, ਇਸ ਲਈ ਭਾਈ ਸੁਲਤਾਨ ਸਿੰਘ ਨੇ ਜਥੇ ਦੀ ਅਗਵਾਈ ਕੀਤੀ।

ਇਹ ਸ਼ਹੀਦੀ ਜਥਾ ਮਾਝੇ ਤੇ ਮਾਲਵੇ ਦਾ ਚੱਕਰ ਲਾਂਦਾ ਤੇ ਪਰਚਾਰ ਕਰਦਾ

ਹੋਇਆ 20 ਫ਼ਰਵਰੀ ਨੂੰ ਰਿਆਸਤ ਫ਼ਰੀਦਕੋਟ ਦੇ ਪਿੰਡ ਬਰਗਾੜੀ ਪਹੁੰਚ ਗਿਆ। ਇਥੋਂ ਅਗਲੇ ਦਿਨ 21 ਫ਼ਰਵਰੀ 1924 ਨੂੰ ਜਥੇ ਨੇ ਗੰਗਸਰ ਜੈਤੋ ਵਲ ਮਾਰਚ ਸ਼ੁਰੂ ਕੀਤਾ। ਹਜ਼ਾਰਾਂ ਲੋਕ ਜਥੇ ਦੇ ਨਾਲ ਉਹ ਦ੍ਰਿਸ਼ ਵੇਖਣ ਲਈ ਟੁਰ ਪਏ। ਜਥੇ ਵਲੋਂ ਸੰਗਤਾਂ ਨੂੰ ਵਾਪਸ ਚਲੇ ਜਾਣ ਦੀ ਕਈ ਵਾਰ ਅਪੀਲ ਕੀਤੀ ਗਈ ਪਰ ਲੋਕੀਂ ਨਾ ਮੁੜੇ। ਦੂਜੇ ਪਾਸੇ ਰਿਆਸਤ ਨਾਭਾ ਦੇ ਹਾਕਮਾਂ ਨੇ ਸਿੱਖਾਂ ਦੇ ਖ਼ੂਨ ਵਿਚ ਹੱਥ ਰੰਗਣ ਦੀ ਪੂਰੀ ਤਿਆਰੀ ਕੀਤੀ ਹੋਈ ਸੀ। ਜੈਤੋ ਵਿਚ ਪੁਲਸ ਤੇ ਫ਼ੌਜ ਦਾ ਭਾਰੀ ਇਕੱਠ ਸੀ ਅਤੇ ਤੋਪਾਂ ਤੇ ਮਸ਼ੀਨ ਗੰਨਾਂ ਜਥਾ ਰੋਕਣ ਲਈ ਬੀੜੀਆਂ ਹੋਈਆਂ ਸਨ। ਜਦ ਪੰਜ ਸੌ ਦਾ ਇਹ ਸ਼ਹੀਦੀ ਜਥਾ ਗੁਰਦਵਾਰਾ ਗੰਗਸਰ ਤੋਂ ਇਕ ਫ਼ਰਲਾਂਗ ਦੀ ਵਿਥ ਤਕ ਪਹੁੰਚ ਗਿਆ ਤਾਂ ਜ਼ਾਲਮ ਅੰਗਰੇਜ਼ ਸਰਕਾਰ ਦੀਆਂ ਮਸ਼ੀਨ ਗੰਨਾਂ ਨੇ ਸਿੰਘਾਂ ਉਤੇ ਗੋਲੀਆਂ ਦਾ ਮੀਂਹ ਵਰਸਾਣਾ ਸ਼ੁਰੂ ਕਰ ਦਿਤਾ। 'ਸਤਿਨਾਮ ਵਾਹਿਗੁਰੂ' ਦਾ ਉਚਾਰਣ ਕਰਦੇ ਸਿੰਘ ਅਗੇ ਵਧਦੇ ਗਏ। ਗੋਲੀਆਂ ਦੀ ਵਾਛੜ ਤੋਂ ਡਰ ਕੇ ਘਬਰਾ ਕੇ ਜਥੇ ਵਿਚੋਂ ਇਕ ਵੀ ਸਿੰਘ ਪਿਛੇ ਨਾ ਹਟਿਆ। ਕਈ ਸੀਨੇ ਛਾਨਣੀ ਛਾਨਣੀ ਹੋ ਗਏ ਤੇ ਧਰਤੀ ਖ਼ੂਨ ਨਾਲ ਰੰਗੀ ਗਈ।

ਫਿਰ ਪੁਲਸ ਨੇ ਜਥੇ ਨੂੰ ਗ੍ਰਿਫ਼ਤਾਰ ਕਰ ਲਿਆ। ਜਥੇ ਦੇ ਨਾਲ ਡਾਕਟਰ ਵੀ ਸੀ ਪਰ ਪੁਲਸ ਨੇ ਕਿਸੇ ਜ਼ਖ਼ਮੀ ਦੀ ਮਰਹਮ ਪੱਟੀ ਨਾ ਕਰਨ ਦਿਤੀ ਤੇ ਨਾ ਹੀ ਸ਼ਹੀਦ ਹੋਏ ਸਿੰਘਾਂ ਦੀਆਂ ਲਾਸ਼ਾਂ ਸੰਗਤਾਂ ਨੂੰ ਚੁਕਣ ਦਿਤੀਆਂ। 21 ਫ਼ਰਵਰੀ ਦੀ ਰਾਤ ਨੂੰ ਹੀ ਇਕ ਸਪੈਸ਼ਲ ਰੇਲ ਗੱਡੀ ਸਟੇਸ਼ਨ ਦੇ ਬਾਹਰ ਖੜੀ ਕਰ ਕੇ ਬਹੁਤ ਸਾਰੇ ਸ਼ਹੀਦ ਸਿੰਘਾਂ ਦੇ ਸਰੀਰ ਉਸ ਵਿਚ ਲਿਜਾ ਕੇ ਦਰਿਆ ਸਤਲੁਜ ਵਿਚ ਰੋੜ੍ਹ ਦਿਤੇ। ਦੂਜੇ ਦਿਨ ਬਾਈ ਸ਼ਹੀਦ ਸਿੰਘਾਂ ਦੇ ਮਿਰਤਕ ਸਰੀਰ ਸਸਕਾਰ ਕਰਨ ਲਈ ਕੌਮ ਦੇ ਹਵਾਲੇ ਕੀਤੇ। ਸਰਕਾਰ ਨੇ ਐਲਾਨ ਵੀ ਇਹੋ ਕੀਤਾ ਕਿ ਬਾਈ ਸਿੰਘ ਮਰੇ ਹਨ ਅਤੇ ਤੇਤੀ ਜ਼ਖ਼ਮੀ ਹੋਏ ਹਨ ਤੇ ਲਗਪਗ ਸਾਢੇ ਚਾਰ ਸੌ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਨੇ ਜੋ ਪੜਤਾਲ ਕੀਤੀ, ਉਸ ਅਨੁਸਾਰ ਸ਼ਹੀਦਾਂ ਦੀ ਗਿਣਤੀ ਸੌ ਤੇ ਜ਼ਖ਼ਮੀਆਂ ਦੀ ਦੋ ਸੌ ਹੈ। ਜਿਨ੍ਹਾਂ ਬਾਈ ਸਿੰਘਾਂ ਦਾ ਮੰਡੀ ਦੇ ਨੇੜੇ ਸਸਕਾਰ ਕੀਤਾ ਗਿਆ ਉਹਨਾਂ ਵਿਚੋਂ ਵੀ ਕੇਵਲ ਸਤਾਰਾਂ ਦੇ ਨਾਂ ਤੇ ਥਾਂ ਟਿਕਾਣੇ ਦਾ ਪਤਾ ਲਗ ਸਕਿਆ ਹੈ*। ਬਾਕੀ ਪੰਜ ਸਿੰਘਾਂ ਦੀ ਪਛਾਣ ਹੀ ਨਹੀਂ ਹੋ ਸਕੀ। ਸਤਾਰਾਂ ਸ਼ਹੀਦਾਂ ਦੇ ਨਾਂ ਇਸ ਪ੍ਰਕਾਰ ਹਨ:

ਨਾਂ	ਪਿੰਡ	ਜ਼ਿਲ੍ਹਾ
ਜਸ ਸਿੰਘ	ਚੀਚਾ ਭਕਨਾ	ਅੰਮ੍ਰਿਤਸਰ
ਸੁੰਦਰ ਸਿੰਘ	ਕਰਮਗੜ੍ਹ	ਪਟਿਆਲਾ
ਸੁਰੈਣ ਸਿੰਘ	ਲੁਭਵਾਲੀ	ਫ਼ਰੀਦਕੋਟ
ਫੁਮਣ ਸਿੰਘ	ਵਾਂਦਰ	ਫ਼ੀਰੋਜ਼ਪੁਰ
ਸੁੰਦਰ ਸਿੰਘ	ਚੀਦਾ	ਫ਼ੀਰੋਜ਼ਪੁਰ

* 'ਗੰਗਸਰ ਦੇ ਸ਼ਹੀਦ' ਲੇਖਕ ਗੁਰਦਿਆਲ ਸਿੰਘ ਰਾਹੀਂ।

ਨਾਂ	ਪਿੰਡ	ਜ਼ਿਲ੍ਹਾ
ਦੀਵਾਨ ਸਿੰਘ	ਸੰਗਰਵਾਲ	ਹੁਸ਼ਿਆਰਪੁਰ
ਹਰੀ ਸਿੰਘ	ਨਮੋਲੀ	ਹੁਸ਼ਿਆਰਪੁਰ
ਹਰਦਿਤ ਸਿੰਘ	ਕਾਲੇਕੇ	ਫ਼ੀਰੋਜ਼ਪੁਰ
ਵਰਿਆਮ ਸਿੰਘ	ਬਾਘਾ ਪੁਰਾਣਾ	ਫ਼ੀਰੋਜ਼ਪੁਰ
ਭੁਮਣ ਸਿੰਘ	ਸਮਾਲਸਰ	ਫ਼ੀਰੋਜ਼ਪੁਰ
ਮਾਘ ਸਿੰਘ	ਰੋਡੇ	ਫ਼ੀਰੋਜ਼ਪੁਰ
ਕਪੂਰ ਸਿੰਘ	ਰੋਡੇ	ਫ਼ੀਰੋਜ਼ਪੁਰ
ਘੁਲਾ ਸਿੰਘ	ਭਲੂਰ	ਫ਼ੀਰੋਜ਼ਪੁਰ
ਨੱਥਾ ਸਿੰਘ	ਮੋਗਾ	ਫ਼ੀਰੋਜ਼ਪੁਰ
ਅਛਰ ਸਿੰਘ	ਮਟਕੜਕਲਾਂ	ਜਲੰਧਰ
ਬਿਸ਼ਨ ਸਿੰਘ	ਮਾਂਗਟ	ਜਲੰਧਰ
ਵਧਾਵਾ ਸਿੰਘ	ਚੜਿਕ	ਰਿ: ਕਲਸੀਆ

ਰੰਗਸਰ ਮੋਰਚੇ ਨਾਲ ਸੰਬੰਧਤ ਸਿੰਘ ਜੋ ਜਥਿਆਂ ਨਾਲ ਆਉਂਦਿਆਂ ਕਿਸੇ ਬਿਮਾਰੀ ਜਾਂ ਹਾਦਸੇ ਕਾਰਨ ਅਤੇ ਜੇਲ੍ਹਾਂ ਵਿਚ ਜ਼ਾਲਮ ਹਕੂਮਤ ਦੀਆਂ ਸਖ਼ਤੀਆਂ ਨਾਲ ਸ਼ਹੀਦ ਹੋਏ ਉਹਨਾਂ ਦੀ ਗਿਣਤੀ ਡੇਢ ਸੌ ਦੇ ਲਗਪਗ ਹੈ। ਇਸ ਮੋਰਚੇ ਵਿਚ ਗ੍ਰਿਫ਼ਤਾਰ ਅਨੇਕਾਂ ਸਿੰਘਾਂ ਨੂੰ ਕਈ ਦਿਨ ਨਾਭੇ ਦੀ ਕਾਰਾਵਾਸ ਵਿਚ ਰਖਿਆ ਗਿਆ ਜਿਥੇ ਜਮੂਰਾਂ ਨਾਲ ਸਿੰਘਾਂ ਦੇ ਮਾਸ ਨੋਚੇ ਗਏ।

ਦੋ ਸਾਲ ਜੈਤੋ ਦਾ ਮੋਰਚਾ ਚਲਦਾ ਰਿਹਾ ਤੇ ਸਿੰਘਾਂ ਦੇ ਪੰਜ ਪੰਜ ਸੌ ਦੇ ਜਥੇ ਜਾਂਦੇ ਰਹੇ। ਪੰਡਤ ਨਹਿਰੂ ਵੀ ਇਹ ਮੋਰਚਾ ਦੇਖਣ ਲਈ ਤੇ ਸਿੱਖਾਂ ਨੂੰ ਸ਼ਾਂਤਮਈ ਕੁਰਬਾਨੀਆਂ ਕਰਦਿਆਂ ਅੱਖੀਂ ਦੇਖਣ ਲਈ ਆਪ ਉਥੇ ਪਹੁੰਚੇ। ਨਾਭੇ ਦੇ ਅੰਗਰੇਜ਼ ਹੁਕਮਰਾਨਾਂ ਨੇ ਉਹਨਾਂ ਨੂੰ ਵੀ ਫੜ ਕੇ ਕੈਦ ਕਰ ਲਿਆ। ਪਹਿਲੇ ਸ਼ਹੀਦੀ ਜਥੇ ਤੇ ਹੋਏ ਅਤਿਆਚਾਰਾਂ ਤੋਂ ਪਿਛੋਂ ਇਸ ਜ਼ੁਲਮ ਨੂੰ ਡੱਕਣ ਲਈ ਸਾਰੀ ਸਿੱਖ ਕੌਮ ਉਠ ਖਲੋਤੀ। 28 ਫ਼ਰਵਰੀ ਨੂੰ ਦੂਜਾ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਚਲ ਪਿਆ ਤੇ 14 ਮਾਰਚ ਨੂੰ ਜੈਤੋ ਪਹੁੰਚ ਗਿਆ। ਪੁਲਸ ਨੂੰ ਇਸ ਜਥੇ ਤੇ ਗੋਲੀ ਚਲਾਉਣ ਦਾ ਹੌਸਲਾ ਨਾ ਪਿਆ। ਅੰਗਰੇਜ਼ ਸਰਕਾਰ ਇਹ ਵੇਖ ਕੇ ਘਬਰਾ ਗਈ ਸੀ ਕਿ ਪਹਿਲੇ ਜਥੇ ਦੇ ਪੰਜ ਸੌ ਸਿੰਘਾਂ ਵਿਚੋਂ ਗੋਲੀ ਚਲਣ ਤੇ ਇਕ ਵੀ ਸਿੰਘ ਨਹੀਂ ਭੱਜਿਆ। ਇਥੋਂ ਤਕ ਕਿ ਇਕ ਬੀਬੀ ਦੇ ਕੁੱਛੜ ਚੁੱਕਿਆ ਇਕ ਮਾਸੂਮ ਬੱਚਾ ਗੋਲੀ ਲੱਗਣ ਨਾਲ ਸ਼ਹੀਦ ਹੋ ਗਿਆ ਤੇ ਉਸ ਬੀਬੀ ਨੇ ਰੋਣ ਕੁਰਲਾਣ ਦੀ ਥਾਂ ਬੱਚੇ ਦਾ ਮਿਰਤਕ ਸਰੀਰ ਧਰਤੀ ਤੇ ਲਿਟਾ ਦਿਤਾ ਤੇ ਆਪ ਜਥੇ ਨਾਲ ਅਗੇ ਤੁਰ ਪਈ।

ਕੁਝ ਕਦਮ ਅਗੇ ਜਾ ਕੇ ਉਹਨੂੰ ਵੀ ਗੋਲੀ ਲੱਗੀ ਤੇ ਉਹ ਵੀ ਸ਼ਹੀਦ ਹੋ ਗਈ। ਇਸ ਤਰ੍ਹਾਂ ਦੇ ਸਿਦਕ, ਕੁਰਬਾਨੀ ਦੇ ਜਜ਼ਬੇ ਅਗੇ ਕਿਹੜੀ ਤਾਕਤ ਖਲੋ ਸਕਦੀ ਸੀ। ਇਸੇ ਲਈ ਦੂਜਾ ਜਥਾ ਪੁਲਸ ਨੇ ਘੇਰ ਕੇ ਗ੍ਰਿਫ਼ਤਾਰ ਕਰ ਲਿਆ।

ਫਿਰ ਲਗਾਤਾਰ ਪੰਜ ਪੰਜ ਸੌ ਦੇ ਜਥੇ ਆਉਂਦੇ ਰਹੇ। ਬੰਗਾਲ ਦੇ ਸਿੰਘਾਂ ਦਾ ਇਕ ਜਥਾ ਉਚੇਰਾ ਕਲਕੱਤੇ ਤੋਂ ਆਇਆ। 11 ਸਿੰਘਾਂ ਦਾ ਜਥਾ ਕੈਨੇਡਾ ਤੋਂ ਪਹੁੰਚਿਆ। ਇਸੇ ਤਰ੍ਹਾਂ ਚੀਨ ਦੇ ਸ਼ਹਿਰ ਸ਼ੰਘਾਈ ਅਤੇ ਹਾਂਗਕਾਂਗ ਤੋਂ ਜਥੇ ਵੀ ਜੈਤੋ ਪਹੁੰਚੇ। 16 ਜਥੇ ਪੰਜ ਪੰਜ ਸੌ ਦੇ ਆਏ ਤੇ ਅਖ਼ੀਰ ਅੰਗਰੇਜ਼ ਸਰਕਾਰ ਨੂੰ ਝੁਕਣਾ ਪਿਆ। ਗੁਰਦਵਾਰੇ ਤੋਂ ਪੁਲਸ ਦਾ ਪਹਿਰਾ ਹਟਾ ਲਿਆ ਗਿਆ ਤੇ ਸਿੰਘਾਂ ਨੂੰ ਉਥੇ ਅਖੰਡ ਪਾਠ ਮੁੜ ਸ਼ੁਰੂ ਕਰਨ ਦੀ ਖੁਲ੍ਹ ਹੋ ਗਈ। 26 ਜੁਲਾਈ 1925 ਨੂੰ ਜੈਤੋ ਦਾ ਮੋਰਚਾ ਫ਼ਤਹਿ ਹੋਇਆ।

ਭਾਵੇਂ ਇਸ ਮੋਰਚੇ ਦੇ ਬਾਵਜੂਦ ਅਸਲ ਮਸਲਾ ਮਹਾਰਾਜਾ ਰਿਪਦੁਮਨ ਸਿੰਘ ਦੀ ਬਹਾਲੀ ਦਾ ਹੱਲ ਨਾ ਹੋਇਆ ਪਰ ਇਸ ਮੋਰਚੇ ਨੇ ਅੰਗਰੇਜ਼ਾਂ ਦੇ ਵਕਾਰ ਤੇ ਬੜੀ ਸੱਟ ਮਾਰੀ। ਸਾਰੇ ਦੇਸ਼ ਵਿਚ ਇਹ ਗੱਲ ਧੁੰਮ ਗਈ ਕਿ ਸਿੱਖ ਸ਼ਾਂਤਮਈ ਕੁਰਬਾਨੀਆਂ ਨਾਲ ਜਾਬਰ ਅੰਗਰੇਜ਼ ਸਰਕਾਰ ਨੂੰ ਹਰਾ ਸਕਦੇ ਹਨ। ਆਪਣੀ ਅਣਖ, ਧਾਰਮਕ ਰਵਾਇਤਾਂ ਤੇ ਗੁਰਦਵਾਰਿਆਂ ਦੀ ਪਵਿਤ੍ਰਤਾ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਦੇ ਹਨ। ਇਕ ਵਾਰੀ ਤਾਂ ਸਾਰੇ ਦੇਸ਼ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ ਜਦ ਇਹ ਸੁਣਿਆ ਕਿ ਜੈਤੋ ਵਿਚ ਅੰਗਰੇਜ਼ ਸਰਕਾਰ ਦੀਆਂ ਮਸ਼ੀਨਗੰਨਾਂ ਵੀ ਸਿੰਘਾਂ ਦੀ ਦ੍ਰਿੜ੍ਹਤਾ, ਸਿਦਕ ਤੇ ਨਿਸਚੇ ਨੂੰ ਡੁਲਾ ਨਹੀਂ ਸਕੀਆਂ।

ਜੈਤੋ ਦੇ ਸ਼ਹੀਦਾਂ ਨੇ ਇਕ ਵਾਰ ਫਿਰ ਸਾਬਤ ਕਰ ਦਿਤਾ ਕਿ ਵੀਹਵੀਂ ਸਦੀ ਦਾ ਸਿੰਘ ਆਪਣੀਆਂ ਪੁਰਾਣੀਆਂ ਰਵਾਇਤਾਂ ਅਨੁਸਾਰ ਵੱਡੇ ਤੋਂ ਵੱਡਾ ਬਲੀਦਾਨ ਦੇ ਸਕਦਾ ਹੈ। ਇਕ ਵਾਰ ਤਾਂ ਸਭ ਦੁਨੀਆਂ ਮੰਨ ਗਈ ਕਿ ਅਠਾਰ੍ਹਵੀਂ-ਉਨ੍ਹੀਵੀਂ ਸਦੀ ਦੇ ਸਿੰਘਾਂ ਨੇ ਜਿਵੇਂ ਧਰਮ ਲਈ ਆਪਾ ਵਾਰਿਆ ਸੀ ਉਸੇ ਤਰ੍ਹਾਂ ਅੱਜ ਦਾ ਸਿੰਘ ਵੀ ਸਮਾਂ ਆਉਣ ਤੇ ਮੌਤ ਲਾੜੀ ਨੂੰ ਹੱਸ ਕੇ ਵਿਆਹ ਸਕਦਾ ਹੈ।

ਤੇਜਾ ਸਿੰਘ ਸਮੁੰਦਰੀ

ਗੁਰਦਵਾਰਾ ਸੁਧਾਰ ਲਹਿਰ (1920-25) ਦੇ ਮਹਾਨ ਸ਼ਹੀਦਾਂ ਦੀ ਲੜੀ ਵਿਚ ਇਕ ਵਰਣਨਯੋਗ ਨਾਮ ਸ: ਤੇਜਾ ਸਿੰਘ ਸਮੁੰਦਰੀ ਦਾ ਹੈ ਜੋ ਅੰਗਰੇਜ਼ ਰਾਜ ਦੀ ਜੇਲ੍ਹ ਵਿਚ ਹੀ ਕੌਮੀ ਅਣਖ ਤੇ ਸ੍ਵੈ-ਮਾਣ ਲਈ ਸ਼ਹੀਦੀ ਪਾ ਗਏ।

ਸ: ਤੇਜਾ ਸਿੰਘ ਸਮੁੰਦਰੀ ਦਾ ਜਨਮ 1881 ਈਸਵੀ ਨੂੰ ਸ: ਦੇਵਾ ਸਿੰਘ ਦੇ ਘਰ ਪਿੰਡ ਰਾਏ ਦਾ ਬੁਰਜ (ਨੇੜੇ ਪੱਟੀ) ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਘਰ ਵਿਚ ਪੂਰਨ ਗੁਰਸਿਖਾਂ ਵਾਲਾ ਵਾਤਾਵਰਣ ਸੀ। ਪਿਤਾ ਫ਼ੌਜ ਵਿਚ ਰਸਾਲਦਾਰ ਮੇਜਰ ਸਨ ਤੇ ਮਾਤਾ ਘਰ ਹਰ ਵੇਲੇ, ਹਰ ਕੰਮ ਕਰਦਿਆਂ ਗੁਰਬਾਣੀ ਦਾ ਉਚਾਰਨ ਕਰਦੀ ਰਹਿੰਦੀ ਸੀ, ਇਸ ਲਈ ਬਾਲਕ ਤੇਜਾ ਸਿੰਘ ਨੇ ਬਚਪਨ ਵਿਚ ਹੀ ਬਹੁਤ ਸਾਰੀ ਗੁਰਬਾਣੀ ਕੰਠ ਕਰ ਲਈ। ਨਿਤਨੇਮ ਆਪ ਜੀਵਨ ਦੇ ਅੰਤਮ ਸਵਾਸਾਂ ਤਕ ਕਰਦੇ ਰਹੇ।

18 ਸਾਲ ਦੀ ਉਮਰ ਵਿਚ ਫ਼ੌਜ ਵਿਚ ਦਫ਼ੇਦਾਰ ਭਰਤੀ ਹੋ ਗਏ। ਆਪ ਨੂੰ ਫ਼ੌਜ ਦੀ ਨੌਕਰੀ ਅੰਗਰੇਜ਼ਾਂ ਦੀ ਕੈਦ ਵਾਂਗ ਲਗੀ ਤੇ ਤਿੰਨ ਸਾਲਾਂ ਪਿਛੋਂ ਅਸਤੀਫ਼ਾ ਦੇ ਕੇ ਘਰ ਆ ਗਏ। ਵਾਪਸ ਆ ਕੇ ਸਮਾਜ ਸੁਧਾਰ, ਵਿਦਿਆ ਪਰਚਾਰ ਤੇ ਧਾਰਮਕ ਭਾਵਨਾ ਉਜਾਗਰ ਕਰਨ ਵਿਚ ਲਗ ਪਏ। ਇਉਂ ਚੀਫ਼ ਖ਼ਾਲਸਾ ਦੀਵਾਨ ਨਾਲ ਸੰਬੰਧਤ ਹੋ ਗਏ। ਕੁਝ ਸਮੇਂ ਪਿਛੋਂ ਲਾਇਲਪੁਰ ਜ਼ਿਲ੍ਹੇ ਵਿਚ ਸਮੁੰਦਰੀ ਸ਼ਹਿਰ ਨੇੜੇ ਜਾ ਕੇ ਰਹਿਣਾ ਸ਼ੁਰੂ ਕਰ ਦਿਤਾ ਤੇ ਇਉਂ ਸਮੁੰਦਰੀ ਸ਼ਬਦ ਆਪ ਦੇ ਨਾਮ ਨਾਲ ਪੱਕਾ ਜੁੜ ਗਿਆ। ਪਹਿਲਾਂ ਖ਼ਾਲਸਾ ਦੀਵਾਨ ਸਮੁੰਦਰੀ ਤੇ ਫਿਰ 'ਖ਼ਾਲਸਾ ਦੀਵਾਨ ਬਾਰ' ਜਥੇਬੰਦ ਕੀਤਾ। ਖ਼ਾਲਸਾ ਹਾਈ ਸਕੂਲ ਲਾਇਲਪੁਰ, ਗੁ: ਰਕਾਬ ਗੰਜ ਦੀ ਕੰਧ, 1914 ਵਿਚ ਸਰਕਾਰ ਵਲੋਂ ਢਾਏ ਜਾਣ ਵਿਰੁੱਧ ਮੋਰਚੇ ਵਿਚ ਆਪ ਪਹਿਲੀ ਕਤਾਰ ਦੇ ਸਿਖ ਆਗੂਆਂ ਵਿਚ ਗਿਣੇ ਜਾਣ ਲਗੇ।

ਪਹਿਲੀ ਗ੍ਰਿਫ਼ਤਾਰੀ ਸ: ਤੇਜਾ ਸਿੰਘ ਸਮੁੰਦਰੀ ਨੇ ਕੁੰਜੀਆਂ ਦੇ ਮੋਰਚੇ ਸਮੇਂ ਦਿਤੀ। ਫਿਰ ਗੁਰੂ ਕੇ ਬਾਗ ਦੇ ਮੋਰਚੇ ਵਿਚ ਜਥੇ ਭਿਜਵਾਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਅਕਾਲੀ ਲਹਿਰ ਦੇ ਮੋਰਚਿਆਂ ਵਿਚ ਵਧ ਚੜ੍ਹ ਕੇ ਹਿਸਾ ਲੈਣ ਦੇ ਨਾਲ ਨਾਲ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਵੀ ਹਿੱਸਾ ਲੈਣ ਲਗ ਪਏ। ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੀ ਸਿਫ਼ਾਰਸ਼ ਤੇ 1923 ਵਿਚ ਸਰਬ ਹਿੰਦ ਕਾਂਗਰਸ ਦੀ ਵਰਕਿੰਗ ਕਮੇਟੀ ਦੇ ਮੈਂਬਰ ਬਣਾਏ ਗਏ। ਇਸੇ ਸਾਲ 13 ਅਕਤੂਬਰ ਨੂੰ 'ਸਿੱਖ ਸਾਜ਼ਸ਼ ਕੇਸ' ਵਿਚ ਸ਼ਾਮਲ ਹੋਣ ਦੇ ਦੂਸ਼ਨ ਹੇਠ ਗ੍ਰਿਫ਼ਤਾਰ ਕਰ ਕੇ ਅੰਮ੍ਰਿਤਸਰ ਜੇਲ੍ਹ ਭੇਜ ਦਿਤੇ ਗਏ। ਇਕ ਸਾਲ ਪਿਛੋਂ ਸੈਂਟਰਲ ਜੇਲ੍ਹ ਲਾਹੌਰ ਭੇਜ ਦਿਤੇ ਗਏ ਜਿਥੇ ਹੋਰ ਬਹੁਤ ਸਾਰੇ ਸਿੱਖ ਲੀਡਰ ਕੈਦ ਸਨ। ਮੁੜ ਆਪ ਸ਼ਹੀਦੀ ਤਕ ਜੇਲ੍ਹ

ਵਿਚ ਹੀ ਰਹੇ।

1925 ਵਿਚ ਅੰਗਰੇਜ਼ ਸਰਕਾਰ ਨੇ ਪੰਜਾਬ ਗੁਰਦਵਾਰਾ ਬਿੱਲ ਪਾਸ ਕਰ ਕੇ ਸਾਰੇ ਸਿੱਖ ਨੇਤਾਵਾਂ ਨੂੰ ਕੁਝ ਸ਼ਰਤਾਂ ਅਧੀਨ ਜੇਲ੍ਹ ਤੋਂ ਰਿਹਾ ਕਰਨ ਦਾ ਫ਼ੈਸਲਾ ਕਰ ਲਿਆ। ਸ: ਤੇਜਾ ਸਿੰਘ ਸਮੁੰਦਰੀ ਨੇ ਸ਼ਰਤਾਂ ਮੰਨ ਕੇ ਜੇਲ੍ਹ ਤੋਂ ਰਿਹਾ ਹੋਣ ਤੋਂ ਇਨਕਾਰ ਕਰ ਦਿਤਾ ਤੇ ਸਾਫ਼ ਤੌਰ ਤੇ ਐਲਾਨ ਕੀਤਾ ਕਿ ਬਿਨਾਂ ਸ਼ਰਤ ਤੇ ਸ਼ਾਨ ਨਾਲ ਜੇਲ੍ਹ ਤੋਂ ਰਿਹਾਈ ਪ੍ਰਾਪਤ ਕਰਾਂਗੇ ਜਾਂ ਜੇਲ੍ਹ ਵਿਚ ਹੀ ਰਹਾਂਗੇ ਤੇ ਸਾਡੀਆਂ ਲਾਸ਼ਾਂ ਹੀ ਜੇਲ੍ਹ ਤੋਂ ਬਾਹਰ ਆਉਣਗੀਆਂ। ਵਿਦੇਸ਼ੀ ਹਾਕਮਾਂ ਨੇ ਜੇਲ੍ਹ ਵਿਚ ਸਖ਼ਤੀਆਂ ਵਧਾ ਦਿਤੀਆਂ ਤੇ ਕੈਦ ਅਕਾਲੀ ਨੇਤਾਵਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ। ਸ: ਤੇਜਾ ਸਿੰਘ ਸਮੁੰਦਰੀ 45 ਸਾਲ ਦੀ ਆਯੂ ਵਿਚ 17 ਜੁਲਾਈ 1926 ਨੂੰ ਜੇਲ੍ਹ ਵਿਚ ਹੀ ਸ਼ਹੀਦੀ ਪਾ ਗਏ। ਇਉਂ ਆਪਣੇ ਉਸ ਐਲਾਨ ਨੂੰ ਠੀਕ ਤੇ ਸੱਚਾ ਸਾਬਤ ਕਰ ਦਿਤਾ ਕਿ ਸਾਡੀਆਂ ਲਾਸ਼ਾਂ ਹੀ ਜੇਲ੍ਹ ਤੋਂ ਬਾਹਰ ਆ ਸਕਦੀਆਂ ਹਨ।

ਆਪ ਅਕਾਲੀ ਲਹਿਰ ਦੇ ਮਹਾਨ ਆਗੂ ਸਨ, ਇਸ ਲਈ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੇ ਖੇਤਰ ਅੰਦਰ ਆਪਣੇ ਮੁਖ ਦਫ਼ਤਰ ਲਈ ਜੋ ਇਮਾਰਤ ਉਸਾਰੀ ਉਸ ਦਾ ਨਾਮ ਇਸ ਸ਼ਹੀਦ ਦੇ ਨਾਮ ਤੇ ਤੇਜਾ ਸਿੰਘ ਸਮੁੰਦਰੀ ਹਾਲ ਰਖਿਆ।

ਸ਼ਹੀਦ ਬੱਬਰ ਅਕਾਲੀ

ਬੱਬਰ ਅਕਾਲੀ ਲਹਿਰ ਅਸਲ ਵਿਚ ਅਕਾਲੀ ਲਹਿਰ ਦਾ ਹੀ ਇਕ ਵਿਕਸਤ ਰੂਪ ਸੀ। ਅਕਾਲੀ ਲਹਿਰ ਵਿਚ ਸਿੱਖਾਂ ਨੇ ਸ਼ਾਂਤਮਈ ਕੁਰਬਾਨੀਆਂ ਦੀ ਇਕ ਸਿਖ਼ਰ ਕਾਇਮ ਕੀਤੀ। ਇਕ ਪਾਸੇ ਸ: ਲਛਮਣ ਸਿੰਘ ਨੇ ਦੋ ਸੌ ਸਿੰਘਾਂ ਨਾਲ ਜਾ ਕੇ ਸ੍ਰੀ ਨਨਕਾਣਾ ਸਾਹਿਬ ਵਿਚ ਮਹੰਤ ਨਰੈਣੂ ਦੇ ਜ਼ੁਲਮ ਨੂੰ ਆਪਣੀ ਕੁਰਬਾਨੀ ਦੇ ਕੇ ਨੰਗਾ ਕੀਤਾ, ਦੂਜੇ ਪਾਸੇ ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਸਿੱਖ ਕੌਮ ਨੇ ਜਿਵੇਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਡਾਂਗਾਂ ਖਾਧੀਆਂ, ਜਿਵੇਂ ਜੈਤੋ ਦੇ ਮੋਰਚੇ ਸਮੇਂ ਗੋਲੀਆਂ ਅੱਗੇ ਛਾਤੀਆਂ ਤਾਣੀਆਂ, ਉਸ ਨੇ ਸਿੱਖਾਂ ਦੇ ਗਰਮ ਖ਼ਿਆਲੀਏ ਨੌਜਵਾਨਾਂ ਵਿਚ ਇਹ ਜਜ਼ਬਾ ਪੈਦਾ ਕਰ ਦਿਤਾ ਕਿ ਅੰਗਰੇਜ਼ ਦੇ ਜ਼ੁਲਮ ਦਾ ਟਾਕਰਾ ਕਰਨ ਲਈ ਸ਼ਾਂਤਮਈ ਦੇ ਨਾਲ ਨਾਲ ਹਥਿਆਰ ਚੁਕਣੇ ਵੀ ਜ਼ਰੂਰੀ ਹਨ।

ਇਸ ਸਮੇਂ ਇਹਨਾਂ ਜੋਸ਼ੀਲੇ ਦੇਸ਼ ਭਗਤਾਂ ਤੇ ਸਿੱਖ ਦੁਲਾਰਿਆਂ ਨੇ ਇਹ ਵੀ ਮਹਿਸੂਸ ਕੀਤਾ ਕਿ ਝੋਲੀ-ਚੁਕ ਲੋਕ ਅਕਾਲੀ ਲਹਿਰ ਨੂੰ ਤਾਰਪੀਡੋ ਕਰਨ ਦਾ ਯਤਨ ਕਰ ਰਹੇ ਹਨ। ਇਹ ਲੋਕ ਅੰਗਰੇਜ਼ਾਂ ਨੂੰ ਇਤਲਾਹਾਂ ਦਿੰਦੇ ਹਨ, ਇਹਨਾਂ ਬੁਕਲ ਦੇ ਸੱਪਾਂ ਨੂੰ ਪਹਿਲਾਂ ਖ਼ਤਮ ਕੀਤਾ ਜਾਏ, ਇਸ ਲਈ ਪਹਿਲਾਂ ਚੱਕਰਵਰਤੀ ਜਥਾ ਬਣਿਆ ਤੇ ਪਿਛੋਂ ਇਹਨਾਂ ਨੇ ਜਦ 'ਬੱਬਰ ਅਕਾਲੀ' ਨਾਮ ਦਾ ਅਖ਼ਬਾਰ ਕਢ ਲਿਆ ਤਾਂ ਇਹ ਬੱਬਰ ਅਕਾਲੀ ਜਥਾ ਅਖਵਾਣ ਲਗ ਪਿਆ। ਇਹਨਾਂ ਬੱਬਰਾਂ ਨੇ ਸਰਕਾਰ ਦੇ ਅਨੇਕਾਂ ਝੋਲੀ-ਚੁਕ ਤੇ ਕੌਮ ਦੇ ਗ਼ੱਦਾਰ ਮਾਰੇ, ਪੁਲਸ ਨਾਲ ਕਈ ਥਾਂ ਮੁਕਾਬਲਾ ਕੀਤਾ ਤੇ ਬੀਰਤਾ ਦੀਆਂ ਅਨੇਕਾਂ ਨਵੀਆਂ ਮਿਸਾਲਾਂ ਕਾਇਮ ਕੀਤੀਆਂ। ਕਈ ਸਾਲ ਦੁਆਬੇ ਦੀ ਧਰਤੀ ਇਨਕਲਾਬੀ ਸਰਗਰਮੀਆਂ ਦਾ ਕੇਂਦਰ ਬਣੀ ਰਹੀ। 1925 ਤਕ ਅੰਗਰੇਜ਼ ਦੁਆਬੇ ਵਿਚ ਡਰਦਾ ਤੇ ਕੰਬਦਾ ਰਿਹਾ। ਭਾਵੇਂ ਇਹ ਲਹਿਰ 1926 ਵਿਚ ਖ਼ਤਮ ਹੋ ਗਈ ਪਰ ਅੰਗਰੇਜ਼ਾਂ ਨੂੰ ਇਸ ਨੇ ਅਜੇਹੇ ਲੋਹੇ ਦੇ ਛੋਲੇ ਚਬਾਏ ਕਿ ਉਹ ਭੁੱਲ ਨਹੀਂ ਸਕਣਗੇ। ਆਜ਼ਾਦੀ ਦੀ ਲਹਿਰ ਵਿਚ ਇਹ ਮਹਾਨ ਅੰਦੋਲਨ ਸਿਧ ਹੋਇਆ।

27 ਫ਼ਰਵਰੀ 1926 ਈਸਵੀ ਨੂੰ ਬੱਬਰ ਅਕਾਲੀ ਲਹਿਰ ਦੇ ਛੇ ਮੁਖੀਆਂ ਜਥੇਦਾਰ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਧਰਮ ਸਿੰਘ ਹਯਾਤਪੁਰ, ਸ: ਕਰਮ ਸਿੰਘ ਮਾਣਕੋ, ਸ: ਨੰਦ ਸਿੰਘ ਘੁੜਿਆਲ ਤੇ ਦਲੀਪ ਸਿੰਘ ਧਾਮੀਆਂ ਨੂੰ ਅੰਗਰੇਜ਼ ਸਰਕਾਰ ਨੇ ਫਾਂਸੀ ਤੇ ਲਟਕਾ ਦਿਤਾ ਸੀ। ਇਸੇ ਦਿਨ ਸ਼ਹੀਦ ਬੱਬਰਾਂ ਦੇ ਸਰੀਰ ਜ਼ਾਲਮ ਸਰਕਾਰ ਤੋਂ ਲੈ ਕੇ ਲਾਹੌਰ ਸ਼ਹਿਰ ਵਿਚ ਉਹਨਾਂ ਦਾ ਜਲੂਸ ਕਢਿਆ ਗਿਆ। ਲੱਖਾਂ ਲੋਕਾਂ ਨੇ ਇਹਨਾਂ ਕੁਰਬਾਨੀ ਦੇ ਪੁਤਲਿਆਂ ਨੂੰ ਅੰਤਮ ਸ਼ਰਧਾਂਜਲੀ ਭੇਟ ਕੀਤੀ ਤੇ ਅਖ਼ੀਰ ਇਹਨਾਂ ਮਰਜੀਵੜਿਆਂ ਦਾ ਡੇਹਰਾ ਸਾਹਿਬ ਦੇ ਪਿਛਲੇ ਪਾਸੇ ਰਾਵੀ ਦੇ ਕੰਢੇ ਤੇ ਅੰਤਮ ਸਸਕਾਰ ਕੀਤਾ ਗਿਆ।

6 ਬੱਬਰਾਂ ਨੂੰ ਜਿਸ ਦਿਨ ਫਾਂਸੀ ਤੇ ਲਟਕਾਇਆ ਗਿਆ ਉਸ ਦਿਨ ਦਾ ਦ੍ਰਿਸ਼ ਸ: ਸੁੰਦਰ ਸਿੰਘ ਮਖਸੂਸਪੁਰੀ ਨੇ ਆਪਣੀ ਪੁਸਤਕ 'ਬੱਬਰ ਅਕਾਲੀ ਲਹਿਰ' ਵਿਚ ਇਉਂ ਬਿਆਨ ਕੀਤਾ ਹੈ:

ਜਥੇਦਾਰ ਨੇ ਫਾਂਸੀ ਲੱਗਣ ਤੋਂ ਪਹਿਲੀ ਰਾਤ ਨੂੰ ਫਾਂਸੀ ਦੀ ਕੋਠੀ ਵਿਚੋਂ ਪਹਿਲਾਂ ਵਰਗੀ ਕੜਕਵੀਂ ਆਵਾਜ਼ ਵਿਚ ਕਈ ਵਾਰ ਤਕਰੀਰ ਕੀਤੀ, ਜਿਸ ਦਾ ਸਾਰ-ਅੰਸ਼ ਕੁਝ ਇਸ ਤਰ੍ਹਾਂ ਸੀ:

'ਸਾਡੇ ਧੰਨ ਭਾਗ ਹਨ ਕਿ ਅਸੀਂ ਅੱਜ ਉਹਨਾਂ ਸੈਂਕੜੇ ਦੇਸ਼ ਭਗਤਾਂ ਦੀ ਸਫ ਵਿਚ ਖੜੇ ਹੋਣ ਵਾਲੇ ਹਾਂ, ਜੋ ਆਪਣੀ ਮਾਤ-ਭੂਮੀ ਦੀ ਬੰਦ-ਖਲਾਸ ਦਾ ਘੋਲ ਕਰਦੇ ਹੋਏ ਫਾਂਸੀ ਦੇ ਤਖ਼ਤੇ ਪੁਰ ਚੜ੍ਹੇ। ਅਸੀਂ ਅੱਜ ਕਰਮ ਸਿੰਘ, ਉਦੈ ਸਿੰਘ ਤੇ ਧੰਨਾ ਸਿੰਘ ਆਦਿ ਸ਼ਹੀਦਾਂ ਨਾਲ ਮਿਲਣ ਵਾਲੇ ਹਾਂ, ਜੋ ਦੁਸ਼ਮਣ ਨਾਲ ਜੂਝਦੇ ਹੋਏ, ਰਣ-ਭੂਮੀ ਵਿਚ ਸ਼ਹੀਦ ਹੋ ਕੇ ਸਾਥੋਂ ਅਗੇ ਲੰਘ ਗਏ। ਅੱਜ ਸਾਡਾ ਵੈਰੀ ਵੀ ਖ਼ੁਸ਼ ਹੁੰਦਾ ਹੋਵੇਗਾ, ਪਰ ਹਕੀਕੀ ਖ਼ੁਸ਼ੀ ਸਾਨੂੰ ਹੈ, ਕਿਉਂਕਿ ਅਸੀਂ ਆਪਣਾ ਬਚਨ ਤੇ ਫ਼ਰਜ਼ ਪੂਰਾ ਕਰ ਰਹੇ ਹਾਂ ਅਤੇ ਅਮਰ ਹੋ ਰਹੇ ਹਾਂ। ਦੁਸ਼ਮਣ ਦੀ ਖ਼ੁਸ਼ੀ ਵਕਤੀ ਹੈ। ਉਹ ਸਮਝਦਾ ਹੈ ਕਿ ਸਾਨੂੰ ਰਸਤੇ ਵਿਚੋਂ ਦੂਰ ਕਰ ਕੇ ਉਹ ਬੇਫ਼ਿਕਰੀ ਨਾਲ ਭਾਰਤ ਨੂੰ ਲੁੱਟ ਸਕੇਗਾ, ਪਰ ਇਹ ਉਸ ਦੀ ਭੁੱਲ ਹੈ। ਸ਼ਹੀਦਾਂ ਦੇ ਖ਼ੂਨ ਦੇ ਕਤਰੇ ਇਨਕਲਾਬੀ ਸ਼ਕਤੀ ਦੇ ਬੀਜ ਹਨ, ਜੋ ਦੁਨੀਆਂ ਵਿਚੋਂ ਸਦਾ ਲਈ ਜ਼ੁਲਮ ਤੇ ਜਬਰ ਦਾ ਨਾਸ ਕਰ ਦੇਣਗੇ। ਉਹ ਦਿਨ ਬਹੁਤ ਨੇੜੇ ਹੈ, ਜਦ ਇਹ ਸ਼ਕਤੀ ਭਾਰਤ ਵਿਚੋਂ ਬਰਤਾਨਵੀ ਹਕੂਮਤ ਦੀ ਜੜ੍ਹ ਉਖੇੜ ਦੇਵੇਗੀ। ਸ਼ਹੀਦਾਂ ਦਾ ਖ਼ੂਨ ਇਸ ਇਨਕਲਾਬੀ ਸ਼ਕਤੀ ਨੂੰ ਪਰਚੰਡ ਕਰ ਰਿਹਾ ਹੈ। ਸ਼ੁਕਰ ਹੈ ਕਿ ਸਾਨੂੰ ਵੀ ਇਸ ਮਹਾਨ ਸ਼ਕਤੀ ਦਾ ਇਕ ਤੁਛ ਹਿੱਸਾ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ।

'ਇਹ ਹਕੂਮਤ ਇੰਨੀ ਕਮਜ਼ੋਰ ਅਤੇ ਖੋਖਲੀ ਹੋ ਚੁਕੀ ਹੈ ਕਿ ਇਕ ਬੱਬਰ ਜਥੇ ਨੇ ਹੀ ਇਸ ਨੂੰ ਡੇਢ ਦੋ ਸਾਲ ਵਾਸਤੇ ਇਕ ਖ਼ਾਸ ਇਲਾਕੇ ਵਿਚ ਨਾਕਾਮ ਕਰ ਕੇ ਰਖ ਦਿਤਾ ਸੀ। ਜਦੋਂ ਥਾਂ ਪੁਰ ਥਾਂ ਅਜਿਹੇ ਜਥੇ ਉਠ ਖੜੋਤੇ ਤਾਂ ਇਸ ਹਕੂਮਤ ਦਾ ਕੀ ਹਾਲ ਹੋਵੇਗਾ।

'ਸਾਡੀ ਆਖ਼ਰੀ ਇਛਾ ਹੈ ਕਿ ਸਾਡਾ ਦੇਸ਼ ਸਾਡੇ ਨਾਲ ਦੇ ਜੀਉਂਦੇ ਰਹਿਣ ਵਾਲੇ ਬੱਬਰਾਂ ਦੀਆਂ ਅੱਖਾਂ ਸਾਹਮਣੇ ਮੁਕੰਮਲ ਤੌਰ ਪੁਰ ਆਜ਼ਾਦ ਹੋ ਜਾਵੇ। ਸਾਨੂੰ ਇਹ ਵੀ ਵਿਸ਼ਵਾਸ ਹੈ ਕਿ ਅਜਿਹਾ ਹੋ ਕੇ ਰਹੇਗਾ।'

ਤੜਕਾ ਹੋਇਆ ਤਾਂ ਬੱਬਰਾਂ ਨੇ ਇਕ ਧੁਨ ਹੋ ਕੇ ਪਾਠ ਕੀਤਾ। ਵਕਤ ਨੇੜੇ ਆਉਂਦਾ ਗਿਆ। ਸੁਪਰਟੈਂਡੈਂਟ, ਦਰੋਗਾ, ਮੈਜਿਸਟਰੇਟ, ਡਾਕਟਰ, ਨੰਬਰਦਾਰ ਅਤੇ ਜੇਲ੍ਹ ਪੁਲਸ ਕੋਠੀਆਂ ਦੇ ਅੱਗੇ ਆ ਖਲੋਤੇ। ਬੱਬਰਾਂ ਨੂੰ ਬਾਹਰ ਕਢਿਆ ਗਿਆ ਤਾਂ ਉਹ ਜਲੂਸ ਬਣਾ ਕੇ ਜੈਕਾਰੇ ਛਡਦੇ ਹੋਏ ਫਾਂਸੀ ਦੇ ਤਖ਼ਤੇ ਵਲ ਵਧੇ, ਜਿਵੇਂ ਉਹ ਕਿਸੇ ਮੁਹਿੰਮ ਨੂੰ ਫ਼ਤਹਿ ਕਰਨ ਜਾ ਰਹੇ ਸਨ। ਆਮ ਹਾਲਤ ਦੇ ਉਲਟ ਬੱਬਰਾਂ ਦੇ ਰੋਹ ਭਰੇ ਚਿਹਰੇ ਦਗ਼ ਦਗ਼ ਕਰ ਰਹੇ ਸਨ। ਉਹਨਾਂ ਦੀਆਂ ਧੌਣਾਂ ਉਚੀਆਂ

ਸਨ। ਪਰ ਜੇਲ੍ਹ ਸਟਾਫ ਨੇ ਊਂਧੀ ਪਾ ਛਡੀ ਸੀ। ਬਾਕੀ ਦੇ ਬੱਬਰ ਕੈਦੀ ਜੈਕਾਰੇ ਛਡ ਕੇ ਆਪਣੇ ਸਾਥੀਆਂ ਦਾ ਉੱਤਰ ਦੇ ਰਹੇ ਸਨ। ਜੇਲ੍ਹ ਵਿਚ ਇਕ ਕੁਹਰਾਮ ਮਚਿਆ ਹੋਇਆ ਸੀ।

ਆਖ਼ਰ ਛੇ ਬੱਬਰ ਫਾਂਸੀ ਦੇ ਤਖ਼ਤੇ ਪੁਰ ਖਲੋ ਗਏ। ਮਾਨੋ ਦੂਲੇ ਫ਼ੋਟੋ ਖਿਚਾਉਣ ਲਗੇ ਸਨ। ਜਥੇਦਾਰ ਨੇ ਫਿਰ ਇਕ ਦਿਲ-ਖਿਚਵੀਂ ਛੋਟੀ ਜਿਹੀ ਤਕਰੀਰ ਕੀਤੀ, ਜਿਸ ਨੂੰ ਸੁਣ ਕੇ ਜੇਲ੍ਹ ਸੁਪਰਟੈਂਡੰਟ ਦੀਆਂ ਅੱਖੀਆਂ ਵਿਚੋਂ ਤ੍ਰਿਪ ਤ੍ਰਿਪ ਨੀਰ ਵਗ ਤੁਰਿਆ। ਉਹ ਬੋਲ ਉਠਿਆ 'ਇਹੋ ਜਿਹੇ ਲਾਇਕ ਆਦਮੀ ਨੂੰ ਫਾਂਸੀ ਦੀ ਸਜ਼ਾ ਦੇ ਕੇ ਜੱਜ ਨੇ ਗ਼ਲਤੀ ਕੀਤੀ ਹੈ।' ਜਥੇਦਾਰ ਹੋਰੀਂ ਮੁਸਕਰਾਏ ਤੇ ਆਖਿਆ—'ਤੇਰੇ ਹੰਝੂ ਇਸ ਲਈ ਨਿਕਲੇ ਹਨ ਕਿ ਤੇਰੇ ਮਨ ਨੂੰ ਵੀ ਜਾਬਰ ਹਕੂਮਤ ਦੀ ਗ਼ੁਲਾਮੀ ਦਾ ਅਹਿਸਾਸ ਹੋਇਆ ਹੈ, ਸਾਨੂੰ ਲਾਲੀਆਂ ਇਸ ਲਈ ਚੜ੍ਹ ਰਹੀਆਂ ਹਨ ਕਿ ਸਾਡੇ ਮਨਾਂ ਵਿਚ ਸਵਤੰਤਰਤਾ ਦੀ ਭਾਵਨਾ ਦਾ ਦੀਪ ਲਟ ਲਟ ਜਗ ਰਿਹਾ ਹੈ।'

ਤਖ਼ਤੇ ਡਿਗ ਪਏ। ਛੇ ਸੂਰਬੀਰ ਹਵਾ ਵਿਚ ਲਟਕ ਰਹੇ ਸਨ।

ਵਾਰਸ ਲਾਸ਼ਾਂ ਲੈਣ ਵਾਸਤੇ ਪੁਜੇ ਹੋਏ ਸਨ। ਹਕੂਮਤ ਨੇ ਵਾਰਸਾਂ ਨੂੰ ਲਾਸ਼ਾਂ ਦੇਣ ਤੋਂ ਇਨਕਾਰ ਕਰ ਦਿਤਾ, ਪਰ ਜਨਤਾ ਦਾ ਇਕ ਬੇਪਨਾਹ ਹਜੂਮ ਜੇਲ੍ਹ ਦੇ ਬੂਹੇ ਸਾਹਮਣੇ ਧਰਨਾ ਮਾਰੀ ਖੜਾ ਸੀ। ਸਰਦੂਲ ਸਿੰਘ ਕਵੀਸ਼ਰ, ਸ: ਬਹਾਦਰ ਮਹਿਤਾਬ ਸਿੰਘ, ਸੁੰਦਰ ਸਿੰਘ ਭੌਰਾ ਤੇ ਹੋਰ ਦੇਸ਼ ਹਿਤੈਸ਼ੀਆਂ ਦਾ ਇਕ ਠਾਠਾਂ ਮਾਰਦਾ ਸਮੁੰਦਰ ਸ਼ਹੀਦਾਂ ਦੇ ਪਵਿੱਤਰ ਦਰਸ਼ਨਾਂ ਲਈ ਬੇਕਰਾਰ ਸੀ। ਇਹਨਾਂ ਦੇਸ਼ ਹਿਤੈਸ਼ੀਆਂ ਨੇ ਗਵਰਨਰ ਨੂੰ ਕਿਹਾ ਕਿ ਲਾਸ਼ਾਂ ਨਾ ਦਿਤੀਆਂ ਗਈਆਂ ਤਾਂ ਸਗੋਂ ਵਧੇਰੇ ਤੀਖਣ ਉਭਾਰ ਦਾ ਆਉਣਾ ਯਕੀਨੀ ਬਣ ਜਾਇਗਾ। ਗਵਰਨਰ ਉੱਤੇ ਪੰਜਾਬ ਦੇ ਇਹਨਾਂ ਪਤਵੰਤਿਆਂ ਦੀ ਨੇਕ ਸਲਾਹ ਦਾ ਅਸਰ ਹੋਇਆ, ਤਾਂ ਕਿਤੇ ਦੋ ਵਜੇ ਜਾ ਕੇ ਲਾਸ਼ਾਂ ਵਾਰਸਾਂ ਦੇ ਹਵਾਲੇ ਕੀਤੀਆਂ ਗਈਆਂ। ਉਦੋਂ ਤਕ ਜੇਲ੍ਹ ਦੇ ਸਭ ਕੈਦੀ ਆਪਣੀ ਆਪਣੀ ਥਾਂ ਬੰਦ ਰਖੇ ਗਏ।

ਜਨਤਾ ਦੇ ਸ਼ਹੀਦ ਜਨਤਾ ਨੂੰ ਮਿਲਣ ਦੀ ਦੇਰ ਸੀ ਕਿ ਦੇਸ਼ ਭਗਤੀ ਦਾ ਗੁੱਝਾ ਜਜ਼ਬਾ ਅਮਲੀ ਰੂਪ ਵਿਚ ਸ਼ਹੀਦਾਂ ਦੇ ਬੇਜਾਨ ਜਿਸਮ ਉਦਾਲੇ ਭੰਬਟਾਂ ਵਾਂਗ ਜੁੜ ਗਿਆ। ਆਖ਼ਰ ਇਨ੍ਹਾਂ ਮਰਜੀਵੜਿਆਂ ਦਾ ਡੇਹਰਾ ਸਾਹਿਬ ਦੇ ਪਿਛਲੇ ਪਾਸੇ ਰਾਵੀ ਦੇ ਕਿਨਾਰੇ ਸਸਕਾਰ ਕੀਤਾ ਗਿਆ।

ਕਿਸ਼ਨ ਸਿੰਘ ਗੜਗੱਜ

ਬੱਬਰ ਅਕਾਲੀ ਲਹਿਰ ਦੇ ਮੋਢੀ ਤੇ ਮੁਖੀ ਆਗੂ ਜਥੇਦਾਰ ਕਿਸ਼ਨ ਸਿੰਘ ਸਨ, ਜਿਨ੍ਹਾਂ ਨੇ ਦੁਆਬੇ ਵਿਚ ਥਾਂ ਥਾਂ ਫਿਰ ਕੇ ਅੰਗਰੇਜ਼ ਸਰਕਾਰ ਵਿਰੁੱਧ ਲੋਕਾਂ ਨੂੰ ਬਗਾਵਤ ਕਰਨ ਲਈ ਤਿਆਰ ਕੀਤਾ ਅਤੇ ਆਜ਼ਾਦੀ ਪ੍ਰਾਪਤ ਕਰਨ ਲਈ ਵੱਖ ਵੱਖ ਥਾਵਾਂ ਤੇ ਹੋ ਰਹੇ ਯਤਨਾਂ ਨੂੰ ਇਕ ਜਥੇਬੰਦਕ ਰੂਪ ਦੇ ਕੇ ਬਹੁਤ ਵੱਡੀ ਤਾਕਤ ਬਣਾਇਆ।

ਜਥੇਦਾਰ ਕਿਸ਼ਨ ਸਿੰਘ ਪਿੰਡ ਬੜਿੰਗ ਜ਼ਿਲ੍ਹਾ ਜਲੰਧਰ ਦੇ ਰਹਿਣ ਵਾਲੇ ਸਨ। ਪੜ੍ਹੇ ਲਿਖੇ, ਸੋਹਣੇ ਸਰੀਰ ਵਾਲੇ ਗਭਰੂ ਜੁਆਨ ਸਨ। ਫ਼ੌਜ ਵਿਚ ਭਰਤੀ ਹੋ ਗਏ

ਤੇ ਹਵਾਲਦਾਰ ਮੇਜਰ ਬਣ ਗਏ। ਜਦ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਹੋਇਆ ਤਾਂ ਆਪ ਦੇ ਦਿਲ ਵਿਚ ਬਰਤਾਨੀਆ ਸਰਕਾਰ ਵਿਰੁੱਧ ਨਫ਼ਰਤ ਪੈਦਾ ਹੋ ਗਈ। ਆਪਣੇ ਇਸ ਜਜ਼ਬੇ ਨੂੰ ਦਬਾਣ ਦੀ ਥਾਂ ਸ: ਕਿਸ਼ਨ ਸਿੰਘ ਨੇ ਫ਼ੌਜ ਵਿਚ ਹੀ ਅੰਗਰੇਜ਼ ਸਰਕਾਰ ਵਿਰੁੱਧ ਪਰਚਾਰ ਕਰਨਾ ਸ਼ੁਰੂ ਕਰ ਦਿਤਾ। ਵੱਡੇ ਅਫ਼ਸਰਾਂ ਨੂੰ ਪਤਾ ਲਗ ਗਿਆ ਤੇ ਅਠਾਈ ਦਿਨਾਂ ਦੀ ਕੋਰਟ ਮਾਰਸ਼ਲ ਦੀ ਸਜ਼ਾ ਹੋਈ। ਇਸ ਤੋਂ ਪਿਛੋਂ ਨੌਕਰੀ ਛੱਡ ਦਿੱਤੀ ਤੇ ਪੈਨਸ਼ਨ ਲੈ ਕੇ ਘਰ ਆ ਗਏ। ਉਦੋਂ ਆਪ ਦੀ ਉਮਰ ਮਸਾਂ ਤੀਹ ਇਕੱਤੀ ਸਾਲ ਦੀ ਹੋਵੇਗੀ।

1920 ਵਿਚ ਅਕਾਲੀ ਲਹਿਰ ਸ਼ੁਰੂ ਹੁੰਦਿਆਂ ਹੀ ਅਕਾਲੀ ਬਣ ਗਏ ਤੇ ਬਹੁਤ ਛੇਤੀ ਅਕਾਲੀ ਆਗੂਆਂ ਵਿਚ ਗਿਣੇ ਜਾਣ ਲਗ ਪਏ। ਇਥੋਂ ਤਕ ਕਿ ਇਕ ਵੇਰ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤ੍ਰ ਚੁਣ ਲਿਆ ਗਿਆ। ਮਾਰਚ 1921 ਵਿਚ ਹੁਸ਼ਿਆਰਪੁਰ ਵਿਚ ਸਿੱਖ ਵਿਦਿਅਕ ਕਾਨਫ਼ਰੰਸ ਹੋਈ। ਇਸ ਸਮੇਂ ਪੰਜਾਬ ਭਰ ਵਿਚ ਗਰਮ ਖ਼ਿਆਲੀਏ ਸਿੱਖ ਆਗੂਆਂ ਦੀ ਇਕ ਵਖਰੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਸ: ਕਿਸ਼ਨ ਸਿੰਘ ਨੇ ਵਿਚਾਰ ਪਰਗਟ ਕੀਤਾ ਕਿ ਸ਼ਾਂਤਮਈ ਨਾਲ ਕੁਝ ਨਹੀਂ ਬਣਨਾ, ਇਸ ਲਈ ਹਥਿਆਰਬੰਦ ਬਗ਼ਾਵਤ ਦੀ ਤਿਆਰੀ ਕਰਨੀ ਚਾਹੀਦੀ ਹੈ। ਇਸੇ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ ਨਨਕਾਣਾ ਸਾਹਿਬ ਦੇ ਸਾਕੇ ਦੇ ਜ਼ਿੰਮੇਵਾਰ ਨੂੰ ਕਤਲ ਕਰ ਦਿਤਾ ਜਾਏ।

ਸਭ ਤੋਂ ਪਹਿਲਾਂ ਇਕ ਅੰਗਰੇਜ਼ ਅਫ਼ਸਰ ਨੂੰ ਮਾਰਨ ਦੀ ਵਿਉਂਤ ਬਣੀ। ਉਹਨੂੰ ਮਾਰਨ ਲਈ ਗਏ ਦੋ ਬੰਦੇ ਲਾਹੌਰ ਵਿਚ ਪਹਿਲਾਂ ਹੀ ਫੜੇ ਗਏ ਤੇ ਪੁਲਸ ਨੇ ਪੜਤਾਲ ਕਰਦਿਆਂ ਕਰਦਿਆਂ ਹੁਸ਼ਿਆਰਪੁਰ ਵਿਚ ਹੋਈ ਸਾਜ਼ਸ਼ ਦਾ ਭੇਦ ਲੱਭ ਲਿਆ, ਜਿਸ ਦੇ ਸਿੱਟੇ ਵਜੋਂ ਜਥੇਦਾਰ ਕਿਸ਼ਨ ਸਿੰਘ ਤੇ ਉਸ ਮੀਟਿੰਗ ਵਿਚ ਸ਼ਾਮਲ ਦੂਜੇ ਸਾਰੇ ਬੰਦਿਆਂ ਦੇ ਵਾਰੰਟ (ਗ੍ਰਿਫ਼ਤਾਰੀ) ਜਾਰੀ ਹੋ ਗਏ। ਬਸ ਜਥੇਦਾਰ ਕਿਸ਼ਨ ਸਿੰਘ ਇਸੇ ਦਿਨ ਤੋਂ ਮਫ਼ਰੂਰ ਹੋ ਗਏ। ਪੁਲਸ ਨੇ ਇਹਨਾਂ ਦੀ ਗ੍ਰਿਫ਼ਤਾਰੀ ਲਈ ਦੋ ਸੌ ਰੁਪਏ ਇਨਾਮ ਨਿਯਤ ਕੀਤਾ।

ਜਥੇਦਾਰ ਕਿਸ਼ਨ ਸਿੰਘ ਨੇ ਕਿਤੇ ਲੁਕ ਕੇ ਬਹਿਣ ਦੀ ਬਜਾਏ ਥਾਂ ਥਾਂ ਫਿਰ ਕੇ ਸ਼ਾਂਤਮਈ ਤਿਆਗਣ ਤੇ ਅੰਗਰੇਜ਼ ਅਫ਼ਸਰ ਨੂੰ ਖ਼ਤਮ ਕਰਨ ਲਈ ਬਗ਼ਾਵਤ ਦਾ ਪਰਚਾਰ ਕਰਨਾ ਸ਼ੁਰੂ ਕੀਤਾ। ਥੋੜ੍ਹੇ ਦਿਨਾਂ ਵਿਚ ਹੀ ਸੰਤ ਕਰਤਾਰ ਸਿੰਘ, ਸ: ਬੇਲਾ ਸਿੰਘ ਪ੍ਰਾਗਪੁਰੀਆ, ਚੰਦਾ ਸਿੰਘ ਪਲਾਹੀ, ਬਾਬੂ ਸੰਤਾ ਸਿੰਘ, ਮਾਸਟਰ ਮੋਤਾ ਸਿੰਘ, ਸ: ਕਰਮ ਸਿੰਘ ਦੌਲਤਪੁਰ, ਸ: ਕਰਮ ਸਿੰਘ ਝਿੰਗੜ, ਆਸਾ ਸਿੰਘ ਤੇ ਮਾਸਟਰ ਦਲੀਪ ਸਿੰਘ ਗੋਸਲ ਆਦਿ ਸਭ ਗਰਮ ਖ਼ਿਆਲੀਏ ਇਨਕਲਾਬੀ ਇਕ ਦੂਜੇ ਨੂੰ ਮਿਲ ਪਏ ਤੇ ਇਹਨਾਂ ਨੇ ਚੱਕਰਵਰਤੀ ਜਥਾ ਬਣਾ ਲਿਆ। ਥਾਂ ਥਾਂ ਇਹ ਦੀਵਾਨ ਕਰਦੇ ਤੇ ਹਰ ਦੀਵਾਨ ਵਿਚ ਇਕ ਦੋ ਬੰਦੇ ਹੋਰ ਨਵੇਂ ਇਹਨਾਂ ਨਾਲ ਰਲ ਜਾਂਦੇ। ਪੁਲਸ ਇਹਨਾਂ ਦੇ ਮਗਰ ਮਗਰ ਫਿਰਨ ਲਗ ਪਈ ਪਰ ਇਹਨਾਂ ਦੇ ਨੇੜੇ ਆਉਣ ਦਾ ਕਿਸੇ ਪੁਲਸੀਏ ਨੂੰ ਹੌਸਲਾ ਨਾ ਪੈਂਦਾ। ਇਹਨਾਂ ਐਲਾਨ ਕੀਤਾ ਹੋਇਆ ਸੀ ਕਿ ਅਸੀਂ ਜੀਊਂਦਿਆਂ ਕਾਬੂ ਨਹੀਂ ਆਉਣਾ ਤੇ ਜਦ ਤਕ ਸਾਡਾ ਵਾਹ ਚਲਿਆ ਕਿਸੇ ਫੜਨ ਵਾਲੇ ਨੂੰ ਜੀਊਂਦਿਆਂ ਨਹੀਂ ਛੱਡਣਾ। ਸਾਰੇ ਬੱਬਰ

ਅਕਾਲੀਆਂ ਵਿਚ ਗਰਮ ਤੇ ਧੜੱਲੇਦਾਰ ਤਕਰੀਰ ਜਥੇਦਾਰ ਕਿਸ਼ਨ ਸਿੰਘ ਦੀ ਹੁੰਦੀ ਸੀ। ਜਥੇਦਾਰ ਕਿਸ਼ਨ ਸਿੰਘ ਦੀ ਅਗਵਾਈ ਹੇਠਾਂ ਬੱਬਰਾਂ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਕੀਰਤਪੁਰ ਤੇ ਅਨੰਦਪੁਰ ਸਾਹਿਬ ਮਹੰਤਾਂ ਤੋਂ ਆਜ਼ਾਦ ਕਰਵਾਏ।

19 ਮਾਰਚ 1922 ਨੂੰ ਪਿੰਡ ਸੰਘਵਾਲ ਵਿਚ ਇਕ ਦੀਵਾਨ ਸਮੇਂ ਚੱਕਰਵਰਤੀ ਜਥੇ ਦੇ ਮੁਖੀਆਂ ਦੀ ਮੀਟਿੰਗ ਹੋਈ ਜਿਸ ਵਿਚ ਫ਼ੈਸਲਾ ਕੀਤਾ ਗਿਆ ਕਿ ਚੱਕਰਵਰਤੀ ਜਥੇ ਦੇ ਸਾਰੇ ਮੈਂਬਰ ਆਪਣੇ ਪਾਸ ਹਥਿਆਰ ਰਖਿਆ ਕਰਨ ਤੇ ਜਦੋਂ ਵੀ ਮੌਕਾ ਬਣੇ ਪੁਲਸ ਨਾਲ ਸਿਧੇ ਦੋ ਹੱਥ ਕੀਤੇ ਜਾਣ। ਦੂਜਾ ਮਹੱਤਵਪੂਰਨ ਫ਼ੈਸਲਾ ਇਹ ਹੋਇਆ ਕਿ ਅੰਗਰੇਜ਼ ਸਰਕਾਰ ਦੇ ਝੋਲੀ-ਚੁਕਾਂ ਤੇ ਇਨਕਲਾਬੀਆਂ ਦੀਆਂ ਸਰਕਾਰ ਨੂੰ ਖ਼ਬਰਾਂ ਦੇਣ ਵਾਲਿਆਂ ਨੂੰ ਸੋਧਿਆ ਜਾਏ। ਪਿਛੋਂ ਇਹ ਬੱਬਰ ਅਕਾਲੀਆਂ ਦਾ ਮੁਖ ਕੰਮ ਬਣ ਗਿਆ।

ਇਸ ਪਿਛੋਂ ਜਥੇਦਾਰ ਕਿਸ਼ਨ ਸਿੰਘ ਨੇ ਜਲੰਧਰ ਛਾਉਣੀ ਦੇ ਕਈ ਫ਼ੌਜੀਆਂ ਨਾਲ ਸੰਪਰਕ ਬਣਾਇਆ ਤੇ ਉਹਨਾਂ ਕੋਲੋਂ ਸਿੱਕਾ ਬਾਰੂਦ ਲਿਆ। ਅਗੋਂ ਲਈ ਵੀ·ਅਸਲਾ ਪ੍ਰਾਪਤ ਕਰਨ ਦੇ ਵਸੀਲੇ ਬਣਾ ਲਏ। ਫਿਰ ਕਈ ਸਕੂਲਾਂ ਵਿਚ ਫਿਰ ਕੇ ਵਿਦਿਆਰਥੀਆਂ ਅੰਦਰ ਇਨਕਲਾਬੀ ਰੁਚੀਆਂ ਦਾ ਪ੍ਰਚਾਰ ਕੀਤਾ।

ਅਪਰੈਲ 1922 ਦੀ ਗੱਲ ਹੈ ਕਿ ਝਿੰਗੜ ਨੇੜੇ ਖਜੂਰਲਾ ਪੁਲਸ ਚੌਕੀ ਕੋਲੋਂ ਲੰਘਦਿਆਂ ਜਥੇਦਾਰ ਕਿਸ਼ਨ ਸਿੰਘ ਨੂੰ ਪਤਾ ਲੱਗਾ ਕਿ ਚੌਕੀ ਦੇ ਅੰਦਰ ਪੁਲਸੀਏ ਇਕ ਕਾਲੀ ਪਗੜੀ ਵਾਲੇ ਸਿੰਘ ਨੂੰ ਮਾਰ ਕੁਟ ਰਹੇ ਹਨ। ਕਿਸ਼ਨ ਸਿੰਘ ਨਾਲ ਉਸ ਵੇਲੇ ਦੋ ਸਾਥੀ ਸਨ । ਤਿੰਨਾਂ ਪਾਸ ਹੀ ਕਿਰਪਾਨਾਂ ਸਨ। ਇਹਨਾਂ ਨੇ ਕਿਰਪਾਨਾਂ ਕਢੀਆਂ ਤੇ ਥਾਣੇ ਤੇ ਹਮਲਾ ਕਰ ਦਿਤਾ। ਉਸ ਵੇਲੇ ਤਕ ਜਥੇਦਾਰ ਕਿਸ਼ਨ ਸਿੰਘ ਤੇ ਉਹਨਾਂ ਦੇ ਜਥੇ ਦਾ ਇਤਨਾ ਦਬਦਬਾ ਹੋ ਚੁਕਿਆ ਸੀ ਕਿ ਪੁਲਸੀਏ ਅਗੋਂ ਹਥਿਆਰ ਚੁੱਕਣ ਦਾ ਹੌਸਲਾ ਵੀ ਨਾ ਕਰ ਸਕੇ। ਸਾਰੇ ਪੁਲਸੀਏ ਹੱਥ ਜੋੜ ਕੇ ਆਪਣੀ ਜਾਨ ਬਖ਼ਸ਼ੀ ਦੀ ਬੇਨਤੀ ਕਰਨ ਲੱਗ ਪਏ। ਜਥੇਦਾਰ ਕਿਸ਼ਨ ਸਿੰਘ ਨੇ ਬੰਦਾ ਪੁਲਸ ਤੋਂ ਛੁਡਾਇਆ ਤੇ ਪੁਲਸੀਆਂ ਨੂੰ ਉਹਦੀ ਪੈਰੀਂ ਪੈ ਕੇ ਮਾਫ਼ੀ ਮੰਗਣ ਲਈ ਕਿਹਾ। ਇਸ ਘਟਨਾ ਦਾ ਇਲਾਕੇ ਵਿਚ ਬੜਾ ਚਰਚਾ ਹੋਇਆ ਕਿਉਂਕਿ ਇਸ ਨਾਲ ਚੱਕਰਵਰਤੀ ਜਥੇ ਦੀ ਚੜ੍ਹਤ ਦਾ ਰੋਹਬ ਪਿਆ ਤੇ ਪੁਲਸ ਦੀ ਬੜੀ ਬੇਰੋਹਬੀ ਹੋਈ।

ਜਥੇ ਨੇ ਆਪਣਾ ਇਕ ਅਖ਼ਬਾਰ ਕਢਿਆ, ਜਿਸ ਦਾ ਨਾਂ 'ਬੱਬਰ ਅਕਾਲੀ ਦੁਆਬਾ' ਰਖਿਆ। ਇਸ ਅਖ਼ਬਾਰ ਕਰਕੇ ਹੀ ਜਥੇ ਦਾ ਨਾਂ ਬੱਬਰ ਅਕਾਲੀ ਮਸ਼ਹੂਰ ਹੋ ਗਿਆ। ਅਗਸਤ 1922 ਵਿਚ ਬੱਬਰ ਅਕਾਲੀ ਜਥੇ ਦੀ ਬਾਕਾਇਦਾ ਚੋਣ ਹੋਈ ਤੇ ਸ: ਕਿਸ਼ਨ ਸਿੰਘ ਉਸ ਦੇ ਜਥੇਦਾਰ ਚੁਣੇ ਗਏ। ਇਹਨਾਂ ਦੇ ਜ਼ਿੰਮੇ ਜਥੇਬੰਦੀ ਦੀਆਂ ਸਾਰੀਆਂ ਮੁਖ ਜ਼ਿੰਮੇਵਾਰੀਆਂ ਤੋਂ ਛੁਟ ਅਖ਼ਬਾਰ ਦੀ ਐਡੀਟਰੀ ਦਾ ਕੰਮ ਵੀ ਲਾਇਆ ਗਿਆ। ਆਪਣੀ ਗ੍ਰਿਫ਼ਤਾਰੀ ਤਕ ਜਥੇਦਾਰ ਕਿਸ਼ਨ ਸਿੰਘ ਹੀ ਸਾਰਾ ਅਖ਼ਬਾਰ ਲਿਖਿਆ ਕਰਦੇ ਸਨ।

ਜਥੇਦਾਰ ਕਿਸ਼ਨ ਸਿੰਘ ਦੀ ਅਗਵਾਈ ਹੇਠ ਹੀ ਪਹਿਲਾਂ ਬੱਬਰਾਂ ਨੇ ਸਰਕਾਰ

ਦੇ ਝੋਲੀ-ਚੁਕਾਂ ਦੇ ਨੱਕ ਕੰਨ ਵੱਢਣ ਦੀ ਮੁਹਿਮ ਸ਼ੁਰੂ ਕੀਤੀ। ਫਿਰ ਇਹ ਫ਼ੈਸਲਾ ਬਦਲ ਦਿਤਾ ਤੇ ਝੋਲੀ-ਚੁਕ ਕਤਲ ਕਰਨੇ ਸ਼ੁਰੂ ਕਰ ਦਿਤੇ। ਜਿਸ ਨੂੰ ਬੱਬਰਾਂ ਨੇ ਮਾਰਨਾ ਹੋਵੇ ਪਹਿਲਾਂ ਉਸ ਦੇ ਨਾਂ ਦਾ ਐਲਾਨ ਕਰਦੇ ਸਨ ਤੇ ਉਸ ਨੂੰ ਲਿਖ ਕੇ ਵੀ ਨੋਟਸ ਭੇਜ ਦਿੰਦੇ ਸਨ। ਬੱਬਰਾਂ ਦੇ ਇਸ ਅੰਦੋਲਨ ਨਾਲ ਸਾਰੇ ਪੰਜਾਬ ਵਿਚ ਤਰਥੱਲੀ ਮਚ ਗਈ। ਬੱਬਰਾਂ ਦੀ ਗ੍ਰਿਫ਼ਤਾਰੀ ਲਈ ਵੱਡੇ ਵੱਡੇ ਇਨਾਮ ਰਖ ਦਿਤੇ ਗਏ। ਸਭ ਤੋਂ ਵਧੇਰੇ ਇਨਾਮ 2000 ਰੁਪੈ ਜਥੇਦਾਰ ਕਿਸ਼ਨ ਸਿੰਘ ਦੀ ਗ੍ਰਿਫ਼ਤਾਰੀ ਲਈ ਰਖਿਆ ਗਿਆ। ਕਈ ਡਾਕੂ ਵੀ ਜਥੇਦਾਰ ਕਿਸ਼ਨ ਸਿੰਘ ਨੇ ਆਪਣੇ ਪਰਚਾਰ ਨਾਲ ਬੱਬਰ ਬਣਾ ਲਏ। ਬੱਬਰਾਂ ਨੇ ਕਈ ਬੰਦੇ ਮਾਰੇ, ਇਸ ਤੇ ਪੁਲਸ ਨੇ ਆਮ ਲੋਕਾਂ ਤੇ ਸਖ਼ਤੀ ਸ਼ੁਰੂ ਕਰ ਦਿੱਤੀ। ਬੱਬਰਾਂ ਨੇ ਅਖ਼ਬਾਰ ਵਿਚ ਨਾਂ ਲਿਖਣੇ ਸ਼ੁਰੂ ਕਰ ਦਿਤੇ ਕਿ ਕਿਹੜੇ ਕਿਹੜੇ ਬੱਬਰ ਨੇ ਕਿਹੜੇ ਝੋਲੀ-ਚੁਕ ਨੂੰ ਮਾਰਿਆ ਹੈ। 25 ਫ਼ਰਵਰੀ 1923 ਨੂੰ ਜਥੇਦਾਰ ਕਿਸ਼ਨ ਸਿੰਘ ਦੇ ਪਿੰਡ ਦਾ ਰਹਿਣ ਵਾਲਾ ਹੀ ਇਕ ਕਾਬਲ ਸਿੰਘ ਦੋ ਹਜ਼ਾਰ ਰੁਪਏ ਲੈਣ ਦੀ ਖ਼ਾਤਰ ਜਥੇਦਾਰ ਨੂੰ ਪੰਡੋਰੀ ਮਹਿਲ ਪਿੰਡ ਲੈ ਗਿਆ ਜਿਥੇ ਉਹ ਕਿਸੇ ਹਕੀਮ ਪਾਸ ਕੰਮ ਸਿਖਦਾ ਸੀ। ਦੂਜੇ ਪਾਸੇ ਉਹਨੇ ਪੁਲਸ ਨੂੰ ਇਤਲਾਹ ਦੇ ਦਿਤੀ ਤੇ ਸ: ਕਿਸ਼ਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਜਥੇਦਾਰ ਕਿਸ਼ਨ ਸਿੰਘ ਨੂੰ ਕਿਸੇ ਨੇੜੇ ਦੀ ਜੇਲ੍ਹ ਵਿਚ ਰਖਣਾ ਵੀ ਸਰਕਾਰ ਨੇ ਖ਼ਤਰਨਾਕ ਸਮਝਿਆ ਤੇ ਦੂਰ ਮੀਆਂਵਾਲੀ ਜੇਲ੍ਹ ਵਿਚ ਭੇਜ ਦਿਤਾ। ਬਾਕੀ ਸਾਰੇ ਗ੍ਰਿਫ਼ਤਾਰ ਹੋਏ ਬੱਬਰਾਂ ਨੂੰ ਲਾਹੌਰ ਇਕੱਠੇ ਕਰ ਦਿਤਾ ਗਿਆ। 28 ਫ਼ਰਵਰੀ 1925 ਨੂੰ ਜਥੇਦਾਰ ਵਿਰੁੱਧ ਮੁਕੱਦਮੇ ਦਾ ਫ਼ੈਸਲਾ ਸੁਣਾਇਆ ਗਿਆ ਤੇ ਫਾਂਸੀ ਦੀ ਸਜ਼ਾ ਦਿਤੀ ਗਈ। ਜੱਜ ਨੇ ਆਪਣੇ ਫ਼ੈਸਲੇ ਵਿਚ ਲਿਖਿਆ ਕਿ ਜਥੇਦਾਰ ਕਿਸ਼ਨ ਸਿੰਘ ਬੜਿੰਗ, ਬੱਬਰ ਅਕਾਲੀ ਸਾਜ਼ਸ਼ ਦਾ ਮੋਢੀ, ਜਥੇਬੰਦ ਕਰਨ ਵਾਲਾ ਤੇ ਲਹਿਰ ਦਾ ਦਿਮਾਗ ਹੈ। ਹਾਈ ਕੋਰਟ ਵਿਚ ਅਪੀਲ ਵੀ ਕੀਤੀ ਗਈ ਪਰ ਉਥੇ ਕਈ ਬੱਬਰਾਂ ਦੀ ਸਜ਼ਾ ਵਧ ਗਈ। ਪਹਿਲੇ ਬੱਬਰ ਕੇਸ ਵਿਚ ਜਿਨ੍ਹਾਂ ਛੇ ਬੱਬਰਾਂ ਨੂੰ ਫਾਂਸੀ ਦੀ ਸਜ਼ਾ ਹੋਈ ਉਹਨਾਂ ਵਿਚੋਂ ਸਭ ਤੋਂ ਪਹਿਲਾ ਨਾਂ ਜਥੇਦਾਰ ਕਿਸ਼ਨ ਸਿੰਘ ਦਾ ਸੀ।

ਕਰਮ ਸਿੰਘ ਝਿੰਗੜ

ਸ: ਕਰਮ ਸਿੰਘ ਝਿੰਗੜ ਵੀ ਬੱਬਰ ਅਕਾਲੀ ਲਹਿਰ ਦੇ ਮੁਖੀਆਂ ਵਿਚੋਂ ਇਕ ਸਨ। ਇਹ ਪਿੰਡ ਝਿੰਗੜ ਜ਼ਿਲ੍ਹਾ ਜਲੰਧਰ ਦੇ ਵਸਨੀਕ ਸਨ ਤੇ ਜਦ ਧੜਾ-ਧੜ ਪੰਜਾਬੀ ਕੈਨੇਡਾ ਜਾਣ ਲਗੇ ਤਾਂ ਸ: ਕਰਮ ਸਿੰਘ ਵੀ ਕਮਾਈ ਦੀ ਨੀਅਤ ਨਾਲ ਹੀ ਕੈਨੇਡਾ ਚਲੇ ਗਏ। ਉਥੇ ਜਾ ਕੇ ਆਜ਼ਾਦ ਤੇ ਗ਼ੁਲਾਮ ਕੌਮਾਂ ਦੇ ਜੀਵਨ ਵਿਚ ਫ਼ਰਕ ਦੇਖਿਆ ਤੇ ਆਜ਼ਾਦੀ ਦੀ ਇੱਛਾ ਪ੍ਰਬਲ ਹੋ ਗਈ। ਵੈਨਕੋਵਰ ਵਿਚ ਪੰਜਾਬੀਆਂ ਨੇ ਗ਼ਦਰ ਪਾਰਟੀ ਬਣਾ ਲਈ ਤਾਂ ਸ: ਕਰਮ ਸਿੰਘ ਵੀ ਉਸ ਵਿਚ ਸ਼ਾਮਲ ਹੋ ਗਏ ਤੇ ਪਾਰਟੀ ਨੇ ਜਿਹੜਾ ਵੀ ਕੰਮ ਸੌਂਪਿਆ, ਉਹਨੂੰ ਦਿਨ ਰਾਤ ਇਕ ਕਰ ਕੇ ਕਰਦੇ ਰਹੇ। ਅਖ਼ੀਰ ਗ਼ਦਰ ਪਾਰਟੀ ਦੇ ਆਗੂਆਂ ਨੇ ਫ਼ੈਸਲਾ ਕੀਤਾ ਕਿ ਸਾਰੇ ਭਾਰਤ ਚਲੀਏ ਤੇ ਉਥੇ ਇਨਕਲਾਬ ਲਿਆਉਣ ਦਾ ਯਤਨ ਕੀਤਾ ਜਾਏ।

ਸ: ਕਰਮ ਸਿੰਘ ਨੇ ਵੀ ਕੰਮ ਛਡ ਦਿਤਾ ਤੇ ਵਾਪਸ ਭਾਰਤ ਆ ਗਏ। ਆਪ ਦਸੰਬਰ 1914 ਈਸਵੀ ਵਿਚ ਭਾਰਤ ਆਏ। ਬੰਦਰਗਾਹ ਤੇ ਸਰਕਾਰ ਨੇ ਬੜਾ ਸਖ਼ਤ ਪਰਬੰਧ ਕੀਤਾ ਹੋਇਆ ਸੀ ਪਰ ਸ: ਕਰਮ ਸਿੰਘ ਬਚ ਕੇ ਨਿਕਲ ਆਏ। ਪਿਛੋਂ ਜਦੋਂ ਗ਼ਦਰ ਫ਼ੇਲ੍ਹ ਹੋ ਗਿਆ ਤੇ ਸਰਕਾਰ ਨੂੰ ਪਤਾ ਲਗਾ ਕਿ ਕਰਮ ਸਿੰਘ ਵੀ ਗ਼ਦਰੀਆਂ ਵਿਚ ਸਰਗਰਮ ਸੀ ਤਾਂ ਇਹਨਾਂ ਨੂੰ ਪਿੰਡ ਵਿਚ ਜੂਹ-ਬੰਦ ਕਰ ਦਿਤਾ। 1918 ਤਕ ਇਹ ਪਾਬੰਦੀ ਲਗੀ ਰਹੀ। ਪਹਿਲਾ ਸੰਸਾਰ ਯੁੱਧ ਮੁਕਣ ਤੇ ਇਹ ਪਾਬੰਦੀ ਚੁਕੀ ਗਈ।

ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਪਿਛੋਂ ਸਰਦਾਰ ਕਰਮ ਸਿੰਘ ਫਿਰ ਸਰਗਰਮ ਹੋ ਗਏ। ਇਕ ਪਾਸੇ 1920 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਬਣ ਗਏ ਤੇ ਦੂਜੇ ਪਾਸੇ ਕਾਂਗਰਸ ਦੇ ਕੰਮਾਂ ਵਿਚ ਵੀ ਜੁਟ ਪਏ ਪਰ ਆਪ ਦਾ ਵਿਸ਼ਵਾਸ ਸ਼ਾਂਤ-ਮਈ ਤਰੀਕਿਆਂ ਤੋਂ ਉਠ ਚੁਕਿਆ ਸੀ। ਉਹਨਾਂ ਨੇ ਨਨਕਾਣਾ ਸਾਹਿਬ ਦੇ ਸਾਕੇ ਪਿਛੋਂ ਖੁਲ੍ਹ ਕੇ ਹਥਿਆਰਬੰਦ ਬਗ਼ਾਵਤ ਕਰਨ ਤੇ ਅੰਗਰੇਜ਼ ਸਰਕਾਰ ਦਾ ਤਖ਼ਤਾ ਉਲਟਾਉਣ ਦਾ ਪਰਚਾਰ ਸ਼ੁਰੂ ਕਰ ਦਿਤਾ। ਮਾਰਚ 1921 ਵਿਚ ਇਕ ਦੀਵਾਨ ਮਾਹਲਪੁਰ ਵਿਚ ਰਖਿਆ ਗਿਆ ਜਿਸ ਵਿਚ ਸ: ਕਰਮ ਸਿੰਘ ਝਿੰਗੜ ਨੇ ਬੜੀ ਜਜ਼ਬਾਤੀ ਤੇ ਬਗ਼ਾਵਤ ਭਰੀ ਤਕਰੀਰ ਕੀਤੀ। ਦੂਜੀ ਤਕਰੀਰ ਕੁਕੜ ਮੁਜ਼ਾਹਰੇ ਵਿਚ ਕੀਤੀ। ਅੰਗਰੇਜ਼ ਸਰਕਾਰ ਨੇ ਵਾਰੰਟ ਗ੍ਰਿਫ਼ਤਾਰੀ ਜਾਰੀ ਕਰ ਦਿਤੇ ਤੇ ਸ: ਕਰਮ ਸਿੰਘ ਨੇ ਗ੍ਰਿਫ਼ਤਾਰੀ ਨਾ ਦੇਣ ਦਾ ਫ਼ੈਸਲਾ ਕਰ ਲਿਆ ਤੇ ਚੱਕਰਵਰਤੀ ਬਣ ਗਏ। ਦੁਆਬੇ ਵਿਚ ਇਸੇ ਤਰ੍ਹਾਂ ਵਿਅਕਤੀਗਤ ਰੂਪ ਵਿਚ ਅਨੇਕਾਂ ਹੋਰ ਬੰਦੇ ਬਗ਼ਾਵਤ ਦਾ ਪ੍ਰਚਾਰ ਕਰਦੇ ਰਹੇ ਤੇ ਜਿਨ੍ਹਾਂ ਦੇ ਵਾਰੰਟ ਨਿਕਲ ਜਾਂਦੇ ਉਹ ਗੁਪਤ ਵਿਚਰਨ ਲਗ ਪੈਂਦੇ। ਇਉਂ ਚੱਕਰਵਰਤੀ ਜਥਾ ਬਣ ਗਿਆ।

ਛੇਤੀ ਹੀ ਜਥੇਦਾਰ ਕਿਸ਼ਨ ਸਿੰਘ ਗੜਗੱਜ ਤੇ ਹੋਰ ਸਾਥੀ ਮਿਲ ਕੇ ਤੁਰਨ ਲਗ ਪਏ। ਇਹਨਾਂ ਨੇ ਰੋਜ਼ ਦੋ ਪਿੰਡਾਂ ਵਿਚ ਦੀਵਾਨ ਕਰਨੇ ਸ਼ੁਰੂ ਕਰ ਦਿਤੇ। ਦੀਵਾਨਾਂ ਵਿਚ ਗਰਮ ਤਕਰੀਰਾਂ ਕਰ ਕੇ ਤੇ ਲੋਕਾਂ ਨੂੰ ਉਕਸਾ ਕੇ ਆਪ ਅੱਗੇ ਨਿਕਲ ਜਾਂਦੇ। ਇਹਨਾਂ ਨੇ ਦੁਆਬੇ ਤੋਂ ਛੁਟ ਲੁਧਿਆਣੇ ਤੇ ਅੰਬਾਲਾ ਜ਼ਿਲ੍ਹੇ ਤਕ ਦਾ ਦੌਰਾ ਕਰ ਕੇ ਸੈਂਕੜੇ ਦੀਵਾਨਾਂ ਵਿਚ ਤਕਰੀਰਾਂ ਕਰ ਕੇ ਲੋਕਾਂ ਨੂੰ ਅੰਗਰੇਜ਼ ਸਰਕਾਰ ਦਾ ਤਖ਼ਤਾ ਉਲਟਾਣ ਦੀ ਪ੍ਰੇਰਨਾ ਕੀਤੀ। ਇਹਨਾਂ ਦਿਨਾਂ ਵਿਚ ਸ: ਕਰਮ ਸਿੰਘ ਝਿੰਗੜ ਨੇ ਜਥੇ ਸਮੇਤ ਜਾ ਕੇ ਮਹੰਤਾਂ ਤੋਂ ਸ੍ਰੀ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਦੇ ਗੁਰਦਵਾਰੇ ਆਜ਼ਾਦ ਕਰਾ ਲਏ।

ਜਦ ਅਗਸਤ 1922 ਵਿਚ ਬੱਬਰ ਜਥੇ ਦੀ ਪਹਿਲੀ ਚੋਣ ਹੋਈ ਤਾਂ ਉਸ ਵਿਚ ਸ: ਕਰਮ ਸਿੰਘ ਝਿੰਗੜ ਨੂੰ ਮੁਖੀ ਛੇ ਮੈਂਬਰੀ ਕਮੇਟੀ ਵਿਚ ਸ਼ਾਮਲ ਕਰ ਲਿਆ ਗਿਆ।

ਬੱਬਰ ਅਕਾਲੀਆਂ ਨੇ ਜਦ ਸਰਕਾਰ ਦੇ ਝੋਲੀ-ਚੁਕਾਂ ਨੂੰ ਸੋਧਣ ਦਾ ਫ਼ੈਸਲਾ ਕੀਤਾ ਤਾਂ ਸਰਦਾਰ ਕਰਮ ਸਿੰਘ ਝਿੰਗੜ ਨੇ ਇਸ ਪ੍ਰੋਗਰਾਮ ਵਿਚ ਸਰਗਰਮੀ ਨਾਲ ਹਿੱਸਾ ਲਿਆ। ਪਹਿਲਾਂ ਕੁਝ ਝੋਲੀ-ਚੁਕਾਂ ਦੇ ਨੱਕ ਵੱਢਣ ਦਾ ਯਤਨ ਕੀਤਾ ਪਰ ਪਿਛੋਂ ਜਥੇਬੰਦੀ ਨੇ ਨੱਕ ਵੱਢਣ ਦੀ ਥਾਂ ਮਾਰਨ ਦੀ ਹਦਾਇਤ ਕਰ ਦਿੱਤੀ। ਅੰਗਰੇਜ਼

ਸਰਕਾਰ ਦੇ ਇਹਨਾਂ ਨੂੰ ਫੜਨ ਦੇ ਯਤਨ ਜਦ ਫ਼ੇਲ੍ਹ ਹੋ ਗਏ ਤਾਂ ਗ੍ਰਿਫ਼ਤਾਰ ਕਰਾਉਣ ਵਾਲੇ ਨੂੰ ਪੰਜ ਸੌ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਗਿਆ। ਸਾਰੇ ਪਿੰਡਾਂ ਵਿਚ ਸਰਕਾਰ ਨੇ ਪ੍ਰਚਾਰ ਕਰ ਦਿਤਾ ਕਿ ਸ: ਕਰਮ ਸਿੰਘ ਝਿੰਗੜ ਦੀ ਗ੍ਰਿਫ਼ਤਾਰੀ ਲਈ ਇਨਾਮ ਨਿਸਚਿਤ ਹੈ।

ਦਸੰਬਰ 1922 ਵਿਚ ਬੱਬਰਾਂ ਨੇ ਫ਼ੈਸਲਾ ਕੀਤਾ ਕਿ ਸ: ਕਰਮ ਸਿੰਘ ਝਿੰਗੜ ਕਲਕੱਤੇ ਜਾਣ। ਉਥੋਂ ਕੁਝ ਬੰਦਿਆਂ ਨੇ ਮਾਇਆ ਦੀ ਮਦਦ ਕਰਨੀ ਸੀ ਤੇ ਨਾਲੇ ਹਥਿਆਰ ਖ਼ਰੀਦਣੇ ਸਨ। ਸ: ਕਰਮ ਸਿੰਘ ਦਾ ਭਰਾ ਪੰਜ ਸੌ ਰੁਪਏ ਦੇ ਲਾਲਚ ਵਿਚ ਆ ਕੇ ਆਪਣੇ ਭਰਾ ਨੂੰ ਗ੍ਰਿਫ਼ਤਾਰ ਕਰਾਉਣ ਤੇ ਤੁਲ ਗਿਆ। ਉਸ ਨੇ ਬੱਬਰਾਂ ਨੂੰ ਸੁਨੇਹਾ ਭੇਜਿਆ ਕਿ ਸ: ਕਰਮ ਸਿੰਘ ਦੀ ਮਾਂ ਸਖ਼ਤ ਬੀਮਾਰ ਹੈ ਤੇ ਜ਼ਮੀਨ ਦੀ ਰਜਿਸਟਰੀ ਦਾ ਵੀ ਝਗੜਾ ਹੈ, ਇਸ ਲਈ ਉਹ ਤੁਰਤ ਪਿੰਡ ਆਉਣ। ਸ: ਕਰਮ ਸਿੰਘ ਕਲਕੱਤੇ ਜਾਣ ਤੋਂ ਪਹਿਲਾਂ ਪਿੰਡ ਚਲੇ ਗਏ। ਉਹਨਾਂ ਦੇ ਨਾਲ ਮਾਸਟਰ ਦਲੀਪ ਸਿੰਘ ਗੋਸਲ ਵੀ ਸਨ। ਉਥੇ ਕਿਹਰ ਸਿੰਘ ਨੇ ਪੁਲਸ ਨੂੰ ਸੂਚਨਾ ਭੇਜ ਕੇ ਦੋਵੇਂ ਬੱਬਰ ਗ੍ਰਿਫ਼ਤਾਰ ਕਰਵਾ ਦਿਤੇ।

ਜੇਲ੍ਹ ਵਿਚ ਇਹਨਾਂ ਤੇ ਦਫ਼ਾ 124-ੳ ਤੇ 153-ੳ ਅਧੀਨ ਮੁਕੱਦਮਾ ਚਲਿਆ ਤੇ 14 ਮਾਰਚ 1923 ਨੂੰ ਚਾਰ ਸਾਲ ਕੈਦ ਦੀ ਸਜ਼ਾ ਹੋ ਗਈ। ਰਾਵਲਪਿੰਡੀ ਜੇਲ੍ਹ ਭੇਜ ਦਿਤਾ ਗਿਆ। ਜਦ ਬੱਬਰ ਅਕਾਲੀ ਵੱਡਾ ਕੇਸ ਚਲਿਆ ਤਾਂ ਇਹਨਾਂ ਨੂੰ ਲਾਹੌਰ ਜੇਲ੍ਹ ਲਿਆ ਕੇ ਉਸ ਕੇਸ ਵਿਚ ਵੀ ਸ਼ਾਮਲ ਕਰ ਲਿਆ। ਇਹਨਾਂ ਦੀ ਗ੍ਰਿਫ਼ਤਾਰੀ ਪਿਛੋਂ ਦੁਆਬੇ ਵਿਚ ਜੋ ਕਤਲ ਹੋਏ ਤੇ ਜੋ ਬੱਬਰਾਂ ਨੇ ਕਾਰਵਾਈ ਕੀਤੀ ਉਸ ਲਈ ਵੀ ਸ: ਕਰਮ ਸਿੰਘ ਝਿੰਗੜ ਨੂੰ ਜ਼ਿੰਮੇਵਾਰ ਠਹਿਰਾਇਆ ਤੇ ਉਮਰ ਕੈਦ ਦੀ ਸਜ਼ਾ ਦੇ ਦਿਤੀ। ਅਦਾਲਤ ਨੇ ਆਪਣੇ ਫ਼ੈਸਲੇ ਵਿਚ ਲਿਖਿਆ ਕਿ ਇਹ ਬੱਬਰ ਅਕਾਲੀਆਂ ਦੇ ਅੰਦਰਲੇ ਸਰਕਲ ਵਿਚ ਸਿਰਕੱਢ ਮੁਖੀ ਸੀ। ਇਸੇ ਨੇ ਜਲੰਧਰ ਤੇ ਹੁਸ਼ਿਆਰਪੁਰ ਦੇ ਜਥਿਆਂ ਵਿਚ ਸੰਬੰਧ ਕਾਇਮ ਕੀਤੇ।

ਜੇਲ੍ਹ ਵਿਚ ਬੱਬਰਾਂ ਨੇ ਮਾੜੇ ਵਰਤਾਉ ਤੇ ਗੰਦੀ ਖ਼ੁਰਾਕ ਵਿਰੁੱਧ ਕਈ ਵਾਰ ਅੰਦੋਲਨ ਕੀਤਾ, ਭੁਖ ਹੜਤਾਲ ਕੀਤੀ ਤੇ ਬਾਟਾ ਪਰੇਡ ਕਰਨ ਤੋਂ ਇਨਕਾਰ ਕਰ ਦਿਤਾ। ਇਸ ਤੇ ਸਾਰੇ ਬੱਬਰਾਂ ਨੂੰ ਵਖਰਾ ਵਖਰਾ ਕਰ ਦਿਤਾ ਗਿਆ। ਸ: ਕਰਮ ਸਿੰਘ ਝਿੰਗੜ ਨੇ ਜੇਲ੍ਹ ਦੇ ਦੂਜੇ ਕੈਦੀਆਂ ਨੂੰ ਵੀ ਵਿਗਾੜ ਦਿਤਾ। ਅਖ਼ੀਰ ਸੱਤ ਹੋਰ ਬੱਬਰਾਂ ਸਮੇਤ ਸ: ਕਰਮ ਸਿੰਘ ਝਿੰਗੜ ਨੂੰ ਕਾਲੇ ਪਾਣੀ ਭੇਜ ਦਿਤਾ। ਉਥੇ ਵੀ ਸ: ਕਰਮ ਸਿੰਘ ਨੇ ਅਠਾਈ ਦਿਨ ਦੀ ਭੁਖ ਹੜਤਾਲ ਕੀਤੀ। ਸਰਕਾਰ ਨੇ ਕਾਲੇ ਪਾਣੀ ਕੈਦੀ ਭੇਜਣ ਦਾ ਫ਼ੈਸਲਾ ਵਾਪਸ ਲੈ ਲਿਆ ਤੇ 1927 ਵਿਚ ਸ: ਕਰਮ ਸਿੰਘ ਝਿੰਗੜ ਮੁੜ ਪੰਜਾਬ ਦੀਆਂ ਜੇਲ੍ਹਾਂ ਵਿਚ ਪਹੁੰਚ ਗਏ। ਸਤੰਬਰ 1929 ਵਿਚ ਜਦੋਂ ਸ਼ਹੀਦ ਭਗਤ ਸਿੰਘ ਹੋਰਾਂ ਜੇਲ੍ਹ ਵਿਚ ਭੁਖ ਹੜਤਾਲ ਕੀਤੀ ਤਾਂ ਪੰਜ ਬੱਬਰਾਂ ਨੇ ਜਿਨ੍ਹਾਂ ਵਿਚ ਸ: ਕਰਮ ਸਿੰਘ ਝਿੰਗੜ ਭੀ ਸ਼ਾਮਲ ਸੀ, ਉਹਨਾਂ ਨਾਲ ਹਮਦਰਦੀ ਵਜੋਂ ਭੁਖ ਹੜਤਾਲ ਸ਼ੁਰੂ ਕਰ ਦਿਤੀ। ਸਾਢੇ ਤਿੰਨ ਮਹੀਨੇ ਪਿਛੋਂ ਭਗਤ ਸਿੰਘ ਨੇ ਭੁਖ ਹੜਤਾਲ ਛੱਡੀ ਤਾਂ ਇਹਨਾਂ ਬੱਬਰਾਂ ਨੇ ਵੀ ਕੌਮ ਵਲੋਂ ਕੀਤੀਆਂ ਗਈਆਂ ਅਪੀਲਾਂ ਤੇ ਭੁਖ ਹੜਤਾਲ ਛੱਡ ਦਿਤੀ। ਸ: ਕਰਮ ਸਿੰਘ ਨੂੰ ਮਿੰਟਗੁਮਰੀ

ਜੇਲ੍ਹ ਭੇਜ ਦਿਤਾ ਗਿਆ। ਫਿਰ ਉਥੇ ਵੀ ਜਦ ਝਿੰਗੜ ਨੇ ਨਾ ਆਪ ਆਰਾਮ ਕੀਤਾ ਤੇ ਨਾ ਕਰਮਚਾਰੀਆਂ ਨੂੰ ਕਰਨ ਦਿਤਾ ਤਾਂ ਲਾਹੌਰ ਜੇਲ੍ਹ ਵਿਚ ਤਬਦੀਲ ਕਰ ਦਿਤਾ ਗਿਆ। ਇਥੇ ਸ: ਕਰਮ ਸਿੰਘ ਬੀਮਾਰ ਹੋ ਗਿਆ। ਜੇਲ੍ਹ ਦੀਆਂ ਸਖ਼ਤੀਆਂ ਤੇ ਮਾੜੇ ਵਰਤਾਉ ਅਤੇ ਲਗਾਤਾਰ ਕਈ ਭੁਖ ਹੜਤਾਲਾਂ ਨਾਲ 1938 ਵਿਚ ਸ਼ਹੀਦ ਹੋ ਗਏ।

ਸ: ਕਰਮ ਸਿੰਘ ਦੌਲਤਪੁਰ

ਸ: ਕਰਮ ਸਿੰਘ ਦੌਲਤਪੁਰ ਦੁਆਬੇ ਵਿਚ ਅੰਗਰੇਜ਼ ਸਰਕਾਰ ਵਿਰੁੱਧ ਬਗ਼ਾਵਤ ਖੜੀ ਕਰਨ, ਝੋਲੀ-ਚੁਕਾਂ ਨੂੰ ਖ਼ਤਮ ਕਰਨ ਦੀ ਮੁਹਿੰਮ ਸ਼ੁਰੂ ਕਰਨ ਵਾਲੇ, ਕਲਮ ਤੇ ਤਲਵਾਰ ਦੋਹਾਂ ਮੈਦਾਨਾਂ ਦੇ ਸ਼ਾਹਸਵਾਰ ਸਨ। ਇਹਨਾਂ ਨੇ ਪਹਿਲਾਂ ਚੱਕਰਵਰਤੀ ਜਥਾ ਤਿਆਰ ਕਰਨ ਤੇ ਫਿਰ ਬੱਬਰ ਅਕਾਲੀ ਜਥਾ ਬਣਾਣ ਸਮੇਂ ਬਹੁਤ ਹੀ ਉਦਮ, ਕੁਰਬਾਨੀ ਤੇ ਯਤਨ ਕੀਤਾ। ਜੀਊਂਦੇ ਨਾ ਫੜੇ ਜਾਣ ਦਾ ਪ੍ਰਣ ਕੀਤਾ ਤੇ ਉਹ ਅਖ਼ੀਰ ਸ਼ਹੀਦੀ ਪਾ ਕੇ ਪੂਰਾ ਕਰ ਵਿਖਾਇਆ।

ਸ: ਕਰਮ ਸਿੰਘ ਦੌਲਤਪੁਰ ਜ਼ਿਲ੍ਹਾ ਜਲੰਧਰ ਦੇ ਰਹਿਣ ਵਾਲੇ ਸਨ। ਆਪ ਵੀ ਪਹਿਲਾਂ ਕੈਨੇਡਾ ਚਲੇ ਗਏ ਤੇ ਉਥੇ ਗ਼ਦਰੀਆਂ ਨਾਲ ਰਲ ਗਏ। ਜਦ ਗ਼ਦਰੀ ਬਾਬੇ ਦੇਸ਼ ਪਰਤੇ ਤਾਂ ਸ: ਕਰਮ ਸਿੰਘ ਵੀ ਉਹਨਾਂ ਦੇ ਨਾਲ ਭਾਰਤ ਆ ਗਏ। ਪਹਿਲਾਂ ਨਾਮ ਨਾਰਾਇਣ ਸਿੰਘ ਸੀ ਪਰ ਫਿਰ ਸ: ਆਸਾ ਸਿੰਘ ਨਾਲ ਮਿਲ ਕੇ ਅੰਮ੍ਰਿਤਸਰ ਜਾ ਕੇ ਅੰਮ੍ਰਿਤ ਛਕ ਲਿਆ ਤੇ ਨਵਾਂ ਨਾਮ ਕਰਮ ਸਿੰਘ ਰਖ ਲਿਆ। ਗ਼ਦਰ ਪਾਰਟੀ ਦਾ ਅੰਦੋਲਨ ਤਾਂ ਫ਼ੇਲ੍ਹ ਹੋ ਗਿਆ ਪਰ ਉਸ ਨੇ ਜਿਨ੍ਹਾਂ ਦਿਲਾਂ ਵਿਚ ਅੱਗ ਭੜਕਾ ਦਿਤੀ ਸੀ ਉਹ ਠੰਢੀ ਨਾ ਹੋਈ ਤੇ ਨਾ ਹੋ ਸਕਦੀ ਸੀ। ਅਕਾਲੀ ਲਹਿਰ ਸ਼ੁਰੂ ਹੁੰਦਿਆਂ ਸ: ਕਰਮ ਸਿੰਘ ਫਿਰ ਸਰਗਰਮ ਹੋ ਗਏ।

ਫ਼ਰਵਰੀ 1921 ਵਿਚ ਇਹਨਾਂ ਆਪਣੇ ਪਿੰਡ ਇਕ ਰਾਜਸੀ ਕਾਨਫ਼ਰੰਸ ਰਖ ਲਈ ਪਰ ਦਫ਼ਾ 144 ਲਗ ਜਾਣ ਕਾਰਨ ਕਾਨਫ਼ਰੰਸ ਨਾ ਹੋ ਸਕੀ। ਅਗਲੇ ਮਹੀਨੇ ਮਾਹਲਪੁਰ ਵਿਚ ਬੜਾ ਭਾਰੀ ਦੀਵਾਨ ਹੋਇਆ ਜਿਸ ਵਿਚ ਹੋਰ ਮੁਖੀਆਂ ਤੋਂ ਛੁਟ ਸ: ਕਰਮ ਸਿੰਘ ਦੌਲਤਪੁਰ ਨੇ ਵੀ ਗਰਮ ਤਕਰੀਰ ਕੀਤੀ। ਉਹਨਾਂ ਦਿਨਾਂ ਵਿਚ ਹੋਠੀਆਂ ਜ਼ਿਲ੍ਹਾ ਗੁਰਦਾਸਪੁਰ ਦਾ ਗੁਰਦਵਾਰਾ ਮਹੰਤਾਂ ਤੋਂ ਆਜ਼ਾਦ ਕਰਾਉਣ ਲਈ ਜਥੇ ਭੇਜਣ ਦਾ ਐਲਾਨ ਹੋਇਆ ਤਾਂ ਸ: ਕਰਮ ਸਿੰਘ ਦੌਲਤਪੁਰ ਆਪਣੇ ਇਲਾਕੇ ਦੇ 50 ਸਿੰਘਾਂ ਦਾ ਜਥਾ ਲੈ ਕੇ ਗਿਆ। ਇਹਨਾਂ ਦੇ ਵਰੰਟ ਗ੍ਰਿਫ਼ਤਾਰੀ ਜਾਰੀ ਹੋਏ ਤਾਂ ਇਹ ਚੱਕਰਵਰਤੀ ਬਣ ਗਏ। ਉਸ ਸਮੇਂ ਦੋ ਹੀ ਚੱਕਰਵਰਤੀ ਜਥੇ ਸਨ। ਇਕ ਦੇ ਮੁਖੀ ਜਥੇਦਾਰ ਕਿਸ਼ਨ ਸਿੰਘ ਤੇ ਸ: ਕਰਮ ਸਿੰਘ ਝਿੰਗੜ ਸਨ। ਦੂਜੇ ਦੇ ਮੁਖੀ ਸ: ਕਰਮ ਸਿੰਘ ਦੌਲਤਪੁਰ, ਸ: ਆਸਾ ਸਿੰਘ ਤੇ ਮਾਸਟਰ ਦਲੀਪ ਸਿੰਘ ਗੋਸਲ ਸਨ। ਦੂਜੇ ਜਥੇ ਦਾ ਬਹੁਤਾ ਪ੍ਰਚਾਰ ਨਵਾਂ ਸ਼ਹਿਰ ਤੇ ਗੜ੍ਹਸ਼ੰਕਰ ਦੀਆਂ ਤਹਿਸੀਲਾਂ ਵਿਚ ਸੀ। ਦੋਵੇਂ ਜਥੇ ਇਕੱਠੇ ਹੋ ਗਏ ਤੇ ਸ: ਕਰਮ ਸਿੰਘ ਦੌਲਤਪੁਰ ਨੇ ਤਜਵੀਜ਼ ਰਖੀ ਕਿ ਸਰਕਾਰ ਦੇ ਝੋਲੀ-ਚੁਕਾਂ ਨੂੰ ਪਹਿਲਾਂ ਸੋਧਿਆ ਜਾਏ। ਇਹ ਸੁਝਾਅ ਝਟ ਪਾਸ ਹੋ ਗਿਆ।

ਸ: ਕਰਮ ਸਿੰਘ ਦੌਲਤਪੁਰ ਨੇ ਇਕ ਸਾਈਕਲੋਸਟਾਈਲ ਮਸ਼ੀਨ ਖ਼ਰੀਦ ਕੇ ਇਕ ਹਫ਼ਤਾਵਾਰ ਅਖ਼ਬਾਰ 'ਬੱਬਰ ਅਕਾਲੀ ਦੁਆਬਾ' ਛਾਪ ਕੇ ਵੰਡਣਾ ਸ਼ੁਰੂ ਕਰ ਦਿਤਾ। ਇਹ ਇਹਨਾਂ ਦਾ ਪਹਿਲਾ ਵਿਅਕਤੀਗਤ ਯਤਨ ਸੀ। ਜਦ ਦੂਜੇ ਮੁਖੀਆਂ ਜਥੇਦਾਰ ਕਿਸ਼ਨ ਸਿੰਘ ਤੇ ਸ: ਕਰਮ ਸਿੰਘ ਝਿੰਗੜ ਨੇ ਇਹ ਪਰਚੇ ਦੇਖੇ ਤਾਂ ਇਸ ਦੀ ਬਹੁਤ ਪ੍ਰਸੰਸਾ ਕੀਤੀ ਤੇ ਬਾਕਾਇਦਾ ਤੌਰ ਤੇ ਜਥੇ ਦਾ ਨਾਮ ਵੀ ਬੱਬਰ ਅਕਾਲੀ ਜਥਾ ਰਖ ਕੇ ਉਸ ਦਾ ਅਖ਼ਬਾਰ ਬਣਾ ਲਿਆ। ਸ: ਕਰਮ ਸਿੰਘ ਦੌਲਤਪੁਰ ਨੂੰ ਬੱਬਰ ਅਕਾਲੀ ਜੱਥੇ ਦੀ ਛੇ ਮੈਂਬਰੀ ਹਾਈਕਮਾਂਡ ਵਿਚ ਸ਼ਾਮਲ ਕਰ ਲਿਆ ਤੇ ਅਖ਼ਬਾਰ ਤੇ ਐਡੀਟਰ ਦੇ ਰੂਪ ਵਿਚ ਉਹਨਾਂ ਦਾ ਨਾਮ ਦਿਤਾ ਜਾਣ ਲਗ ਪਿਆ।

ਜਦ ਝੋਲੀ-ਚੁਕਾਂ ਦੇ ਸੁਧਾਰ ਦਾ ਫ਼ੈਸਲਾ ਹੋਇਆ ਤਾਂ ਸ: ਕਰਮ ਸਿੰਘ ਦੌਲਤਪੁਰ ਨੂੰ ਪਹਿਲਾਂ ਝੋਲੀ-ਚੁਕਾਂ ਦੀ ਸੂਚੀ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ ਤੇ ਪਿਛੋਂ ਇਕ ਜਥਾ ਬਣਾ ਕੇ ਝੋਲੀ-ਚੁਕਾਂ ਨੂੰ ਸੋਧਣ ਦਾ ਕੰਮ ਦੇ ਦਿਤਾ ਗਿਆ। ਇਹਨਾਂ ਨੇ ਸਾਰੇ ਦੁਆਬੇ ਵਿਚ ਪੁਲਸ ਤੇ ਹੋਰ ਸਰਕਾਰੀ ਮਸ਼ੀਨਰੀ ਨੂੰ ਵਖ਼ਤ ਪਾ ਦਿਤਾ। ਸਰਕਾਰ ਨੇ ਸ: ਕਰਮ ਸਿੰਘ ਦੌਲਤਪੁਰ ਦੀ ਗ੍ਰਿਫ਼ਤਾਰੀ ਲਈ ਇਕ ਹਜ਼ਾਰ ਰੁਪਏ ਇਨਾਮ ਰਖ ਦਿਤਾ। ਇਹਨਾਂ ਤੋਂ ਵੱਧ ਗ੍ਰਿਫ਼ਤਾਰੀ ਦਾ ਇਨਾਮ ਕੇਵਲ ਜਥੇਦਾਰ ਕਿਸ਼ਨ ਸਿੰਘ ਦਾ ਸੀ। ਕਰਮ ਸਿੰਘ ਦੌਲਤਪੁਰੀ ਨਾਲੋਂ ਕਰਮ ਸਿੰਘ ਐਡੀਟਰ ਬਹੁਤ ਪ੍ਰਸਿਧ ਨਾਮ ਹੋ ਗਿਆ।

ਜਦ ਇਹਨਾਂ ਕਤਲਾਂ ਕਾਰਨ ਸ਼ੱਕ ਵਿਚ ਆਮ ਆਦਮੀਆਂ ਤੇ ਵੀ ਪੁਲਸ ਦਾ ਤਸ਼ੱਦਦ ਹੋਣ ਲਗ ਪਿਆ ਤਾਂ ਬੱਬਰਾਂ ਨੇ ਮਹਿਸੂਸ ਕੀਤਾ। ਸ: ਕਰਮ ਸਿੰਘ ਦੌਲਤਪੁਰੀ ਨੇ ਸਲਾਹ ਦਿਤੀ ਕਿ ਅਖ਼ਬਾਰ ਵਿਚ ਦੋ ਤਿੰਨ ਬੱਬਰਾਂ ਦੇ ਨਾਮ ਛਾਪ ਦਿਤੇ ਜਾਇਆ ਕਰਨ ਕਿ ਇਹਨਾਂ ਨੇ ਫਲਾਣਾ ਬੰਦਾ ਮਾਰਿਆ ਹੈ। ਇਸ ਐਲਾਨ ਨਾਲ ਆਮ ਲੋਕਾਂ ਤੇ ਬੇਕਸੂਰਾਂ ਤੇ ਪੁਲਸ ਸਖ਼ਤੀ ਨਹੀਂ ਹੋਵੇਗੀ ਤੇ ਉਹਨਾਂ ਦੋ ਤਿੰਨ ਬੱਬਰਾਂ ਨੂੰ ਹੀ ਫਾਂਸੀ ਲਗ ਸਕੇਗੀ। ਮਾਰਚ 1923 ਨੂੰ ਸੰਤ ਠਾਕਰ ਸਿੰਘ ਗਜੋਵਾਲ ਦੀ ਕੁਟੀਆ ਵਿਚ ਬੱਬਰ ਅਕਾਲੀਆਂ ਦੀ ਮੀਟਿੰਗ ਹੋਈ ਜਿਸ ਵਿਚ ਸ: ਕਰਮ ਸਿੰਘ ਦੌਲਤਪੁਰੀ ਨੇ ਤਕਰੀਰ ਕੀਤੀ ਤੇ ਸਾਰੇ ਕਤਲਾਂ ਦੀ ਜ਼ਿਮੇਵਾਰੀ ਆਪਣੇ ਸਿਰ ਲੈਣ ਲਈ ਤਿਆਰ ਹੋ ਗਿਆ। ਸ: ਧੰਨਾ ਸਿੰਘ ਬਹਿਬਲਪੁਰੀ ਤੇ ਸ: ਉਦੇ ਸਿੰਘ ਰਾਮਗੜ੍ਹ ਨੇ ਵੀ ਆਪਣੇ ਆਪਣੇ ਨਾਮ ਦੇ ਦਿਤੇ। ਉਸ ਦਿਨ ਪਿਛੋਂ ਸਭ ਕਤਲ ਇਹਨਾਂ ਤਿੰਨਾਂ ਦੇ ਕੀਤੇ ਹੋਣ ਦਾ ਐਲਾਨ ਕੀਤਾ ਜਾਣ ਲਗ ਪਿਆ। ਬੱਬਰਾਂ ਨੇ ਫ਼ੈਸਲਾ ਕੀਤਾ ਕਿ ਜਿਹੜੇ ਕਤਲਾਂ ਦੀ ਜ਼ਿਮੇਵਾਰੀ ਆਪਣੇ ਸਿਰ ਲੈ ਰਹੇ ਹਨ ਇਹ ਵਾਹ ਲਗਦੇ ਜੀਊਂਦੇ ਜੀਅ ਗ੍ਰਿਫ਼ਤਾਰੀ ਨਾ ਦੇਣ। ਇਸ ਮੀਟਿੰਗ ਪਿਛੋਂ ਬੱਬਰਾਂ ਦਾ ਪਹਿਲਾ ਐਲਾਨ ਪ੍ਰਕਾਸ਼ਤ ਕੀਤਾ ਗਿਆ ਜਿਸ ਥੱਲੇ ਤਿੰਨਾਂ ਉਪਰ ਦਿਤੇ ਬੱਬਰਾਂ ਦੇ ਨਾਮ ਸਨ। ਉਸ ਐਲਾਨ-ਨਾਮੇ ਦੇ ਅੱਖਰ ਇਸ ਪ੍ਰਕਾਰ ਸਨ, ਜੋ ਗਵਰਨਰ ਪੰਜਾਬ ਦੇ ਨਾਮ ਇਕ ਖੁਲ੍ਹੀ ਚਿੱਠੀ ਸੀ:

'ਤੇਰੇ ਜ਼ੁਲਮ ਤੋਂ ਤੰਗ ਆ ਕੇ ਬੱਬਰ ਅਕਾਲੀਆਂ ਨੇ ਸ਼ਾਂਤਮਈ ਦਾ ਰਸਤਾ ਛਡ ਕੇ ਤਲਵਾਰ ਦਾ ਰਸਤਾ ਫੜਿਆ ਹੈ। ਬਿਸ਼ਨ ਸਿੰਘ ਜ਼ੈਲਦਾਰ ਰਾਣੀ ਥ੍ਰਆ, ਬੂਟਾ ਨੰਬਰਦਾਰ ਤੇ ਨਾਲ ਹੀ ਉਸ ਦਾ ਪੋਤਾ ਤੇ ਗੜ੍ਹਸ਼ੰਕਰ ਦਾ ਲਾਭ ਸਿੰਘ ਮਿਸਤਰੀ,

ਜੋ ਡਾਇਰੀਆਂ ਦਿਆ ਕਰਦੇ ਸਨ, ਕਤਲ ਕਰ ਦਿਤੇ ਗਏ ਹਨ। ਇਕ ਹੋਰ ਨੂੰ ਉਮਰ ਕੈਦ ਕੀਤੀ ਹੈ ਅਥਵਾ ਪਾਰ ਬੁਲਾਇਆ ਹੈ। ਬਾਕੀ ਰਹਿੰਦੇ ਵੀ ਛੇਤੀ ਹੀ ਗ੍ਰਿਫ਼ਤਾਰ ਕੀਤੇ ਜਾਣਗੇ ਅਰਥਾਤ ਅਸੀਂ ਹੋਰ ਝੋਲੀ-ਚੁਕਾਂ ਨੂੰ ਵੀ ਧੀਰੇ ਧੀਰੇ ਕਤਲ ਕਰਾਂਗੇ।...ਚੂੰਕਿ ਸਾਡੇ ਕੋਲ ਆਪਣਾ ਦੰਡ ਸ਼ਾਸਤਰ ਨਹੀਂ ਇਸ ਲਈ ਅਸੀਂ ਤਿੰਨ ਮੱਦਾਂ ਬਣਾਈਆਂ ਹਨ। ਪਹਿਲੇ ਨੰਬਰ ਤੇ ਦੋਸ਼ੀ ਨੂੰ ਨਰਕ ਪਹੁੰਚਾਉਣਾ ਹੈ। ਦੂਜੇ ਦਾ ਅੰਗ ਭੰਗ ਕਰਨਾ ਹੈ ਤੇ ਤੀਜੇ ਨੂੰ ਜੁਰਮਾਨੇ ਦੀ ਸਜ਼ਾ ਦੇਣੀ ਹੈ।'

—ਅਸੀਂ ਹਾਂ—

ਕਰਮ ਸਿੰਘ ਐਡੀਟਰ ਦੌਲਤਪੁਰ
ਧੰਨਾ ਸਿੰਘ ਬਹਿਬਲਪੁਰ,
ਉਦੇ ਸਿੰਘ ਰਾਮਗੜ੍ਹ ਝੁੰਗੀਆਂ

ਜਿਨ੍ਹਾਂ ਝੋਲੀ-ਚੁਕਾਂ ਨੂੰ ਸੁਧਾਰਨਾ ਹੁੰਦਾ ਸੀ ਉਹਨਾਂ ਦੀ ਪੂਰੀ ਸੂਚੀ, ਨਾਮ ਪਤਾ ਤੇ ਮਾਰਨ ਦੀ ਤਾਰੀਖ਼ ਸਭ ਕੁਝ ਸ: ਕਰਮ ਸਿੰਘ ਦੌਲਤਪੁਰ ਦੇ ਪਾਸ ਹੁੰਦਾ ਸੀ। ਜਦ ਸ਼ਹੀਦ ਹੋਏ ਤਾਂ ਉਹਨਾਂ ਦੀ ਜੇਬ ਵਿਚੋਂ ਨਿਕਲੇ ਕਾਗਜ਼ ਤੇ ਅਜੇ 179 ਝੋਲੀ-ਚੁਕਾਂ ਦੇ ਨਾਮ ਸਨ ਜਿਨ੍ਹਾਂ ਨੂੰ ਉਹਨਾਂ ਨੇ ਕੀਤੇ ਦੀ ਸਜ਼ਾ ਦੇਣੀ ਸੀ। ਸ: ਕਰਮ ਸਿੰਘ ਨੇ ਆਪ ਕਈ ਥਾਂ ਹਮਲੇ ਵਿਚ ਹਿੱਸਾ ਲਿਆ ਤੇ ਆਪਣੇ ਹੱਥ ਨਾਲ ਵੀ ਝੋਲੀ-ਚੁਕਾਂ ਦਾ ਸੁਧਾਰ ਕੀਤਾ।

31 ਅਗਸਤ 1923 ਨੂੰ ਸ: ਕਰਮ ਸਿੰਘ ਤੇ ਹੋਰ ਬਹੁਤ ਸਾਰੇ ਬੱਬਰ ਡੁਮੇਲੀ ਤੋਂ ਬੁਬੇਲੀ ਗਏ। ਇਹਨਾਂ ਦਾ ਇਕ ਸਾਥੀ ਅਨੂਪ ਸਿੰਘ ਵਹੁਟੀ ਤੇ ਚਾਚੇ ਦੇ ਪਿਆਰ ਮੋਹ ਜਾਲ ਵਿਚ ਫਸ ਕੇ ਇਹਨਾਂ ਨੂੰ ਫੜਾਣ ਲਈ ਤਿਆਰ ਹੋ ਗਿਆ। ਉਸ ਨੇ ਆਪਣੇ ਰਿਸ਼ਤੇਦਾਰਾਂ ਰਾਹੀਂ ਸਰਕਾਰ ਨੂੰ ਸੂਚਨਾ ਭੇਜ ਦਿਤੀ ਕਿ ਬੱਬਰ ਬੁਬੇਲੀ ਵਿਚ ਹਨ। ਦੋ ਹਜ਼ਾਰ ਫ਼ੌਜ, ਪੁਲਸ ਤੇ ਰਸਾਲਾ ਉਸ ਪਿੰਡ ਪਹੁੰਚ ਗਿਆ। ਬੱਬਰਾਂ ਦੇ ਹਥਿਆਰ ਅਨੂਪ ਸਿੰਘ ਨੇ ਖੁੰਢੇ ਕਰ ਦਿਤੇ ਸਨ। ਬੰਬਾਂ ਵਿਚ ਤੇਲ ਪਾ ਕੇ ਨਕਾਰੇ ਕਰ ਦਿਤੇ ਸਨ। ਬੱਬਰ ਫਿਰ ਵੀ ਨਾ ਘਬਰਾਏ ਤੇ ਪੁਲਸ ਦਾ ਘੇਰਾ ਤੋੜ ਕੇ ਨਿਕਲ ਤੁਰੇ। ਜਦ ਅਗੇ ਗਏ ਤਾਂ ਘੇਰਾ ਹੋਰ ਵਧ ਗਿਆ। ਬੱਬਰਾਂ ਨੇ ਤਲਵਾਰਾਂ ਕੱਢ ਲਈਆਂ ਤੇ ਫ਼ੌਜ ਪਿਛੇ ਹਟਦੀ ਗਈ। ਅਖ਼ੀਰ ਇਕ ਸੂਏ ਨੂੰ ਟੱਪਣ ਲਈ ਜਦ ਸਿੰਘਾਂ ਨੇ ਛਾਲਾਂ ਮਾਰੀਆਂ ਤਾਂ ਪੁਲਸ ਤੇ ਫ਼ੌਜ ਨੇ ਗੋਲੀਆਂ ਦਾ ਮੀਂਹ ਵਸਾ ਦਿਤਾ ਜਿਸ ਨਾਲ ਸਾਰੇ ਬੱਬਰ ਸ਼ਹੀਦ ਹੋ ਗਏ। ਬੁਬੇਲੀ ਦੇ ਸਾਕੇ ਵਿਚ ਸ਼ਹੀਦ ਹੋਣ ਵਾਲੇ ਬੱਬਰਾਂ ਵਿਚ ਸ: ਕਰਮ ਸਿੰਘ ਦੌਲਤਪੁਰ, ਸ: ਉਦੇ ਸਿੰਘ ਰਾਮਗੜ੍ਹ, ਸ: ਬਿਸ਼ਨ ਸਿੰਘ ਮਾਂਗਟ ਤੇ ਸ: ਮਹਿੰਦਰ ਸਿੰਘ ਪੰਡੋਰੀ ਸਨ।

ਸ: ਧੰਨਾ ਸਿੰਘ ਬਹਿਬਲਪੁਰ

ਸ: ਧੰਨਾ ਸਿੰਘ ਬਹਿਬਲਪੁਰ ਬੱਬਰ ਅਕਾਲੀ ਲਹਿਰ ਦਾ ਉਹ ਸੂਰਮਾ ਹੈ ਜਿਸ ਨੇ ਕਈ ਝੋਲੀ-ਚੁਕ ਤੇ ਅੰਗਰੇਜ਼ਾਂ ਦੇ ਏਜੰਟਾਂ ਤੋਂ ਛੁੱਟ ਕਈ ਅੰਗਰੇਜ਼ਾਂ ਨੂੰ ਵੀ ਮਾਰਿਆ ਤੇ ਅਖ਼ੀਰ ਅਜਿਹੇ ਬੀਰਤਾ ਭਰੇ ਢੰਗ ਨਾਲ ਸ਼ਹੀਦੀ ਦਿਤੀ ਕਿ ਸਾਰੇ ਬੱਬਰ ਅਕਾਲੀ ਲਹਿਰ ਦੇ ਇਤਿਹਾਸ ਵਿਚ ਸਭ ਤੋਂ ਉਘਾ ਸ਼ਹੀਦ ਬਣ ਗਿਆ।

ਧੰਨਾ ਸਿੰਘ ਬਹਿਬਲਪੁਰ ਬੜਾ ਦਲੇਰ ਸਿੰਘ ਸੀ। ਜਲ੍ਹਿਆਂ ਵਾਲੇ ਬਾਗ਼ ਅੰਮ੍ਰਿਤਸਰ ਵਿਚ ਜਦ ਅੰਗਰੇਜ਼ਾਂ ਨੇ ਸ਼ਾਂਤਮਈ ਲੋਕਾਂ ਤੇ ਅੱਤਿਆਚਾਰ ਕੀਤੇ ਤਾਂ ਸ: ਧੰਨਾ ਸਿੰਘ ਦਾ ਵਿਸ਼ਵਾਸ ਸ਼ਾਂਤਮਈ ਤਰੀਕਿਆਂ ਤੋਂ ਉਠ ਗਿਆ। ਇਸ ਨੇ ਘਰ-ਬਾਰ ਛੱਡ ਕੇ ਅੰਗਰੇਜ਼ਾਂ ਤੋਂ ਬਦਲਾ ਲੈਣ ਲਈ ਮਨ ਬਣਾ ਲਿਆ। ਇਨ੍ਹਾਂ ਦਿਨਾਂ ਵਿਚ ਹੀ ਅਕਾਲੀ ਲਹਿਰ ਸ਼ੁਰੂ ਹੋ ਗਈ ਤੇ ਗੁਰਦਵਾਰੇ ਮਹੰਤਾਂ ਤੋਂ ਆਜ਼ਾਦ ਕਰਾਉਣ ਲਈ ਮੋਰਚੇ ਲੱਗਣ ਲਗ ਪਏ। ਸਰਦਾਰ ਧੰਨਾ ਸਿੰਘ ਅਕਾਲੀ ਬਣ ਗਿਆ। ਗਰਮ-ਖ਼ਿਆਲੀਆ ਹੋਣ ਕਰਕੇ ਇਸ ਨੇ ਆਪਣੇ ਇਲਾਕੇ ਹੁਸ਼ਿਆਰਪੁਰ ਵਿਚ ਇਹ ਪ੍ਰਚਾਰ ਸ਼ੁਰੂ ਕਰ ਦਿਤਾ ਕਿ ਅੰਗਰੇਜ਼ਾਂ ਨੂੰ ਇਥੋਂ ਕੱਢਣ ਲਈ ਹਥਿਆਰ ਚੁਕਣੇ ਪੈਣਗੇ।

ਮਾਰਚ 1921 ਨੂੰ ਹੁਸ਼ਿਆਰਪੁਰ ਵਿਚ ਸਿੱਖ ਵਿਦਿਅਕ ਕਾਨਫ਼ਰੰਸ ਸਮੇਂ ਕੁਝ ਗਰਮ-ਖ਼ਿਆਲੀਏ ਸਿੱਖ ਆਗੂਆਂ ਨੇ ਖ਼ੂਨ ਦਾ ਬਦਲਾ ਖ਼ੂਨ ਨਾਲ ਲੈਣ ਦਾ ਫ਼ੈਸਲਾ ਕੀਤਾ। ਸ: ਧੰਨਾ ਸਿੰਘ ਉਦੋਂ ਆਪਣੇ ਪਿੰਡ ਬਹਿਬਲਪੁਰ ਵਿਚ ਸੀ। ਕਿਸੇ ਨੇ ਦਸਿਆ ਕਿ ਤੂੰ ਐਵੇਂ ਹੀ ਗੱਲਾਂ ਕਰਦਾ ਏਂ, ਜਿਨ੍ਹਾਂ ਨੇ ਕੁਝ ਕਰਨਾ ਏ ਉਹ ਹੁਸ਼ਿਆਰਪੁਰ ਵਿਚ ਇਕੱਠੇ ਹੋਏ ਹਨ ਤੇ ਉਹਨਾਂ ਕੰਮ ਸ਼ੁਰੂ ਕਰ ਦਿਤਾ ਏ। ਸ: ਧੰਨਾ ਸਿੰਘ ਨੇ ਉਹਨਾਂ ਗਰਮ-ਖ਼ਿਆਲੀਏ ਸਿੱਖ ਆਗੂਆਂ ਨਾਲ ਸੰਪਰਕ ਕਾਇਮ ਕੀਤਾ।

ਜਥੇਦਾਰ ਕਿਸ਼ਨ ਸਿੰਘ ਗੜਗੱਜ ਤੇ ਸ: ਕਰਮ ਸਿੰਘ ਝਿੰਗੜ ਆਦਿ ਉਹਨਾਂ ਦਿਨਾਂ ਵਿਚ ਥਾਂ-ਥਾਂ ਦੀਵਾਨ ਕਰ ਕੇ ਲੋਕਾਂ ਨੂੰ ਇਨਕਲਾਬ ਲਈ ਤਿਆਰ ਕਰ ਰਹੇ ਸਨ। ਧੰਨਾ ਸਿੰਘ ਵੀ ਇਸੇ ਤਰ੍ਹਾਂ ਪ੍ਰਚਾਰ ਮੁਹਿੰਮ ਤੇ ਚੜ੍ਹ ਪਿਆ। ਛੇਤੀ ਹੀ ਸਰਕਾਰ ਨੂੰ ਇਸ ਦੀਆਂ ਖ਼ਤਰਨਾਕ ਸਰਗਰਮੀਆਂ ਦਾ ਪਤਾ ਲਗ ਗਿਆ ਤੇ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਹੋ ਗਏ। ਸ: ਧੰਨਾ ਸਿੰਘ ਬਹਿਬਲਪੁਰੀ ਚੱਕਰਵਰਤੀ ਜਥੇ ਦੇ ਆਗੂ ਬਣ ਕੇ ਗੁਪਤ ਸਰਗਰਮੀਆਂ ਵਿਚ ਜੁਟ ਪਏ। ਅਸਲਾ ਇਕੱਠਾ ਕਰਨ ਤੇ ਹਥਿਆਰ ਚਲਾਉਣ ਦੀ ਜਾਚ ਸਿਖਾਉਣ ਦਾ ਕੰਮ ਸ: ਧੰਨਾ ਸਿੰਘ ਨੇ ਆਪਣੇ ਜ਼ਿੰਮੇ ਲਿਆ।

ਦਸੰਬਰ ਦੇ ਅਖ਼ੀਰਲੇ ਦਿਨਾਂ ਵਿਚ ਜੱਸੋਵਾਲ ਵਿਚ ਬੱਬਰਾਂ ਦੀ ਇਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿਚ ਝੋਲੀ-ਚੁਕਾਂ ਨੂੰ ਪਹਿਲਾਂ ਖ਼ਤਮ ਕਰਨ ਦਾ ਫ਼ੈਸਲਾ ਹੋਇਆ। ਅੰਦੋਲਨ ਵਿਚ ਹਰ ਇਕ ਦੇ ਜ਼ਿੰਮੇ ਵਖੋ ਵਖਰਾ ਕੰਮ ਸੀ। ਕਿਸੇ ਨੇ ਅਖ਼ਬਾਰ ਲਿਖਣਾ, ਕਿਸੇ ਨੇ ਛਾਪਣਾ ਤੇ ਕਿਸੇ ਨੇ ਵੰਡਣਾ ਹੁੰਦਾ ਸੀ। ਕੁਝ ਪੈਸਾ ਤੇ ਅਸਲਾ ਇਕੱਠਾ ਕਰਨ ਦੇ ਕੰਮ ਲਗੇ। ਸ: ਧੰਨਾ ਸਿੰਘ ਬਹਿਬਲਪੁਰ ਦੇ ਜ਼ਿੰਮੇ ਝੋਲੀ-ਚੁਕਾਂ ਨੂੰ ਮਾਰਨ ਦਾ ਕੰਮ ਲੱਗਾ।

ਸਭ ਤੋਂ ਵੱਧ ਕੁਰਬਾਨੀ ਦੀ ਘੜੀ ਉਦੋਂ ਆਈ ਜਦੋਂ ਇਹ ਫ਼ੈਸਲਾ ਕੀਤਾ ਗਿਆ ਕਿ ਜਿੰਨੇ ਝੋਲੀ-ਚੁਕ ਮਾਰੇ ਜਾਂਦੇ ਹਨ, ਉਹਨਾਂ ਨੂੰ ਕਤਲ ਕਰਨ ਦੀ ਜ਼ਿੰਮੇਵਾਰੀ ਤਿੰਨ ਬੱਬਰ ਆਪਣੇ ਸਿਰ ਤੇ ਲੈਣ ਤਾਂ ਕਿ ਕਤਲਾਂ ਦੇ ਸਾਰੇ ਮੁਕੱਦਮੇ ਉਹਨਾਂ ਸਿਰ ਬਣਨ। ਇਹ ਔਖਾ ਕੰਮ ਸ: ਕਰਮ ਸਿੰਘ ਦੌਲਤਪੁਰ, ਸ: ਧੰਨਾ ਸਿੰਘ ਬਹਿਬਲਪੁਰ ਤੇ ਸ: ਉਦੈ ਸਿੰਘ ਨੇ ਆਪਣੇ ਜ਼ਿੰਮੇ ਲਿਆ। ਅਖ਼ਬਾਰ ਵਿਚ ਹਰ

ਕਤਲ ਪਿਛੋਂ ਇਹਨਾਂ ਤਿੰਨਾਂ ਦਾ ਨਾਂ ਛਾਪ ਦਿਤਾ ਜਾਂਦਾ।

ਸ: ਧੰਨਾ ਸਿੰਘ ਨੇ ਐਲਾਨ ਕਰ ਦਿਤਾ ਕਿ ਉਹ ਜੀਊਂਦਿਆਂ ਪੁਲਿਸ ਦੇ ਹੱਥ ਨਹੀਂ ਆਏਗਾ। ਥੋੜ੍ਹੇ ਚਿਰ ਵਿਚ ਹੀ ਸ: ਧੰਨਾ ਸਿੰਘ ਦਾ ਏਨਾ ਦਬਦਬਾ ਹੋ ਗਿਆ ਕਿ ਸਾਹਮਣੇ ਆ ਕੇ ਪੁਲਸ ਨੂੰ ਇਸ ਤੇ ਗੋਲੀ ਚਲਾਉਣ ਦਾ ਹੌਸਲਾ ਹੀ ਨਹੀਂ ਸੀ ਪੈਂਦਾ।

ਇਕ ਦਿਨ ਇਹ ਕਿਸ਼ਨਪੁਰੇ ਦੇ ਗੁਰਦਵਾਰੇ ਵਿਚ ਬੈਠੇ ਸਨ ਕਿ ਪੁਲਸ ਆ ਗਈ। ਇਹ ਜੈਕਾਰੇ ਛੱਡਦੇ ਗੁਰਦਵਾਰੇ ਵਿਚੋਂ ਨਿਕਲੇ। ਪੁਲਸ ਵਿਚ ਇੰਨੀ ਘਬਰਾਹਟ ਮੱਚੀ ਕਿ ਸਾਰੇ ਪੁਲਸੀਏ ਉਹਨਾਂ ਵਲ ਕੰਡ ਕਰ ਕੇ ਖਲੋ ਗਏ ਤੇ ਸ: ਧੰਨਾ ਸਿੰਘ ਹੋਰੀਂ ਆਪਣੇ ਬੱਬਰ ਸਾਥੀਆਂ ਸਮੇਤ ਚਲੇ ਗਏ। ਇਕ ਜ਼ੈਲਦਾਰ ਰਾਮ ਨਰਾਇਣ ਸਿੰਘ ਮਾਹਲਪੁਰੀਆ ਬੱਬਰਾਂ ਦੇ ਡਰ ਤੋਂ ਹੀ ਘਰ ਬੈਠਾ ਮਰ ਗਿਆ। ਇਕ ਬੂਟਾ ਨੰਬਰਦਾਰ ਧੰਨਾ ਸਿੰਘ ਨੇ ਮਾਰਿਆ ਕਿਉਂਕਿ ਉਹ ਬੱਬਰਾਂ ਬਾਰੇ ਸਰਕਾਰ ਨੂੰ ਰਿਪੋਰਟਾਂ ਭੇਜਦਾ ਸੀ।

ਸ: ਧੰਨਾ ਸਿੰਘ ਦੇ ਆਪਣੇ ਪਿੰਡ ਬਹਿਬਲਪੁਰ ਦਾ ਨੰਬਰਦਾਰ ਹਜ਼ਾਰਾ ਸਿੰਘ ਪੁਲਸ ਦਾ ਸੂਹੀਆ ਬਣ ਕੇ ਕੰਮ ਕਰਦਾ ਰਿਹਾ ਸੀ। ਉਹ ਉਂਜ ਵੀ ਬੱਬਰਾਂ ਨੂੰ ਚੋਰ, ਡਾਕੂ ਤੇ ਬਦਮਾਸ਼ ਕਹਿ ਕੇ ਨਫ਼ਰਤ ਨਾਲ ਇਹਨਾਂ ਬਾਰੇ ਗੱਲ ਕਰਦਾ। ਜਦ ਵੀ ਸ: ਧੰਨਾ ਸਿੰਘ ਪਿੰਡ ਆਉਂਦਾ, ਉਹ ਝਟ ਪੁਲਸ ਨੂੰ ਇਤਲਾਹ ਭੇਜ ਦਿੰਦਾ। ਇਸ ਤਰ੍ਹਾਂ ਧੰਨਾ ਸਿੰਘ ਨੂੰ ਕਦੇ ਇਕ ਦਿਨ ਵੀ ਘਰ ਨਾ ਟਿਕਣਾ ਮਿਲਦਾ।

ਇਕ ਦਿਨ ਕੁਝ ਬੱਬਰਾਂ ਨੂੰ ਲੈ ਕੇ ਜਾ ਨੰਬਰਦਾਰ ਨੂੰ ਫੜਿਆ ਤੇ ਕਿਹਾ, "ਆਪਣੀ ਮਾਂ ਸਰਕਾਰ ਨੂੰ ਤਾਰ ਦੇ, ਸ਼ਾਇਦ ਤੈਨੂੰ ਆ ਛੁਡਾਏ। ਸੱਦ ਲੈ ਜੇ ਤੇਰਾ ਹੋਰ ਕੋਈ ਬੇਲੀ ਹੈ, ਇਕੱਠਾ ਹੀ ਹਿਸਾਬ-ਕਿਤਾਬ ਮੁਕਾ ਦੇਈਏ।" ਤਿੰਨ ਗੋਲੀਆਂ ਬੱਬਰਾਂ ਨੇ ਉਹਨੂੰ ਮਾਰੀਆਂ ਤੇ ਪਾਰ ਬੁਲਾ ਦਿਤਾ।

ਅਨੇਕਾਂ ਭੋਲੀ-ਚੁਕਾਂ ਦਾ ਸੁਧਾਰ ਕਰਨ ਤੋਂ ਪਿਛੋਂ ਸ: ਧੰਨਾ ਸਿੰਘ ਬਹਿਬਲਪੁਰੀ ਸ਼ਹੀਦ ਹੋਇਆ। ਇਹਨਾਂ ਦੀ ਸ਼ਹੀਦੀ-ਘਟਨਾ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਜਿਆਨ ਦੇ ਰਹਿਣ ਵਾਲੇ ਜੁਆਲਾ ਸਿੰਘ ਨੇ ਵਿਸਾਹ-ਘਾਤ ਕਰ ਕੇ ਸ: ਧੰਨਾ ਸਿੰਘ ਨੂੰ ਗ੍ਰਿਫ਼ਤਾਰ ਕਰਾਇਆ। ਜੁਆਲਾ ਸਿੰਘ ਵਿਚੋਂ ਸਰਕਾਰ ਦਾ ਏਜੰਟ ਸੀ ਪਰ ਉਪਰੋਂ ਬੱਬਰਾਂ ਨਾਲ ਹਮਦਰਦੀ ਪ੍ਰਗਟ ਕਰਦਾ। ਆਏ ਬੱਬਰਾਂ ਨੂੰ ਆਪਣੇ ਪਾਸ ਠਹਿਰਾਂਦਾ ਤੇ ਲੋੜ ਅਨੁਸਾਰ ਪੈਸੇ ਵੀ ਦਿੰਦਾ।

ਇਕ ਬੱਬਰ ਦਲੀਪਾ ਧਾਮੀਆਂ ਇਸ ਨੇ ਪਹਿਲਾਂ ਧੋਖੇ ਨਾਲ ਫੜਾ ਦਿਤਾ। ਦਲੀਪੇ ਦਾ ਪਤਾ ਕਰਨ ਲਈ ਧੰਨਾ ਸਿੰਘ 24 ਅਕਤੂਬਰ 1923 ਨੂੰ ਜੁਆਲਾ ਸਿੰਘ ਨੂੰ ਮਿਲਿਆ। ਜੁਆਲਾ ਸਿੰਘ ਉਹਨੂੰ ਮੰਨਣਹਾਣੇ ਪਿੰਡ ਲੈ ਗਿਆ ਤੇ ਉਥੇ ਆਪਣੇ ਕਿਸੇ ਰਿਸ਼ਤੇਦਾਰ ਕਰਮ ਸਿੰਘ ਦੀ ਹਵੇਲੀ ਸੁਆ ਦਿਤਾ। ਉਧਰ ਪੁਲਸ ਨੂੰ ਖ਼ਬਰ ਦੇ ਦਿੱਤੀ। ਬਹੁਤ ਸਾਰੀ ਪੁਲਸ ਆ ਗਈ। ਪੁਲਸ ਨੇ ਧੰਨਾ ਸਿੰਘ ਨੂੰ ਫੜਨ ਦਾ ਫਿਰ ਵੀ ਹੌਸਲਾ ਨਾ ਕੀਤਾ ਤੇ ਪਹਿਲਾਂ ਧੰਨਾ ਸਿੰਘ ਦੇ ਪਸਤੌਲ ਨੂੰ ਚੁਕਾ ਲਿਆ। ਫਿਰ ਅੱਠ-ਦਸ ਪੁਲਸੀਏ ਇਕੋ ਵੇਲੇ ਉਸ ਦੇ ਮੰਜੇ ਤੇ ਡਿੱਗ ਪਏ

ਤੇ ਇਕ-ਇਕ ਲੱਤ ਬਾਂਹ ਨੂੰ ਦੋ-ਦੋ ਸਿਪਾਹੀਆਂ ਨੇ ਫੜ ਲਿਆ।

ਪੁਲਸ ਕਪਤਾਨ ਹੌਰਟਨ ਨੇ ਮਿਹਣਾ ਮਾਰਦਿਆਂ ਕਿਹਾ ਕਿ ਤੂੰ ਤੇ ਜੀਉਂਦੇ ਨਾ ਫੜੇ ਜਾਣ ਦਾ ਐਲਾਨ ਕੀਤਾ ਹੋਇਆ ਸੀ। ਹੁਣ ਦੱਸ ਤੇਰਾ ਐਲਾਨ ਕਿਧਰ ਗਿਆ। ਸ: ਧੰਨਾ ਸਿੰਘ ਬੱਬਰ ਨੇ ਲਾਲ ਅੱਖਾਂ ਕਰ ਕੇ ਪੁਲਸ ਕਪਤਾਨ ਵੱਲ ਵੇਖਿਆ ਤੇ ਅੰਗਰੇਜ਼ ਅਫ਼ਸਰ ਘਬਰਾ ਗਿਆ। ਉਹਨੇ ਸਿਪਾਹੀਆਂ ਨੂੰ ਹੁਕਮ ਦਿਤਾ ਕਿ ਰੁਮਾਲ ਨਾਲ ਧੰਨਾ ਸਿੰਘ ਦੀਆਂ ਅੱਖਾਂ ਬੰਨ੍ਹ ਦਿਓ। ਧੰਨਾ ਸਿੰਘ ਨੇ ਉਹਨੂੰ ਲਲਕਾਰ ਕੇ ਕਿਹਾ ਕਿ ਮੈਂ ਏਨੇ ਸਿਪਾਹੀਆਂ ਦੀ ਪਕੜ ਵਿਚ ਹਾਂ, ਤੈਨੂੰ ਫਿਰ ਵੀ ਮੇਰੇ ਨੇੜੇ ਆਉਣ ਦਾ ਹੌਸਲਾ ਨਾ ਪਿਆ। ਜੇ ਮੈਂ ਖੁਲ੍ਹਾ ਹੁੰਦਾ ਤਾਂ ਇਕ ਦਬਕੇ ਨਾਲ ਤੇਰੀ ਜਾਨ ਕੱਢ ਦਿੰਦਾ।

ਹੌਰਟਨ ਨੂੰ ਇਹ ਮਿਹਣਾ ਵੱਜਾ ਤੇ ਉਹ ਰੁਮਾਲ ਲੈ ਕੇ ਧੰਨਾ ਸਿੰਘ ਦੀਆਂ ਅੱਖਾਂ ਬੰਨ੍ਹਣ ਆਇਆ। ਉਹਦੇ ਨਾਲ ਇਕ ਹੋਰ ਅੰਗਰੇਜ਼ ਅਫ਼ਸਰ ਜੈਨਕਿਨਜ਼ ਵੀ ਸੀ। ਜਦ ਉਹਦੀਆਂ ਅੱਖਾਂ ਤੇ ਰੁਮਾਲ ਬੰਨ੍ਹਿਆ ਜਾ ਰਿਹਾ ਸੀ ਤਾਂ ਧੰਨਾ ਸਿੰਘ ਨੇ ਜ਼ੋਰ ਦੀ ਆਪਣੀ ਕੂਹਣੀ ਆਪਣੀ ਵੱਖੀ ਵਿਚ ਮਾਰੀ। ਉਥੇ ਇਕ ਖ਼ਤਰਨਾਕ ਬੰਬ ਬੰਨ੍ਹਿਆ ਹੋਇਆ ਸੀ ਜੋ ਫਟ ਗਿਆ। ਸ: ਧੰਨਾ ਸਿੰਘ ਦਾ ਆਪਣਾ ਸਰੀਰ ਪੁਰਜ਼ੇ-ਪੁਰਜ਼ੇ ਹੋ ਕੇ ਦੂਰ ਤਕ ਜਾ ਡਿੱਗਾ। ਇਕ ਹਵਾਲਦਾਰ, ਇਕ ਦਫੇਦਾਰ, ਤਿੰਨ ਸਿਪਾਹੀ ਤੇ ਇਕ ਮੱਝ ਥਾਂ ਮਰ ਗਏ। ਹੌਰਟਨ, ਜੈਨਕਿਨਜ਼, ਇਕ ਥਾਣੇਦਾਰ ਤੇ ਇਕ ਸਿਪਾਹੀ ਸਖ਼ਤ ਜ਼ਖ਼ਮੀ ਹੋਏ। ਥਾਣੇਦਾਰ ਤੇ ਸਿਪਾਹੀ ਮਾਹਲਪੁਰ ਥਾਣੇ ਪਹੁੰਚ ਕੇ ਮਰ ਗਏ। ਹੌਰਟਨ ਹਸਪਤਾਲ ਜਾ ਕੇ ਮਰ ਗਿਆ ਤੇ ਜੈਨਕਿਨਜ਼ ਸਖ਼ਤ ਜ਼ਖ਼ਮੀ ਹਾਲਤ ਵਿਚ ਇਲਾਜ ਲਈ ਕਲਕੱਤੇ ਚਲਾ ਗਿਆ ਪਰ ਉਹ ਵੀ ਬਚ ਨਾ ਸਕਿਆ।

ਇਸ ਤਰ੍ਹਾਂ 9 ਬੰਦਿਆਂ ਨੂੰ ਮਾਰ ਕੇ ਧੰਨਾ ਸਿੰਘ ਸ਼ਹੀਦ ਹੋਇਆ। ਇਸ ਘਟਨਾ ਦਾ ਸਾਰੇ ਪੰਜਾਬ ਵਿਚ ਚਰਚਾ ਹੋਇਆ। ਬੱਬਰਾਂ ਦੀ ਇਤਨੀ ਧਾਂਕ ਬੈਠ ਗਈ ਕਿ ਮੁੜ ਕਿਸੇ ਨੂੰ ਜੀਊਂਦਾ ਬੱਬਰ ਫੜਨ ਦਾ ਜਾਂ ਲਾਗੇ ਆਉਣ ਦਾ ਹੌਸਲਾ ਨਹੀਂ ਸੀ ਪੈਂਦਾ। ਅੰਗਰੇਜ਼ ਤਾਂ ਗ੍ਰਿਫ਼ਤਾਰ ਕੀਤੇ ਬੱਬਰਾਂ ਤੋਂ ਵੀ ਦੂਰ-ਦੂਰ ਰਹਿੰਦੇ ਸਨ।

ਬਾਬੂ ਸੰਤਾ ਸਿੰਘ

ਬਾਬੂ ਸੰਤਾ ਸਿੰਘ ਵੀ ਬੱਬਰ ਅਕਾਲੀ ਲਹਿਰ ਦੇ ਮੁਖੀਆਂ ਵਿਚੋਂ ਇਕ ਸਨ। ਕਾਫ਼ੀ ਪੜ੍ਹੇ-ਲਿਖੇ, ਸਮਝਦਾਰ ਤੇ ਹਿਸਾਬੀ-ਕਿਤਾਬੀ ਹੋਣ ਕਾਰਨ ਬੱਬਰ ਅਕਾਲੀ ਜਥੇ ਦੇ ਸਾਰਾ ਸਮਾਂ ਖ਼ਜ਼ਾਨਚੀ ਬਣੇ ਰਹੇ ਤੇ ਅਖ਼ੀਰ ਅੰਗਰੇਜ਼ ਦਾ ਰਾਜ ਖ਼ਤਮ ਕਰਨ ਦੇ ਉਪਰਾਲੇ ਕਰਦੇ ਫਾਂਸੀ ਲਗ ਕੇ ਸ਼ਹੀਦ ਹੋ ਗਏ।

ਬਾਬੂ ਸੰਤਾ ਸਿੰਘ ਪਿੰਡ ਛੋਟੀ ਹਰਿਓਂ ਜ਼ਿਲ੍ਹਾ ਲੁਧਿਆਣੇ ਦੇ ਰਹਿਣ ਵਾਲੇ ਸਨ ਤੇ ਪੜ੍ਹ ਲਿਖ ਕੇ ਫ਼ੌਜ ਵਿਚ ਭਰਤੀ ਹੋ ਗਏ। ਕੁਝ ਸਮੇਂ ਪਿਛੋਂ 54 ਨੰਬਰ ਸਿੱਖ ਪਲਟਣ ਜਲੰਧਰ ਛਾਉਣੀ ਵਿਚ ਕਲੱਰਕ ਆ ਲਗੇ। ਇਹਨਾਂ ਦਾ ਸੰਤ ਕਰਤਾਰ ਸਿੰਘ ਨਾਲ ਬੈਠਣ-ਉਠਣ ਸੀ ਤੇ ਉਹਨਾਂ ਪਾਸੋਂ ਚੱਕਰਵਰਤੀ ਸਿੰਘਾਂ ਦੀਆਂ

ਗੱਲਾਂ ਸੁਣਦੇ ਰਹਿੰਦੇ ਸਨ। ਬਾਬੂ ਸੰਤਾ ਸਿੰਘ ਨੂੰ ਚੱਕਰਵਰਤੀ ਸਿੰਘਾਂ ਦਾ ਪ੍ਰਚਾਰ ਪਸੰਦ ਆਇਆ ਤੇ ਜਥੇਦਾਰ ਕਿਸ਼ਨ ਸਿੰਘ ਗੜਗੱਜ ਨਾਲ ਮਿਲਣ ਦੀ ਇੱਛਾ ਪੈਦਾ ਹੋ ਗਈ। ਸੰਤ ਕਰਤਾਰ ਸਿੰਘ ਨੂੰ ਮਨ ਦੀ ਗੱਲ ਦੱਸੀ ਤਾਂ ਉਹਨਾਂ ਨੇ ਜਥੇਦਾਰ ਕਿਸ਼ਨ ਸਿੰਘ ਨਾਲ ਮਿਲਾਉਣ ਦਾ ਇਕਰਾਰ ਕੀਤਾ।

ਉਹਨਾਂ ਦਿਨਾਂ ਵਿਚ ਹੀ ਫਗਵਾੜੇ ਨੇੜੇ ਪਲਾਹੀ ਵਿਚ ਦੀਵਾਨ ਸੀ। ਉਥੇ ਸੰਤ ਕਰਤਾਰ ਸਿੰਘ ਬਾਬੂ ਸੰਤਾ ਸਿੰਘ ਨੂੰ ਲੈ ਕੇ ਪਹੁੰਚ ਗਏ ਤੇ ਜਥੇਦਾਰ ਨਾਲ ਮਿਲਾ ਦਿਤਾ। ਗੱਲ-ਬਾਤ ਕਰਨ ਪਿਛੋਂ ਬਾਬੂ ਸੰਤਾ ਸਿੰਘ ਨੇ ਪੰਜ ਰੁਪਏ ਜਥੇਦਾਰ ਕਿਸ਼ਨ ਸਿੰਘ ਨੂੰ ਭੇਟ ਕੀਤੇ ਤੇ ਨਾਲ ਹੀ ਫ਼ੌਜ ਦੀ ਨੌਕਰੀ ਛੱਡ ਕੇ ਚੱਕਰਵਰਤੀ ਜਥੇ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ। ਜਥੇਦਾਰ ਕਿਸ਼ਨ ਸਿੰਘ ਨੇ ਕਿਹਾ ਕਿ ਅਜੇ ਨੌਕਰੀ ਨਾ ਛੱਡੋ ਤੇ ਫ਼ੌਜ ਵਿਚ ਬਗ਼ਾਵਤ ਦਾ ਪ੍ਰਚਾਰ ਕਰੋ। ਜਦੋਂ ਲੋੜ ਹੋਈ ਤਾਂ ਅਸੀਂ ਆਪ ਹੀ ਤੁਹਾਨੂੰ ਨੌਕਰੀ ਛੱਡਣ ਲਈ ਕਹਿ ਦਿਆਂਗੇ।

ਇਸ ਪਿਛੋਂ ਕੁਝ ਮਹੀਨੇ ਬਾਬੂ ਸੰਤਾ ਸਿੰਘ ਨੇ ਨੌਕਰੀ ਕੀਤੀ ਪਰ ਉਹਨਾਂ ਦਾ ਦਿਲ ਹਰ ਸਮੇਂ ਚੱਕਰਵਰਤੀ ਜਥੇ ਨਾਲ ਰਲ ਕੇ ਦੇਸ਼ ਦੀ ਸੇਵਾ ਕਰਨ ਲਈ ਲੋਚਦਾ ਰਿਹਾ। ਅਖ਼ੀਰ ਫ਼ੌਜ ਦੀ ਨੌਕਰੀ ਛੱਡ ਕੇ ਜਥੇਦਾਰ ਕਿਸ਼ਨ ਸਿੰਘ ਗੜਗੱਜ ਨਾਲ ਹੀ ਕੰਮ ਕਰਨ ਲੱਗ ਪਏ। ਇਹਨਾਂ ਨੇ ਕਈ ਥਾਂ ਤਕਰੀਰਾਂ ਕੀਤੀਆਂ ਤੇ ਵਾਰੰਟ ਗ੍ਰਿਫ਼ਤਾਰੀ ਜਾਰੀ ਹੋ ਗਏ। ਜਦੋਂ ਖਜੂਰਲੇ ਦੀ ਪੁਲਸ ਚੌਕੀ ਤੇ ਹਮਲਾ ਕਰ ਕੇ ਉਥੋਂ ਮਾਰ ਪੈਂਦੇ ਇਕ ਸਿੱਖ ਨੂੰ ਜਥੇਦਾਰ ਕਿਸ਼ਨ ਸਿੰਘ ਨੇ ਬਚਾਇਆ ਤਾਂ ਜਥੇਦਾਰ ਨਾਲ ਨੰਗੀ ਕਿਰਪਾਨ ਲੈ ਕੇ ਥਾਣੇ ਤੇ ਹਮਲਾ ਕਰਨ ਵਾਲਾ ਦੂਜਾ ਬਹਾਦਰ ਬਾਬੂ ਸੰਤਾ ਸਿੰਘ ਹੀ ਸੀ। ਫਿਰ ਫ਼ੌਜੀਆਂ ਨਾਲ ਬੱਬਰ ਜਥੇ ਦਾ ਸੰਪਰਕ ਬਾਬੂ ਸੰਤਾ ਸਿੰਘ ਰਾਹੀਂ ਹੋਇਆ। ਬਹੁਤ ਸਾਰਾ ਸਿੱਕਾ ਬਾਰੂਦ ਬੱਬਰਾਂ ਨੂੰ ਫ਼ੌਜੀ ਜਵਾਨਾਂ ਤੋਂ ਮਿਲ ਗਿਆ। ਆਮ ਤੌਰ ਤੇ ਜਥੇਦਾਰ ਕਿਸ਼ਨ ਸਿੰਘ ਤੇ ਬਾਬੂ ਸੰਤਾ ਸਿੰਘ ਇਕੱਠੇ ਰਿਹਾ ਕਰਦੇ ਸਨ।

ਉਸ ਸਮੇਂ ਚੱਕਰਵਰਤੀਆਂ ਦੇ ਦੋ ਜਥੇ ਬਣ ਚੁਕੇ ਸਨ ਤੇ ਵੱਖੋ ਵੱਖਰੇ ਫਿਰ ਕੇ ਪ੍ਰਚਾਰ ਕਰ ਰਹੇ ਸਨ। ਬਾਬੂ ਸੰਤਾ ਸਿੰਘ ਨੇ ਹੋਰ ਬੱਬਰਾਂ ਤੋਂ ਛੁੱਟ ਜ਼ਾਤੀ ਤੌਰ ਤੇ ਜ਼ੋਰ ਲਾ ਕੇ ਦੋਹਾਂ ਜਥਿਆਂ ਦਾ ਮੇਲ ਕਰਾ ਦਿਤਾ ਤੇ ਦੋਵੇਂ ਰਲ ਕੇ ਬੱਬਰ ਅਕਾਲੀ ਜਥਾ ਬਣ ਗਏ। ਜਦ ਬੱਬਰ ਅਕਾਲੀ ਜਥੇ ਦੀ ਅਗਸਤ 1922 ਵਿਚ ਚੋਣ ਹੋਈ ਤਾਂ ਬਾਬੂ ਸੰਤਾ ਸਿੰਘ ਨੂੰ ਜਥੇ ਦਾ ਖ਼ਜ਼ਾਨਚੀ ਚੁਣ ਲਿਆ ਗਿਆ। ਇਹ ਬਹੁਤ ਹੀ ਜ਼ਿੰਮੇਵਾਰੀ ਵਾਲੀ ਪਦਵੀ ਸੀ ਤੇ ਜਥੇ ਦੀਆਂ ਸਾਰੀਆਂ ਸਰਗਰਮੀਆਂ ਦਾ ਧੁਰਾ ਸੀ, ਕਿਉਂਕਿ ਖ਼ਜ਼ਾਨਚੀ ਹੀ ਜਾਣਦਾ ਸੀ ਕਿਥੋਂ ਮਦਦ ਆ ਰਹੀ ਹੈ, ਕੌਣ ਅਸਲਾ ਖ਼ਰੀਦ ਰਿਹਾ ਹੈ ਤੇ ਕਿਥੇ ਕੀ ਖ਼ਰਚ ਹੋ ਰਿਹਾ ਹੈ।

ਬਾਬੂ ਸੰਤਾ ਸਿੰਘ ਨੇ ਕਈ ਝੋਲੀ-ਚੁਕਾਂ ਤੇ ਹਮਲੇ ਵਿਚ ਹਿੱਸਾ ਲਿਆ। ਅਖ਼ੀਰ ਸੰਤ ਕਰਤਾਰ ਸਿੰਘ ਪੁਲਸ ਨਾਲ ਰਲ ਗਿਆ ਤੇ ਉਸ ਨੇ ਬਾਬੂ ਸੰਤਾ ਸਿੰਘ ਨੂੰ ਗ੍ਰਿਫ਼ਤਾਰ ਕਰਵਾ ਦਿਤਾ। ਗ੍ਰਿਫ਼ਤਾਰੀ ਵੀ ਬੜੇ ਧੋਖੇ ਨਾਲ ਕਰਾਈ। ਪਹਿਲਾਂ ਬਾਬੂ ਸੰਤਾ ਸਿੰਘ ਨੂੰ ਮਾਲਵੇ ਵਲ ਲੈ ਗਿਆ ਤੇ ਉਥੇ ਰੇਲ-ਗੱਡੀ ਵਿਚ ਬਿਠਾ ਕੇ ਤਪਾ ਸਟੇਸ਼ਨ ਤੇ ਗ੍ਰਿਫ਼ਤਾਰ ਕਰਵਾ ਦਿਤਾ। ਜਥੇਦਾਰ ਕਿਸ਼ਨ ਸਿੰਘ ਦੇ ਨਾਲ ਹੀ 27

ਫ਼ਰਵਰੀ 1926 ਨੂੰ ਲਾਹੌਰ ਵਿਚ ਬਾਬੂ ਸੰਤਾ ਸਿੰਘ ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿਤਾ ਗਿਆ।

ਫ਼ਾਂਸੀ ਲਗਣ ਵਾਲੇ ਬੱਬਰ

(1) ਜਥੇਦਾਰ ਕਿਸ਼ਨ ਸਿੰਘ ਬੜਿੰਗ ਜ਼ਿਲ੍ਹਾ ਜਲੰਧਰ, (2) ਸ: ਦਲੀਪ ਸਿੰਘ ਧਾਮੀਆਂ ਜ਼ਿਲ੍ਹਾ ਹੁਸ਼ਿਆਰਪੁਰ, (3) ਸ: ਨੰਦ ਸਿੰਘ ਘੁੜਿਆਲ ਜ਼ਿਲ੍ਹਾ ਜਲੰਧਰ, (4) ਸ: ਕਰਮ ਸਿੰਘ ਮਾਣਕੋ ਜ਼ਿਲ੍ਹਾ ਜਲੰਧਰ, (5) ਬਾਬੂ ਸੰਤਾ ਸਿੰਘ ਛੋਟਾ ਹਰਿਉਂ ਜ਼ਿਲ੍ਹਾ ਲੁਧਿਆਣਾ, (6) ਸ: ਧਰਮ ਸਿੰਘ ਹਯਾਤਪੁਰ ਜ਼ਿਲ੍ਹਾ ਹੁਸ਼ਿਆਰਪੁਰ।

ਬੁਬੇਲੀ ਸਾਕੇ ਦੇ ਸ਼ਹੀਦ ਬੱਬਰ

(7) ਸ: ਕਰਮ ਸਿੰਘ ਦੌਲਤਪੁਰ ਜ਼ਿਲਾ ਜਲੰਧਰ, (8) ਸ: ਉਦੇ ਸਿੰਘ ਰਾਮਗੜ੍ਹ ਜ਼ਿਲ੍ਹਾ ਹੁਸ਼ਿਆਰਪੁਰ, (9) ਸ: ਬਿਸ਼ਨ ਸਿੰਘ ਮਾਂਗਟ ਜ਼ਿਲ੍ਹਾ ਜਲੰਧਰ, (10) ਸ: ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਹੁਸ਼ਿਆਰਪੁਰ।

ਮੰਨਣਹਾਣਾ ਦਾ ਸ਼ਹੀਦ

(11) ਸ: ਧੰਨਾ ਸਿੰਘ ਬਹਿਬਲਪੁਰ ਜ਼ਿਲ੍ਹਾ ਹੁਸ਼ਿਆਰਪੁਰ।

ਮੁੰਡੇਰ ਸਾਕੇ ਦੇ ਸ਼ਹੀਦ

(12) ਸ: ਬੰਤਾ ਸਿੰਘ ਧਾਮੀਆਂ ਜ਼ਿਲ੍ਹਾ ਹੁਸ਼ਿਆਰਪੁਰ, (13) ਸ: ਜਵਾਲਾ ਸਿੰਘ ਫਤਹਪੁਰ ਕੋਠੀ ਹੁਸ਼ਿਆਰਪੁਰ, (14) ਸ: ਵਰਿਆਮ ਸਿੰਘ ਧੁੱਗਾ।

ਜੇਲ੍ਹਾਂ ਵਿਚ ਸ਼ਹੀਦ ਹੋਏ ਬੱਬਰ

(15) ਸ: ਕਰਮ ਸਿੰਘ ਝਿੰਗੜ ਜ਼ਿਲ੍ਹਾ ਜਲੰਧਰ, (16) ਸ: ਦਲੀਪ ਸਿੰਘ (ਵੱਡਾ) ਧਾਮੀਆਂ ਹੁਸ਼ਿਆਰਪੁਰ, (17) ਸ: ਸੁਰਜਨ ਸਿੰਘ ਹਯਾਤਪੁਰ, (18) ਸ: ਪ੍ਰਤਾਪ ਸਿੰਘ ਛਬੀਲਪੁਰ ਸਿਆਲਕੋਟ, (19) ਸ: ਮੁਨਸ਼ਾ ਸਿੰਘ ਜੌਹਲ ਜਲੰਧਰ।

ਹੋਰ ਸ਼ਹੀਦ ਬੱਬਰ

(20) ਸ: ਰਤਨ ਸਿੰਘ ਰੱਕੜ ਜਲੰਧਰ, (21) ਸ: ਬਚਨ ਸਿੰਘ, (22) ਸ: ਸਾਧਾ ਸਿੰਘ ਪੰਡੋਰੀ ਨਿੱਝਰਾਂ, (23) ਸ: ਚਤਰ ਸਿੰਘ ਕੰਦੋਲਾ ਜਲੰਧਰ, (24) ਸ: ਅਮਰ ਸਿੰਘ ਪੰਡੋਰੀ ਨਿੱਝਰਾਂ, (25) ਸ: ਸੁੰਦਰ ਸਿੰਘ ਹਯਾਤਪੁਰ, (26) ਸ: ਵਰਿਆਮ ਸਿੰਘ ਕੋਟ ਫਤੂਹੀ।

ਗਿਆਨੀ ਹਰਬੰਸ ਸਿੰਘ ਸਰਹਾਲਾ

ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਜਿਨ੍ਹਾਂ ਦੇਸ਼ ਭਗਤਾਂ ਨੂੰ ਵਿਦੇਸ਼ੀ ਅੰਗਰੇਜ਼ ਹਾਕਮਾਂ ਨੇ ਮੌਤ ਦੀ ਸਜ਼ਾ ਸੁਣਾ ਕੇ ਫਾਂਸੀ ਲਾਇਆ ਉਨ੍ਹਾਂ ਵਿਚ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਗਰ ਸਰਹਾਲਾ ਦੇ ਗਿਆਨੀ ਹਰਬੰਸ ਸਿੰਘ ਜੀ ਦਾ ਨਾਮ ਵੀ ਸ਼ਾਮਲ ਹੈ, ਜਿਨ੍ਹਾਂ ਨੇ ਫਾਂਸੀ ਦੇ ਰੱਸੇ ਨੂੰ ਚੁੰਮਿਆ ਤੇ ਹੱਸਦਿਆਂ ਹੱਸਦਿਆਂ ਮੌਤ ਲਾੜੀ ਦਾ ਸੁਆਗਤ ਕੀਤਾ। ਉਹ ਆਪਣੇ ਜੀਵਨ ਵਿਚ ਹਰ ਥਾਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਆਖਿਆ ਕਰਦੇ ਸਨ ਕਿ ਗ਼ੁਲਾਮੀ ਦਾ ਜੀਵਨ ਲਾਹਨਤ ਹੈ ਤੇ ਇਸ ਜੀਵਨ ਨਾਲੋਂ ਮੌਤ ਚੰਗੀ ਹੈ ; ਜੇਕਰ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ ਹਜ਼ਾਰਾਂ ਜਾਂ ਲੱਖਾਂ ਜੀਵਨ ਕੁਰਬਾਨ ਕਰਨੇ ਪੈਣ ਤਾਂ ਵੀ ਸੰਕੋਚ ਨਹੀਂ ਕਰਨਾ ਚਾਹੀਦਾ।

ਗ਼ੁਲਾਮੀ ਵਿਰੁੱਧ ਨਫ਼ਰਤ ਤੇ ਆਜ਼ਾਦੀ ਦੀ ਪ੍ਰਾਪਤੀ ਦਾ ਜਜ਼ਬਾ ਗਿਆਨੀ ਹਰਬੰਸ ਸਿੰਘ ਨੂੰ ਵਿਰਸੇ ਵਿਚ ਆਪਣੇ ਪਿਤਾ ਤੇ ਚਾਚਾ ਜੀ ਤੋਂ ਮਿਲਿਆ। ਆਪ ਦੇ ਸਤਿਕਾਰਯੋਗ ਪਿਤਾ ਸ: ਖੇਮ ਸਿੰਘ,ਪਹਿਲੇ ਸੰਸਾਰ ਯੁੱਧ ਤੋਂ ਪਹਿਲਾਂ ਹੀ ਅੰਗਰੇਜ਼ਾਂ ਦੀ ਫ਼ੌਜ ਵਿਚ ਭਰਤੀ ਹੋ ਗਏ ਤੇ ਬਹੁਤ ਛੇਤੀ ਆਪਣੀ ਯੋਗਤਾ, ਵਿਦਿਆ ਤੇ ਨਿਯਮਕ ਜੀਵਨ ਕਾਰਨ ਹਵਾਲਦਾਰ ਬਣ ਗਏ। ਪਹਿਲੇ ਸੰਸਾਰ ਯੁੱਧ ਸਮੇਂ ਆਪਣੇ ਦੇਸ਼ ਤੋਂ ਬਾਹਰ, ਵਿਦੇਸ਼ਾਂ ਵਿਚ ਫ਼ੌਜੀ ਬਣ ਕੇ ਗਏ। ਉਥੇ ਉਨ੍ਹਾਂ ਨੇ ਆਜ਼ਾਦ ਦੇਸ਼ਾਂ ਦੀ ਹਾਲਤ, ਸੁਤੰਤਰਤਾ ਤੇ ਵਿਕਾਸ ਨੂੰ ਦੇਖਿਆ। ਇਸ ਦੇ ਟਾਕਰੇ ਗ਼ੁਲਾਮ ਦੇਸ਼ਾਂ ਤੇ ਕੌਮਾਂ ਦੇ ਜੀਵਨ ਦੇ ਘਾਟਿਆਂ ਨੂੰ ਮਹਿਸੂਸ ਕੀਤਾ ਤੇ ਆਪਣੇ ਮਨ ਵਿਚ ਦ੍ਰਿੜ੍ਹ ਨਿਸਚਾ ਕਰ ਲਿਆ ਕਿ ਉਹ ਫ਼ੌਜੀ ਜੀਵਨ ਨੂੰ ਤਿਆਗ ਕੇ ਆਪਣੇ ਲੋਕਾਂ ਵਿਚ ਆਜ਼ਾਦੀ ਦੀ ਜਾਗਰਤੀ ਪੈਦਾ ਕਰਨ ਦਾ ਯਤਨ ਕਰਨਗੇ।

ਪਹਿਲਾ ਸੰਸਾਰ ਯੁੱਧ ਖ਼ਤਮ ਹੋਇਆ ਤਾਂ ਆਪ ਫ਼ੌਜੀ ਜੀਵਨ ਤਿਆਗ ਕੇ ਆਪਣੇ ਪਿੰਡ ਸਰਹਾਲਾ ਜ਼ਿਲ੍ਹਾ ਹੁਸ਼ਿਆਰਪੁਰ ਆ ਗਏ। ਸੰਸਾਰ ਯੁੱਧ ਦੇ ਸਮੇਂ ਅੰਗਰੇਜ਼ ਸਰਕਾਰ ਨੇ ਭਾਰਤ ਵਾਸੀਆਂ ਨੂੰ ਆਜ਼ਾਦ ਕੌਮਾਂ ਵਾਲੇ ਹੱਕ ਅਧਿਕਾਰ ਦੇਣ ਦੇ ਲਾਰੇ ਲਾਏ ਹੋਏ ਸਨ, ਪਰ ਜੰਗ ਖ਼ਤਮ ਹੁੰਦਿਆਂ ਸਾਰੇ ਵਚਨ ਭੁਲ ਭੁਲਾ ਕੇ ਦੇਸ਼ ਵਿਚ ਨਵੇਂ ਕਾਲੇ ਕਾਨੂੰਨ ਲਾਗੂ ਕਰਨੇ ਸ਼ੁਰੂ ਕਰ ਦਿਤੇ ਤਾਂ ਦੇਸ਼-ਵਾਸੀਆਂ ਵਿਚ ਗ਼ਮ ਤੇ ਗੁੱਸੇ ਦੀ ਲਹਿਰ ਫੈਲ ਗਈ। ਉਨ੍ਹਾਂ ਦਿਨਾਂ ਵਿਚ ਹੀ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਹੋਇਆ। ਗਿਆਨੀ ਹਰਬੰਸ ਸਿੰਘ ਦੇ ਪਿਤਾ, ਹਵਾਲਦਾਰ ਖੇਮ ਸਿੰਘ ਨੇ ਆਪਣੇ ਪਿੰਡ ਵਿਚ ਕੁਝ ਹੋਰ ਦੇਸ ਭਗਤ ਤੇ ਸੂਝਵਾਨ ਲੋਕਾਂ ਦੇ ਮਿਲਵਰਤਣ ਨਾਲ ਇਕ ਸਕੂਲ ਖੋਲ੍ਹ ਲਿਆ, ਜਿਸ ਵਿੱਚ ਬੱਚਿਆਂ ਨੂੰ ਬਿਨਾਂ ਫੀਸ ਮੁਫ਼ਤ ਪੜ੍ਹਾਈ ਸ਼ੁਰੂ ਕਰਵਾਣੀ ਆਰੰਭ ਦਿਤੀ। ਆਸੇ ਪਾਸੇ ਦੇ ਪਿੰਡਾਂ ਵਿਚ ਜਾ ਕੇ ਲੋਕਾਂ ਵਿਚ ਇਹ ਪ੍ਰਚਾਰ ਕੀਤਾ ਕਿ ਅਨਪੜ੍ਹ ਕੌਮਾਂ ਗ਼ੁਲਾਮ ਰਹਿੰਦੀਆਂ

ਹਨ ਤੇ ਪੜ੍ਹੇ ਲਿਖੇ ਲੋਕਾਂ ਵਿਚ ਹੀ ਆਜ਼ਾਦੀ ਦਾ ਜਜ਼ਬਾ ਛੇਤੀ ਪੈਦਾ ਹੁੰਦਾ ਹੈ। ਆਪ ਆਪਣੇ ਫ਼ੌਜੀ ਜੀਵਨ ਸਮੇਂ ਦੇਖੇ ਆਜ਼ਾਦ ਦੇਸ਼ਾਂ ਨਾਲ ਆਪਣੇ ਗ਼ੁਲਾਮ ਦੇਸ਼ ਦੀ ਹਾਲਤ ਦਾ ਟਾਕਰਾ ਕਰਦੇ। ਦੂਜਾ ਉਨ੍ਹਾਂ ਦਾ ਪ੍ਰਚਾਰ ਸੀ ਕਿ ਅੰਗਰੇਜ਼ਾਂ ਦੇ ਸਕੂਲਾਂ ਵਿਚ ਗ਼ੁਲਾਮ ਰਹਿਣ ਦੀ ਸਿਖਿਆ ਹੀ ਮਿਲਦੀ ਹੈ, ਇਸ ਲਈ ਅੰਗਰੇਜ਼ ਹਾਕਮਾਂ ਦੇ ਸਕੂਲਾਂ ਦਾ ਬਾਈਕਾਟ ਕਰ ਕੇ ਦੇਸ਼ ਭਗਤਾਂ ਦੇ ਸ਼ੁਰੂ ਕੀਤੇ ਸਕੂਲਾਂ ਵਿਚ ਹੀ ਬੱਚਿਆਂ ਨੂੰ ਪੜ੍ਹਨ ਪਾਇਆ ਜਾਏ।

ਅੰਗਰੇਜ਼ ਹਾਕਮਾਂ ਨੂੰ ਹਵਾਲਦਾਰ ਖੇਮ ਸਿੰਘ ਦੀਆਂ ਸਰਗਰਮੀਆਂ ਦੀਆਂ ਰਿਪੋਰਟਾਂ ਸਰਕਾਰੀ ਸੂਹੀਏ ਤੇ ਝੋਲੀ-ਚੁਕ ਲੋਕ ਪਹੁੰਚਾਂਦੇ ਹੁੰਦੇ ਸਨ। ਹਕੂਮਤ ਇਸ ਤਾੜ ਵਿਚ ਸੀ ਕਿ ਕਦੋਂ ਮੌਕਾ ਮਿਲੇ ਤੇ ਉਹ ਖੇਮ ਸਿੰਘ ਨੂੰ ਗ੍ਰਿਫ਼ਤਾਰ ਕਰੇ ਤੇ ਇਹਨਾਂ ਦੇ ਚਲਾਏ ਸਕੂਲ ਨੂੰ ਬੰਦ ਕਰਵਾ ਦੇਵੇ। ਜਦੋਂ 1921 ਵਿਚ ਅਕਾਲੀ ਲਹਿਰ ਗੁਰਦੁਆਰਾ ਸੁਧਾਰ ਲਹਿਰ ਦੇ ਰੂਪ ਵਿਚ ਸ਼ੁਰੂ ਹੋਈ ਤਾਂ ਹਵਾਲਦਾਰ ਖੇਮ ਸਿੰਘ ਤੇ ਉਨ੍ਹਾਂ ਦੇ ਭਰਾ ਸ: ਸੁਰਜਨ ਸਿੰਘ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਤੇ ਹਾਕਮਾਂ ਦੇ ਹੁਕਮ ਨਾਲ ਜ਼ਬਰਦਸਤੀ ਸਕੂਲ ਬੰਦ ਕਰ ਦਿੱਤਾ ਗਿਆ।

ਫ਼ੌਜ ਵਿੱਚ ਭਰਤੀ ਹੋਣ 'ਤੇ ਜਦੋਂ ਖੇਮ ਸਿੰਘ ਦੂਰ ਚਲੇ ਗਏ ਸਨ ਤਾਂ ਉਨ੍ਹਾਂ ਦੀ ਪਤਨੀ ਛੋਟੇ ਛੋਟੇ ਬੱਚਿਆਂ ਨੂੰ ਲੈ ਕੇ ਆਪਣੇ ਪੇਕੇ ਪਿੰਡ ਬਦਾਊ ਚਲੀ ਗਈ। ਉਥੇ ਹੀ ਹਰਬੰਸ ਸਿੰਘ ਨੂੰ ਖ਼ਾਲਸਾ ਸਕੂਲ ਵਿਚ ਪੜ੍ਹਨੇ ਪਾਇਆ ਗਿਆ। ਜਦੋਂ ਆਪਣੇ ਪਿਤਾ ਦੀ ਗ੍ਰਿਫ਼ਤਾਰੀ ਦੀ ਖ਼ਬਰ ਸੁਣੀ ਤਾਂ ਹਰਬੰਸ ਸਿੰਘ ਨੇ ਸਕੂਲ ਦੇ ਮਿੱਤਰ ਵਿਦਿਆਰਥੀਆਂ ਨਾਲ ਸਲਾਹ ਕਰ ਕੇ ਫ਼ੈਸਲਾ ਕੀਤਾ ਕਿ ਉਹ ਪੜ੍ਹਾਈ ਵਿਚੇ ਛੱਡ ਕੇ ਅੰਗਰੇਜ਼ ਸਰਕਾਰ ਵਿਰੁੱਧ ਸੰਘਰਸ਼ ਵਿਚ ਸ਼ਾਮਲ ਹੋ ਜਾਏਗਾ। ਕਈ ਰਿਸ਼ਤੇਦਾਰਾਂ ਨੇ ਰੋਕਿਆ ਤੇ ਸਮਝਾਣ ਦਾ ਯਤਨ ਕੀਤਾ ਪਰ ਹਰਬੰਸ ਸਿੰਘ ਪਹਿਲਾਂ ਸਰਹਾਲਾ ਆਇਆ ਤੇ ਇਥੇ ਪਿਤਾ ਜੀ ਦੇ ਸਾਥੀਆਂ ਨਾਲ ਗੱਲ-ਬਾਤ ਕਰ ਕੇ ਸ੍ਰੀ ਅੰਮ੍ਰਿਤਸਰ ਚਲਾ ਗਿਆ। ਉਥੇ ਉਨ੍ਹਾਂ ਦਿਨਾਂ ਵਿਚ ਗੁਰੂ ਕੇ ਬਾਗ਼ ਦਾ ਮੋਰਚਾ ਚੱਲ ਰਿਹਾ ਸੀ। ਰੋਜ਼ਾਨਾ ਜਥਾ ਸ਼ਾਂਤਮਈ ਸਤਿਆਗ੍ਰਹਿ ਕਰਦਾ, ਜੈਕਾਰੇ ਲਾਂਦਾ ਨਿਕਲਦਾ। ਅੰਗਰੇਜ਼ ਹਾਕਮ ਜਥੇ ਤੇ ਸਖ਼ਤ ਲਾਠੀਚਾਰਜ ਕਰਦੇ, ਕਈ ਵਾਰ ਘੋੜਿਆਂ ਦੇ ਪੈਰਾਂ ਹੇਠ ਸਤਿਆਗ੍ਰਹੀਆਂ ਨੂੰ ਲਤਾੜਦੇ। ਹਰਬੰਸ ਸਿੰਘ ਨੇ ਵੀ ਆਪਣਾ ਨਾਮ ਜਥੇ ਵਿਚ ਲਿਖਵਾ ਦਿਤਾ। ਨਵ-ਯੁਵਕ ਹੋਣ ਕਾਰਨ ਕਈਆਂ ਨੇ ਜਥੇ ਵਿਚ ਨਾ ਜਾਣ ਦੀ ਸਲਾਹ ਵੀ ਦਿਤੀ ਪਰ ਹਰਬੰਸ ਸਿੰਘ ਨੇ ਜਥੇ ਵਿਚ ਸ਼ਾਮਲ ਹੋ ਕੇ ਸ਼ਾਂਤਮਈ ਰਹਿ ਕੇ ਲਾਠੀਚਾਰਜ ਸਮੇਂ ਪੁਲਿਸ ਦੀਆਂ ਡਾਂਗਾਂ ਖਾਧੀਆਂ। ਸਖ਼ਤ ਜ਼ਖ਼ਮੀ ਹੋ ਕੇ ਵੀ ਕਦਮ ਅੱਗੇ ਵਧਾਇਆ। ਅਖ਼ੀਰ ਆਪ ਨੂੰ ਗ੍ਰਿਫ਼ਤਾਰ ਕਰ ਕੇ ਕੈਂਬਲਪੁਰ ਜੇਲ੍ਹ ਵਿਚ ਕੈਦ ਕਰ ਦਿਤਾ ਗਿਆ।

ਕੈਂਬਲਪੁਰ ਜੇਲ੍ਹ ਵਿਚ ਵੀ ਫਿਰ ਚੰਗੀ ਖ਼ੁਰਾਕ ਨਾ ਮਿਲਣ ਤੇ ਹਾਕਮਾਂ ਨਾਲ ਟੱਕਰ ਹੋ ਗਈ ਤੇ ਉਸ ਸਮੇਂ ਫਿਰ ਹਰਬੰਸ ਸਿੰਘ 'ਤੇ ਬਹੁਤ ਹੀ ਅਣਮਨੁੱਖੀ ਅਤਿਆਚਾਰ ਹੋਏ। ਆਪ ਨਾਮ ਸਿਮਰਨ ਤੇ ਭਜਨ ਬੰਦਗੀ ਵਿਚ ਵੀ ਲੱਗੇ ਰਹਿੰਦੇ ਤੇ ਦੂਜੇ ਦੇਸ਼ ਭਗਤ ਕੈਦੀਆਂ ਨੂੰ ਵੀ ਪ੍ਰੇਰਨਾ ਦਿੰਦੇ ਰਹਿੰਦੇ, ਜਿਸ ਕਾਰਨ ਆਪ ਨੂੰ ਸਾਰੇ ਸਾਥੀ ਗਿਆਨੀ ਹਰਬੰਸ ਸਿੰਘ ਕਹਿਣ ਲਗ ਪਏ। ਕੈਂਬਲਪੁਰ ਜੇਲ੍ਹ ਤੋਂ

ਰਿਹਾ ਹੋ ਕੇ ਗਿਆਨੀ ਹਰਬੰਸ ਸਿੰਘ ਦੇ ਵਿਚਾਰ ਕਾਫ਼ੀ ਬਦਲ ਗਏ। ਉਹ ਮਹਿਸੂਸ ਕਰਨ ਲੱਗ ਪਏ ਕਿ ਸ਼ਾਂਤਮਈ ਕੁਰਬਾਨੀਆਂ ਨਾਲ ਅੰਗਰੇਜ਼ ਸਾਡਾ ਦੇਸ਼ ਛੱਡ ਕੇ ਨਹੀਂ ਜਾਣਗੇ ਇਸ ਲਈ ਹਾਕਮਾਂ ਦੀ ਤਾਕਤ ਦਾ ਟਾਕਰਾ ਆਪਣੇ ਹਥਿਆਰਾਂ ਦੀ ਤਾਕਤ ਨਾਲ ਹੀ ਕਰਨਾ ਚਾਹੀਦਾ ਹੈ। ਉਨ੍ਹਾਂ ਦਿਨਾਂ ਵਿਚ ਦੁਆਬੇ ਵਿਚ ਇਨ੍ਹਾਂ ਵਿਚਾਰਾਂ ਦੀ ਬੱਬਰ ਅਕਾਲੀ ਲਹਿਰ ਸ਼ੁਰੂ ਸੀ ਜਿਸ ਵਿਚ ਇਕ ਪਾਸੇ ਜ਼ਾਲਮ ਹਾਕਮਾਂ ਨੂੰ ਕੀਤੇ ਜ਼ੁਲਮ ਦੀ ਸਜ਼ਾ ਦੇਣ ਦਾ ਯਤਨ ਕੀਤਾ ਜਾ ਰਿਹਾ ਸੀ ਤੇ ਦੂਜੇ ਪਾਸੇ ਵਿਦੇਸ਼ੀ ਹਾਕਮਾਂ ਦੇ ਝੋਲੀ-ਚੁੱਕਾਂ ਨੂੰ ਸੋਧਿਆ ਜਾ ਰਿਹਾ ਸੀ। ਗਿਆਨੀ ਹਰਬੰਸ ਸਿੰਘ ਬੱਬਰ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ। ਬੱਬਰਾਂ ਨੇ ਜਿਹੜਾ ਚੱਕਰਵਰਤੀ ਭੜਥੂ ਪ੍ਰੈਸ ਚਾਲੂ ਕੀਤਾ, ਉਸ ਵਿਚ ਗਿਆਨੀ ਦਲੀਪ ਸਿੰਘ (ਮਾਸਟਰ) ਗੋਸਲਾ ਤੇ ਗਿਆਨੀ ਹਰਬੰਸ ਸਿੰਘ ਰਲ ਕੇ ਅਖ਼ਬਾਰ ਕਢਦੇ ਰਹੇ ਤੇ ਸਾਈਕਲੋਸਟਾਈਲ ਦੀ ਮਸ਼ੀਨ ਜੰਗਲਾਂ ਤੇ ਪਹਾੜਾਂ ਵਿਚ ਲਈ ਫਿਰਦੇ ਰਹੇ। ਪੁਲਸ ਦੇ ਕਾਬੂ ਨਾ ਆਏ ਤੇ ਬੱਬਰ ਅਕਾਲੀ ਲਹਿਰ ਦੇ ਦਬਾਏ ਜਾਣ ਪਿਛੋਂ ਵੀ ਬਚ ਕੇ ਕੌਮੀ ਆਜ਼ਾਦੀ ਦੇ ਸੰਘਰਸ਼ ਵਿਚ ਯੋਗਦਾਨ ਪਾਂਦੇ ਰਹੇ।

ਕਿਧਰੇ ਵੀ ਕੌਮੀ ਸੰਘਰਸ਼ ਦਾ ਪਤਾ ਲਗਦਾ, ਗਿਆਨੀ ਹਰਬੰਸ ਸਿੰਘ ਉਸ ਵਿਚ ਜਾ ਕੇ ਸ਼ਾਮਲ ਹੁੰਦੇ। 1931 ਦੇ ਨੈਸ਼ਨਲ ਕਾਂਗਰਸ ਦੇ ਨਾ-ਮਿਲਵਰਤਣ ਦੇ ਸੰਘਰਸ਼ ਵਿਚ ਸਰਗਰਮ ਹਿੱਸਾ ਲਿਆ ਤੇ ਜੇਲ੍ਹ ਚਲੇ ਗਏ। ਇਕ ਸਾਲ ਕੈਦ ਦੀ ਸਜ਼ਾ ਭੁਗਤ ਕੇ ਬਾਹਰ ਆਏ। ਇਨ੍ਹਾਂ ਦੇ ਪਿੰਡ ਸਰਹਾਲਾ ਵਿਚ ਇਨ੍ਹਾਂ ਦੇ ਘਰ ਅੱਗੇ ਪੁਲਿਸ ਚੌਕੀ ਬਿਠਾ ਦਿਤੀ ਗਈ ਪਰ ਇਹ ਰੂਪੋਸ਼ ਹੋ ਗਏ। ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਹਕੂਮਤ ਨੇ ਬਹੁਤ ਵੱਡੀ ਰਕਮ ਇਨਾਮ ਰੱਖੀ ਪਰ ਇਹ ਨਾ ਕਦੇ ਪਿੰਡ ਗਏ ਤੇ ਨਾ ਹੀ ਪੁਲਸ ਦੇ ਕਾਬੂ ਆਏ। ਕਈ ਹੋਰ ਨਾਵਾਂ ਹੇਠ ਇਨ੍ਹਾਂ ਦੀਆਂ ਸਰਗਰਮੀਆਂ ਜਾਰੀ ਰਹੀਆਂ।

ਦੂਜੇ ਸੰਸਾਰ ਯੁੱਧ ਸਮੇਂ ਕਿਸੇ ਸਾਥੀ ਦੀ ਗ਼ੱਦਾਰੀ ਕਾਰਨ ਅਖ਼ੀਰ ਅੰਮ੍ਰਿਤਸਰ ਦੇ ਪਿੰਡ ਜਾਮਾ ਰਾਏ ਤੋਂ ਗ੍ਰਿਫ਼ਤਾਰ ਕਰ ਲਏ ਗਏ। ਬਹੁਤ ਹੀ ਖ਼ਤਰਨਾਕ ਦੋਸ਼ੀ ਬਣਾ ਕੇ ਲਾਹੌਰ ਦੇ ਕਿਲ੍ਹੇ ਵਿਚ ਕੈਦ ਕਰ ਦਿਤੇ ਗਏ। ਜਿਵੇਂ ਅੰਗਰੇਜ਼ ਹਾਕਮ ਉਸ ਸਮੇਂ ਕੀਤਾ ਕਰਦੇ ਸਨ, ਵੱਡੇ ਦੇਸ਼ ਭਗਤਾਂ ਨੂੰ ਕਈ ਝੂਠੇ ਕੇਸਾਂ ਵਿਚ ਸ਼ਾਮਲ ਕਰ ਕੇ ਪੁਲਸ ਦੀਆਂ ਬੋਗਸ ਰਿਪੋਰਟਾਂ ਦੇ ਆਧਾਰ ਤੇ ਸਜ਼ਾ ਦਿਵਾ ਦਿਤਾ ਕਰਦੇ ਸਨ, ਗਿ: ਹਰਬੰਸ ਸਿੰਘ ਤੇ ਵੀ ਕੀਰਤਪੁਰ ਕਤਲ ਕੇਸ ਤੇ ਕਾਲਕਾ ਗੋਲੀ ਕਾਂਡ ਵਿਚ ਸ਼ਾਮਲ ਕਹਿ ਕੇ ਮੌਤ ਦੀ ਸਜ਼ਾ ਸੁਣਾ ਦਿਤੀ ਗਈ। ਇਉਂ 3 ਅਪ੍ਰੈਲ 1944 ਨੂੰ ਗਿਆਨੀ ਹਰਬੰਸ ਸਿੰਘ ਨੂੰ ਲਾਹੌਰ ਵਿਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

ਗਿਆਨੀ ਹਰਬੰਸ ਸਿੰਘ ਨੇ ਬੜੀ ਸ਼ਾਂਤਚਿਤ ਅਵਸਥਾ ਵਿਚ ਮੌਤ ਦੀ ਸਜ਼ਾ ਸੁਣੀ ਤੇ ਹੱਸਦਿਆਂ ਫਾਂਸੀ ਦੇ ਰੱਸੇ ਨੂੰ ਚੁੰਮ ਕੇ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਮਾਰ ਕੇ ਮੌਤ ਦਾ ਸੁਆਗਤ ਕੀਤਾ।

ਸ: ਭਗਤ ਸਿੰਘ

ਪੰਜਾਬ ਦੇ ਵਖ ਵਖ ਇਲਾਕਿਆਂ ਵਿਚ ਤੁਲਨਾ ਕੀਤਿਆਂ ਹਰ ਕੋਈ ਸਹਿਜੇ ਹੀ ਇਸ ਨਤੀਜੇ ਤੇ ਅੱਪੜ ਜਾਂਦਾ ਹੈ ਕਿ ਵੀਹਵੀਂ ਸਦੀ ਵਿਚ ਜਿਤਨੇ ਇਨਕਲਾਬੀ ਦੁਆਬੇ ਦੀ ਧਰਤੀ ਵਿਚ ਪੈਦਾ ਹੋਏ, ਉਤਨੇ ਹੋਰ ਕਿਸੇ ਇਲਾਕੇ ਵਿਚੋਂ ਨਹੀਂ ਹੋਏ। ਬਾਰ ਦੇ ਕਿਸਾਨ ਅੰਦੋਲਨ ਵਿਚ ਦੁਆਬੀਏ ਮੋਹਰੀ ਬਣ ਕੇ ਲੜੇ। ਫੇਰ ਕੈਨੇਡਾ ਤੇ ਅਮਰੀਕਾ ਬੈਠ ਕੇ ਜਿਨ੍ਹਾਂ ਗ਼ਦਰੀਆਂ ਨੇ ਇਨਕਲਾਬ ਦੀ ਵਿਉਂਤ ਬਣਾਈ ਤੇ ਦੇਸ਼ ਪਰਤ ਕੇ ਬਹੁਤ ਵੱਡੀਆਂ ਕੁਰਬਾਨੀਆਂ ਕੀਤੀਆਂ ਉਹਨਾਂ ਵਿਚ ਵੀ ਚੋਖੀ ਗਿਣਤੀ ਦੁਆਬੀਆਂ ਦੀ ਸੀ। ਬੱਬਰ ਅਕਾਲੀ ਲਹਿਰ ਤਾਂ ਸਮੁੱਚੇ ਤੌਰ ਤੇ ਦੁਆਬੇ ਵਿਚੋਂ ਉਠੀ ਤੇ ਉਸ ਦੀਆਂ ਸਰਗਰਮੀਆਂ ਦਾ ਕੇਂਦਰ ਵੀ ਇਹੀ ਇਲਾਕਾ ਰਿਹਾ। ਇਸੇ ਦੁਆਬੇ ਦੇ ਇਕ ਪ੍ਰਸਿੱਧ ਦੇਸ਼ ਭਗਤ ਸਿੱਖ ਘਰਾਣੇ ਵਿਚ ਸਰਦਾਰ ਭਗਤ ਸਿੰਘ ਦਾ ਜਨਮ ਹੋਇਆ ਤੇ ਉਸ ਨੇ ਦੇਸ਼ ਤੋਂ ਆਪਾ ਵਾਰ ਕੇ ਸ਼ਹੀਦਾਂ ਦੀ ਲੜੀ ਵਿਚ ਆਪਣੀ ਮਹੱਤਵਪੂਰਨ ਥਾਂ ਬਣਾ ਲਈ।

ਸਰਦਾਰ ਭਗਤ ਸਿੰਘ ਦੇ ਮਾਪੇ ਖਟਕੜ ਕਲਾਂ ਜ਼ਿਲ੍ਹਾ ਜਲੰਧਰ ਦੇ ਰਹਿਣ ਵਾਲੇ ਸਨ। ਆਪ ਦਾ ਚਾਚਾ ਅਜੀਤ ਸਿੰਘ ਬੜੇ ਇਨਕਲਾਬੀ ਖ਼ਿਆਲਾਂ ਦਾ ਤੇ ਉੱਘਾ ਲੋਕ-ਸੇਵਕ ਸੀ। ਉਹਨਾਂ ਨੇ 1906 ਵਿਚ ਬਾਰ ਦੇ ਕਿਸਾਨਾਂ ਦੇ ਅੰਦੋਲਨ ਸਮੇਂ ਅਗਵਾਈ ਕੀਤੀ ਜਿਸ ਕਾਰਨ 9 ਮਈ 1907 ਨੂੰ ਲਾਲਾ ਲਾਜਪਤ ਰਾਏ ਤੇ ਸਰਦਾਰ ਅਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਮਾਂਡਲੇ ਜੇਲ੍ਹ ਵਿਚ ਭੇਜ ਦਿਤਾ ਗਿਆ। ਸ਼ਹੀਦ ਭਗਤ ਸਿੰਘ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਆਰੀਆ ਸਮਾਜ ਲਹਿਰ ਦੇ ਉੱਘੇ ਵਰਕਰ ਸਨ। ਉਹਨਾਂ ਨੇ ਆਪਣੇ ਭਰਾ ਦੀ ਗ੍ਰਿਫ਼ਤਾਰੀ ਪਿਛੋਂ ਸਰਗਰਮੀ ਨਾਲ ਕੰਮ ਸ਼ੁਰੂ ਕਰ ਦਿਤਾ ਜਿਸ ਕਾਰਨ ਉਹਨਾਂ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਹੋ ਗਏ। ਸਰਦਾਰ ਕਿਸ਼ਨ ਸਿੰਘ ਦੌੜ ਕੇ ਨਿਪਾਲ ਚਲੇ ਗਏ। ਮਹਾਰਾਜ ਨਿਪਾਲ ਨੇ ਉਹਨਾਂ ਦਾ ਸ਼ਾਹੀ ਸਵਾਗਤ ਕੀਤਾ। ਜਦੋਂ ਅੰਗਰੇਜ਼ ਸਰਕਾਰ ਨੇ ਜ਼ੋਰ ਪਾਇਆ ਤਾਂ ਸ: ਕਿਸ਼ਨ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਅੰਗਰੇਜ਼ ਸਰਕਾਰ ਦੇ ਹਵਾਲੇ ਕਰ ਦਿਤਾ। ਤੀਜੇ ਭਰਾ ਸ: ਸਵਰਨ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਕੇ ਲਾਹੌਰ ਜੇਲ੍ਹ ਵਿਚ ਡੱਕ ਦਿਤਾ।

ਸ: ਭਗਤ ਸਿੰਘ ਦੀ ਮਾਤਾ ਲਾਇਲਪੁਰ ਦੇ ਚੱਕ ਨੰਬਰ 105 ਵਿਚ ਚਲੀ ਗਈ ਜਦੋਂ ਕਿ 1908 ਵਿਚ ਉਥੇ ਹੀ ਭਗਤ ਸਿੰਘ ਦਾ ਜਨਮ ਹੋਇਆ। ਇਸ ਬਾਲਕ ਦੇ ਜਨਮ ਤੋਂ ਥੋੜ੍ਹੇ ਦਿਨ ਪਿਛੋਂ ਪਿਤਾ ਸ: ਕਿਸ਼ਨ ਸਿੰਘ ਤੇ ਦੋਵੇਂ ਚਾਚੇ ਰਿਹਾ ਹੋ ਕੇ ਘਰ ਆ ਗਏ। ਸਾਰਿਆਂ ਨੇ ਇਸ ਨਵੇਂ ਜੰਮੇ ਬੱਚੇ ਨੂੰ ਭਾਗਾਂ ਵਾਲਾ ਕਿਹਾ ਤੇ ਇਸੇ ਕਾਰਨ ਹੀ ਦਾਦੀ ਨੇ ਲਾਡ ਨਾਲ ਭਗਤ ਸਿੰਘ ਨਾਮ ਰਖ ਦਿਤਾ।

ਜਦ ਭਗਤ ਸਿੰਘ ਪੜ੍ਹਨੇ ਪੈਣ ਦੀ ਉਮਰ ਦਾ ਹੋਇਆ ਤਾਂ ਆਪਣੇ ਦਾਦਾ

ਸ: ਅਰਜਨ ਸਿੰਘ ਪਾਸ ਪਿੰਡ ਖਟਕੜ ਕਲਾਂ ਜ਼ਿਲ੍ਹਾ ਜਲੰਧਰ ਵਿਚ ਆ ਗਿਆ। ਏਥੇ ਨੇੜੇ ਬੰਗਾ ਵਿਚ ਇਕ ਛੋਟਾ ਜਿਹਾ ਸਕੂਲ ਸੀ ਉਥੇ ਪੜ੍ਹਨੇ ਪਾ ਦਿਤਾ ਗਿਆ। 1914-15 ਵਿਚ ਜਦੋਂ ਅਜੇ ਭਗਤ ਸਿੰਘ ਪ੍ਰਾਇਮਰੀ ਵਿਚ ਪੜ੍ਹਦਾ ਸੀ, ਕੈਨੇਡਾ ਤੋਂ ਆ ਕੇ ਗਦਰੀ ਬਾਬਿਆਂ ਨੇ ਇਨਕਲਾਬ ਲਿਆਉਣ ਦਾ ਅਸਫਲ ਯਤਨ ਕੀਤਾ। ਇਸ ਤੋਂ ਪਹਿਲਾਂ ਕਾਮਾਗਾਟਾਮਾਰੂ ਜਹਾਜ਼ ਦਾ ਸਾਕਾ ਹੋਇਆ ਤੇ ਉਸ ਦੀਆਂ ਗੱਲਾਂ ਵੀ ਸਕੂਲ ਵਿਚ ਭਗਤ ਸਿੰਘ ਨੇ ਸੁਣੀਆਂ। ਕਰਤਾਰ ਸਿੰਘ ਸਰਾਭਾ ਦੀਆਂ ਇਨਕਲਾਬੀ ਸਰਗਰਮੀਆਂ ਅਤੇ ਫਾਂਸੀ ਚੜ੍ਹਨ ਦੀ ਘਟਨਾ ਨੇ ਭਗਤ ਸਿੰਘ ਦੇ ਮਨ ਉਤੇ ਡੂੰਘੀ ਛਾਪ ਲਾਈ।

ਭਗਤ ਸਿੰਘ ਦਾ ਪਰਿਵਾਰ ਪਿੰਡ ਛੱਡ ਕੇ ਲਾਹੌਰ ਆ ਗਿਆ ਤਾਂ ਭਗਤ ਸਿੰਘ ਨੇ ਵੀ ਲਾਹੌਰ ਵਿਚ ਹੀ ਅਗੋਂ ਪੜ੍ਹਾਈ ਜਾਰੀ ਰਖੀ। ਜਦ ਲਾਹੌਰ ਵਿਚ ਨੈਸ਼ਨਲ ਕਾਲਜ ਖੁਲ੍ਹਿਆ ਤਾਂ ਭਗਤ ਸਿੰਘ ਡੀ. ਏ. ਵੀ. ਕਾਲਜ ਛੱਡ ਕੇ ਪਰਿਵਾਰ ਦੀਆਂ ਦੇਸ਼ ਭਗਤ ਰੁਚੀਆਂ ਦੇ ਕਾਰਨ ਨਵੇਂ ਕਾਲਜ ਵਿਚ ਆ ਗਿਆ। ਉਨ੍ਹਾਂ ਦਿਨਾਂ ਵਿਚ ਨੈਸ਼ਨਲ ਕਾਲਜ ਦੇ ਪ੍ਰਿੰਸੀਪਲ ਲਾਲਾ ਛਬੀਲ ਦਾਸ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਵਿਚ ਦੇਸ਼ ਭਗਤੀ ਤੇ ਅਗਾਂਹ-ਵਧੂ ਰੁਚੀਆਂ ਦਾ ਪ੍ਰਚਾਰ ਕੀਤਾ। ਇਸ ਕਾਲਜ ਨੇ ਉਸ ਸਮੇਂ ਵਿਚ ਬੜੇ ਵਿਦਿਆਰਥੀਆਂ ਨੂੰ ਦੇਸ਼ ਭਗਤ ਲਹਿਰਾਂ ਵਿਚ ਹਿੱਸਾ ਲੈਣ ਲਈ ਤਿਆਰ ਕੀਤਾ।

1923 ਵਿਚ ਭਗਤ ਸਿੰਘ ਨੇ ਬੀ. ਏ. ਪਾਸ ਕੀਤਾ। ਇਕ ਪਾਸੇ ਅਕਾਲੀ ਲਹਿਰ ਜ਼ੋਰਾਂ 'ਤੇ ਸੀ, ਦੂਜੇ ਪਾਸੇ ਸ਼ਾਂਤਮਈ ਛੱਡ ਕੇ ਬੱਬਰ ਅਕਾਲੀ ਖ਼ੂਨ ਦਾ ਬਦਲਾ ਖ਼ੂਨ ਨਾਲ ਲੈਣ ਲਈ ਮੈਦਾਨ ਵਿਚ ਨਿੱਤਰੇ ਹੋਏ ਸਨ। ਬੱਬਰ ਅਕਾਲੀਆਂ ਦੀਆਂ ਕੁਰਬਾਨੀਆਂ ਨੇ ਭਗਤ ਸਿੰਘ ਨੂੰ ਏਨਾ ਪ੍ਰਭਾਵਤ ਕੀਤਾ ਕਿ ਉਹ ਵੀ ਮਾਤ-ਭੂਮੀ ਦੀ ਆਜ਼ਾਦੀ ਲਈ ਕੁਝ ਕਰਨ ਲਈ ਨਿੱਤਰ ਪਿਆ। ਇਨ੍ਹਾਂ ਦਿਨਾਂ ਵਿਚ ਮਾਪਿਆਂ ਨੇ ਭਗਤ ਸਿੰਘ ਦਾ ਵਿਆਹ ਕਰਨਾ ਚਾਹਿਆ ਪਰ ਉਸ ਨੇ ਗ੍ਰਿਹਸਥੀ ਜੀਵਨ ਵਿਚ ਫਸਣ ਤੋਂ ਇਨਕਾਰ ਕਰ ਦਿਤਾ। ਇਸ ਦੇ ਨਾਲ ਹੀ ਉਹ ਘਰੋਂ ਤੁਰ ਗਿਆ ਤੇ ਉਸ ਨੇ ਕਾਨ੍ਹਪੁਰ ਜਾ ਕੇ ਹਿੰਦੀ ਅਖ਼ਬਾਰ 'ਪਰਤਾਪ' ਵਿਚ ਪੱਤਰਕਾਰ ਦੇ ਰੂਪ ਵਿਚ ਕੰਮ ਕਰਨਾ ਸ਼ੁਰੂ ਕਰ ਦਿਤਾ। ਇਹ ਅਖ਼ਬਾਰ ਸ਼੍ਰੀ ਗਣੇਸ਼ ਸ਼ੰਕਰ ਵਿਦਿਆਰਥੀ ਦਾ ਸੀ। ਸ਼੍ਰੀ ਵਿਦਿਆਰਥੀ ਗਰਮ ਧੜੇ ਦੇ ਕਾਂਗਰਸੀਆਂ ਵਿਚੋਂ ਸਨ। ਇਹਨਾਂ ਦੀ ਸੰਗਤ ਵਿਚ ਆ ਕੇ ਭਗਤ ਸਿੰਘ ਉਤੇ ਦੇਸ਼ ਭਗਤੀ ਦਾ ਹੋਰ ਵੀ ਗੂੜ੍ਹਾ ਰੰਗ ਚੜ੍ਹ ਗਿਆ। ਕਾਨ੍ਹਪੁਰ ਵਿਚ ਭਗਤ ਸਿੰਘ ਨੇ ਆਪਣਾ ਨਾਂ ਬਲਵੰਤ ਰਖ ਲਿਆ। ਇਥੇ ਹੀ ਭਗਤ ਸਿੰਘ ਦੀ ਸ੍ਰੀ ਦੱਤ ਨਾਲ ਮੁਲਾਕਾਤ ਹੋਈ ਜੋ ਪਿਛੋਂ ਭਗਤ ਸਿੰਘ ਦਾ ਬੜਾ ਨਿਕਟਵਰਤੀ ਸਾਥੀ ਬਣ ਗਿਆ।

ਇਹਨਾਂ ਦਿਨਾਂ ਵਿਚ ਹੀ ਭਾਰਤ ਦੇ ਗਰਮ-ਖ਼ਿਆਲੀਏ ਨੌਜਵਾਨਾਂ ਨੇ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕ ਐਸੋਸੀਏਸ਼ਨ ਬਣਾਈ। ਇਸ ਤੋਂ ਪਹਿਲਾਂ ਹਿੰਦੁਸਤਾਨ ਰੀਪਬਲਿਕ ਆਰਮੀ ਬਣੀ। ਇਕ ਹੋਰ ਜਥੇਬੰਦੀ ਨੌਜਵਾਨ ਭਾਰਤ ਸਭਾ ਕਾਇਮ ਹੋਈ। ਭਗਤ ਸਿੰਘ ਇਹਨਾਂ ਸਾਰੀਆਂ ਗਰਮ-ਖ਼ਿਆਲੀਆਂ ਦੀਆਂ ਜਥੇਬੰਦੀਆਂ ਦਾ ਮੁਖੀ ਸੀ। ਜਥੇਬੰਦੀ ਦਾ ਨਾਂ ਰਖਣ ਸਮੇਂ ਮੀਟਿੰਗ ਵਿਚ ਭਗਤ

ਸਿੰਘ ਨੇ ਪਾਰਟੀ ਦੇ ਨਾਂ ਵਿਚ ਜ਼ੋਰ ਦੇ ਕੇ ਸੋਸ਼ਲਿਸਟ ਸ਼ਬਦ ਲਿਖਵਾਇਆ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਕੁਝ ਸਾਲ ਪਹਿਲਾਂ 1918 ਵਿਚ ਰੂਸ ਵਿਚ ਜਿਹੜਾ ਇਨਕਲਾਬ ਆਇਆ ਸੀ, ਭਗਤ ਸਿੰਘ ਉਸ ਇਨਕਲਾਬ ਤੋਂ ਵੀ ਬੜਾ ਪ੍ਰਭਾਵਤ ਹੋਇਆ ਸੀ।

ਇਹਨਾਂ ਇਨਕਲਾਬੀਆਂ ਨੇ ਗੁਪਤ ਸਰਗਰਮੀਆਂ ਲਈ ਪੈਸੇ ਇਕੱਠੇ ਕਰਨੇ ਸ਼ੁਰੂ ਕੀਤੇ। ਹਥਿਆਰ ਖ਼ਰੀਦਣ ਲਈ ਲੋੜੀਂਦੀ ਮਾਇਆ ਪ੍ਰਾਪਤ ਕਰਨ ਲਈ ਡਾਕੇ ਮਾਰਨ ਦੀ ਵਿਉਂਤ ਬਣਾਈ ਗਈ। ਉਤਰ ਪ੍ਰਦੇਸ਼ ਵਿਚ ਕਾਕੋਰੀ ਦੇ ਅਸਥਾਨ ਤੇ ਰੇਲ-ਗੱਡੀ ਰੋਕ ਕੇ ਸਰਕਾਰੀ ਖ਼ਜ਼ਾਨੇ ਤੇ ਡਾਕਾ ਮਾਰਿਆ ਗਿਆ। ਇਸ ਕੇਸ ਵਿਚ ਚਾਰ ਦੇਸ਼ ਭਗਤਾਂ ਨੂੰ ਫਾਂਸੀ ਲਾਈ ਗਈ। ਇਹਨਾਂ ਦੇਸ਼ ਭਗਤਾਂ ਦੀ ਕੁਰਬਾਨੀ ਦਾ ਭਗਤ ਸਿੰਘ ਤੇ ਮਨ ਤੇ ਬਹੁਤ ਡੂੰਘਾ ਅਸਰ ਹੋਇਆ। ਇਹਨਾਂ ਦੇ ਫਾਂਸੀ ਲਗਣ ਤੋਂ ਪਹਿਲਾਂ ਭਗਤ ਸਿੰਘ ਨੇ ਸੁਖਦੇਵ ਤੇ ਭਗਵਤੀ ਚਰਨ ਨਾਲ ਮਿਲ ਕੇ ਇਹਨਾਂ ਦੇਸ਼ ਭਗਤਾਂ ਨੂੰ ਛੁਡਾਉਣ ਦਾ ਯਤਨ ਵੀ ਕੀਤਾ ਪਰ ਸਫ਼ਲਤਾ ਨਾ ਹੋਈ। ਅਕਤੂਬਰ 1927 ਵਿਚ ਕਾਨ੍ਹਪੁਰ ਵਿਚ ਇਕ ਬੰਬ ਫਟ ਗਿਆ ਤੇ ਪੁਲਸ ਨੇ ਭਗਤ ਸਿੰਘ ਨੂੰ ਵੀ ਇਸ ਦੋਸ਼ ਵਿਚ ਫੜ ਲਿਆ। ਇਹ ਬੰਬ ਦੇਸ਼ ਭਗਤਾਂ ਨੇ ਨਹੀਂ ਸੀ ਚਲਾਇਆ, ਇਸ ਲਈ ਕੇਸ ਸਾਬਤ ਨਾ ਹੋ ਸਕਿਆ ਤੇ ਭਗਤ ਸਿੰਘ ਨੂੰ ਰਿਹਾਅ ਕਰ ਦਿਤਾ ਗਿਆ।

1927 ਵਿਚ ਨੌਜਵਾਨ ਭਾਰਤ ਸਭਾ ਬਹੁਤ ਸਰਗਰਮ ਹੋ ਗਈ। ਲਾਲਾ ਕਿਦਾਰ ਨਾਥ ਸਹਿਗਲ, ਸੋਹਨ ਸਿੰਘ ਜੋਸ਼, ਅਰਜਨ ਸਿੰਘ ਗੜਗੱਜ ਤੇ ਭਗਤ ਸਿੰਘ ਇਸ ਦੇ ਸਰਗਰਮ ਮੁਖੀਏ ਸਨ। ਇਹਨਾਂ ਨੇ ਖੁਲ੍ਹੇ ਤੌਰ ਤੇ ਹਿੰਸਾ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ। ਭਗਤ ਸਿੰਘ ਉਦੋਂ ਵੀਹਾਂ ਸਾਲਾਂ ਦਾ ਭਰ ਜਵਾਨ ਗੱਭਰੂ ਸੀ। ਉਸ ਨੇ ਇਕ ਮੈਜਿਕ ਲਾਲਟੈਨ ਲੈ ਲਈ ਤੇ ਥਾਂ ਥਾਂ ਲੋਕਾਂ ਨੂੰ ਸ਼ਹੀਦਾਂ ਦੀਆਂ ਫੋਟੋਆਂ ਦਿਖਾਉਂਦਾ ਤੇ ਉਹਨਾਂ ਦੀਆਂ ਜੀਵਨ ਘਾਲਣਾਂ ਬਿਆਨ ਕਰਦਾ ਰਿਹਾ। ਇਉਂ ਲੋਕਾਂ ਨੂੰ ਦੇਸ਼ ਦੀ ਖ਼ਾਤਰ ਕੁਝ ਕਰਨ ਲਈ ਪ੍ਰੇਰਨਾ ਦੇਣ ਦਾ ਕੰਮ ਜਾਰੀ ਰਖਿਆ।

ਭਗਤ ਸਿੰਘ ਦੀਆਂ ਸਰਗਰਮੀਆਂ ਪੰਜਾਬ ਤੇ ਯੂ. ਪੀ. ਦੋਹਾਂ ਪ੍ਰਾਂਤਾਂ ਵਿਚ ਸਨ। ਯੂ. ਪੀ. ਵਿਚ ਵਿਜੇ ਕੁਮਾਰ ਸਿਨਹਾ ਤੇ ਪੰਜਾਬ ਵਿਚ ਸੁਖਦੇਵ ਤੇ ਭਗਵਤੀ ਚਰਨ ਭਗਤ ਸਿੰਘ ਦੇ ਨਿਕਟਵਰਤੀ ਸਾਥੀ ਸਨ। ਪੰਜਾਬ ਦੇ ਇਨਕਲਾਬੀ ਇਸੇ ਲਹਿਰ ਨੂੰ ਤਕੜਿਆਂ ਕਰਨ ਲਈ ਡਾ: ਗਇਆ ਪ੍ਰਸ਼ਾਦ ਨੂੰ ਪੰਜਾਬ ਲੈ ਆਏ। ਡਾ: ਗਇਆ ਪ੍ਰਸ਼ਾਦ ਨੇ ਆਪਣਾ ਨਾਂ ਬਦਲ ਕੇ ਐਸ ਨਿਗਮ ਰਖ ਲਿਆ ਤੇ ਫ਼ੀਰੋਜ਼ਪੁਰ ਦਵਾਈਆਂ ਦੀ ਦੁਕਾਨ ਖੋਲ੍ਹ ਲਈ। ਇਕ ਤਾਂ ਇਹ ਦੁਕਾਨ ਪਾਰਟੀ ਲਈ ਆਮਦਨ ਦਾ ਵਸੀਲਾ ਬਣ ਗਈ ਤੇ ਦੂਜਾ ਬੰਬ ਬਣਾਉਣ ਲਈ ਸਾਮਾਨ ਮਿਲਣ ਲਗ ਪਿਆ।

ਸਾਰੇ ਭਾਰਤ ਵਿਚ ਥਾਂ-ਥਾਂ ਇਨਕਲਾਬੀ ਸਰਗਰਮ ਸਨ। 9 ਸਤੰਬਰ 1928 ਨੂੰ ਦੇਸ਼ ਭਰ ਦੇ ਇਨਕਲਾਬੀਆਂ ਦੀ ਦਿੱਲੀ ਵਿਚ ਇਕ ਗੁਪਤ ਮੀਟਿੰਗ ਹੋਈ ਜਿਸ ਵਿਚ ਸਾਰੇ ਇਨਕਲਾਬੀ ਧੜਿਆਂ ਨੂੰ ਇਕ ਲੜੀ ਵਿਚ ਪ੍ਰੋ ਕੇ ਇਕੱਠੇ ਕੰਮ

ਕਰਨ ਦਾ ਫ਼ੈਸਲਾ ਹੋਇਆ। ਜੋ ਕੇਂਦਰੀ ਸਾਂਝੀ ਕੌਂਸਲ ਚੁਣੀ ਗਈ, ਉਸ ਵਿਚ ਪੰਜਾਬ ਵਲੋਂ ਭਗਤ ਸਿੰਘ ਨੂੰ ਲਿਆ ਗਿਆ। ਇਥੇ ਹੀ ਫ਼ੈਸਲਾ ਕੀਤਾ ਗਿਆ ਕਿ ਕੇਂਦਰੀ ਕਮੇਟੀ ਦੀ ਪ੍ਰਵਾਨਗੀ ਬਿਨਾਂ ਕੋਈ ਡਾਕਾ ਨਹੀਂ ਮਾਰਿਆ ਜਾਏਗਾ ਤੇ ਕੋਈ ਕਤਲ ਨਹੀਂ ਕੀਤਾ ਜਾਏਗਾ।

ਪਹਿਲੀ ਮੀਟਿੰਗ ਵਿਚ ਹੀ ਫ਼ੈਸਲਾ ਹੋਇਆ ਕਿ ਸਾਈਮਨ ਕਮਿਸ਼ਨ ਦੇ ਮੈਂਬਰਾਂ ਨੂੰ ਖ਼ਤਮ ਕਰਨ ਦੀ ਕਾਰਵਾਈ ਕੀਤੀ ਜਾਏ। ਇਹ ਕਮਿਸ਼ਨ 30 ਅਕਤੂਬਰ 1928 ਨੂੰ ਲਾਹੌਰ ਆਇਆ। ਸਰਕਾਰ ਨੇ ਕਮਿਸ਼ਨ ਵਿਰੁੱਧ ਵਿਖਾਵੇ ਰੋਕਣ ਲਈ ਦਫ਼ਾ 144 ਲਾ ਦਿਤੀ। ਲੋਕਾਂ ਨੇ ਲਾਲਾ ਲਾਜਪਤ ਰਾਏ ਦੀ ਅਗਵਾਈ ਹੇਠ ਸਰਕਾਰੀ ਪਾਬੰਦੀਆਂ ਤੋੜ ਕੇ ਜਲੂਸ ਕਢਿਆ। ਇਸ ਸਮੇਂ ਭਗਤ ਸਿੰਘ ਲਾਲਾ ਲਾਜਪਤ ਰਾਏ ਦੇ ਨਾਲ ਸੀ। ਇਕ ਅੰਗਰੇਜ਼ ਪੁਲਸ ਅਫ਼ਸਰ ਸਾਂਡਰਸ ਨੇ ਆਪ ਡਾਂਗ ਲੈ ਕੇ ਦੇਸ਼ ਭਗਤਾਂ ਨੂੰ ਕੁੱਟਿਆ। ਲਾਲਾ ਲਾਜਪਤ ਰਾਏ ਇਸੇ ਦੀ ਡਾਂਗ ਨਾਲ ਫੱਟੜ ਹੋ ਕੇ ਕੁਝ ਦਿਨ ਪਿਛੋਂ ਚਲਾਣਾ ਕਰ ਗਏ।

ਇਸ ਲਾਠੀ ਚਾਰਜ ਪਿਛੋਂ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਸਾਂਡਰਸ ਨੂੰ ਕਤਲ ਕਰਨ ਦਾ ਫ਼ੈਸਲਾ ਕਰ ਲਿਆ। ਇਸ ਕੰਮ ਲਈ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ ਤੇ ਰਾਜਗੁਰੂ ਦੀ ਡਿਊਟੀ ਲਗੀ। ਤਿੰਨੇ ਪਸਤੌਲ ਭਰ ਕੇ ਪੁਲਸ ਦਫ਼ਤਰ ਦੇ ਨੇੜੇ ਪਹੁੰਚ ਗਏ। ਜਦ ਸਾਂਡਰਸ ਮੋਟਰ ਸਾਈਕਲ ਤੇ ਚੜ੍ਹ ਕੇ ਤੁਰਨ ਲੱਗਾ ਤਾਂ ਰਾਜਗੁਰੂ ਨੇ ਉਹਨੂੰ ਪਹਿਲੀ ਗੋਲੀ ਮਾਰੀ। ਦੂਜੀ ਗੋਲੀ ਭਗਤ ਸਿੰਘ ਨੇ ਮਾਰ ਕੇ ਸਾਂਡਰਸ ਨੂੰ ਠੰਢਾ ਕਰ ਦਿਤਾ। ਸਾਂਡਰਸ ਦਾ ਰੀਡਰ ਚੰਨਣ ਸਿੰਘ ਇਹਨਾਂ ਇਨਕਲਾਬੀਆਂ ਨੂੰ ਫੜਨ ਲਈ ਪਿਛੇ ਭੱਜਾ। ਭਗਤ ਸਿੰਘ ਨੂੰ ਮਜਬੂਰੀ ਦੀ ਹਾਲਤ ਵਿਚ ਉਹਨੂੰ ਵੀ ਗੋਲੀ ਮਾਰਨੀ ਪਈ। ਪੁਲਸ ਨੂੰ ਭਗਤ ਸਿੰਘ ਤੇ ਪੂਰਾ ਸ਼ੱਕ ਸੀ, ਇਸ ਲਈ ਸਰਗਰਮੀ ਨਾਲ ਇਸ ਦੀ ਦੇਖ-ਭਾਲ ਹੋਣ ਲਗੀ।

ਗੁਪਤਵਾਸ ਰਹਿਣ ਲਈ ਭਗਤ ਸਿੰਘ ਨੇ ਆਪਣੇ ਕੇਸ ਕਟਾ ਦਿਤੇ। ਪਿਛੋਂ ਉਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤੇ ਜੇਲ੍ਹ ਵਿਚ ਉਸ ਨੇ ਫਿਰ ਕੇਸ ਰਖ ਲਏ। ਭਾਈ ਰਣਧੀਰ ਸਿੰਘ ਨਾਲ ਜੇਲ੍ਹ ਵਿਚ ਗੱਲ-ਬਾਤ ਕਰਦਿਆਂ ਭਗਤ ਸਿੰਘ ਨੇ ਚੋਖੇ ਦੁਖ ਨਾਲ ਮੰਨਿਆ ਕਿ ਭਾਵੇਂ ਕੁਝ ਹੋ ਜਾਂਦਾ, ਉਸ ਨੂੰ ਕੇਸ ਨਹੀਂ ਸਨ ਕਟਾਉਣੇ ਚਾਹੀਦੇ।

ਭਗਤ ਸਿੰਘ ਲਾਹੌਰ ਤੋਂ ਨੱਸ ਕੇ ਦਿੱਲੀ ਪਹੁੰਚ ਗਿਆ। ਇਥੇ ਸਾਈਮਨ ਕਮਿਸ਼ਨ ਤੇ ਬੰਬ ਮਾਰਨ ਦੀ ਥਾਂ ਪਾਰਟੀ ਨੇ ਅਸੈਂਬਲੀ ਵਿਚ ਬੰਬ ਸੁਟਣ ਦਾ ਫ਼ੈਸਲਾ ਕਰ ਦਿਤਾ। ਅਜਿਹੇ ਬੰਬ ਤਿਆਰ ਕੀਤੇ ਗਏ, ਜਿਨ੍ਹਾਂ ਦੇ ਫਟਣ ਨਾਲ ਖੜਾਕ ਤਾਂ ਬਹੁਤ ਹੋਵੇ ਪਰ ਜਾਨੀ ਨੁਕਸਾਨ ਨਾ ਕਰਨ। ਪਾਰਟੀ ਨੇ ਇਹ ਵੀ ਰਾਏ ਦਿੱਤੀ ਕਿ ਭਗਤ ਸਿੰਘ ਅਤੇ ਬੀ. ਕੇ. ਦੱਤ ਇਹ ਬੰਬ ਮਾਰਨ ਤੇ ਫਿਰ ਉਥੋਂ ਨੱਸ ਜਾਣ। ਭਗਤ ਸਿੰਘ ਨੇ ਇਹ ਤਜਵੀਜ਼ ਪਸੰਦ ਨਾ ਕੀਤੀ ਤੇ ਕਿਹਾ ਕਿ ਅਸੀਂ ਨੱਸਣਾ ਪਸੰਦ ਨਹੀਂ ਕਰਾਂਗੇ। ਇਹ ਗੱਲ ਵਧੇਰੇ ਚੰਗੀ ਰਹੇਗੀ ਕਿ ਅਸੀਂ ਗ੍ਰਿਫ਼ਤਾਰ ਹੋਣ ਪਿਛੋਂ ਅਜਿਹੇ ਬਿਆਨ ਦੇਈਏ ਜੋ ਭਾਰਤ ਵਿਚ ਉਥਲ ਪੁਥਲ ਲਿਆਉਣ ਵਾਲੇ ਸਾਬਤ ਹੋਣ।

ਭਗਤ ਸਿੰਘ ਤੇ ਸ੍ਰੀ ਦੱਤ ਅਸੈਂਬਲੀ ਹਾਲ ਵਿਚ ਪਹੁੰਚ ਗਏ। ਉਹਨਾਂ ਦੋ ਬੰਬ ਸੁਟੇ ਤੇ ਫਿਰ ਨਾਹਰੇ ਮਾਰਨੇ ਸ਼ੁਰੂ ਕਰ ਦਿਤੇ। ਭਗਤ ਸਿੰਘ ਨੇ ਅੰਗਰੇਜ਼ੀ ਵਿਚ ਟਾਈਪ ਕੀਤੇ ਕੁਝ ਇਸ਼ਤਿਹਾਰ ਸੁਟੇ ਤੇ ਪਸਤੌਲ ਨਾਲ ਹਵਾ ਵਿਚ ਕੁਝ ਫਾਇਰ ਕੀਤੇ। ਉਹ ਬੰਬ ਸੁਟ ਕੇ ਆਸਾਨੀ ਨਾਲ ਨੱਠ ਸਕਦੇ ਸਨ ਪਰ ਉਹ ਖੜ੍ਹੇ ਹੱਸਦੇ ਰਹੇ ਤੇ ਪੁਲਸ ਨੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਨਕਲਾਬ ਜ਼ਿੰਦਾਬਾਦ ਤੇ ਬਰਤਾਨਵੀ ਸਾਮਰਾਜ ਮੁਰਦਾਬਾਦ ਦੇ ਨਾਹਰੇ ਲਾਂਦੇ ਉਹ ਜੇਲ੍ਹ ਚਲੇ ਗਏ। ਉਹਨਾਂ ਜਿਹੜੇ ਇਸ਼ਤਿਹਾਰ ਵੰਡੇ ਉਹਨਾਂ ਤੇ ਲਿਖਿਆ ਹੋਇਆ ਸੀ ਕਿ ਇਹ ਘਟਨਾ ਕਿਸੇ ਦੀ ਜਾਨ ਲੈਣ ਲਈ ਨਹੀਂ ਸਗੋਂ ਦੇਸ਼ ਵਾਸੀਆਂ ਨੂੰ ਜਗਾਉਣ ਲਈ ਵਰਤਾਈ ਗਈ ਹੈ। ਗ੍ਰਿਫ਼ਤਾਰੀ ਪਿਛੋਂ ਭਗਤ ਸਿੰਘ ਤੇ ਦੱਤ ਨੂੰ ਵੱਖਰਾ ਵੱਖਰਾ ਰਖ ਕੇ ਪੁਲਸ ਨੇ ਸਾਰੀ ਸਾਜ਼ਸ਼ ਤੇ ਜਥੇਬੰਦੀ ਬਾਰੇ ਭੇਦ ਲੱਭਣੇ ਚਾਹੇ ਪਰ ਸਫ਼ਲਤਾ ਨਾ ਹੋਈ।

ਭਗਤ ਸਿੰਘ ਦੇ ਪਿਤਾ ਨੇ ਮੁਕੱਦਮਾ ਲੜਨ ਲਈ ਵਕੀਲ ਕੀਤਾ, ਪਰ ਭਗਤ ਸਿੰਘ ਜੁਰਮ ਮੰਨਣ ਤੋਂ ਇਨਕਾਰੀ ਹੋਣ ਲਈ ਰਾਜ਼ੀ ਨਾ ਹੋਇਆ। ਦਿੱਲੀ ਵਿਚ ਇਹ ਮੁਕੱਦਮਾ ਚਲਿਆ। ਸੈਸ਼ਨ ਜੱਜ ਸਾਹਮਣੇ ਭਗਤ ਸਿੰਘ ਤੇ ਦੱਤ ਨੇ ਇਕ ਸਾਂਝਾ ਲਿਖਤੀ ਬਿਆਨ ਦਿਤਾ ਜਿਸ ਵਿਚ ਕਿਹਾ ਕਿ ਅਸੀਂ ਬੰਬ ਸੁੱਟੇ ਸਨ ਪਰ ਗਵਾਹਾਂ ਨੇ ਜੋ ਗਵਾਹੀਆਂ ਦਿਤੀਆਂ ਹਨ, ਉਹ ਸਭ ਝੂਠੀਆਂ ਹਨ। ਅੰਗਰੇਜ਼ ਰਾਜ ਵਿਰੁੱਧ ਲੋਕਾਂ ਵਿਚ ਉਠ ਰਹੇ ਗੁੱਸੇ ਨੂੰ ਅਸੀਂ ਪ੍ਰਗਟ ਕਰਨ ਆਏ ਸਾਂ। ਇਸ ਤੋਂ ਛੁੱਟ ਕਿਸੇ ਨੂੰ ਮਾਰਨ ਦਾ ਸਾਡਾ ਵਿਚਾਰ ਨਹੀਂ ਸੀ। ਲੋਕ ਲਹਿਰ ਹੁਣ ਇਹੋ ਜਿਹੇ ਪੜਾਅ ਤੇ ਪਹੁੰਚ ਗਈ ਹੈ ਕਿ ਉਸ ਨੂੰ ਅੰਗਰੇਜ਼ ਸਰਕਾਰ ਵੱਡੇ ਤੋਂ ਵੱਡੇ ਜ਼ੁਲਮਾਂ ਨਾਲ ਵੀ ਦਬਾ ਨਹੀਂ ਸਕਦੀ। ਸੈਸ਼ਨ ਜੱਜ ਨੇ ਦੋਹਾਂ ਨੂੰ ਉਮਰ ਕੈਦ ਤੇ ਕਾਲੇ ਪਾਣੀ ਦੀ ਸਜ਼ਾ ਦਿਤੀ।

15 ਅਪ੍ਰੈਲ 1929 ਨੂੰ ਪੁਲਸ ਨੇ ਲਾਹੌਰ ਵਿਚ ਇਕ ਮਕਾਨ ਤੇ ਛਾਪਾ ਮਾਰ ਕੇ ਸੁਖਦੇਵ, ਜੈ ਗੋਪਾਲ ਤੇ ਕਿਸ਼ੋਰੀ ਲਾਲ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਦੀ ਮਾਰ ਤੋਂ ਡਰ ਕੇ ਜੈ ਗੋਪਾਲ ਨੇ ਇਨਕਲਾਬੀਆਂ ਦੀਆਂ ਬਹੁਤ ਸਾਰੀਆਂ ਗੱਲਾਂ ਦੱਸ ਦਿਤੀਆਂ। ਇਹਨਾਂ ਦੀ ਗ੍ਰਿਫ਼ਤਾਰੀ ਸਮੇਂ ਪੁਲਸ ਨੂੰ ਬਹੁਤ ਸਾਰੇ ਕਾਗਜ਼-ਪੱਤਰ ਤੇ ਬੰਬ ਬਣਾਉਣ ਦਾ ਮਸਾਲਾ ਮਿਲਿਆ ਸੀ। ਜੈ ਗੋਪਾਲ ਦੇ ਦੱਸਣ ਤੇ ਲਾਹੌਰ, ਅਲਾਹਾਬਾਦ, ਕਾਨ੍ਹਪੁਰ ਤੇ ਬਨਾਰਸ ਵਿਚ ਇਨਕਲਾਬੀ ਨੌਜਵਾਨਾਂ ਦੇ ਗੁਪਤ ਅੱਡਿਆਂ ਤੇ ਛਾਪੇ ਪਏ। 123 ਇਨਕਲਾਬੀ ਗ੍ਰਿਫ਼ਤਾਰ ਕੀਤੇ ਗਏ। ਲਾਹੌਰ ਤੇ ਸਹਾਰਨਪੁਰ ਵਿਚ ਬੰਬ ਬਣਾਉਣ ਵਾਲੀਆਂ ਦੋਹਾਂ ਫ਼ੈਕਟਰੀਆਂ ਦਾ ਪੁਲਸ ਨੂੰ ਪਤਾ ਲਗ ਗਿਆ। ਇਸ ਤਰ੍ਹਾਂ ਲਾਹੌਰ ਸਾਜ਼ਸ਼ ਕੇਸ ਤਿਆਰ ਹੋ ਗਿਆ।

ਭਗਤ ਸਿੰਘ ਤੇ ਦੱਤ ਨੇ ਦਿੱਲੀ ਜੇਲ੍ਹ ਵਿਚ ਮਾੜੇ ਵਰਤਾਉ ਤੇ ਪਾਬੰਦੀਆਂ ਵਿਰੁੱਧ 15 ਦਿਨ ਭੁੱਖ ਹੜਤਾਲ ਕੀਤੀ। ਪਿਛੋਂ ਭਗਤ ਸਿੰਘ ਨੂੰ ਮੀਆਂ ਵਾਲੀ ਜੇਲ੍ਹ ਤੇ ਦੱਤ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਭੇਜ ਦਿਤਾ ਗਿਆ। ਰਾਜਸੀ ਕੈਦੀਆਂ ਨਾਲ ਮਾੜੇ ਵਰਤਾਉ ਵਿਰੁੱਧ 15 ਜੂਨ 1929 ਨੂੰ ਫਿਰ ਭੁੱਖ ਹੜਤਾਲ ਕਰ ਦਿਤੀ। 30 ਜੂਨ ਨੂੰ ਪੰਜਾਬ ਦੇ ਸਾਰੇ ਸ਼ਹਿਰਾਂ ਵਿਚ ਭਗਤ ਸਿੰਘ-ਦੱਤ ਦਿਨ ਮਨਾਇਆ ਗਿਆ ਤੇ ਦੇਸ਼ ਵਿਚ ਸਰਕਾਰ ਵਿਰੁੱਧ ਰੋਸ ਲਹਿਰ ਚਲ ਪਈ। 10 ਜੁਲਾਈ 1929

ਨੂੰ ਲਾਹੌਰ ਸਾਜ਼ਸ਼ ਕੇਸ ਦੀ ਸੁਣਵਾਈ ਸ਼ੁਰੂ ਹੋਈ। ਭਗਤ ਸਿੰਘ ਨੂੰ ਵੀ ਲਾਹੌਰ ਲੈ ਆਂਦਾ ਗਿਆ। ਇਹ ਭੁੱਖ ਹੜਤਾਲ ਬਹੁਤ ਚਿਰ ਚਲੀ। ਇਸ ਸਮੇਂ ਭਗਤ ਸਿੰਘ ਤੇ ਦੱਤ ਨੂੰ ਸਟਰੇਚਰ ਤੇ ਪਾ ਕੇ ਅਦਾਲਤ ਵਿਚ ਲਿਆਇਆ ਜਾਂਦਾ ਰਿਹਾ। ਇਨ੍ਹਾਂ ਦੇ ਨਾਲ ਹੀ ਜੇਲ੍ਹ ਵਿਚ ਕੈਦ ਹੋਰ ਸਾਰੇ ਇਨਕਲਾਬੀਆਂ ਨੇ ਵੀ ਭੁੱਖ ਹੜਤਾਲ ਕਰ ਦਿਤੀ। ਸ੍ਰੀ ਜਤਿੰਦਰ ਨਾਥ ਦਾਸ 62 ਦਿਨਾਂ ਦੀ ਭੁੱਖ ਹੜਤਾਲ ਪਿਛੋਂ ਸ਼ਹੀਦ ਹੋ ਗਏ। ਪੰਜਾਬ ਤੋਂ ਕਲਕੱਤੇ ਤਕ ਹਰ ਥਾਂ ਲੋਕਾਂ ਨੇ ਦਾਸ ਦੇ ਮ੍ਰਿਤਕ ਸਰੀਰ ਨੂੰ ਸ਼ਰਧਾਂਜਲੀ ਭੇਟ ਕੀਤੀ।

7 ਅਕਤੂਬਰ 1929 ਨੂੰ ਮੁਕੱਦਮੇ ਦਾ ਫ਼ੈਸਲਾ ਹੋਇਆ। ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਮੌਤ ਦੀ ਸਜ਼ਾ ਸੁਣਾਈ ਗਈ। 7 ਇਨਕਲਾਬੀਆਂ ਨੂੰ ਕਾਲੇ ਪਾਣੀ ਭੇਜਣ ਦਾ ਹੁਕਮ ਹੋਇਆ ਤੇ ਬਾਕੀਆਂ ਨੂੰ ਲੰਮੇ ਸਮੇਂ ਦੀਆਂ ਸਜ਼ਾਵਾਂ ਹੋਈਆਂ।

23 ਮਾਰਚ 1931 ਨੂੰ ਜਦੋਂ ਕਰਾਚੀ ਵਿਚ ਕਾਂਗਰਸ ਦਾ ਖ਼ਾਸ ਸਮਾਗਮ ਹੋ ਰਿਹਾ ਸੀ, ਸ: ਭਗਤ ਸਿੰਘ ਤੇ ਉਹਨਾਂ ਦੇ ਸਾਥੀ ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਤੇ ਲਟਕਾ ਦਿਤਾ ਗਿਆ। ਫਾਂਸੀ ਲਗਾਉਣ ਵੇਲੇ ਜਦ ਇਹਨਾਂ ਨੂੰ ਤਖ਼ਤੇ ਦੇ ਨੇੜੇ ਲੈ ਕੇ ਗਏ ਤਾਂ ਇਹਨਾਂ ਨੇ ਫਾਂਸੀ ਦੇ ਰੱਸਿਆਂ ਨੂੰ ਉਸੇ ਤਰ੍ਹਾਂ ਚੁੰਮਿਆ, ਜਿਵੇਂ ਕੁਝ ਸਾਲ ਪਹਿਲਾਂ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਸਾਥੀਆਂ ਨੇ ਚੁੰਮਿਆ ਸੀ। ਫਾਂਸੀ ਦੇ ਤਖ਼ਤੇ 'ਤੇ ਖਲੋ ਕੇ ਭਗਤ ਸਿੰਘ ਨੇ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਲਾਇਆ।

ਸ਼ਹੀਦਾਂ ਦੇ ਮ੍ਰਿਤਕ ਸਰੀਰ ਫਾਂਸੀ ਦੇ ਤਖ਼ਤੇ ਤੋਂ ਲਾਹ ਕੇ ਵਾਰਸਾਂ ਦੇ ਹਵਾਲੇ ਨਾ ਕੀਤੇ ਗਏ, ਸਗੋਂ ਰਾਤ ਦੇ ਹਨੇਰੇ ਵਿਚ ਗੋਰਾ ਫ਼ੌਜ ਉਹਨਾਂ ਨੂੰ ਲੈ ਕੇ ਫ਼ੀਰੋਜ਼ਪੁਰ ਦੇ ਨੇੜੇ ਸਤਲੁਜ ਦੇ ਕੰਢੇ ਤੇ ਪਹੁੰਚੀ ਤੇ ਉਥੇ ਤੇਲ ਪਾ ਕੇ ਉਹਨਾਂ ਦਾ ਅੰਤਮ ਸਸਕਾਰ ਕਰ ਦਿਤਾ ਗਿਆ।

ਇਥੇ ਹੀ ਬੱਸ ਨਹੀਂ, ਫਿਰ ਅੱਗ ਦੀ ਸਾਰੀ ਸਾਮੱਗਰੀ ਦਰਿਆ ਵਿਚ ਰੋੜ੍ਹ ਦਿਤੀ ਗਈ ਤਾਂਕਿ ਸ਼ਹੀਦਾਂ ਦਾ ਅੰਤਮ ਟਿਕਾਣਾ ਵੀ ਲੋਕਾਂ ਨੂੰ ਪਤਾ ਨਾ ਲਗੇ ਪਰ ਕੌਮ ਨੇ ਇਹਨਾਂ ਬਹਾਦਰ ਸਪੁੱਤਰਾਂ ਦੇ ਉਸ ਅੰਤਮ ਸਸਕਾਰ ਅਸਥਾਨ ਨੂੰ ਲੱਭ ਲਿਆ ਤੇ ਹੁਣ ਉਥੇ ਉਹਨਾਂ ਸ਼ਹੀਦਾਂ ਦੀ ਯਾਦਗਾਰ ਬਣ ਗਈ ਹੈ।

ਸਰਦਾਰ ਭਗਤ ਸਿੰਘ ਸਾਰੇ ਭਾਰਤ ਦੇ ਆਜ਼ਾਦੀ ਲਹਿਰ ਦੇ ਸ਼ਹੀਦਾਂ ਵਿਚੋਂ ਮੁਖੀ ਸਮਝੇ ਜਾਂਦੇ ਹਨ। ਉਹਨਾਂ ਦੇ ਕੇਂਦਰੀ ਅਸੈਂਬਲੀ ਹਾਲ ਵਿਚ ਬੰਬ ਮਾਰਨ ਦੀ ਘਟਨਾ ਨੇ ਸਾਰੇ ਭਾਰਤ ਵਿਚ ਅਜਿਹੀ ਜਾਗਰਤੀ ਲਿਆਂਦੀ ਕਿ ਦੇਸ਼ ਨੂੰ ਆਜ਼ਾਦ ਕਰਾਉਣ ਲਈ ਥਾਂ-ਥਾਂ ਲੋਕੀਂ ਜਥੇਬੰਦ ਹੋਣ ਲਗ ਪਏ। ਖ਼ਾਸ ਕਰਕੇ ਨੌਜਵਾਨ ਸ਼੍ਰੇਣੀ ਨੂੰ ਭਗਤ ਸਿੰਘ ਦੇ ਮਹਾਨ ਜੀਵਨ ਕਾਰਨਾਮਿਆਂ ਨੇ ਦੇਸ਼ ਲਈ ਕੁਝ ਕਰਨ ਦੀ ਬਹੁਤ ਪ੍ਰੇਰਨਾ ਦਿਤੀ।

ਸ: ਸੇਵਾ ਸਿੰਘ ਠੀਕਰੀਵਾਲਾ

ਸ਼ਹੀਦ ਸ: ਸੇਵਾ ਸਿੰਘ ਆਜ਼ਾਦੀ ਦੇ ਅੰਦੋਲਨ ਦਾ ਇਕ ਅਦੁਤੀ ਯੋਧਾ ਤੇ ਸੱਚਾ ਲੋਕ ਸੇਵਕ ਸੀ, ਜਿਸ ਨੇ ਆਪਣਾ ਸਾਰਾ ਜੀਵਨ ਲੋਕਾਂ ਨੂੰ ਜ਼ੁਲਮ ਤੋਂ ਛੁਟਕਾਰਾ ਦਿਵਾਉਣ, ਨਿਆਂ ਤੇ ਆਜ਼ਾਦੀ ਲਈ ਕੁਰਬਾਨ ਕਰ ਦਿਤਾ। ਜੇਲ੍ਹ ਦੀਆਂ ਕਰੜੀਆਂ ਕੈਦਾਂ ਤੇ ਸਰਕਾਰ ਦੇ ਅੰਨ੍ਹੇ ਜ਼ੁਲਮ ਵੀ ਸਰਦਾਰ ਸੇਵਾ ਸਿੰਘ ਨੂੰ ਆਪਣੇ ਆਦਰਸ਼ ਤੋਂ ਡੁਲਾ ਨਾ ਸਕੇ।

ਸਰਦਾਰ ਸੇਵਾ ਸਿੰਘ ਦਾ ਜਨਮ ਅਗਸਤ ਦੇ ਮਹੀਨੇ 1878 ਈਸਵੀ ਨੂੰ ਸਰਦਾਰ ਦੇਵਾ ਸਿੰਘ ਦੇ ਘਰ ਠੀਕਰੀਵਾਲੇ ਵਿਚ ਹੋਇਆ। ਆਪ ਦੇ ਪਿਤਾ ਰਿਆਸਤ ਪਟਿਆਲਾ ਦੇ ਮੁਖੀ ਅਹਿਲਕਾਰ ਤੇ ਇਲਾਕੇ ਦੇ ਮੰਨੇ ਪ੍ਰਮੰਨੇ ਅਮੀਰ ਸਨ। ਸਰਦਾਰ ਸੇਵਾ ਸਿੰਘ ਦਾ ਬਚਪਨ ਬੜੇ ਸ਼ਾਹੀ ਠਾਠ ਨਾਲ ਬੀਤਿਆ। ਪਿਤਾ ਜੀ ਪਟਿਆਲੇ ਰਹਿੰਦੇ ਸਨ। ਇਸ ਲਈ ਸਰਦਾਰ ਸੇਵਾ ਸਿੰਘ ਨੇ ਮੁਢਲੀ ਵਿਦਿਆ ਪਟਿਆਲੇ ਵਿਚ ਹੀ ਪ੍ਰਾਪਤ ਕੀਤੀ। ਜਦ ਜ਼ਰਾ ਵੱਡੇ ਹੋਏ ਤਾਂ ਸਰਦਾਰ ਸੇਵਾ ਸਿੰਘ ਨੂੰ ਮਹਾਰਾਜਾ ਪਟਿਆਲੇ ਦੇ ਸਲਾਹਕਾਰਾਂ ਤੇ ਦਰਬਾਰੀਆਂ ਵਿਚ ਸ਼ਾਮਲ ਕਰ ਲਿਆ ਗਿਆ। ਉਦੋਂ ਕਿਸੇ ਨੂੰ ਚਿਤ ਚੇਤਾ ਨਹੀਂ ਸੀ ਕਿ ਠਾਠ ਦਾ ਜੀਵਨ ਜੀਊਣ ਵਾਲਾ ਸੇਵਾ ਸਿੰਘ ਕਿਸੇ ਦਿਨ ਜ਼ੁਲਮਾਂ ਦਾ ਸ਼ਿਕਾਰ ਹੋ ਰਹੀ ਜਨਤਾ ਦੀ ਮੁਕਤੀ ਕਰਾਉਣ ਦੇ ਮੁਸੀਬਤਾਂ ਭਰੇ ਕੰਮ ਨੂੰ ਆਪਣੇ ਜ਼ਿੰਮੇ ਲਏਗਾ ਤੇ ਕਠਨ ਰਾਜਨੀਤਕ ਤਪੱਸਿਆ ਕਰ ਕੇ ਸ਼ਹੀਦ ਦੀ ਮਹਾਨ ਪਦਵੀ ਪ੍ਰਾਪਤ ਕਰੇਗਾ।

ਸ: ਸੇਵਾ ਸਿੰਘ ਦਾ ਪਹਿਲਾ ਵਿਆਹ ਤੇਰਾਂ ਸਾਲ ਦੀ ਉਮਰ ਵਿਚ ਇਕ ਰਈਸ ਘਰ ਦੀ ਬੱਚੀ ਕਰਤਾਰ ਕੌਰ ਨਾਲ ਹੋਇਆ। ਦੂਜਾ ਵਿਆਹ ਇਕ ਹੋਰ ਅਮੀਰ ਪਰਵਾਰ ਦੀ ਲੜਕੀ ਭਗਵਾਨ ਕੌਰ ਨਾਲ ਹੋਇਆ। ਪਹਿਲੀ ਪਤਨੀ ਵਿਚੋਂ ਇਕ ਲੜਕਾ ਹੋਇਆ ਜੋ ਛੇਤੀ ਹੀ ਚਲਾਣਾ ਕਰ ਗਿਆ। ਦੂਜੀ ਪਤਨੀ ਵਿਚੋਂ ਦੋ ਲੜਕੇ ਤੇ ਇਕ ਲੜਕੀ ਸੀ। ਲੜਕੇ ਉਹ ਵੀ ਮਰ ਗਏ। ਇਉਂ ਇਕੋ ਲੜਕੀ ਗੁਰਚਰਨ ਕੌਰ ਪਰਵਾਨ ਚੜ੍ਹੀ ਜੋ ਸ: ਸੇਵਾ ਸਿੰਘ ਨੇ ਜੇਜੀ ਪਰਵਾਰ ਨਾਲ ਵਿਆਹ ਦਿਤੀ।

ਸ: ਸੇਵਾ ਸਿੰਘ ਦੇ ਜਵਾਨੀ ਚੜ੍ਹਦਿਆਂ ਹੀ ਮਾਪੇ ਚਲਾਣਾ ਕਰ ਗਏ, ਇਸ ਲਈ ਪਿਤਾ ਦੀ ਮੌਤ ਪਿਛੋਂ ਸ: ਸੇਵਾ ਸਿੰਘ ਪਟਿਆਲੇ ਤੋਂ ਠੀਕਰੀਵਾਲੇ ਆ ਗਏ। ਠੀਕਰੀਵਾਲੇ ਆ ਕੇ ਵੀ ਕੁਝ ਚਿਰ ਸਰਦਾਰੀ ਠਾਠ ਬਾਠ ਤੇ ਮੌਜਾਂ ਮਾਣਨ ਦੀ ਰੁਚੀ ਰਹੀ। ਫਿਰ ਠੀਕਰੀਵਾਲੇ ਦੇ ਭਾਈ ਅਰਜਨ ਸਿੰਘ ਨੇ ਆਪ ਨੂੰ ਸਿੰਘ ਸਭਾ ਲਹਿਰ ਵੱਲ ਮੋੜਿਆ ਤੇ ਇਲਾਕੇ ਦੀ ਪਹਿਲੀ ਸਭਾ ਠੀਕਰੀਵਾਲੇ ਵਿਚ ਕਾਇਮ ਹੋਈ। ਫਿਰ ਪਿੰਡ ਦੇ ਗੁਰਦਵਾਰੇ ਵਿਚ ਇਕ ਸਕੂਲ ਖੁਲ੍ਹਿਆ ਜਿਸ ਦਾ ਸਾਰਾ

ਖ਼ਰਚ ਸ: ਸੇਵਾ ਸਿੰਘ ਦੇਂਦੇ ਰਹੇ।

ਇਉਂ ਅਮੀਰੀ ਠਾਠ ਬਾਠ ਦਾ ਜੀਵਨ ਛੱਡ ਕੇ ਲੋਕ ਸੇਵਾ ਵੱਲ ਰੁਚੀ ਵਧਣ ਲੱਗ ਪਈ। ਸ: ਸੇਵਾ ਸਿੰਘ ਲੋਕਾਂ ਵਿਚ ਨਸ਼ਿਆਂ ਦੀ ਵਰਤੋਂ ਨਾ ਕਰਨ ਦਾ ਪ੍ਰਚਾਰ ਕਰਨ ਲੱਗ ਪਏ। ਇਸ ਦੇ ਨਾਲ ਹੀ ਸਿੱਖੀ ਪ੍ਰਚਾਰ ਲਈ ਅੰਮ੍ਰਿਤ ਪ੍ਰਚਾਰ ਤੇ ਵੀ ਜ਼ੋਰ ਦੇਣ ਲਗ ਪਏ। ਠੀਕਰੀਵਾਲਾ ਇਤਿਹਾਸਕ ਥਾਂ ਹੈ। ਇਥੇ ਇਤਿਹਾਸਕ ਗੁਰਦਵਾਰਾ ਸ: ਸੇਵਾ ਸਿੰਘ ਦੇ ਉਦਮ ਨਾਲ ਉਸਾਰਿਆ ਗਿਆ।

ਜਦ 1921 ਵਿਚ ਅਕਾਲੀ ਲਹਿਰ ਸ਼ੁਰੂ ਹੋਈ ਅਤੇ ਗੁਰਦੁਆਰੇ ਮਹੰਤਾਂ ਤੋਂ ਆਜ਼ਾਦ ਕਰਵਾਏ ਜਾਣ ਲਗ ਪਏ ਤਾਂ ਸ: ਸੇਵਾ ਸਿੰਘ ਵੀ ਇਸ ਲਹਿਰ ਵਿਚ ਸ਼ਾਮਲ ਹੋ ਗਏ। ਉਹਨਾਂ ਦੀ ਸਿਆਣਪ, ਲਗਨ, ਕੁਰਬਾਨੀ ਤੇ ਦ੍ਰਿੜ੍ਹਤਾ ਵੇਖ ਕੇ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਰਕਿੰਗ ਕਮੇਟੀ ਦੇ ਮੈਂਬਰ ਬਣਾ ਲਏ ਗਏ। ਗੁਰਦੁਆਰੇ ਆਜ਼ਾਦ ਕਰਾਉਣ ਪਿਛੋਂ ਆਪ ਮੁਕਤਸਰ ਦੇ ਮੁਖ ਪ੍ਰਬੰਧਕ ਬਣਾਏ ਗਏ।

ਸ: ਸੇਵਾ ਸਿੰਘ ਨੇ ਪਟਿਆਲਾ ਰਿਆਸਤੀ ਅਕਾਲੀ ਦਲ ਕਾਇਮ ਕੀਤਾ ਤੇ ਉਸ ਦੀਆਂ ਬਰਾਂਚਾਂ ਹਰ ਇਲਾਕੇ ਵਿਚ ਕਾਇਮ ਕੀਤੀਆਂ। ਜਦ ਨਾਭੇ ਦੇ ਰਾਜੇ ਰਿਪਦੁਮਨ ਸਿੰਘ ਨੂੰ ਗੱਦੀ ਤੋਂ ਲਾਹਿਆ ਗਿਆ ਤਾਂ ਸਾਰੀ ਕੌਮ ਨੇ ਨਾਭਾ ਦਿਨ ਮਨਾਉਣ ਦਾ ਫ਼ੈਸਲਾ ਕੀਤਾ। 9 ਜੁਲਾਈ 1923 ਨੂੰ ਠੀਕਰੀਵਾਲੇ ਵਿਚ ਦੀਵਾਨ ਰਖਿਆ ਗਿਆ। ਪਟਿਆਲਾ ਸਰਕਾਰ ਨੇ ਦਫ਼ਾ 144 ਲਾ ਦਿਤੀ। ਸ: ਸੇਵਾ ਸਿੰਘ ਦੀ ਅਗਵਾਈ ਵਿਚ ਲੋਕਾਂ ਨੇ ਦਫ਼ਾ 144 ਦੀ ਉਲੰਘਣਾ ਕੀਤੀ। ਸਰਕਾਰ ਨੇ ਗ੍ਰਿਫ਼ਤਾਰ ਕਰ ਲਿਆ ਪਰ ਫਿਰ ਛੱਡ ਦਿਤਾ। ਜਦ ਥੋੜ੍ਹੇ ਦਿਨਾਂ ਪਿਛੋਂ ਜੈਤੋ ਦਾ ਮੋਰਚਾ ਸ਼ੁਰੂ ਹੋਇਆ ਤਾਂ ਮਹਾਰਾਜਾ ਭੁਪਿੰਦਰ ਸਿੰਘ ਨੇ ਸ: ਸੇਵਾ ਸਿੰਘ ਨੂੰ ਪਟਿਆਲੇ ਬੁਲਾਇਆ।

ਸਿੱਖਾਂ ਦੇ ਅੰਦੋਲਨ ਨਾਲੋਂ ਤੋੜ ਕੇ ਸਰਦਾਰ ਸੇਵਾ ਸਿੰਘ ਨੂੰ ਆਪਦੇ ਨਾਲ ਗੰਢਣ ਲਈ ਕਈ ਲਾਲਚ ਦਿਤੇ ਪਰ ਸੇਵਾ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨਾਲੋਂ ਵੱਖ ਹੋਣਾ ਕਿਸੇ ਕੀਮਤ ਤੇ ਵੀ ਨਾ ਮੰਨਿਆ। ਮਹਾਰਾਜਾ ਪਟਿਆਲਾ ਨੇ ਸ: ਸੇਵਾ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਦੂਜੇ ਸਿੱਖ ਆਗੂਆਂ ਕੋਲ ਲਾਹੌਰ ਜੇਲ੍ਹ ਵਿਚ ਭੇਜ ਦਿਤਾ। ਸ: ਸੇਵਾ ਸਿੰਘ ਜੇਲ੍ਹ ਵਿਚ ਸਨ, ਜਦੋਂ ਇਹਨਾਂ ਨੂੰ ਗ਼ੈਰਹਾਜ਼ਰੀ ਵਿਚ ਅਕਾਲ ਕਾਲਜ ਮਸਤੂਆਣਾ ਦੀ ਪ੍ਰਬੰਧਕ ਕਮੇਟੀ ਦਾ ਮੁਖੀ, ਪਟਿਆਲਾ ਰਿਆਸਤੀ ਅਕਾਲੀ ਦਲ ਦਾ ਜਥੇਦਾਰ ਤੇ ਮਾਲਵਾ ਪ੍ਰਤੀਨਿਧ ਖ਼ਾਲਸਾ ਦੀਵਾਨ ਦਾ ਪ੍ਰਧਾਨ ਚੁਣ ਲਿਆ ਗਿਆ।

1925 ਵਿਚ ਜਦ ਗੁਰਦੁਆਰਾ ਐਕਟ ਬਣਿਆ ਤਾਂ ਉਸ ਸਮੇਂ ਕੁਝ ਸਿੱਖ ਆਗੂ ਇਸ ਐਕਟ ਨੂੰ ਪ੍ਰਵਾਨ ਕਰ ਕੇ ਜੇਲ੍ਹ ਤੋਂ ਰਿਹਾ ਹੋ ਗਏ ਪਰ ਕੁਝ ਗਰਮ ਖ਼ਿਆਲੀਏ ਸਿੱਖ ਮੁਖੀਆਂ ਨੇ ਕਿਸੇ ਤਰ੍ਹਾਂ ਦੀ ਸ਼ਰਤ ਮੰਨ ਕੇ ਰਿਹਾ ਹੋਣ ਤੋਂ ਇਨਕਾਰ ਕਰ ਦਿਤਾ। ਸ: ਸੇਵਾ ਸਿੰਘ ਠੀਕਰੀਵਾਲੇ ਵੀ ਨਾ ਰਿਹਾ ਹੋਣ ਵਾਲੇ ਮੁਖੀਆਂ ਵਿਚੋਂ ਸਨ। ਇਹਨਾਂ ਵਿਰੁੱਧ ਕਈ ਮਹੀਨੇ ਮੁਕੱਦਮੇ ਚਲਦੇ ਰਹੇ ਪਰ ਅਖ਼ੀਰ ਸਰਕਾਰ

ਨੇ ਸਭ ਨੂੰ ਰਿਹਾਅ ਕਰ ਦਿਤਾ।

ਲਾਹੌਰ ਕਿਲ੍ਹੇ ਵਿਚੋਂ ਰਿਹਾ ਹੋ ਕੇ ਬਾਹਰ ਨਿਕਲੇ ਤਾਂ ਅੱਗੇ ਪਟਿਆਲੇ ਦੀ ਪੁਲਸ ਗ੍ਰਿਫ਼ਤਾਰ ਕਰਨ ਲਈ ਖਲੋਤੀ ਸੀ। ਉਹ ਗ੍ਰਿਫ਼ਤਾਰ ਕਰ ਕੇ ਬਰਨਾਲੇ ਲੈ ਗਈ। ਸ: ਸੇਵਾ ਸਿੰਘ ਤੇ ਇਕ ਗੜਵੀ ਦੀ ਚੋਰੀ ਦਾ ਝੂਠਾ ਮੁਕੱਦਮਾ ਬਣਾਇਆ ਗਿਆ ਜੋ ਅਦਾਲਤ ਵਿਚ ਸਾਬਤ ਨਾ ਹੋ ਸਕਿਆ। ਇਹ ਗੱਲ ਸਤੰਬਰ 1926 ਦੀ ਹੈ। ਇਸ ਪਿਛੋਂ ਸ: ਸੇਵਾ ਸਿੰਘ ਨੂੰ ਬਿਨਾਂ ਮੁਕੱਦਮਾ ਚਲਾਏ ਲਗਾਤਾਰ ਤਿੰਨ ਸਾਲ ਪਟਿਆਲੇ ਜੇਲ੍ਹ ਵਿਚ ਰਖਿਆ ਗਿਆ।

ਜੇਲ੍ਹ ਵਿਚ ਸ: ਸੇਵਾ ਸਿੰਘ ਤੇ ਜ਼ੋਰ ਪਾਇਆ ਗਿਆ ਕਿ ਉਹ ਰਾਜਨੀਤਕ ਸਰਗਰਮੀਆਂ ਛਡ ਦੇਣ ਤੇ ਮਹਾਰਾਜਾ ਭੁਪਿੰਦਰ ਸਿੰਘ ਦੇ ਵਫ਼ਾਦਾਰ ਬਣ ਕੇ ਰਹਿਣ। ਜੇਲ੍ਹ ਵਿਚ ਕਈ ਤਰ੍ਹਾਂ ਦੀਆਂ ਸਖ਼ਤੀਆਂ ਦੇ ਬਾਵਜੂਦ ਸ: ਸੇਵਾ ਸਿੰਘ ਨੇ ਆਪਣਾ ਰਾਹ ਛੱਡਣ ਤੋਂ ਨਾਂਹ ਕਰ ਦਿਤੀ। ਜੇਲ੍ਹ ਵਿਚ ਭੁੱਖ ਹੜਤਾਲ ਕਰਨ ਤੇ ਸ: ਸੇਵਾ ਸਿੰਘ ਦੀ ਹਾਲਤ ਖ਼ਰਾਬ ਹੋ ਗਈ, ਇਸ ਲਈ 24 ਅਗਸਤ 1928 ਨੂੰ ਪਟਿਆਲਾ ਜੇਲ੍ਹ ਵਿਚੋਂ ਛਡ ਦਿਤਾ ਗਿਆ।

ਪਹਿਲਾਂ ਸ: ਸੇਵਾ ਸਿੰਘ ਤਿੰਨ ਜਥੇਬੰਦੀਆਂ ਦੇ ਪ੍ਰਧਾਨ ਸਨ ਪਰ ਫਿਰ ਉਹਨਾਂ ਨੂੰ ਪੰਜਾਬ ਪਰਜਾ ਮੰਡਲ ਤੇ ਰਿਆਸਤੀ ਪਰਜਾ ਮੰਡਲ ਦਾ ਵੀ ਪ੍ਰਧਾਨ ਚੁਣ ਲਿਆ ਗਿਆ।

ਪਟਿਆਲਾ ਜੇਲ੍ਹ ਤੋਂ ਰਿਹਾ ਹੋਣ ਪਿਛੋਂ ਸ: ਸੇਵਾ ਸਿੰਘ ਨੇ ਰਿਆਸਤੀ ਜਨਤਾ ਦੇ ਹੱਕਾਂ ਲਈ ਘੋਲ ਪੂਰੇ ਜ਼ੋਰ ਸ਼ੋਰ ਨਾਲ ਸ਼ੁਰੂ ਕਰ ਦਿਤਾ। ਸ: ਸੇਵਾ ਸਿੰਘ ਦੀ ਅਗਵਾਈ ਹੇਠ ਹੀ 'ਮਹਾਰਾਜਾ ਪਟਿਆਲਾ ਗੱਦੀ ਛਡੋ' ਦੇ ਨਾਹਰੇ ਲੱਗਣ ਲੱਗ ਪਏ। ਆਪ ਲੋਕਾਂ ਦੀਆਂ ਤਕਲੀਫ਼ਾਂ ਤੇ ਸ਼ਕਾਇਤਾਂ ਦੂਰ ਕਰਾਉਣ ਲਈ ਹੋਰ ਲੋਕ ਆਗੂਆਂ ਨੂੰ ਲੈ ਕੇ ਮਹਾਰਾਜਾ ਪਟਿਆਲਾ ਨੂੰ ਮਿਲੇ।

ਲੁਧਿਆਣੇ ਵਿਚ ਪਰਜਾ ਮੰਡਲ ਦੀ ਕਾਨਫ਼ਰੰਸ ਹੋਈ ਜਿਸ ਵਿਚ ਸ: ਸੇਵਾ ਸਿੰਘ ਵੀ ਸ਼ਾਮਲ ਹੋਏ। ਜਦ ਲੁਧਿਆਣੇ ਤੋਂ ਵਾਪਸ ਠੀਕਰੀਵਾਲੇ ਪਹੁੰਚੇ ਤਾਂ ਪੁਲਸ ਨੇ ਫਿਰ ਗ੍ਰਿਫ਼ਤਾਰ ਕਰ ਲਿਆ। ਅਦਾਲਤ ਨੇ ਝੂਠੇ ਮੁਕੱਦਮੇ ਵਿਚ ਪੰਜ ਸਾਲ ਦੀ ਕੈਦ ਤੇ ਦਸ ਹਜ਼ਾਰ ਰੁਪਏ ਜੁਰਮਾਨਾ ਕਰ ਦਿਤਾ ਪਰ 4 ਮਹੀਨੇ ਪਿਛੋਂ ਰਿਹਾਅ ਕਰ ਦਿਤੇ ਗਏ। ਆਪ ਨੇ ਕਿਸਾਨਾਂ ਤੇ ਆਮ ਲੋਕਾਂ ਦੇ ਮਸਲਿਆਂ ਲਈ ਜਲਸੇ ਤੇ ਕਾਨਫ਼ਰੰਸਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਅਤੇ ਥਾਂ ਥਾਂ ਤੋਂ ਲੋਕਾਂ ਦੀਆਂ ਮੰਗਾਂ ਦੇ ਚਾਰਟਰ ਸਰਕਾਰ ਨੂੰ ਪਹੁੰਚਾਣੇ ਸ਼ੁਰੂ ਕਰ ਦਿਤੇ। ਪੰਜਾਬ ਵਿਚ ਵੀ ਸ: ਸੇਵਾ ਸਿੰਘ ਦੀ ਹਿੰਮਤ ਨਾਲ ਰਿਆਸਤ ਪਟਿਆਲਾ ਵਿਚ ਹੋ ਰਹੇ ਜ਼ੁਲਮਾਂ ਵਿਰੁੱਧ ਆਵਾਜ਼ ਉਠਣ ਲਗ ਪਈ।

24 ਅਗਸਤ 1933 ਨੂੰ ਰਿਆਸਤੀ ਪੁਲਸ ਨੇ ਫਿਰ ਸ: ਸੇਵਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦੋ ਮੁਕੱਦਮੇ ਚਲਾਏ ਗਏ। ਸ: ਸੇਵਾ ਸਿੰਘ ਨੇ ਇਹਨਾਂ ਮੁਕੱਦਮਿਆਂ ਵਿਚ ਨਾ ਜੁਰਮ ਇਕਬ.., ਕੀਤਾ ਤੇ ਨਾ ਹੀ ਕੋਈ ਸਫ਼ਾਈ ਪੇਸ਼

ਕੀਤੀ। ਮੈਜਿਸਟਰੇਟ ਨੇ ਇਕ ਮੁਕੱਦਮੇ ਵਿਚ 3 ਸਾਲ ਕੈਦ ਸਜ਼ਾ ਸਖ਼ਤ ਤੇ 500 ਰੁਪਏ ਜੁਰਮਾਨਾ ਕੀਤਾ ਅਤੇ ਦੂਜੇ ਮੁਕੱਦਮੇ ਵਿਚ 6 ਸਾਲ ਕੈਦ ਤੇ 1500 ਰੁਪੈ ਜੁਰਮਾਨੇ ਦੀ ਸਜ਼ਾ ਹੋਈ। ਪਟਿਆਲਾ ਜੇਲ੍ਹ ਵਿਚ ਪਹੁੰਚਦਿਆਂ ਹੀ ਆਪ ਨੂੰ ਅਤਿ ਕਠੋਰ ਤੇ ਅਣਮਨੁੱਖੀ ਜੇਲ੍ਹ ਪ੍ਰਬੰਧ ਦਾ ਸ਼ਿਕਾਰ ਹੋਣਾ ਪਿਆ। ਇਸ ਤੇ ਸ: ਸੇਵਾ ਸਿੰਘ ਨੇ ਅਣਮਿਥੇ ਸਮੇਂ ਲਈ ਭੁਖ ਹੜਤਾਲ ਸ਼ੁਰੂ ਕਰ ਦਿਤੀ।

ਮਹਾਰਾਜਾ ਪਟਿਆਲਾ ਨੇ ਇਕ ਦਿਨ ਫਿਰ ਸ: ਸੇਵਾ ਸਿੰਘ ਨੂੰ ਫ਼ੌਜ ਦੇ ਪਹਿਰੇ ਹੇਠ ਆਪਣੇ ਮਹੱਲ ਵਿਚ ਬੁਲਾਇਆ ਤੇ ਕਈ ਤਰ੍ਹਾਂ ਦੇ ਲਾਲਚ ਦੇ ਕੇ ਲੋਕ ਅੰਦੋਲਨ ਨਾਲੋਂ ਤੋੜਨਾ ਚਾਹਿਆ ਪਰ ਸ: ਸੇਵਾ ਸਿੰਘ ਨੇ ਸਾਫ਼ ਕਹਿ ਦਿਤਾ ਕਿ ਨਾ ਮੈਂ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਛੱਡਣਾ ਏ ਤੇ ਨਾ ਹੀ ਰਿਆਸਤੀ ਪਰਜਾ ਮੰਡਲ ਦੀਆਂ ਸਰਗਰਮੀਆਂ ਤੋਂ ਵਖ ਹੋਣਾ ਹੈ। ਇਹ ਭੁਖ ਹੜਤਾਲ 9 ਮਹੀਨੇ ਜਾਰੀ ਰਹੀ। ਜੇਲ੍ਹ ਵਿਚ ਆਪ ਨੂੰ ਜ਼ਬਰਦਸਤੀ ਖ਼ੁਰਾਕ ਦੇਣ ਦਾ ਯਤਨ ਕੀਤਾ ਜਾਂਦਾ ਰਿਹਾ। ਇਸ ਗ਼ੈਰ ਕੁਦਰਤੀ ਤਰੀਕੇ ਨਾਲ ਸ: ਸੇਵਾ ਸਿੰਘ ਦੀ ਸਿਹਤ ਤੇ ਹੋਰ ਮਾੜਾ ਅਸਰ ਪਿਆ ਤੇ ਅਖ਼ੀਰ ਇਸ ਭੁਖ ਹੜਤਾਲ ਵਿਚ ਹੀ ਤੜਪ ਤੜਪ ਕੇ 20 ਜਨਵਰੀ 1935 ਨੂੰ ਸ਼ਹੀਦ ਹੋ ਗਏ।

ਸ: ਸੇਵਾ ਸਿੰਘ ਠੀਕਰੀਵਾਲੇ ਨੇ ਹਮੇਸ਼ਾ ਸਾਦੀ ਰਹਿਣੀ ਤੇ ਉੱਚ ਸੋਚਣੀ ਦਾ ਨਮੂਨਾ ਬਣ ਕੇ ਦਿਖਾਇਆ। ਆਪ ਨੇ ਇਕ ਨਿਰਭੈ ਯੋਧਾ ਬਣ ਕੇ ਆਪਣਾ ਜੀਵਨ ਜ਼ਾਲਮ ਹਾਕਮਾਂ ਵਿਰੁੱਧ ਘੋਲ ਕਰਦਿਆਂ, ਰਿਆਸਤੀ ਜਨਤਾ ਲਈ ਅਰਪਨ ਕਰ ਦਿਤਾ। ਸ: ਸੇਵਾ ਸਿੰਘ ਨੇ ਵਜ਼ੀਰੀਆਂ ਤੇ ਅਮੀਰੀ ਨੂੰ ਠੁਕਰਾ ਕੇ ਜਨਤਾ ਦਾ ਸੇਵਾਦਾਰ ਬਣਨਾ ਚੰਗਾ ਸਮਝਿਆ। ਸ: ਸੇਵਾ ਸਿੰਘ ਦਾ ਅਣਖੀ ਸੀਨਾ ਹਰ ਜ਼ੁਲਮ ਅਗੇ ਤਣਿਆ, ਜੋ ਲੋਕਾਂ ਨੂੰ ਉਹਨਾਂ ਦੇ ਹੱਕ ਦਿਵਾਉਣ ਵਿਚ ਉਹਨਾਂ ਤੇ ਢਾਹਿਆ ਗਿਆ। ਸ: ਸੇਵਾ ਸਿੰਘ ਦਾ ਨਾਂ ਆਜ਼ਾਦੀ ਦੇ ਘੋਲ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਵੇਗਾ।

ਸ਼ਹੀਦ ਸ: ਸੇਵਾ ਸਿੰਘ ਦੀ ਯਾਦ ਵਿਚ ਉਹਨਾਂ ਦੇ ਪਿੰਡ "ਸ : ਸੇਵਾ ਸਿੰਘ ਹਾਈ ਸਕੂਲ" ਕਾਇਮ ਕੀਤਾ ਗਿਆ। ਪਟਿਆਲੇ ਮਾਲ ਰੋਡ ਤੇ ਸ: ਸੇਵਾ ਸਿੰਘ ਦਾ ਵੱਡਾ ਸਾਰਾ ਬੁੱਤ ਖੜ੍ਹਾ ਕੀਤਾ ਗਿਆ। ਠੀਕਰੀਵਾਲੇ ਤੋਂ ਬਰਨਾਲੇ ਤਕ ਜੋ ਸੜਕ ਹੈ ਉਸ ਦਾ ਨਾਂ ਸ਼ਹੀਦ ਸੇਵਾ ਸਿੰਘ ਰੋਡ ਰਖਿਆ ਗਿਆ। ਜਿੰਨਾ ਚਿਰ ਪੈਪਸੂ ਇਕ ਵਖਰਾ ਰਾਜ ਰਿਹਾ, 19 ਜਨਵਰੀ ਨੂੰ ਸ: ਸੇਵਾ ਸਿੰਘ ਦੀ ਯਾਦ ਵਿਚ ਸਰਕਾਰੀ ਛੁੱਟੀ ਹੁੰਦੀ ਰਹੀ।

ਸ: ਊਧਮ ਸਿੰਘ ਸੁਨਾਮ

ਸ: ਊਧਮ ਸਿੰਘ ਸੁਨਾਮ ਉਹ ਬਹਾਦਰ ਅਣਖੀ ਸੂਰਮਾ ਸੀ, ਜਿਸ ਨੇ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਦੇ ਜ਼ਿੰਮੇਵਾਰ ਸਰ ਮਾਈਕਲ ਓਡਵਾਇਰ ਨੂੰ ਲੰਡਨ ਵਿਚ ਜਾ ਕੇ ਗੋਲੀ ਮਾਰੀ ਤੇ ਸਾਬਤ ਕਰ ਦਿਤਾ ਕਿ ਅਣਖੀ ਕੌਮਾਂ ਦੇ ਨੌਜਵਾਨ ਜ਼ੁਰਮ ਕਰਨ ਵਾਲੇ ਨਾਲ ਨਿਪਟਣਾ ਜਾਣਦੇ ਹਨ। ਸ: ਊਧਮ ਸਿੰਘ ਵੀ ਬੱਬਰ ਅਕਾਲੀਆਂ ਦਾ ਸਾਥੀ ਤੇ ਸ਼ਹੀਦ ਸ: ਭਗਤ ਸਿੰਘ ਵਰਗਾ ਗਰਮ ਖ਼ਿਆਲੀਆ ਦੇਸ਼ ਭਗਤ ਸੀ।

ਸ: ਊਧਮ ਸਿੰਘ ਨੇ ਮਾਲਵੇ ਦੇ ਪ੍ਰਸਿੱਧ ਨਗਰ ਸੁਨਾਮ ਵਿਚ ਜਨਮ ਲਿਆ। ਬਚਪਨ ਵਿਚ ਹੀ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਦਾ ਚਰਚਾ ਸੁਣਿਆ। ਇਹਦੇ ਕੋਮਲ ਮਨ ਤੇ ਬਜਬਜ ਘਾਟ ਦੇ ਸਾਕੇ ਨੇ ਬਹੁਤ ਹੀ ਅਸਰ ਕੀਤਾ। ਜਦ 1919 ਵਿਚ ਜਲ੍ਹਿਆਂ ਵਾਲੇ ਬਾਗ਼ ਅੰਮ੍ਰਿਤਸਰ ਵਿਚ ਪੰਜਾਬੀਆਂ ਨੇ ਆਪਣੇ ਗ੍ਰਿਫ਼ਤਾਰ ਆਗੂਆਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਸ਼ਾਂਤਮਈ ਜਲਸਾ ਕਰਨਾ ਚਾਹਿਆ ਤਾਂ ਅੰਗਰੇਜ਼ ਸਰਕਾਰ ਨੇ ਪਾਬੰਦੀ ਲਾ ਦਿਤੀ। ਉਹਦੀ ਉਲੰਘਣਾ ਕਰਨ ਤੇ ਜਲ੍ਹਿਆਂ ਵਾਲੇ ਬਾਗ਼ ਵਿਚ ਲੋਕਾਂ ਨੂੰ ਘੇਰ ਕੇ ਨਿਹਥਿਆਂ ਤੇ ਸਰ ਮਾਈਕਲ ਓਡਵਾਇਰ ਨੇ ਗੋਲੀਆਂ ਚਲਾਈਆਂ ਤੇ ਇਕ ਦੋ ਨਹੀਂ, ਸੈਂਕੜੇ ਮਰਦ, ਤੀਵੀਆਂ ਤੇ ਬੱਚੇ ਮਾਰ ਦਿਤੇ। ਅਜੇ ਤਕ ਪੱਕੀ ਗਿਣਤੀ ਨਹੀਂ ਪਤਾ ਲਗ ਸਕੀ ਕਿ ਕਿਤਨੇ ਕੁ ਬੇਹਥਿਆਰੇ ਜਲਸਾ ਸੁਣਨ ਆਏ ਲੋਕ ਮਾਰੇ ਗਏ। ਇਸ ਜ਼ੁਲਮ ਨੇ ਸਾਰੇ ਦੇਸ਼ ਦੀ ਆਤਮਾ ਨੂੰ ਝੰਜੋੜ ਦਿਤਾ। ਥਾਂ ਥਾਂ ਨੌਜਵਾਨਾਂ ਦਾ ਖ਼ੂਨ ਇਸ ਜ਼ੁਲਮ ਦਾ ਬਦਲਾ ਲੈਣ ਲਈ ਖੌਲਣ ਲਗ ਪਿਆ।

ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਇਕ ਨਵਾਂ ਮੋੜ ਮਿਲਿਆ। ਇਕ ਪਾਸੇ ਨਹੀਂ, ਤੋੜ ਦੱਖਣ ਤਕ ਨੌਜਵਾਨਾਂ ਨੂੰ ਯਕੀਨ ਹੋ ਗਿਆ ਕਿ ਸ਼ਾਂਤਮਈ ਰਹਿ ਕੇ ਇਹਨਾਂ ਜ਼ਾਲਮ ਹਾਕਮਾਂ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਇਹਨਾਂ ਨਾਲ ਦੂਜੀ ਤਰ੍ਹਾਂ ਦੇ ਹੱਥ ਕਰਨੇ ਚਾਹੀਦੇ ਹਨ। ਪੰਜਾਬ ਵਿਚ ਤਾਂ ਇਸ ਘਟਨਾ ਨੇ ਕਈ ਗਭਰੂਆਂ ਨੂੰ ਹਿੰਸਕ ਕਾਰਵਾਈਆਂ ਨਾਲ ਅੰਗਰੇਜ਼ ਸਰਕਾਰ ਦਾ ਰਾਜ ਖ਼ਤਮ ਕਰਨ ਲਈ ਉਭਾਰਿਆ। ਸ: ਊਧਮ ਸਿੰਘ ਵੀ ਇਹਨਾਂ ਵਿਚੋਂ ਇਕ ਸਨ, ਜਿਹਨਾਂ ਨੇ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਦੇ ਜ਼ਿੰਮੇਵਾਰਾਂ ਨੂੰ ਸਜ਼ਾ ਦੇਣ ਦਾ ਮਨ ਵਿਚ ਨਿਸਚਾ ਕਰ ਲਿਆ ਪਰ ਉਸ ਸਮੇਂ ਇਹ ਨਾ ਸੁਝਿਆ ਕਿ ਕਿਵੇਂ ਉਹਨਾਂ ਤੋਂ ਬਦਲਾ ਲਿਆ ਜਾਏ।

1923 ਵਿਚ ਬੱਬਰ ਅਕਾਲੀ ਲਹਿਰ ਨੇ ਜ਼ੋਰ ਫੜਿਆ ਤੇ ਸਭ ਨੌਜਵਾਨਾਂ ਨੇ ਬੱਬਰਾਂ ਦੇ ਕੰਮਾਂ ਵਿਚ ਦਿਲਚਸਪੀ ਲਈ। ਹਰ ਥਾਂ ਜਿਥੇ ਵੀ ਚਾਰ ਗਭਰੂ ਜੁੜਦੇ

ਉਹ ਬੱਬਰਾਂ ਦੀਆਂ ਗੱਲਾਂ ਕਰਦੇ। ਬੜੇ ਹੈਰਾਨ ਕਰਨ ਵਾਲੇ ਸਾਕੇ ਬੱਬਰਾਂ ਨੇ ਕੀਤੇ। ਸਰਕਾਰ ਦੇ ਝੋਲੀ-ਚੁਕਾਂ ਨੂੰ ਤਾਰੀਖਾਂ ਦੱਸ ਕੇ ਐਲਾਨੀਆ ਮਾਰਨ ਲਗ ਪਏ। ਇਹ ਗ੍ਰਿਫ਼ਤਾਰ ਹੋਣ ਦੀ ਥਾਂ ਜਿਵੇਂ ਪੁਲਸ ਦਾ ਮੁਕਾਬਲਾ ਕਰਦੇ, ਇਹ ਸਭ ਗੱਲਾਂ ਬੜੀਆਂ ਇਨਕਲਾਬੀ ਸਨ। ਸ: ਊਧਮ ਸਿੰਘ ਜੋ ਪਹਿਲਾਂ ਹੀ ਜਜ਼ਬਾਤੀ, ਅਗਾਂਹ-ਵਧੂ ਤੇ ਅੰਗਰੇਜ਼ ਸਰਕਾਰ ਤੋਂ ਬਦਲਾ ਲੈਣ ਦਾ ਇੱਛਕ ਸੀ, ਘਰ ਤੋਂ ਤੁਰ ਪਿਆ ਤੇ ਬੱਬਰਾਂ ਨਾਲ ਸੰਪਰਕ ਕਾਇਮ ਕਰਨ ਦਾ ਯਤਨ ਕੀਤਾ।

ਬੱਬਰਾਂ ਨੂੰ ਲੱਭਣਾ ਕੋਈ ਸੌਖਾ ਕੰਮ ਨਹੀਂ ਸੀ। ਕਾਫ਼ੀ ਦਿਨਾਂ ਪਿਛੋਂ ਸ: ਊਧਮ ਸਿੰਘ ਨੂੰ ਆਪਣੇ ਮਾਲਵੇ ਦੇ ਬੱਬਰ ਅਕਾਲੀ ਬਾਬੂ ਸੰਤਾ ਸਿੰਘ ਮਿਲ ਪਏ। ਇਸ ਨੇ ਉਹਨਾਂ ਨੂੰ ਆਪਣੇ ਜਜ਼ਬਾਤ ਦਸੇ ਤੇ ਉਹਨਾਂ ਨੇ ਇਸ ਨੂੰ ਮਾਲਵੇ ਵਿਚ ਬੱਬਰ ਅਕਾਲੀ ਲਹਿਰ ਲਈ ਕੰਮ ਕਰਨ ਦੀ ਪ੍ਰੇਰਨਾ ਕੀਤੀ। ਇਸ ਤਰ੍ਹਾਂ ਊਧਮ ਸਿੰਘ ਮਾਲਵੇ ਵਿਚ ਬੱਬਰ ਅਕਾਲੀ ਲਹਿਰ ਦਾ ਪ੍ਰਚਾਰ ਕਰਨ ਲਗ ਪਿਆ। ਥੋੜ੍ਹੇ ਜਿਹੇ ਦਿਨਾਂ ਵਿਚ ਹੀ 15, 16 ਆਦਮੀ ਇਸ ਜਥੇ ਦੇ ਮੈਂਬਰ ਬਣ ਗਏ। ਜਥੇ ਦੇ ਮੁਖੀ ਸ: ਊਧਮ ਸਿੰਘ ਤੇ ਚੌਧਰੀ ਸ਼ੇਰ ਜੰਗ ਰਲ ਕੇ ਕੰਮ ਕਰਨ ਲਗ ਪਏ। ਫਿਰ ਜਦ ਬੱਬਰ ਅਕਾਲੀ ਲਹਿਰ ਖ਼ਤਮ ਹੋ ਗਈ ਤਾਂ ਸ: ਊਧਮ ਸਿੰਘ ਨੇ ਭਗਤ ਸਿੰਘ ਸ਼ਹੀਦ ਨਾਲ ਸੰਪਰਕ ਬਣਾ ਲਿਆ ਤੇ ਕੁਝ ਚਿਰ ਭਾਰਤ ਨੌਜਵਾਨ ਸਭਾ ਵਿਚ ਵੀ ਕੰਮ ਕੀਤਾ। ਫ਼ਿਰ ਮਾਈਕਲ ਓਡਵਾਇਰ ਨੂੰ ਕੀਤੇ ਦੀ ਸਜ਼ਾ ਦੇਣ ਲਈ ਲੰਡਨ ਚਲਾ ਗਿਆ। ਉਥੇ ਮਾਈਕਲ ਓਡਵਾਇਰ ਇਸ ਦੇ ਕਾਬੂ ਨਾ ਆਇਆ।

ਥੋੜ੍ਹੇ ਦਿਨਾਂ ਪਿਛੋਂ ਸ਼ਹੀਦ ਭਗਤ ਸਿੰਘ ਨੇ ਲੰਡਨ ਇਸ ਨੂੰ ਲਿਖਿਆ ਕਿ ਛੇਤੀ ਵਾਪਸ ਆ ਜਾਉ, ਤੁਹਾਡੀ ਤੁਰਤ ਇਥੇ ਲੋੜ ਹੈ। ਸ: ਊਧਮ ਸਿੰਘ ਨੇ ਆਪਣਾ ਕੰਮ ਵਿਚੇ ਛਡਿਆ ਤੇ ਵਾਪਸ ਪੰਜਾਬ ਆ ਗਿਆ। ਇਥੇ ਆ ਕੇ ਭਗਤ ਸਿੰਘ ਹੋਰਾਂ ਦੇ ਕਹਿਣ ਅਨੁਸਾਰ ਕੰਮ ਸ਼ੁਰੂ ਕਰ ਦਿੱਤਾ ਪਰ ਛੇਤੀ ਹੀ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਤੇ ਇਕ ਮੁਕੱਦਮੇ ਵਿਚ ਚਾਰ ਸਾਲ ਦੀ ਸਜ਼ਾ ਹੋ ਗਈ। ਜਦ ਸਜ਼ਾ ਭੁਗਤ ਕੇ ਰਿਹਾ ਹੋਇਆ ਤਾਂ ਝਟਪਟ ਲੰਡਨ ਤੁਰ ਗਿਆ। ਹੁਣ ਕਿਉਂਕਿ ਊਧਮ ਸਿੰਘ ਦਾ ਨਾਮ ਹਰ ਥਾਂ ਪੁਲਸ ਪਾਸ ਖ਼ਤਰਨਾਕ ਇਨਕਲਾਬੀ ਦੇ ਤੌਰ ਤੇ ਸੀ, ਇਸ ਲਈ ਇਸ ਨੇ ਆਪਣਾ ਨਾਮ ਬਦਲ ਲਿਆ ਤੇ ਰਾਮ ਮੁਹੰਮਦ ਸਿੰਘ ਰਖ ਲਿਆ।

ਇਉਂ ਸੰਨ 1940 ਦੀ 13 ਮਾਰਚ ਆ ਗਈ। ਉਸ ਦਿਨ ਇੰਡੀਆ ਹਾਊਸ ਲੰਡਨ ਵਿਚ ਇਕ ਜਲਸਾ ਸੀ ਜਿਸ ਵਿਚ ਮਾਈਕਲ ਓਡਵਾਇਰ ਨੇ ਤਕਰੀਰ ਕਰਨੀ ਸੀ। ਲੋਕ ਬੜੀ ਉਤਸੁਕਤਾ ਨਾਲ ਉਹਦੀ ਤਕਰੀਰ ਸੁਣਨ ਲਈ ਭਾਰੀ ਗਿਣਤੀ ਵਿਚ ਆ ਜੁੜੇ। ਕਿਸੇ ਨੂੰ ਨਹੀਂ ਸੀ ਪਤਾ ਕਿ ਅੱਜ ਕੋਈ ਓਡਵਾਇਰ ਦੀ ਜਾਨ ਲੈਣ ਲਈ ਭਾਰਤ ਤੋਂ ਆ ਪਹੁੰਚੇਗਾ। ਊਧਮ ਸਿੰਘ ਵੀ ਜਲਸੇ ਵਿਚ ਬੈਠਾ ਸੀ। ਜਦੋਂ ਓਡਵਾਇਰ ਤਕਰੀਰ ਕਰਨ ਲਈ ਉਠਿਆ ਤਾਂ ਊਧਮ ਸਿੰਘ ਨੇ ਨਿਸ਼ਾਨਾ ਬੰਨ੍ਹ ਕੇ ਪਸਤੌਲ ਤੋਂ ਗੋਲੀਆਂ ਚਲਾ ਦਿਤੀਆਂ ਤੇ ਲੋਕਾਂ ਦੇ ਉਸ ਵਲ ਦੇਖਣ ਤੋਂ ਪਹਿਲਾਂ ਹੀ ਸਰ ਮਾਈਕਲ ਓਡਵਾਇਰ ਡਿਗ ਪਿਆ ਤੇ ਉਹਦੀ ਜਾਨ ਨਿਕਲ ਗਈ।

ਲੋਕਾਂ ਵਿਚ ਕਈ ਭਾਰਤੀ ਖ਼ੁਸ਼ ਹੋਏ ਕਿ ਇਸ ਗਭਰੂ ਨੇ ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ ਕਰਨ ਵਾਲੇ ਤੋਂ ਬਦਲਾ ਲੈ ਲਿਆ ਹੈ ਤੇ ਉਹਨਾਂ ਨੇ ਊਧਮ ਸਿੰਘ ਨੂੰ ਕਿਹਾ ਕਿ ਪਸਤੌਲ ਸੁਟ ਕੇ ਆਪ ਨੱਸ ਜਾਏ। ਕਈਆਂ ਨੇ ਉਸ ਨੂੰ ਰੌਲੇ ਗੌਲੇ ਵਿਚ ਤੁਰਤ ਕਪੜੇ ਬਦਲਣ ਦੀ ਸਲਾਹ ਦਿੱਤੀ ਪਰ ਸ: ਊਧਮ ਸਿੰਘ ਨੇ ਕਿਸੇ ਦੀ ਗੱਲ ਨਾ ਮੰਨੀ। ਉਹਨੇ ਉਚੀ ਉਚੀ ਕੂਕ ਕੇ ਆਖਿਆ ਕਿ ਮੈਂ ਚਿਰ ਪੁਰਾਣਾ ਪ੍ਰਣ ਪੂਰਾ ਕਰ ਲਿਆ ਹੈ। ਖ਼ੂਨ ਦਾ ਬਦਲਾ ਖ਼ੂਨ ਨਾਲ ਲੈ ਕੇ ਮੈਂ ਸੰਤੁਸ਼ਟ ਹਾਂ। ਲੋਕਾਂ ਨੂੰ ਦੱਸਣ ਲਈ ਉਹਨੇ ਆਖਿਆ, "ਉਹ ਪਿਆ ਜੇ, ਜਲ੍ਹਿਆਂ ਵਾਲੇ ਬਾਗ ਵਿਚ ਮੇਰੇ ਬਜ਼ੁਰਗਾਂ ਦਾ ਕਾਤਲ।"

ਇਤਨੀ ਦਹਿਸ਼ਤ ਪੈਦਾ ਹੋ ਗਈ ਕਿ ਪੁਲਸ ਮੌਕੇ ਤੇ ਆ ਕੇ ਵੀ ਉਹਨੂੰ ਫੜਨ ਦਾ ਹੌਸਲਾ ਨਹੀਂ ਸੀ ਕਰ ਰਹੀ। ਊਧਮ ਸਿੰਘ ਨੇ ਉਚੀ ਆਵਾਜ਼ ਵਿਚ ਕਿਹਾ, "ਮੇਰੇ ਤੋਂ ਨਾ ਡਰੋ, ਮੈਂ ਕਿਸੇ ਹੋਰ ਦੀ ਜਾਨ ਲੈਣ ਦਾ ਚਾਹਵਾਨ ਨਹੀਂ। ਮੈਂ ਤਾਂ ਜਿਸ ਪਿਛੇ ਆਪਣੀ ਮਾਤ ਭੂਮੀ ਛਡ ਕੇ ਲੰਡਨ ਵਿਚ ਫਿਰ ਰਿਹਾ ਸਾਂ ਉਹਨੂੰ ਖ਼ਤਮ ਕਰ ਲਿਆ ਹੈ। ਲਉ, ਜੇ ਮੇਰੇ ਤੋਂ ਅਜੇ ਵੀ ਡਰਦੇ ਹੋ ਤਾਂ ਮੈਂ ਹੱਥ ਫੜਿਆ ਪਸਤੌਲ ਸੁਟ ਦਿੰਦਾ ਹਾਂ।" ਉਸ ਨੇ ਪਸਤੌਲ ਸੁਟ ਦਿਤਾ ਤੇ ਪੁਲਸ ਉਸ ਨੂੰ ਗ੍ਰਿਫ਼ਤਾਰ ਕਰ ਕੇ ਲੈ ਗਈ।

ਇਸ ਘਟਨਾ ਦਾ ਸਾਰੇ ਸੰਸਾਰ ਵਿਚ ਚਰਚਾ ਹੋਇਆ। ਭਾਰਤ ਵਿਚ ਸੌ ਅੰਗਰੇਜ਼ ਮਰਨ ਤੇ ਇਤਨੀ ਚਰਚਾ ਨਹੀਂ ਸੀ ਹੁੰਦੀ ਜਿਤਨੀ ਲੰਡਨ ਵਿਚ ਇਕ ਐਡਵਾਇਰ ਦੇ ਮਰਨ ਤੇ ਹੋ ਗਈ। ਬਰਤਾਨੀਆ ਦਾ ਅਨੇਕਾਂ ਦੇਸ਼ਾਂ ਵਿਚ ਰਾਜ ਸੀ ਤੇ ਕਈ ਦੇਸ਼ਾਂ ਦੀਆਂ ਕੌਮਪ੍ਰਸਤ ਤਾਕਤਾਂ ਉਹਨਾਂ ਦਾ ਰਾਜ ਖ਼ਤਮ ਕਰਨ ਲਈ ਆਪਣੇ ਆਪਣੇ ਢੰਗ ਨਾਲ ਉਪਰਾਲੇ ਕਰ ਰਹੀਆਂ ਸਨ। ਅੰਗਰੇਜ਼ ਸਰਕਾਰ ਘਬਰਾਂਦੀ ਸੀ ਕਿ ਜੇਕਰ ਊਧਮ ਸਿੰਘ ਦੀਆਂ ਲੀਹਾਂ ਤੇ ਹੋਰ ਬਸਤੀਆਂ ਵਿਚ ਵੀ ਗਭਰੂ ਉਠ ਪਏ ਤਾਂ ਰਾਜ ਪਲਟਿਆ ਜਾਏਗਾ ਤੇ ਹਰ ਥਾਂ ਅੰਗਰੇਜ਼ ਮੁਖੀਆਂ ਦੀਆਂ ਜ਼ਿੰਦਗੀਆਂ ਖ਼ਤਰੇ ਵਿਚ ਪੈ ਜਾਣਗੀਆਂ। ਅੰਗਰੇਜ਼ ਇਸ ਗੱਲ ਤੋਂ ਡਰਦਾ ਸੀ ਕਿ ਭਾਰਤ ਵਿਚ ਊਧਮ ਸਿੰਘ ਦੀ ਇਸ ਕਾਰਵਾਈ ਦਾ ਨੌਜਵਾਨਾਂ ਤੇ ਖ਼ਾਸ ਅਸਰ ਹੋ ਸਕਦਾ ਹੈ। ਕਿਸੇ ਅੰਗਰੇਜ਼ ਦਾ ਜੀਵਨ ਸੁਰੱਖਿਅਤ ਨਹੀਂ ਰਹੇਗਾ, ਇਸ ਲਈ ਅੰਗਰੇਜ਼ ਅਫ਼ਸਰਾਂ ਨੇ ਸ: ਊਧਮ ਸਿੰਘ ਨੂੰ ਜੇਲ੍ਹ ਵਿਚ ਪੇਸ਼ਕਸ਼ ਕੀਤੀ ਕਿ ਉਹ ਮੁਕਰ ਜਾਏ ਤੇ ਅਦਾਲਤ ਵਿਚ ਇਹ ਬਿਆਨ ਨਾ ਦੇਵੇ ਕਿ ਉਸ ਨੇ ਕਤਲ ਕੀਤਾ ਹੈ ਤੇ ਨਾ ਹੀ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਨਾਲ ਇਸ ਕਤਲ ਨੂੰ ਜੋੜੇ। ਸਰਕਾਰ ਨੇ ਕਹਿ ਦਿੱਤਾ ਕਿ ਜੇ ਊਧਮ ਸਿੰਘ ਮੁਕਰ ਜਾਏ ਤਾਂ ਸਰਕਾਰੀ ਗਵਾਹ ਵੀ ਬੈਠ ਜਾਣਗੇ ਤੇ ਇਉਂ ਉਹ ਬਚ ਜਾਏਗਾ।

ਸ: ਊਧਮ ਸਿੰਘ ਅੰਗਰੇਜ਼ ਦੀ ਚਾਲ ਸਮਝਦਾ ਸੀ। ਉਸ ਨੇ ਕਿਹਾ ਕਿ ਮੈਂ ਜਿਸ ਮੰਤਵ ਲਈ ਕਤਲ ਕੀਤਾ ਹੈ, ਮੇਰੇ ਮੁਨਕਰ ਹੋਣ ਨਾਲ ਉਹ ਮੰਤਵ ਪੂਰਾ ਨਹੀਂ ਹੁੰਦਾ। ਮੈਂ ਕੇਵਲ ਸਰ ਮਾਈਕਲ ਐਡਵਾਇਰ ਨੂੰ ਕਤਲ ਹੀ ਨਹੀਂ ਸੀ ਕਰਨਾ ਸਗੋਂ ਸਾਰੀ ਅੰਗਰੇਜ਼ ਕੌਮ ਤੇ ਸਰਕਾਰ ਨੂੰ ਦੱਸਣਾ ਸੀ ਕਿ ਅਸੀਂ ਜਿਊਂਦੇ ਹਾਂ, ਸਾਡੇ ਵਿਚ ਅਣਖ ਹੈ ਤੇ ਅਸੀਂ ਖ਼ੂਨ ਦਾ ਬਦਲਾ ਖ਼ੂਨ ਨਾਲ ਲੈ ਸਕਦੇ ਹਾਂ।

ਸ: ਊਧਮ ਸਿੰਘ ਵਿਰੁੱਧ ਅਦਾਲਤ ਵਿਚ ਜਦ ਮੁਕੱਦਮਾ ਚਲਿਆ ਤਾਂ ਊਧਮ ਸਿੰਘ ਨੇ ਬੜਾ ਹੀ ਜੋਸ਼ੀਲਾ, ਧੜੱਲੇਦਾਰ ਤੇ ਭਾਰਤ ਦੀ ਆਜ਼ਾਦੀ ਦੀ ਲੜਾਈ ਦਾ ਨਕਸ਼ਾ ਖਿਚਣ ਵਾਲਾ ਬਿਆਨ ਦਿਤਾ। ਅੰਗਰੇਜ਼ ਸਰਕਾਰ ਉਹਦੇ ਬਿਆਨ ਤੋਂ ਇਤਨੀ ਘਬਰਾਈ ਕਿ ਅਖ਼ਬਾਰਾਂ ਨੂੰ ਉਹਦੀ ਰਿਪੋਰਟ ਪ੍ਰਕਾਸ਼ਤ ਕਰਨ ਦੀ ਆਗਿਆ ਨਾ ਦਿਤੀ ਗਈ।

ਅਦਾਲਤ ਨੇ ਸ: ਊਧਮ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ। ਮੌਤ ਦੀ ਸਜ਼ਾ ਸੁਣ ਕੇ ਵੀ ਊਧਮ ਸਿੰਘ ਬਿਲਕੁਲ ਨਾ ਘਬਰਾਇਆ ਸਗੋਂ ਖਿੜੇ ਮੱਥੇ ਅਤੇ ਖ਼ੁਸ਼ ਹੋ ਕੇ ਇਹ ਸਜ਼ਾ ਸੁਣੀ ਤੇ ਇਸ ਤਰ੍ਹਾਂ ਅਖ਼ੀਰ 13 ਜੂਨ 1940 ਨੂੰ ਸ: ਊਧਮ ਸਿੰਘ ਨੂੰ ਫਾਂਸੀ ਤੇ ਲਟਕਾ ਦਿਤਾ ਗਿਆ। ਇਸ ਸ਼ਹੀਦੀ ਸਾਕੇ ਦਾ ਸਾਰੇ ਭਾਰਤ ਵਿਚ ਬਹੁਤ ਚਰਚਾ ਹੋਇਆ ਤੇ ਆਜ਼ਾਦੀ ਦੀ ਲਹਿਰ ਨੂੰ ਇਸ ਨਾਲ ਹੁਲਾਰਾ ਮਿਲਿਆ।

ਬਚਨ ਸਿੰਘ ਲੋਹਾ ਖੇੜਾ

ਸ: ਊਧਮ ਸਿੰਘ ਸੁਨਾਮ ਨੇ ਮਾਲਵੇ ਵਿਚ ਬੱਬਰ ਅਕਾਲੀ ਲਹਿਰ ਦਾ ਬਹੁਤ ਪ੍ਰਚਾਰ ਕੀਤਾ ਜਿਸ ਕਾਰਨ ਅਨੇਕਾਂ ਨੌਜਵਾਨ ਕੌਮੀ ਸੇਵਾ ਲਈ ਮੈਦਾਨ ਵਿਚ ਨਿੱਤਰ ਪਏ। ਇਹਨਾਂ ਵਿਚ ਹੀ ਲੋਹਾ ਖੇੜਾ ਦੇ ਸ: ਭੋਲਾ ਸਿੰਘ ਤੇ ਸ: ਬਚਨ ਸਿੰਘ ਸਨ ਜਿਨ੍ਹਾਂ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਸਿੱਖਾਂ 'ਤੇ ਜ਼ੁਲਮ ਤੇ ਅੱਤਿਆਚਾਰ ਕਰਨ ਵਾਲੇ ਬਦਨਾਮ ਪੁਲਸ ਕਪਤਾਨ ਬੀ. ਟੀ. ਨੂੰ ਮਾਰ ਕੇ ਬਦਲਾ ਲਿਆ ਤੇ ਫਿਰ ਇਸ ਕਾਰਨਾਮੇ ਕਰਕੇ ਫਾਂਸੀ ਲਗ ਕੇ ਸ਼ਹੀਦ ਹੋਏ।

ਸ: ਊਧਮ ਸਿੰਘ ਸੁਨਾਮ ਅਜੇ ਲੰਡਨ ਨਹੀਂ ਸਨ ਗਏ, ਜਦੋਂ ਮਾਲਵੇ ਦੇ ਸਾਰੇ ਇਨਕਲਾਬੀਆਂ ਦੀ ਇਕ ਮੀਟਿੰਗ ਹੋਈ, ਜਿਸ ਵਿਚ ਫ਼ੈਸਲਾ ਕੀਤਾ ਗਿਆ ਕਿ ਗੁਰੂ ਕੇ ਬਾਗ਼ ਵਿਚ ਸਿੱਖ ਕੌਮ ਤੇ ਅੱਤਿਆਚਾਰ ਕਰਨ ਵਾਲੇ ਬੀ. ਟੀ. ਨੂੰ ਖ਼ਤਮ ਕੀਤਾ ਜਾਏ ਤਾਂ ਕਿ ਅਗੋਂ ਲਈ ਦੂਜੇ ਸਾਰੇ ਅੰਗਰੇਜ ਅਫ਼ਸਰਾਂ ਨੂੰ ਕੰਨ ਹੋ ਜਾਣ ਕਿ ਹਿੰਦੁਸਤਾਨੀਆਂ ਤੇ ਖ਼ਾਸ ਕਰਕੇ ਸਿੱਖਾਂ ਨਾਲ ਵੈਰ ਪਾ ਕੇ ਕੋਈ ਜ਼ਿੰਦਾ ਨਹੀਂ ਰਹਿ ਸਕਦਾ। ਬੀ. ਟੀ. ਕੇਵਲ ਸ਼ਾਂਤਮਈ ਸਤਿਆਗ੍ਰਹਿ ਕਰਨ ਵਾਲੇ ਸਿੰਘਾਂ 'ਤੇ ਅੱਤਿਆਚਾਰ ਨਹੀਂ ਸੀ ਕਰਦਾ, ਸਗੋਂ ਇਹ ਕਾਰਾ ਕਰਦਿਆਂ ਉਹ ਸਿੱਖ ਗੁਰੂ ਸਾਹਿਬਾਨ ਦੀ ਸ਼ਾਨ ਵਿਰੁੱਧ ਵੀ ਬਹੁਤ ਕੁਝ ਆਖਿਆ ਕਰਦਾ ਸੀ। ਉਹਦੇ ਇਹ ਕੁਬਚਨ ਸੁਣ ਕੇ ਹਰ ਸਿੱਖ ਗੱਭਰੂ ਦਾ ਗੁੱਸਾ ਵਧ ਜਾਂਦਾ ਸੀ। ਇਹਨਾਂ ਸਾਰੇ ਇਨਕਲਾਬੀਆਂ ਨੇ ਪਹਿਲਾਂ ਉਸ ਦਾ ਕੰਡਾ ਕਢਣ ਦਾ ਮਨ ਬਣਾਇਆ ਤੇ ਤਿੰਨ ਆਦਮੀਆਂ ਨੇ ਇਹ ਕੰਮ ਕਰਨ ਦੀ ਜ਼ਿਮੇਵਾਰੀ ਲੈ ਲਈ। ਇਹਨਾਂ ਵਿਚ ਸ: ਬਚਨ ਸਿੰਘ ਲੋਹਾ ਖੇੜਾ ਵੀ ਸਨ।

ਇਹਨਾਂ ਪਿਛੇ ਪੁਲਸ ਪਹਿਲਾਂ ਹੀ ਲੱਗੀ ਹੋਈ ਸੀ ਤੇ ਇਹ ਸਾਰੇ ਚੱਕਰਵਰਤੀ ਸਨ। ਇਕ ਦਿਨ ਮਲੇਰਕੋਟਲੇ ਦੀ ਪੁਲਸ ਨਾਲ ਇਹਨਾਂ ਦਾ ਮੁਕਾਬਲਾ ਹੋ ਗਿਆ ਜਦੋਂ ਕਿ ਪੁਲਸ ਨੇ ਇਹਨਾਂ ਨੂੰ ਫੜਨ ਲਈ ਛਾਪਾ ਮਾਰਿਆ। ਸ: ਬਚਨ ਸਿੰਘ ਤੇ ਕੁਝ ਹੋਰ ਸਿੰਘ ਕਾਫ਼ੀ ਮੁਕਾਬਲਾ ਕਰਨ ਪਿਛੋਂ ਫੜੇ ਗਏ। ਪੁਲਸ ਮੁਕਾਬਲੇ

ਦੇ ਮੁਕੱਦਮੇ ਵਿਚ ਚੋਖੀ ਲੰਮੀ ਸਜ਼ਾ ਹੋਈ। ਹੋਰ ਮੁਕੱਦਮਿਆਂ ਵਿਚ ਵੀ ਸਜ਼ਾਵਾਂ ਹੋਈਆਂ।

ਸ: ਬਚਨ ਸਿੰਘ ਨੇ ਜੇਲ੍ਹ ਵਿਚ ਸੋਚਿਆ ਕਿ ਕੋਈ ਉਪਰਾਲਾ ਕਰਨਾ ਚਾਹੀਦਾ ਹੈ। ਜੇਕਰ ਕੋਈ ਯਤਨ ਰਿਹਾਅ ਹੋਣ ਦਾ ਨਾ ਕੀਤਾ ਗਿਆ ਤਾਂ ਇਹ ਅੰਗਰੇਜ਼ ਸਰਕਾਰ ਜੇਲ੍ਹ ਵਿਚ ਹੀ ਰਖ ਕੇ ਮਾਰ ਦੇਵੇਗੀ। ਬਾਹਰ ਬੀ. ਟੀ. ਨੂੰ ਮਾਰਨ ਦਾ ਜ਼ਿੰਮੇ ਲਿਆ ਕੰਮ ਕਿਵੇਂ ਸਿਰੇ ਚੜ੍ਹੇਗਾ। ਇਹਨਾਂ ਨੇ ਅੰਦਰ ਧੜੱਲੇਦਾਰ ਇਖ਼ਲਾਕੀ ਕੈਦੀਆਂ ਨਾਲ ਯਾਰੀ ਪਾਈ ਤੇ ਹੌਲੀ ਹੌਲੀ ਛੇ ਇਖ਼ਲਾਕੀ ਕੈਦੀ ਤਿਆਰ ਕਰ ਲਏ। ਇਕ ਦਿਨ ਜੇਲ੍ਹ ਸੰਤਰੀ 'ਤੇ ਹਮਲਾ ਕਰ ਕੇ ਉਹਦੀ ਬੰਦੂਕ ਖੋਹ ਲਈ ਤੇ ਉਹ ਬੰਦੂਕ ਦਿਖਾ ਕੇ ਸਾਰੇ ਕਰਮਚਾਰੀ ਇਕ ਕਮਰੇ ਵਿਚ ਡੱਕ ਦਿਤੇ। ਆਪ ਜੇਲ੍ਹ ਦਾ ਮਾਲਖ਼ਾਨਾ ਤੋੜ ਕੇ ਹਰੇਕ ਨੇ ਇਕ-ਇਕ ਰਾਈਫ਼ਲ ਕੱਢ ਲਈ ਤੇ ਸਾਰੇ ਜੇਲ੍ਹ 'ਚੋਂ ਭੱਜ ਗਏ। ਇਖ਼ਲਾਕੀ ਕੈਦੀ ਤਾਂ ਕਿਧਰੇ ਜਾਨ ਬਚਾਉਣ ਲਈ ਤੁਰ ਗਏ ਤੇ ਇਹ ਸਾਰੇ ਬੀ. ਟੀ. ਨੂੰ ਕੀਤੇ ਦੀ ਸਜ਼ਾ ਦੇਣ ਲਈ ਉਹਦੇ ਪਿਛੇ ਪੈ ਗਏ।

ਬੀ. ਟੀ. ਨੇ ਇਕ ਤੀਵੀਂ ਹਰਨਾਮ ਕੌਰ ਨੂੰ ਆਪਣੇ ਘਰ ਰਖ ਲਿਆ ਸੀ ਤੇ ਰਿਆਸਤ ਪਟਿਆਲਾ ਦੇ ਪਿੰਡ ਚੜੇ ਵਿਚ ਕੋਠੀ ਪਾ ਕੇ ਉਥੇ ਰਹਿੰਦਾ ਸੀ। ਹਰਨਾਮ ਕੌਰ ਦਾ ਪਤੀ ਮਰ ਚੁਕਿਆ ਸੀ ਤੇ ਉਹ ਬੀ. ਟੀ. ਨਾਲ ਰਹਿੰਦੀ ਸੀ। ਉਹਦੇ ਸਹੁਰੇ ਪਰਿਵਾਰ ਨੂੰ ਇਹ ਗੱਲ ਬਿਲਕੁਲ ਪਸੰਦ ਨਹੀਂ ਸੀ ਤੇ ਉਹ ਇਸ ਕਰਕੇ ਹਰਨਾਮ ਕੌਰ ਤੇ ਬੀ. ਟੀ. ਨੂੰ ਨਫ਼ਰਤ ਕਰਦੇ ਸਨ। ਹਰਨਾਮ ਕੌਰ ਦਾ ਦੇਵਰ, ਕਾਕਾ ਸਿੰਘ ਤਾਂ ਇਸ ਦੁਖੋਂ ਮਾਲਵੇ ਦੇ ਬੱਬਰ ਅਕਾਲੀਆਂ ਦੇ ਨੇੜੇ ਹੋ ਗਿਆ।

ਜਦ ਬਚਨ ਸਿੰਘ ਹੋਰੀਂ ਰਿਹਾਅ ਹੋ ਗਏ ਤਾਂ ਇਹਨਾਂ ਕਾਕਾ ਸਿੰਘ ਨਾਲ ਮਿਲ ਕੇ ਸਾਰੀ ਵਿਉਂਤ ਬਣਾਈ। ਕਾਕਾ ਸਿੰਘ ਨੇ ਦਸਿਆ ਕਿ ਬੀ. ਟੀ. ਕਰੜੇ ਪਹਿਰੇ ਵਿਚ ਰਹਿੰਦਾ ਹੈ, ਉਸ ਨੂੰ ਕਿਸ ਤਰ੍ਹਾਂ ਕਤਲ ਕੀਤਾ ਜਾਏਗਾ। ਸ: ਬਚਨ ਸਿੰਘ ਲੋਹਾ ਖੇੜਾ ਨੇ ਇਕ ਵਿਉਂਤ ਦੱਸੀ ਤੇ ਸਾਰਿਆਂ ਨੂੰ ਉਹ ਪਸੰਦ ਆ ਗਈ। ਸਭ ਨੇ ਪੁਲਸੀਆਂ ਵਾਲੀਆਂ ਵਰਦੀਆਂ ਲੈ ਕੇ ਪਾ ਲਈਆਂ ਤੇ ਕਾਕਾ ਸਿੰਘ ਨੂੰ ਫੜ ਕੇ ਲੈ ਗਏ। ਬੀ. ਟੀ. ਨੇ ਇਲਾਕੇ ਦੀ ਪੁਲਸ ਪਾਸ ਇਤਲਾਹ ਦਿਤੀ ਹੋਈ ਸੀ ਕਿ ਉਹਦੀ ਕਾਕਾ ਸਿੰਘ ਨਾਲ ਨਰਾਜ਼ਗੀ ਹੈ ਤੇ ਇਸ ਤੋਂ ਖ਼ਤਰਾ ਹੋ ਸਕਦਾ ਹੈ। ਜਦ ਪਹਿਰੇਦਾਰ ਨੇ ਪੁਛਿਆ ਤਾਂ ਇਹਨਾਂ ਕਿਹਾ ਕਿ ਅਸੀਂ ਪੁਲਸ ਵਾਲੇ ਹਾਂ ਤੇ ਕਾਕਾ ਸਿੰਘ ਨੂੰ ਸਾਹਿਬ ਦੇ ਪੇਸ਼ ਕਰਨਾ ਹੈ।

ਬੀ. ਟੀ. ਦੇ ਸਾਹਮਣੇ ਜਾ ਕੇ ਬੱਬਰਾਂ ਨੇ ਕਿਹਾ ਇਹ ਕਾਕਾ ਸਿੰਘ ਅਗੋਂ ਲਈ ਤੁਹਾਡੇ ਨਾਲ ਕਿਸੇ ਕਿਸਮ ਦੀ ਦੁਸ਼ਮਣੀ ਨਹੀਂ ਰਖੇਗਾ। ਇਹ ਹੁਣ ਤੁਹਾਡੇ ਤੋਂ ਮਾਫ਼ੀ ਮੰਗਣ ਆਇਆ ਹੈ। ਬੀ. ਟੀ. ਬਹੁਤ ਖ਼ੁਸ਼ ਹੋ ਗਿਆ। ਕਾਕਾ ਸਿੰਘ ਮਾਫ਼ੀ ਮੰਗਣ ਦੇ ਬਹਾਨੇ ਬੀ. ਟੀ. ਦੇ ਪੈਰੀਂ ਪੈ ਗਿਆ ਤੇ ਝੁਕਦਿਆਂ ਹੀ ਲੱਤਾਂ ਤੋਂ ਫੜ ਕੇ ਬੀ. ਟੀ. ਨੂੰ ਥਲੇ ਸੁੱਟ ਲਿਆ। ਉਪਰੋਂ ਦੂਜਿਆਂ ਨੇ ਝੱਟ ਗੋਲੀਆਂ ਚਲਾ ਕੇ ਬੀ. ਟੀ. ਨੂੰ ਉਥੇ ਹੀ ਠੰਢਾ ਕਰ ਦਿਤਾ। ਜਦ ਹਰਨਾਮ ਕੌਰ ਰੌਲਾ ਪਾਉਣ ਲਗੀ ਤਾਂ ਉਸ ਨੂੰ ਵੀ ਮੌਕੇ ਤੇ ਹੀ ਮਾਰ ਦਿਤਾ।

ਬਚਨ ਸਿੰਘ ਤੇ ਹੋਰ ਆਦਮੀ ਫੜੇ ਗਏ। ਮੁਕੱਦਮਾ ਚਲਿਆ ਤੇ ਬਚਨ ਸਿੰਘ ਲੋਹਾ ਖੇੜਾ ਨੂੰ ਫਾਂਸੀ ਦੀ ਸਜ਼ਾ ਹੋਈ। ਬਾਕੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਬਚਨ ਸਿੰਘ ਭਾਵੇਂ ਫਾਂਸੀ ਲਗ ਕੇ ਸ਼ਹੀਦ ਹੋ ਗਿਆ ਪਰ ਉਸ ਨੇ ਗੁਰੂ ਕੇ ਬਾਗ਼ ਦੇ ਅੱਤਿਆਚਾਰਾਂ ਦੇ ਜ਼ਿੰਮੇਵਾਰ ਅਫ਼ਸਰ ਤੋਂ ਬਦਲਾ ਲੈ ਲਿਆ।

ਸ: ਸਾਧੂ ਸਿੰਘ ਸਾਂਧੜਾ

ਸ: ਸਾਧੂ ਸਿੰਘ ਸਾਂਧੜਾ ਉਹ ਬਹਾਦਰ ਸੂਰਮਾ ਤੇ ਦੇਸ਼ ਭਗਤ ਸੀ, ਜਿਸ ਨੇ ਬੱਬਰ ਅਕਾਲੀ ਲਹਿਰ ਸਮੇਂ ਦੇਸ਼ ਭਗਤ ਬੱਬਰਾਂ ਨੂੰ ਗ੍ਰਿਫ਼ਤਾਰ ਕਰਾਉਣ ਤੇ ਫਾਂਸੀ ਲਵਾਉਣ ਲਈ ਗਵਾਹੀਆਂ ਦੇਣ ਵਾਲਿਆਂ ਤੇ ਪੁਲਸ ਨੂੰ ਇਤਲਾਹਾਂ ਦੇ ਕੇ ਮੁਰੱਬੇ ਹਾਸਲ ਕਰਨ ਵਾਲਿਆਂ ਤੋਂ ਬਦਲਾ ਲਿਆ ਤੇ ਅਨੇਕਾਂ ਗ਼ੱਦਾਰਾਂ ਨੂੰ ਮਾਰ ਕੇ ਅਖ਼ੀਰ ਆਪ ਸ਼ਹੀਦ ਹੋ ਗਿਆ।

ਸਾਧੂ ਸਿੰਘ ਪਿੰਡ ਸਾਂਧੜਾ ਦਾ ਰਹਿਣ ਵਾਲਾ ਬੱਬਰ ਅਕਾਲੀਆਂ ਦਾ ਹਮਦਰਦ ਤੇ ਸਹਾਇਕ ਸੀ। ਬੱਬਰ ਇਸ ਪਾਸ ਆ ਕੇ ਠਹਿਰਿਆ ਕਰਦੇ ਸਨ। ਸ: ਸਾਧੂ ਸਿੰਘ ਉਹਨਾਂ ਦੀ ਸੇਵਾ ਕਰਦਾ ਤੇ ਜਦ ਲੋੜ ਹੁੰਦੀ ਮਾਇਆ ਵੀ ਦਿੰਦਾ। ਉਹ ਬੱਬਰਾਂ ਨੂੰ ਇਤਲਾਹਾਂ ਵੀ ਪਹੁੰਚਾਂਦਾ ਕਿ ਇਲਾਕੇ ਵਿਚ ਪੁਲਸ ਉਹਨਾਂ ਵਿਰੁੱਧ ਕੀ ਕਰ ਰਹੀ ਹੈ। ਵੱਡੇ ਬੱਬਰ ਕੇਸ ਵਿਚ ਪੁਲਸ ਨੇ ਸਾਧੂ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਇਸ ਵਿਰੁੱਧ ਕੋਈ ਵੀ ਦੋਸ਼ ਸਾਬਤ ਨਾ ਕੀਤਾ ਜਾ ਸਕਿਆ, ਪਰ ਫਿਰ ਵੀ ਸੈਸ਼ਨ ਤੋਂ ਉਮਰ ਕੈਦ ਹੋ ਗਈ। ਹਾਈ ਕੋਰਟ ਵਿਚ ਅਪੀਲ ਕੀਤੀ, ਜਿਸ ਕਾਰਨ ਅਖ਼ੀਰ ਅਦਾਲਤ ਨੇ ਬਰੀ ਕਰ ਦਿਤਾ।

ਜਦ ਸਾਰੇ ਬੱਬਰ ਫਾਂਸੀ ਲਗ ਗਏ, ਉਮਰ ਕੈਦ ਦੀ ਸਜ਼ਾ ਹੋ ਗਈ ਤੇ ਕਾਲੇ ਪਾਣੀ ਭੇਜ ਦਿਤੇ ਗਏ ਜਾਂ ਜੇਲ੍ਹਾਂ ਵਿਚ ਹੀ ਸ਼ਹੀਦ ਹੋ ਗਏ ਤਾਂ ਪਿਛੇ ਬੱਬਰਾਂ ਨਾਲ ਗ਼ੱਦਾਰੀ ਕਰਨ ਵਾਲੇ, ਪੁਲਸ ਦੇ ਟਾਊਟ ਤੇ ਝੋਲੀ-ਚੁਕ ਰਹਿ ਗਏ। ਉਹਨਾਂ ਨੇ ਸਮਝਿਆ ਕਿ ਅੰਦੋਲਨ ਫੇਲ੍ਹ ਹੋ ਗਿਆ ਹੈ ਤੇ ਬੱਬਰ ਜੇਲ੍ਹਾਂ ਵਿਚ ਹਨ, ਕਿਉਂ ਨਾ ਉਹਨਾਂ ਨੂੰ ਹੋਰ ਬਦਨਾਮ ਕੀਤਾ ਜਾਏ। ਦੋ ਬੱਬਰਾਂ ਬੰਤਾ ਸਿੰਘ ਧਾਮੀਆਂ ਤੇ ਸੁਰੈਣ ਸਿੰਘ ਦੌਲਤਪੁਰ ਦੀਆਂ ਪਤਨੀਆਂ ਨੂੰ ਕੁਝ ਬਦਮਾਸ਼ਾਂ ਨੇ ਜ਼ਬਰਦਸਤੀ ਆਪਣੇ ਘਰ ਵਸਾ ਲਿਆ। ਸ: ਸਾਧੂ ਸਿੰਘ ਰਿਹਾਅ ਹੋਇਆ ਤਾਂ ਉਹਨੂੰ ਇਹ ਜਾਣ ਕੇ ਬਹੁਤ ਦੁਖ ਹੋਇਆ। ਦੂਜਾ ਉਸ ਨੇ ਸੁਣਿਆ ਕਿ ਬੱਬਰਾਂ ਨੂੰ ਫੜਾਣ ਵਾਲੇ ਬੜੇ ਮਾਣ ਨਾਲ ਕਹਿੰਦੇ ਹਨ ਕਿ ਉਹਨਾਂ ਨੇ ਬੱਬਰ ਮਰਵਾਏ ਹਨ। ਇਹ ਸੁਣ ਕੇ ਸਾਧੂ ਸਿੰਘ ਨੇ ਲਹਿਰ ਦੀ ਅਸਫ਼ਲਤਾ ਪਿਛੋਂ ਮੁੜ ਕੇ ਉਦਮ ਕਰਨ ਦਾ ਫ਼ੈਸਲਾ ਕਰ ਲਿਆ।

ਦੋ ਸਿੰਘ ਇਸ ਕੰਮ ਲਈ ਹੋਰ ਤਿਆਰ ਕਰ ਲਏ। ਹਥਿਆਰ ਮੁੜ ਕੇ ਪ੍ਰਾਪਤ ਕੀਤੇ ਤੇ ਇਕ ਦਿਨ ਪਿੰਡ ਕਲਿਆਣੇ ਵਿਚ ਉਸ ਜਗਤ ਸਿੰਘ ਨੂੰ ਜਾ ਫੜਿਆ ਜਿਸ ਨੇ ਬੱਬਰਾਂ ਵਿਰੁੱਧ ਝੂਠੀ ਗਵਾਹੀ ਦਿਤੀ ਸੀ। ਉਸ ਨੂੰ ਪਹਿਲਾਂ ਗੋਲੀ ਮਾਰੀ ਤੇ ਫਿਰ ਕਿਰਪਾਨ ਨਾਲ ਟੋਟੇ ਟੋਟੇ ਕਰ ਦਿਤਾ। ਉਹਦੇ ਘਰ ਜਾ ਵਸੀ ਬੰਤਾ ਸਿੰਘ

ਧਾਮੀਆਂ ਦੀ ਪਤਨੀ ਨੂੰ ਵੀ ਮਾਰ ਦਿਤਾ। ਦੂਜਾ ਹਮਲਾ ਪਿੰਡ ਸਾਂਧਰੀ ਉਸ ਆਦਮੀ ਤੇ ਕੀਤਾ ਜਿਸ ਨੇ ਬੱਬਰ ਸੁਰੈਣ ਸਿੰਘ ਦੀ ਪਤਨੀ ਘਰ ਵਸਾਈ ਸੀ। ਫਿਰ ਸਾਧੂ ਸਿੰਘ ਨੂੰ ਪਤਾ ਲੱਗਾ ਕਿ ਇਕ ਰਿਟਾਇਰਡ ਕਪਤਾਨ ਅੰਗਰੇਜ਼ਾਂ ਦੇ ਹੱਕ ਵਿਚ ਤੇ ਬੱਬਰਾਂ ਦੀ ਬਦਖ਼ੋਹੀ ਸਾਰਾ ਦਿਨ ਕਰਦਾ ਰਹਿੰਦਾ ਹੈ। ਸਾਧੂ ਸਿੰਘ ਨੇ ਜਾ ਕੇ ਉਸ ਨੂੰ ਵੀ ਪਾਰ ਬੁਲਾਇਆ।

ਇਹ ਸਾਰੇ ਕਤਲ ਸਾਧੂ ਸਿੰਘ ਨੇ ਆਪਣੀ ਕਿਸੇ ਪ੍ਰਾਪਤੀ ਜਾਂ ਲਾਲਚ ਅਧੀਨ ਨਹੀਂ ਕੀਤੇ। ਨਾ ਹੀ ਕਿਸੇ ਨਾਲ ਉਸ ਦੀ ਜ਼ਾਤੀ ਦੁਸ਼ਮਣੀ ਸੀ। ਉਸ ਨੇ ਬੱਬਰਾਂ ਵਿਰੁੱਧ ਗਵਾਹੀਆਂ ਦੇਣ, ਬੱਬਰਾਂ ਦੀਆਂ ਪਤਨੀਆਂ ਉਧਾਲਣ ਤੇ ਘਰ ਵਸਾਣ ਤੇ ਬੱਬਰਾਂ ਨੂੰ ਗਾਲ੍ਹਾਂ ਕਢਣ ਵਾਲਿਆਂ ਦਾ ਸਫਾਇਆ ਕੀਤਾ। ਅਖ਼ੀਰ ਕਈ ਕਤਲਾਂ ਦੇ ਦੋਸ਼ ਵਿਚ ਫੜਿਆ ਗਿਆ ਤੇ ਮੁਕੱਦਮੇ ਵਿਚ ਉਸ ਨੂੰ ਫਾਂਸੀ ਦੀ ਸਜ਼ਾ ਹੋਈ। ਸ਼ਹੀਦ ਹੋ ਗਿਆ ਪਰ ਇਕ ਵਾਰ ਮੁੜ ਕੇ ਦੁਆਬੇ ਵਿਚ ਉਸ ਨੇ ਬੱਬਰਾਂ ਵਾਲਾ ਭੈ ਤੇ ਝੋਲੀ-ਚੁਕਾਂ ਦੇ ਯਰਕਾਟ ਕਢ ਦਿਤੇ। ਉਹਦਾ ਇਹ ਵਿਅਕਤੀਗਤ ਯਤਨ ਵੀ ਬੜਾ ਅਸਰ ਭਰਪੂਰ ਸਿਧ ਹੋਇਆ।

ਸ: ਰਤਨ ਸਿੰਘ ਰੱਕੜ

ਸ: ਰਤਨ ਸਿੰਘ ਰੱਕੜ ਜ਼ਿਲ੍ਹਾ ਜਲੰਧਰ ਦਾ ਉਹ ਸੂਰਬੀਰ ਤੇ ਸ਼ੇਰ ਮਰਦ ਸੀ, ਜਿਸ ਨੇ ਪਹਿਲਾਂ ਬੱਬਰ ਅਕਾਲੀ ਲਹਿਰ ਤੇ ਫਿਰ ਉਸ ਪਿਛੋਂ ਵੀ ਆਪਣੀਆਂ ਸਰਗਰਮੀਆਂ ਜਾਰੀ ਰਖੀਆਂ। ਇਸ ਦਾ ਸਿੱਧਾ ਸੰਬੰਧ ਬੱਬਰ ਲਹਿਰ ਨਾਲ ਸੀ। ਉਸ ਸਮੇਂ ਦੀ ਇਨਕਲਾਬੀ ਵਿਚਾਰਧਾਰਾ ਅਧੀਨ ਇਹ ਵੀ ਹਿੰਸਕ ਕਾਰਵਾਈ ਕਰ ਕੇ ਅੰਗਰੇਜ਼ ਸਰਕਾਰ ਨੂੰ ਚੈਲੰਜ ਕਰਦਾ ਰਿਹਾ।

ਸ: ਰਤਨ ਸਿੰਘ ਜਵਾਨੀ ਚੜ੍ਹਦਿਆਂ ਹੀ ਫ਼ੌਜ ਵਿਚ ਭਰਤੀ ਹੋ ਗਿਆ ਪਰ ਛੇਤੀ ਹੀ ਇਸ ਅਨੁਭਵ ਕੀਤਾ ਕਿ ਕੁਝ ਰੁਪਿਆਂ ਪਿਛੇ ਅੰਗਰੇਜ਼ਾਂ ਨੂੰ ਆਪਣੀ ਜ਼ਿੰਦਗੀ ਵੇਚਣ ਨਾਲੋਂ ਦੇਸ਼ ਤੇ ਕੌਮ ਦੇ ਲੇਖੇ ਲਾ ਦੇਣੀ ਚਾਹੀਦੀ ਹੈ। ਇਸ ਤੇ ਫ਼ੌਜ ਵਿਚੋਂ ਭੱਜ ਆਇਆ ਤੇ ਇਨਕਲਾਬੀ ਸਰਗਰਮੀਆਂ ਸ਼ੁਰੂ ਕਰ ਦਿਤੀਆਂ। ਇਸ ਨੇ ਬੰਬ ਬਣਾ ਕੇ ਤੇ ਹਥਿਆਰ ਪ੍ਰਾਪਤ ਕਰ ਕੇ ਹਿੰਸਕ ਕਾਰਵਾਈਆਂ ਕਰ ਰਹੇ ਦੇਸ਼ ਭਗਤਾਂ ਨੂੰ ਪਹੁੰਚਾਣੇ ਸ਼ੁਰੂ ਕਰ ਦਿਤੇ।

ਕਈ ਸਾਲ ਪੁਲਸ ਨੂੰ ਪਤਾ ਨਾ ਲੱਗਾ ਕਿ ਪੰਜਾਬ ਦੇ ਇਨਕਲਾਬੀ ਤੇ ਗਰਮ-ਖ਼ਿਆਲੀਏ ਲੋਕ ਹਥਿਆਰ ਕਿਥੋਂ ਪ੍ਰਾਪਤ ਕਰ ਰਹੇ ਹਨ ਤੇ ਬੰਬ ਕੌਣ ਤੇ ਕਿਥੇ ਬਣਾ ਰਿਹਾ ਹੈ। ਅਖ਼ੀਰ ਸ: ਰਤਨ ਸਿੰਘ ਰੱਕੜ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਕਈ ਸੱਚੇ ਝੂਠੇ ਦੂਸ਼ਨ ਲਾ ਕੇ ਉਮਰ ਕੈਦ ਕਰਵਾ ਦਿੱਤੀ। ਨਾਲ ਹੀ ਅਦਾਲਤ ਨੇ ਕਾਲੇ ਪਾਣੀ ਭੇਜਣ ਦਾ ਵੀ ਹੁਕਮ ਦੇ ਦਿਤਾ।

ਸ: ਰਤਨ ਸਿੰਘ ਨੇ ਸੋਚਿਆ ਕਿ ਜੇਕਰ ਕਾਲੇ ਪਾਣੀ ਚਲਾ ਗਿਆ ਤਾਂ ਐਵੇਂ ਉਮਰ ਵਿਅਰਥ ਚਲੀ ਜਾਏਗੀ, ਇਸ ਲਈ ਕਾਲੇ ਪਾਣੀ ਜਾਣ ਤੋਂ ਪਹਿਲਾਂ ਉਪਰਾਲਾ ਕਰਨਾ ਚਾਹੀਦਾ ਹੈ ਕਿ ਕੈਦ ਤੋਂ ਛੁਟਕਾਰਾ ਮਿਲ ਜਾਏ। ਪੁਲਸ ਗੱਡੀ

ਰਾਹੀਂ ਲਿਜਾ ਰਹੀ ਸੀ ਜਦ ਰਾਹ ਵਿਚ ਸ: ਰਤਨ ਸਿੰਘ ਨੂੰ ਮੌਕਾ ਮਿਲ ਗਿਆ। ਦੋਵੇਂ ਹੱਥਕੜੀਆਂ ਵਾਲੇ ਹੱਥ ਜੋੜ ਕੇ ਉਸਨੇ ਸਿਪਾਹੀ ਦੇ ਮੂੰਹ ਤੇ ਇਤਨੇ ਜ਼ੋਰ ਨਾਲ ਮਾਰੇ ਕਿ ਉਹਦੀ ਹੋਸ਼ ਭੁਲ ਗਈ ਤੇ ਚਕਰਾ ਕੇ ਡਿਗ ਪਿਆ। ਸ: ਰਤਨ ਸਿੰਘ ਨੇ ਦੂਜੇ ਪੁਲਸੀਆਂ ਦੇ ਪਹੁੰਚਣ ਤਕ ਉਸ ਸਿਪਾਹੀ ਦੀ ਪੇਟੀ ਨਾਲੋਂ ਹੱਥਕੜੀ ਦਾ ਕੁੰਡਾ ਖੋਲ੍ਹ ਲਿਆ ਤੇ ਚਲਦੀ ਗੱਡੀ ਵਿਚੋਂ ਛਾਲ ਮਾਰ ਦਿਤੀ। ਨਾਲ ਜਾਂਦਿਆਂ ਉਸ ਸਿਪਾਹੀ ਦੀ ਰਾਈਫਲ ਵੀ ਲੈ ਗਿਆ। ਕਈ ਸਾਲ ਮੁੜ ਪੁਲਸ ਦੇ ਕਾਬੂ ਨਾ ਆਇਆ।

ਇਕ ਦਿਨ ਰੁੜਕੀ ਪਿੰਡ ਵਿਚ ਪੁਲਸ ਪਿਛਾ ਕਰਦੀ ਪਹੁੰਚ ਗਈ ਤੇ ਸ: ਰਤਨ ਸਿੰਘ ਇਕ ਮਕਾਨ ਵਿਚ ਘੇਰਿਆ ਗਿਆ। ਸ: ਰਤਨ ਸਿੰਘ ਕੱਚੇ ਮਕਾਨ ਦੀ ਕੰਧ ਵਿਚ ਅੰਦਰੋਂ ਪਾੜਾ ਕਰ ਕੇ ਦੂਜੇ ਮਕਾਨ ਵਿਚ ਚਲਾ ਗਿਆ। ਉਥੋਂ ਤੀਜੇ ਤੇ ਅਖ਼ੀਰ ਚੌਥੇ ਮਕਾਨ ਤੋਂ ਬਾਹਰ ਨਿਕਲਿਆ। ਪੁਲਸ ਉਸ ਪਾਸੇ ਵੀ ਖੜ੍ਹੀ ਸੀ ਪਰ ਸੂਰਮੇਂ ਦੀ ਲਲਕਾਰ ਤੇ ਜੈਕਾਰੇ ਨੇ ਸਿਪਾਹੀਆਂ ਦੇ ਹੱਥ ਪੈਰ ਫੁਲਾ ਦਿਤੇ। ਸ: ਰਤਨ ਸਿੰਘ ਨੇ ਪੰਜ ਪੁਲਸੀਆਂ ਨੂੰ ਮਾਰ ਲਿਆ। ਇਸ ਪਿਛੋਂ ਉਹ ਇਕ ਟੋਏ ਵਿਚ ਜਾ ਕੇ ਮੋਰਚਾ ਲਾ ਕੇ ਬੈਠ ਗਿਆ। ਕਾਫ਼ੀ ਸਮਾਂ ਦੋਹਾਂ ਪਾਸਿਆਂ ਤੋਂ ਗੋਲੀ ਚਲਦੀ ਰਹੀ। ਅਖ਼ੀਰ ਸ: ਰਤਨ ਸਿੰਘ ਪਾਸ ਗੋਲੀਆਂ ਮੁਕ ਗਈਆਂ। ਅਖ਼ੀਰਲੀ ਗੋਲੀ ਬੰਦੂਕ ਵਿਚ ਪਾ ਕੇ ਉਸ ਨੇ ਆਪਣੇ ਆਪ ਨੂੰ ਮਾਰ ਲਈ ਤੇ ਜੀਊਂਦੇ ਪੁਲਸ ਦੇ ਕਾਬੂ ਨਾ ਆਉਣ ਦਾ ਪ੍ਰਣ ਪੂਰਾ ਕੀਤਾ ਤੇ 15 ਜੁਲਾਈ 1933 ਨੂੰ ਸ਼ਹੀਦ ਹੋ ਗਿਆ।

੧੯੪੭ ਦੇ ਸ਼ਹੀਦ

ਅੰਗਰੇਜ਼ਾਂ ਨੇ ਭਾਰਤ ਨੂੰ ਆਜ਼ਾਦੀ ਦੇਣ ਤੋਂ ਪਹਿਲਾਂ ਇਥੇ ਫਿਰਕੂ ਖਿਚੋਤਾਣ ਇਤਨੀ ਪੈਦਾ ਕਰ ਦਿਤੀ ਕਿ ਅਖ਼ੀਰ ਦੇਸ਼ ਦੇ ਦੋ ਟੋਟੇ ਹੋ ਗਏ। ਪਾਕਿਸਤਾਨ ਦਾ ਜਨਮ ਜਿਸ ਕੁੜਿਤਣ ਵਿਚੋਂ ਹੋਇਆ, ਉਸ ਨੇ ਆਪਣਾ ਰੰਗ 1947 ਦੇ ਫ਼ਸਾਦਾਂ ਵਿਚ ਦਿਖਾਇਆ। ਸਾਡੀ ਧਰਤੀ ਦੇ ਲੋਕ ਅਜਿਹੀ ਆਤਮਕ ਅਧੋਗਤੀ ਤਕ ਅਪੜ ਗਏ ਕਿ ਹਜ਼ਾਰਾਂ ਬੇਗੁਨਾਹਾਂ ਦੇ ਲਹੂ ਦੀ ਹੋਲੀ ਖੇਡੀ ਗਈ। ਮਾਸੂਮਾਂ ਦੇ ਕਤਲ ਹੋਏ। ਇਸਤਰੀਆਂ ਦੀ ਬੇਪਤੀ ਕੀਤੀ ਗਈ। ਘਰ ਘਾਟ ਲੁਟੇ ਗਏ ਤੇ ਦਿਲ ਹਿਲਾ ਦੇਣ ਵਾਲੀਆਂ ਅਨੇਕਾਂ ਘਟਨਾਵਾਂ ਵਾਪਰੀਆਂ। ਇਸ ਸਮੇਂ ਪੱਛਮੀ ਪੰਜਾਬ, ਹਜ਼ਾਰੇ, ਰਿਆਸਤ ਬਹਾਵਲਪੁਰ ਤੇ ਜੰਮੂ ਕਸ਼ਮੀਰ ਵਿਚ ਹਜ਼ਾਰਾਂ ਸਿੰਘਾਂ ਸਿੰਘਣੀਆਂ ਨੇ ਧਰਮ ਦੀ ਖ਼ਾਤਰ ਆਪਾ ਵਾਰਿਆ। ਆਈ ਬਿਪਤਾ ਅਗੇ ਹਥਿਆਰ ਸੁਟਣ ਤੇ ਤਲਵਾਰ ਦੇ ਸਾਏ ਥੱਲੇ ਧਰਮ ਬਦਲਣ ਲਈ ਮਜਬੂਰ ਕਰਨ ਵਾਲਿਆਂ ਦੀ ਇੱਛਾ ਪੂਰਤੀ ਦੀ ਬਜਾਏ ਆਪਣੀ ਜਾਨ ਦੇ ਦਿਤੀ। ਅਜਿਹੇ ਲੋਕ ਜੋ ਧਰਮ ਛੱਡ ਕੇ ਜਾਨਾਂ ਬਚਾ ਸਕਦੇ ਸਨ ਤੇ ਆਪਣੀਆਂ ਬੀਬੀਆਂ ਜੋ ਆਪਣਾ ਜਤ ਸਤ ਤਿਆਗ ਕੇ ਕੁਝ ਦਿਨ ਹੋਰ ਜੀਊ ਸਕਦੀਆਂ ਸਨ, ਨੇ ਆਪਣੀਆਂ ਜਾਨਾਂ ਕੁਰਬਾਨ ਕਰ ਦਿਤੀਆਂ।

ਅਜਿਹੇ ਹਜ਼ਾਰਾਂ ਮੌਕੇ 1947 ਵਿਚ ਵੀ ਆਏ ਜਦ ਸਿੰਘਾਂ ਤੇ ਸਿੰਘਣੀਆਂ ਨੇ ਧਰਮ ਪਿਛੇ ਸੀਸ ਦਿਤੇ ਪਰ ਸਿੱਖੀ ਸਿਦਕ ਨਹੀਂ ਹਾਰਿਆ। ਕਈਆਂ ਥਾਂਵਾਂ ਤੇ ਸਿੱਖਾਂ ਨੇ ਹਮਲਾ ਕਰ ਕੇ ਆਏ ਦੁਸ਼ਟਾਂ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ। ਕਈ ਥਾਂ ਦੁਸ਼ਮਣ ਨੂੰ ਬੁਰੀ ਤਰ੍ਹਾਂ ਭਾਂਜ ਦਿਤੀ ਤੇ ਕਈ ਥਾਂ ਲੜਦੇ ਹੋਏ ਸ਼ਹੀਦ ਹੋ ਗਏ। ਇਸੇ ਤਰ੍ਹਾਂ ਜਿਥੇ ਸਿੱਖ ਬੀਬੀਆਂ ਦਾ ਵਸ ਚਲਿਆ, ਉਥੇ ਉਹਨਾਂ ਨੇ ਦੁਸ਼ਮਣ ਨੂੰ ਪਾਰ ਬੁਲਾਉਣ ਦਾ ਹੀਲਾ ਕੀਤਾ। ਜਿਥੇ ਉਹਨਾਂ ਨੂੰ ਦੁਸ਼ਮਣ ਦਾ ਟਾਕਰਾ ਕਰਨ ਜਾਂ ਉਸ ਤੋਂ ਬਚ ਨਿਕਲਣ ਲਈ ਕੁਝ ਕਰਨ ਦਾ ਅਵਸਰ ਨਾ ਮਿਲਿਆ, ਉਥੇ ਉਹਨਾਂ ਨੇ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਦਿਆਂ ਖੂਹਾਂ ਵਿਚ ਛਾਲਾਂ ਮਾਰੀਆਂ। ਇਸ ਤਰ੍ਹਾਂ ਧਰਮ ਤੇ ਇਜ਼ਤ ਦੇ ਵੈਰੀਆਂ ਹੱਥ ਜੀਊਂਦੇ ਆਉਣ ਦੀ ਥਾਂ ਮਰਨ ਨੂੰ ਚੁਣਿਆ। ਅਜਿਹੇ ਵਿਅਕਤੀ ਸ਼ਹੀਦ ਹਨ। ਆਪਣੇ ਧਰਮ ਨੂੰ ਕਾਇਮ ਰਖਣ ਖ਼ਾਤਰ ਜੋ ਅਸਹਿ ਦੁਖ ਸਹਿ ਕੇ ਸ਼ਹੀਦੀਆਂ ਪਾ ਗਏ, ਉਹਨਾਂ ਨੇ ਪੁਰਾਣੀਆਂ ਸਿੱਖ ਰਵਾਇਤਾਂ ਵਿਚ ਫਿਰ ਜਿੰਦ ਪਾ ਦਿਤੀ।

ਦੇਸ਼ ਦੀ ਵੰਡ ਸਮੇਂ ਜੋ ਫ਼ਸਾਦ ਹੋਏ ਉਹਨਾਂ ਵਿਚ ਹਿੰਦੂ ਸਿੱਖ ਇਕ ਪਾਸੇ ਸਨ ਤੇ ਮੁਸਲਮ ਲੀਗੀਆਂ ਦੇ ਭੜਕਾਏ ਹੋਏ ਫਿਰਕੂ ਮੁਸਲਮਾਨ ਦੂਜੇ ਪਾਸੇ ਸਨ। ਇਹ ਫਿਰਕੂ ਫ਼ਸਾਦ ਭਾਰਤ ਵਿਚ ਪਹਿਲਾਂ ਕਲਕੱਤੇ ਹੋਏ, ਫਿਰ ਬਿਹਾਰ ਵਿਚ

ਇਸ ਦਾ ਪ੍ਰਤੀਕਰਮ ਹੋਇਆ। ਬਿਹਾਰ ਵਿਚ ਵਾਪਰੀਆਂ ਘਟਨਾਵਾਂ ਪਿਛੋਂ ਹਜ਼ਾਰੇ ਵਲ ਹਿੰਦੂਆਂ ਸਿੱਖਾਂ ਤੇ ਹਮਲੇ ਹੋਣ ਲਗ ਪਏ। ਦਸੰਬਰ ਸੰਨ 1946 ਵਿਚ ਬਟਲ, ਊਂਘੀ, ਬਾਠਾਂ, ਬਿਆਰ ਕੁੰਡ, ਸ਼ੰਕਿਆਰੀ ਤੇ ਬਾਲਾਕੋਟ ਵਿਚ ਹਿੰਦੂਆਂ ਸਿੱਖਾਂ ਦੇ ਘਰ ਲੁਟੇ ਗਏ ਤੇ ਉਨ੍ਹਾਂ ਨੂੰ ਕਤਲ ਕਰ ਦਿਤਾ ਗਿਆ। ਊਂਘੀ ਵਿਚ ਸਿੱਖਾਂ ਨੇ ਆਪਣੀ ਤਾਕਤ ਨਾਲ ਡਟ ਕੇ ਮੁਕਾਬਲਾ ਕੀਤਾ ਤੇ ਅਖ਼ੀਰ 102 ਸਿੰਘ ਸ਼ਹੀਦ ਹੋ ਗਏ। ਬਾਠਾਂ ਵਿਚ ਬਾਵਾ ਜਵੰਦ ਸਿੰਘ, ਸ਼ੰਕਿਆਰੀ ਵਿਚ ਸ: ਲਾਲ ਸਿੰਘ ਸ਼ਹੀਦ ਕੀਤੇ ਗਏ।* ਫਿਰ ਸਾਰੇ ਹਜ਼ਾਰੇ ਵਿਚ ਹੀ ਗੁਰਦਵਾਰੇ ਤੇ ਮੰਦਰ ਢਾਹ ਤੇ ਸਾੜ ਦਿਤੇ ਗਏ ਅਤੇ ਸਿੱਖਾਂ ਤੇ ਆਮ ਹਮਲੇ ਹੋਣ ਲਗ ਪਏ।

ਇਹਨਾਂ ਦਿਨਾਂ ਵਿਚ ਹੀ ਹਵੇਲੀਆਂ ਨੇੜੇ ਮੋਹਰੀ ਪਿੰਡ ਤੇ ਮੁਸਲਿਮ ਲੀਗੀਆਂ ਨੇ ਹਮਲਾ ਕੀਤਾ ਤੇ ਸਿੱਖਾਂ ਨੇ ਬੜਾ ਡਟ ਕੇ ਮੁਕਾਬਲਾ ਕੀਤਾ। ਭਾਵੇਂ ਦੋ ਤਿੰਨ ਸਿੰਘ ਸ਼ਹੀਦੀਆਂ ਪਾ ਗਏ ਪਰ ਉਹਨਾਂ ਇਕ ਵਾਰ ਦੁਸ਼ਮਣ ਨੂੰ ਭਜਾ ਦਿਤਾ। ਪਿੰਡ ਧਣਕ ਦੇ ਸ: ਕਾਲਾ ਸਿੰਘ ਤੇ ਰਵੇਲ ਸਿੰਘ ਬੜੀ ਬੀਰਤਾ ਨਾਲ ਲੜਦੇ ਹੋਏ ਸ਼ਹੀਦ ਹੋ ਗਏ। ਅਖਰੋਟਾ ਵਿਚ ਬੜੀ ਘਮਸਾਨ ਦੀ ਲੜਾਈ ਹੋਈ। ਸ: ਰੂਪ ਸਿੰਘ ਤੇ ਗੁਲਾਬ ਸਿੰਘ ਬਹਾਦਰਾਂ ਵਾਂਗ ਲੜ ਕੇ ਸ਼ਹੀਦ ਹੋ ਗਏ ਪਰ ਬਾਕੀ ਸਾਰਾ ਪਿੰਡ ਇਹਨਾਂ ਦੀ ਬੀਰਤਾ ਕਾਰਨ ਬਚ ਗਿਆ। ਇਸੇ ਤਰ੍ਹਾਂ ਅੱਗ ਲੱਗਣ ਨਾਲ ਕਈ ਪਰਿਵਾਰ ਜੀਉਂਦੇ ਸੜ ਗਏ। ਮਲਾਛ ਵਿਚ ਸ: ਰਾਜਾ ਸਿੰਘ ਦੇ ਟੱਬਰ ਦੇ 27 ਜੀਅ ਸ਼ਹੀਦ ਹੋਏ। ਇਕ ਮਹੀਨਾ ਹਜ਼ਾਰੇ ਵਿਚ ਸਿੱਖਾਂ ਦਾ ਬੜਾ ਕਤਲੇਆਮ ਹੋਇਆ। 4 ਜਨਵਰੀ 1947 ਨੂੰ ਜ਼ਿਲ੍ਹੇ ਵਿਚ ਮਾਰਸ਼ਲ ਲਾਅ ਲੱਗਾ ਤੇ ਫਿਰ ਕੁਝ ਠੰਢ ਪਈ। ਹਜ਼ਾਰਾਂ ਸਿੱਖ ਪਰਿਵਾਰ ਬਚ ਕੇ ਨਿਕਲ ਆਏ ਜਾਂ ਸ਼ਹੀਦ ਹੋ ਗਏ ਪਰ ਉਹਨਾਂ ਨੇ ਕਿਧਰੇ ਵੀ ਸਿੱਖੀ ਤਿਆਗ ਕੇ ਜਾਨ ਬਚਾਉਣ ਦਾ ਯਤਨ ਨਾ ਕੀਤਾ।

ਪੰਜਾਬ ਵਿਚ ਇਹ ਫ਼ਸਾਦ ਮਾਰਚ ਦੇ ਮਹੀਨੇ ਸਭ ਤੋਂ ਪਹਿਲਾਂ ਰਾਵਲਪਿੰਡੀ ਜ਼ਿਲ੍ਹੇ ਵਿਚ ਸ਼ੁਰੂ ਹੋਏ। ਥੋਹਾ ਖ਼ਾਲਸਾ, ਸਈਅਦ, ਕਹੂਟਾ, ਭਾਗਪੁਰ, ਪੰਜ ਗਿਰਾਂ, ਬੇਵਲ, ਬਸਾਲੀ, ਹਰਨਾਲ, ਚੋਹਾ ਖ਼ਾਲਸਾ, ਵਹਾਲੀ, ਅਡਿਆਲਾ ਤੇ ਮਧਰਾ ਆਦਿ ਵਿਚ ਹਿੰਦੂਆਂ ਸਿੱਖਾਂ ਦੇ ਘਰ ਲੁਟੇ ਗਏ ਤੇ ਜਿਹੜਾ ਹੱਥ ਆਇਆ ਉਹਨੂੰ ਮਾਰ ਦਿਤਾ ਗਿਆ। ਥੋਹਾ ਖ਼ਾਲਸਾ ਵਿਚ ਇਸ ਸਮੇਂ ਸਭ ਤੋਂ ਜ਼ਿਆਦਾ ਦਿਲ-ਹਿਲਾਊ ਘਟਨਾ ਵਾਪਰੀ। ਇਥੇ ਜਦ ਮੁਸਲਮਾਨਾਂ ਦੇ ਹਮਲੇ ਦੀ ਖ਼ਬਰ ਮਿਲੀ ਤਾਂ 1200 ਮਰਦ ਤੀਵੀਂਆਂ ਤੇ ਬੱਚੇ ਇਕ ਹਵੇਲੀ ਵਿਚ ਇਕੱਠੇ ਹੋ ਗਏ।

8 ਮਾਰਚ ਨੂੰ ਮੁਸਲਮ ਲੀਗੀਆਂ ਨੇ ਬਹੁਤ ਵੱਡਾ ਹਮਲਾ ਕੀਤਾ। 6-7 ਸਿੰਘਾਂ ਨੇ, ਬੰਦੂਕਾਂ ਨਾਲ ਕਈ ਘੰਟੇ ਮੁਕਾਬਲਾ ਕੀਤਾ ਤੇ ਰਾਤ ਨੂੰ ਹਮਲਾ ਕਰਨ ਵਾਲਿਆਂ ਨੂੰ ਭਜਾ ਦਿਤਾ। ਦੂਜੇ ਦਿਨ ਫਿਰ ਹਮਲਾ ਹੋਇਆ ਜਿਸ ਵਿਚ ਸ: ਪਰਤਾਪ ਸਿੰਘ, ਸ: ਭਗਤ ਸਿੰਘ ਧੀਰ ਆਦਿ ਸ਼ਹੀਦ ਹੋ ਗਏ। ਇਸ ਤਰ੍ਹਾਂ ਚਾਰ ਦਿਨ ਇਕਾ ਦੁਕਾ ਹਮਲੇ ਹੁੰਦੇ ਰਹੇ। ਪਿੰਡ ਦੀਆਂ 90 ਬੀਬੀਆਂ ਇਕ ਖੂਹ ਤੇ

---

* ਪੁਸਤਕ 'ਸ਼ਹੀਦੀਆਂ', ਲੇਖਕ ਸ: ਕ੍ਰਿਪਾਲ ਸਿੰਘ, ਵਿਚ ਨਾਂ ਦਰਜ ਹਨ।

ਇਕੱਠੀਆਂ ਹੋ ਗਈਆਂ। ਜਦ ਉਹਨਾਂ ਨੂੰ ਹਜ਼ਾਰਾਂ ਜਰਵਾਣੇ ਘੇਰ ਕੇ ਫੜਨ ਲਗੇ ਤਾਂ ਸਭ ਨੇ ਖੂਹ ਵਿਚ ਛਾਲਾਂ ਮਾਰ ਦਿਤੀਆਂ ਤੇ ਇਸ ਤਰ੍ਹਾਂ ਆਪਣਾ ਧਰਮ ਤੇ ਪਤ ਬਚਾ ਕੇ ਸ਼ਹੀਦ ਹੋ ਗਈਆਂ। ਖੂਹ ਲਾਸ਼ਾਂ ਨਾਲ ਭਰ ਗਿਆ। 90 ਵਿਚੋਂ ਤਿੰਨ ਜੀਊਂਦੀਆਂ, ਸਿੰਘਾਂ ਨੇ ਜਾ ਕੇ ਬਾਅਦ ਵਿਚ ਕਢੀਆਂ। ਇਸ ਪਿੰਡ ਵਿਚੋਂ ਸਿਰਫ਼ 400 ਆਦਮੀ ਬਚ ਕੇ ਨਿਕਲ ਸਕੇ।

ਇਸੇ ਤਰ੍ਹਾਂ ਵਹਾਲੀ ਤਹਿਸੀਲ ਕਹੂਟਾ ਵਿਚ ਜਦ ਹਮਲਾ ਹੋਇਆ ਤਾਂ ਤਿੰਨ ਦਿਨ ਸਿੰਘ ਮੋਰਚੇ ਬਣਾ ਕੇ ਮੁਕਾਬਲਾ ਕਰਦੇ ਰਹੇ। ਜਦ ਇਥੇ ਵੀ ਸਿੱਖ ਬੀਬੀਆਂ ਦੀ ਪਤ ਨੂੰ ਖ਼ਤਰਾ ਹੋਇਆ ਤਾਂ ਉਨ੍ਹਾਂ ਇਕ ਵੱਡੀ ਸਾਰੀ ਚਿਤਾ ਬਣਾਈ ਤੇ ਗੁਰਦੁਆਰੇ ਦੀ ਗੈਲਰੀ ਵਿਚੋਂ ਛਾਲਾਂ ਮਾਰ ਕੇ ਸ਼ਹੀਦ ਹੋ ਗਈਆਂ। ਕਹਿੰਦੇ ਨੇ ਕਿ ਇਸ ਚਿਤਾ ਵਿਚ ਦੋ ਢਾਈ ਸੌ ਮਣ ਲੱਕੜ ਤੇ ਕਈ ਪੀਪੇ ਘਿਉ ਦੇ ਸੁਟੇ ਗਏ ਸਨ। ਸ: ਹਰਬੰਸ ਸਿੰਘ ਗਾਂਧੀ ਤੇ ਸ: ਲਾਭ ਸਿੰਘ ਨੇ ਆਪਣੇ ਹੱਥੀਂ ਸਾਰਾ ਪਰਿਵਾਰ ਕਤਲ ਕੀਤਾ। ਕਈ ਬੁਢੇ ਸਿੱਖ ਜੋ ਲੜ ਨਹੀਂ ਸਨ ਸਕਦੇ ਉਹਨਾਂ ਨੂੰ ਵੀ ਆਪਣੇ ਹੱਥੀਂ ਕਤਲ ਕੀਤਾ ਤਾਂਕਿ ਜ਼ਾਲਮ ਉਹਨਾਂ ਦੀ ਬੇਪਤੀ ਨਾ ਕਰਨ। ਸ: ਗਿਆਨ ਸਿੰਘ ਸ਼ਾਹ ਨੇ ਪਹਿਲਾਂ ਸਾਰਾ ਪਰਿਵਾਰ ਹੱਥੀਂ ਮਾਰਿਆ ਤੇ ਫਿਰ ਆਪ ਸ਼ਹੀਦ ਹੋ ਗਏ। ਬਾਕੀ ਪਿੰਡ ਦੇ ਸਿੱਖ ਹਥਿਆਰ ਲੈ ਕੇ ਦੁਸ਼ਮਣ ਤੇ ਟੁਟ ਪਏ ਤੇ ਅਨੇਕਾਂ ਦੁਸ਼ਮਣ ਮਾਰ ਕੇ ਸ਼ਹੀਦ ਹੋ ਗਏ। ਜੋ ਜੀਊਂਦੇ ਫੜੇ ਗਏ, ਉਹਨਾਂ ਨੂੰ ਸਿੱਖੀ ਛੱਡ ਕੇ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਜਦੋਂ ਉਹ ਨਾ ਮੰਨੇ ਤਾਂ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਸ ਸਮੇਂ ਇਕ ਅੱਠ ਸਾਲਾਂ ਦੀ ਬੱਚੀ ਇੰਦਰ ਕੌਰ ਸਪੁੱਤਰੀ ਸ: ਕਰਤਾਰ ਸਿੰਘ ਚਤਰਥ, ਤਲਵਾਰ ਲੈ ਕੇ ਦੁਸ਼ਮਣ ਨਾਲ ਲੜੀ। ਅਖ਼ੀਰ ਲੜਦੀ ਕਾਬੂ ਆ ਗਈ ਪਰ ਜਦ ਉਸ ਮੁਸਲਮਾਨ ਬਣਨਾ ਪਰਵਾਨ ਨਾ ਕੀਤਾ, ਤਾਂ ਉਹਨੂੰ ਸ਼ਹੀਦ ਕਰ ਦਿਤਾ ਗਿਆ। ਇਸ ਤਰ੍ਹਾਂ ਇਥੇ 380 ਮਰਦ ਤੇ ਤੀਵੀਆਂ ਸ਼ਹੀਦ ਹੋਏ।

ਇਸੇ ਤਰ੍ਹਾਂ ਨਾਰਾ ਪਿੰਡ ਵਿਚ ਵੀ ਸਾਰੇ ਸਿੱਖ ਘੇਰੇ ਗਏ ਤੇ 23 ਸ਼ਹੀਦ ਹੋਏ। ਬੀਬੀਆਂ ਨੇ ਇਥੇ ਵੀ ਜੀਊਂਦਿਆਂ ਅੱਗਾਂ ਵਿਚ ਛਾਲਾਂ ਮਾਰੀਆਂ। ਅਡਿਆਲਾ ਵਿਚ ਵੀ ਇਕ ਸਿੱਖ ਪਰਿਵਾਰ ਜੀਊਂਦਾ ਸੜਿਆ। ਕਾਨਗੜ ਵਿਚ ਜਦ ਇਕ ਸਿੰਘ ਤੇ ਸਿੰਘਣੀ ਜ਼ਾਲਮਾਂ ਨੇ ਫੜ ਲਏ ਤਾਂ ਉਹਨਾਂ ਅਕਹਿ ਕਸ਼ਟ ਸਹਿ ਕੇ ਵੀ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਈ। ਸਿੰਘਣੀ ਨੂੰ ਕੁਹਾੜੀ ਨਾਲ ਟੋਟੇ ਟੋਟੇ ਕੀਤਾ ਗਿਆ ਤੇ ਸਿੰਘ ਨੂੰ ਚੀਲ ਦੇ ਰੁੱਖ ਨਾਲ ਬੰਨ੍ਹ ਕੇ ਲੰਮੇ ਲੰਮੇ ਕਿੱਲ ਉਹਦੇ ਸਰੀਰ ਵਿਚ ਠੋਕ ਕੇ ਰੁੱਖ ਨਾਲ ਜੜ ਦਿਤਾ। ਸਿੰਘ ਜਪੁਜੀ ਸਾਹਿਬ ਦਾ ਪਾਠ ਕਰਦਾ ਇਹ ਅਸਹਿ ਕਸ਼ਟ ਸਹਾਰਦਾ ਸ਼ਹੀਦ ਹੋ ਗਿਆ। ਇਸੇ ਤਰ੍ਹਾਂ ਛੱਜੀਆਂ ਪਿੰਡ ਵਿਚ 65 ਸਿੰਘਾਂ ਸਿੰਘਣੀਆਂ ਤੇ ਬੱਚਿਆਂ ਨੂੰ ਮੁਸਲਮਾਨਾਂ ਨੇ ਜੀਊਂਦਿਆਂ ਫੜ ਕੇ ਸੜਦੇ ਹੋਏ ਮਕਾਨਾਂ ਵਿਚ ਸੁੱਟ ਕੇ ਸਾੜ ਦਿਤਾ।

ਰਾਵਲਪਿੰਡੀ ਤੋਂ ਪਿਛੋਂ ਫ਼ਸਾਦਾਂ ਦੀ ਅੱਗ ਮੁਲਤਾਨ ਵਿਚ ਭੜਕੀ। ਇਥੇ ਸਭ ਤੋਂ ਪਹਿਲਾਂ ਸ: ਨਾਨਕ ਸਿੰਘ ਨੂੰ ਪੱਥਰ ਮਾਰ ਮਾਰ ਕੇ ਸ਼ਹੀਦ ਕੀਤਾ ਗਿਆ। ਸ: ਨਾਨਕ ਸਿੰਘ ਮੁਲਤਾਨ ਸ਼ਹਿਰ ਦੇ ਉੱਘੇ ਵਕੀਲ ਤੇ ਸਰਗਰਮ ਅਕਾਲੀ ਸਨ।

ਮੁਲਤਾਨ ਸ਼ਹਿਰ ਦੇ ਆਸੇ ਪਾਸਿਉਂ 106 ਲਾਸ਼ਾਂ ਹਿੰਦੂਆਂ ਸਿੱਖਾਂ ਦੀਆਂ 6 ਮਾਰਚ ਨੂੰ ਲੱਭੀਆਂ। ਉਹਨਾਂ ਦਾ ਇਕੋ ਵੱਡੀ ਚਿਖਾ ਵਿਚ ਸਸਕਾਰ ਕੀਤਾ ਗਿਆ।

ਜ਼ਿਲ੍ਹਾ ਮੁਲਤਾਨ ਦੇ ਪਿੰਡ ਰਾਜਪੁਰ ਵਿਚ ਜਦ ਹਮਲਾ ਹੋਇਆ ਤਾਂ ਸਥਾਨਕ ਲੋਕਾਂ ਨੇ ਪਹਿਲਾਂ ਬੜਾ ਮੁਕਾਬਲਾ ਕੀਤਾ ਪਰ ਜਦ ਪੇਸ਼ ਨਾ ਚੱਲੀ ਤਾਂ ਸਭ ਬੀਬੀਆਂ ਛੋਟੇ ਬਾਲਕਾਂ ਸਮੇਤ ਬਲਦੀ ਅੱਗ ਦੇ ਭਾਂਬੜਾਂ ਵਿਚ ਜਾ ਕੇ ਸ਼ਹੀਦ ਹੋ ਗਈਆਂ। ਤਹਿਸੀਲ ਖਾਨੇਵਾਲ ਦੇ ਕੱਚਾ ਖੂਹ ਚੱਕ 16 ਵਿਚ ਇਕ ਸਿੱਖ ਬੀਬੀ ਨੂੰ ਜ਼ਾਲਮ ਚੁੱਕ ਕੇ ਲੈ ਗਏ। ਰਾਹ ਵਿਚ ਬੀਬੀ ਦੇ ਹੱਥ ਇਕ ਮੁਸਲਮਾਨ ਦਾ ਬਰਛਾ ਆ ਗਿਆ। ਉਸ ਨੇ ਝਟ ਉਸ ਬਰਛੇ ਨਾਲ ਉਹ ਮੁਸਲਮਾਨ ਮਾਰ ਦਿਤਾ ਜੋ ਉਹਨੂੰ ਆਪਣੇ ਘਰ ਲਿਜਾ ਰਿਹਾ ਸੀ। ਮਗਰੋਂ ਉਹ ਬੀਬੀ ਮੁਸਲਮਾਨਾਂ ਨਾਲ ਲੜਦੀ ਸ਼ਹੀਦ ਹੋ ਗਈ।


ਲੋਧਰਾਂ ਵਿਚ ਬਹੁਤ ਸਾਰੀਆਂ ਬੀਬੀਆਂ ਤੇ ਬੰਦਿਆਂ ਨੇ ਦਰਿਆ ਸਤਲੁਜ ਵਿਚ ਛਾਲਾਂ ਮਾਰ ਕੇ ਸ਼ਹੀਦ ਹੋ ਕੇ ਅਪਣਾ ਧਰਮ ਬਚਾ ਲਿਆ। ਇਸੇ ਤਰ੍ਹਾਂ ਜ਼ਿਲ੍ਹਾ ਜੇਹਲਮ, ਅਟਕ, ਗੁਜਰਾਤ ਤੇ ਬਾਕੀ ਜ਼ਿਲ੍ਹਿਆਂ ਵਿਚ ਵੀ ਹਜ਼ਾਰਾਂ ਸਿੱਖ ਦੁਸ਼ਮਣ ਦਾ ਟਾਕਰਾ ਕਰਦੇ ਸ਼ਹੀਦ ਹੋ ਗਏ। ਜੋ ਜ਼ਿੰਦਾ ਫੜੇ ਗਏ ਉਹਨਾਂ ਵਿਚੋਂ ਸੈਂਕੜੇ ਅਜਿਹੇ ਨਿਕਲੇ ਜਿਨ੍ਹਾਂ ਨੇ ਅਣਮਨੁੱਖੀ ਵਰਤਾਉ, ਸਖ਼ਤੀਆਂ ਤੇ ਜ਼ੁਲਮ ਸਰੀਰ ਤੇ ਝਲਿਆ। ਜਦ ਅਖ਼ੀਰ ਕੋਈ ਪੇਸ਼ ਨਾ ਗਈ ਤਾਂ ਆਪਣੇ ਪ੍ਰਾਣ ਤਿਆਗ ਦਿਤੇ। ਕਈ ਥਾਂ ਸਿੱਖ ਬੀਬੀਆਂ ਤਲਵਾਰਾਂ ਲੈ ਕੇ ਲੜੀਆਂ। ਆਪਣੀ ਇਜ਼ਤ ਦੀ ਰਾਖੀ ਆਪ ਕੀਤੀ। ਜਦੋਂ ਕੋਈ ਪੇਸ਼ ਜਾਂਦੀ ਨਾ ਦਿਸੀ ਤਾਂ ਖੂਹਾਂ ਵਿਚ ਛਾਲਾਂ ਮਾਰ ਕੇ ਮਰ ਗਈਆਂ ਜਾਂ ਅੱਗ ਵਿਚ ਸੜ ਕੇ ਸ਼ਹੀਦ ਹੋ ਗਈਆਂ।

ਕਈ ਥਾਂ ਪਰਉਪਕਾਰ ਤੇ ਦੂਜਿਆਂ ਦੀ ਮਦਦ ਕਰਦਿਆਂ ਸਿੱਖਾਂ ਨੂੰ ਆਪਾ ਵਾਰਨਾ ਪਿਆ। ਕਿਧਰੇ ਜ਼ਨਾਨੀਆਂ ਦੀ ਇਜ਼ਤ ਖ਼ਤਰੇ ਵਿਚ ਵੇਖ ਕੇ ਸਿੱਖਾਂ ਨੇ ਆਪ ਖ਼ਤਰਾ ਮੁੱਲ ਲਿਆ ਤੇ ਕਿਧਰੇ ਕੇਵਲ ਫ਼ਸਾਦ ਰੋਕਣ ਗਏ ਕਈ ਸਿੰਘ ਸ਼ਹੀਦ ਹੋ ਗਏ। ਮੁਲਤਾਨ ਦੇ ਸ: ਨਾਨਕ ਸਿੰਘ ਜੀ ਦੀ ਸ਼ਹੀਦੀ ਵੀ ਫ਼ਸਾਦ ਰੋਕਦਿਆਂ ਹੋਈ।


ਦੁਆਬੇ ਦੀ ਪ੍ਰਮੁਖ ਸਿੱਖ ਹਸਤੀ ਬਾਬੂ ਲਾਭ ਸਿੰਘ ਵੀ ਫ਼ਸਾਦ ਰੋਕਣ ਗਏ ਜਲੰਧਰ ਵਿਚ ਸ਼ਹੀਦ ਹੋ ਗਏ। ਬਾਬੂ ਲਾਭ ਸਿੰਘ ਉਘੇ ਅਕਾਲੀ ਆਗੂ ਸਨ। ਉਹ ਕੁਝ ਸਮਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਰਹੇ ਸਨ। ਦੁਆਬੇ ਵਿਚ ਰਾਜਸੀ ਜਾਗਰਤ ਪੈਦਾ ਕਰਨ ਵਾਲੇ ਇਸ ਨਿਸ਼ਕਾਮ ਸੇਵਕ ਨੂੰ 9 ਮਾਰਚ 1947 ਨੂੰ ਪਤਾ ਲੱਗਾ ਕਿ ਜਲੰਧਰ ਸ਼ਹਿਰ ਵਿਚ ਮੁਸਲਮਾਨ ਬਹੁਤ ਵੱਡਾ ਜਲੂਸ ਕੱਢ ਰਹੇ ਹਨ। ਫ਼ਸਾਦ ਹੋਣ ਤੇ ਸਾੜ ਫੂਕ ਦੀਆਂ ਕਾਰਵਾਈਆਂ ਦਾ ਖ਼ਤਰਾ ਹੈ, ਇਸ ਲਈ ਉਹ ਅਮਨ ਸ਼ਾਂਤੀ ਦੀ ਪ੍ਰੇਰਨਾ ਕਰਨ ਆਏ। ਰੈਣਕ ਬਜ਼ਾਰ ਤੇ ਸ਼ੇਖ਼ਾਂ ਬਜ਼ਾਰ ਦੇ ਚੌਕ ਵਿਚ ਉਹਨਾਂ ਨੇ ਮੁਸਲਮਾਨ ਹਜੂਮ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ ਪਰ ਇਸ ਸਮੇਂ ਭੜਕੇ ਹੋਏ ਲੋਕਾਂ ਨੇ ਉਹਨਾਂ ਨੂੰ ਸ਼ਹੀਦ ਕਰ ਦਿਤਾ। ਇਸ ਅਮਨ-ਅਭਿਲਾਖੀ ਦੀ ਯਾਦ ਵਿਚ ਜਲੰਧਰ ਵਿਖੇ ਕਈ ਯਾਦਗਾਰਾਂ ਬਣਾਈਆਂ ਗਈਆਂ ਹਨ।

●

ਫੁੱਲ ਉਹਨਾਂ ਦੇ ਲਹੂਆਂ ਨੂੰ ਹੀ ਲਗਦੇ ਨੇ ,
ਮੌਤ ਸ਼ਹੀਦਾਂ ਦੀ ਜੋ ਲੋਕੀਂ ਮਰਦੇ ਨੇ !



ਭਾਈ ਮਨੀ ਸਿੰਘ ਜੀ ਸ਼ਹੀਦ



ਭਾਈ ਸੁਬੇਗ ਸਿੰਘ ਸ਼ਾਹਬਾਜ਼ ਸਿੰਘ